ਗੁਰੂ ਗ੍ਰੰਥ ਸਾਹਿਬ ਦੇ 300 ਸਾਲਾ ਗੁਰਆਈ ਦਿਵਸ ਨੂੰ ਸਮਰਪਿਤ



ਮੌਲਿਕ ਪੈੜਾਂ ਸਿਰਜਦਾ

ਸਿੱਖ ਇਤਿਹਾਸ

ਡਾ. ਜਸਬੀਰ ਸਿੰਘ ਸਰਨਾ

ਤਤਕਰਾ

8

ਭਾਗ-3

ਸਾਹਿਤਕ ਪੈੜਾਂ

5

ਸਮਰਪਣ

ਕੋਹਿਨੂਰ- ਕਸ਼ਮੀਰ ਅਕਾਲੀ ਕੌਰ ਸਿੰਘ ਜੀ ਨਿਹੰਗ ਦਾ
ਸਾਥ-ਪ੍ਰਾਪਤ ਗੁਰਮੁੱਖ ਜੋੜੀ
ਬੀਬੀ ਭਾਗਵੰਤ ਕੌਰ ਤੇ ਸ੍ਰ: ਅਤਰ ਸਿੰਘ ਜੀ ਨੂੰ

Sikh history / Sikh wars and warriors / Sikh Scripture
Sikh tradition / Punjabi literature of Jammu and Kasmir

Moulik Pairaan Sirajda Sikh Itihas

By

Dr. Jasbir Singh Sarna
Sant Niwas, Mian Mir Nagar,
Hamdania Colony-Bemina
Srinagar-Kashmir- 190018

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

4

ਗੁਰੂ ਗ੍ਰੰਥ ਸਾਹਿਬ ਦੇ 300 ਸਾਲਾ ਗੁਰਆਈ ਦਿਵਸ ਨੂੰ ਸਮਰਪਿਤ

ਮੌਲਿਕ ਪੈੜਾਂ ਸਿਰਜਦਾ ਸਿੱਖ ਇਤਿਹਾਸ

ਡਾ. ਜਸਬੀਰ ਸਿੰਘ ਸਰਨਾ

ਡਾ. ਜਸਬੀਰ ਸਿੰਘ ਸਰਨਾ ਲਿਖਤ ਪੁਸਤਕਾਂ :

ਪੰਜਾਬੀ

ਕਾਵਿ ਸੰਗ੍ਰਹਿ:-

* ਸ਼ਬਦਨਾਮਾ-1980
* ਮੈਨੂੰ ਦੇ ਦਿਓ-1982
* ਪ੍ਰਤੀਬਿੰਬ-1987
* ਸੱਚ ਕੀ ਕਾਤੀ- 1990 (ਜੰਮੂ ਕਸ਼ਮੀਰ ਅਕਾਦਮੀ ਵੱਲੋਂ ਪਹਿਲਾ ਇਨਾਮ)

ਸਿੱਖ ਇਤਿਹਾਸ:-

* ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ-1997 (ਪੰਜਾਬ ਸਰਕਾਰ ਵੱਲੋਂ ਪਹਿਲਾ ਇਨਾਮ)
* ਬਾਜ਼ਨਾਮਾ (ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਤਵਾਰੀਖ)-1998, 2000
* ਤੇਗਜ਼ਨ ਗੁਰੂ ਹਰਿਗੋਬਿੰਦ ਸਾਹਿਬ-2001
* ਗੁਰੂ ਹਰਿਰਾਇ ਸਾਹਿਬ- 2002
* ਗੁਰੂ ਹਰਿਕ੍ਰਿਸ਼ਨ ਸਾਹਿਬ- 2003
* ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ- 2005
* ਸਿੱਖ ਇਤਿਹਾਸ ਦੇ ਮੁੱਢਲੇ ਫਾਰਸੀ ਅਤੇ ਉਰਦੂ ਸਰੋਤ- (ਛਪਾਈ ਅਧੀਨ)

ਵਿਗਿਆਨ:-

* ਕਸ਼ਮੀਰ ਦੇ ਜੰਗਲੀ ਫੁੱਲ- 1998
* ਜੰਮੂ ਕਸ਼ਮੀਰ ਦੇ ਅਨੋਖੇ ਪੰਛੀ ਅਤੇ ਜੰਗਲੀ ਜੀਵ- 2007

ਸਿੱਖ ਚਿੰਤਨ ਅਤੇ ਸਾਹਿਤ:-

* ਕੇਸਰ ਦਾ ਫੁੱਲ- 1990
* ਸਿੱਖ ਚਿੰਤਨ- 1994
* ਇਕ ਮਹਿਕ ਦਾ ਸਫਰਨਾਮਾ- 2001
* ਸਾਹਿਤਕਧਾਰਾ- 2001

ਕੋਸ਼:-

* ਗੁਰਦੁਆਰਾ ਇਨਸਾਈਕਲੋਪੀਡੀਆ- (ਛਪਾਈ ਲਈ ਤਿਆਰ)
* ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼ - 2007
* ਸ੍ਰੀ ਗੁਰੂ ਗ੍ਰੰਥ ਸਾਹਿਬ- ਲੋਕਧਾਰਾ ਕੋਸ਼ (ਛਪਾਈ ਲਈ ਤਿਆਰ)

English

Sikh History:-

* Sikhs in Kashmir- 1993,
* Sikh Shrines in Jammu Kashmir- 1994,
* History of The Sikh Students Federation- 1995

Religious:-

* Flora and Fauna in Guru Nanak's Bani- 1992

Bibliography:-

* A select Bibliography of The Kashmir- 2002

Dictionary:-

* World Punjabi writers who's who- 2004

---

* ਇਹ ਪੁਸਤਕ ਜੰਮੂ ਕਸ਼ਮੀਰ ਕਲਾ ਅਤੇ ਸਭਿਆਚਾਰ ਅਕਾਦਮੀ ਦੇ ਸਹਿਯੋਗ ਨਾਲ ਪ੍ਰਕਾਸ਼ਿਤ

ਦੀਦਾਰੀ ਹਰਫ਼

ਸਿੱਖ ਇਤਿਹਾਸ ਦੀਆਂ ਮੌਲਿਕ ਅਤੇ ਅਣਗੌਲੀਆਂ ਪੈੜਾਂ ਨੂੰ ਕਈ ਕੋਣਾਂ ਤੋਂ ਵੇਖਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਇਹ ਸਾਰੇ ਪੇਪਰ/ਲੇਖ ਸਮੇਂ ਸਮੇਂ ਦੇਸ਼-ਬਦੇਸ਼ਾਂ ਦੇ ਪ੍ਰਸਿੱਧ ਰਿਸਾਲਿਆਂ/ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਇਹ ਸਾਰਾ ਸੰਗ੍ਰਹਿ ਸਿੱਖ ਇਤਿਹਾਸ ਦੀ ਇੱਕ ਸੁਨਿਸ਼ਚਿਤ ਸਮੱਗਰੀ ਮੁਹੱਈਆ ਕਰਦਾ ਹੈ। ਤਵਾਰੀਖ਼ੀ ਦ੍ਰਿਸ਼ਟੀ ਤੋਂ ਇਸ ਕਿਤਾਬ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ ਜਿਵੇਂ ਮੂਲ ਪੈੜਾਂ, ਵਿਰਸੇ ਦੀਆਂ ਪੈੜਾਂ ਅਤੇ ਸਾਹਿਤਕ ਪੈੜਾਂ।

ਮੂਲ ਪੈੜਾਂ ਵਿੱਚ ਗੁਰੂ ਗ੍ਰੰਥ ਸਾਹਿਬ, ਅਧਿਆਤਮਿਕ, ਦਰਸ਼ਨ, ਇਤਿਹਾਸ ਆਦਿ ਸਬੰਧੀ ਲੇਖ ਸ਼ਾਮਲ ਹਨ। ਵਿਰਸੇ ਦੀਆਂ ਪੈੜਾਂ ਹੇਠ ਸਿੱਖ ਤਵਾਰੀਖ ਦੇ ਵਿਸ਼ੇਸ਼ ਪੱਖਾਂ, ਸਿੱਖ ਰਾਜ ਦੇ ਵੱਖ-ਵੱਖ ਖੰਡਾਂ ਨੂੰ ਸੰਚਾਰਤ ਕਰਨ ਦਾ ਉਪਰਾਲਾ ਕੀਤਾ ਹੈ। ਸਾਹਿਤਕ ਪੈੜਾਂ ਵਿੱਚ ਕੁੱਝ ਅਣਗੌਲੀਆਂ ਅਤੇ ਅਣਫ਼ੋਲੀਆਂ ਕਲਮਾਂ ਨੂੰ ਪਾਠਕਾਂ ਦੇ ਸਨਮੁੱਖ ਪਹਿਲੀ ਵੇਰ ਪ੍ਰੀਚਿਤ ਕਰਨ ਦਾ ਯਤਨ ਕੀਤਾ ਹੈ। ਸਿੱਖ ਤਵਾਰੀਖ ਦੇ ਜਗਿਆਸੂਆਂ ਦੀ ਖ਼ਿਦਮਤ ਵਿੱਚ ਖੋਜ ਦੀ ਬਹੁ-ਮੁੱਲੀ ਸਮੱਗਰੀ ਨੂੰ ਸਮੇਂ ਦੀ ਧੂੜ 'ਚੋਂ ਸੁਰੱਖਿਅਤ ਰੱਖਣਾ ਹੀ ਇਨ੍ਹਾਂ ਸਤਰਾਂ ਦੇ ਲੇਖਕ ਦੀ ਪ੍ਰਮੁੱਖ ਭਾਵਨਾ ਹੈ। ਜੇਕਰ ਸੁਹਿਰਦ ਪਾਠਕਾਂ ਅਤੇ ਵਿਦਵਾਨਾਂ ਦੇ ਗਿਆਨ ਵਿੱਚ ਕਿਣਕਾ ਮਾਤਰ ਵੀ ਵਾਧਾ ਹੋਵੇ ਤਾਂ ਮੈਂ ਸਮਝਾਂ ਗਾ ਕਿ ਮੇਰੀ ਇਹ ਮਿਹਨਤ ਅਜਾਈਂ ਨਹੀਂ ਗਈ।

ਇਸ ਪੁਸਤਕ ਵਿੱਚਲੇ ਪੇਪਰਾਂ/ਲੇਖਾਂ ਨੂੰ ਸਮੇਂ ਸਮੇਂ ਲਿਖਣ ਸਮੇਂ ਬਹੁਤ ਸਾਰੇ ਸ਼ੁਭਚਿੰਤਕ/ ਵਿਦਵਾਨ ਸਹਾਈ ਹੋਏ, ਮੈਂ ਸਾਰਿਆਂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਖਾਸਕਰ ਅੰਤਰਰਾਸ਼ਟਰੀ ਸਿੱਖ ਵਿਦਵਾਨ ਡਾ. ਹਰਜਿੰਦਰ ਸਿੰਘ ਦਿਲਗੀਰ (ਚੰਡੀਗੜ੍ਹ/ਇੰਗਲੈਂਡ) ਸ੍ਰ: ਗੁਰਮੇਲ ਸਿੰਘ, ਡਾ. ਕੁਲਵਿੰਦਰ ਸਿੰਘ ਬਾਜਵਾ (ਪੰਜਾਬੀ ਯੂਨੀਵਰਸਿਟੀ, ਪਟਿਆਲਾ), ਪ੍ਰਿੰ: ਸੂਬਾ ਸਿੰਘ (ਅੰਮ੍ਰਿਤਸਰ), ਸ੍ਰ: ਭਾਗਵੰਤ ਅਤਰ ਸਿੰਘ (ਚੰਡੀਗੜ੍ਹ), ਡਾ: ਜੋਕਰਨ ਸਿੰਘ (ਸ੍ਰੀਨਗਰ) (ਸਵ.) ਗਿ: ਸੰਤ ਸਿੰਘ ਭਟਪੁਰੀ ਅਤੇ ਪ੍ਰਵਾਰ, ਡਾ: ਮਿਸ਼ਰ ਸਿੰਘ ਵਜ਼ੀਰ ਅਤੇ ਪ੍ਰਵਾਰ (ਕਸ਼ਮੀਰ) ਬੀ. ਵਰਿੰਦਰਜੀਤ ਸਿੰਘ (ਨਵੀਂ ਦਿੱਲੀ), ਸ੍ਰ: ਸੁਰਜੀਤ ਸਿੰਘ ਛਡੋੜੀ (ਬੈਲਜਿਮ), ਡਾ: ਅਵਤਾਰ ਸਿੰਘ ਸੇਖੋਂ (ਕਨੇਡਾ), ਸ੍ਰ: ਗੁਰਤਨਪਾਲ ਸਿੰਘ ਐਡਵੋਕੇਟ (ਚੰਡੀਗੜ੍ਹ), ਬੀਬੀ ਕਿਰਨਜੋਤ ਕੌਰ (ਅੰਮ੍ਰਿਤਸਰ) (ਸਵ.) ਵਿੰਗ ਕਮਾਂਡਰ ਕਮਲਜੀਤ ਸਿੰਘ (ਸੰਤ ਸਿਪਾਹੀ), ਸ੍ਰ: ਸਰਨ ਸਿੰਘ (ਐਡੀਟਰ ਦੀ ਸਿੱਖ ਰੀਵਿਊ ਕੋਲਕਤਾ), ਡਾ: ਕੀਰਤ ਸਿੰਘ ਇਨਕਲਾਬੀ, ਸ੍ਰ: ਰਾਜਿੰਦਰਪਾਲ ਸਿੰਘ (ਭਰਾਤਾ), ਬੀਬੀਆਂ ਸੁਰਿੰਦਰ ਕੌਰ, ਤੇਜਿੰਦਰ ਕੌਰ, ਬਲਬੀਰ ਕੌਰ, ਸੁਖਬੀਰ ਕੌਰ ਅਤੇ ਮਨਜੀਤ ਕੌਰ (ਭੈਣਾਂ)

ਮੈਂ ਆਪਣੀ ਸ਼ਰੀਕੇ-ਹਯਾਤ ਪਰਮਜੀਤ ਕੌਰ, ਬੇਟੀ ਸਵੈਜੋਤ ਕੌਰ ਅਤੇ ਬੇਟੇ ਤਰਨਜੋਤ ਸਿੰਘ ਦਾ ਵੀ ਸ਼ੁਕਰੀਆ ਕਰਨਾ ਨਹੀਂ ਭੁੱਲ ਸਕਦਾ ਜਿਨ੍ਹਾਂ ਕਿਤਾਬ ਨੂੰ ਤਰਤੀਬ ਦੇਣ ਸਮੇਂ ਮੇਰੀ ਬਿਰਤੀ ਨੂੰ ਉਖੇੜਨ ਦੀ ਕੋਸ਼ਿਸ਼ ਨਹੀਂ ਕੀਤੀ! ਮੈਂ ਉਨ੍ਹਾਂ ਸੈਂਕੜੇਂ ਸ਼ੁਭਚਿੰਤਕਾਂ/ਪਾਠਕਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਦੇ ਨਾਂ ਇਥੇ ਲਿੱਖਣਾ ਭੁੱਲ ਗਿਆ ਹਾਂ। ਲੋਕਗੀਤ ਪ੍ਰਕਾਸ਼ਨ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਥੋੜ੍ਹੇ ਸਮੇਂ ਵਿੱਚ ਪੁਸਤਕ ਨੂੰ ਪਾਠਕਾਂ ਦੇ ਰੂਬਰੂ ਕੀਤਾ। ਪਾਠਕਾਂ ਵੱਲੋਂ ਆਏ ਕੀਮਤੀ ਸੁਝਾਵਾਂ ਨੂੰ ਖੁਸ਼ ਆਮਦੀਦ ਆਖਾਂ ਗਾ।

ਅੱਕਾਲ ਸਹਾਇ।

ਅਕਤੂਬਰ, 2008 ਜਸਬੀਰ ਸਿੰਘ


SMC Presents
SMC
DIGITAL
1340709
Badal Deo
Taqdeeraan
ਅਜਨਾਲਾ ਸਮਾਗਮ
ਬਦਲ ਦਿਓ
ਤਕਦੀਰਾਂ
Best Buy
60/-
Only
ਸਾਖੀ: ਭਾਈ ਬਿਸ਼ੰਭਰ ਦਾਸ ਤੇ ਹਰਿ ਗੋਪਾਲ ਜੀ
ਗੋਲਡ ਮੈਡਲਿਸਟ ਇੰਟਰਨੈਸ਼ਨਲ ਪੰਥਕ ਢਾਡੀ ਜਥਾ ਗਿਆਨੀ ਸਰੂਪ ਸਿੰਘ ਕਡਿਆਣਾ

ਬਨਸਪਤੀ - ਗਿਆਨ ਦੇ ਮਹਾਨਸ੍ਰੋਤ ਗੁਰੂ ਗ੍ਰੰਥ ਸਾਹਿਬ

ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਦਾ ਅਜਿਹਾ ਸੂਰਜ ਹੈ ਜਿਸ ਦਾ ਪ੍ਰਕਾਸ਼ ਸਦੀਆਂ ਦੇ ਹਨੇਰਿਆਂ ਨੂੰ ਰੌਸ਼ਨੀ ਬਖਸ਼ਦਾ, ਸਦਾ ਹੀ ਪ੍ਰਕਾਸ਼ਮਾਨੀ ਜਲੌਅ ਪ੍ਰਦਾਨ ਕਰਦਾ ਆ ਰਿਹਾ ਹੈ। ਇਹ ਸਰਬੱਤ ਦੇ ਭਲੇ ਦਾ ਪੈਗਾਮ ਦੇਸ਼-ਵਿਦੇਸ਼ਾਂ ਵਿੱਚ ਵੰਡ ਰਿਹਾ ਹੈ, ਮਨੁੱਖਤਾ ਦਾ ਸਾਂਝਾ ਗ੍ਰੰਥ ਜੋ ਹੋਇਆ।

ਗੁਰੂ ਗ੍ਰੰਥ ਸਾਹਿਬ ਵਿੱਚ ਬਨਸਪਤੀ, ਬਿਰਛ-ਬੂਟਿਆਂ, ਪੇੜ-ਪੌਦਿਆਂ ਦਾ ਵਰਣਨ ਅਕਸਰ ਆਇਆ ਹੈ। ਬਨਸਪਤੀ ਦਾ ਵਿਗਸਣਾ, ਰੂਹਾਨੀਅਤ, ਪਿੰਠ-ਭੂਮੀ ਅਤੇ ਆਮ ਪ੍ਰਕਿਰਤੀ ਉਤੇ ਨਿਰਭਰ ਕਰਦਾ ਹੈ।ਸਮੁੱਚੀ ਬਨਸਪਤੀ ਦਾ ਵਰਣਨ ਗੁਰੂ ਗ੍ਰੰਥ ਸਾਹਿਬ ਵਿੱਚ ਆਮ ਆਇਆ ਹੈ। ਚੰਦਨ ਨੂੰ ਸਭ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ ਜਿਸ ਦੀ ਸੁਗੰਧ ਨਾਲ ਸਾਰਾ ਵਾਤਾਵਰਣ ਹੀ ਸੁਗੰਧਤ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕਾਂ ਵਿਗਿਆਨ ਦੀਆਂ ਨਿਧੀਆਂ ਸਾਂਭੀਆਂ ਹੋਈਆਂ ਹਨ। ਇਸ ਗ੍ਰੰਥ ਵਿੱਚ ਪੇੜ-ਪੌਦੇ, ਫਲ ਫੁੱਲ ਅਤੇ ਜੜ੍ਹੀ ਬੂਟੀਆਂ ਨੂੰ ਅਜਿਹੇ ਢੁਕਵੇਂ ਮਾਨਵੀ ਭਾਵਾਂ ਤੇ ਸਦਾਚਾਰ ਨਾਲ ਸਰਸ਼ਾਰ ਕੀਤਾ ਗਿਆ ਹੈ ਜੋ ਅਸਲੋਂ ਜੀਵੰਤ ਸਰੂਪ ਧਾਰ ਗਏ ਹਨ।

ਗੁਰੂ ਗ੍ਰੰਥ ਸਾਹਿਬ ਵਿੱਚ ਹੇਠ ਲਿਖੇ ਪੇੜ-ਪੌਦਿਆਂ ਦਾ ਵਰਣਨ ਆਇਆ ਹੈ:

ਅੱਕ: ਇਕ ਪੌਦਾ ਜਿਸ ਦੇ ਫੁੱਲ ਤੇ ਦੁੱਧ ਨੂੰ ਔਸ਼ਧੀ ਰੂਪ ਵਿੱਚ ਵਰਤਿਆ ਜਾਂਦਾ ਹੈ। ਅੱਕ ਦੀਆਂ ਕੱਕੜੀਆਂ ਬੂਟੇ ਨਾਲ ਬੜੀਆਂ ਸੁਹਣੀਆਂ ਲੱਗਦੀਆਂ ਹਨ। ਇਸ ਨੂੰ ਅੰਗਰੇਜ਼ੀ ਵਿੱਚ Calotropis procera (Calotropis gigantea L) ਆਖਦੇ ਹਨ:

ਖਖੜੀਆਂ ਸੁਹਾਵੀਆ ਲਗੜੀਆ ਅਕ ਕੰਠਿ॥ (ਪੰਨਾ ੩੧੯)

ਅਗਰ: ਇਹ ਇਕ ਸੁਗੰਧ ਵਾਲੀ ਲੱਕੜ ਦਾ ਦਰੱਖਤ ਹੈ। ਇਹ ਉਸੇ ਤਰ੍ਹਾਂ ਸੁਗੰਧ ਨਾਲ ਭਰਪੂਰ ਹੈ, ਜਿਵੇਂ ਚੰਦਨ ਦੀ ਲੱਕੜ। ਇਸ ਨੂੰ ਅਗਰ, ਅਗਰਿ ਆਦਿ ਕਰ ਕੇ ਵੀ ਲਿਖਿਆ ਗਿਆ ਹੈ। ਇਸ ਨੂੰ ਅੰਗਰੇਜ਼ੀ ਵਿੱਚ Gularia tree (Gularia agallocha L) ਆਖਦੇ ਹਨ:

ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ॥ (ਪੰਨਾ ੧੦੧੯)

ਅੰਬ: ਇਹ ਗਰਮੀ ਦੀ ਰੁੱਤ ਦਾ ਇਕ ਫਲ ਹੈ ਜੋ ਸਦਾਬਹਾਰ ਹੈ। ਦੱਖਣ-ਪੂਰਬ ਏਸ਼ੀਆ ਦਾ ਜਮਾਂਦਰੂ ਹੈ। ਇਹ ਗਰਮ ਇਲਾਕੇ ਵਿੱਚ ਉੱਗਦਾ ਹੈ। ਪੱਤੇ ਲੰਮੇ ਅਤੇ ਫੁੱਲ ਹਲਕੇ ਗੁਲਾਬੀ ਚਿੱਟੇ ਗੁੱਛਿਆਂ ਵਿੱਚ ਹੁੰਦੇ ਹਨ। ਇਸ ਦਾ ਪੀਲਾ-ਲਾਲ ਫਲ ਪਕਾ ਕੇ ਖਾਧਾ ਜਾਂਦਾ ਹੈ ਅਤੇ ਸਬਜ਼ ਫਲ ਦਾ ਅਚਾਰ ਬਣਦਾ ਹੈ। ਇਸ ਦਾ ਦਰੱਖਤ ੫੯ ਫੁੱਟ ਤਕ ਲੰਮਾ ਹੁੰਦਾ ਹੈ।ਅੰਗਰੇਜ਼ੀ ਵਿਚ ਇਸ ਨੂੰ Mango (Maguifera indica L) ਆਖਦੇ ਹਨ:

ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ॥ (ਪੰਨਾ ੯੫੫)

ਇੱਖ:- ਇੱਖ ਨੂੰ ਕਮਾਦ, ਗੰਨਾ ਵੀ ਆਖਿਆ ਜਾਂਦਾ ਹੈ। ਕਮਾਦ ਸੰਸਾਰ ਦੀ ਪ੍ਰਮੁੱਖ ਫਸਲ ਹੈ। ਭਾਰਤ ਵਿੱਖ ਮੁੱਢ ਕਦੀਮ ਤੋਂ ਉਗਾਇਆ ਜਾਂਦਾ ਹੈ। ਮਹਾਨ ਅਲੈਗਜ਼ੈਂਡਰ ਦੇ ਹਮਲੇ ਤੋਂ ਪਹਿਲਾਂ ਇਸ ਦੀ ਬਿਜਾਈ ਕੀਤੀ ਜਾਂਦੀ ਸੀ ਜੋ ਇਸ ਨੂੰ ੩੨੦ ਬੀ.ਸੀ. ਯੂਰਪ ਆਦਿ ਦੇਸ਼ਾਂ ਵਿੱਚ ਲੈ ਗਿਆ। ਇਸ ਨੂੰ ਅੰਗਰੇਜ਼ੀ ਵਿੱਚ Sugarcane (Saccharum officinarum) ਆਖਦੇ ਹਨ:

ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ ।। (ਪੰਨਾ ੧੦੯੮)

ਇਰੰਡ:- ਇਸ ਬੂਟੇ ਵਿੱਚੋਂ ਨਿਕਲੇ ਬੀਜਾਂ ਤੋਂ ਕੱਢਿਆ ਤੇਲ ਬਾਲਣ ਤੇ ਪੁਰਜ਼ਿਆਂ ਨੂੰ ਦੇਣ ਲਈ ਵਰਤਿਆ ਜਾਂਦਾ ਹੈ। ਇਹ ਤੇਲ ਦਵਾਈਆਂ ਦੇ ਰੂਪ ਵਿੱਚ ਵੀ ਇਸਤੇਮਾਲ ਕੀਤਾ ਜਾਂਦਾ ਹੈ। ਤਾਸੀਰ ਗਰਮ ਹੋਣ ਕਾਰਨ ਇਹ ਸੂਲ, ਜੋੜਾਂ ਦਾ ਦਰਦ ਅਤੇ ਕਫ ਨਾਸ ਕਰਨ ਵਾਲਾ ਹੈ। ਇਸ ਦੇ ਪੱਤੇ ਸੋਜ ਅਤੇ ਫੋੜੇ 'ਤੇ ਬੱਧੇ ਗੁਣਕਾਰੀ ਹਨ। ਅੰਗਰੇਜ਼ੀ ਵਿੱਚ ਇਸ ਨੂੰ Castor plant (Ricinus dichotoma L) ਆਖਦੇ ਹਨ:

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ।। (ਪੰਨਾ ੪੮੬)

ਸਰਸੋਂ:- ਇਸ ਨੂੰ ਸਰ੍ਹੋਂ ਜਾਂ ਸਰਸਉਂ ਵੀ ਆਖਦੇ ਹਨ। ਇਸ ਦੇ ਛੋਟੇ ਪੌਦੇ ਦੇ ਬੀਜਾਂ ਦਾ ਤੇਲ ਕੱਢ ਕੇ ਇਸਤੇਮਾਲ ਕੀਤਾ ਜਾਂਦਾ ਹੈ। ਖੱਲ ਆਦਿ ਪਸ਼ੂ ਖਾਂਦਾ ਹਨ। ਅੰਗਰੇਜ਼ੀ ਵਿੱਚ ਇਸ ਨੂੰ Mustard (Brassica compestris L) ਆਖਦੇ ਹਨ:

ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ ।। (ਪੰਨਾ ੧੩੭੭)

ਸਿੰਮਲ:- ਇਹ ਬਹੁਤ ਉੱਚਾ ਦਰੱਖਤ ਹੈ ਜਿਸ ਦੇ ਫੁੱਲ ਸ਼ੋਖ ਰੰਗ ਦੇ, ਆਕਰਸ਼ਕ ਪਰ ਫਲ ਬੇਸੁਆਦੇ (ਬਕਬਕੇ) ਹੁੰਦੇ ਹਨ। ਫੁੱਲ ਜਾਮਨੂੰ ਰੰਗ ਦੇ ਹੁੰਦੇ ਹਨ। ਇਸ ਦੇ ਕਈ ਨਾਮ ਪ੍ਰਸਿਧ ਹਨ ਜਿਵੇਂ ਸਾਲਮਲੀ, ਸੇਮਰ, ਬਾਂਸ, ਭੇਵੜਾ, ਕੇਤਕੀ ਆਦਿ। ਅੰਗਰੇਜ਼ੀ ਵਿੱਚ ਇਸ ਨੂੰ Bombax, Silk tree (Bombax haptaphyllum L) ਆਖਦੇ ਹਨ:

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ।। (ਪੰਨਾ ੪੭੦)

ਹਿੰਙ:- ਇਕ ਪੌਦਾ ਜਿਸ ਵਿੱਚੋਂ ਹੀਂਗ, ਤੀਵਰਗੰਧਾ ਰਸ ਰੂਪ ਵਿੱਚ ਨਿਕਲਦਾ ਹੈ। ਇਹ ਗੰਧਦਾਰ ਪਦਾਰਥ ਜੋ ਔਸ਼ਧੀ ਵੀ ਹੈ ਦਾਲ-ਸਬਜ਼ੀ ਵਿੱਚ ਤੜਕਾ ਲਾ ਕੇ ਵਰਤਿਆ ਜਾਂਦਾ ਹੈ। ਹਿੰਗ ਦੀ ਤਾਸੀਰ ਗਰਮ, ਹਾਜ਼ਮਾ ਠੀਕ ਕਰਨ ਵਾਲੀ, ਕਫ ਅਤੇ ਵਾਈ ਨਾਸ਼ਕ, ਵਾਉਗੋਲਾ, ਪੇਟ ਦੇ ਕੀੜੇ ਆਦਿਕ ਰੋਗ ਦੂਰ ਕਰਦੀ ਹੈ। ਇਹ ਮਸਾਲਿਆਂ ਵਿੱਚ ਸ਼ੁਮਾਰ ਹੁੰਦੀ ਹੈ। ਇਹ ਇਰਾਨ ਅਤੇ ਅਫਗਾਨਿਸਤਾਨ ਦੀ ਸਦਾਬਹਾਰ ਜੜੀ-ਬੂਟੀ ਹੈ। ਅੰਗਰੇਜ਼ੀ ਵਿੱਚ ਇਸ ਨੂੰ Asafoetida (Ferula asofoetida L) ਆਖਦੇ ਹਨ:

ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥ (ਪੰਨਾ ੧੩੭੯)

ਕਸੁੰਭ:- ਇਕ ਗੂੜ੍ਹੇ ਸ਼ੋਖ ਲਾਲ ਰੰਗ ਦਾ ਫੁੱਲ ਜੋ ਛੇਤੀ ਫਿੱਕਾ ਪੈ ਜਾਂਦਾ ਹੈ। ਕਈਆਂ ਨੇ ਇਸ ਨੂੰ ਜੰਗਲੀ ਕੇਸਰ ਕਰ ਕੇ ਵੀ ਲਿਖਿਆ ਹੈ। ਅੰਗਰੇਜ਼ੀ ਵਿੱਚ ਇਸ ਨੂੰ Safflower (Carthamus tinctorius L) ਆਖਦੇ ਹਨ:

ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ।। (ਪੰਨਾ ੭੭੭)

ਕਣਕ:- ਕਣਕ ਇਕ ਪ੍ਰਸਿਧ ਅਨਾਜ ਹੈ ਜਿਸ ਨੂੰ ਗੰਦਮ, ਗੇਹੂੰ ਭੀ ਆਖਦੇ ਹਨ। ਇਤਿਹਾਸਕ ਨੁਕਤੇ ਨਿਗਾਹ ਤੋਂ ਇਹ ਆਖਣਾ ਬੜਾ ਕਠਨ ਹੈ ਕਿ ਕਣਕ ਕਦੋਂ ਹੋਂਦ ਵਿੱਚ ਆਈ। ਪੱਥਰ ਯੁੱਗ ਵਿੱਚ ਕਣਕ ਦੇ ਦਾਣੇ ਸਵਿਟਜ਼ਰਲੈਂਡ ਦੇ ਖੰਡਰਾਤਾਂ 'ਚੋਂ ਮਿਲੇ ਸਨ। ਚੀਨ ਵਿੱਚ ੨੭੦੦ ਬੀ ਸੀ. 'ਚ ਇਹ ਪ੍ਰਮੁੱਖ ਫਸਲ ਸੀ। ਜੰਗਲੀ ਘਾਹ ਵਰਗੀਆਂ ਕਿਸਮਾਂ ਮੁੱਢ ਕਦੀਮ ਯੂਰਪ ਵਿੱਚ ਮੌਜੂਦ ਸਨ। ਅੰਗਰੇਜ਼ੀ ਵਿੱਚ ਇਸ ਨੂੰ Wheat (Triticum aestivum L) ਆਖਦੇ ਹਨ:

ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥ (ਪੰਨਾ ੧੩੨੯)

ਕਦਲੀ:- ਇਹ ਕੇਲੇ ਦਾ ਬ੍ਰਿਛ ਕਰ ਕੇ ਪ੍ਰਸਿਧ ਹੈ। ਫਲਦਾਰ ਬੂਟਾ ਜਿਸ ਨੂੰ ਕੇਲ ਜਾਂ ਰੰਭਾ ਭੀ ਆਖਦੇ ਹਨ। ਕੇਲੇ ੭੫-੧੦੦ ਦਿਨਾਂ ਵਿੱਚ ਦਰੱਖਤ 'ਤੇ ਫਲ ਬਣ ਜਾਂਦਾ ਹਨ। ਇਹ ਦਰੱਖਤਾਂ ਤੋਂ ਕੱਚੇ ਹੀ ਉਤਾਰੇ ਜਾਂਦਾ ਹਨ। ਇਕ ਦਰੱਖਤ 'ਤੇ ੫੦-੧੫੦ ਫਲ ਹੁੰਦੇ ਹਨ। ਇਹ ਬਹੁਤ ਪ੍ਰਸਿਧ ਫਲ ਹੈ, ਪੂਰੇ ਸੰਸਾਰ ਵਿੱਚ ਤਕਰੀਬਨ ੧੦੦ ਤੋਂ ਵੱਧ ਕਿਸਮਾਂ ਉਗਾਈਆਂ ਜਾਂਦੀਆਂ ਹਨ। ਅੰਗਰੇਜ਼ੀ ਵਿੱਚ ਇਸ ਦਾ ਨਾਂ Banana (Musa paradisiaca L) ਹੈ। ਇਸ ਦੇ ਦਰੱਖਤ ਦੀ ਉਚਾਈ ੧੦-੩੦ ਫੁੱਟ ਤਕ ਹੁੰਦੀ ਹੈ।

ਕਦਲੀ ਪੁਹਪ ਧੂਪ ਪਰਗਾਸ ॥ (ਪੰਨਾ ੧੧੬੨)

ਕਪਾਸ:- ਇਕ ਪੌਦੇ ਦਾ ਫੁੱਲ ਜਿਸ ਤੋਂ ਰੂੰ ਬਣਦਾ ਹੈ। ਇਸ ਦੇ ਬਿਰਛ ਤੋਂ ਧਾਗਾ ਤੇ ਕੱਪੜਾ ਬਣਦਾ ਹੈ। ਬੀਜ ਲੰਮੇ-ਲੰਮੇ ਵਾਲਾਂ ਨਾਲ ਘਿਰਿਆ ਹੁੰਦਾ ਹੈ। ਭਾਰਤ ਵਿੱਚ ਇਸ ਦਾ ਜ਼ਿਕਰ ਰਿਗਵੇਦ ਵਿੱਚ ਵੀ ਆਇਆ ਹੈ ਜੋ ੧੫੦੦ ਬੀ.ਸੀ. ਦੀ ਰਚਨਾ ਹੈ। 'ਮਨੂੰ ਸਿਮਰਤੀ' ਵਿੱਚ ਵਰਨਣ ਆਇਆ ਹੈ ਕਿ ਬ੍ਰਾਹਮਣ ਦੇ ਪਵਿੱਤਰ ਜੰਞੂ ਦਾ ਧਾਗਾ ਕਪਾਹ ਦਾ ਹੋਵੇ। ਬਹੁਤੇ ਵਿਗਿਆਨੀਆਂ ਨੇ ਇਸ ਪੌਦੇ ਦਾ ਮੁੱਢ ਭਾਰਤ ਵਿੱਚ ਮੰਨਿਆ ਹੈ। ਅੰਗਰੇਜ਼ੀ ਵਿੱਚ ਇਸ ਨੂੰ Cotton (gossyplum herbaceum L) ਆਖਦੇ ਹਨ:

ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ ॥ (ਪੰਨਾ ੧੪੩)

ਕਮਲ:- ਇਕ ਸਫੇਦ ਰੰਗ ਦਾ ਕੋਮਲ ਫੁੱਲ ਹੈ ਜੋ ਪਾਣੀ ਵਿੱਚ ਹੁੰਦਾ ਹੈ। ਕੰਵਲ ਦੀਆਂ ਅਨੇਕਾਂ ਕਿਸਮਾਂ ਮਿਸਰ, ਭਾਰਤ ਤੇ ਕਸ਼ਮੀਰ ਵਿੱਚ ਮਿਲਦੀਆਂ ਹਨ। ਇਸ ਦਾ ਫੁੱਲਾਂ ਦੀ ਉਮਰ ਸਾਰੇ ਫੁੱਲਾਂ ਵਧੀਕ ਮੰਨੀ ਜਾਂਦੀ ਹੈ। ਵਿਗਿਆਨੀਆਂ ਨੇ ਇਕ ਪ੍ਰਯੋਗ ਰਾਹੀਂ ਸਾਬਤ ਕੀਤਾ ਹੈ ਕਿ ੧੯੪੩ ਤੋਂ ਲੈ ਕੇ ੧੯੯੫ ਈ. ਤਕ ਇਸ ਦੇ ਫੁੱਲ ਉਗਾਏ ਗਏ ਸਨ। ਰਾਬਰਟ ਬਰੂਨ ਨੇ ੧੫੦ ਸਾਲ ਦੇ ਫੁੱਲ ਬਾਰੇ ਨਵੀਂ ਖੋਜ ਸਾਹਮਣੇ ਲਿਆਂਦੀ ਹੈ। ਕੰਵਲ ਦਾ ਚਿੰਨ੍ਹ 'ਗਰਮੀ ਤੇ ਸੱਚ' ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਅੰਗਰੇਜ਼ੀ ਵਿੱਚ ਇਸ ਨੂੰ Lotus (Nelumbium speciosum L) ਆਖਦੇ ਹਨ: ਗੁਰੂ ਗ੍ਰੰਥ ਸਾਹਿਬ ਵਿੱਚ ਸਾਰੇ ਫੁੱਲਾਂ ਤੋਂ ਵਧੀਕ ਇਸੇ ਫੁੱਲ ਦਾ ਜ਼ਿਕਰ ਆਇਆ ਹੈ:

ਚਰਣ ਕਮਲ ਆਤਮ ਆਧਾਰ ॥ (ਪੰਨਾ ੧੯੧)

ਕਾਹ:- ਕਾਹਸਿ, ਕਾਹੀ, ਘਾਹ, ਸਰਕੜਾ, ਸਰਕੰਡਾ, ਸਰ, ਸਰਕੜ੍ਹਾ, ਨੜਾ, ਕਾਨਾ

ਆਦਿ। ਅੰਗਰੇਜ਼ੀ ਵਿੱਚ ਇਸ ਨੂੰ Reed (Willow sacchrum munja L, S. arundinaceum) ਆਖਦੇ ਹਨ:-

ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥ (ਪੰਨਾ ੧੧੦੯)

ਕਿੱਕਰ:- ਇਕ ਕੰਡੇਦਾਰ ਦਰੱਖਤ ਜਿਸ ਨੂੰ ਬਬੂਲ ਵੀ ਆਖਦੇ ਹਨ। ਇਹ ਸਦਾਬਹਾਰ ਦਰੱਖਤ ਹੈ ਜੋ ਗਰਮ ਅਤੇ ਨੀਮ ਗਰਮ ਖਿੱਤਿਆਂ ਵਿੱਚ ਆਮ ਹੁੰਦਾ ਹੈ। ਇਸ ਦੇ ਚਿੱਟੇ ਜਾਂ ਪੀਲੇ ਫੁੱਲ ਹੁੰਦੇ ਹਨ। ਇਸ ਦਰੱਖਤ ਦੀ ਲੰਬਾਈ ੪-੫੯ ਫੁੱਟ ਤਕ ਹੁੰਦੀ ਹੈ। ਅੰਗਰੇਜ਼ੀ ਵਿੱਚ ਇਸ ਨੂੰ Acacia tree (Acacia arabica; A. Jaoquemonti) ਆਖਦੇ ਹਨ:-

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥ (ਪੰਨਾ ੧੩੭੯)

ਕੁਕਹ:- ਇਹ ਪਿਲਛੀ ਦਾ ਪੌਦਾ ਹੈ ਜੋ ਨਦੀ ਕਿਨਾਰੇ ਹੋਣ ਵਾਲਾ ਹੈ ਅਤੇ ਇਕ ਲੰਮੇ ਘਾਹ ਵਾਂਗ ਦਿੱਸਦਾ ਹੈ। ਇਸ ਦੀਆਂ ਟੋਕਰੀਆਂ ਆਦਿ ਬਣਦੀਆਂ ਹਨ। ਫੁੱਲਾਂ ਦਾ ਰੰਗ ਚਿੱਟਾ ਹੁੰਦਾ ਹੈ। ਅੰਗਰੇਜ਼ੀ ਵਿੱਚ ਇਸ ਨੂੰ Tamarix diocia L ਆਖਦੇ ਹਨ:-

ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥ (ਪੰਨਾ ੧੧੦੯)

ਕੁੰਗੂ:- ਇਸ ਨੂੰ ਕੇਸਰ, ਜ਼ੈਫਰਾਨ ਆਦਿ ਵੀ ਆਖਦੇ ਹਨ। ਇਸ ਦੇ ਫੁੱਲ ਨਾਰੰਗੀ ਰੰਗ ਦੇ ਹੁੰਦੇ ਹਨ ਅਤੇ ਇਸ ਦੇ ਬੂਟੇ ਕਸ਼ਮੀਰ ਵਿੱਚ ਆਮ ਹੁੰਦੇ ਹਨ। ਇਸ ਦੀਆਂ ਤੁਰੀਆਂ ਉੱਤਮ ਸੁਗੰਧੀ ਵਾਲੀਆਂ ਹੁੰਦੀਆਂ ਹਨ। ਅੰਗਰੇਜ਼ੀ ਵਿੱਚ ਇਸ ਨੂੰ Saffron (Crocus sativus) ਆਖਦੇ ਹਨ। ਇਸ ਨੂੰ ਰੰਗ ਅਤੇ ਸੁਗੰਧ ਲਈ ਵਰਤਿਆ ਜਾਂਦਾ ਹੈ:-

ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ (ਪੰਨਾ ੧੪)

ਕੁੰਦ:- ਇਹ ਚਿੱਟੇ ਫੁੱਲਾਂ ਵਾਲਾ ਇਕ ਪਿਆਰਾ ਬੂਟਾ ਹੈ ਜਿਸ ਨੂੰ ਕੁੰਦੂ ਆਖਦੇ ਹਨ। ਇਸ ਨੂੰ ਚਾਂਦਨੀ ਵੀ ਆਖਦੇ ਹਨ। ਅੰਗਰੇਜ਼ੀ ਵਿੱਚ ਇਸ ਨੂੰ Coccinia indica L ਆਖਦੇ ਹਨ:

ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ

ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ ॥ (ਪੰਨਾ ੧੪੦੨)

ਕੁਮੁਦਨੀ:- ਰਾਤ ਨੂੰ ਖਿੜਨ ਵਾਲਾ ਇਕ ਫੁੱਲ ਜਿਸ ਨੂੰ ਨਲੋਫਰ ਵੀ ਆਖਦੇ ਹਨ। ਅੰਗਰੇਜ਼ੀ ਵਿੱਚ ਇਸ ਨੂੰ The blue lotus, water-lily (Nymphaea edulis; N. lotus) ਵੀ ਆਖਦੇ ਹਨ:-

ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥ (ਪੰਨਾ ੯੯੦)

ਕੋਦਉ:- ਕੋਦਾ, ਕੋਦੋ, ਕੋਧਰਾ- ਇਹ ਸਾਰੇ ਨਾਂ ਇਸੇ ਝਾੜੀ ਦੇ ਹਨ। ਇਹ ਘਾਹ ਜਿਹੀ ਇਕ ਝਾੜੀ ਹੈ ਜਿਸ ਦਾ ਦਾਣਾ ਗਰੀਬ ਲੋਕ ਰਿਨ ਕੇ ਅਥਵਾ ਪੀਹ ਕੇ ਆਟੇ ਦੀ ਰੋਟੀ ਪਕਾ ਕੇ ਖਾਂਦੇ ਹਨ। ਅੰਗਰੇਜ਼ੀ ਵਿੱਚ ਇਸ ਨੂੰ A Coarse grain (Paspalum scrobiaculatum) ਆਖਦੇ ਹਨ:-

ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ ॥ (ਪੰਨਾ ੫੨੪)

ਖਜੂਰ:- ਇਕ ਦਰਖੱਤ ਜਿਸ ਦਾ ਫਲ ਛੁਹਾਰਾ ਹੁੰਦਾ ਹੈ। ਇਸ ਦਾ ਜਿਕਰ ਲੋਕਗਾ

੩੩ ਫੁੱਟ ਉੱਚਾ ਹੁੰਦਾ ਹੈ। ਖਜੂਰ ਸੁਕਾ ਕੇ ਖੰਡ ਦੀ ਮਾਤਰਾ ੫੦ ਫੀਸਦੀ ਰਹਿ ਜਾਂਦੀ ਹੈ। ਖਜੂਰ ਦਾ ਮੁੱਢ ਚੀਨ ਮੰਨਿਆ ਜਾਂਦਾ ਹੈ। ਇਹ ੪੦੦੦ ਵਰ੍ਹੇ ਤੋਂ ਉਗਾਈ ਜਾਂਦੀ ਹੈ। ਇਕ ਪੌਦੇ 'ਤੇ ਤਕਰੀਬਨ ੧੦੦੦ ਖਜੂਰ ਲੱਗਦੇ ਹਨ। ਪੱਤੇ ਪਤਲੇ, ਗੂੜ੍ਹੇ ਸਬਜ਼ ਘੰਟੀ ਵਰਗੇ ਦਿੱਸਦੇ ਹਨ। ਖਜੂਰ ਦੇ ਦਰੱਖਤ ਨੂੰ ਅੰਗਰੇਜ਼ੀ ਵਿੱਚ Palm tree (Phoenix sylvestris) ਆਖਦੇ ਹਨ:-

ਜਲ ਕੀ ਮਾਛੁਲੀ ਚਰੈ ਖਜੂਰਿ ॥ (ਪੰਨਾ ੭੧੮)

ਗਰੀ:- ਖੋਪਾ, ਨਾਰੀਅਲ ਦਾ ਮਗਜ਼, ਨਰੇਲ ਦੀ ਤਾਸੀਰ ਗਰਮ ਹੁੰਦੀ ਹੈ ਅਤੇ ਤੇਲ ਵੀ ਕੱਢਿਆ ਜਾਂਦਾ ਹੈ ਜੋ ਕੇਸਾਂ ਲਈ ਬੜਾ ਲਾਭਦਾਇਕ ਹੈ। ਅੰਗਰੇਜ਼ੀ ਵਿੱਚ ਇਸ ਨੂੰ Coconut (Cocos nucifera L) ਆਖਦੇ ਹਨ:-

ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥ (ਪੰਨਾ ੪੧੭)

ਗੁਲਾਲ:- ਇਸ ਲਾਲ ਫੁੱਲ ਨੂੰ ਗੁਲੇਲਾਲਾ ਵੀ ਆਖਦੇ ਹਨ। ਜਿਸ ਦੇ ਫੁੱਲਾਂ ਦਾ ਰੰਗ ਗੂੜ੍ਹਾ ਲਾਲ ਹੁੰਦਾ ਹੈ। ਇਸ ਨੂੰ ਪੋਸਤ ਦਾ ਫੁੱਲ ਭੀ ਆਖਦੇ ਹਨ। ਅੰਗਰੇਜ਼ੀ ਵਿੱਚ ਇਸ ਨੂੰ Tulip crimson, Poppy flower (Papaver somnifer) ਆਖਦੇ ਹਨ:-

ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ ॥ (ਪੰਨਾ ੩੮੪)

ਚੰਦਨ:- ਚੰਦਨ ਦਾ ਬ੍ਰਿਛ, ਜਿਸ ਦੀ ਸੁਗੰਧ ਨਾਲ ਭਿਨੀ-ਭਿਨੀ ਖੁਸ਼ਬੋਈ ਆਉਂਦੀ ਹੈ। ਇਕ ਖੂਬਸੂਰਤ ਲੱਕੜੀ ਦਾ ਬ੍ਰਿਛ, ਜਿਸ ਨੂੰ ਅੰਗਰੇਜ਼ੀ ਵਿੱਚ Sandal wood ਆਖਦੇ ਹਨ:-

ਚੋਆ ਚੰਦਨ ਦੇਹ ਫੂਲਿਆ ॥ (ਪੰਨਾ ੨੧੦)

ਚਨਨ:- ਛੋਲਿਆਂ ਦਾ ਇਕ ਛੋਟਾ ਪਾਂਦਾ ਜਿਸ ਨਾਲ ਚਣੇ ਲੱਗਦੇ ਹਨ। ਅੰਗਰੇਜ਼ੀ ਵਿੱਚ ਇਸ ਨੂੰ Gram beans, Chicu pea (Cicer arietinum L) ਆਖਦੇ ਹਨ। ਗੁਰਬਾਣੀ ਵਿੱਚ 'ਚਨੇ' ਸ਼ਬਦ ਵੀ ਆਇਆ ਹੈ।

ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ ॥(ਪੰਨਾ ੩੩੬)

ਚਾਵਲ:- ਇਸ ਨੂੰ ਚੌਲ, ਧਾਨ ਦਾ ਬੀਜ, ਮੁੰਜੀ, ਝੋਨਾ, ਤੰਡੁਲ, ਚਾਉਲ ਭੀ ਆਖਦੇ ਹਨ। ਇਹ ਪ੍ਰਸਿੱਧ ਅਨਾਜ ਜੋ ਆਮ ਤੌਰ 'ਤੇ ਸਫੇਦ ਰੰਗ ਦਾ ਹੁੰਦਾ ਹੈ ਜਿਸ ਦੀ ਉਤਪਤੀ ਦੱਖਣ-ਪੂਰਬ ਏਸ਼ੀਆ ਮੰਨੀ ਜਾਂਦੀ ਹੈ। ੫੦੦੦ ਵਰ੍ਹੇ ਪਹਿਲਾਂ ਚੌਲ ਬੀਜਣ ਦੀ ਕ੍ਰਿਆ ਧਾਰਮਿਕ ਨੁਕਤੇ-ਨਿਗਾਹ ਤੋਂ ਕੀਤੀ ਜਾਂਦੀ ਸੀ। ਸੰਸਾਰ ਦੇ ੫੦ ਫੀਸਦੀ ਲੋਕ ਇਸੇ ਅਨਾਜ 'ਤੇ ਨਿਰਭਰ ਹਨ। ਵੈਦਕ ਸਾਹਿਤ ਵਿੱਚ ਜੰਗਲੀ ਚਾਵਲ 'ਨੀਵਾਰਾ' ਅਤੇ ਅਥਾਰਵੇਦਾ ਵਿੱਚ 'ਵੀਰਹੀ' ਦਾ ਜ਼ਿਕਰ ਆਉਂਦਾ ਹੈ:-

ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥ (ਪੰਨਾ੯੬੫)

ਤਰਵਰ:- ਇਹ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਤਰਵਰ' ਵਧੀਆ ਰੁੱਖ ਤੋਂ ਨਿਕਲਿਆ ਹੈ। ਇਹ ਦਰੱਖਤ, ਬ੍ਰਿਛ, ਰੁੱਖ ਆਦਿ ਨਾਵਾਂ ਨਾਲ ਵੀ ਪ੍ਰਸਿੱਧ ਹੈ। ਅੰਗਰੇਜ਼ੀ ਵਿੱਚ ਇਸ ਨੂੰ Plant ਆਖਦੇ ਹਨ:-

ਤਰਵਰ ਪੰਖੀ ਬਹੁ ਨਿਸਿ ਬਾਸੁ ॥ (ਪੰਨਾ ੧੫੨)

ਤਾਰ:- ਇਕ ਰੁੱਖ ਜਿਸ ਤੋਂ ਨਸ਼ੀਲਾ ਪਦਾਰਥ ਨਿਕਲਦਾ ਹੈ। ਇਹ ਫਾਰਸੀ ਦੇ ਸ਼ਬਦ 'ਤਾਰ' ਤੋਂ ਨਿਕਲਿਆ ਹੈ, ਜਿਸ ਨੂੰ ਤਾੜ ਦਾ ਦਰੱਖਤ ਵੀ ਆਖਦੇ ਹਨ। ਅਸਲ ਵਿੱਚ ਇਹ ਖਜੂਰ ਦੀ ਜਾਤੀ ਦਾ ਦਰੱਖਤ ਹੈ ਜਿਸ ਦਾ ਰਸ ਨੂੰ ਤਾੜੀ ਆਖਦਾ ਹਨ। ਅੰਗਰੇਜ਼ੀ ਵਿੱਚ ਇਸ ਨੂੰ Palm Tree (Palmyra tree. Toddy tree, Borassus flabelliferra L ਜਾਂ Sabal Palmetta L) ਆਖਦੇ ਹਨ:-

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥ (ਪੰਨਾ ੧੨੯੩)

ਤਿਲ:- ਇਕ ਨਿੱਕਾ ਜਿਹਾ ਪੌਦਾ ਜਿਸ ਦੇ ਬੀਜ 'ਚੋਂ ਤੇਲ ਕੱਢਿਆ ਜਾਂਦਾ ਹੈ। ਤਿਲ ਦੇ ਬੀਜ ਦੀ ਤਾਸੀਰ ਗਰਮ ਹੁੰਦੀ ਹੈ। ਤਿਲ ਦਾ ਪ੍ਰਮੁੱਖ ਕੇਂਦਰੀ ਮੁੱਢ ਅਫਰੀਕਾ ਮੰਨਿਆ ਜਾਂਦਾ ਹੈ। ਇਸ ਦੀਆਂ ਵਧੀਕ ਜੰਗਲੀ ਕਿਸਮਾਂ ਭਾਰਤ ਅਤੇ ਜਾਪਾਨ ਵਿੱਚ ਹੁੰਦੀਆਂ ਹਨ। ਅੰਗਰੇਜ਼ੀ ਵਿੱਚ ਇਸ ਨੂੰ Sesame (Sesamum indicum L) ਆਖਦੇ ਹਨ:-

ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥ (ਪੰਨਾ ੩੧੫)

ਤੁਮਾ:- ਇਹ ਖਰਬੂਜੇ ਵਰਗੇ ਇਕ ਫਲ ਦੀ ਭਾਜੀ ਹੈ, ਜਿਸ ਨੂੰ ਕੌੜਮ, ਕੌੜਾ ਤੁੰਮਾ ਵੀ ਆਖਦੇ ਹਨ। ਇਹ ਬਾਦੀ ਰੋਗ ਨੂੰ ਦੂਰ ਕਰਦਾ ਹੈ। ਅੰਗਰੇਜ਼ੀ ਵਿੱਚ ਇਸ ਨੂੰ Colocynth ਆਖਦੇ ਹਨ:-

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥ (ਪੰਨਾ ੧੪੭)

ਤੁਲਸੀ:- ਇਕ ਪੌਦਾ ਜਿਸ ਦੇ ਪੱਤੇ ਦਵਾਈ ਵਜੋਂ ਵੀ ਵਰਤੇ ਜਾਂਦੇ ਹਨ। ਹਿੰਦੂ ਇਸ ਨੂੰ ਪਵਿੱਤਰ ਸਮਝ ਕੇ ਪੂਜਦੇ ਹਨ। ਅੰਗਰੇਜ਼ੀ ਵਿੱਚ ਇਸ ਨੂੰ An aromatic plant, Holy basil plant (Ocimum sanctum) ਆਖਦੇ ਹਨ:-

ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ॥ (ਪੰਨਾ ੩੯੬)

ਦੱਭ:- ਇਹ ਘਾਹ ਦੀ ਇਕ ਕਿਸਮ ਹੈ, ਜਿਸ ਦੇ ਪੱਤੇ ਚੌੜੇ ਅਤੇ ਤਿੱਖੇ ਹੁੰਦੇ ਹਨ, ਜੋ ਖਲੋਤੇ ਪਾਣੀ ਵਿੱਚ ਵੀ ਹੁੰਦਾ ਹੈ। ਇਸ ਦੀਆਂ ਸਫਾਂ ਆਦਿ ਬਣਦੀਆਂ ਹਨ। ਪੱਤੇ ਛੋਟੇ ਤੇ ਨਰਮ ਹੁੰਦੇ ਹਨ। ਸੰਸਾਰ ਵਿੱਚ ਇਸ ਦੇ ਜੋ ਹੋਰ ਨਾਂ ਪ੍ਰਚੱਲਤ ਹਨ, ਉਹ ਪਵਿੱਤਰ ਘਾਹ, ਹਰਿਆਲੀ, ਬਾਗਾ ਘਾਹ, ਤਾਰਾ ਘਾਹ, ਲਾਨ ਘਾਹ, ਸ਼ਾਤਾਨੀ ਘਾਹ, ਕੱਚ ਘਾਹ ਆਦਿ ਹਨ। ਇਹ ਸਦਾ ਬਹਾਰ ਹੈ। ਅੰਗਰੇਜ਼ੀ ਵਿੱਚ ਇਸ ਨੂੰ Doub (Cynodon dactylon L) ਆਖਦੇ ਹਨ:-

ਫਰੀਦਾ ਥੀਉ ਪਵਾਹੀ ਦਭੁ॥ (ਪੰਨਾ ੧੩੭੮)

ਦਾਖ:- ਸੁੱਕੇ ਹੋਏ ਅੰਗੂਰਾਂ ਨੂੰ ਦਾਖ ਆਖਦੇ ਹਨ। ਇਸ ਦਾ ਪੌਦਾ ਸਰਦ ਅਤੇ ਅੱਧ ਸਰਧ ਵਾਤਾਵਰਣ ਵਿੱਚ ਉੱਗਦਾ ਹੈ। ਏਸ਼ੀਆ ਇਸ ਦਾ ਮੁੱਢ ਮੰਨਿਆ ਜਾਂਦਾ ਹੈ। ਇਸ ਦੀ ਪੈਦਾਵਾਰ 'ਤੇ ਮੌਸਮ, ਜ਼ਮੀਨ, ਵਾਤਾਵਰਣ ਅਤੇ ਸਿੰਜਾਈ ਢੰਗ ਦਾ ਬਹੁਤ ਅਸਰ ਹੁੰਦਾ ਹੈ। ਇਸ ਨੂੰ ਕਿਸ਼ਮਿਸ਼ ਵੀ ਆਖਦੇ ਹਨ। ਅੰਗਰੇਜ਼ੀ ਵਿੱਚ ਇਸ ਨੂੰ Grapes, Curranot (Viris vinifera L) ਆਖਦੇ ਹਨ:-

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥ (ਪੰਨਾ ੧੩੭੯)

ਧਤੂਰਾ:- ਇਹ ਇਕ ਜ਼ਹਿਰੀਲਾ ਨਸ਼ੀਲਾ ਪਦਾਰਥ ਹੈ, ਜਿਸ ਦੇ ਵਿਸ਼ੇਲੇ ਗੋਲ ਫਲ ਕੰਡੇਦਾਰ ਹੁੰਦੇ ਹਨ। ਵੈਦ ਧਤੂਰੇ ਨੂੰ ਦਮੇ ਆਦਿ ਰੋਗਾਂ ਲਈ ਵਰਤਦੇ ਹਨ। ਇਹ ਗਰਮ, ਖੁਸ਼ਕ ਅਤੇ ਦਿਲ-ਦਿਮਾਗ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੈ॥ ਇਹ ਇਕ ਵਰਸ਼ੀ ਪੌਦਾ ਹੈ ਜਿਸ ਦੇ ਫਲ ਚਿੱਟੇ ਜਾਂ ਜਾਮਣੀ ਰੰਗ ਦੇ ਹੁੰਦੇ ਹਨ। ਅੰਗਰੇਜ਼ੀ ਵਿੱਚ ਇਸ ਨੂੰ Thorn-apple, Datura (Datiura albe L) ਆਖਦੇ ਹਨ:-

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ ॥ (ਪੰਨਾ ੧੪੭)

ਨਿੰਮ:- ਨਿੰਮ, ਨੀਮ ਸੰਘਣੀ ਛਾਂ ਵਾਲਾ ਇਕ ਦਰੱਖਤ ਹੈ ਜਿਸ ਦਾ ਫਲ ਕੌੜਾ ਹੁੰਦਾ ਹੈ। ਲੱਕੜ ਇਮਾਰਤ ਵਿੱਚ ਵਰਤੀ ਜਾਂਦੀ ਹੈ। ਇਸ ਦੀ ਛਿੱਲ, ਫਲ, ਪੱਤੇ ਆਦਿ ਅਨੇਕ ਦਵਾਈਆਂ ਵਿੱਚ ਵਰਤੇ ਜਾਂਦੇ ਹਨ। ਨਿੰਮ ਦੀਆਂ ਪੰਜਾਂ ਚੀਜ਼ਾਂ ਦਾ ਇਕੱਠ ਜਿਵੇਂ ਪੱਤੇ, ਛਿੱਲ, ਫੁੱਲ, ਫਲ ਅਤੇ ਜੜ੍ਹ ਨੂੰ ਵੈਦਯਕ ਗ੍ਰੰਥਾਂ ਵਿੱਚ 'ਨਿੰਬ ਪੰਚਕ' ਆਖਦੇ ਹਨ ਜੋ ਲਹੂ ਅਤੇ ਕਫ਼ ਦੇ ਵਿਕਾਰ ਨਾਸ਼ ਕਰਨ ਲਈ ਪ੍ਰਸਿੱਧ ਹੈ। ਅੰਗਰੇਜ਼ੀ ਵਿੱਚ ਇਸ ਨੂੰ Margosa tree (Azadirachta indica L) ਆਖਦੇ ਹਨ:-

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ ॥ (ਪੰਨਾ ੧੪੭)

ਨਿੰਬੂ:- ਇਸ ਨੂੰ ਨੇਂਬੂ ਵੀ ਲਿਖਿਆ ਜਾਂਦਾ ਹੈ। ਇਸ ਦਾ ਦਰੱਖਤ ਬਹੁਤ ਵੱਡਾ ਨਹੀਂ ਹੁੰਦਾ। ਕਾਗਜ਼ੀ ਨਿੰਬੂ ਸਭ ਤੋਂ ਉੱਤਮ ਹੈ। ਨਿੰਬੂ ਜਿਗਰ ਅਤੇ ਮਿਹਦੇ ਦੇ ਰੋਗ ਦੂਰ ਕਰਦਾ ਹੈ, ਭੁੱਖ ਲਾਉਂਦਾ ਹੈ। ਤ੍ਰਿਪਾ, ਸਿਰ ਪੀੜ ਲਈ ਲਾਭਕਾਰੀ ਹੈ। ਇਸ ਦਾ ਆਚਾਰ ਵੀ ਬਣਾਉਂਦੇ ਹਨ:-

ਨੀਬੁ ਭਇਓ ਆਂਬੁ ਭਇਓ ਨੀਬਾ ਕੇਲਾ ਪਾਕਾ ਝਾਰਿ ॥ (ਪੰਨਾ ੯੭੨)

ਪਲਾਸ:- ਇਸ ਨੂੰ ਪਲਾਹ, ਢੱਕ ਦਾ ਬੂਟਾ ਜਾਂ ਇਕ ਨਿਕੰਮਾ ਰੁੱਖ ਵੀ ਆਖਦੇ ਹਨ। ਅੰਗਰੇਜ਼ੀ ਵਿੱਚ ਇਸ ਨੂੰ Butea frondosa, B. monosperma ਜਾਂ Ficus infectoria ਆਖਦੇ ਹਨ:-

ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ ॥ (ਪੰਨਾ ੧੩੨੫)

ਪਿੱਪਲ:- ਇਸ ਨੂੰ ਪੀਪ ਵੀ ਆਖਦੇ ਹਨ। ਅੰਗਰੇਜ਼ੀ ਵਿੱਚ ਇਸ ਨੂੰ Boucerosia edulsis L ਆਖਦੇ ਹਨ:-

ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ ॥ (ਪੰਨਾ ੧੩੨੫)

ਬਟਕ:- ਇਹ ਬਹੁਤ ਵੱਡੇ ਆਕਾਰ ਦਾ ਦਰੱਖਤ ਹੈ ਜਿਸ ਨੂੰ ਬੋਹੜ ਵੀ ਆਖਦੇ ਹਨ। ਇਸ ਦੀ ਉਮਰ ਸੈਂਕੜੇ ਸਾਲ ਤਕ ਅਨੁਮਾਨ ਕੀਤੀ ਜਾਂਦੀ ਹੈ। ਅੰਗਰੇਜ਼ੀ ਵਿੱਚ Banyan tree (Ficus benghalensis) ਆਖਦੇ ਹਨ:-

ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ ॥ (ਪੰਨਾ ੩੪੦)

ਬਾਂਸ:- ਤ੍ਰਿਣ ਜਾਤੀ ਦਾ ਇਕ ਪੌਦਾ, ਜਿਸ ਦੀ ਲੰਮੀ ਛਟੀ ਗੱਠਦਾਰ ਹੁੰਦੀ ਹੈ। ਘਾਹ ਦੀ ਜਾਤ ਦਾ ਇਕ ਪਤਲਾ ਲੰਮਾ ਬੂਟਾ ਜੋ ਵਿੱਚੋਂ ਪੋਲਾ ਹੁੰਦਾ ਹੈ। ਅੰਗਰੇਜ਼ੀ ਵਿੱਚ ਇਸ ਨੂੰ Bamboo (Adhatoda varica L) ਆਖਦੇ ਹਨ:-

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥ (ਪੰਨਾ ੧੩੬੫)

ਬੇਰ:- ਇਕ ਫਲਦਾਰ ਦਰੱਖਤ ਜਿਸ 'ਤੇ ਲੱਗੇ ਬੇਰ ਬਹੁਤ ਹੀ ਮਿੱਠੇ ਅਤੇ ਸੁਗੰਧ ਭਰੇ ਹੁੰਦੇ ਹਨ। ਅੰਗਰੇਜ਼ੀ ਵਿੱਚ ਇਸ ਨੂੰ Ber tree (Ziziphus Jujuba) ਆਖਦੇ ਹਨ:

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ।। (ਪੰਨਾ ੧੩੭੯)

ਮਹੂਆ:- ਇਕ ਦਰੱਖਤ ਜਿਸ ਦੇ ਫੁੱਲਾਂ ਤੋਂ ਸ਼ਰਾਬ ਨਿਕਲਦੀ ਹੈ। ਅੰਗਰੇਜ਼ੀ ਵਿੱਚ A flowering tree (Bassia latifolia Madhuka indica L) ਆਖਦੇ ਹਨ:

ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ ।। (ਪੰਨਾ ੯੬੯)

ਮਜੀਠ:- ਇਕ ਵੇਲਦਾਰ ਝਾੜੀ ਜਿਸ ਦੀ ਡੰਡੀ ਵਿੱਚ ਪੱਕਾ ਲਾਲ ਰੰਗ ਹੁੰਦਾ ਹੈ। ਜਦੋਂ ਇਸ ਦੀਆਂ ਜੜ੍ਹਾਂ ਨੂੰ ਉਬਾਲਦੇ ਹਾਂ ਤਾਂ ਰੰਗ ਚੰਗਾ ਗੂੜ੍ਹਾ ਹੋ ਜਾਂਦਾ ਹੈ। ਇਹ ਸਦਾਬਹਾਰ ਵੇਲ ਯੂਰਪ ਅਤੇ ਏਸ਼ੀਆ ਦੀ ਮੁੱਢ ਮੰਨੀ ਜਾਂਦੀ ਹੈ। ਇਸ ਦੇ ਫੁੱਲ ਸਬਜ਼ ਪੀਲੇ ਰੰਗ ਦੇ ਹੁੰਦੇ ਹਨ, ਜਿਸ ਦਾ ਬ੍ਰਿਛ ੩.੯ ਫੁੱਟ ਤਕ ਲੰਮਾ ਹੁੰਦਾ ਹੈ। ਅੰਗਰੇਜ਼ੀ ਵਿੱਚ ਇਸ ਨੂੰ Madder (Rubia tinctorum L) ਆਖਦੇ ਹਨ:-

ਆਪੇ ਹੀਰਾ ਨਿਰਮਲ ਆਪੇ ਰੰਗੁ ਮਜੀਠ ।। (ਪੰਨਾ ੫੪)

ਲੌਂਗ:- ਇਹ ਇਕ ਛੋਟਾ ਪੌਦਾ ਹੈ ਜਿਸ ਦੀਆਂ ਕਲੀਆਂ ਦੀ ਤਾਸੀਰ ਗਰਮ ਤਰ ਹੈ। ਇਹ ਮੂੰਹ ਅਤੇ ਪੇਟ ਦੇ ਰੋਗਾਂ ਨੂੰ ਦੂਰ ਕਰਦਾ ਹੈ ਅਤੇ ਦਿਲ ਦਿਮਾਗ ਨੂੰ ਤਾਕਤ ਦਿੰਦਾ ਹੈ। ਅਧਰੰਗ, ਲਕਵਾ, ਸਕਤਾ ਆਦਿ ਰੋਗਾਂ ਲਈ ਗੁਣਕਾਰੀ ਹੈ। ਸੁਰਮੇ ਵਿੱਚ ਮਿਲਾ ਕੇ ਅੱਖੀਂ ਪਾਇਆਂ ਨੇਤ੍ਰਾਂ ਦੇ ਅਨੇਕ ਰੋਗ ਹਟਾਉਂਦਾ ਹੈ। ਇਹ ਗਰਮ ਮਸਾਲਿਆਂ ਵਿੱਚ ਵੀ ਵਰਤਿਆ ਜਾਂਦਾ ਹੈ। ਅੰਗਰੇਜ਼ੀ ਵਿੱਚ ਇਸ ਨੂੰ Clover (Caryophyllus aromaticus L) ਆਖਦੇ ਹਨ:-

ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ।। (ਪੰਨਾ ੧੧੨੩)

ਲਸਣ:- ਲਸਣ ਦਾ ਪੌਦਾ ਛੋਟਾ ਹੁੰਦਾ ਹੈ। ਲਸਣ ਗੰਢਾ ਹੁੰਦਾ ਹੈ ਜੋ ਮਸਾਲੇ ਤੇ ਦਵਾਈ ਲਈ ਵਰਤਿਆ ਜਾਂਦਾ ਹੈ। ਇਸ ਦੀ ਤਾਸੀਰ ਗਰਮ ਤਰ ਹੁੰਦੀ ਹੈ ਅਤੇ ਇਹ ਪੇਟ ਦੇ ਕੀੜੇ, ਬਦਹਜ਼ਮੀ, ਗਠੀਆ, ਵਾਉਗੋਲਾ, ਕਫ ਆਦਿਕ ਨਾਸ਼ ਕਰਦਾ ਹੈ। ਅੰਗਰੇਜ਼ੀ ਵਿੱਚ ਇਸ ਨੂੰ Garlic (Allium sativum L) ਆਖਦੇ ਹਨ:-

ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ।। (ਪੰਨਾ ੧੩੬੫)

ਸਹਾਇਕ ਪੁਸਤਕ ਸੂਚੀ:-

- *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਚਾਰ ਭਾਗ*
- *ਨਾਭਾ, ਕਾਨ੍ਹ ਸਿੰਘ, ਭਾਈ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, ੧੯੯੦.*
- *ਭਾਸ਼ਾ ਵਿਭਾਗ, ਪੰਜਾਬ, ਪੰਜਾਬੀ ਕੋਸ਼, ਪੰਜ ਜਿਲਦਾਂ, ੧੯੩੦.*
- *ਸਰਨਾ, ਜਸਬੀਰ ਸਿੰਘ, ਡਾ. ਕਸ਼ਮੀਰ ਦੇ ਜੰਗਲੀ ਫੁੱਲ, ਕਸ਼ਮੀਰ, ੧੯੯੮.*
- *ਗੁਰਚਰਨ ਸਿੰਘ, ਡਾ. ਸ੍ਰੀ ਗੁਰੂ ਗ੍ਰੰਥ ਕੋਸ਼, ਦੋ ਜਿਲਦਾਂ, ਪਟਿਆਲਾ, ੨੦੦੨.*
- *ਉਹੀ, ਆਦਿ ਗ੍ਰੰਥ ਸ਼ਬਦ ਅਨੁਕ੍ਰਮਣਿਕਾ, ਦੋ ਭਾਗ, ਪਟਿਆਲਾ, ੧੯੯੪, ੧੯੯੯.*

- ਸਰਨਾ, ਜਸਬੀਰ ਸਿੰਘ, ਡਾ. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼, ਪਟਿਆਲਾ, 2007
- *Manmohan Singh, Advocate-Hymns of Guru Nanak, Patiala,1982.*
- *Sarna, Jasbir Singh, Dr. Flora and Fauna in Guru Nanak's Bani, Jammu, 1992.*
- *Francis Rose, The New Observers Books of Wild flowers, London, 1983.*
- *David Conway, The Magic of Herbs, Great Britain, 1977.*
- *Frances Adlington (Chief Editor), Philip's Nature Encyclo pedia, London, 2003.*

* * *

ਗੁਰੂ ਗ੍ਰੰਥ ਸਾਹਿਬ: ਪੰਛੀ ਚਿਤਰਣ ਦਾ ਅਮੁੱਲ ਸੋਮਾ

ਗੁਰੂ ਗ੍ਰੰਥ ਸਾਹਿਬ ਵਿੱਚ ਜਿੱਥੇ ਪ੍ਰਕਿਰਤੀ-ਚਿਤਰਣ ਸਹਿਜੇ ਉਘੜਵੇਂ ਰੂਪ ਵਿੱਚ ਦ੍ਰਿਸ਼ਟੀਗੋਚਰ ਹੈ ਉੱਥੇ ਪੰਛੀਆਂ ਦੇ ਸੁਭਾਅ, ਰੂਪਕ ਪੱਖ, ਉਪਮਾ ਆਦਿ ਨੂੰ ਅਲੰਕਾਰਕ ਸ਼ੈਲੀ ਵਿੱਚ ਸਾਕਾਰ ਕੀਤਾ ਗਿਆ ਹੈ। ਮਾਨਸਿਕ-ਮਨੋਬਿਰਤੀ ਨੂੰ ਰੂਹਾਨੀ ਦ੍ਰਿਸ਼ਟੀ ਸ਼ੈਲੀ ਰਾਹੀਂ ਸਕਾਰਾਤਮਕ ਢੰਗ ਨਾਲ ਰੂਪਮਾਨ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਜੀਵ-ਜੰਤੂਆਂ ਬਾਰੇ ਮੁੱਢਲੀ ਅਤੇ ਪ੍ਰਮਾਣਿਕ ਜਾਣਕਾਰੀ ਉਪਲਬਧ ਹੈ। ਹੱਥਲੇ ਲੇਖ ਵਿੱਚ ਪੰਛੀਆਂ ਨੂੰ ਅੱਖਰ-ਕ੍ਰਮ ਅਨੁਸਾਰ ਤਰਤੀਬਿਆ ਹੈ ਅਤੇ ਨਾਲ ਹੀ ਬ੍ਰੈਕਟਾਂ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਨੰਬਰ ਦਿੱਤਾ ਹੈ। ਕਈ ਵਾਰਾਂ ਇਕੋ ਪੰਛੀ ਲਈ ਵੱਖ-ਵੱਖ ਸ਼ਬਦ-ਸਰੂਪ ਕਈ ਵੇਰ ਆਏ ਹਨ, ਉਨ੍ਹਾਂ ਲਈ ਕੇਵਲ ਸੰਕੇਤਿਕ ਤੌਰ 'ਤੇ ਇਕੋ ਪੰਨਾ ਨੰਬਰ ਦੇ ਦਿੱਤਾ ਹੈ।

ਇੱਲ:- ਇੱਲ (vulture) ਇਕ ਸ਼ਿਕਾਰੀ ਪੰਛੀ ਹੈ ਜੋ ਬਹੁਤ ਉੱਚਾ ਉੱਡਦੀ ਅਤੇ ਮੁਰਦਾਰ 'ਤੇ ਨਿਰਭਰ ਰਹਿੰਦੀ ਹੈ। ਇਸ ਨੂੰ ਚੀਲ, ਚਾਂਵਡਾ, ਗਿਰਝਨ ਵੀ ਆਖਿਆ ਜਾਂਦਾ ਹੈ। ਇਸ ਦੀ ਲੰਬਾਈ 24-110 ਇੰਚ ਹੁੰਦੀ ਹੈ। ਪਹਾੜੀ ਥਾਵਾਂ ਅਤੇ ਪੂਰੇ ਸੰਸਾਰ ਵਿੱਚ ਵਿਚਰਦੀ ਹੈ। ਬੜੀ ਉੱਚਾਈ ਤੋਂ ਮੁਰਦਾਰ ਵੇਖ ਕੇ ਹੇਠਾਂ ਆ ਜਾਂਦੀ ਹੈ। ਪੂਰੇ ਸੰਸਾਰ ਵਿੱਚ ਇਸ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ। ਹੋਰ ਸਰੂਪ ਜੋ ਇਸ ਪੰਛੀ ਲਈ ਆਇਆ ਹੈ, ਉਹ ਹੈ ਗਿਰਝਨ (693)

- ਜਿਥੇ ਡਿਠਾ ਮਿਰਤਕੋ ਇਲ ਬਹਿਠੀ ਆਇ।। (ਪੰਨਾ: 322)

ਸਾਰਿੰਗ:- ਸਾਰਿੰਗ (sparrow-hawk) ਇਕ ਛੋਟਾ ਪੰਛੀ ਹੈ ਜਿਸ ਦੇ ਅਨੇਕ ਨਾਂ ਪ੍ਰਚੱਲਿਤ ਹਨ ਜਿਵੇਂ ਬਾਬੀਹਾ (1107) ਬਾਬਾਹੇ (1284) ਬਾਬੀਹੇ (1284) ਬਬੀਹਾ (1108) ਚਾਤ੍ਰਿਕ (60) ਚਾਤ੍ਰਿਕ (454) ਚਾਤ੍ਰਿਕੋ (708)।

ਰਿਵਾਇਤ ਹੈ ਕਿ ਇਹ ਪੰਛੀ ਬੱਦਲਾਂ ਵੱਲ ਮੂੰਹ ਕਰਕੇ ਇਕ ਖਾਸ ਬੂੰਦ ਲਈ (ਜਿਸ ਨੂੰ ਸਵਾਤੀ ਬੂੰਦ ਕਹਿੰਦੇ ਹਨ) ਲਿਉਂ-ਲਿਉਂ ਕਰਦਾ ਰਹਿੰਦਾ ਹੈ। ਇਸ ਨੂੰ ਸ਼ਾਂਤੀ ਤਦ ਆਉਂਦੀ ਹੈ ਜਦ ਉਹ ਬੂੰਦ ਇਸ ਦੇ ਮੂੰਹ ਪੈਂਦੀ ਹੈ। ਇਸ 'ਕੁਕੂਲਿੱਡੀ' ਪਰਿਵਾਰ ਦੇ ਪੰਛੀਆਂ ਦਾ ਆਕਾਰ 25-38 ਸੈਂਟੀਮੀਟਰ ਵਿਚਕਾਰ ਹੁੰਦਾ ਹੈ। ਇਸ ਪੰਛੀ ਦਾ ਡੀਲ-ਡੌਲ, ਨੋਕਦਾਰ ਪਰ ਅਤੇ ਪ੍ਰਵਾਜ਼ ਤੇ ਰਫਤਾਰ ਬਾਜ਼ ਵਰਗੀ ਹੁੰਦੀ ਹੈ। ਮਿੱਠੀ ਆਵਾਜ਼ ਕਾਰਨ ਦੂਰੋਂ ਪੰਛੀ ਪਹਿਚਾਣਿਆ ਜਾਂਦਾ ਹੈ। ਗੁਰਬਾਣੀ ਵਿੱਚ ਮਨੁੱਖ ਨੂੰ ਤਾਕੀਦ ਕੀਤੀ ਹੋਈ ਹੈ ਕਿ ਤੂੰ ਵੀ ਅਜਿਹੀ ਪ੍ਰੀਤ 'ਰੱਬ ਨਾਲ' ਕਰ ਜਿਵੇਂ ਬਬੀਹਾ ਸਵਾਤੀ ਬੂੰਦ ਲਈ ਕਰਦਾ ਹੈ।

- ਸਾਰਿੰਗ ਪ੍ਰੀਤਿ ਬਸੈ ਜਲ ਧਾਰਾ।। (ਪੰਨਾ: 164)

ਸੀਚਾਨੇ:- ਸੀਚਾਨੇ (Red-headed Bird) ਇਕ ਸ਼ਿਕਾਰੀ ਪੰਛੀ ਹੈ, ਜਿਸ ਦਾ ਸਿਰ ਲਾਲ ਰੰਗ ਦਾ ਹੁੰਦਾ ਹੈ। ਇਹ ਪੰਛੀ ਬਾਜ਼ ਤੋਂ ਛੋਟਾ ਪਰ ਸ਼ਿਕਰੇ ਤੋਂ ਵੱਡਾ ਹੁੰਦਾ ਹੈ।

ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ।। (ਪੰਨਾ: 15)

ਸੂਅਟਾ:- ਸੂਅਟਾ (Parrot, Parakeet) ਨੂੰ ਗੁਰਬਾਣੀ ਵਿਚ ਸੁਹਟੁ (1010) ਸੁਆ (225) ਤੋਤ (1192) ਮੈਜਨ (929) ਕਰਕੇ ਵੀ ਲਿਖਿਆ ਹੈ। ਤੋਤਾ, ਇਕ ਹਰੇ ਰੰਗ ਦਾ ਪ੍ਰਸਿੱਧ ਪੰਛੀ ਹੈ ਜਿਸ ਦੀ ਚੁੰਝ ਛੋਟੀ ਖੜ੍ਹੀ, ਤਾਕਤਵਰ ਅਤੇ ਕੁੰਡੀ ਵਰਗੀ ਹੁੰਦੀ ਹੈ। ਫਸਲਾਂ ਅਤੇ ਫੁੱਲਾਂ ਦਾ ਨੁਕਸਾਨ ਕਰਨ ਵਿੱਚ ਪਹਿਲੇ ਨੰਬਰ 'ਤੇ ਆਉਂਦੇ ਹੈ। ਸੈਂਕੜੇ ਮੀਲਾਂ ਦਾ ਫਾਸਲਾ ਇਕ ਥਾਂ, ਝੁੰਡਾਂ ਦੇ ਝੁੰਡ ਕਰਦੇ ਹਨ। ਆਵਾਜ਼ 'ਕੀਕ-ਕੀਕ-ਕੀਕ' ਵਰਗੀ ਕੱਢਦੇ ਹਨ। ਤੂੰ ਪਿੰਜਰੁ ਹਉ ਸੂਅਟਾ ਤੋਰ। (ਪੰਨਾ: 323)

ਹੰਸ:- ਹੰਸ (Bar Headed Goose) ਬੱਤਖਨੁਮਾ ਚਿੱਟੇ ਰੰਗ ਦਾ ਪੰਛੀ ਜੋ ਵੱਡੀਆਂ-ਵੱਡੀਆਂ ਝੀਲਾਂ 'ਤੇ ਰਹਿੰਦਾ ਹੈ। ਪਰ ਨਿਰਮਲਤਾ ਤੇ ਬਿਬੇਕਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਦੇ ਪੈਰ ਚਿੱਟੇ ਚੁੰਝ ਲਾਲ ਹੁੰਦੀ ਹੈ। ਇਸ ਦੀ ਚੁੰਝ ਵਿੱਚ ਖਟਾਸ ਹੁੰਦੀ ਹੈ ਜੋ ਦੁੱਧ ਤੇ ਪਾਣੀ ਨੂੰ ਵੱਖ ਕਰ ਦਿੰਦਾ ਹੈ। ਪੁਰਾਣੇ ਕਾਵਿ ਗ੍ਰੰਥਾਂ ਵਿੱਚ 'ਮੋਤੀ' ਚੁਗਣ ਵਾਲਾ ਪੰਛੀ ਲਿਖਿਆ ਹੈ। ਗੁਰਬਾਣੀ ਵਿੱਚ ਹੰਸ ਨੂੰ ਜੀਵ-ਆਤਮਾ, ਰੂਹ ਕਰਕੇ ਵੀ ਵਰਨਣ ਕੀਤਾ ਗਿਆ ਹੈ। ਪਰਮ ਹੰਸ ਨੂੰ ਪਾਰਬ੍ਰਹਮ ਅਤੇ ਨਿਰਗੁਣ ਬ੍ਰਹਮ ਵੀ ਆਖਿਆ ਗਿਆ ਹੈ। ਗੁਰਬਾਣੀ ਵਿੱਚ ਜੋ ਹੋਰ ਸ਼ਬਦ-ਸਰੂਪ ਇਸ ਪੰਛੀ ਲਈ ਆਏ ਹਨ, ਉਹ ਹੰਸੁ (23) ਹੰਸੁਲਾ (693) ਹੰਸੁਲੇ (757) ਹੰਝ (1381) ਹਨ।

– ਉਜਲ ਮੋਤੀ ਚੂਗਹਿ ਹੰਸ ।। (ਪੰਨਾ: 352)

ਕਊਆ:- ਕਊਆ (Crow) ਕਾਲੇ ਰੰਗ ਦਾ ਪੰਛੀ ਹੈ ਜਿਸ ਨੂੰ ਕਾਂ ਜਾਂ ਕਾਗ ਵੀ ਆਖਦੇ ਹਨ। ਭੂਗੋਲਿਕ ਤੌਰ 'ਤੇ ਇਸ ਦੀਆਂ ਜਾਤੀਆਂ ਚੁੰਝਾਂ ਅਤੇ ਖੰਭਾਂ ਕਾਰਨ ਵੱਖ-ਵੱਖ ਹਨ। ਆਮ ਤੌਰ ' ਤੇ ਇਸ ਦਾ ਆਕਾਰ 50-70 ਸੈਂਟੀਮੀਟਰ ਹੁੰਦਾ ਹੈ ਪੰਛੀ ਸਰਬ ਆਹਾਰੀ ਹੈ। ਲੋਕ ਇਸ ਨੂੰ ਸਫਾਈ ਕਰਮਚਾਰੀ ਜਾਂ ਜਮਾਂਦਾਰ ਕਰਕੇ ਵੀ ਲਿਖਦੇ ਹਨ। ਮੌਸਮ ਅਨੁਕੂਲ ਇਹ ਨਿਵਾਸ ਕਰਦਾ ਹੈ। ਗੁਰਬਾਣੀ ਵਿੱਚ ਇਸ ਪੰਛੀ ਬਾਰੇ ਜੋ ਹੋਰ ਸ਼ਬਦ-ਜੋੜ ਆਏ ਹਨ, ਉਹ ਕਾਓ (581), ਕਾਉ (30), ਕਾਕ (848), ਕਾਕਹ (1357), ਕਾਗ (239), ਕਾਗਉ (1384), ਕਾਗਾ (338), ਕਾਗੁ (646) ਅਤੇ ਬਾਇਸ (1105)

– ਕਊਆ ਕਹਾ ਕੂਪਰ ਚਰਾਏ ।। (ਪੰਨਾ: 481)

ਕੋਪਤਿ:- ਕੋਪਤਿ (Pigeon) ਨੂੰ ਕਬੂਤਰ ਵੀ ਆਖਦੇ ਹਨ, ਜਿਸ ਦੀ ਡੂੰਘੀ ਆਵਾਜ਼ 'ਗੁਟਰ-ਗੂੰ, ਗੁਟਰ-ਗੂੰ' ਪ੍ਰਸਿੱਧ ਹੈ। ਦੇਸ਼-ਬਦੇਸ਼ਾਂ ਵਿੱਚ ਵਿਚਰਦਾ ਹੈ ਅਤੇ ਘਰਾਂ ਦੇ ਆਸ-ਪਾਸ ਹੀ ਰਹਿ ਕੇ ਦਾਣਾ ਚੁਗਦਾ ਹੈ ਅਤੇ ਆਲ੍ਹਣਾ ਪਾਉਂਦਾ ਹੈ।

– ਜਿਉ ਪੰਖੀ ਕਪੋਤਿ ਆਪੁ ਬਨਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ ।। (ਪੰਨਾ: 481)

ਕੁੱਕੜ:- ਕੁੱਕੜ (Cock) ਇਕ ਪ੍ਰਸਿੱਧ ਪੰਖੇਰੂ ਹੈ, ਜੋ ਘਰਾਂ ਵਿੱਚ ਆਮ ਪਾਇਆ ਜਾਂਦਾ ਹੈ। ਇਸ ਨੂੰ ਮੁਰਗਾ ਵੀ ਆਖਦੇ ਹਨ ਅਤੇ ਪੰਛੀ ਦੀ ਮਦੀਨ ਦੀ 'ਮੁਰਗੀ' ਸੰਗਿਆ ਹੈ। ਆਮ ਤੌਰ 'ਤੇ 18 ਮਹੀਨੇ ਤੋਂ ਉੱਪਰ ਵਾਲੇ ਪੰਖੇਰੂ ਨੂੰ ਹੀ ਕੁੱਕੜ ਆਖਦੇ ਹਨ। ਗੁਰਬਾਣੀ ਵਿੱਚ ਜੋ ਹੋਰ ਇਸ ਪੰਛੀ ਦੇ ਸ਼ਬਦ-ਸਰੂਪ ਹਨ ਉਹ ਕੁਰਕਟ (476), ਮੁਰਗੀ (350)।

– ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ ।। (ਪੰਨਾ: 322)

ਕੂੰਜ:- ਕੂੰਜ (Koonj or Karkara, Domoiselle crane) ਇਕ ਕਾਸ਼ਨੀ ਰੰਗ ਦੀ ਲੰਮੀ ਗਰਦਨ ਵਾਲਾ ਪੰਛੀ ਹੈ ਜੋ ਸਰਦੀਆਂ ਵਿੱਚ ਗਰਮ ਦੇਸ਼ਾਂ ਵਿੱਚ ਆਉਂਦੀਆਂ ਹਨ ਅਤੇ ਗਰਮੀਆਂ ਵਿੱਚ ਠੰਡੇ ਦੇਸ਼ਾਂ ਵੱਲ ਚਲੀਆਂ ਜਾਂਦੀਆਂ ਹਨ। ਇਸ ਸਾਰਸ ਪੰਛੀ ਦੀਆਂ ਟੰਗਾਂ ਲੰਮੀਆਂ ਹੁੰਦੀਆਂ ਹਨ। ਜੋ ਹੋਰ ਸਰੂਪ ਆਏ ਹਨ ਉਹ ਕੂੰਜਾਂ (762), ਕੂੰਜੜੀਆ (488) ਅਤੇ ਕੂੰਜਾ (488)।

– ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ।। (ਪੰਨਾ: 34)

ਕੋਇਲ:- ਕੋਇਲ (Koel) ਇਕ ਕਾਲੇ ਰੰਗ ਦਾ ਸੁਰੀਲੀ ਆਵਾਜ਼ ਵਾਲਾ ਪੰਛੀ ਹੈ ਜੋ ਕਾਂ ਦਾ ਸ਼ਿਕਾਰ ਕਰਦਾ ਹੈ। ਇਸ ਦਾ ਆਕਾਰ 42 ਸੈਂਟੀਮੀਟਰ ਹੁੰਦਾ ਹੈ। ਮਾਦਾ-ਪੰਛੀ ਕੇਵਲ 'ਕਿੱਕ-ਕਿੱਕ-ਕਿੱਕ' ਕਰਦੀ ਹੈ ਅਤੇ ਨਰ-ਪੰਛੀ ਦਾ ਗੀਤ 'ਕੂ-ਕੂ-ਕੂ' ਹੁੰਦਾ ਹੈ। ਇਹ ਪੰਛੀ ਭਾਵੇਂ ਕਾਂ ਵਰਗਾ ਹੁੰਦਾ ਹੈ ਪਰ ਦੁੰਮ ਲੰਮੀ ਹੁੰਦੀ ਹੈ। ਨਰ-ਪੰਛੀ ਦੀ ਚੁੰਝ ਪੀਲੀ-ਹਰੀ ਪਰ ਰੰਗ ਕਾਲਾ ਹੁੰਦਾ ਹੈ ਅਤੇ ਅੱਖਾਂ ਲਾਲ। ਇਹ ਪੰਛੀ ਛੋਟੇ ਪੰਛੀਆਂ ਦੇ ਆਲ੍ਹਣੇ ਅਤੇ ਆਂਡੇ ਤੋੜਦਾ ਰਹਿੰਦਾ ਹੈ।

– ਕਾਲੀ ਕੋਇਲ ਤੂ ਕਿਤ ਗੁਨ ਕਾਲੀ ।। (ਪੰਨਾ: 794)

ਕੋਕਿਲਾ:- ਕੋਕਿਲਾ (coucal, centropus sinensis) ਕੋਇਲ ਵਰਗਾ ਹੀ ਪੰਛੀ ਹੈ ਪਰ ਇਸ ਦੇ ਪੈਰਾਂ ਦੇ ਪੰਜੇ ਸਿੱਧੇ ਹੁੰਦੇ ਹਨ। ਇਹ ਛੋਟੇ ਪੰਛੀਆਂ ਦੇ ਆਂਡੇ, ਸੱਪ ਆਦਿ ਦਾ ਆਹਾਰ ਕਰਦਾ ਹੈ। ਇਸ ਪੰਛੀ ਦੀਆਂ ਚਾਰ-ਪੰਜ ਕਿਸਮਾਂ ਹਨ ਪਰ ਆਕਾਰ 34-43 ਸੈਂਟੀਮੀਟਰ ਵਿਚਕਾਰ ਹੁੰਦਾ ਹੈ।

– ਕੁਹਕਨਿ ਕੋਕਿਲਾ ਤਰਲ ਜੁਆਣੀ ।। (ਪੰਨਾ: 567)

ਚਕਵੀ:- ਚਕਵੀ (Brahminy Duck, Ruddy goose) ਨੂੰ ਚਕਈ ਜਾਂ ਸੁਰਖਾਬਵੀ ਵੀ ਆਖਦੇ ਹਨ। ਇਸ ਪੰਛੀ ਬਾਰੇ ਪ੍ਰਸਿੱਧ ਹੈ ਜੋੜੇ ਵਿੱਚੋਂ ਇਕ ਮਰ ਜਾਏ ਤਾਂ ਦੂਜਾ ਜਿੰਦਾ ਨਹੀਂ ਰਹਿੰਦਾ। ਇਸ ਦੇ ਪਰ ਕਲਗੀ ਵਿੱਚ ਵੀ ਲਾਏ ਜਾਂਦੇ ਹਨ। ਇਸ ਨੂੰ ਸੂਰਜ ਚੜ੍ਹਨ ਦੀ ਤਾਂਘ ਹੁੰਦੀ ਹੈ। ਇਸੇ ਲਈ ਸੂਰਜ ਅਤੇ ਚਕਵੀ ਦਾ ਪਿਆਰ ਪ੍ਰਸਿੱਧ ਹੈ।

– ਜਿਉ ਚਕਵੀ ਸੂਰਜ ਆਸ ।। (ਪੰਨਾ: 838)

ਚਕੋਰ:- ਚਕੋਰ (Chukar, Afectoris chukar) ਇਹ ਪਹਾੜੀ ਤਿੱਤਰ ਹੈ ਜਿਸ ਦਾ ਆਕਾਰ 37 ਸੈਂਟੀਮੀਟਰ ਹੁੰਦਾ ਹੈ। ਚਕੋਰ ਦੀ ਇਸਤਰੀ ਲਿੰਗ ਨੂੰ ਚਕੋਰੀ ਆਖਦੇ ਹਨ। ਲਾਲ ਟੰਗਾਂ ਕਾਰਨ, ਇਹ ਦੂਰੋਂ ਪਹਿਚਾਣਿਆ ਜਾਂਦਾ ਹੈ। 'ਮਹਾਨ ਕੋਸ਼' ਅਨੁਸਾਰ ਪੁਰਾਣੇ ਸਮੇਂ ਰਾਜੇ ਪ੍ਰੇਮ ਨਾਲ ਚਕੋਰ ਪਾਲਦੇ ਸਨ ਤੇ ਖਾਣਯੋਗ ਪਦਾਰਥ ਚਕੋਰ ਅੱਗੇ ਰੱਖਦੇ, ਜੋ ਚਕੋਰ ਤੇ ਉਨ੍ਹਾਂ ਨੂੰ ਵੇਖ ਕੇ, ਬੁਰਾ ਅਸਰ ਨਾ ਹੋਵੇ, ਤਦ ਖਾਂਦੇ ਸਨ। ਵਿਸ਼ਵਾਸ ਇਹ ਸੀ ਕਿ ਜੇ ਖਾਣੇ ਵਿੱਚ ਜ਼ਹਿਰ ਹੋਵੇ, ਚਕੋਰ ਦੇ ਦੇਖਣਸਾਰ ਨੇਤ੍ਰ ਲਾਲ ਹੋ ਜਾਂਦੇ ਸਨ ਅਤੇ ਤੁਰੰਤ ਮਰ ਜਾਂਦਾ ਹੈ, ਇਸੇ ਲਈ ਚਕੋਰ ਦਾ ਨਾਮ 'ਵਿਸਦਰਸ਼ਨ, ਮ੍ਰਿਤਯਕ' ਹੈ। ਅਨੇਕ ਕਵੀਆਂ ਨੇ ਚਕੋਰ ਨੂੰ ਅੰਗਾਰ ਖਾਣ ਵਾਲਾ ਲਿਖਿਆ ਹੈ। ਇਹ ਪੰਛੀ ਬਹੁਤੀ ਗਰਮੀ ਅਤੇ ਬਹੁਤੀ ਸਰਦੀ ਵੀ ਜਰ ਲੈਂਦਾ ਹੈ ਅਤੇ ਬਹੁਤ ਦੌੜਦਾ ਹੈ। ਲੜਾਕੂ ਸੁਭਾਅ ਦਾ ਹੋਣ ਕਾਰਣ, ਇਸ ਦੀ

ਆਵਾਜ਼ ਵੀ ਲੰਮੀ ਹੁੰਦੀ ਹੈ। ਗੁਰਬਾਣੀ ਵਿੱਚ ਇਸ ਨੂੰ ਚਕੋਰਾ (658) ਅਤੇ ਚਕੋਰੀ (208) ਕਰ ਕੇ ਵੀ ਲਿਖਿਆ ਹੈ।

– ਮਨਿ ਪ੍ਰੀਤਿ ਚੰਦ ਚਕੋਰ ।। (ਪੰਨਾ: 838)

ਚਰਗਾ:- ਚਰਗਾ (Falcon) ਇੱਲ ਨਾਲੋਂ ਥੋੜ੍ਹੇ ਛੋਟੇ ਆਕਾਰ ਦਾ ਸ਼ਿਕਾਰੀ ਪੰਛੀ ਹੈ। ਇਹ ਹਰ ਥਾਂ ਵੇਖਣ ਵਿੱਚ ਆਉਂਦਾ ਹੈ ਖਾਸ ਕਰ ਖੇਤਾਂ, ਜੰਗਲਾਂ ਅਤੇ ਪਹਾੜੀ ਵਾਦੀਆਂ ਵਿੱਚ। ਇਸ ਦਾ ਆਕਾਰ 45 ਸੈਂਟੀਮੀਟਰ ਹੁੰਦਾ ਹੈ। ਇਹ ਬਹੁਤ ਫੁਰਤੀਲਾ ਪੰਛੀ ਹੈ ਜੋ ਛੋਟੇ ਪੰਛੀਆਂ ਅਤੇ ਹੋਰ ਜੰਤੂਆਂ ਦਾ ਸ਼ਿਕਾਰ ਕਰਦਾ ਹੈ। ਦੂਰੋਂ ਇਹ ਬਾਜ ਵਰਗਾ ਲੱਗਦਾ ਹੈ।

– ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ।। (ਪੰਨਾ: 144)

ਚਿੜੀ:- ਚਿੜੀ (Sparrow) ਇਕ ਪ੍ਰਸਿੱਧ ਘਰੇਲੂ ਪੰਛੀ ਹੈ ਜਿਸ ਦੀ ਖੁਰਾਕ ਦਾਣਾ ਅਤੇ ਛੋਟੇ-ਛੋਟੇ ਬੀਜ ਹੁੰਦੇ ਹਨ। ਕਦੀ-ਕਦੀ ਛੋਟੇ ਕੀੜੇ-ਪਤੰਗੇ ਵੀ ਖਾ ਲੈਂਦੀ ਹੈ। ਨਰ-ਪੰਛੀ ਦੀ ਆਵਾਜ਼ ਉੱਚੀ 'ਤਸ਼ੀ-ਤਸ਼ੀ-ਤਸ਼ੀ' ਜਾਂ 'ਚੀਰ-ਚੀਰ-ਚੀਰ' ਹੁੰਦੀ ਹੈ। ਇਸ ਪੰਛੀ ਦੇ ਵੱਡੇ ਜੱਥੇ ਰਾਤ ਸਮੇਂ ਸੌਣ ਤੋਂ ਪਹਿਲਾਂ, ਇਕੱਠੇ ਹੋ ਕੇ ਬੜਾ ਸ਼ੋਰ ਮਚਾਉਂਦੇ ਹਨ। ਗੁਰਬਾਣੀ ਵਿੱਚ ਇਸ ਦਾ ਜ਼ਿਕਰ ਕੇਵਲ ਦੋ ਵਾਰ ਆਇਆ ਹੈ।

– ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ।। (ਪੰਨਾ: 319)

ਪਰੰਦਏ:- ਪਰੰਦਏ (Bird) ਖੰਭਾਂ ਵਾਲਾ ਜੀਵ, ਜਿਸ ਨੂੰ ਗੁਰਬਾਣੀ ਵਿੱਚ ਵੱਖ-ਵੱਖ ਨਾਵਾਂ ਨਾਲ ਲਿਖਿਆ ਹੋਇਆ ਹੈ ਜਿਵੇਂ ਪੰਖਣੂ (60) ਪੰਖਿ (337) ਪੰਖਿ (14) ਪੰਖੀਅਲੋ (525) ਬਿਹੰਗ (1197) ਬਿਹੰਗਮ (340) ਪੰਖੀਆ (1383) ਪੰਖੇਰੂ (147) ਬਾਸਾ (1216)।

– ਪਰੰਦਏ ਨ ਗਿਰਾਹ ਜਰ ।। (ਪੰਨਾ: 144)

ਬਗ:- ਬਗ (Common Crane) ਇਕ ਚਿੱਟੇ ਰੰਗ ਦਾ ਪੰਛੀ ਹੈ ਜੋ ਮੱਛੀਆਂ ਖਾਂਦਾ ਹੈ। ਇਸ ਦੀ ਧੌਣ ਅਤੇ ਟੰਗਾਂ ਲੰਮੀਆਂ ਹੁੰਦੀਆਂ ਹਨ। ਨਦੀਆਂ-ਨਾਲਿਆਂ ਦੇ ਕੰਢੇ ਬੈਠ ਕੇ ਆਪਣਾ ਸ਼ਿਕਾਰ ਲੱਭਦਾ ਰਹਿੰਦਾ ਹੈ। ਗੁਰਬਾਣੀ ਵਿੱਚ ਜੋ ਹੋਰ ਸ਼ਬਦ-ਸਰੂਪ ਇਸ ਪੰਛੀ ਲਈ ਆਏ ਹਨ, ਉਹ ਬਗਾ (438), ਬਗਲਾ (230), ਬਗਾਂ (585), ਬਗੁ (128), ਬਗੁਲ (470), ਬਗੁਲਾ (91), ਬਗੁਲਾਰੇ (312), ਬਗੁਲੇ (1152), ਬਗੋ (729)।

– ਬਗ ਜਿਉ ਲਾਇ ਬਹੈ ਨਿਤ ਧਿਆਨਾ ।। (ਪੰਨਾ: 230)

ਬਾਸੇ:- ਬਾਸੇ (Indian Sparrow hawk) ਇਕ ਸ਼ਿਕਾਰੀ ਪੰਛੀ ਹੈ ਜਿਸ ਨੂੰ ਬਾਸ਼ਾ ਵੀ ਆਖਦੇ ਹਨ। ਇਸ ਦਾ ਆਕਾਰ 35 ਸੈਂਟੀਮੀਟਰ ਹੈ। ਇਹ ਕਈ ਵੇਰਾਂ ਸ਼ਿਕਰੇ ਵਰਗਾ ਲੱਗਦਾ ਹੈ। ਹੋਰ ਸ਼ਬਦ-ਸਰੂਪ ਬਾਸਾ (1216) ਗੁਰਬਾਣੀ ਵਿੱਚ ਆਇਆ ਹੈ।

– ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ ।। (ਪੰਨਾ: 776)

ਬਾਜਾ:- ਬਾਜਾ (Hawk) ਇਕ ਸ਼ਿਕਾਰੀ ਪੰਛੀ ਹੈ ਜਿਸ ਨੂੰ ਪਾਲ ਕੇ ਅਤੇ ਸਿਖਾ ਕੇ ਜੀਵਾਂ ਦਾ ਸ਼ਿਕਾਰ ਕੀਤਾ ਜਾਂਦਾ ਹੈ। ਇਸ ਨੂੰ ਗੁਲਾਬ ਪੰਛੀਆਂ ਦਾ ਰਾਜਾ ਵੀ ਆਖਦੇ ਹਨ। ਇਹ ਕੇਵਲ ਮਾਸ ਖਾ ਕੇ ਹੀ ਗੁਜ਼ਾਰਾ ਕਰਦਾ ਹੈ। ਆਪਣੇ ਬੱਚੇ ਨੂੰ ਆਪਣੇ ਮੇਦੇ ਵਿੱਚੋਂ

ਅੱਧਪਚਿਆ ਮਾਸ ਉਗਲ ਕੇ, ਉਸ ਨੂੰ ਖਵਾਉਂਦਾ ਹੈ। ਬਾਜ਼ਾਂ ਦੀਆਂ ਅਨੇਕਾਂ ਕਿਸਮਾਂ ਹਨ ਜਿਵੇਂ ਬਾਜ਼ ਢੋਕਾ, ਬਾਜ਼ ਕਟਾ, ਬਾਜ਼ ਜੁੱਰਾ, ਇਹ ਤਾਂ ਤਿੱਤਰ ਦਾ ਸ਼ਿਕਾਰ ਵੀ ਕਰ ਲੈਂਦਾ ਹੈ।

ਗੁਰਬਾਣੀ ਵਿੱਚ 'ਬਾਜਾਂ' (1288) ਸਰੂਪ ਵੀ ਆਇਆ ਹੈ।

– ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥ (ਪੰਨਾ: 144)

ਮੁਰਗਾਈ:- ਮੁਰਗਾਈ (Water hen, Guinea Hen) ਪਾਣੀ ਦਾ ਇਕ ਪੰਛੀ ਹੈ ਜਿਸ ਨੂੰ 'ਮੁਰਗਾਬੀ' ਜਾਂ 'ਆਬੀ ਮੁਰਗ' ਭੀ ਆਖਦੇ ਹਨ। ਇਸ ਦਾ ਆਕਾਰ 30 ਸੈਂਟੀਮੀਟਰ ਹੁੰਦਾ ਹੈ। ਇਹ ਆਮ ਤੌਰ 'ਤੇ ਝੀਲਾਂ, ਤਲਾਬਾਂ ਅਤੇ ਛੱਪੜਾਂ ਵਿੱਚ ਰਹਿੰਦਾ ਹੈ। ਇਸ ਦੀ ਖੁਰਾਕ ਵਿੱਚ ਸਬਜ਼ੀਆਂ ਅਤੇ ਕੀੜੇ-ਪਤੰਗੇ ਸ਼ਾਮਲ ਹੁੰਦੇ ਹਨ। ਖਤਰੇ ਦੀ ਆਵਾਜ਼ ਸੁਣ ਕੇ ਅਚਾਨਕ ਅਲੋਪ ਹੋ ਜਾਂਦਾ ਹੈ। ਇਹ ਕੇਵਲ ਪਾਣੀ ਵਿੱਚ ਰਹਿੰਦਾ ਹੈ ਜਿਸ ਕਾਰਨ ਇਸ ਨੂੰ ਪਹਾੜੀ ਲੋਕ 'ਜਲ ਕੁੱਕੜੀ' ਆਖਦੇ ਹਨ।

– ਜੈਸੇ ਜਲ ਮਹਿ ਕਮਲੁ ਮੁਰਗਾਈ ਨੈ ਸਾਣੇ ॥ (ਪੰਨਾ: 938)

ਮੋਰੀ:- ਮੋਰ (Peacock, Pea-Fowl) ਦੇ ਬੱਚਿਆਂ ਨੂੰ ਮੁਰਲੇ ਆਖਦੇ ਹਨ। ਮੋਰ ਸਵੇਰ-ਸ਼ਾਮ ਖੇਤਾਂ ਵਿੱਚ ਲੰਮੀ ਮਨ ਮੋਹ ਲੈਂਦੀ ਰੰਗਦਾਰ ਦੁੰਮ ਕਾਰਨ ਬਹੁਤ ਪ੍ਰਸਿੱਧ ਹੈ। ਨਰ-ਪੰਛੀ ਦਾ ਆਕਾਰ 5.9-7.5 ਫੁੱਟ ਅਤੇ ਮਾਦਾ ਪੰਛੀ 2.6-3.3 ਫੁੱਟ ਹੁੰਦੀ ਹੈ। ਇਸ ਨੂੰ ਭਾਰਤ ਦਾ ਕੌਮੀ ਪੰਛੀ ਹੋਣ ਦਾ ਮਾਣ ਵੀ ਪ੍ਰਾਪਤ ਹੈ। ਗੁਜਰਾਤ ਅਤੇ ਰਾਜਸਥਾਨ ਵਿੱਚ ਧਾਰਮਿਕ ਨਜ਼ਰੀਏ ਤੋਂ ਇਸ ਪੰਛੀ ਦੀ ਰੱਖਿਆ ਕੀਤੀ ਜਾਂਦੀ ਹੈ। ਆਵਾਜ਼ 'ਮੇ-ਹੋਵ, ਮੇ-ਹੈਵ' ਕਰਕੇ ਜੰਗਲ ਗੂੰਜ ਉੱਠਦਾ ਹੈ। ਇਸ ਦੀ ਖੁਰਾਕ ਵਿੱਚ ਦਾਣੇ ਤੋਂ ਇਲਾਵਾ ਕੀੜੇ-ਪਤੰਗੇ ਵੀ ਸ਼ਾਮਲ ਹਨ। ਸਾਵਣ ਵਿੱਚ ਬਾਰਸ਼ ਕਾਰਨ ਖੁਸ਼ੀ ਵਿੱਚ ਨੱਚਣ ਲੱਗਦੇ ਹਨ। ਖੂਬਸੂਰਤ ਲੰਮੀ ਦੁੰਮ ਕੇਵਲ ਮੋਰ (ਨਰ) ਦੀ ਹੁੰਦੀ ਹੈ। ਮੋਰਨੀ ਦੀ ਦੁੰਮ ਸਾਧਾਰਨ ਹੁੰਦੀ ਹੈ। ਗੁਰਬਾਣੀ ਵਿੱਚ ਇਸ ਦੇ ਜੋ ਸ਼ਬਦ-ਸਰੂਪ ਆਏ ਹਨ, ਉਹ ਮੁਰਲੇ (975), ਮੋਰਪੰਖ (1402), ਮੋਰੁ (173) ਅਤੇ ਮੋਰਾ (658)।

– ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ ॥ (ਪੰਨਾ: 557)

* * *

ਗੁਰੂ ਗ੍ਰੰਥ ਸਾਹਿਬ ਵਿੱਚ 'ਬਬੀਹਾ' ਦਾ ਚਿਤਰਣ

ਗੁਰੂ ਗ੍ਰੰਥ ਸਾਹਿਬ ਸਮੁੱਚੇ ਸੰਸਾਰ ਲਈ ਅਜਿਹਾ ਮਹਾਨ ਗ੍ਰੰਥ ਹੈ ਜਿਸ ਦੇ ਉਪਦੇਸ਼ਾਂ 'ਤੇ ਤੁਰ ਕੇ ਹਰ ਮਨੁੱਖ ਜੀਵਨ ਸੁਧਾਰ ਕੇ, ਨੈਤਿਕ ਕਦਰਾਂ-ਕੀਮਤਾਂ ਦੀ ਪੂੰਜੀ ਸਾਂਭ ਕੇ 'ਲੋਕ ਸੁਖੀਏ ਪਰਲੋਕ ਸੁਹੇਲੇ' ਦਾ ਵਰਦਾਨ ਪ੍ਰਾਪਤ ਕਰ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਗਿਆਨ ਦਾ ਅਜਿਹਾ ਸਾਗਰ ਹੈ ਜਿਸ ਵਿੱਚ ਹਰ ਕਿਸਮ ਦੇ ਮੋਤੀ, ਖੋਜੀ ਚੁੱਭੀ ਲਾ ਕੇ ਲੱਭ ਸਕਦੇ ਹਨ। ਇਹ ਅਸਲੋਂ ਗੌਰਵ ਤੇ ਜਲੌਅ ਦਾ ਲਖਾਇਕ ਗ੍ਰੰਥ ਹੈ। ਅਜਿਹੇ ਵੱਡੇ ਆਕਾਰ ਦਾ ਧਾਰਮਿਕ ਗ੍ਰੰਥ ਸੰਸਾਰ ਵਿੱਚ ਹੋਰ ਕੋਈ ਨਹੀਂ ਮਿਲਦਾ। ਇਸ ਨੂੰ ਬੜੇ ਗੌਰਵ ਨਾਲ ਭਾਰਤ ਦਾ ਨਹੀਂ ਸਗੋਂ ਵਿਸ਼ਵ ਦਾ ਧਰਮ ਗ੍ਰੰਥ ਆਖਿਆ ਜਾ ਸਕਦਾ ਹੈ ਕਿਉਂਕਿ ਇਹ ਗ੍ਰੰਥ ਧਰਮਾਂ, ਜਾਤਾਂ ਅਤੇ ਖੇਤਰੀ ਸੀਮਾਵਾਂ ਤੋਂ ਉਪਰ ਹੈ। ਇਹ ਸਰਬਸਾਂਝੀ ਬਾਣੀ ਦਾ ਅਜਿਹਾ ਗੁਲਦਸਤਾ ਹੈ ਜਿਸ ਵਿੱਚ ਸਿੱਖ ਗੁਰੂ ਸਾਹਿਬਾਨ ਤੋਂ ਛੁੱਟ ਹਿੰਦੂ, ਮੁਸਲਮਾਨ ਤੇ ਸਿੱਖ ਭਗਤਾਂ, ਸੂਫੀਆਂ ਅਤੇ ਸੰਤਾਂ ਦੀ ਬਾਣੀ ਸ਼ਾਮਲ ਹੈ। ਇਹ ਸੰਸਾਰ ਦਾ ਪਹਿਲਾ ਸਾਂਝਾ ਗ੍ਰੰਥ ਹੈ ਜਿਸ ਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਆਪ ਸੰਪਾਦਨ ਕੀਤਾ। ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਦੇ ਕੇ ਇਸ ਨੂੰ ਗੁਰੂ ਦੇ ਤੌਰ 'ਤੇ ਸਾਕਾਰ ਰੂਪ ਵਿੱਚ ਪ੍ਰਤੱਖ ਕਰ ਦਿੱਤਾ।

ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕਾਂ ਪੰਛੀਆਂ, ਪਸ਼ੂਆਂ, ਕੀੜੇ-ਪਤੰਗਿਆਂ, ਦਰੱਖਤਾਂ, ਪੌਦਿਆਂ ਆਦਿ ਦਾ ਜ਼ਿਕਰ ਆਇਆ ਹੈ। ਇਸ ਲੇਖ ਵਿੱਚ ਅਸੀਂ ਕੇਵਲ 'ਬਬੀਹਾ' ਪੰਛੀ ਦੇ ਜ਼ਿਕਰ ਵਿਸਥਾਰ ਨਾਲ ਕਰਾਂਗੇ। ਬਾਣੀ ਵਿੱਚ ਬਬੀਹਾ ਤੋਂ ਛੁੱਟ ਜੋ ਸ਼ਬਦ ਇਸ ਪੰਛੀ ਲਈ ਵਰਤੇ ਹਨ, ਉਨ੍ਹਾਂ ਵਿੱਚ ਪਪੀਹਾ, ਚਾਤ੍ਰਿਕ, ਚਾਤਕ ਆਦਿ ਨਾਂ ਸ਼ਾਮਲ ਹਨ। ਭਾਈ ਕਾਨ੍ਹ ਸਿੰਘ ਨਾਭਾ ਇਸ ਪੰਛਮੀ ਬਾਰੇ ਲਿਖਦੇ ਹਨ:

ਚਾਤਕ:- ਸੰਗਯਾ- ਮੇਘ ਤੋਂ ਚਤ (ਮੰਗਣ) ਵਾਲਾ ਪੰਛੀ, ਜੋ ਸਦਾ ਚਤ (ਯਾਚਨਾ) ਕਰਦਾ ਹੈ। ਚਾਤ੍ਰਕ, ਪਪੀਹਾ, ਬਬੀਹਾ, ਸਾਰੰਗ, ਤਕੱਕ, ਮੇਘ-ਜੀਵਨ। *(ਮਹਾਨ ਕੋਸ਼, ਸਫਾ ੪੬੧)*

ਬਬੀਹਾ:- ਸੰਗਯਾ- ਪਪੀਹਾ, ਚਾਤਕ, ਸਾਰੰਗ। ਬਬੀਹਾ- ਸੰਗਯਾ ਅੰਬੁ (ਜਲ) ਦੀ ਈਹਾ (ਇੱਛਾ) ਕਰਨ ਵਾਲੇ ਪਪੀਹਾ, ਚਾਤਕ। *(ਉਹੀ, ਸਫਾ ੮੬੫)*

ਬਬੀਹਾ ਇਕ ਮਿੱਠਾ ਗਾਉਣ ਵਾਲਾ ਪੰਛੀ ਹੈ ਜਿਸ ਦੀ ਡੀਲ-ਡੌਲ ਨੋਕਦਾਰ ਪਰ ਅਤੇ ਪ੍ਰਵਾਜ਼ ਤੇ ਰਫਤਾਰ ਬਾਜ਼ ਵਰਗੀ ਹੁੰਦੀ ਹੈ। ਇਸ ਪੰਛੀ ਦਾ ਰੰਗ ਆਮ ਤੌਰ 'ਤੇ ਸੁਆਹ-ਭੂਰਾ ਹੁੰਦਾ ਹੈ ਪਰ ਇਸ ਦੀ ਠੋਡੀ, ਉਪਰਲੀ ਗਰਦਨ ਅਤੇ ਛਾਤੀ ਫਿੱਕੀ ਸੁਆਹ ਵਰਗੀ ਹੁੰਦੀ ਹੈ। ਬਾਕੀ ਸਾਰਾ ਰੰਗ ਹੇਠੋਂ ਚਿੱਟਾ ਹੁੰਦਾ ਹੈ। ਇਸ ਦੇ ਸਰੀਰ ਉਪਰ ਕਾਲੀਆਂ ਧਾਰੀਆਂ ਵੀ ਹੁੰਦੀਆਂ ਹਨ। ਮਾਦਾ ਅਤੇ ਨਰ ਦਾ ਰੰਗ-ਰੂਪ ਵੱਖਰਾ ਹੁੰਦਾ ਹੈ। ਲਾਖੇ ਅਤੇ ਕਾਲੇ ਰੰਗ ਨੂੰ ਹੈੱਪਟਿਕ ਫੇਜ਼ ਆਖਿਆ ਜਾਂਦਾ ਹੈ। ਇਸ ਪੰਛੀ ਦੀਆਂ ਕਈ ਕਿਸਮਾਂ ਹਨ ਜੋ ਟਾਪੂਨੁਮਾ ਪਹਾੜਾਂ ਅਤੇ ਮੈਦਾਨਾਂ ਵਿੱਚ ਆਮ ਵਿਚਰਦੀਆਂ ਹਨ। ਇਹ ਆਪਣੀ ਆਵਾਜ਼ ਕਾਰਨ ਦੂਰੋਂ ਹੀ ਪਛਾਣੇ ਜਾਂਦੇ ਹਨ ਅਤੇ ਪ੍ਰਜਣਨ ਸਮੇਂ ਇਹ ਆਵਾਜ਼ ਜ਼ਿਆਦਾ ਸੁਣਾਈ

ਦਿੰਦੀਆਂ ਹਨ। ਕਸ਼ਮੀਰ ਤੋਂ ਛੁੱਟ ਇਹ ਪੰਛੀ ਆਸਾਮ (ਭਾਰਤ), ਯੂਰਪ ਆਦਿ ਦੇਸ਼ਾਂ ਵਿੱਚ ਆਮ ਦਿੱਸਦਾ ਹੈ।

ਬਬੀਹਾ ਆਮ ਤੌਰ 'ਤੇ ਕੀੜੇ-ਪਤੰਗੇ ਦਾ ਆਹਾਰ ਹੀ ਕਰਦਾ ਹੈ। ਇਹ ਆਪਣਾ ਆਲ੍ਹਣਾ ਨਹੀਂ ਬਣਾਉਂਦਾ ਪਰ ਆਂਡੇ ਦੂਜਿਆਂ ਦੇ ਆਲ੍ਹਣਿਆਂ ਵਿੱਚ ਹੀ ਪਾਉਂਦਾ ਹੈ, ਖਾਸ ਕਰ ਉਨ੍ਹਾਂ ਪੰਛੀਆਂ ਦੇ ਆਲ੍ਹਣਿਆਂ ਵਿਚ ਜੋ ਇਸ ਤੋਂ ਛੋਟੇ ਹੁੰਦੇ ਹਨ। ਬਬੀਹੇ ਦੇ ਆਂਡਿਆਂ ਦਾ ਰੰਗ-ਰੂਪ ਤਕਰੀਬਨ ਦੂਜੇ ਪੰਛੀਆਂ ਦੇ ਆਂਡਿਆਂ ਵਰਗਾ ਹੀ ਹੁੰਦਾ ਹੈ। ਨਵੇਂ ਬੋਟ ਆਲ੍ਹਣੇ ਦੇ ਸਿਰ 'ਤੇ ਖੜ੍ਹ ਕੇ ਆਪਣੇ ਮਾਤਾ-ਪਿਤਾ ਨੂੰ ਪਛਾਣਦੇ ਹਨ। ਮਾਦਾ ਆਂਡੇ ਕੇਵਲ ਉਨ੍ਹਾਂ ਆਲ੍ਹਣਿਆਂ ਵਿੱਚ ਹੀ ਦਿੰਦੀ ਹੈ ਜਿਨ੍ਹਾਂ ਪੰਛੀਆਂ ਦਾ ਪਾਲਣ-ਪੋਸ਼ਣ ਉਸ ਆਪ ਕੀਤਾ ਹੋਵੇ।

ਗੁਰਬਾਣੀ ਵਿੱਚ ਜ਼ਿਕਰ ਆਉਂਦਾ ਹੈ ਕਿ ਪਪੀਹਾ ਪ੍ਰੀਤਮ ਪੁਕਾਰਦਾ ਹੈ ਅਤੇ ਕੋਇਲ ਗੀਤ ਗਾਉਂਦੀ ਹੈ। ਪਤਨੀ ਸਾਰੀਆਂ ਖੁਸ਼ੀਆਂ ਮਾਣਦੀ, ਆਪਣੇ ਪ੍ਰੀਤਮ ਦੇ ਸਰੂਪ ਅੰਦਰ ਲੀਨ ਹੋ ਜਾਂਦੀ ਹੈ:

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ ॥

ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ ॥ (ਪੰਨਾ ੧੧੦੭)

ਗੁਰੂ ਅਮਰਦਾਸ ਸਾਹਿਬ ਫੁਰਮਾਉਂਦੇ ਹਨ ਕਿ ਹੇ ਪਪੀਹੇ! ਜਿਸ ਨੂੰ ਤੂੰ ਵਾਜਾਂ ਮਾਰਦਾ ਹੈਂ ਉਸ ਲਈ ਹਰ ਕੋਈ ਤਾਂਘ ਰੱਖਦਾ ਹੈ। ਜਦ ਸੁਆਮੀ ਆਪਣੀ ਮਿਹਰ ਧਾਰਦਾ ਹੈ ਤਾਂ ਵਰਖਾ ਹੁੰਦੀ ਹੈ ਅਤੇ ਜੰਗਲ ਤੇ ਘਾਹ ਦੀਆਂ ਤਿੜ੍ਹਾਂ ਪ੍ਰਫੁੱਲਤ ਹੋ ਜਾਂਦੀਆਂ ਹਨ:

ਬਾਬੀਹਾ ਜਿਸ ਨੋ ਤੂ ਪੁਕਾਰਦਾ ਤਿਸ ਨੋ ਲੋਚੈ ਸਭੁ ਕੋਇ ॥

ਅਪਣੀ ਕਿਰਪਾ ਕਰਿ ਕੈ ਵਸਸੀ ਵਣੁ ਤ੍ਰਿਣੁ ਹਰਿਆ ਹੋਇ ॥ (ਪੰਨਾ ੧੨੮੧)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੇ ਪਪੀਹੇ! ਤੂੰ ਵਿਰਲਾਪ ਨਾ ਕਰ, ਨਾ ਹੀ ਆਪਣੀ ਆਤਮਾ ਦੀ ਪਾਣੀ ਲਈ ਤਾਂਘ ਮਰਨ ਦੇਹ। ਤੂੰ ਆਪਣੇ ਸੁਆਮੀ ਦੇ ਫੁਰਮਾਨ ਨੂੰ ਸਵੀਕਾਰ ਕਰ। ਹੇ ਨਾਨਕ! ਉਸ ਦੀ ਰਜ਼ਾ ਨੂੰ ਕਬੂਲ ਕਰਨ ਦੁਆਰਾ ਤੇਰੀ ਪਿਆਸ ਬੁਝ ਜਾਵੇਗੀ ਅਤੇ ਤੇਰੀ ਪ੍ਰੀਤ ਉਸ ਨਾਲ ਚਾਰ ਗੁਣਾ ਹੋ ਜਾਵੇਗੀ:

ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ ॥
ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ ॥੧॥ (ਪੰਨਾ ੧੨੮੨)

ਹੇ ਪਪੀਹੇ! ਪਾਣੀ ਅੰਦਰ ਤੇਰਾ ਵਸੇਬਾ ਹੈ ਅਤੇ ਤੂੰ ਪਾਣੀ ਅੰਦਰ ਹੀ ਫਿਰਦਾ ਹੈਂ। ਤੈਨੂੰ ਪਾਣੀ ਦੀ ਕਦਰ ਨਹੀਂ, ਇਸੇ ਲਈ ਤੂੰ ਵਿਰਲਾਪ ਕਰਦਾ ਹੈਂ:

ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ ॥
ਜਲ ਕੀ ਸਾਰ ਨਾ ਜਾਣਹੀ ਤਾਂ ਤੂੰ ਕੂਕਣ ਪਾਹਿ ॥ (ਪੰਨਾ ੧੨੮੨)

ਗੁਰੂ ਅਮਰਦਾਸ ਜੀ ਮਨੁੱਖ ਵੱਲ ਸੰਕੇਤ ਕਰ ਕੇ ਸਮਝਾਉਂਦੇ ਹਨ ਕਿ ਇਹ ਸੰਸਾਰ ਇਕ ਚਾਤ੍ਰਿਕ ਵਾਂਗ ਹੈ, ਕੋਈ ਆਦਮੀ ਵਹਿਮ ਅੰਦਰ ਧੋਖਾ ਨਾ ਖਾਵੇ। ਇਹ ਚਾਤ੍ਰਿਕ ਇਕ ਡੰਗਰ ਹੈ ਜਿਸ ਨੂੰ ਕੋਈ ਸਮਝ ਨਹੀਂ। ਰੱਬ ਦਾ ਨਾਮ ਤਾਂ ਆਬ-ਏ-ਹਿਯਾਤ ਹੈ ਜਿਸ ਨੂੰ ਪਾਨ ਕਰਨ ਦੁਆਰਾ ਪਿਆਸ ਦੂਰ ਹੋ ਜਾਂਦੀ ਹੈ:

ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ।।

ਇਹੁ ਬਾਬੀੰਹਾ ਪਸੂ ਹੈ ਇਸ ਨੋ ਬੂਝਣੁ ਨਾਹਿ।।

ਅੰਮ੍ਰਿਤ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ।। (ਪੰਨਾ ੧੨੮੩)

ਚਾਤ੍ਰਿਕ ਨੂੰ ਮੁਖਾਤਿਬ ਕਰ ਕੇ ਗੁਰੂ ਸਾਹਿਬ ਹੋਰ ਸੰਕੇਤ ਕਰਦੇ ਹਨ ਕਿ ਤੂੰ ਆਪਣੇ ਸੁਆਮੀ ਦੇ ਘਰ ਨੂੰ ਨਹੀਂ ਜਾਣਦਾ।ਆਪਣੇ ਸੁਆਮੀ ਦੇ ਘਰ ਨੂੰ ਵੇਖਣ ਲਈ ਤੂੰ ਪ੍ਰਾਰਥਨਾ ਕਰ। ਆਪਣੀ ਲਗਨ ਅੰਦਰ ਤੂੰ ਅਵਾ-ਤਵਾ ਬੋਲਦਾ ਹੈ ਪ੍ਰੰਤੂ ਤੇਰਾ ਬੋਲਣਾ ਕਬੂਲ ਨਹੀਂ ਪੈਂਦਾ:-

ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ ਮਹਲੁ ਦੇਖਿ ਅਰਦਾਸਿ ਪਾਇ।।
ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ।। (ਪੰਨਾ ੧੨੮੩)

ਗਰੀਬ ਚਾਤ੍ਰਿਕ ਦਾ ਤਾਂ ਕੀ ਆਖਣਾ ਹੋਇਆ, ਅਕਾਲ ਪੁਰਖ ਤਾਂ ਸਾਰੇ ਸੰਸਾਰ ਦੀ ਪਿਆਸ ਹੀ ਨਵਿਰਤ ਕਰ ਦਿੰਦਾ ਹੈ:

ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ।। (ਪੰਨਾ ੧੨੮੩)

ਸਿੱਨੀ ਰਾਤ੍ਰੀ ਅੰਦਰ ਪਪੀਹਾ ਸੁਭਾਵਕ ਹੀ ਪਿਆਰ ਨਾਲ ਸੱਚੇ ਨਾਮ ਦੇ ਉਚਾਰਨ ਕਰਦਾ ਹੈ ਕਿ ਇਹ ਪਾਣੀ ਮੇਰੀ ਜਿੰਦ ਜਾਨ ਹੈ।ਪਾਣੀ ਦੇ ਬਗੈਰ ਮੈਂ ਬਚ ਨਹੀਂ ਸਕਦਾ:

ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ।। (ਪੰਨਾ ੧੨੮੩)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੇ ਚਾਤ੍ਰਿਕ! ਗੁਣਵਾਨ ਪਤਨੀ ਆਪਣੇ ਸੁਆਮੀ ਦੇ ਮੰਦਰ ਨੂੰ ਪਾ ਲੈਂਦੀ ਹੈ ਅਤੇ ਗੁਨ-ਵਿਹੂਣ ਇਸ ਤੋਂ ਬਹੁਤ ਹੀ ਦੁਰੇਡੇ ਹੈ।ਤੇਰੇ ਅੰਦਰ ਤੇਰਾ ਸੁਆਮੀ ਵੱਸਦਾ ਹੈ ਅਤੇ ਗੁਰਾਂ ਦੀ ਦਇਆ ਦੁਆਰਾ, ਉਹ ਹਮੇਸ਼ਾ ਹਾਜ਼ਰ ਦਿੱਸਦਾ ਹੈ:

ਬਾਬੀਹਾ ਗੁਣਵੰਤੀ ਮਹਲੁ ਪਾਇਆ ਅਉਗਣਵੰਤੀ ਦੂਰਿ।।
ਅੰਤਰਿ ਤੇਰੈ ਹਰਿ ਵਸੈ ਗੁਰਮੁਖਿ ਸਦਾ ਹਜੂਰਿ।। (ਪੰਨਾ ੧੨੮੩)

ਪਪੀਹਾ ਪ੍ਰਾਰਥਨਾ ਕਰਦਾ ਹੈ, "ਹੇ ਪ੍ਰਭੂ! ਮਿਹਰ ਧਾਰ ਕੇ ਤੂੰ ਮੈਨੂੰ ਰੂਹਾਨੀ ਜ਼ਿੰਦਗੀ ਦੀ ਦਾਤ ਬਖਸ਼। ਤੇਰੇ ਨਾਮ ਦੇ ਪਾਣੀ ਬਗੈਰ, ਮੇਰੀ ਪਿਆਸ ਨਹੀਂ ਬੁਝਦੀ ਅਤੇ ਮੇਰੀ ਜ਼ਿੰਦਗੀ ਮੁੱਕ ਜਾਂਦੀ ਹੈ" :

ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ।।
ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ।। (ਪੰਨਾ ੧੨੮੪)

ਚਾਤ੍ਰਿਕ ਪ੍ਰਭੂ ਦੀ ਰਜ਼ਾ ਨੂੰ ਸੁਤੇ-ਸਿਧ ਹੀ ਅਨੁਭਵ ਕਰ ਸਕਦਾ ਹੈ।ਉਸ ਦੇ ਚੀਕ-ਚਿਹਾੜੇ ਤੇ ਰੋਣੇ-ਪਿੱਟਣੇ ਮੁੱਕ ਗਏ ਹਨ ਅਤੇ ਆਰਾਮ ਆ ਕੇ ਉਸ ਦੇ ਚਿਤ ਵਿੱਚ ਟਿਕ ਗਿਆ ਹੈ:

– ਬਾਬੀਹੇ ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ।। (ਪੰਨਾ ੧੨੮੪)
– ਬਾਬੀਹੇ ਕੂ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ।। (ਪੰਨਾ ੧੨੮੪)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੇ ਪਪੀਹੇ! ਤੂੰ ਨਹੀਂ ਜਾਣਦਾ ਕਿ ਤੇਰੇ ਅੰਦਰ ਕਿਹੜੀ ਪਿਆਸ ਹੈ ਅਤੇ ਕੀ ਪੀਣ ਦੁਆਰਾ, ਇਹ ਪਿਆਸ ਨਵਿਰਤ ਹੋਵੇਗੀ।ਤੂੰ ਹੋਰਾਂ ਦੇ ਪਿਆਰ ਅੰਦਰ ਭਟਕਦਾ ਫਿਰਦਾ ਹੈਂ ਅਤੇ ਪ੍ਰਭੂ ਦੇ ਸੁਧਾ-ਸਰੂਪ ਪਾਣੀ ਨੂੰ ਪ੍ਰਾਪਤ ਨਹੀਂ

ਕਰਦਾ। ਜਦੋਂ ਇਹੋ ਚਾਤ੍ਰਿਕ ਸਵੇਰ-ਸਾਰ ਅੰਮ੍ਰਿਤ ਵੇਲੇ ਚਹਿਕਦਾ ਹੈ ਅਤੇ ਤਦ ਉਸ ਦੀ ਵਾਹਿਗੁਰੂ ਦੀ ਦਰਗਾਹ ਅੰਦਰ ਬੇਨਤੀ ਸੁਣੀ ਜਾਂਦੀ ਹੈ। ਪ੍ਰਭੂ ਬੱਦਲ ਨੂੰ ਮਿਹਰਬਾਨੀ ਕਰ ਕੇ ਵਰ੍ਹਨ ਦਾ ਹੁਕਮ ਜਾਰੀ ਕਰਦਾ ਹੈ:

– ਚਾਤ੍ਰਿਕ ਤੂ ਨ ਜਾਣਹੀ ਕਿਆ ਤੁਧੁ ਵਿਚਿ ਤਿਖਾ ਹੈ ਕਿਤੁ ਪੀਤੈ ਤਿਖ ਜਾਇ॥
ਦੂਜੈ ਭਾਇ ਭਰੰਮਿਆ ਅੰਮ੍ਰਿਤ ਜਲੁ ਪਲੈ ਨ ਪਾਇ॥ (ਪੰਨਾ ੧੨੮੪)
– ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥ (ਪੰਨਾ ੧੨੮੫)

ਹੇ ਪਪੀਹੇ! ਇਸ ਤਰ੍ਹਾਂ ਤੇਰੀ ਪਿਆਸ ਨਹੀਂ ਬੁਝਣੀ, ਭਾਵੇਂ ਤੂੰ ਸੈਂਕੜੇ ਵਾਰੀ ਵਿਰਲਾਪ ਪਿਆ ਕਰੇਂ। ਹਰੀ ਦੀ ਕਿਰਪਾ ਦੁਆਰਾ, ਸੱਚੇ ਗੁਰੂ ਜੀ ਪ੍ਰਾਪਤ ਹੁੰਦੇ ਹਨ ਅਤੇ ਉਨ੍ਹਾਂ ਦੀ ਮਿਹਰ ਦੁਆਰਾ ਹੀ ਪ੍ਰਭੂ ਦੀ ਪ੍ਰੀਤ ਉਤਪੰਨ ਹੁੰਦੀ ਹੈ। ਹਰ ਚਾਤ੍ਰਿਕ ਵਿਰਲਾਪ ਹੀ ਕਰਦਾ ਹੈ ਅਤੇ ਆਪਣੇ ਪਿਆਰੇ ਨੂੰ ਵੇਖਣ ਦੇ ਬਗੈਰ ਉਸ ਨੂੰ ਨੀਂਦਰ ਨਹੀਂ ਪੈਂਦੀ। ਇਸ ਜੁਦਾਈ ਨੂੰ ਉਹ ਸਹਾਰ ਨਹੀਂ ਸਕਦਾ। ਜਦ ਉਹ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ, ਤਦ ਉਹ ਸੁਤੇ-ਸਿਧ ਹੀ ਆਪਣੇ ਪਿਆਰੇ ਨੂੰ ਮਿਲ ਪੈਂਦਾ ਹੈ:

– ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ॥
ਨਦਰੀ ਸਤਿਗੁਰ ਪਾਈਐ ਨਦਰੀ ਉਪਜੈ ਪਿਆਰੁ॥ (ਪੰਨਾ ੧੨੮੫)
– ਬਾਬੀਹਾ ਖਿਨੁ ਖਿਨੁ ਬਿਲਲਾਇ॥
ਬਿਨੁ ਪਿਰ ਦੇਖੇ ਨੀਂਦ ਨ ਪਾਇ॥
ਇਹੁ ਵੇਛੋੜਾ ਸਹਿਆ ਨ ਜਾਇ॥
ਸਤਿਗੁਰ ਮਿਲੈ ਤਾਂ ਮਿਲੈ ਸੁਭਾਇ॥ (ਪੰਨਾ ੧੨੬੨)

ਹੇ ਪਪੀਹੇ! ਤੂੰ ਸੱਚੇ ਨਾਮ ਦਾ ਉਚਾਰਨ ਕਰ ਅਤੇ ਸੱਚੇ ਸੁਆਮੀ ਨਾਲ ਪਿਰਹੜੀ ਪਾ। ਜੇਕਰ ਤੂੰ ਗੁਰੂ-ਅਨੁਸਾਰੀ ਹੋ ਕੇ ਨਾਮ ਦਾ ਉਚਾਰਨ ਕਰੇਂ, ਤਦ ਕਬੂਲ ਪੈ ਜਾਵੇਗਾ ਤੇਂਡਾ ਉਚਾਰਨ। ਗੁਰੂ ਅਮਰਦਾਸ ਜੀ ਬਚਨ ਕਰਦੇ ਹਨ ਕਿ ਹੇ ਪਪੀਹੇ! ਤੂੰ ਸੁਭਾਇਮਾਨ ਥੀਂ ਵੰਞੇਂਗਾ, ਜੇਕਰ ਤੂੰ ਨਾਮ ਦਾ ਉਚਾਰਨ ਕਰੇਂਗਾ। ਗੁਰੂ ਸਾਹਿਬ ਸੱਚੇ ਤੈਨੂੰ ਵਿਖਾਲ ਦੇਣਗੇ, ਕਿ ਹਰ ਵਸਤੂ ਤੇਰੇ ਨਾਲ ਹੀ ਹੈ:

– ਬਾਬੀਹਾ ਤੂੰ ਸਚੁ ਚਉ ਸਚੇ ਸਉ ਲਿਵ ਲਾਇ॥
ਬੋਲਿਆ ਤੇਰੀ ਥਾਇ ਪਵੈ ਗੁਰਮੁਖਿ ਹੋਇ ਅਲਾਇ॥ (ਪੰਨਾ ੧੪੧੯)
– ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ॥
ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ॥ (ਪੰਨਾ ੧੪੨੦)

ਚਾਤ੍ਰਿਕ ਦੇ ਮੂੰਹ ਵਿੱਚ ਜਦੋਂ ਪ੍ਰਭੂ ਦੇ ਮੀਂਹ ਦੀ ਕਣੀ ਪੈਂਦੀ ਹੈ ਤਾਂ ਉਸ ਦਾ ਸਰੀਰ ਅਤੇ ਚਿਤ ਪ੍ਰਸੰਨ ਹੋ ਜਾਂਦੇ ਹਨ:

ਬਾਬੀਹੇ ਤਨਿ ਮਨਿ ਸੁਖੁ ਹੋਇ ਜਾਂ ਤਤੁ ਬੂੰਦ ਮੁਹਿ ਪਾਇ॥ (ਪੰਨਾ ੧੪੨੦)

ਹੇ ਪਪੀਹੇ ! ਜੇ ਤੂੰ ਸਾਰੀ ਧਰਤੀ ਦਾ ਚੱਕਰ ਵੀ ਕੱਟ ਲਵੇਂ ਅਤੇ ਉਡਾਰੀ ਮਾਰ ਅਸਮਾਨ 'ਤੇ ਜਾ ਚੜ੍ਹੇਂ ਤਾਂ ਵੀ ਕੇਵਲ ਸੱਚੇ ਗੁਰਾਂ ਨਾਲ ਮਿਲਣ ਦੁਆਰਾ ਹੀ ਤੈਨੂੰ ਪ੍ਰਭੂ ਦਾ ਪਾਣੀ ਪ੍ਰਾਪਤ ਹੋਵੇਗਾ, ਜਿਸ ਨਾਲ ਤੇਰੀ ਤ੍ਰੇਹ ਨਵਿਰਤ ਹੋ ਜਾਏਗੀ:

ਬਾਬੀਹੇ ਸਗਲੀ ਧਰਤੀ ਜੇ ਫਿਰਹਿ ਊਚਿ ਚੜਹਿ ਆਕਾਸਿ ।।
ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ ਭੂਖ ਪਿਆਸ ।। (ਪੰਨਾ ੧੪੨੦)

ਗੁਰੂ ਅਰਜਨ ਸਾਹਿਬ ਬਚਨ ਕਰਦੇ ਹਨ ਕਿ ਸਿਆਣਾ ਪਪੀਹਾ, ਆਪਣੇ ਦਿਲ ਅੰਦਰ ਉਸ ਮਿੱਤਰ ਮੀਂਹ ਨੂੰ ਚਾਹੁੰਦਾ ਹੈ। ਉਹ ਕੇਵਲ ਉਸ ਲਈ ਤਾਂਘਦਾ ਹੈ, ਜਿਸ ਨਾਲ ਉਸ ਦੀ ਜਿੰਦ-ਜਾਨ ਜੁੜੀ ਹੋਈ ਹੈ:

ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ ।।
ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ ।। (ਪੰਨਾ ੧੩੬੨)

ਭਗਤ ਕਬੀਰ ਜੀ ਫ਼ੁਰਮਾਉਂਦੇ ਹਨ ਕਿ ਅਸਮਾਨ 'ਤੇ ਬੱਦਲ ਛਾਏ ਹੋਏ ਹਨ ਅਤੇ ਝੀਲਾਂ ਅਤੇ ਤਾਲਾਬ ਬਾਰਸ਼ ਦੇ ਪਾਣੀ ਨਾਲ ਭਰੇ ਹੋਏ ਹਨ। ਜੋ ਪਪੀਹੇ ਦੀ ਤਰ੍ਹਾਂ ਪਿਆਸੇ ਰਹਿੰਦੇ ਹਨ, ਉਨ੍ਹਾਂ ਦੀ ਕੀ ਦਸ਼ਾ ਹੋਵੇਗੀ ?

ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰ ਤਾਲ ।।
ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ ।। (ਪੰਨਾ ੧੩੭੧)

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਪਪੀਹਾ ਮੀਂਹ ਦੀ ਕਣੀ ਨੂੰ ਤਰਸਦਾ ਹੈ, ਉਸੇ ਤਰ੍ਹਾਂ ਹੀ ਨਾਨਕ ਨੂੰ ਪ੍ਰਭੂ ਮਿੱਠੜਾ ਲੱਗਦਾ ਹੈ ਜਿਸ ਤਰ੍ਹਾਂ ਮੀਂਹ ਦੀਆਂ ਕਣੀਆਂ ਲਈ ਤਿਹਾਇਆ ਪਪੀਹਾ, ਹਰ ਪਲ ਚੁਹਕਦਾ ਹੈ ਕਿ ਹੇ ਸੁੰਦਰ ਬੱਦਲ ! ਵਰ੍ਹ ਪਉ !

– ਚਾਤ੍ਰਿਕੁ ਜਾਚੈ ਬੂੰਦ ਜਿਉ ਨਾਨਕ ਹਰਿ ਪਿਆਰ ।। (ਪੰਨਾ ੪੫੪)
– ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ ਮੇਹੁ ।। (ਪੰਨਾ ੪੫੫)

ਜਿਸ ਤਰ੍ਹਾਂ ਪਪੀਹਾ ਮੀਂਹ ਦੀ ਕਣੀ ਨੂੰ ਲੋਚਦਾ ਹੈ, ਉਸੇ ਤਰ੍ਹਾਂ ਹੀ ਵਾਹਿਗੁਰੂ ਅਕਾਲ ਪੁਰਖ, ਮੇਰੀ ਜਿੰਦ-ਜਾਨ ਦਾ ਆਸਰਾ ਹੈ। ਉਸੇ ਤਰ੍ਹਾਂ ਹੀ ਨਾਨਕ ਨੂੰ ਪ੍ਰਭੂ ਮਿੱਠੜਾ ਲੱਗਦਾ ਹੈ:

ਚਾਤ੍ਰਿਕੁ ਜਾਚੈ ਬੂੰਦ ਜਿਉ ਹਰਿ ਪ੍ਰਾਨ ਅਧਾਰਾ ਰਾਮ ਰਾਜੇ ।। (ਪੰਨਾ ੪੫੪)

ਗੁਰੂ ਅਰਜਨ ਸਾਹਿਬ ਬਚਨ ਕਰਦੇ ਹਨ ਕਿ ਪਪੀਹੇ ਦੇ ਦਿਲ ਅੰਦਰ ਤ੍ਰੇਹ ਹੈ, ਇਸ ਦਾ ਚਿੱਤ ਬੱਦਲ ਦੀਆਂ ਸੁੰਦਰ ਕਣੀਆਂ ਲਈ ਤਰਸਦਾ ਹੈ, ਜਿਸ ਨੂੰ ਪਾਨ ਕਰਨ ਦੁਆਰਾ ਉਸ ਦੀ ਜਲਨ ਉਤਰ ਜਾਂਦੀ ਹੈ। ਪਪੀਹਾ ਮੀਂਹ ਪੈਣਾ ਲੋੜਦਾ ਹੈ। ਹੇ ਰਹਿਮਤ ਦੇ ਸਮੁੰਦਰ ਸੁਆਮੀ ! ਮੇਰੇ ਉਤੇ ਰਮ ਰਹਿਮ ਕਰੋ ਤਾਂ ਜੋ ਤੇਰੀ ਪਿਆਰੀ ਉਪਾਸਨਾ ਨਾਲ ਮੇਰੀ ਪ੍ਰੀਤ ਪੈ ਜਾਵੇ। ਅੱਗੇ ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਇਸੇ ਤਰ੍ਹਾਂ ਹੀ ਪ੍ਰਭੂ ਦਾ ਸੇਵਕ ਸਾਧ ਸੰਗਤ ਨਾਲ ਜੁੜ ਆਲਮ ਦੇ ਮਾਲਕ ਦੇ ਪਿਆਰ ਨਾਲ ਸਿਮਰਨ ਕਰ ਕੇ ਜਿਉਂਦਾ ਹੈ:

– ਚਾਤ੍ਰਿਕੁ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ
ਹੇ ਘਨ ਬੂੰਦ ਬਚਿਤ੍ਰਿ ਮਨਿ ਆਸ ਹੇ ਅਲ ਪੀਵਤ ਬਿਨਸਤ ਤਾਪ ।। (ਪੰਨਾ ੪੬੨)

- ਚਾਤ੍ਰਿਕ ਚਿਤਵਤ ਬਰਸਤ ਮੇਂਹ ॥
ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ ॥(ਪੰਨਾ ੨੦੨)
- ਕੁਰੰਕ ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥
ਜਨ ਜੀਵਨਾ ਸਤਸੰਗਿ ॥ ਗੋਬਿਦੁ ਭਜਨਾ ਰੰਗਿ ॥(ਪੰਨਾ ੬੩੮)

ਪੰਜਵੇਂ ਪਾਤਸ਼ਾਹ ਫਰਮਾਉਂਦੇ ਹਨ ਕਿ ਮੈਂ ਪਪੀਹਾ ਹਾਂ ਅਤੇ ਤੂੰ ਮੀਂਹ ਦੀ ਕਣੀ। ਜੇਕਰ ਇਹ ਮੇਰੇ ਮੂੰਹ ਵਿੱਚ ਪੈ ਜਾਵੇ ਤਦ ਮੈਂ ਰੱਜ ਜਾਂਦਾ ਹਾਂ। ਮੇਰੇ ਮੂੰਹ ਵਿੱਚ ਪੈ ਕੇ, ਇਹ ਮੇਰੀ ਪਿਆਸ ਨੂੰ ਬੁਝਾ ਦਿੰਦੀ ਹੈ। ਤੂੰ ਮੇਰੀ ਆਤਮਾ, ਹਿਰਦੇ ਅਤੇ ਜਿੰਦ-ਜਾਨ ਦਾ ਸੁਆਮੀ ਹੈ:

ਮੋਹਿ ਚਾਤ੍ਰਿਕ ਤੁਮ ਬੂੰਦ ਤ੍ਰਿਪਤਉ ਮੁਖਿ ਪਰੈ ॥
ਮੁਖਿ ਪਰੈ ਹਰੈ ਪਿਆਸ ਮੇਰੀ ਜੀਅ ਹੀਆ ਪ੍ਰਾਨਪਤੇ ॥(ਪੰਨਾ ੬੪੭)

ਚੌਥੀ ਪਾਤਸ਼ਾਹ ਰਾਗ ਮਲਾਰ ਵਿੱਚ ਬਚਨ ਕਰਦੇ ਹਨ ਕਿ ਬੱਦਲਾਂ ਦੀ ਗਰਜ ਨੂੰ ਸੁਣ ਕੇ ਪਪੀਹੇ ਅਤੇ ਸਿਖਾਧਾਰ ਦਿਨ ਅਤੇ ਰੈਣ ਚਹਿਚਹਾਉਂਦੇ ਹਨ:

ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥(ਪੰਨਾ ੧੨੬੫)

* * *

ਬਾਬਾ ਫਰੀਦ ਜੀ ਦੀ ਬਾਣੀ ਦਾ ਬਨਸਪਤੀ ਪਰਿਪੇਖ

ਬਾਬਾ ਫਰੀਦ ਜੀ ਦੀ ਬਾਣੀ ਪੰਜਾਬੀ ਲੋਕਾਂ ਦੇ ਮੂੰਹ ਉਤੇ ਚੜ੍ਹੀ ਹੋਈ ਹੈ। ਆਪ ਲੋਕਾਂ ਵਿੱਚ ਅਧਿਆਤਮਕ ਅਤੇ ਧਾਰਮਿਕ ਰੁਚੀਆਂ ਨੂੰ ਉਭਾਰਨ ਵਿੱਚ ਹਰਦਿਲ ਅਜ਼ੀਜ਼ ਹਨ। ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਵੀ ਬਾਬਾ ਫਰੀਦ ਜੀ ਦੀਆਂ ਫਾਰਸੀ, ਅਰਬੀ, ਰੇਖਤਾ, ਹਿੰਦਵੀ ਤੇ ਪੰਜਾਬੀ ਰਚਨਾਵਾਂ ਮਿਲ ਜਾਂਦੀਆਂ ਹਨ। ਬਾਬਾ ਫਰੀਦ ਜੀ ਦੀ ਬਾਣੀ ਦੀ ਲੋਕਪ੍ਰਿਯਤਾ ਇਸੇ ਲਈ ਵਧੇਰੇ ਉੱਭਰ ਕੇ ਸਾਹਮਣੇ ਆਉਂਦੀ ਹੈ ਕਿਉਂਕਿ ਇਹ ਡੂੰਘੇ ਰੂਹਾਨੀ ਅਨੁਭਵ ਨੂੰ ਸਰਲ ਭਾਸ਼ਾ ਤੇ ਸ਼ੈਲੀ ਵਿੱਚ ਪੇਸ਼ ਕਰਨ ਵਿੱਚ ਸਮਰਥ ਹੈ। ਉਨ੍ਹਾਂ ਦੀ ਰਚੀ ਬਾਣੀ ਵਿੱਚ ਪੰਜਾਬੀ ਮਾਂ-ਬੋਲੀ ਦਾ ਉਤਕ੍ਰਿਸ਼ਟ ਖਜ਼ਾਨਾ ਸਾਂਭਿਆ ਹੋਇਆ ਹੈ।

ਬਾਬਾ ਸ਼ੇਖ ਫਰੀਦ ਜੀ ਨੇ ਘਰੇਲੂ ਜ਼ਿੰਦਗੀ ਨਾਲ ਸਬੰਧਤ ਬਹੁਤ ਸਾਰੇ ਬਨਸਪਤੀ ਅਲੰਕਾਰ, ਚਿੰਨ੍ਹ, ਸ਼ੈਲੀ ਨੂੰ ਹੰਢਾਏ ਅਨੁਭਵ ਦੇ ਰੂਬਰੂ ਬੜੀ ਸੰਜੀਦਗੀ ਨਾਲ ਰੂਪਮਾਨ ਕੀਤਾ ਹੈ। ਜਿੱਥੇ ਬਾਬਾ ਜੀ ਨੇ ਡਾਲਿ (ਟਾਹਣੀ) ਦੀ ਗੱਲ ਕੀਤੀ ਹੈ ਉਥੇ ਪਲਵੈ (ਪੱਤਿਆਂ) ਅਤੇ ਸੂਲਾਂ (ਕੰਡਿਆਂ ਦੀਆਂ ਚੋਭਾਂ) ਨੂੰ ਵੀ ਪੇਸ਼ ਕੀਤਾ :

-ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥ (ਪੰਨਾ ੧੩੮੨)

-ਫਰੀਦਾ ਰੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ॥ (ਪੰਨਾ ੧੩੮੨)

ਫੁੱਲ ਅਤੇ ਫਲ ਦਾ ਵਰਣਨ ਕਰਦਿਆਂ ਭਗਤ ਕਬੀਰ ਜੀ ਫਰਮਾਉਂਦੇ ਹਨ ਕਿ ਪਹਿਲੇ ਪਹਿਰ ਅੰਦਰ ਸਾਈਂ ਦਾ ਸਿਮਰਨ ਕਰਨ ਨਾਲ ਫੁੱਲ ਤੇ ਰਾਤ ਦੇ ਅੰਤਲੇ ਛਣ ਫਲ ਵਾਂਗ ਜਾਪਦੇ ਹਨ:

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥ (ਪੰਨਾ ੧੩੮੪)

ਸਫੇਦ ਰੰਗ ਦਾ ਇਕ 'ਕਵਲ' ਦਾ ਫੁੱਲ, ਪਾਣੀ 'ਚ ਉੱਗਿਆ ਹੁੰਦਾ ਹੈ। ਭਗਤ ਫਰੀਦ ਜੀ ਆਖਦੇ ਹਨ ਜੀਵ ਰੂਪੀ ਪੰਛੀ ਤਲਾਅ ਨੂੰ ਰੌਣਕ ਦੇਣ ਵਾਲੇ ਤੁਰ ਗਏ ਹਨ, ਤਲਾਅ ਸੁੱਕ ਗਿਆ ਹੈ, ਕੇਵਲ ਇਕੱਲਾ 'ਕਵਲ' ਰਹਿ ਗਿਆ ਹੈ। ਭਾਵ ਪਰਮਾਰਥ ਦੇ ਰਾਹ 'ਤੇ ਆਖਰ ਨੂੰ ਗੁਰਮੁਖ ਹੀ ਲੱਗਦੇ ਹਨ:

ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ॥ (ਪੰਨਾ ੧੩੮੨)

ਗੂੜ੍ਹੇ ਸ਼ੋਖ ਲਾਲ ਰੰਗ ਦੇ ਫੁੱਲ 'ਕਸੁੰਭੜੇ' ਦਾ ਵਰਣਨ ਵੀ ਆਇਆ ਹੈ:

ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥ (ਪੰਨਾ ੭੯੪)

ਭਗਤ ਫਰੀਦ ਜੀ ਦੀ ਬਾਣੀ ਵਿੱਚ ਗਰੀਬ ਲੋਕਾਂ ਵੱਲੋਂ ਰਿੰਨ੍ਹ ਕੇ ਅਥਵਾ ਪੀਹ ਕੇ ਆਟੇ ਦੀ ਰੋਟੀ ਕਾਠ (ਕੋਧਰਾ) ਦਾ ਜ਼ਿਕਰ ਵੀ ਆਇਆ ਹੈ। ਕੋਧਰੇ ਦੇ ਖੇਤ ਵਿੱਚ (ਭਾਵ

ਜਗਤ ਦੇ ਮੋਹ-ਪਿਆਰ ਵਿੱਚ) ਹੰਸ ਜਾ ਉਤਰਦੇ ਹਨ ਅਤੇ ਬੰਦੇ ਉਨ੍ਹਾਂ ਨੂੰ ਪਰ੍ਹੇ ਹਟਾਉਣ ਲਈ ਜਾਂਦੇ ਹਨ। ਪਰ ਗਾਫਲ ਪ੍ਰਾਣੀ ਨਹੀਂ ਜਾਣਦਾ ਕਿ ਹੰਸ ਮੋਟੇ ਅਨਾਜ ਨੂੰ ਨਹੀਂ ਖਾਂਦਾ ਨਾਲੇ ਸਾਦੇ ਭੋਜਨ ਦੀ ਸਾਰਥਕਤਾ ਦਰਸਾਉਣ ਲਈ 'ਰੋਟੀ ਕਾਠ ਕੀ' ਵਰਣਨ ਕਰਦੇ ਹਨ।

-ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ॥
ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ॥ (ਪੰਨਾ ੧੩੮੧)
-ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥ (ਪੰਨਾ ੧੩੭੯)

ਬਾਬਾ ਜੀ ਕਪਾਹ ਅਤੇ ਤਿਲਾਂ ਬਾਰੇ ਲਿਖਦੇ ਹਨ ਜੋ ਉਨ੍ਹਾਂ ਨਾਲ ਬੀਤੀ ਹੈ ਪਰ ਕਾਗਜ਼, ਮਿੱਟੀ ਦੇ ਭਾਂਡਿਆਂ ਅਤੇ ਕੋਇਲੇ ਦੀ ਕੀ ਦਸ਼ਾ ਹੋਈ ਹੈ, ਉਹ ਧਿਆਨ ਮੰਗਦੀ ਹੈ:

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥ (ਪੰਨਾ ੧੩੮੦)

ਬਾਬਾ ਜੀ ਫਰਮਾਉਂਦੇ ਹਨ ਕਿ ਜ਼ਿਮੀਂਦਾਰ ਕਿੱਕਰ ਬੀਜ ਕੇ ਬਿਜੌਰ ਦੇਸ਼ ਦੇ ਅੰਗੂਰ ਭਾਲਦਾ ਫਿਰਦਾ ਹੈ:

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥(ਪੰਨਾ ੧੩੭੯)

ਹਿੰਗ ਇਕ ਪੌਦੇ ਤੋਂ ਰਸ ਰੂਪ ਵਿੱਚ ਨਿਕਲਿਆ ਗੰਧਦਾਰ ਪਦਾਰਥ ਹੈ , ਜੋ ਦਾਲ ਸਬਜ਼ੀ ਵਿੱਚ ਵਰਤਿਆ ਜਾਂਦਾ ਹੈ। ਈਰਾਨ ਅਤੇ ਅਫਗਾਨਿਸਤਾਨ ਦੀ ਸਦਾ-ਬਹਾਰ ਜੜ੍ਹੀ-ਬੂਟੀ ਹੈ। ਬਾਬਾ ਫਰੀਦ ਜੀ ਆਖਦੇ ਹਨ ਜੋ ਕਸਤੂਰੀ ਦੀ ਸੁਗੰਧੀ ਭਜਨ-ਬੰਦਗੀ ਨਾਲ ਪ੍ਰਾਪਤ ਹੋਣੀ ਸੀ ਉਹ ਤਾਂ ਚਲੀ ਗਈ ਹੈ ਪਰ ਹਿੰਗ ਦੀ ਬਦਬੋ ਵਿੱਚ ਥੇੜ੍ਹੀ ਰਹੀ। ਭਾਵ ਜ਼ਿੰਦਗੀ ਬਣੀ ਤਾਂ ਭਗਤੀ ਲਈ ਸੀ ਪਰ ਅਣਗਹਿਲੀ ਕਰ ਕੇ ਸੁਹਣਾ ਮੌਕਾ ਖੁੰਝ ਗਿਆ:

ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ॥(ਪੰਨਾ ੧੩੭੯)

ਤਿਲ ਦੇ ਨਿੱਕੇ ਜਿਹੇ ਬੀਜ ਵਿੱਚੋਂ ਤੇਲ ਕੱਢਿਆ ਜਾਂਦਾ ਹੈ। ਸੁਆਸਾਂ ਰੂਪੀ ਤਿਲ ਥੋੜ੍ਹੇ ਹਨ ਪਰ ਜੀਵਨ ਨੂੰ ਵਿਚਾਰ ਨਾਲ ਚਲਾਉਣਾ ਜ਼ਰੂਰੀ ਹੈ। ਜਦ ਉਹ ਮਾਲਕ ਨਿਰਮਲਤਾ ਤੇ ਮਾਸੂਮੀਅਤ 'ਤੇ ਖੁਸ਼ ਹੁੰਦਾ ਹੈ, ਚਤੁਰਾਈਆਂ ਤੇ ਨਖਰਿਆਂ 'ਤੇ ਨਹੀਂ ਰੀਝਦਾ, ਤਾਂ ਮੈਂ ਵੀ ਇਨ੍ਹਾਂ ਗੱਲਾਂ ਉਤੇ ਘੱਟ ਮਾਣ ਕਰਾਂ:

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ॥
ਜੇ ਜਾਣਾ ਸਹੁ ਨੰਢੜਾ ਤਾਂ ਥੋੜ੍ਹਾ ਮਾਣੁ ਕਰੀ॥(ਪੰਨਾ ੧੩੭੮)

ਖਜੂਰ ਬਾਰੇ ਬਾਬਾ ਫਰੀਦ ਜੀ ਸੰਕੇਤ ਕਰਦੇ ਹਨ ਕਿ ਰੱਬ ਦੀਆਂ ਖਜੂਰਾਂ ਪੱਕੀਆਂ ਹਨ ਤੇ ਮਾਖਿਉਂ ਦੀਆਂ ਨਦੀਆਂ ਵਗਦੀਆਂ ਹਨ। ਇਨ੍ਹਾਂ ਬਹਿਸ਼ਤੀ ਚੀਜ਼ਾਂ ਦਾ ਸਵਾਦ ਇਥੇ ਹੀ ਸਾਧ-ਸੰਗਤ ਵਿੱਚ ਪ੍ਰਾਪਤ ਹੋ ਸਕਦਾ ਹੈ। ਛੇਤੀ ਕਰੋ, ਉਮਰ ਲੰਘ ਰਹੀ ਹੈ:

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ॥
ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ॥(ਪੰਨਾ ੧੩੮੨)

ਮਜੀਠੇ ਰੰਗ ਦੇ ਵਰਣਨ ਵੀ ਭਗਤ ਫਰੀਦ ਜੀ ਦੀ ਬਾਣੀ ਵਿੱਚ ਅੰਕਿਤ ਹੈ। ਇਕ

ਵੇਲ ਦੀ ਡੰਡੀ ਵਿੱਚ ਪੱਕਾ ਲਾਲ ਰੰਗ ਹੁੰਦਾ ਹੈ। ਇਸ ਦੀਆਂ ਜੜ੍ਹਾਂ ਉਬਾਲ ਕੇ ਰੰਗ ਚੰਗਾ ਗੂੜ੍ਹਾ ਹੁੰਦਾ ਹੈ। ਇਹ ਇਕ ਸਦਾਬਹਾਰ ਵੇਲ ਹੈ, ਜਿਸ ਦਾ ਮੁੱਢ ਏਸ਼ੀਆ ਅਤੇ ਯੂਰਪ ਹੈ। ਬਾਬਾ ਜੀ ਨੇ ਇਸ ਤਰ੍ਹਾਂ 'ਦਭੁ' (ਘਾਹ ਦੀ ਇਕ ਕਿਸਮ) ਸਬਜ਼ੀ ਦੀਆਂ ਕੂਲੀਆਂ 'ਗੰਦਲਾਂ' ਅਤੇ 'ਜੰਗਲ' ਦਾ ਵਰਣਨ ਵੀ ਕੀਤਾ ਹੈ:

– ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ।। (ਪੰਨਾ ੧੩੭੯)
– ਫਰੀਦਾ ਥੀਉ ਪਵਾਹੀ ਦਭੁ ।। (ਪੰਨਾ ੧੩੭੯)
– ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ।। (ਪੰਨਾ ੧੩੭੯)

ਬਾਬਾ ਫਰੀਦ ਜੀ ਫਰਮਾਉਂਦੇ ਹਨ, ਓਹ ਗਾਫਲ ਪ੍ਰਾਣੀ ! ਤੂੰ ਵਣ-ਵਣ ਅੰਦਰ ਦਰੱਖਤਾਂ ਦੇ ਕੰਡੇ ਕਿਉਂ ਤੋੜਦਾ ਫਿਦਾ ਹੈਂ ? ਰੱਬ ਤਾਂ ਤੇਰੇ ਦਿਲ ਦੇ ਅੰਦਰ ਵੱਸਦਾ ਹੈ:

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ।।
ਵਸੀ ਰਬੁ ਹਿਆਲੀਐ ਕਿਆ ਢੂਢੇਹਿ ।। (ਪੰਨਾ ੧੩੭੯)

* * *

ਗੁਰੂ ਅਰਜਨ ਸਾਹਿਬ- ਦਰ ਹੱਕ ਵ ਹੱਕ ਦਰ ਜ਼ਾਤਸ਼

ਗੁਰੂ ਨਾਨਕ ਸਾਹਿਬ ਦੇ ਸਿੱਖਾਂ ਨੇ ਵੇਖ ਲਿਆ ਸੀ ਕਿ ਹਾਕਮ, ਕਾਜ਼ੀ ਖੱਤ੍ਰੀ ਚਮਚਿਆਂ ਅਤੇ ਜਾਤ ਦੇ ਇੰਦਰ ਜਾਲ ਵਿੱਚ ਫਸੇ ਬ੍ਰਾਹਮਣ ਗੁਰੂ ਅਰਜਨ ਸਾਹਿਬ ਦੀ ਦਿਨ-ਬ-ਦਿਨ ਵਧ ਰਹੀ ਲੋਕ ਪ੍ਰਿਯਤਾ ਅਤੇ ਤੇਜ ਪ੍ਰਤਾਪ ਦੇ ਰੂਬਰੂ ਵਿਚਾਰਧਾਰਾ ਨੂੰ ਦਿਲੋਂ ਸਹਾਰ ਨਹੀਂ ਸੀ ਰਹੇ। ਤਵਾਰੀਖ ਵਿੱਚ ਸੱਭ ਤੋਂ ਵੱਡਾ ਮੋੜ ਇਹ ਸੀ ਕਿ ਪੰਜਵੇਂ ਨਾਨਕ ਦੀ ਤਾਲੀਮ ਹਿੰਦੂਆਂ ਦੇ ਮੁਕਾਬਲੇ ਮੁਸਲਮਾਨ ਬੜੇ ਅਕੀਦਤ ਨਾਲ ਸਵੀਕਾਰ ਕਰਦੇ ਜਾ ਰਹੇ ਸਨ। ਇਸ ਦਾ ਵੱਡਾ ਕਾਰਨ ਇਹ ਸੀ ਕਿ ਆਮ ਲੋਕਾਈ ਨੂੰ ਗੁਰੂ ਸਾਹਿਬ ਰੱਬ ਅਤੇ ਰੱਬ ਵਿੱਚ ਉਹ ਨਜ਼ਰੀ ਆਉਂਦੇ ਸਨ। ਗੁਰੂ ਜੀ ਵਿਚੋਂ ਰੱਬ ਦੀ ਖ਼ੁਸ਼ਬੂ ਆਉਂਦੀ ਸੀ ਅਤੇ ਉਨ੍ਹਾਂ ਦੀ ਕੁਰਬਾਨੀ ਸਦਕਾ ਸਿਦਕਵਾਨਾਂ ਦੀ ਰੂਹ ਨੂੰ ਤਾਜ਼ਗੀ ਮਿਲਦੀ ਸੀ। ਭਾਈ ਨੰਦ ਲਾਲ ਜੀ ਨੇ ਤਾਂ ਹੀ ਤਾਂ ਲਿਖਿਆ ਹੈ:

ਦਰ ਹੱਕ ਵ ਹੱਕ ਦਰ ਜ਼ਾਤਸ਼
ਹੱਕ ਨਸੀਮਸ਼, ਜਾਂ ਫਜ਼ਾਇੰਦਾਇ ਅਗਦਤ ਗਜ਼ੀਨਾ। (ਗੰਜ ਨਾਮਾ)

24 ਅਕਤੂਬਰ, 1605 ਨੂੰ ਜਹਾਂਗੀਰ ਰਸਮੀ ਤੌਰ 'ਤੇ ਤਖ਼ਤ 'ਤੇ ਬੈਠਾ ਅਤੇ ਖੁਸਰੋ ਤਖ਼ਤ ਨਾ ਮਿਲਣ ਕਾਰਨ ਮਾਯੂਸੀ ਦੇ ਆਲਮ ਵਿੱਚ ਘਿਰ ਗਿਆ। ਡੀ.ਕੇ. ਪੁਰਤਗਾਲੀ ਲਿਖਦਾ ਹੈ, "ਜਹਾਂਗੀਰ ਆਪਣੇ ਪੁੱਤਰ ਦੀ ਇਤਨੀ ਵਡਿਆਈ ਵੇਖ ਕੇ ਸੜਦਾ ਸੀ। ਜਹਾਂਗੀਰ ਖ਼ੁਸਰੋ ਨੂੰ ਜਾਨ ਤੋਂ ਵੀ ਮਾਰਨਾ ਚਾਹੁੰਦਾ ਸੀ।" ਜਹਾਂਗੀਰ ਦੇ ਬਾਦਸ਼ਾਹ ਬਣਨ ਦੀ ਦੇਰ ਸੀ ਕਿ ਖ਼ੁਸਰੋ ਬਾਗੀ ਬਣ ਕੇ ਪੰਜਾਬ ਵੱਲ ਰਵਾਨਾ ਹੋ ਗਿਆ। ਉਸ ਦਾ ਖਿਆਲ ਸੀ ਕਿ ਪੰਜਾਬ ਅਤੇ ਅਫਗਾਨਿਸਤਾਨ ਤੋਂ ਮਦਦ ਹਾਸਿਲ ਕਰ ਕੇ ਉਹ ਰਾਜ ਕਾਇਮ ਕਰਨ ਵਿੱਚ ਕਾਮਯਾਬ ਹੋਵੇਗਾ। ਖ਼ੁਸਰੋ ਦੇ ਬਾਗੀ ਹੋਣ ਦੀ ਖ਼ਬਰ ਸੁਣ ਕੇ ਜਹਾਂਗੀਰ ਨੇ ਆਪਣੇ ਕੋਤਵਾਲ ਕਾਜ਼ੀ-ਉਲ-ਮਲਕ ਨੂੰ ਖ਼ੁਸਰੋ ਨੂੰ ਰੋਕਣ ਲਈ ਪਿੱਛੇ ਭੇਜਿਆ। ਪਰ ਖ਼ੁਸਰੋ ਬਹੁਤ ਦੂਰ ਜਾ ਚੁੱਕਾ ਸੀ। ਖ਼ੁਸਰੋ ਜਰਨੈਲੀ ਸੜਕ ਰਾਹੀਂ ਲਾਹੌਰ ਵਲ ਰਵਾਨਾ ਹੋ ਚੁੱਕਾ ਸੀ। ਜਦੋਂ ਖ਼ੁਸਰੋ ਨੂੰ ਇਹ ਪਤਾ ਲੱਗਾ ਕਿ ਜਹਾਂਗੀਰ ਵੀ 15 ਅਪ੍ਰੈਲ ਨੂੰ ਆਗਰੇ ਤੋਂ ਤੁਰ ਪਿਆ ਹੈ, ਤਾਂ ਖ਼ੁਸਰੋ ਘਬਰਾਇਆ ਹੋਇਆ 'ਤਰਨ ਤਾਰਨ' ਆ ਚੁੱਕਾ ਸੀ। ਗੁਰੂ ਅਰਜਨ ਸਾਹਿਬ ਦਾ ਤਰਨ ਤਾਰਨ ਵਿਖੇ ਸੁਣ ਕੇ ਉਹ ਅਸ਼ੀਰਵਾਦ ਤੇ ਦਰਸ਼ਨਾਂ ਲਈ ਆਇਆ। ਇਥੇ ਇਹ ਦਸਣਾ ਵੀ ਉਚਿੱਤ ਹੈ ਕਿ ਖ਼ੁਸਰੋ ਕਈ ਵਾਰ ਪਹਿਲਾਂ ਵੀ ਤਰਨ ਤਾਰਨ ਆ ਚੁੱਕਾ ਸੀ। ਗੁਰੂ ਸਾਹਿਬ ਨੇ ਸ਼ਰਨ ਆਇਆਂ ਨੂੰ ਲੰਗਰ ਛਕਾਇਆ, ਮਦਦ ਕੀਤੀ ਅਤੇ ਅਸ਼ੀਰਵਾਦ ਵੀ ਦਿੱਤੀ। 24 ਅਪ੍ਰੈਲ, 1606 ਨੂੰ ਖ਼ੁਸਰੋ ਲਾਹੌਰ ਪੁੱਜਾ। ਲਾਹੌਰ ਦੀ ਕਿਲੇਬੰਦੀ ਤੋੜਨ ਲਈ ਉਸ ਨੇ ਕਾਫੀ ਜ਼ੋਰ ਲਾਇਆ, ਪਰ ਕਾਮਯਾਬ ਨਾ ਹੋਇਆ। ਆਖ਼ਰ ਉਸ ਨੂੰ ਕੈਦ ਕਰ ਕੇ ਬਾਦਸ਼ਾਹ ਜਹਾਂਗੀਰ ਦੇ ਸਾਹਮਣੇ ਪੇਸ਼ ਕਰ ਕੇ ਅੱਖਾਂ ਨੂੰ ਸੀ ਦਿੱਤਾ ਗਿਆ। ਉਸ ਦੇ ਸਾਥੀਆਂ ਨੂੰ ਭਿਆਨਕ ਤਸੀਹੇ ਦੇ ਕੇ ਮਾਰਿਆ ਗਿਆ।

ਪ੍ਰਿਥੀ ਚੰਦ, ਚੰਦੂ ਕਲਾਨੌਰੀਆ ਆਦਿ ਲਗਾਤਾਰ ਗੁਰੂ ਘਰ ਪ੍ਰਤੀ ਜਹਾਂਗੀਰ ਬਾਦਸ਼ਾਹ ਦੇ ਕੰਨ ਭਰਦੇ ਰਹਿੰਦੇ ਸਨ। 'ਬਕੌਲ ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ' :

ਫੇਰ ਪ੍ਰਿਥਿਆ ਆਇਆ ਲਾਹੌਰ
ਬਿਨ ਦ੍ਰਿਸ਼ਟੀ ਗੁਲ ਕਰੇ ਨ ਹੋਰ
ਨਿਤ ਨਿਤ ਦੀ ਚੁਗਲੀ ਆਇ ਇਕ ਦਿਨ ਫੁਰੀ।

ਗੁਰੂ ਅਰਜਨ ਸਾਹਿਬ ਨੂੰ ਜਦੋਂ ਭਾਈ ਸੰਗਾਰੂ ਅਤੇ ਭਾਈ ਜੈਤਾ ਜੀ ਨੇ ਤਲਵਾਰ ਧਾਰਨ ਕਰਨ ਲਈ ਬੇਨਤੀ ਕੀਤੀ ਤਾਂ ਗੁਰੂ ਸਾਹਿਬ ਨੇ ਬਚਨ ਕੀਤਾ, "ਅਸਾਂ ਜੋ ਸ਼ਸਤਰ ਪਕੜਨੇ ਹੈਨਿ ਸੋ (ਗੁਰੂ) ਹਰਿ ਗੋਬਿੰਦ ਦਾ ਰੂਪ ਧਾਰ ਕਰ ਪਕੜਨੇ ਹਨ, ਸਮਾਂ ਗਲਜੁਗ ਦਾ ਵਰਤਨਾ ਹੈ। ਸ਼ਸਤਰਾਂ ਦੀ ਵਿੱਦਿਆ ਕਰ ਮੀਰ ਦੀ ਮੀਰੀ ਖਿਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਕਰ ਪੀਰ ਦੀ ਪੀਰੀ ਲੈ ਲੈਣੀ ਹੈ। ਤੁਸੀਂ ਛੇਵੇਂ ਪਾਤਸ਼ਾਹ ਦੇ ਹਜ਼ੂਰ ਰਹਿਣਾ। (ਸਿੱਖਾਂ ਦੀ ਭਗਤ ਮਾਲਾ, ਸਫਾ 158)।

"ਸੂਰਮੇ ਨੂੰ ਚਾਹੀਦਾ ਹੈ ਧਰਮ ਦਾ ਯੁੱਧ ਕਰੇ। ਜੋ ਕੁਝ ਪਾਸ ਹੈ, ਸੋ ਦਾਨ ਕਰੇ। ਲੁੱਟੇ ਨਾ, ਦਾਨ ਕਰ ਸ਼ਸਤਰਾਂ ਵਿੱਚ ਬਰਕਤ ਹੁੰਦੀ ਹੈ ਜਸ ਹੁੰਦਾ ਹੈ।" (ਉਹੀ, ਸਫਾ 149)।

ਲਾਹੌਰ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਅਰਜਨ ਸਾਹਿਬ ਨੇ ਬੇਟੇ (ਗੁਰੂ) ਹਰਿ ਗੋਬਿੰਦ ਨੂੰ ਆਖਰੀ ਹੁਕਮ ਦਿੱਤਾ, "ਆਪਣੇ ਤਖ਼ਤ 'ਤੇ ਖ਼ੁਦ ਮੁਖਤਿਆਰ ਹੋ ਕੇ ਬੈਠੋ ਅਤੇ ਆਪਣੀ ਯੋਗਤਾ ਅਨੁਸਾਰ ਫੌਜ ਰੱਖੋ।" (The Sikhs and their scriptures, C.H. Lochlin pp. 31-32, A short History of the Skihsm-Teja Singh, Ganda Singh, Vol. 1, p. 30).

ਗੁਰੂ ਅਰਜਨ ਸਾਹਿਬ ਦੇ ਹੁਕਮ ਦੀ ਤਾਮੀਲ ਕਰਦੇ ਹੋਏ ਗੁਰੂ ਹਰਿ ਗੋਬਿੰਦ ਸਿੰਘ ਨੇ ਸਿੱਖ ਫ਼ੌਜ ਦੇ ਐਲਾਨਨਾਮੇਂ ਦੀ ਸ਼ੁਰੂਆਤ ਕੀਤੀ। ਹੁਕਮ ਦੀ ਤਾਮੀਲ ਦਰਦੇ ਹੋਏ ਗੁਰੂ ਅਰਜਨ ਸਾਹਿਬ ਨੇ ਮੁਖੀ ਸਿੱਖਾਂ ਨੂੰ ਵੀ ਬੜੇ ਚੜ੍ਹਦੀ ਕਲਾ ਵਾਲੇ ਉਪਦੇਸ਼ਾਂ ਨਾਲ ਸਰਸ਼ਾਰ ਕੀਤਾ।

"ਹਰਿ ਗੋਬਿੰਦ ਦੀ ਬਾਹਿ ਪਕੜਾਈ
ਭਾਈ ਗੁਰਦਾਸ ਨੂੰ ਬੈਠ ਸਮਝਾਇਆ।
ਸਾਡਾ ਲਗੇਰਾ ਸੀਸ ਇਹ ਨਿਸਚਾ ਆਇਆ।
ਅਸਾਂ ਹੋਇਆ ਤੁਰਕਾਂ ਵਿੱਚ ਜਾਣਾ।
ਉਨ੍ਹਾਂ ਕਰਨੀ ਹੈ ਹੁਜਤ।
ਤੁਸਾਂ ਦੁਆਬੇ ਵਿੱਚ ਕਰਨਾ ਟਿਕਾਣਾ।
ਸਰੀਰ ਹੈ ਛੁਟਣਾ। ਸੁੰਸਾ ਨਹੀਂ ਕੋਈ।
ਰਜਾਇ ਖਾਵੰਦ ਦੀ ਹੈ ਇਸ ਤਰ੍ਹਾਂ ਹੋਈ।
ਸਾਹਿਬ ਮਥਾ ਟੇਕ ਵਿਦਿਆ ਹੋਇ ਗਏ। ਦੁਸ਼ਟ-ਚੋਕੜੀ ਵਿੱਚ ਆਵਤ ਭਏ।"

(ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਕੇਸਰ ਸਿੰਘ ਛਿੱਬਰ, ਪਰਖ ਪਟਿਆਲਾ, 1972, ਸਫਾ 54-55)।

'ਦਸਿਸਤਾਨ-ਇ-ਮੁਜ਼ਾਹਿਬ' ਦਾ ਕਰਤਾ ਮੁਬਿੰਦ ਜ਼ੁਲਫਕਾਰ ਅਰਦਸਤਾਨੀ ਸਾਸਨੀ

ਲਿਖਦਾ ਹੈ, "ਜਦ ਜੰਨਤ ਵਾਸੀ ਨੂਰੂਦੀਨ ਮੁਹੰਮਦ ਜਹਾਂਗੀਰ ਬਾਦਸ਼ਾਹ ਨੇ ਸ਼ਾਹਜ਼ਾਦਾ ਖੁਸਰੋ ਨੂੰ ਗ੍ਰਿਫਤਾਰ ਕਰ ਲਿਆ ਤਾਂ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਦਾ ਹੁਕਮ ਦਿੱਤਾ, ਕਿਉਂਕਿ ਉਨ੍ਹਾਂ ਨੇ ਸ਼ਾਹਜ਼ਾਦਾ ਖੁਸਰੋ ਦੇ ਹੱਕ ਵਿੱਚ, ਜਿਸਨੇ ਕਿ ਆਪਣੇ ਬਾਪ ਦੇ ਵਿਰੁੱਧ ਬਗਾਵਤ ਕੀਤੀ ਹੋਈ ਸੀ, ਦੁਆ ਕੀਤੀ ਸੀ ਤੇ ਬਹੁਤ ਵੱਡੀ ਰਕਮ ਜੁਰਮਾਨਾ ਮੰਗਿਆ, ਜੋ ਕਿ ਗੁਰੂ ਸਾਹਿਬ ਨਾ ਦੇ ਸਕੇ। ਇਸ ਲਈ ਉਨ੍ਹਾਂ ਨੂੰ ਬੰਨ੍ਹ ਲਿਆ ਤੇ ਲਾਹੌਰ ਦਾ ਰੇਗਿਸਤਾਨ ਵਿੱਚ ਰੱਖਿਆ, ਜਿੱਥੇ ਕਿ ਉਨ੍ਹਾਂ ਸੂਰਜ ਦੀ ਤਪਸ਼, ਗਰਮੀ ਦੀ ਜ਼ਿਆਦਤੀ ਤੇ ਵਸੂਲ ਕਰਨ ਵਾਲਿਆਂ ਵੱਲੋਂ ਦਿੱਤੀਆਂ ਤਕਲੀਫਾਂ ਦੇ ਨਾਲ ਜਾਨ ਦੇ ਦਿੱਤੀ। ਇਹ ਗੱਲ ਹਿਜਰੀ, ਸੰਨ ਇਕ ਹਜ਼ਾਰ ਪੰਦਰਾਂ (1015 ਹਿਜਰੀ) ਵਿੱਚ ਹੋਈ ਹੈ।

(ਕੁੱਝ ਕੁ ਪੁਰਾਤਨ ਸਿੱਖ ਇਤਿਹਾਸਕ ਪਤ੍ਰੇ, ਗੰਡਾ ਸਿੰਘ, 'ਫੁਲਵਾੜੀ' ਲਾਹੌਰ, ਮਾਰਚ-ਅਕਤੂਬਰ 1931, ਸਫਾ 9)

ਅਸਲ ਵਿੱਚ ਜੁਰਮਾਨਾ ਭਰਨ ਦੀ ਗੱਲ ਨਿਰਮੂਲ ਜਾਪਦੀ ਹੈ। ਦਬਿਸਤਾਨ ਦੇ ਕਰਤਾ ਨੇ ਇਹ ਗੱਲ ਕਿਸੇ ਤੋਂ ਸੁਣ ਕੇ ਲਿਖ ਲਈ ਜਾਪਦੀ ਹੈ। ਖੁਸਰੋ ਨੂੰ ਮੱਥੇ ਟਿੱਕਾ ਲਾਉਣ ਦੀ ਗੱਲ ਵੀ ਕਿਸੇ ਗੁਰੂ ਸਾਹਿਬ ਦੇ ਦੋਖੀ ਵਲੋਂ ਫੈਲਾਈ ਲਗਦੀ ਹੈ। ਇਨ੍ਹਾਂ ਗੱਲਾਂ ਦਾ ਮੁੱਖ ਕਾਰਨ ਇਹ ਸੀ ਕਿ ਕੁੱਝ ਬ੍ਰਾਹਮਣ ਅਤੇ ਮੁੱਲਾਂ ਪਹਿਲਾਂ ਹੀ ਗੁਰੂ ਸਾਹਿਬ ਦੇ ਤੇਜ ਪ੍ਰਤਾਪ ਤੋਂ ਖੁਸ਼ ਨਹੀਂ ਸਨ। ਉਹ ਜਦੋਂ ਵੀ ਢੁਕਵਾਂ ਸਮਾਂ ਜਾਣਦੇ ਬਾਦਸ਼ਾਹ ਜਹਾਂਗੀਰ ਦੇ, ਗੁਰੂ ਸਾਹਿਬ ਦੇ ਖਿਲਾਫ ਕੰਨ ਭਰਦੇ ਰਹਿੰਦੇ ਸਨ। ਇਨ੍ਹਾਂ ਚੁਗਲ ਖੋਰਾਂ ਵਿੱਚੋਂ ਇਕ ਬੀਰਬਲ ਵੀ ਸੀ। ਜੇਕਰ ਜੁਰਮਾਨਾ ਜਾਂ ਟਿੱਕਾ ਲਾਉਣ ਵਿੱਚ ਕੋਈ ਸਚਾਈ ਹੁੰਦੀ ਤਾਂ ਇਸ ਦਾ ਜ਼ਿਕਰ ਬਾਦਸ਼ਾਹ ਦੀ ਆਪਣੀ ਲਿਖਤ ਤੋਜ਼ਕਿ - ਜਹਾਂਗੀਰੀ ਵਿੱਚ ਜ਼ਰੂਰ ਹੁੰਦਾ। ਭਾਈ ਅੰਬਾ ਕੋਲੋਂ ਇਕ ਲੱਖ ਪੰਦਰਾਂ ਹਜ਼ਾਰ ਰੁਪਿਆ ਵਸੂਲ ਕੀਤਾ ਗਿਆ ਸੀ। ਬਾਦਸ਼ਾਹ ਜਹਾਂਗੀਰ 'ਤੋਜ਼ਕਿ - ਜਹਾਂਗੀਰੀ' ਵਿੱਚ ਗੁਰੂ ਅਰਜਨ ਸਾਹਿਬ ਬਾਰੇ ਸਪੱਸ਼ਟ ਲਿਖਦਾ ਹੈ, "ਗੋਇੰਦਵਾਲ ਵਿੱਚ ਜਿਹੜਾ ਕਿ ਦਰਿਆ ਬਿਆਸ ਦੇ ਕਿਨਾਰੇ ਉਤੇ ਹੈ, ਪੀਰਾਂ ਬਜ਼ੁਰਗਾਂ ਦੇ ਲਿਬਾਸ ਵਿੱਚ ਅਰਜਨ ਨਾਮ ਦਾ ਇਕ ਹਿੰਦੂ ਸੀ, ਜਿਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ- ਬਹਿਤ ਦਾ ਮੁਰੀਦ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਨਗਾਰਾ ਵਜਾਇਆ ਹੋਇਆ ਸੀ। ਉਹ ਉਸ ਨੂੰ 'ਗੁਰੂ' ਆਖਦੇ ਸਨ। ਸਾਰੇ ਪਾਸਿਆਂ ਤੋਂ ਫਰੇਬੀ ਤੇ ਠੱਗੀ ਪਸੰਦ ਲੋਕ ਉਸ ਦੇ ਕੋਲ ਆ ਕੇ ਉਸ ਉਤੇ ਆਪਣੀ ਪੂਰੀ ਸ਼ਰਧਾ ਪਰਗਟ ਕਰਦੇ ਸਨ। ਤਿੰਨ ਚਾਰ ਸਦੀਆਂ ਤੋਂ ਉਨ੍ਹਾਂ ਇਹ ਦੁਕਾਨ ਚਲਾਈ ਹੋਈ ਸੀ।

ਬਹੁਤ ਸਮੇਂ ਤੋਂ ਮੇਰੇ ਦਿਲ ਵਿੱਚ ਖਿਆਲ ਉਠ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਨੂੰ ਮੁਸਲਮਾਨੀ ਫਿਰਕੇ ਵਿੱਚ ਲੈ ਆਉਣਾ ਚਾਹੀਦਾ ਹੈ।

ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ ਤੇ ਮੈਂ ਉਸ ਦੇ ਘਰਬਾਰ ਤੇ ਬੱਚੇ ਮੁਰਤਜ਼ਾ ਖਾਂ ਦੇ ਹਵਾਲੇ ਕਰਨ ਦਾ ਹੁਕਮ ਕੀਤਾ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰ ਕੇ, ਹੁਕਮ ਦਿੱਤਾ ਕਿ ਉਸ ਨੂੰ 'ਸਿਆਸਤ ਅਤੇ ਯਾਸਾ' ਦੇ ਤਹਿਤ ਸਜ਼ਾ ਦਿੱਤੀ ਜਾਵੇ।"

ਇਹ ਇਨਸਾਫ ਜਹਾਂਗੀਰ ਬਾਦਸ਼ਾਹ ਨੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਛੇ ਦਿਨ ਬਾਅਦ (ਭਾਵ 6 ਜੂਨ, 1606) ਨੂੰ ਆਪਣੀ ਸ੍ਵ-ਜੀਵਨੀ 'ਤੋਜ਼ਕਿ - ਜਹਾਂਗੀਰੀ' ਵਿੱਚ ਕੀਤਾ।

ਗੁਰੂ ਸਾਹਿਬ ਨੂੰ ਅਨੇਕਾਂ ਤਸੀਹੇ ਅਤੇ ਕਸ਼ਟ ਦਿੱਤੇ ਗਏ। ਸਿੱਖ ਇਤਿਹਾਸ ਵਿੱਚ

ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬ ਨੂੰ ਤੱਤੀ ਤਵੀ 'ਤੇ ਬਿਠਾ ਕੇ, ਉਪਰ ਸਰੀਰ ਉਤੇ ਗਰਮਾ-ਗਰਮ ਰੇਤ ਪਾਈ ਗਈ ਅਤੇ ਫਿਰ ਉਨ੍ਹਾਂ ਨੂੰ ਦੇਗ ਵਿੱਚ ਉਬਾਲਿਆ ਗਿਆ। 'ਦਬਿਸਤਾਨ' ਅਨੁਸਾਰ ਗੁਰੂ ਜੀ ਨੂੰ ਕੁੱਝ ਖਾਣ-ਪੀਣ ਨੂੰ ਨਾ ਦਿੱਤਾ, ਗਰਮ ਸੜਦੀ ਰੇਤ ਵਿੱਚ ਸੁੱਟਿਆ ਗਿਆ ਅਤੇ ਪੱਥਰ ਮਾਰੇ ਜਿਸ ਨਾਲ ਉਨ੍ਹਾਂ ਦੇ ਸਿਰ ਵਿੱਚੋਂ ਲਹੂ ਨਿਕਲਦਾ ਗਿਆ। ਉਨ੍ਹਾਂ ਨੂੰ ਤਿਨ ਤੋਂ ਪੰਜ ਦਿਨਾਂ ਤੱਕ ਤਸੀਹੇ ਦਿੱਤੇ ਗਏ। ਛਾਲਿਆਂ ਭਰੇ ਸਰੀਰ ਨਾਲ, ਗੁਰੂ ਜੀ ਦੇ ਹੱਥ ਪੈਰ ਬੰਨ ਕੇ 30 ਮਈ, 1606 ਈ. ਨੂੰ ਰਾਵੀ ਦਰਿਆ ਵਿੱਚ ਸੁੱਟ ਦਿੱਤਾ ਜਿਥੇ ਉਹ ਅਲੋਪ ਹੋ ਗਏ।

ਭਾਈ ਗੁਰਦਾਸ ਜੀ ਵੀ ਲਿਖਦੇ ਹਨ ਕਿ 29-30 ਮਈ ਦੀ ਰਾਤ ਗੁਰੂ ਸਾਹਿਬ ਅਤਿ ਪੀੜਤ ਸਨ ਪਰ ਪੂਰਨ ਤੌਰ 'ਤੇ ਸ਼ਾਂਤ ਅਤੇ ਅਡੋਲ ਰਹੇ ਅਤੇ ਸ਼ਹੀਦੀ ਪਾਉਣ ਸਮੇਂ ਉਨ੍ਹਾਂ ਦੇ ਬੁੱਲਾਂ 'ਤੇ ਇਹ ਸ਼ਬਦ ਸਨ:-

ਸੁਣੀ ਅਰਦਾਸਿ ਸੁਆਮੀ ਮੇਰੇ,
ਸਰਬ ਕਲਾ ਬਣਿ ਆਈ।
ਪ੍ਰਗਟ ਭਈ ਸਗਲੇ ਜੁਗ ਅੰਤਰਿ,
ਗੁਰੂ ਨਾਨਕ ਕੀ ਵਡਿਆਈ ॥ (ਸੋਰਠਿ ਮਹਲਾ: ੫)

ਇਉਂ ਗੁਰੂ ਨਾਨਕ ਸਾਹਿਬ ਦੇ ਅਸੂਲਾਂ ਅਤੇ ਆਦਰਸ਼ਾਂ ਦੀ ਵਡਿਆਈ ਸਾਰੇ ਸੰਸਾਰ 'ਤੇ ਉਜਾਗਰ ਹੋ ਗਈ ਹੈ। ਇਹੋ ਤੁੱਕ ਬਾਅਦ ਵਿੱਚ ਡੇਹਰਾ ਸਾਹਿਬ ਦੀ ਉਸਾਰੀ ਵੇਲੇ ਪ੍ਰਮੁੱਖ ਸਿੱਖਾਂ ਨੇ ਉਕਰ ਵੀ ਦਿੱਤੀ ਸੀ।

ਇਉਂ ਗੁਰੂ ਅਰਜਨ ਸਾਹਿਬ ਜਹਾਂਗੀਰ ਬਾਦਸ਼ਾਹ ਦੇ ਤਅੱਸਬ, ਜ਼ਾਲਮਾਨਾ ਸੁਭਾਅ ਅਤੇ ਤੰਗ ਦਿੱਲੀ, ਚੰਦੂ ਦੀਆਂ ਸਾਜ਼ਿਸ਼ਾਂ, ਧਾਰਮਿਕ ਕੱਟੜ-ਪੁਣੇ ਦਾ ਸ਼ਿਕਾਰ ਹੋਏ। ਗੁਰੂ ਸਾਹਿਬ ਦੇ ਤਸੀਹੇ ਦੇਖ ਹੀ 'ਉਮਦਤ ਤੁਲ-ਤਵਾਰੀਖ' ਦਾ ਲੇਖਕ ਲਿਖਦਾ ਹੈ ਕਿ ਕਲਮ ਲਹੂ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਹੈ ਅਤੇ ਜਾਨ ਹੈਰਾਨ ਹੁੰਦੀ ਹੈ:

"ਕਲਮ ਤਹਰੀਰੇ ਆਂ ਖ਼ੂੰ ਫ਼ਿਸ਼ਾ
ਵ ਦੀਦਾ ਗਿਰਿਆ
ਵ ਦਿਲ ਬਿਰਿਯਾ
ਵਾ ਜਾਨ ਹੈਰਾਂ ਸੈ ਬਾਸ਼ਦ।"

ਇਥੇ ਇਹ ਵਰਨਣ ਕਰਨਾ ਵੀ ਉਚਿਤ ਹੈ ਕਿ ਗੁਰੂ ਨਾਨਕ ਘਰ ਨਾਲ ਦੁਸ਼ਮਣੀ ਬ੍ਰਾਹਮਣਾਂ ਅਤੇ ਸ਼ਰੱਈ ਮੁਸਲਮਾਨਾਂ ਨੇ ਮੁੱਢ ਤੋਂ ਹੀ ਸ਼ੁਰੂ ਕਰ ਰੱਖੀ ਸੀ। ਗੁਰੂ ਘਰ ਦੇ ਲੰਗਰ ਅਤੇ ਬਾਣੀ ਦੇ ਵਿਰੁੱਧ ਬੀਰਬਲ ਨੇ ਅਕਬਰ ਬਾਦਸ਼ਾਹ ਦੇ ਮਨ ਵਿੱਚ ਜਹਿਰ ਭਰਨ ਦੀ ਅਣਥੱਕ ਕੋਸ਼ਿਸ਼ ਕੀਤੀ। ਅਕਬਰ ਨੇ ਜਦੋਂ ਗੁਰੂ ਸਾਹਿਬਾਨ ਦੇ ਜੀਵਨ ਕਾਰਨਾਮੇ ਅੱਖੀਂ ਵੇਖੇ ਤਾਂ ਉਹ ਗੁਰੂ ਘਰ ਦਾ ਸੇਵਕ ਹੀ ਬਣ ਗਿਆ।

ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਪਿੱਛੇ ਜੇਕਰ ਇਕ ਪਾਸੇ ਹਿੰਦੂਆਂ, ਬ੍ਰਾਹਮਣਾਂ, ਮੁੱਲੇ ਮੁਲਾਣਿਆਂ ਦੀਆਂ ਲਗਾਤਾਰ ਸਾਜ਼ਿਸ਼ਾਂ ਸਨ ਉਥੇ ਦੂਜੇ ਪਾਸੇ ਸ਼ੇਖ ਅਹਿਮਦ ਸਰਹੱਦੀ ਦਾ ਹੱਥ ਸੀ। (ਇਹ ਸ਼ੇਖ ਅਲਫਸਾਨੀ 1564 ਵਿੱਚ ਸਰਹਿੰਦ ਵਿੱਚ ਪੈਦਾ ਹੋਇਆ, 1599 ਵਿੱਚ ਮੱਕੇ-ਮਦੀਨੇ ਹੱਜ ਕਰਨ ਗਿਆ, ਤਾਂ ਉਥੇ 'ਬਾਕੀ ਬਿਲੇ' ਦਾ ਚੇਲਾ ਬਣ ਗਿਆ) ਇਨ੍ਹਾਂ ਦਾ ਵੱਡਾ ਸਾਥੀ ਮੁਗਲ ਦਰਬਾਰ ਵਿੱਚ ਸ਼ੇਖ ਫਰੀਦ (ਬੁਖਾਰੀ ਮੁਰਤਜ਼ਾਂ ਖਾਂ) ਪ੍ਰਭਾਵਸ਼ਾਲੀ

ਤੇ ਮਜ਼ਬੂਤ ਸਥਾਨ ਬਣਾ ਚੁੱਕਾ ਸੀ। ਖੁਸਰੋ ਦੀ ਬਗਾਵਤ ਸਮੇਂ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਅਤੇ ਇਨ੍ਹਾਂ ਸਮਿਆਂ ਵਿੱਚ ਹੀ ਸ਼ੇਖ ਸਰਹਿੰਦੀ ਨੇ ਸ਼ੇਖ ਫਰੀਦ ਬੁਖਾਰੀ ਨਾਲ ਮਿਲ ਕੇ ਗੁਰੂ ਸਾਹਿਬ ਵਿਰੁੱਧ ਸਾਜ਼ਸ਼ ਘੜੀ। ਜਹਾਂਗੀਰ ਤਾਂ ਕੇਵਲ ਬਹਾਨਾ ਹੀ ਲੱਭਦਾ ਸੀ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੀ ਖੁਸ਼ੀ ਸ਼ੇਖ ਅਹਿਮਦ ਸਰਹੰਦੀ ਨੂੰ ਹੋਈ, ਜੋ ਚਿੱਠੀ ਰਾਹੀਂ ਆਪਣੇ ਮੁਖੀ ਚੇਲ ਸ਼ੇਖ ਫਰੀਦ ਬੁਖਾਰੀ (ਮੁਰਤਜ਼ਾ ਖਾਂ) ਨੂੰ ਪ੍ਰਗਟ ਕੀਤੀ। ਇਹ ਖੱਤ ਨੰਬਰ 193 "ਮਕਤੂਬਾਤਿ-ਇਮਾਮਿ-ਰੁਬਾਨੀ ਵਿੱਚੋਂ ਦਰਜ" ਹੈ।

"ਗੋਇੰਦਵਾਲ ਦੇ ਭਰਿਸ਼ਟ ਕਾਫਰ (ਗੁਰੂ ਅਰਜਨ ਸਾਹਿਬ) ਦੀ ਸ਼ਹਾਦਤ ਸਾਡੀ ਇਕ ਵੱਡੀ ਪ੍ਰਾਪਤੀ ਅਤੇ ਜਿੱਤ ਹੈ। ਭਾਵੇਂ ਉਸ ਨੂੰ ਕਿਸ ਤਰ੍ਹਾਂ ਮਾਰਿਆ ਗਿਆ, ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਖਤਮ ਕੀਤਾ ਗਿਆ। ਸਮੂਹ ਮੁਸਲਮਾਨਾਂ ਲਈ ਬੜੇ ਫਾਇਦੇ ਅਤੇ ਵਾਧੇ ਦੀ ਘਟਨਾ ਹੈ। ਇਸ ਕਾਫਰ ਸ਼ਹਾਦਤ ਤੋਂ ਪਹਿਲਾਂ ਮੈਨੂੰ ਇਕ ਸੁਪਨਾ ਵੀ ਆਇਆ ਸੀ ਕਿ ਬਾਦਸ਼ਾਹ ਜਹਾਂਗੀਰ ਨੇ ਕੁਫਰ ਦਾ ਸਿਰ ਕੁਚਲ ਦਿੱਤਾ ਹੈ। ਇਸ ਵਿੱਚ ਸ਼ੱਕ ਨਹੀਂ ਕਿ ਇਹ ਕਾਫਰ ਧਰਮ ਹੀਣੇ ਲੋਕਾਂ ਦਾ ਸਿਰਮੌਰ ਤੇ ਕਾਫਰਾਂ ਦਾ ਇਕ ਵੱਡਾ ਮੁਖੀ ਹੈ।"

ਇਹ ਹੈ ਸ਼ੇਖ ਅਹਿਮਦ ਸਰਹੰਦੀ ਦਾ ਦੂਜੇ ਧਰਮਾਂ ਪ੍ਰਤੀ ਘਿਰਣਾ ਦਾ ਫਲਸਫਾ, ਜੋ ਉਸ ਦੀਆਂ ਚਿੱਠੀਆਂ ਤੋਂ ਪ੍ਰਗਟ ਹੋਇਆ ਹੈ। ਗੁਰੂ ਸਾਹਿਬ ਦੀ ਸ਼ਹਾਦਤ ਨੇ ਆਉਣ ਵਾਲੇ ਸਮਿਆਂ ਲਈ ਸਿੱਖ ਧਰਮ ਦੇ ਨਵੇਂ ਅਧਿਆਇਆਂ ਦੀ ਸ਼ੁਰੂਆਤ ਕੀਤੀ।

ਸ਼ਹੀਦ ਕੀ ਜੋ ਮੌਤ ਹੈ ਵੁਹ ਕੌਮ ਕੀ ਹਯਾਤ ਹੈ,
ਹਯਾਤ ਭੀ ਹਯਾਤ ਹੈ, ਔਰ ਮੌਤ ਭੀ ਹਯਾਤ ਹੈ।

* * *

ਗੁਰੂ ਅੰਗਦ ਸਾਹਿਬ ਦੇ ਇਤਿਹਾਸਕ ਗੁਰਦੁਆਰੇ

ਸਿੱਖ ਧਰਮ ਦੇ ਦੂਜੇ ਨਾਨਕ ਗੁਰੂ ਅੰਗਦ ਸਾਹਿਬ ਦਾ ਜਨਮ 31 ਮਾਰਚ। 1504 ਨੂੰ ਪਿੰਡ 'ਮੱਤੇ ਦੀ ਸਰਾਂ' ਵਿੱਚ ਹੋਇਆ। ਇਸ ਪਿੰਡ ਨੂੰ ਹੁਣ 'ਸਰਾਏ-ਨਾਂਗਾ' ਆਖਿਆ ਜਾਂਦੇ ਹੈ ਜੋ ਪੰਜਾਬ ਦੇ ਜ਼ਿਲਾ ਫਰੀਦਕੋਟ ਵਿੱਚ, ਮੁਕਰਸਰ ਤੋਂ 16 ਕਿਲੋਮੀਟਰ ਦੂਰ ਹੈ। ਗੁਰੂ ਸਾਹਿਬ ਦਾ ਪਹਿਲਾਂ ਨਾਂ ਲਹਿਣਾ ਸੀ, ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਨੂੰ ਆਪਣਾ ਅੰਗ ਬਣਾ ਕੇ 'ਅੰਗਦ' ਨਾਂ ਰੱਖਿਆ। ਗੁਰੂ ਨਾਨਕ ਸਾਹਿਬ ਦੀ ਆਗਿਆ ਪਾ ਕੇ ਆਪ ਜੀ ਕਰਤਾਰਪੁਰ ਛੱਡ ਕੇ ਖੱਡੂਰ ਸਾਹਿਬ ਪੱਕੇ ਤੌਰ 'ਤੇ ਆ ਗਏ। ਗੁਰੂ ਸਾਹਿਬ ਪੂਰੇ ਤੇਰਾਂ ਸਾਲ (ਭਾਵ: 1539- 1552 ਈ:) ਤੱਕ 'ਗੁਰੂ ਪਦਵੀ 'ਤੇ ਰਹੇ। ਗੁਰੂ ਸਾਹਿਬ ਨੇ ਲੰਗਰ, ਗੁਰਮੁਖੀ ਅਤੇ ਮੱਲ ਅਖਾੜਿਆਂ ਵੱਲ ਖਾਸ ਧਿਆਨ ਦਿੱਤਾ। ਗੁਰੂ ਸਾਹਿਬ ਨੇ 61 ਸਲੋਕਾਂ ਦੀ ਰਚਨਾ ਕੀਤੀ ਜੋ 'ਗੁਰੂ ਗ੍ਰੰਥ ਸਾਹਿਬ' ਵਿੱਚ ਸ਼ਾਮਲ ਹੈ। ਗੁਰੂ ਅੰਗਦ ਸਾਹਿਬ ਦੇ ਕੁੱਝ ਇਤਿਹਾਸਕ ਗੁਰਦੁਆਰੇ ਅਤੇ ਅਸਥਾਨ ਮੌਜੂਦ ਹਨ ਜੋ ਇਸ ਪ੍ਰਕਾਰ ਹਨ:-

(1) **'ਸਰਾਏ-ਨਾਂਗਾ'**: ਪੰਜਾਬ ਦੇ ਫਰੀਦਕੋਟ ਜ਼ਿਲੇ ਦਾ ਇਕ ਪਿੰਡ 'ਸਰਾਏ-ਨਾਂਗਾ' ਹੈ ਜੋ ਮੁਕਤਸਰ ਤੋਂ 16 ਕਿਲੋਮੀਟਰ ਦੂਰ ਉੱਤਰ-ਪੂਰਬ ਵੱਲ ਹੈ। ਇਸ ਅਸਲੋਂ ਗੁਰੂ ਅੰਗਦ ਸਾਹਿਬ ਦੀ ਜਨਮ-ਭੂਮੀ ਹੈ। ਗੁਰੂ ਅੰਗਦ ਸਾਹਿਬ ਦਾ ਜਨਮ 1504 ਨੂੰ ਹੋਇਆ ਅਤੇ ਉਸ ਤੋਂ ਬਾਅਦ ਇਸ ਨੂੰ ਉਸ ਸਮੇਂ 'ਮੱਤੇ ਦੀ ਸਰਾਇ' ਆਖਿਆ ਜਾਂਦਾ ਸੀ। ਇਸ ਥਾਂ ਨੂੰ ਬਾਬਰ ਦੇ ਹਮਲਿਆਂ ਦੌਰਾਨ ਤਬਾਹ ਤੇ ਬਰਬਾਦ ਕੀਤਾ ਗਿਆ ਸੀ। ਗੁਰੂ ਸਾਹਿਬ ਦਾ ਪ੍ਰਵਾਰ ਤਬਾਹੀ ਭਾਸਦੇ ਹੋਏ ਪਹਿਲਾਂ ਹੀ ਇਥੋਂ ਚਲਾ ਗਿਆ ਸੀ। ਇਸ ਖੰਡਰਗਤ ਹੋਈ ਪੁਰਾਣੀ ਸਰਾਇ 'ਤੇ ਹੀ ਗੁਰੂ ਅੰਗਦ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਬਣਿਆ ਹੋਇਆ ਹੈ। ਇਸ ਦੇ ਪ੍ਰਬੰਧ ਪਹਿਲਾਂ ਨਾਂਗਾ ਸਾਧੂ ਕਰਦੇ ਸਨ ਜਿਸ ਕਾਰਨ ਪਿੰਡ ਨੂੰ 'ਨਾਂਗੇ ਦੀ ਸਰਾਇ' ਅਤੇ ਦਫਤਰੀ ਕਾਗਜ਼ਾਂ ਵਿੱਚ 'ਸਰਾਇ-ਨਾਂਗਾ' ਕਰਕੇ ਲਿਖਿਆ ਮਿਲਦਾ ਹੈ। ਇਸ ਪਿੰਡ ਵਿੱਚ ਦੋ ਇਤਿਹਾਸਕ ਗੁਰਦੁਆਰੇ ਹਨ। ਇਕ ਗੁਰਦੁਆਰਾ ਪਹਿਲੀ ਪਾਤਸ਼ਾਹੀ ਦਾ ਹੈ ਅਤੇ ਦੂਜਾ ਗੁਰਦੁਆਰਾ ਜਨਮ ਅਸਥਾਨ ਪਾਤਸ਼ਾਹੀ ਦੂਜੀ ਦਾ ਹੈ।

ਗੁਰਦੁਆਰਾ ਜਨਮ ਅਸਥਾਨ ਪਾਤਸ਼ਾਹੀ ਦੂਜੀ: ਇਹ ਇਤਿਹਾਸਕ ਗੁਰਦੁਆਰਾ ਗੁਰੂ ਅੰਗਦ ਸਾਹਿਬ ਦੂਜੀ ਪਾਤਸ਼ਾਹੀ ਦੇ ਜਨਮ ਅਸਥਾਨ ਕਰਕੇ ਪ੍ਰਸਿੱਧ ਹੈ। ਗੁਰਦੁਆਰਾ ਧਰਤੀ ਤੋਂ ਕਾਫੀ ਉੱਚਾ, ਪਿੰਡ ਦੇ ਪੂਰਬ ਵੱਲ ਹੈ। 1950 ਵਿੱਚ ਸੰਤ ਗੁਰਮੁੱਖ ਸਿੰਘ ਕਾਰ ਸੇਵਾ ਵਾਲਿਆਂ ਦੀ ਨਿਗਰਾਨੀ ਹੇਠ ਬਣਿਆ ਹੈ। ਪ੍ਰਕਾਸ਼ ਅਸਥਾਨ ਉੱਚਾ ਸੰਗਮਰਮਰ ਦਾ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇੱਕ ਵੱਡਾ ਹਾਲ 14×14 ਮੀਟਰ ਦਾ ਹੈ। ਗੁਰਦੁਆਰਾ ਗੁਬੰਦ-ਨੁਮਾ ਹੈ। ਛੱਤ ਦੇ ਕੋਨਿਆਂ 'ਤੇ ਵੀ ਸੰਗਮਰਮਰ ਦੀ ਨਕਾਸ਼ੀ ਹੋਈ ਹੈ। ਗੁਰਦੁਆਰੇ ਦੇ ਨਾਲ ਹੀ ਸਰੋਵਰ ਬਣਿਆ ਹੈ। ਗੁਰਦੁਆਰੇ ਦੇ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ ਪਰ ਅੱਜ ਕੱਲ੍ਹ ਰੇਖ ਦੇਖ ਕਾਰ ਸੇਵਾ ਵਾਲੇ ਸੰਤ ਕਰਦੇ ਹਨ। ਜਿਨ੍ਹਾਂ ਪਿੰਡ ਵਿੱਚ ਦੂਜੇ ਇਤਿਹਾਸਕ ਗੁਰਦੁਆਰੇ ਦੀ ਸੇਵਾ ਸ਼ੁਰੂ ਕੀਤੀ ਹੈ।

(2) ਖਡੂਰ ਸਾਹਿਬ: ਪੰਜਾਬ ਦੇ ਜ਼ਿਲਾ ਅੰਮ੍ਰਿਤਸਰ ਵਿੱਚ ਇੱਕ ਪੁਰਾਤਨ ਪਿੰਡ ਖਡੂਰ ਸਾਹਿਬ ਹੈ। ਇਹ ਪਿੰਡ ਤਰਨਤਾਰਨ ਦੇ ਪੂਰਬ ਵੱਲ 19 ਕਿਲੋਮੀਟਰ ਦੂਰ ਹੈ। ਤਰਨਤਾਰਨ ਦਾ ਅਕਸ਼ਾਸ਼ 31°-74' ਅਤੇ ਰੇਖਾਸ਼ ਦੇਸ਼ਾਂਤਰ 74°-56' ਹੈ।

ਗੁਰੂ ਨਾਨਕ ਸਾਹਿਬ ਇੱਕ ਵੇਰ ਆਪਣੇ ਸਿੱਖ ਭਾਈ ਜੋਧਾ ਨੂੰ ਮਿਲਣ ਇਸ ਪਿੰਡ ਆਏ ਸਨ। ਗੁਰੂ ਅੰਗਦ ਸਾਹਿਬ ਦੇ ਪਿਤਾ ਬਾਬਾ ਫੇਰੂ ਜੀ ਵੀ ਆਪਣੀ ਪੁਸ਼ਤਨੀ ਧਰਤੀ 'ਮੱਤੇ ਦੀ ਸਰਾਂ' ਛੱਡ ਕੇ ਖਡੂਰ ਸਾਹਿਬ ਵਿੱਚ ਰਹਿਣ ਲੱਗ ਪਏ ਸਨ। ਇਸੇ ਹੀ ਪਿੰਡ ਵਿੱਚ ਬਾਬਾ ਫੇਰੂ ਜੀ ਦੀ ਭੈਣ ਅਤੇ ਬੇਟੇ ਭਾਈ ਲਹਿਣਾ (ਬਾਅਦ ਵਿੱਚ ਗੁਰੂ ਅੰਗਦ ਸਾਹਿਬ) ਦਾ ਵਿਆਹ 1519 ਈ: ਵਿੱਚ ਹੋਇਆ ਸੀ। ਭਾਈ ਲਹਿਣਾ ਜੀ ਨੂੰ ਜਦੋਂ ਦੂਜਾ ਨਾਨਕ ਥਾਪਿਆ ਗਿਆ, 1539 ਵਿੱਚ ਗੁਰਗਦੀ ਦੇ ਕੇ ਤਾਂ ਉਨ੍ਹਾਂ ਨੇ 'ਖਡੂਰ ਸਾਹਿਬ' ਨੂੰ ਸਿੱਖ ਧਰਮ ਦੇ ਪ੍ਰਚਾਰ ਕੇਂਦਰ ਬਣਾਇਆ। ਗੁਰੂ ਸਾਹਿਬ ਇਸੇ ਪਿੰਡ 1552 ਈ. ਤੱਕ ਰਹੇ। ਇਥੇ ਹੀ ਖਡੂਰ ਸਾਹਿਬ ਵਿੱਚ (ਗੁਰੂ) ਅਮਰਦਾਸ (ਸਾਹਿਬ) ਸ਼ਰਧਾਲੂ ਬਣ ਕੇ ਸੇਵਾ ਕਰਦੇ ਰਹੇ ਅਤੇ ਬਾਅਦ ਵਿੱਚ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ। ਖਡੂਰ ਸਾਹਿਬ ਵਿੱਚ ਗੁਰੂ ਅੰਗਦ ਸਾਹਿਬ ਦੇ ਜੋ ਇਤਿਹਾਸਕ ਅਸਥਾਨ ਹਨ, ਉਹ ਇਸ ਤਰ੍ਹਾਂ ਹਨ:-

(ੳ) ਗੁਰਦੁਆਰਾ ਤਪ ਅਸਥਾਨ ਗੁਰੂ ਅੰਗਦ ਸਾਹਿਬ: ਗੁਰਦੁਆਰਾ ਤਪਿਆਨਾ ਸਾਹਿਬ ਦੇ ਸਾਹਮਣੇ ਉਹ ਚਬੂਤਰਾ ਹੈ ਜਿਥੇ ਗੁਰੂ ਅੰਗਦ ਸਾਹਿਬ ਪਾਠ ਕੀਤਾ ਕਰਦੇ ਸਨ। ਇਸ ਗੁਰਦੁਆਰੇ ਵਿੱਚ ਮੁਰਬਾ ਹਾਲ ਹੈ ਜੋ ਗੁੰਬਦਨੁਮਾ ਹੈ। ਕੇਂਦਰੀ ਗੁੰਬਦ ਉਪਰ ਸੁਨਹਿਰੀ ਕਲਸ ਲੱਗਾ ਹੋਇਆ ਹੈ ਜਿਸ ਉਪਰ ਦੋਧਾਰੀ ਖੰਡਾ ਨਜ਼ਰੀ ਪੈਂਦਾ ਹੈ।

(ਅ) ਗੁਰਦੁਆਰਾ ਦਰਬਾਰ ਸਾਹਿਬ, ਅੰਗੀਠਾ ਸਾਹਿਬ: ਇਹ ਉਹ ਥਾਂ ਹੈ ਜਿਥੇ ਗੁਰੂ ਅੰਗਦ ਸਾਹਿਬ ਦਾ ਸੰਸਕਾਰ ਕੀਤਾ ਗਿਆ ਸੀ। ਇਸ ਗੁਰਦੁਆਰੇ ਅੰਦਰ ਪ੍ਰਕਾਸ਼ ਅਸਥਾਨ ਅਤੇ ਸਾਹਮਣੇ ਹਾਲ ਹੈ। ਪ੍ਰਕਾਸ਼ ਅਸਥਾਨ ਦੇ ਆਸ-ਪਾਸ ਗੋਲ ਪ੍ਰਕਰਮਾ ਦੀ ਥਾ ਬਣੀ ਹੈ। ਇਸ ਦੇ ਨਾਲ ਹੀ ਮੁਰਬਾ ਆਕਾਰ ਦਾ ਗੁਬੰਦ ਬਣਿਆ ਹੈ ਜਿਸ ਨੂੰ 'ਕਿਲ੍ਹਾ-ਸਾਹਿਬ' ਆਖਿਆ ਜਾਂਦਾ ਹੈ। ਇਹ ਉਹ ਹੀ ਕਿਲ੍ਹੇ ਦਾ ਕਰੀਰ ਦਰੱਖਤ ਹੈ ਜਿਸ ਨਾਲ (ਗੁਰੂ) ਅਮਰਦਾਸ ਜੀ, ਗੁਰੂ ਅੰਗਦ ਸਾਹਿਬ ਦੇ ਇਸ਼ਨਾਨ ਲਈ ਜਲ੍ਹ ਦੀ ਗਾਗਰ ਲੈ ਆਉਂਦੇ ਠੋਕਰ ਖਾ ਕੇ ਡਿੱਗ ਪਏ ਸਨ। ਡਿਉਡੀ ਦੇ ਸਾਹਮਣੇ ਉਹ ਖੂਹ ਹੈ ਜਿਸ ਨੂੰ ਬੀਬੀ ਅਮਰੋ ਦਾ ਖੂਹ ਆਖਿਆ ਜਾਂਦਾ ਹੈ। ਬੀਬੀ ਅਮਰੋ, ਗੁਰੂ ਅੰਗਦ ਸਾਹਿਬ ਦੀ ਸਪੁੱਤਰੀ ਸਨ ਜਿਨ੍ਹਾਂ ਦੇ ਸ਼ਬਦ ਉਚਾਰਣ ਕਾਰਨ ਹੀ ਬਾਬਾ ਅਮਰਦਾਸ ਜੀ, ਗੁਰੂ ਅੰਗਦ ਸਾਹਿਬ ਦੇ ਚਰਨੀਂ ਲੱਗੇ ਸਨ। ਗੁਰੂ ਅੰਗਦ ਸਾਹਿਬ, ਖਡੂਰ ਸਾਹਿਬ ਵਿੱਚ 13 ਸਲ (1539-1552 ਈ:) ਤੱਕ ਰਹੇ।

(ੲ) ਗੁਰਦੁਆਰਾ ਮਾਈ ਭੈਰਾਈ ਜੀ: ਸਿੱਖ ਇਤਿਹਾਸ ਅਨੁਸਾਰ ਜਦੋਂ ਗੁਰੂ ਨਾਨਕ ਸਹਿਬ ਨੇ ਜਦੋਂ ਗੁਰੂ ਅੰਗਦ ਸਾਹਿਬ ਨੂੰ ਕਰਤਾਰਪੁਰ ਵਿੱਚ ਗੁਰਗੱਦੀ ਲਈ ਚੁਣਿਆ ਤਾਂ ਗੁਰੂ ਅੰਗਦ ਸਾਹਿਬ ਖਡੂਰ ਸਾਹਿਬ ਆ ਗਏ। ਗੁਰੂ ਸਾਹਿਬ ਕੁੱਝ ਸਮੇਂ ਲਈ ਇਕਾਂਤ ਰਹਿਣਾ ਚਾਹੁੰਦੇ ਸਨ। ਗੁਰੂ ਸਾਹਿਬ ਆਪਣੇ ਘਰ ਨਾ ਗਏ ਅਤੇ ਮਾਈ ਭੈਰਾਈ ਦੇ ਘਰ ਵਿੱਚ ਇੱਕ ਛੋਟੇ ਜਿਹੇ ਬੰਦ ਕਮਰੇ ਵਿੱਚ ਰਹੇ। ਜਦੋਂ ਸੰਗਤਾਂ ਨਵੇਂ ਗੁਰੂ ਨੂੰ ਵੇਖਣ ਲਈ ਕਰਤਾਰਪੁਰ ਪੁੱਜੀਆਂ ਤਾਂ ਫਿਰ ਬਾਬਾ ਬੁੱਢਾ ਜੀ ਦੀ ਅਗਵਾਈ ਵਿੱਚ ਸੰਗਤਾਂ ਖਡੂਰ ਸਾਹਿਬ ਆ ਗਈਆਂ। ਬਾਬਾ ਜੀ ਨੇ ਸੋਚਿਆ ਕਿ ਗੁਰੂ ਅੰਗਦ ਸਾਹਿਬ ਬੁਰਾ ਨਾ ਮਨਾਉਣ ਤਾਂ ਉਨ੍ਹਾਂ ਮਾਈ ਭੈਰਾਈ ਦੇ ਕਮਰੇ ਦੀ ਦੀਵਾਰ ਵਿੱਚ ਇੱਕ ਸੁਰਾਖ ਕੀਤਾ ਅਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ

ਨਿਹਾਲ ਹੋ ਗਏ। ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਸੰਗਤਾਂ ਦਰਸ਼ਨਾਂ ਲਈ ਤਾਂਘ ਰਹੀਆਂ ਹਨ ਤਾਂ ਗੁਰੂ ਸਾਹਿਬ ਕਮਰੇ ਤੋਂ ਬਾਹਰ ਆ ਕੇ ਸੰਗਤਾਂ ਨੂੰ ਦਰਸ਼ਨ ਦਿੱਤੇ। ਗੁਰਦੁਆਰੇ ਦੀ ਨਵੀਂ ਇਮਾਰਤ 1980 ਵਿੱਚ ਬਣੀ ਹੈ। ਹਾਲ ਦੇ ਅੰਦਰ ਇੱਕ ਪਾਸੇ ਸੰਗਮਰਮਰ ਦਾ ਪ੍ਰਕਾਸ਼ ਅਸਥਾਨ ਬਣਿਆ ਹੋਇਆ ਹੈ। ਹਾਲ ਦੇ ਉੱਪਰ ਤਿੰਨ ਮੰਜ਼ਲਾਂ ਬਣੀਆਂ ਹਨ ਜਿਨ੍ਹਾਂ ਉੱਪਰ ਚਿੱਟੇ ਦੁੱਧ ਵਰਗੇ ਗੁੰਬਦ ਦੂਰੋਂ ਨਜ਼ਰੀ ਆਉਂਦੇ ਹਨ।

(ਸ) ਗੁਰਦੁਆਰਾ ਮੱਲ ਅਖਾੜਾ ਸਾਹਿਬ: ਇਹ ਗੁਰਦੁਆਰਾ ਪਿੰਡ ਦੇ ਉੱਤਰੀ ਸਿਰੇ ਵੱਲ ਹੈ। ਉਸ ਥਾਂ ਦੀ ਨਿਸ਼ਾਨਦੇਹੀ ਕਰਦਾ ਹੈ ਜਿਥੇ ਗੁਰੂ ਅੰਗਦ ਸਾਹਿਬ ਪਿੰਡ ਦੇ ਬਾਲਕਾਂ ਨੂੰ ਮੱਲ ਯੁੱਧ ਦੀ ਸਿੱਖਿਆ ਵਿੱਚ ਨਿਪੁੰਨ ਕਰਦੇ ਸਨ। ਇਥੇ ਹੀ ਗੁਰੂ ਸਾਹਿਬ ਬੱਚਿਆਂ ਨੂੰ 'ਗੁਰਮੁਖੀ ਅੱਖਰ' ਵੀ ਸਖਾਉਂਦੇ ਸਨ। ਅਜਕਲ੍ਹ ਇਥੇ ਬਾਲਕਾਂ/ਨੌਜਵਾਨਾਂ ਨੂੰ 'ਗੁਰੂ ਗ੍ਰੰਥ ਸਾਹਿਬ' ਦੇ ਪਾਠ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਅਜੋਕੀ ਗੁਰਦੁਆਰਾ ਇਮਾਰਤ ਵਿੱਚ ਇੱਕ ਗੁੰਬਦ-ਕਾਰ ਮੁਰੱਬਾ ਹਾਲ ਹੈ ਜੋ ਦੀਵਾਰੀ ਅਹਾਤੇ ਵਿੱਚ ਹੈ। ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਮੁਕਾਮੀ ਕਮੇਟੀ ਕਰਦੀ ਹੈ। ਇਨ੍ਹਾਂ ਗੁਰਦੁਆਰਿਆਂ ਤੋਂ ਇਲਾਵਾ ਜੋ ਇਤਿਹਾਸਕ ਅਸਥਾਨ ਖਡੂਰ ਸਾਹਿਬ ਵਿੱਚ ਹਨ, ਉਨ੍ਹਾਂ ਵਿੱਚ ਗੁਰਦੁਆਰਾ ਤਪਿਆਨਾ ਸਾਹਿਬ, ਗੁਰਦੁਆਰਾ ਥੜ੍ਹਾ ਸਾਹਿਬ ਗੁਰੂ ਅਮਰਦਾਸ ਸਾਹਿਬ ਪ੍ਰਸਿੱਧ ਹਨ।

(3) ਭੈਰੋਵਾਲ: ਪੰਜਾਬ ਦੇ ਤਰਨਤਾਰਨ ਦੇ ਪੂਰਬ ਵੱਲ 15 ਕਿਲੋਮੀਟਰ ਦੂਰ ਤਰਨਤਾਰਨ-ਗੋਇੰਦਵਾਲ ਸੜਕ 'ਤੇ ਪਿੰਡ ਭੈਰੋਵਾਲ ਆਉਂਦਾ ਹੈ। ਇਹ ਪਿੰਡ ਦਰਿਆ ਬਿਆਸ ਦੇ ਕੰਢੇ ਸਥਿੱਤ ਹੈ, ਤਰਨਤਾਰਨ ਦਾ ਅਕਸ਼ਾਂਸ਼ 31°-27' ਅਤੇ ਰੇਖਾਸ਼ ਦੇਸ਼ਾਂਤਰ 74°-56' ਹੈ। ਗੁਰੂ ਅੰਗਦ ਸਾਹਿਬ ਇਸ ਪਿੰਡ ਆਏ ਸਨ। ਗੁਰੂ ਸਾਹਿਬ ਖਾਨਛੱਪੜੀ ਤੋਂ ਖਡੂਰ ਸਾਹਿਬ ਵੱਲ ਜਾਂਦੇ ਸਮੇਂ, ਕੁੱਝ ਸਮਾਂ ਇਥੇ ਠਹਿਰੇ ਸਨ। ਗੁਰਦੁਆਰੇ ਨੂੰ ਪਹਿਲਾਂ 'ਗੁਰੂਆਵਾ' ਆਖਿਆ ਜਾਂਦਾ ਸੀ ਪਰ ਅੱਜਕਲ੍ਹ 'ਗੁਰਦੁਆਰੇ ਗੁਰੂ ਅੰਗਦ ਸਾਹਿਬ' ਕਰਕੇ ਪ੍ਰਸਿੱਧ ਹੈ। ਗੁਰਦੁਆਰੇ ਦੀ ਅਜੋਕੀ ਇਮਾਰਤ 1980 ਵਿੱਚ ਬਣੀ ਹੈ। ਇਸ ਵਿੱਚ ਇੱਕ ਮੁਰੱਬਾ ਹਾਲ, ਪ੍ਰਕਾਸ਼ ਅਸਥਾਨ ਅਤੇ ਬਾਹਰਵਾਰ ਵਰਾਂਡਾ ਬਣਿਆ ਹੋਇਆ ਹੈ। ਇਹ ਸਰੋਵਰ 36×24 ਮੀਟਰ ਪ੍ਰਮੁੱਖ ਗੁਰਦੁਆਰੇ ਦੇ ਉੱਤਰ ਵੱਲ ਹੈ। 'ਗੁਰੂ ਦਾ ਲੰਗਰ' ਵੱਖਰੇ ਤੌਰ 'ਤੇ ਨਾਲ ਹੀ ਬਣਿਆ ਹੈ। ਗੁਰਦੁਆਰੇ ਦੇ ਦੋਵਾਂ ਕੋਨਿਆਂ 'ਤੇ ਨਿਸ਼ਾਨ ਸਾਹਿਬ ਝੂਲ ਰਹੇ ਹਨ। ਪ੍ਰਬੰਧ ਮੁਕਾਮੀ ਸੰਗਤਾਂ ਵੱਲੋਂ ਬਣੀ ਕਮੇਟੀ ਕਰਦੀ ਹੈ।

(4) ਖਾਨ ਛੱਪੜੀ: ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਗੋਇੰਦਵਾਲ ਸਾਹਿਬ ਦੇ ਪੱਛਮ ਵੱਲ 8 ਕਿਲੋਮੀਟਰ ਦੂਰ ਛੋਟਾ ਜਿਹਾ ਪਿੰਡ 'ਖਾਨ ਛੱਪੜੀ', ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਅੰਗਦ ਸਾਹਿਬ ਤੋਂ ਇਲਾਵਾ ਇਸ ਪਿੰਡ ਵਿੱਚ ਗੁਰੂ ਅਮਰਦਾਸ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਦੇ ਮੁਬਾਰੱਖ ਕਦਮ ਪਏ ਹਨ। ਗੋਇੰਦਵਾਲ ਦਾ ਅਕਸ਼ਾਸ਼ 31°-22' ਅਤੇ ਰੇਖਾਸ਼ ਦੇਸ਼ਾਂਤਰ 75°-9' ਹੈ। ਇਸ ਪਿੰਡ ਦਾ ਅਸਲੀ ਨਾਂ 'ਖਾਨਪੁਰ' ਸੀ ਅਤੇ 'ਖਾਨਰਜਾਦਾ' ਕਰਕੇ ਵੀ ਜਾਣਿਆ ਜਾਂਦਾ ਹੈ।

ਗੁਰੂ ਅੰਗਦ ਸਾਹਿਬ ਦੇ ਸਮੇਂ ਜਦੋਂ ਔੜ (ਖੁਸ਼ਕ ਸਾਲੀ) ਆਪਣੇ ਸਿਖਰ 'ਤੇ ਸੀ ਪਿੰਡ ਵਿੱਚ, ਤਾਂ ਇੱਕ ਯੋਗੀ ਜੋ ਆਪਣੇ ਆਪ ਨੂੰ ਕਰਾਮਾਤੀ ਸ਼ਕਤੀਆਂ ਦਾ ਮਾਲਕ ਸਮਝਦਾ ਸੀ, ਗੁਰੂ ਅੰਗਦ ਸਾਹਿਬ ਦੇ ਵੱਧ ਰਹੇ ਤੇਜ ਪ੍ਰਤਾਪ ਨੂੰ ਨਾ-ਸਹਾਰ ਸਕਿਆ। ਉਸ

ਨੇ ਪਿੰਡ ਵਾਸੀਆਂ ਨੂੰ ਆਖਿਆ ਕਿ ਇਸ ਗੁਰੂ ਨੂੰ ਪਿੰਡ ਵਿੱਚੋਂ ਕੱਢ ਦਿਓ ਅਤੇ ਮੈਂ ਤੁਹਾਨੂੰ ਮੀਂਹ ਵਰਸਾਉਣ ਦੀ ਕਰਾਮਾਤ ਕਰਕੇ ਦਸਾਂਗਾ। ਜਦੋਂ ਪਿੰਡ ਵਾਸੀਆਂ ਨੇ ਯੋਗੀ ਦੇ ਆਖੇ ਲੱਗ ਕੇ ਗੁਰੂ ਸਾਹਿਬ ਨੂੰ ਯੋਗੀ ਦੀ ਕਰਾਮਾਤ ਬਾਰੇ ਦੱਸਿਆ ਤਾਂ ਗੁਰੂ ਸਾਹਿਬ ਨੇ ਬਚਨ ਕੀਤਾ, "ਮੀਂਹ ਅਤੇ ਔੜ ਰੱਬ ਦੇ ਹੁਕਮ ਅਨੁਸਾਰ ਹੈ।" ਗੁਰੂ ਅੰਗਦ ਸਾਹਿਬ ਭਾਈ ਬੁੱਢਾ ਜੀ ਸਮੇਤ ਖਡੂਰ ਸਾਹਿਬ ਛੱਡ ਕੇ ਖਾਨਪੁਰ ਦੀ ਟਿੱਬੀ 'ਤੇ ਆਰਜ਼ੀ ਮੁਕਾਮ ਕੀਤਾ। ਜਦੋਂ ਖਡੂਰ ਸਾਹਿਬ ਵਿੱਚ ਬਾਰਸ਼ ਨਾ ਹੋਈ ਤੇ ਲੋਕੀ ਯੋਗੀ ਦੇ ਆਲੋਚਿਕ ਬਣ ਗਏ। ਇਸ ਸਮੇਂ ਦੌਰਾਨ ਬਾਬਾ (ਗੁਰੂ) ਅਮਰਦਾਸ ਸਾਹਿਬ ਜੋ ਗੋਇੰਦਵਾਲ ਵਿੱਚ ਸਨ ਖਡੂਰ ਸਾਹਿਬ ਆ ਗਏ। ਉਨ੍ਹਾਂ ਨੇ ਲੋਕਾਂ ਨੂੰ ਗੁਰੂ ਅੰਗਦ ਸਾਹਿਬ ਕੋਲੋਂ ਮੁਆਫੀ ਮੰਗਣ ਬਾਰੇ ਕਿਹਾ। ਜਦੋਂ ਬਾਬਾ ਅਮਰਦਾਸ ਅਤੇ ਦੁਖੀ ਪਿੰਡ ਵਾਸੀ ਖਾਨਪੁਰ ਦੀ ਟਿੱਬੀ 'ਤੇ ਆ ਕੇ ਗੁਰੂ ਅੰਗਦ ਸਾਹਿਬ ਕੋਲੋਂ ਮੁਆਫੀ ਮੰਗੀ ਅਤੇ ਗੁਰੂ ਸਾਹਿਬ ਨੂੰ ਸਤਿਕਾਰ ਨਾਲ ਖਡੂਰ ਸਾਹਿਬ ਲੈ ਆਏ ਤਾਂ ਪਿੰਡ ਵਾਸੀਆਂ ਨੇ ਯੋਗੀ ਨੂੰ ਚੰਗੀ ਦੰਡ ਦਿੱਤੀ ਅਤੇ ਪਿੰਡ ਤੋਂ ਭੱਜਾ ਦਿੱਤਾ ਤਾਂ ਉਸੇ ਸਮੇਂ ਬਾਰਸ਼ ਪੈਣੀ ਸ਼ੁਰੂ ਹੋਈ।

ਸਿਆਲ ਦੇ ਮੌਸਮ ਵਿੱਚ ਇੱਕ ਵੇਰ ਗੁਰੂ ਅਰਜਨ ਜੀ ਆਪਣੇ ਕੁੱਝ ਸ਼ਰਧਾਲੂਆਂ ਸਮੇਤ ਇਥੋਂ ਗੁਜਰ ਰਹੇ ਸਨ ਕਿ ਭਾਰੀ ਮੀਂਹ ਪੈ ਗਿਆ। ਪਿੰਡ ਦਾ ਇੱਕ ਗਰੀਬ ਕਿਸਾਨ ਭਾਈ ਹੀਮਾਂ ਜੀ ਗੁਰੂ ਸਾਹਿਬ ਅਤੇ ਸ਼ਰਧਾਲੂਆਂ ਨੂੰ ਆਪਣੀ ਛੱਪੜੀ ਵਿੱਚ ਲੈ ਗਿਆ ਅਤੇ ਚੰਗੀ ਆਓ ਭਗਤ ਕੀਤੀ। ਇਸੇ ਕਾਰਨ 'ਖਾਨਪੁਰ' ਬਾਅਦ ਵਿੱਚ 'ਖਾਨਪੁਰ ਛੱਪੜੀ' ਕਰਕੇ ਪ੍ਰਸਿੱਧ ਹੋ ਗਿਆ। ਛੇਵੇਂ ਗੁਰੂ ਵੀ ਆਪਣੀ ਮਾਲ੍ਹਵੇ ਫੇਰੀ ਸਮੇਂ ਇਥੇ ਆਏ ਸਨ।

ਅਜੋਕੀ ਗੁਰਦੁਆਰਾ ਸਾਹਿਬ ਦੀ ਇਮਾਰਤ 1970 ਵਿੱਚ ਸੰਗਮਰਮਰ ਦੀ ਬਣੀ ਹੈ। 'ਗੁਰਦੁਆਰਾ ਛੱਪੜੀ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਗੁਰਦੁਆਰੇ ਵਿੱਚ ਬਹੁਤ ਵੱਡਾ ਹਾਲ ਹੈ ਅਤੇ ਪ੍ਰਕਾਸ਼ ਅਸਥਾਨ ਵਿੱਚਕਾਰ ਹੈ। ਗੁਰਦੁਆਰੇ ਦੇ ਨੇੜੇ ਹੀ ਸਰੋਵਰ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਲੋਕਲ ਕਮੇਟੀ ਕਰਦੀ ਹੈ। ਗੁਰਦੁਆਰੇ ਨਾਲ 50 ਏਕੜ ਜ਼ਮੀਨ ਹੈ।

* * *

ਕਸ਼ਮੀਰ ਵਿੱਚ ਫਾਰਸੀ ਅੱਖਰਾਂ ਵਾਲੀ ਗੁਰੂ ਗ੍ਰੰਥ ਸਾਹਿਬ ਦੀ ਬੀੜ

ਇਕ ਵੇਰ ਖਬਰ ਅਖਬਾਰਾਂ ਵਿੱਚ ਆਈ ਸੀ ਕਿ ਫਾਰਸੀ ਅੱਖਰਾਂ ਵਾਲੀਆਂ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਬੀੜਾਂ ਪੰਜਾਬ ਦੇ ਕਿਸੇ ਗੁਰਦੁਆਰੇ ਵਿੱਚੋਂ ਮਿਲੀਆਂ ਹਨ। ਕਸ਼ਮੀਰ ਵਿੱਚ ਵੀ ਅਜਿਹੀ ਇਕ ਬੀੜ ਦੀ ਨਿਸ਼ਾਨ-ਦੇਹੀ ਇਨ੍ਹਾਂ ਸਤਰਾਂ ਦੇ ਲੇਖਕ ਨੇ ਕੀਤੀ ਹੈ। ਇਸ ਬੀੜ ਦੇ ਕੁੱਲ ਅੰਗ 2220 ਹਨ। ਪਹਿਲੇ ਕਵਰ ਸਫੇ 'ਤੇ ਫਾਰਸੀ ਅੱਖਰਾਂ ਵਿੱਚ ਖ਼ੂਬਸੂਰਤ ਰੰਗਾਂ ਦੀਆਂ ਵੇਲਾਂ ਵਿਚਕਾਰ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਲਿਖਿਆ ਹੋਇਆ ਹੈ। ਹੇਠਾਂ ਫਾਰਸੀ ਅੱਖਰਾਂ ਵਿੱਚ ਕੀਮਤ 12 ਰੁਪਏ (ਕੀਮਤ ਫੀ ਜਿਲਦ) ਲਿਖਿਆ ਗਿਆ ਹੈ। ਫਾਰਸੀ ਅੱਖਰਾਂ ਵਿੱਚ ਦੋਬਾਰਾ ਹੇਠਾਂ ਲਿਖਿਆ ਹੈ "ਗੁਰੂ ਗ੍ਰੰਥ ਸਾਹਿਬ ਜੀ ਆਦਿ ਜਿਸ ਕੋ ਬਾਵਾ ਊਧਮ ਸਿੰਘ ਨੇ ਗੁਰਮੁਖੀ ਸੇ ਲਫ਼ਜ਼-ਬ-ਲਫ਼ਜ਼ ਮੁਕਾਬਲਾ ਕਰਕੇ ਉਰਦੂ ਮੇਂ ਬਹੁਤ ਮਿਹਨਤ ਵਾ ਕੋਸ਼ਿਸ਼ ਸੇ ਤਿਆਰ ਕੀਆ।"

ਇਸ ਦੇ ਹੇਠਾਂ ਛਪਾਈ ਦਾ 1916 ਈ. ਦਾ ਵਰ੍ਹਾ ਦਿੱਤਾ ਹੈ ਜੋ ਯੂਨੀਅਨ ਸਟੀਮ ਪ੍ਰੈੱਸ, ਲਾਹੌਰ ਤੋਂ ਛਪਿਆ ਹੈ। ਇਸ ਨੂੰ ਪ੍ਰਕਾਸ਼ਤ ਕਰਨ ਵਾਲੇ ਬਾਰੇ ਇੰਝ ਲਿਖਿਆ ਹੈ "ਐਚ.ਐਮ.ਡੀ. ਐਂਡ ਸਨਜ਼, ਭਾਟੀ ਦਰਵਾਜ਼ਾ ਨੂਹ ਮੁਹੱਲਾ, ਲਾਹੌਰ।"

ਤਸਦੀਕ: ਮੈਂ ਤਸਦੀਕ ਕਰਤਾ ਹੂੰ ਕਿ ਯੇਹ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ' (ਬਖ਼ਤੇ ਉਰਦੂ) ਅਸਲ ਗੁਰਮੁਖੀ ਗ੍ਰੰਥ ਸਾਹਿਬ ਕੇ ਬਿਲਕੁਲ ਮੁਤਾਬਕ ਹੈ। ਮੈਂਨੇ ਇਸੇ ਸ਼ੁਰੂ ਸੇ ਅਖੀਰ ਤੱਕ ਬੜੇ ਗ਼ੌਰ ਸੇ ਲਫ਼ਜ਼-ਬ-ਲਫ਼ਜ਼ ਮੁਕਾਬਲਾ ਕਰਕੇ ਸਹੀ ਕੀਆ ਹੈ।"

ਇਸ ਬੀੜ ਦੇ ਸ਼ੁਰੂ ਵਿੱਚ ਤਜ਼ਕਰਾ (ਤਤਕਰਾ) ਜੋ ਦਿੱਤਾ ਹੈ, ਬਾਣੀਆਂ ਦਾ, ਉਸ ਲਈ 54 ਪੰਨੇ ਸਰਫ਼ ਕੀਤੇ ਗਏ ਹਨ। ਹਰ ਸਤਰ ਖ਼ੂਬਸੂਰਤ ਕਾਲੀ ਸਿਆਹੀ ਨਾਲ ਛਪੀ ਹੋਈ ਹੈ। ਪਰ ਪੰਨੇ 'ਤੇ ਕਿਤੇ 19 ਅਤੇ ਕਿਤੇ 20 ਸਤਰਾਂ ਆਈਆਂ ਹਨ। ਜਿਵੇਂ ਅੰਗ 696 'ਤੇ 20 ਸਤਰਾਂ, ਅੰਗ 1136 'ਤੇ 19 ਸਤਰਾਂ ਅਤੇ ਅੰਗ 1618 'ਤੇ 20 ਸਤਰਾਂ ਦਰਜ ਵੇਖੀਆਂ ਗਈਆਂ ਹਨ। ਅਖ਼ੀਰ 'ਤੇ ਰਾਗਮਾਲਾ ਦਰਜ ਹੈ ਜੋ ਅੰਗ 2219 ਤੋਂ ਲੈ ਕੇ 2220 ਤੱਕ ਆਈ ਹੈ।

ਇਹ ਬੀੜ ਬਾਲ ਗਾਰਡਨ (ਸ੍ਰੀਨਗਰ) ਦੇ ਸ: ਕੁਲਵੰਤ ਸਿੰਘ ਡਲਵਨਾਂ ਦੇ ਘਰ ਕਈ ਵਰ੍ਹਿਆਂ ਤੋਂ ਮੌਜੂਦ ਸੀ, ਜਿਨ੍ਹਾਂ ਸਤਿਕਾਰ ਨਾਲ ਇਹ ਬੀੜ 2000 ਈ. ਵਿੱਚ ਸ. ਸੁਰਿੰਦਰ ਸਿੰਘ ਬਾਲੀ (ਪੁੱਤਰ ਸ. ਛਬੀਲ ਸਿੰਘ ਘੁੰਡੀ) ਨੂੰ ਸੇਵਾ ਸੰਭਾਲ ਲਈ ਦੇ ਦਿੱਤੀ, ਜੋ ਅਜੇ ਤੱਕ ਉਨ੍ਹਾਂ ਕੋਲ ਸਾਂਭੀ ਪਈ ਹੈ। ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਜਿਹੇ ਮੁੱਲਵਾਨ ਫ਼ਾਰਸੀ ਅੱਖਰਾਂ ਵਾਲੇ ਗ੍ਰੰਥਾਂ ਨੂੰ ਸੰਭਾਲਣ ਉਪਰੰਤ ਸੈਂਚੀਆਂ ਵਿੱਚ ਛਪਾਈ ਕਰ ਸਕੇ ਤਾਂ ਇਹ ਵਡਮੁੱਲਾ ਕੰਮ ਤਾਂ ਹੋਵੇਗਾ ਹੀ, ਪੱਛਮੀ ਪੰਜਾਬ ਦੇ ਲੋਕ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਆਨੰਦ ਸ਼ਾਹਮੁਖੀ ਵਿੱਚ ਬੜੇ ਪਿਆਰ ਨਾਲ ਮਾਣ ਸਕਣਗੇ ਅਤੇ ਅਧਿਐਨ ਵੀ ਕਰ ਸਕਣਗੇ।

ਮਟਨ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਇਕ ਇਤਿਹਾਸਕ ਬੀੜ

ਗੁਰੂ ਨਾਨਕ ਸਾਹਿਬ ਆਪਣੀ ਤੀਜੀ ਉਦਾਸੀ ਸਮੇਂ (1515 ਤੋਂ 1517 ਈ.) ਕਸ਼ਮੀਰ ਆਏ ਸਨ। ਗੁਰੂ ਸਾਹਿਬ ਬਾਲਤਾਲ ਤੋਂ ਬਿਖੜੇ ਪਹਾੜੀ ਤੇ ਬਰਫਾਨੀ ਰਸਤਿਆਂ ਰਾਹੀਂ ਅਮਰਨਾਥ, ਪਹਿਲਗਾਮ, ਅਸ਼ੂ ਮੁਕਾਮ ਤੋਂ ਹੁੰਦੇ ਹੋਏ 'ਮਟਨ ਨਗਰ' ਪੁੱਜੇ ਸਨ। ਮਟਨ ਮਾਰਤੰਡ ਦੇ ਪੁਰਾਣੇ ਖੰਡਰਾਂ ਅਤੇ ਜੋੜਵੇਂ ਚਸ਼ਮਿਆਂ ਕਰਕੇ ਬੜਾ ਪ੍ਰਸਿੱਧ ਰਿਹਾ ਹੈ। ਗੁਰੂ ਨਾਨਕ ਸਾਹਿਬ ਨੇ ਇਥੇ ਹੀ ਪੰਡਤ ਬ੍ਰਹਮਦਾਸ ਅਤੇ ਕਮਾਲ ਫ਼ਕੀਰ ਨਾਲ ਮੁਲਾਕਾਤ ਕੀਤੀ ਸੀ।

ਗੁਰਦੁਆਰਾ ਨਾਨਕਸਰ ਮਟਨ ਸਾਹਿਬ, ਸ੍ਰੀਨਗਰ ਸ਼ਹਿਰ ਤੋਂ 57 ਕਿਲੋਮੀਟਰ ਦੂਰ ਅਨੰਤਨਾਗ ਦੇ ਕੋਲ ਸਥਿਤ ਹੈ। ਗੁਰੂ ਸਾਹਿਬ ਜੋੜਵੇਂ ਚਸ਼ਮਿਆਂ ਕੋਲ 'ਮੱਛ-ਭਵਨ' ਕੋਲ ਬਿਰਾਜੇ ਸਨ। ਚਸ਼ਮਿਆਂ ਦੇ ਵਿਚਕਾਰ ਇਕ ਵੱਡਾ ਪੱਥਰ ਦਾ ਥੜ੍ਹਾ ਸੀ ਜਿਸ 'ਤੇ ਬੈਠ ਕੇ ਪੰਡਤ ਬ੍ਰਹਮਦਾਸ ਨਾਲ ਮੁਲਾਕਾਤ ਹੋਈ ਸੀ। ਇਥੇ ਹੀ ਪੰਡਤ ਬ੍ਰਹਮਦਾਸ ਦਾ ਹੰਕਾਰ ਟੁੱਟਾ ਸੀ ਤੇ ਉਹ ਗੁਰੂ ਸਾਹਿਬ ਦਾ ਸਿੱਖ ਬਣ ਗਿਆ ਸੀ। ਗੁਰੂ ਸਾਹਿਬ ਦੇ ਹੁਕਮ ਨਾਲ ਇਥੇ ਉਸ ਨੇ ਧਰਮਸ਼ਾਲਾ ਸਥਾਪਤ ਕੀਤੀ ਸੀ। ਮਹਿਕਮਾ ਮਾਲ ਦੇ ਕਾਗਜ਼ਾਂ ਵਿੱਚ ਅੱਜ ਵੀ 'ਧਰਮਸ਼ਾਲਾ' ਲਿਖਿਆ ਮਿਲਦਾ ਹੈ। ਇਸ ਗੁਰਦੁਆਰਾ ਸਾਹਿਬ ਦੀ ਇਮਾਰਤ 1766 ਈ. ਵਿੱਚ ਕਸ਼ਮੀਰ ਦੇ ਅਫਗਾਨੀ ਗਵਰਨਰ, ਨੂਰਦੀਨ ਬਾਮਜ਼ੀ ਦੇ ਮੈਂਬਰ ਖਾਸ ਸ: ਗੁਰਮੁਖ ਸਿੰਘ ਨੇ ਬਣਾਈ ਸੀ। ਖਾਲਸਾ ਰਾਜ ਸਮੇਂ 1821 ਈ. ਵਿੱਚ ਸ: ਹਰੀ ਸਿੰਘ ਨਲੂਆ, ਗਵਰਨਰ ਕਸ਼ਮੀਰ ਨੇ ਮਟਨ ਦੇ ਜੋੜਵੇਂ ਚਸ਼ਮਿਆਂ ਦੇ ਤਿੰਨਾਂ ਪਾਸਿਆਂ 'ਤੇ ਛੋਟੇ-ਛੋਟੇ ਸੱਤ ਗੁਰਦੁਆਰੇ ਉਸਾਰੇ ਸਨ ਜਿਨ੍ਹਾਂ ਵਿੱਚ 'ਗੁਰੂ ਗ੍ਰੰਥ ਸਾਹਿਬ' ਦੀਆਂ ਸੱਤ ਬੀੜਾਂ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਇਨ੍ਹਾਂ ਗੁਰਦੁਆਰਿਆਂ ਨਾਲ ਹੀ ਤਕਰੀਬਨ ਸੱਤ ਦਰਜਨ ਕਮਰੇ ਵੀ ਉਸਾਰੇ ਗਏ ਸਨ। ਇਹ ਸਤ ਗੁਰਦੁਆਰਿਆਂ ਵਾਲੀ ਬੇਸ਼ਕੀਮਤੀ ਫੋਟੋ ਯੂਰਪੀ ਸੈਲਾਨੀ 'ਬਰਨਸ' ਦੇ ਸਾਥੀ ਵਾਇਜੇਨ ਵੱਲੋਂ 1820-30 ਈ. ਵਿੱਚ ਸਾਂਭੀ ਹੋਈ ਹੈ!

ਡੋਗਰਾ ਮਹਾਰਾਜਾ ਪ੍ਰਤਾਪ ਸਿੰਹੁ ਦੇ ਦੌਰ ਵਿੱਚ (1905-1909) ਇਹ ਸੱਤ ਗੁਰਦੁਆਰੇ ਕਿਸੇ ਡੂੰਘੀ ਸਾਜ਼ਿਸ਼ ਤਹਿਤ ਢਾਹ ਦਿੱਤੇ ਗਏ। ਜਿਥੇ ਚਸ਼ਮੇ ਵਿਚਕਾਰ ਪੱਥਰ ਦਾ ਥੜ੍ਹਾ ਸੀ, ਉਥੇ ਇਕ ਮੰਦਰ 1944 ਈ. ਵਿੱਚ ਤਾਮੀਰ ਕੀਤਾ ਗਿਆ। ਇਸ ਤਰ੍ਹਾਂ ਬਾਅਦ ਵਿੱਚ ਸਿੱਖਾਂ ਨੂੰ ਚਸ਼ਮੇ ਦੇ ਸੱਜੇ ਪਾਸੇ ਸੂਰੀਆ ਮੰਦਰ ਲਾਗੇ ਇਕ ਗੁਰਦੁਆਰਾ ਉਸਾਰਨਾ ਪਿਆ। 'ਮਹਾਨਕੋਸ਼' ਦੇ ਕਰਤਾ ਅਨੁਸਾਰ ਇਸ ਇਤਿਹਾਸਕ ਗੁਰਦੁਆਰੇ ਨਾਲ ਸਾਲਾਨਾ ਪੰਜਾਹ ਰੁਪਏ ਦੀ ਜਗੀਰ ਲੱਗੀ ਹੋਈ ਸੀ ਜੋ ਬਾਅਦ ਵਿੱਚ ਡੋਗਰਾ ਰਾਜ ਸਮੇਂ ਬੰਦ ਹੋ ਗਈ। ਇਸ ਗੁਰਦੁਆਰੇ ਨੂੰ ਵੀ ਹਿੰਦੂ ਆਪਣੀ ਜਾਇਦਾਦ ਸਮਝਦੇ ਹਨ ਜਿਸ ਕਾਰਨ ਕਈ ਵੇਰ ਝਗੜੇ ਵੀ ਹੋਏ ਤੇ ਸਿੰਘਾਂ ਨੇ ਮੋਰਚੇ ਵੀ ਲਾਏ ਪਰ ਅਜੇ ਤੱਕ ਇਹ ਕੇਸ ਸੁਪ੍ਰੀਮ ਕੋਰਟ ਵਿੱਚ ਪਿਆ ਹੈ।

ਇਸ ਗੁਰਦੁਆਰੇ ਵਿੱਚ 'ਗੁਰੂ ਗ੍ਰੰਥ ਸਾਹਿਬ' ਦੀਆਂ ਸੱਤ ਹੱਥ ਲਿਖਤ ਬੀੜਾਂ, ਸਿੱਖ ਰਾਜ ਸਮੇਂ ਸੱਤ ਗੁਰਦੁਆਰਿਆਂ ਦੇ ਹੋਣ ਦੀ ਤਸਦੀਕ ਕਰਦੀਆਂ ਹਨ। 1962 ਈ. ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਤੋਂ ਕੁਝ ਪ੍ਰਬੰਧਕ ਆਏ ਸਨ ਜੋ ਦੋ ਬੀੜਾਂ ਆਪਣੇ ਨਾਲ ਲੈ ਗਏ ਸਨ। ਹੁਣ ਇਥੇ ਪੰਜ ਬੀੜਾਂ ਹੀ ਰਹਿ ਗਈਆਂ ਹਨ ਜਿਨ੍ਹਾਂ ਵਿੱਚ ਉਹ ਇਤਿਹਾਸਕ ਸੁਨਹਿਰੀ ਬੀੜ ਵੀ ਮੌਜੂਦ ਹੈ ਜੋ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਬੰਧਕ ਲੈ ਜਾਣਾ ਚਾਹੁੰਦੇ ਸਨ ਪਰ ਮੁਕਾਮੀ ਸਿੰਘਾਂ ਨੇ ਸੁਨਹਿਰੀ ਬੀੜ ਲੈ ਜਾਣ ਦੀ ਇਜਾਜ਼ਤ ਨਾ ਦਿੱਤੀ। ਇਹ ਬੀੜਾਂ ਸਤਾਰਵੀਂ ਸਦੀ ਦੀਆਂ ਹਨ। ਸੁਨਹਿਰੀ ਬੀੜ ਦੇ ਪਹਿਲੇ ਦੋ ਪੰਨਿਆਂ ਦੀਆਂ ਕੁੱਝ ਸਤਰਾਂ ਸੁਨਹਿਰੀ ਸਿਆਸੀ ਨਾਲ ਲਿਖੀਆਂ ਹੋਈਆਂ ਹਨ। ਇਸ ਬੀੜ ਦੀ ਸੁੰਦਰ ਲਿਖਾਈ ਮਨ ਨੂੰ ਮੋਹ ਲੈਂਦੀ ਹੈ ਅਤੇ ਹਰ ਸਫ਼ਾ ਚਮਕਦਾਰ ਹੈ। ਸਿਆਸੀ ਗੂੜ੍ਹੀ-ਕਾਲੀ ਹੈ। ਇਸ ਬੀੜ ਦੇ ਅਖੀਰਲੇ ਸਫੇ 'ਤੇ ਨੰਬਰ 737 ਲਿਖਿਆ ਹੈ ਅਤੇ ਰਾਗ ਮਾਲਾ ਅਖੀਰ 'ਤੇ ਦਰਜ ਹੈ। ਪੰਨਿਆਂ ਦੀ ਗਿਣਤੀ 1472 ਬਣਦੀ ਹੈ। ਬੀੜ ਦੇ ਵਿਚਕਾਰ ਦੋ ਪੰਨਿਆਂ ਦੇ ਨੰਬਰ ਇਕੋ ਜਿਹੇ ਲਿਖੇ ਗਏ ਹਨ। ਪਹਿਲੇ ਦੋਵੇਂ ਸਫਿਆਂ 'ਤੇ ਕਮਾਲ ਦੀ ਚਿੱਤਰਕਾਰੀ ਕੀਤੀ ਗਈ ਹੈ। ਸਾਰੇ ਪੰਨਿਆਂ 'ਤੇ ਪੀਲੇ ਗੂੜ੍ਹੇ ਰੰਗ ਦਾ ਹਾਸ਼ੀਆ ਪਾਇਆ ਗਿਆ ਹੈ। ਬੀੜ ਬਹੁਤ ਹੀ ਚੰਗੀ ਹਾਲਤ ਵਿੱਚ ਹੈ। ਪੰਜ ਬੀੜਾਂ ਇਕ ਸਾਧਾਰਣ ਲੱਕੜ ਉਤੇ ਰੱਖੀਆਂ ਗਈਆਂ ਹਨ। ਮਹੀਨੇ ਵਿੱਚ ਇਕ ਵੇਰ ਇਨ੍ਹਾਂ ਬੀੜਾਂ ਨੂੰ ਧੁੱਪ ਵਿੱਚ ਰੱਖ ਕੇ ਸੈਂਟ ਆਦਿ ਪਾ ਕੇ ਦੁਬਾਰਾ ਬੰਦ ਕਰਕੇ ਰੱਖਿਆ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੂੰ ਤੁਰੰਤ ਇਨ੍ਹਾਂ ਦੀ ਸੁਰੱਖਿਆ ਲਈ ਯੋਗ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਸਿੱਖ ਪੰਥ ਦੇ ਅਨਮੋਲ ਵਿਰਸੇ ਨੂੰ ਸੰਭਾਲਿਆ ਜਾ ਸਕੇ।

***

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜੰਮੂ ਕਸ਼ਮੀਰ ਵੱਲ ਸਫ਼ਰ

ਰਿਆਸਤ ਜੰਮੂ-ਕਸ਼ਮੀਰ, ਭਾਰਤ ਦੇ ਪੈਰਾਡਾਇਮ ਤੇ ਕਲਗੀ ਵਾਂਗ ਨਜ਼ਰੀ ਪੈਂਦੀ ਹੈ। ਦੱਖਣ ਤੋਂ ਉੱਤਰ ਤੱਕ 400 ਮੀਲ ਅਤੇ ਪੂਰਬ ਤੋਂ ਪੱਛਮ ਵੱਲ 300 ਮੀਲ ਲੰਮਾ ਸਾਰਾ ਇਲਾਕਾ ਪਹਾੜੀ ਹੈ। ਇਹ ਰਿਆਸਤ ਭੂਗੋਲਿਕ ਤੌਰ 'ਤੇ ਉੱਤਰ ਵੱਲ ਚੀਨੀ ਅਤੇ ਰੂਸੀ ਤੁਰਕਸਤਾਨ, ਪੂਰਬ ਵੱਲੋਂ ਚੀਨੀ ਤਿੱਬਤ, ਦੱਖਣ ਵੱਲੋਂ ਪੰਜਾਬ ਅਤੇ ਪੱਛਮ ਵੱਲੋਂ ਉੱਤਰ ਸਰਹੱਦੀ ਸੂਬਾ (ਪਾਕਿਸਤਾਨ) ਚੀਨ, ਰੂਸ, ਅਫਗਾਨਿਸਤਾਨ ਅਤੇ ਪਾਕਿਸਤਾਨ ਨਾਲ ਘਿਰੀ ਹੋਈ ਹੈ।

ਜੰਮੂ-ਕਸ਼ਮੀਰ ਦੀ ਧਰਤੀ ਗੁਰੂ ਨਾਨਕ ਸਾਹਿਬ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮੁਬਾਰਕ ਕਦਮਾਂ ਨਾਲ ਫੈਜ਼ਯਾਬ ਹੋਈ ਹੈ। ਗੁਰੂ ਹਰਿਰਾਇ ਸਾਹਿਬ ਜੰਮੂ-ਕਸ਼ਮੀਰ ਵੱਲ 1660 ਈਸਵੀ ਨੂੰ ਆਏ ਸਨ। ਗੁਰੂ ਗੋਬਿੰਦ ਸਿੰਘ ਸਹਿਬ 28 ਮਾਰਚ 1692 ਈ. ਨੂੰ ਰਾਜਾ ਭੀਮ ਚੰਦ ਤੇ ਹੋਰ ਪਹਾੜੀ ਰਾਜਿਆਂ ਦੇ ਸੱਦੇ 'ਤੇ ਰਵਾਲਸਰ ਤੀਰਥ 'ਤੇ ਗਏ ਸਨ। ਸਾਰਿਆਂ ਰਾਜਿਆਂ, ਸਹਿਜ਼ਾਦਿਆਂ ਨੇ ਗੁਰੂ ਸਾਹਿਬ ਦੀ ਬੜੀ ਇੱਜ਼ਤ ਕੀਤੀ ਅਤੇ ਖੁਸ਼-ਆਮਦੀਦ ਆਖੀ। ਇਥੇ ਹੀ ਰਵਾਲਸਰ ਤੀਰਥ ਤੇ ਜੰਮੂ ਦਾ ਗੁਰੂ ਸਾਹਿਬ ਦਾ ਪਰਮ ਮਿੱਤਰ ਰਾਜਾ ਗਜੇ ਸਿੰਘ (ਰਾਜਪੂਤ) ਆਇਆ ਹੋਇਆ ਸੀ। ਉਸ ਦੀ ਬੇਨਤੀ 'ਤੇ ਗੁਰੂ ਸਾਹਿਬ 20 ਅਪਰੈਲ 1692 ਨੂੰ ਪੁਰਮੰਡਲ ਤੀਰਥ 'ਤੇ ਜਾ ਪਹੁੰਚੇ। ਗੁਰੂ ਸਾਹਿਬ ਦੇ ਪੁਰਮੰਡਲ ਪੁੱਜਣ 'ਤੇ ਹਜ਼ਾਰਾਂ ਸੰਗਤਾਂ, ਉਨ੍ਹਾਂ ਦੇ ਦਰਸ਼ਨਾਂ ਲਈ ਆਈਆਂ। ਪੁਰਮੰਡਲ ਤੀਰਥ ਵਿੱਚ ਗੁਰੂ ਸਾਹਿਬ ਇੱਕ ਦਿਨ ਠਹਿਰ ਕੇ ਦੂਜੇ ਦਿਨ ਰਾਜਾ ਗਜੇ ਸਿੰਘ ਨਾਲ ਪਹਾੜਾਂ ਦੀ ਸੈਰ ਕਰਦੇ ਹੋਏ ਜੰਮੂ ਨਗਰ ਵਿੱਚ ਆਏ ਸਨ। ਰਾਜਪੂਤ ਰਾਜਾ ਗਜੇ ਸਿੰਘ ਦੇ ਕਹਿਣ 'ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤ੍ਰਿਕੁਟਾ ਦੇਵੀ ਦਾ ਅਸਥਾਨ ਵੀ ਦੇਖਿਆ ਸੀ।

"..... ਇਸੀ ਤੀਰਥ 'ਤੇ ਰਾਜਾ ਗਜੇ ਸਿੰਘ ਦੀ ਬੇਨਤੀ ਮੰਨ ਕੇ ਉਸ ਦੇ ਗੈਲ ਆਏ। ਵੈਸਾਖ ਸੁਦੀ ਪੂਰਨਮਾ ਦੇ ਦਿਵਸ ਪੁਰਮੰਡਲ ਤੀਰਥ ਜਾਇ ਪਹੁੰਚੇ। ਗੁਰੂ ਜੀ ਦਾ ਆਨਾ ਸੁਨ ਸਿੱਖ ਸੰਗਤਾਂ ਦਰਸ਼ਨ ਪਾਉਣ ਲਈ ਹੁੰਮ-ਹੁੰਮਾ ਕੇ ਆਈਆਂ। ਸਤਿਗੁਰੂ ਜੀ ਏਕ ਦਿਵਸ ਪੁਰਮੰਡਲ ਤੀਰਥ 'ਤੇ ਰਹਿ ਕੇ ਅਗਲੇ ਦਿਂਹੁ ਪਹਾੜਾਂ ਦੀ ਸੈਰ ਕਰਤੇ ਹੂਏ ਜੰਮੂ ਨਗਰੀ ਮੇਂ ਆਇ ਬਿਰਾਜੇ। ਅਗਲੇ ਦਿਵਸ ਰਾਜਾ ਜੀ ਕੇ ਗੈਲ ਤਿਰਕੁਟਾ ਦੇਵੀ ਕਾ ਅਸਥਾਨ ਦੇਖਾ।' *(ਗੁਰੂ ਕੀਆਂ ਸਾਖੀਆਂ, ਭਾਈ ਸਰੂਪ ਸਿੰਘ, ਅੰਮ੍ਰਿਤਸਰ, 1991, ਸਫ਼ਾ 107)*

ਇਸ ਸਫਰ ਦੌਰਾਨ ਹੋਰ ਸਿੱਖਾਂ ਤੋਂ ਇਲਾਵਾ ਗੁਰੂ ਸਾਹਿਬ ਦਾ ਵਿਸ਼ਵਾਸ ਪਾਤਰ ਸਿੱਖ ਭਾਈ ਚਉਪਤ ਰਾਏ ਵੀ ਨਾਲ ਸੀ। ਬਿਲਾਸਪੁਰ ਦੇ ਰਾਜੇ ਵੀ ਗੁਰੂ ਸਾਹਿਬ ਨਾਲ ਹਮਸਫਰ ਸਨ। ਰਾਜਾ ਗਜੇ ਸਿੰਘ ਦੀ ਰਾਣੀ ਰਾਜ ਕੌਰ ਗੁਰੂ ਸਾਹਿਬ ਦਾ ਬੜਾ ਆਦਰ ਕਰਦੀ ਸੀ। ਜੰਮੂ ਵਿੱਚ ਬਣੇ ਕਿਲ੍ਹਿਆਂ ਦਾ ਗੁਰੂ ਸਾਹਿਬ ਨੇ ਚੰਗੀ ਤਰ੍ਹਾਂ ਨਿਰੀਖਣ ਕੀਤਾ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਸਾਹਿਬ ਰਾਜਾ ਗਜੇ ਸਿੰਘ ਦੇ ਮਹਿਮਾਨ ਖੁਸ਼ੀ

ਹੋਣ ਦੇ ਨਾਤੇ ਜੰਮੂ ਦੇ ਕਿਲ੍ਹੇ ਕੋਲ ਹੀ ਨਿਵਾਸ ਕੀਤਾ ਹੋਵੇਗਾ। ਇਥੇ ਹੀ ਰਾਜੋਰੀ, ਕਿਸ਼ਤਵਾੜ ਦੇ ਰਾਜੇ, ਸ਼ਹਿਜ਼ਾਦੇ ਆਦਿ ਮਿਲੇ ਹੋਣਗੇ, ਜਿਨ੍ਹਾਂ ਬੰਦਾ ਬਹਾਦਰ ਦੀ ਦਲੇਰੀ ਅਤੇ ਸੂਰਮਤਾਈ ਦੀਆਂ ਦਾਸਤਾਨਾਂ ਗੁਰੂ ਸਾਹਿਬ ਨੂੰ ਦੱਸੀਆਂ ਹੋਣਗੀਆਂ।

ਰਾਜਾ ਗਜੇ ਸਿੰਘ ਤੋਂ ਵਿਦਾਇਗੀ ਲੈ ਕੇ ਗੁਰੂ ਸਾਹਿਬ ਚੱਕ ਕਾਨ੍ਹਾ, ਰਾਮਗੜ੍ਹ, ਖਿਰੜੀ, ਸਾਂਬਾ, ਪਠਾਨਕੋਟ, ਹੁਸ਼ਿਆਰਪੁਰ ਆਦਿ ਨਗਰਾਂ ਤੋਂ ਹੁੰਦੇ ਹੋਏ ਆਨੰਦਪੁਰ ਸਾਹਿਬ ਆ ਗਏ ਸਨ। ਯਾਦ ਰਹੇ ਰਾਜਾ ਗਜੇ ਸਿੰਘ, ਭੀਮ ਸੈਨ ਕਹਿਲੂਰੀਏ ਦਾ ਸਬੰਧੀ ਸੀ।

ਤਵਾਰੀਖ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਇੱਕ ਵਾਰ 'ਬਸੋਹਲੀ ਨਗਰੀ' ਵਿੱਚ ਵੀ ਆਏ ਸਨ। ਇਥੋਂ ਦਾ ਰਾਜਾ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਾਦਿਕ ਸੀ। *(ਮਹਾਨ ਕੋਸ਼, ਸਫਾ 825)*, ਬਸੋਹਲੀ ਦਾ ਅਕਸ਼ਾਸ਼ 32°-30' ਅਤੇ ਰੇਖਾਂਸ਼ 75°-51' ਹੈ। ਇਹ ਸਮੁੰਦਰ ਤੋਂ 2,170 ਫੁੱਟ ਉੱਚੀ ਥਾਂ ਹੈ। ਇਸ ਨਗਰ ਦੇ ਆਲੇ-ਦੁਆਲੇ ਜੰਗਲ ਹਨ ਅਤੇ ਇਥੋਂ ਦਾ 'ਪੈਨ ਕਿਲ੍ਹਾ' ਬੜਾ ਮਸ਼ਹੂਰ ਸੀ। ਜੰਮੂ ਦੀ ਜਸਰੋਟਾ ਤਹਿਸੀਲ ਵਿੱਚ ਰਾਵੀ ਦਰਿਆ ਦੇ ਸੱਜੇ ਕਿਨਾਰੇ ਸਥਿਤ ਹੈ। ਇਹ ਇੱਕ ਪੁਰਾਣੀ ਪਹਾੜੀ ਰਿਆਸਤ ਸੀ। 1835 ਵਿੱਚ ਬਸੋਹਲੀ ਦਾ ਰਾਜਾ ਔਲਾਦ-ਰਹਿਤ ਮਰ ਗਿਆ ਤੇ ਬਸਹੋਲੀ ਜੰਮੂ ਰਿਆਸਤ ਵਿੱਚ ਮਿਲ ਗਈ, ਜਿਸ 'ਤੇ ਮਹਾਰਾਜਾ ਰਣਜੀਤ ਸਿੰਘ ਦਾ ਅਧਿਕਾਰ ਸੀ।

ਗੁਰੂ ਨਾਨਕ ਸਾਹਿਬ ਜੰਮੂ ਕਿਹੜੀਆਂ ਥਾਵਾਂ 'ਤੇ ਠਹਿਰੇ ਸਨ, ਇਹ ਵਿਸ਼ਾ ਵੀ ਖੋਜ ਤਲੱਬ ਹੈ। ਗੁਰੂ ਹਰਿਰਾਇ ਸਾਹਿਬ ਕਸ਼ਮੀਰ ਤੋਂ ਵਾਪਸ ਆਉਣ ਲੱਗਿਆ ਅੱਖਨੂਰ, ਜੰਮੂ, ਰਾਮਗੜ੍ਹ, ਖਿਰੜੀ, ਸਾਂਬਾ, ਪਠਾਨਕੋਟ ਤੋਂ ਹੁੰਦੇ ਹੋਏ ਕੀਰਤਪੁਰ ਸਾਹਿਬ ਪੁੱਜੇ ਸਨ। ਜੰਮੂ ਵਿੱਚ ਹੀ ਭਾਈ ਕਾਨ੍ਹਾ (ਮਸੰਦ) ਇਲਾਕੇ ਦੀਆਂ ਸੰਗਤਾਂ ਨਾਲ ਆ ਕੇ ਗੁਰੂ ਹਰਿਰਾਇ ਸਾਹਿਬ ਦੇ ਦਰਸ਼ਨ ਕੀਤੇ ਸਨ। ਜੰਮੂ ਵਿੱਚ ਗੁਰੂ ਸਾਹਿਬ ਕਿਹੜੀ ਥਾਂ ਬੈਠੇ ਸਨ, ਇਹ ਵਿਸ਼ਾ ਵੀ ਖੋਜ ਤਲੱਬ ਹੈ।

* * *

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸ਼ਸਤਰ ਅਤੇ ਪਵਿੱਤਰ ਨਿਸ਼ਾਨੀਆਂ

ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਅਨੇਕਾਂ ਪਵਿੱਤਰ ਵਸਤਾਂ ਦੇ ਨਾਲ-ਨਾਲ ਗੁਰੂ ਸਾਹਿਬ ਦੀਆਂ ਕ੍ਰਿਪਾਨਾਂ/ਸ਼ਮਸ਼ੀਰਾਂ/ਕਰਦਾਂ/ ਤਲਵਾਰਾਂ ਅਤੇ ਹੋਰ ਸ਼ਸਤਰ ਵੱਖ-ਵੱਖ ਥਾਵਾਂ 'ਤੇ ਸੁਰੱਖਿਅਤ ਹਨ ਅਤੇ ਅਨੇਕਾਂ ਗੁਰਸਿੱਖ ਦਰਸ਼ਨ ਦੀਦਾਰ ਕਰਕੇ ਆਬਸ਼ਾਰ ਦਿਲਾਂ ਨੂੰ ਕਰਦੇ ਹਨ।

ਸ੍ਰੀ ਸਾਹਿਬ ਅਤੇ ਕ੍ਰਿਪਾਨ ਦੀ ਪ੍ਰੀਭਾਸ਼ਾ ਬਿਆਨ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, ਖੜਗ ਕ੍ਰਿਪਾਨ ਲਛਮੀ ਦਾ ਪਤਿ ਖੜਗ ਨੂੰ ਮੰਨ ਕੇ ਇਹ ਨਾਉਂ ਦਸ਼ਮੇਸ਼ ਨੇ ਰੱਖਿਆ ਹੈ। ਕ੍ਰਿਪਾਨ ਬਾਰੇ "ਜੋ ਕ੍ਰਿਪਾ ਨੂੰ ਫੈਂਕ ਦੇਵੇ, ਜਿਸ ਦਾ ਚਲਾਉਣ ਵੇਲੇ ਰਹਮ ਨਾ ਆਵੇ, ਤਲਵਾਰ ਸ੍ਰੀ ਸਾਹਿਬ, ਸ਼ਮਸ਼ੇਰ ਸਿੰਘਾਂ ਦਾ ਦੂਜਾ ਕਕਾਰ ਜੋ, ਅੰਮ੍ਰਿਤਧਾਰੀ ਨੂੰ ਪਹਿਨਣਾ ਵਿਧਾਨ ਹੈ।(ਮਹਾਨ ਕੋਸ਼, ਸਫਾ 251)

ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਅਨੇਕਾਂ ਸ੍ਰੀ ਸਾਹਿਬਾਂ, ਸ਼ਮਸ਼ੀਰਾਂ, ਤਲਵਾਰਾਂ, ਕ੍ਰਿਪਾਨਾਂ, ਕਰਦਾਂ, ਤੇਗਾਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਅਤੇ ਅਨੇਕਾਂ ਗੁਰਸਿੱਖਾਂ ਕੋਲ ਮੌਜੂਦ ਹਨ। ਇਨ੍ਹਾਂ ਸ੍ਰੀ ਸਾਹਿਬਾਂ ਦਾ ਜਿਕਰ ਅਸੀਂ ਇਥੇ ਕਰਾਂਗੇ ਤਾਂ ਜੋ ਪਾਠਕ ਨੂੰ ਇਨ੍ਹਾਂ ਬਾਰੇ ਜਾਣਕਾਰੀ ਹੋ ਸਕੇ।

ਸ੍ਰੀ ਸਾਹਿਬ- ਇਹ ਛੋਟੀ ਕ੍ਰਿਪਾਨ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਇਕ ਸਿੱਖ ਨੇ ਭੇਟ ਕੀਤੀ ਸੀ। ਇਹ ਅੱਜਕਲ੍ਹ ਤਖ਼ਤ ਸ੍ਰੀ ਪਟਨਾ ਸਾਹਿਬ, ਗੁਰਦੁਆਰਾ ਹਰਿਮੰਦਰ ਸਾਹਿਬ, ਬਿਹਾਰ ਵਿੱਚ ਸੁਸ਼ੋਭਿਤ ਹੈ।

ਸ੍ਰੀ ਸਾਹਿਬ- ਇਹ ਵੱਡੀ ਕ੍ਰਿਪਾਨ ਗੁਰੂ ਸਾਹਿਬ ਨੂੰ ਪਟਨਾ ਨਿਵਾਸੀ ਭਾਈ- ਸ਼ਿਵ ਪ੍ਰਸ਼ਾਦਿ ਨੇ ਭੇਟਾ ਕੀਤੀ ਸੀ। ਇਹ ਸ੍ਰੀ ਸਾਹਿਬ ਵੀ ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ ਵਿੱਚ ਸੁਸ਼ੋਭਿਤ ਹੈ।

ਸ਼ਮਸ਼ੀਰ- ਇਸ ਸ਼ਮਸ਼ੀਰ ਦੀ ਮੁੱਠ ਪਤਲੀ, ਅੱਧੀ ਤੇ ਬਹੁਤੀ ਥੋੜੀ ਹੈ। ਇਹ ਸ਼ਮਸ਼ੀਰ ਇੰਗਲੈਂਡ ਤੋਂ ਲਾਰਡ ਡਲਹੌਜ਼ੀ ਦੇ ਖਾਨਦਾਨ ਦੀ ਲੇਡੀ ਐਡਿਲ ਬਰਾਊਨ ਲਿੰਡ ਦੇ ਪਾਸੋਂ ਪ੍ਰਾਪਤ ਕਰਕੇ 117 ਵਰ੍ਹੇ ਬਾਅਦ ਪੰਜਾਬ ਆਈ ਸੀ। ਇਹ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿੱਚ ਸੁਸ਼ੋਭਿਤ ਹੈ।

ਸ੍ਰੀ ਸਾਹਿਬ- ਇੰਗਲੈਂਡ ਲੈ ਜਾਏ ਗਏ ਸ਼ਸਤਰਾਂ ਨਾਲ ਇੱਕ ਸ੍ਰੀ ਸਾਹਿਬ ਵੀ ਸੀ। ਇਹ ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰ ਵੱਲੋਂ ਰਿਕਾਰਡ ਆਫਿਸ ਲੰਡਨ ਭੇਜ ਦਿੱਤੀ ਗਈ ਸੀ।

ਸ੍ਰੀ ਸਾਹਿਬ- ਇਹ ਸ੍ਰੀ ਸਾਹਿਬ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ।

ਸ੍ਰੀ ਸਾਹਿਬ- ਇਸ ਸ੍ਰੀ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਮੋਹਰ ਹੈ। "ਗੁਰੂ ਗੋਬਿੰਦ ਸਿੰਘ ਸਹਾਇ ਦੇਗ ਤੇਗ ਫਤਹਿ, ਕੋਈ ਦਰਸ਼ਨ ਕਰੇਗਾ, ਨਿਹਾਲ" ਉਕਰਿਆ ਹੋਇਆ ਹੈ। ਇਸ ਦਾ ਦਸਤਾ ਸੁਨਿਹਰੀ ਚਿੱਤਰਕਾਰੀ ਵਾਲਾ ਹੈ। ਇਹ ਸ੍ਰੀ ਸਾਹਿਬ, ਕਿਲਾ ਮੁਬਾਰਕ ਬੁਰਜ ਬਾਬਾ ਆਲਾ ਸਿੰਘ, ਪਟਿਆਲਾ ਵਿੱਚ ਮੌਜੂਦ ਹੈ।

ਸ੍ਰੀ ਸਾਹਿਬ- ਇਸ ਦੀ ਮੁੱਠ ਹੇਠ ਇਹ ਸ਼ਬਦ ਉਕਰੇ ਹੋਏ ਹਨ "ਅਕਾਲ ਸਹਾਇ ਗੁਰੂ ਗੋਬਿੰਦ ਸਿੰਘ ਜੀ।" ਇਸ ਦਾ ਦਸਤਾ ਸੁਨਹਿਰੀ ਹੈ। ਇਹ ਸ੍ਰੀ ਸਾਹਿਬ ਵੀ ਕਿਲ੍ਹਾ ਮੁਬਾਰਕ ਬੁਰਜ ਬਾਬਾ ਆਲਾ ਸਿੰਘ, ਪਟਿਆਲਾ ਵਿੱਚ ਮੌਜੂਦ ਹੈ।

ਤੇਗ- ਇਸ ਤੇਗ ਦੀ ਝਾਲ ਚਾਂਦੀ ਦੀ ਹੈ ਅਤੇ ਕਬਜ਼ਾ ਸਰਬਲੋਹ ਦਾ ਹੈ। ਇਹ ਤੇਗ ਵੀ ਕਿਲ੍ਹਾ ਮੁਬਾਰਕ ਪਟਿਆਲਾ ਵਿੱਚ ਹੈ।

ਸ੍ਰੀ ਸਾਹਿਬ- ਇਹ ਤਲਵਾਰ ਫੌਲਾਦੀ ਹੈ ਅਤੇ ਇਸ 'ਤੇ ਚੰਦਰਮਾ ਤੇ ਖੰਡੇ ਦੇ ਨਿਸ਼ਾਨ ਹਨ। ਇਹ ਕਿਲ੍ਹਾ ਮੁਬਾਰਕ, ਪਟਿਆਲਾ ਵਿੱਚ ਹੈ।

ਸ੍ਰੀ ਸਾਹਿਬ- ਇਹ ਸ਼ਿਕਾਰਗਾਹ ਤਲਵਾਰ ਹੈ। ਇਸ 'ਤੇ ਇਹ ਸ਼ਬਦ ਉਕਰੇ ਹੋਏ ਹਨ "ਭਗੌਤੀ ਸਹਾਇ ਗੁਰੂ ਗੋਬਿੰਦ ਸਿੰਘ ਪਾਤਸ਼ਾਹੀ 10"। ਇਸ ਦੇ ਦਸਤੇ ਉਤੇ ਸੁਨਹਰਿੀ ਝਾਲ ਹੈ। ਫਲ ਉਤੇ ਜੰਗਲੀ ਜਾਨਵਰਾਂ ਦੇ ਚਿੱਤਰ ਉਕਰੇ ਹੋਏ ਹਨ। ਇਹ ਸ੍ਰੀ ਸਾਹਿਬਾਂ (ਨੰਬਰ 8, 9, 10) ਗੁਰੂ ਸਾਹਿਬ ਨੇ ਭਾਈ ਤਿਲੋਕਾ ਅਤੇ ਭਾਈ ਰਾਮਾ ਨੂੰ "ਖੰਡੇ ਦੀ ਪਾਹੁਲ ਲੈਣ ਉਪਰੰਤ ਬਖਸ਼ਿਸ਼ ਕੀਤੇ ਗਈਆਂ ਸਨ। ਇਹ ਅੱਜਕਲ੍ਹ ਨਵੇਂ ਮੋਤੀ ਮਹੱਲ ਪਟਿਆਲਾ ਵਿਖੇ ਮੌਜੂਦ ਹਨ।

ਸ੍ਰੀ ਸਾਹਿਬ- ਇਸ ਸ੍ਰੀ ਸਾਹਿਬ ਦੇ ਕਬਜ਼ 'ਤੇ ਸੁਨਹਿਰੀ ਨਿਸ਼ਾਨ ਹਨ। ਇਹ ਦਸਵੇਂ ਨਾਨਕ ਨੇ ਦਮਦਮਾ ਸਾਹਿਬ ਤੋਂ ਦੱਖਣ ਨੂੰ ਚਾਲੇ ਪਾਉਣ ਸਮੇਂ ਮਹਾਰਾਜਾ ਨੂੰ ਬਖਸ਼ੀ ਸੀ ਜੋ ਉਨ੍ਹਾਂ ਦੇ ਖਾਨਦਾਨ ਪਾਸ ਪੀੜ੍ਹੀਆਂ ਦਰ ਪੀੜ੍ਹੀਆਂ ਚਲੀ ਆ ਰਹੀ ਹੈ। ਇਹ ਅੱਜ ਕਲ੍ਹ ਕਿਲ੍ਹਾ ਮੁਬਾਰਕ ਵਿੱਚ ਮੌਜੂਦ ਹੈ ਅਤੇ ਅੱਜਕਲ੍ਹ ਮਹਾਰਾਜਾ ਯਾਦਵਿੰਦਰ ਸਿੰਘ ਆਫ ਪਟਿਆਲਾ ਦੇ ਮਹੱਲ ਵਿੱਚ ਹੈ।

ਸ੍ਰੀ ਸਾਹਿਬ- ਇਸ ਸ੍ਰੀ ਸਾਹਿਬ ਦੀ ਸ਼ਕਲ ਖੋਪਰੀ ਵਾਂਗ ਹੈ ਅਤੇ 9 ਇੰਚ ਲੰਮੀ ਹੈ। ਇਹ ਵੀ ਕਿਲ੍ਹਾ ਮੁਬਾਰਕ ਵਿੱਚ ਮੌਜੂਦ ਹੈ।

ਸਿਰੋਹੀ- ਇਹ ਸ੍ਰੀ ਸਾਹਿਬ ਜਿਸ ਨੂੰ ਸਿਰੋਹੀ ਲਿਖਿਆ ਗਿਆ ਹੈ, ਪਟਨਾ ਸਾਹਿਬ ਤੋਂ ਆਈ ਦੱਸੀ ਜਾਂਦੀ ਹੈ। ਇਹ ਵੀ ਕਿਲ੍ਹਾ ਮੁਬਾਰਕ ਮਹਾਰਾਜਾ ਯਾਦਵਿੰਦਰ ਸਿੰਘ, ਪਟਿਆਲਾ ਦੇ ਮਹੱਲ ਵਿੱਚ ਮੌਜੂਦ ਹੈ।

ਸ੍ਰੀ ਸਾਹਿਬ- ਇਸ ਸ੍ਰੀ ਸਾਹਿਬ ਉਪਰ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੈ "ੴ ਵਾਹਿਗੁਰੂ ਜੀ ਕੀ ਫਤਹਿ ਪਾਤਸ਼ਾਹੀ 10....." ਇਹ ਵੀ ਕਿਲ੍ਹਾ ਮੁਬਾਰਕ ਪਟਿਆਲਾ ਵਿੱਚ ਮੌਜੂਦ ਹੈ।

ਤੇਗਾ- ਇਹ ਤੇਗਾ ਗੁਰੂ ਹਰਗੋਬਿੰਦ ਸਾਹਿਬ, ਛੇਵੇਂ ਨਾਨਕ ਜੀ ਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਵੀ ਇਸ ਨੂੰ ਹਸਤ ਛੋਹ ਪ੍ਰਾਪਤ ਹੈ। ਇਸ ਦਾ ਵਜ਼ਨ 12 ਸੇਰ ਹੈ। ਇਹ ਵੀ ਕਿਲ੍ਹਾ ਮੁਬਾਰਕ ਪਟਿਆਲਾ ਵਿੱਚ ਮੌਜੂਦ ਹੈ।

ਕਰਦ- ਇਹ ਕਰਦ 3 ਇੰਚ ਲੰਮੀ ਹੈ। ਇਹ ਕਿਲ੍ਹਾ ਨਾਭਾ, ਪਟਿਆਲਾ ਵਿੱਚ ਮੌਜੂਦ ਹੈ।

ਸ੍ਰੀ ਸਾਹਿਬ- ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਹ ਸ੍ਰੀ ਸਾਹਿਬ ਬਾਬਾ ਤਰਲੋਕ ਸਿੰਘ ਨੂੰ ਬਖਸ਼ੀ ਸੀ। ਇਹ ਵੀ ਕਿਲ੍ਹਾ ਨਾਭਾ ਪਟਿਆਲਾ ਵਿੱਚ ਹੈ।

ਸ੍ਰੀ ਸਾਹਿਬ- ਇਹ ਵੀ ਕਿਲ੍ਹਾ ਨਾਭਾ ਪਟਿਆਲਾ ਹੈ।

ਸ੍ਰੀ ਸਾਹਿਬ- ਇਸ ਸ੍ਰੀ ਸਾਹਿਬ ਨੂੰ ਰਾਏ ਕਿਲ੍ਹੇ ਵਾਲੀ ਸ੍ਰੀ ਸਾਹਿਬ ਆਖਿਆ ਜਾਂਦਾ ਹੈ। ਇਹ ਵੀ ਕਿਲ੍ਹਾ ਨਾਭਾ, ਪਟਿਆਲਾ ਵਿੱਚ ਮੌਜੂਦ ਹੈ।

ਸ੍ਰੀ ਸਾਹਿਬ- ਇਸ ਦੀ ਲੰਬਾਈ ਦੋ ਫੁਟ ਸਾਢੇ ਅੱਠ ਇੰਚ ਹੈ। ਤੋਲ ਸਵਾ ਸੇਰ ਤੇ ਤਿਨ ਤੋਲੇ ਹੈ। ਇਹ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ, ਜ਼ਿਲ੍ਹਾ ਬਠਿੰਡਾ ਵਿੱਚ ਮੌਜੂਦ ਹੈ।

ਇੱਕ ਖੜਕ- ਇਹ ਖੜਗ ਪਿੰਡ ਸਾਬੋ ਕੀ ਤਲਵੰਡੀ ਵਿੱਚ ਦਸਵੇਂ ਪਾਤਸ਼ਾਹ ਨੇ ਭਾਈ ਡਲ ਸਿੰਘ ਨੂੰ ਬਖਸ਼ੀ ਸੀ ਜੋ ਉਸ ਦੇ ਖਾਨਦਾਨ ਵਿੱਚੋਂ ਭਾਈ ਸ਼ਮਸ਼ੇਰ ਸਿੰਘ ਦੇ ਘਰ ਸੁਭਾਇਮਾਨ ਹੈ। ਇਸ ਦੇ ਦਰਸ਼ਨ ਜੋੜ ਮੇਲਿਆਂ 'ਤੇ ਜਾਂ ਉਚੇਚੀ ਬੇਨਤੀ 'ਤੇ ਸਵੇਰੇ 12 ਵਜੇ ਤੋਂ ਪਹਿਲਾਂ ਪਹਿਲਾਂ ਕਰਾਏ ਜਾਂਦੇ ਹਨ। ਅੱਜਕਲ੍ਹ ਸੇਵਾ ਮਾਈ ਸੁਖਦੇਵ ਕੌਰ ਧਰਮ ਪਤਨੀ ਸਵਰਗਵਾਸੀ ਸ੍ਰ. ਸ਼ਮਸ਼ੇਰ ਸਿੰਘ ਅਤੇ ਉਨ੍ਹਾਂ ਦੇ ਮੁਖਤਾਰ ਕਰਦੇ ਹਨ।

ਸ੍ਰੀ ਸਾਹਿਬ- ਇਹ ਸ੍ਰੀ ਸਾਹਿਬ ਦਸਵੇਂ ਪਾਤਸ਼ਾਹ ਨੇ ਭਾਈ ਸੁਖੀਏ ਦੇ ਪੁੱਤਰ ਨੂੰ ਬਖਸ਼ੀ ਸੀ। ਜੋ ਅੱਜਕਲ੍ਹ ਭਾਈ ਸਾਹਿਬ ਭਾਈ ਅਰਦਿਮਨ ਸਿੰਘ ਬਾਗੜੀਆਂ ਜ਼ਿਲ੍ਹਾ ਸੰਗਰੂਰ ਪਾਸ ਮੌਜੂਦ ਹੈ।

ਸ੍ਰੀ ਸਾਹਿਬ- ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਹ ਸ੍ਰੀ ਸਾਹਿਬ ਨਾਂਦੇੜ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਦੇਣ ਲੱਗਿਆਂ ਖਾਲਸਾ ਜੀ ਨੇ ਪ੍ਰਾਪਤ ਕੀਤੀ ਸੀ। ਇਸ 'ਤੇ ਸੋਨੇ ਦਾ ਕੰਮ ਹੋਇਆ ਹੈ। ਇਹ ਗੁਰਦੁਆਰਾ ਧਮਤਾਨ ਸਾਹਿਬ, ਜ਼ਿਲ੍ਹਾ ਸੰਗਰੂਰ ਵਿੱਚ ਮੌਜੂਦ ਹੈ।

ਸ੍ਰੀ ਸਾਹਿਬ- ਗੁਰੂ ਸਾਹਿਬ ਨੇ ਇਹ ਸ੍ਰੀ ਸਾਹਿਬ ਮਲੇਰਕੋਟਲਾ ਦੇ ਨਵਾਬ ਸਾਹਿਬ ਨੂੰ ਬਖਸ਼ੀ ਸੀ। ਇਹ ਸ੍ਰੀ ਸਾਹਿਬ ਅਜੇ ਤੱਕ ਉਨ੍ਹਾਂ ਦੇ ਖਾਨਦਾਨ ਕੋਲ ਮੌਜੂਦ ਹੈ। ਇਸ ਦੇ ਇੱਕ ਪਾਸੇ ਇਹ ਸ਼ਬਦ ਉਕਰੇ ਹੋਏ ਹਨ "੧ੳ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਨਵਾਬ ਸ਼ੇਰ ਖਾਂ ਮਾਲੇਰੀ ਨੂੰ ਪ੍ਰੇਮ ਦਾ ਸੰਦੇਸ਼ਾ ਰਾਏ ਕੋਟ" ਅਤੇ ਦੂਸਰੇ ਪਾਸੇ ਸੰਮਤ 1762 ਲਿਖਿਆ ਹੋਇਆ ਹੈ।

ਸ੍ਰੀ ਸਾਹਿਬ- ਇਸ ਸ੍ਰੀ ਸਾਹਿਬ ਉਪਰ ਫਾਰਸੀ ਅੱਖਰਾਂ ਵਿੱਚ ਲਿਖਿਆ ਹੈ "ਈ" ਤਲਵਾਰ ਗੁਰੂ ਗੋਬਿੰਦ ਸਿੰਘ ਕੀ ਕਮਰ ਕੀ ਹੈ। ਇਲਾਕਾ ਸੂਰਤ ਬੰਦ ਮੇਂ ਸੇ ਹੈ; ਮੁਹੰਮਦ ਯਾਰ"। ਇਹ ਤਲਵਾਰ ਸਰਕਾਰੀ ਪੁਸਤਕਾਲਾ ਸੰਗਰੂਰ ਵਿੱਚ ਹੈ।

ਸ੍ਰੀ ਸਾਹਿਬ- ਇਸ ਸ੍ਰੀ ਸਾਹਿਬ 'ਤੇ ਇਹ ਸ਼ਬਦ ਉਕਰੇ ਹੋਏ ਹਨ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਸੰਮਤ ਸਤਾਰ੍ਹਾਂ ਸੌ"। ਇਹ ਸ੍ਰੀ ਸਾਹਿਬ ਨਾਹਣ (ਹਿਮਾਚਲ ਪ੍ਰਦੇਸ਼) ਵਿੱਚ ਮੌਜੂਦ ਹੈ।

ਕਰਦ- ਇਹ ਕਰਦ ਗੁਰੂ ਸਾਹਿਬ ਦੇ ਅੰਗੀਠੇ ਵਿੱਚੋਂ ਨਿਕਲੀ ਦੱਸੀ ਜਾਂਦੀ ਹੈ। ਇਹ ਸੁਨਹਿਰੀ ਹੈ। ਇਹ ਗੁਰਦੁਆਰਾ ਸਾਹਿਬ ਤਖ਼ਤ ਸ੍ਰੀ ਹਜ਼ੂਰ ਸਾਹਿਬ, ਅਬਚਲ ਨਗਰ ਵਿੱਚ ਸੁਸ਼ੋਭਿਤ ਹੈ।

ਜੜਾਊਵਲੀ ਸ੍ਰੀ ਸਾਹਿਬ- ਇਹ ਸ੍ਰੀ ਸਾਹਿਬ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿੱਚ ਸੁਸ਼ੋਭਿਤ ਹੈ।

ਚੌੜਾ ਤੇਗਾ- ਇਹ ਤੇਗਾ ਵੀ ਸ੍ਰੀ ਹਜ਼ੂਰ ਸਾਹਿਬ ਵਿੱਚ ਮੌਜੂਦ ਹੈ।

ਪੰਜ ਸੁਨਹਿਰੀ ਸ੍ਰੀ ਸਾਹਿਬਾਂ- ਇਹ ਪੰਜ ਸੁਨਹਿਰੀ ਸ੍ਰੀ ਸਾਹਿਬਾਂ, ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿੱਚ ਸੁਸ਼ੋਭਿਤ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਸ਼ਸਤਰਾਂ ਨਾਲ ਬਹੁਤ ਹੀ ਪਿਆਰ ਸੀ। ਦਸਮ ਗ੍ਰੰਥ ਵਿੱਚ ਇੱਕ ਹਿੱਸੇ ਦਾ ਨਾਮ ਸ਼ਸਤਰਨਾਮ ਮਾਲਾ ਹੈ। ਇਸ ਵਿੱਚ ਅਨੇਕਾਂ ਸ਼ਸਤਰਾਂ ਦੇ ਨਾਵਾਂ ਦਾ ਜ਼ਿਕਰ ਹੈ। ਇਸ ਵਿੱਚ ਬਹੁਤੇ ਸ਼ਸਤਰਾਂ ਦੇ ਨਾਵਾਂ ਦਾ ਹੁਣ ਪਤਾ ਨਹੀਂ ਲੱਗਦਾ।

ਗੁਰੂ-ਸਾਹਿਬ ਦੇ ਜੋ ਸ਼ਸਤਰ ਸਾਡੇ ਕੋਲ ਮੌਜੂਦ ਹਨ। ਉਨ੍ਹਾਂ ਦਾ ਜ਼ਿਕਰ ਇਸ ਤਰ੍ਹਾਂ ਹੈ:-

ੳ. ਤੀਰ ਅਤੇ ਕਮਾਨਾਂ:-

ਗੁਰੂ ਸਾਹਿਬ ਦੀਆਂ ਦੋ ਕਮਾਨਾਂ ਗੁਰਦੁਆਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿੱਚ ਮੌਜੂਦ ਹਨ।

ਭੱਥੇ ਵਿੱਚ 65 ਤੀਰ ਵੀ ਗੁਰਦੁਆਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿੱਚ ਹਨ।

ਇੱਕ ਤੀਰ ਦੀ ਮੁਖੀ ਕਿਲ੍ਹਾ ਨਾਭਾ, ਜ਼ਿਲ੍ਹਾ ਪਟਿਆਲਾ ਵਿੱਚ ਸੁਰੱਖਿਅਤ ਹੈ।

6 ਤੀਰ- ਜਿਨ੍ਹਾਂ ਦੀ ਮੁਖੀ ਹੇਠ ਚਾਂਦੀ ਦੇ ਪੋਲਰੇ ਹਨ ਅਤੇ ਬਰੀਕ ਬੰਦ ਹਨ। ਇਹ ਸਾਰੇ 3-3 ਤੀਰ ਦਸਵੇਂ ਪਾਤਸ਼ਾਹ ਨੇ ਦਮਦਮਾ ਸਾਹਿਬ ਤੋਂ ਦੱਖਣ ਦੇਸ਼ ਨੂੰ ਚਾਲੇ ਪਾਉਣ ਸਮੇਂ ਸਿਰੋਪਾਓ ਵਜੋਂ ਬਾਬਾ ਤਰਲੋਕ ਸਿੰਘ ਅਤੇ ਬਾਬਾ ਰਾਮ ਸਿੰਘ ਨੂੰ ਬਖਸ਼ੇ ਸਨ ਜੋ ਉਨ੍ਹਾਂ ਦੇ ਖਾਨਦਾਨ ਵਿੱਚ ਚਲੇ ਆਏ ਹਨ। ਇਹ ਕਿਲ੍ਹਾ ਮੁਬਾਰਕ ਵਿੱਚ ਸਨ। ਅੱਜਕਲ੍ਹ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਦੇ ਮਹਿਲ ਵਿੱਚ ਹਨ।

ਤੀਰ (ਬਾਣ): ਇਸ 'ਤੇ ਸੋਨੇ ਤੇ ਚਾਂਦੀ ਦੇ 3 ਬੰਦ ਹਨ। ਇਹ ਤੀਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਈ ਤ੍ਰਿਲੋਕਾ ਤੇ ਭਾਈ ਰਾਮਾ ਨੂੰ ਹੁਕਮਨਾਮੇ ਦੀ ਪਾਲਨਾ ਕਰਨ ਮਗਰੋਂ ਗੁਰੂ ਜੀ ਦੇ ਹਜ਼ੂਰ ਹੋਣ ਸਮੇਂ ਬਖਸ਼ਿਸ਼ ਕੀਤੇ। ਅੱਜਕਲ੍ਹ ਇਹ ਤੀਰ ਮਹਾਰਾਜਾ ਪਟਿਆਲਾ ਦੇ ਮਹਿਲ ਨਵੇਂ ਮੋਤੀ ਮਹੱਲ ਵਿੱਚ ਮੌਜੂਦ ਹਨ।

ਦੋ ਤੀਰ: ਇਨ੍ਹਾਂ ਤੀਰਾਂ ਦੀਆਂ ਮੁਖੀਆਂ 'ਤੇ ਤੋਲਾ-ਤੋਲਾ ਸੋਨਾ ਲੱਗਾ ਹੋਇਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਤੀਰ ਦਾ ਕੋਈ ਵੀ ਵਾਰ ਖਾਲੀ ਨਹੀਂ ਸੀ ਜਾਂਦਾ। ਇਸੇ ਲਈ ਫੱਟੜ ਹੋਣ ਵਾਲੇ ਦੇ ਇਲਾਜ ਲਈ ਅਤੇ ਮਰਨ ਵਾਲੇ ਦੀ ਕਿਰਿਆ ਲਈ ਖਰਚ ਵਜੋਂ ਸੋਨਾ ਭੇਜ ਦਿੰਦੇ ਸਨ। ਮੁਗਲ ਬਾਦਸ਼ਾਹ ਵੀ ਹੈਰਾਨ ਹੁੰਦੇ ਸਨ ਕਿ ਗੁਰੂ ਜੀ ਦੇ ਖਜ਼ਾਨੇ ਵਿੱਚ ਸੋਨੇ ਦਾ ਕੋਈ ਅੰਤ ਨਹੀਂ ਸੀ। ਇਹ ਤੀਰ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿੱਚ ਹਨ।

ਚਾਰ ਤੀਰ: ਇਹ ਚਾਰ ਤੀਰ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ ਵਿੱਚ ਮੌਜੂਦ ਹਨ। ਇਹ ਤੀਰ ਗੁਰੂ ਜੀ ਬਾਲ ਉਮਰ ਵਿੱਚ ਚਲਾਉਂਦੇ ਸਨ।

ਅ. ਖੰਡਾ:-

ਖੰਡਾ: ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇੱਕ ਖੰਡਾ ਕਪੂਰੇ ਦੀ ਬੰਸ ਵਿੱਚੋਂ ਮਹਾਰਾਜਾ ਫਰੀਦਕੋਟ ਪਾਸ ਮੌਜੂਦ ਹੈ। ਜੋ ਗੁਰੂ ਸਾਹਿਬ ਨੇ ਬਖਸ਼ਿਸ਼ ਕੀਤਾ ਸੀ।

ਖੰਡਾ: ਇਹ ਖੰਡਾ ਜਿਸ ਦਾ ਕਬਜ਼ਾ ਸਰਬਲੋਹ ਤਾਰ ਜੜ੍ਹਤ ਹੈ। ਇਹ ਖੰਡਾ ਦਸਵੇਂ ਪਾਤਸ਼ਾਹ ਨੇ ਭਾਈ ਤ੍ਰਿਲੋਕਾ ਤੇ ਭਾਈ ਰਾਮਾ ਜੀ ਨੂੰ ਦਮਦਮਾ ਸਾਹਿਬ ਵਿਖੇ ਖੰਡੇ ਦੀ ਪਾਹੁਲ ਦੇ ਕੇ ਭਾਈ ਤ੍ਰਿਲੋਕ ਸਿੰਘ ਤੇ ਭਾਈ ਰਾਮ ਸਿੰਘ ਬਣਨ ਉਪਰੰਤ ਬਖਸ਼ਿਸ਼ ਕੀਤਾ। ਇਹ ਅੱਜਕਲ੍ਹ ਨਵੇਂ ਮੋਤੀ ਮਹੱਲ ਪਟਿਆਲਾ ਵਿਖੇ ਸੁਸ਼ੋਭਿਤ ਹਨ।

ਖੰਡਾ: ਇਹ ਖੰਡਾ ਚੋਧਾਰਾ ਫੌਲਾਦੀ ਹੈ ਅਤੇ ਇਸ 'ਤੇ 'ਗੁਰੂ ਤੇਗ ਬਹਾਦਰ ਸਹਾਇ' ਉਕਰਿਆ ਹੋਇਆ ਹੈ। ਇਹ ਖੰਡਾ ਦਸਵੇਂ ਪਾਤਸ਼ਾਹ ਨੇ ਆਪਣੇ ਕਮਰਕੱਸੇ ਵਿੱਚੋਂ ਭਾਈ

ਤ੍ਰਿਲੋਕਾ ਅਤੇ ਭਾਈ ਰਾਮਾ ਜੀ ਨੂੰ ਹੁਕਮਨਾਮੇ ਦੀ ਪਾਲਣਾ ਉਪਰੰਤ ਗੁਰੂ ਜੀ ਦੇ ਹਜ਼ੂਰ ਹਾਜ਼ਰ ਹੋਣ ਸਮੇਂ ਬਖਸ਼ਿਸ਼ ਕੀਤਾ ਸੀ। ਇਹ ਅੱਜ ਕੱਲ੍ਹ ਨਵੇਂ ਮੋਤੀ ਮਹੱਲ, ਪਟਿਆਲਾ ਵਿੱਚ ਮੌਜੂਦ ਹੈ।

ਖੰਡਾ: ਇਹ ਖੰਡਾ ਤਿੰਨ ਫੁੱਟ ਅਤੇ ਸਾਢੇ ਤਿੰਨ ਇੰਚ ਲੰਮਾ ਹੈ। ਇਸ ਉਪਰ ਅਰਬੀ ਲਿਖੀ ਹੋਈ ਹੈ। ਇਸ ਦਾ ਤੋਲ 15 ਸੇਰ ਹੈ। ਇਸ ਨਾਲ ਸਿੱਖੀ ਪਰਖੀ ਗਈ ਸੀ, ਜਦੋਂ ਪੰਜ ਪਿਆਰੇ ਚੁਣੇ ਗਏ ਸਨ। ਇਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਵਿੱਚ ਸੁਸ਼ੋਭਿਤ ਹੈ।

ਛੋਟਾ ਖੰਡਾ: ਇਹ ਛੋਟਾ ਖੰਡਾ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਵਿੱਚ ਮੌਜੂਦ ਹੈ।

ਇੱਕ ਛੋਟਾ ਖੰਡਾ: ਇਹ ਛੋਟਾ ਖੰਡਾ ਗੁਰਦੁਆਰਾ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਪਟਨਾ ਸਾਹਿਬ ਬਿਹਾਰ ਵਿੱਚ ਹੈ।

ਖੰਡਾ: ਲੰਮਾ ਜਟਪੁਰਾ ਵਿੱਚ ਦਸਵੇਂ ਪਾਤਸ਼ਾਹ ਨੇ ਕਲਾ ਰਾਏ ਨੂੰ ਖੰਡਾ ਬਖਸ਼ਿਸ਼ ਕੀਤਾ ਸੀ ਜਿਸ ਬਾਰੇ ਹੁਣ ਕੁੱਝ ਪਤਾ ਨਹੀਂ ਚੱਲਦਾ।

ੲ) ਕਟਾਰ:-

ਕਟਾਰ: ਇਹ ਇੱਕ ਛੋਟੀ ਕਟਾਰ ਹੈ ਜੋ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਤਖ਼ਤ ਸ੍ਰੀ ਪਟਨਾ ਸਾਹਿਬ ਵਿੱਚ ਹੈ।

ਕਟਾਰ: ਇਹ ਕਟਾਰ ਵਜ਼ਨੀ ਸੱਤ ਸੇਰ, ਲੰਬਾਈ 2 ਫੁੱਟ 1 ਇੰਚ ਹੈ। ਇਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਵਿੱਚ ਮੌਜੂਦ ਹੈ।

ਕਟਾਰ: ਇਹ ਇੱਕ ਸ਼ਿਕਾਰਗਾਹ ਕਟਾਰ ਹੈ। ਇਸ ਉਪਰ ਜੰਗਲੀ ਜਾਨਵਰਾਂ ਦੇ ਚਿੱਤਰ ਉਕਰੇ ਹੋਏ ਹਨ। ਇਸ ਦਾ ਕਬਜ਼ਾ ਸੁਨਹਿਰੀ ਹੈ। ਇਹ ਦਸਵੇਂ ਪਿਤਾ ਨੇ ਭਾਈ ਤ੍ਰਿਲੋਕਾ ਅਤੇ ਭਾਈ ਰਾਮ ਨੂੰ ਦਮਦਮਾ ਸਾਹਿਬ ਵਿਖੇ ਅੰਮ੍ਰਿਤਪਾਨ ਕਰਨ ਉਪਰੰਤ ਬਖਸ਼ਿਸ਼ ਕੀਤੀ ਸੀ। ਇਹ ਅੱਜਕਲ੍ਹ ਨਵੇਂ ਮੋਤੀ ਮਹੱਲ, ਪਟਿਆਲਾ ਵਿੱਚ ਮੌਜੂਦ ਹੈ।

ਦੋ ਕਟਾਰਾਂ: ਗੁਰੂ ਸਾਹਿਬ ਦੀਆਂ ਦੋ ਕਟਾਰਾਂ ਜ਼ਿਲ੍ਹਾ ਸੰਗਰੂਰ ਵਿਖੇ ਭਾਈ ਸਾਹਿਬ ਅਰਦਿਮਨ ਸਿੰਘ ਜੀ ਬਾਗੜੀਆ ਪਾਸ ਮੌਜੂਦ ਹਨ। ਇਹ ਕਟਾਰਾਂ ਗੁਰੂ ਸਾਹਿਬ ਨੇ ਭਾਈ ਰੂਪ ਚੰਦ ਤੇ ਉਸ ਦੇ ਸੱਤ ਪੁੱਤਰਾਂ ਨੂੰ ਬਖਸ਼ੀਆਂ ਸਨ। ਇਨ੍ਹਾਂ ਵਿੱਚੋਂ ਇੱਕ 'ਇੱਕ ਧਾਰੀ ਕਟਾਰ' ਵੀ ਹੈ।

ਦੋ ਕਟਾਰ: ਦਸਵੇਂ ਪਾਤਸ਼ਾਹ ਦੇ ਦੋਵੇਂ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੇ ਦੋ ਕਟਾਰ ਵੀ ਪਿਤਾ ਦੇ ਸ਼ਸਤਰਾਂ ਦੇ ਨਾਲ ਹੀ ਅਕਾਲ ਤਖ਼ਤ ਸਾਹਿਬ ਵਿਖੇ ਸੁਸ਼ੋਭਿਤ ਹਨ।

ਸ) ਪੇਸ਼ ਕਬਜ਼:-

ਪੇਸ਼ ਕਬਜ਼: ਇੱਕ ਪੇਸ਼ ਕਬਜ਼ ਸਰਕਾਰੀ ਪੁਸਤਕਾਲਾ ਸੰਗਰੂਰ ਵਿੱਚ ਮੌਜੂਦ ਹੈ ਜਿਸ 'ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਮੋਹਰ ਦੇ ਇਹ ਸ਼ਬਦ ਉਕਰੇ ਹੋਏ ਹਨ:

ਸਿਕਾ ਜਦ ਬਰ ਹਰਦੋ ਆਲਮ
ਫਜ਼ਲ ਸਚੇ ਸਾਹਿਬ ਅਸਤ ।।
ਗੋਬਿੰਦ ਸਿੰਘ ਖੁਦ ਸ਼ਾ-ਹਿਸ਼ਾਹਾਂ
ਤੇਗ ਨਾਨਕ ਵਾਹਿੱਬ ਅਸਤ ।।

ਇਹ ਪੇਸ਼ ਕਬਜ਼ ਦਸਵੇਂ ਪਾਤਿਸ਼ਾਹ ਨੇ ਭਾਈ ਰੂਪ ਚੰਦ ਨੂੰ ਬਖਸ਼ੀ ਸੀ ਜੋ ਉਸ ਦੇ ਵਾਰਸ ਭਾਈ ਗੁਦੜ ਸਿੰਘ ਨੇ ਮਹਾਰਾਜਾ ਗਜਪਤਿ ਸਿੰਘ, ਜੀਂਦ ਨੂੰ ਦਿੱਤੇ ਸਨ।

ਪੇਸ਼ ਕਬਜ਼ਾ: ਤਿੰਨ ਪੇਸ਼ ਕਬਜ਼ਾ ਗੁਰੂ ਸਾਹਿਬ ਦੀਆਂ ਭਾਈ ਸਾਹਿਬ ਬਾਗੜੀਆ, ਜ਼ਿਲ੍ਹਾ ਸੰਗਰੂਰ (ਪੰਜਾਬ) ਪਾਸ ਮੌਜੂਦ ਹਨ। ਇਨ੍ਹਾਂ ਵਿੱਚੋਂ ਇੱਕ ਪੇਸ਼ ਕਬਜ਼ ਨੂੰ 'ਜੰਬੂਆਂ' ਵੀ ਆਖਿਆ ਜਾਂਦਾ ਹੈ। ਇਹ ਗੁਰੂ-ਸਾਹਿਬ ਨੇ ਭਾਈ ਰੂਪ ਚੰਦ ਤੇ ਉਸ ਦੇ ਸੱਤ ਪੁੱਤਰਾਂ ਨੂੰ ਬਖਸ਼ਿਸ਼ ਵਜੋਂ ਦਿੱਤੀਆਂ ਸਨ।

ਪੇਸ਼ ਕਬਜ਼: ਇਹ ਪੇਸ਼ ਕਬਜ਼ ਗੁਰੂ ਸਾਹਿਬ ਨੇ ਦਮਦਮਾ ਸਾਹਿਬ ਤੋਂ ਦੱਖਣ ਦੇਸ਼ ਨੂੰ ਤੁਰਨ ਸਮੇਂ, ਸਿਰੋਪਾਓ ਵਜੋਂ ਬਾਬਾ ਤ੍ਰਿਲੋਕ ਸਿੰਘ ਅਤੇ ਬਾਬਾ ਰਾਮ ਸਿੰਘ ਨੂੰ ਨਿਸ਼ਾਨੀ ਵਜੋਂ ਬਖਸ਼ੀ ਸੀ ਜੋ ਉਨ੍ਹਾਂ ਦੇ ਖਾਨਦਾਨ ਵਿੱਚ ਚਲੀ ਆਈ ਹੈ ਅਤੇ ਕਿਲ੍ਹਾ ਮੁਬਾਰਕ ਵਿੱਚ ਦਰਸ਼ਨ ਦੀਦਾਰ ਹੁੰਦੇ ਹਨ। ਹੁਣ ਮਹਾਰਾਜਾ ਯਾਦਵਿੰਦਰ ਸਿੰਘ ਆਫ ਪਟਿਆਲਾ ਦੇ ਮਹੱਲ ਵਿੱਚ ਹੈ।

ਪੇਸ਼ ਕਬਜ਼: ਇਹ ਪੇਸ਼ ਕਬਜ਼ ਸੁਨਹਿਰੀ ਦਸਤੇ ਵਾਲੀ ਹੈ ਅਤੇ ਅੱਜਕਲ੍ਹ ਸੱਚਖੰਡ ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਸ੍ਰੀ ਅਬਚਲ ਨਗਰ ਨੰਦੇੜ ਵਿੱਚ ਹੈ।

ਖੰਜਰ ਪੇਸ਼ ਕਬਜ਼: ਇਹ ਖੰਜਰ ਪੇਸ਼ ਕਬਜ਼ ਸੁਨਿਹਰੀ ਦਸਤੇ ਵਾਲਾ ਹੈ ਜਿਸ ਦਾ ਦਸਤਾ ਹਾਥੀ ਦੰਦ ਵਾਲਾ ਹੈ, ਜਿਸ 'ਤੇ ਇੱਕ ਚਾਂਦੀ ਦਾ ਬੰਦ ਹੈ। ਇਹ ਪੇਸ਼ ਕਬਜ਼ਾ ਵੀ ਗੁਰੂ ਸਾਹਿਬ ਨੇ ਭਾਈ ਤ੍ਰਿਲੋਕਾ ਤੇ ਭਾਈ ਰਾਮਾ ਨੂੰ 'ਖੰਡੇ ਦੀ ਪਾਹੁਲ' ਲੈਣ ਉਪਰੰਤ ਬਖਸ਼ਿਸ਼ ਕੀਤਾ ਸੀ। ਇਹ ਅੱਜ ਕੱਲ੍ਹ ਨਵੇਂ ਮੋਤੀ ਮਹੱਲ, ਪਟਿਆਲਾ ਵਿਖੇ ਸੁਸ਼ੋਭਿਤ ਹੈ।

ਹ) ਬਰਛਾ:-

ਬਰਛਾ: ਇਸ ਬਰਛੇ ਦੀ ਲੰਬਾਈ 9'-1" ਹੈ। ਇਹ ਇੰਗਲੈਂਡ ਤੋਂ ਲਾਰਡ ਡਲਹੌਜੀ ਦੇ ਖਾਨਦਾਨ ਦੀ ਲੇਡੀ ਐਡਿਲ ਬਰਾਉਨ ਲਿੰਡਜੇ ਪਾਸੋਂ 117 ਵਰ੍ਹੇ ਪਿੱਛੋਂ ਵਾਪਸ ਪੰਜਾਬ ਪੁੱਜਾ। ਇਹ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿੱਚ ਸੁਸ਼ੋਭਿਤ ਹੈ।

ਨਾਗਨੀ ਬਰਛੀ: ਇਸ ਬਰਛੀ ਦੀ ਲੰਬਾਈ 8 ਫੁੱਟ ਤਿੰਨ ਇੰਚ ਹੈ। ਇਸ ਦਾ ਵਜ਼ਨ ਤਕਰੀਬਨ 25 ਸੇਰ ਹੈ। ਇਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਵਿੱਚ ਮੌਜੂਦ ਹੈ।

ਬਿਛੂਆ/ਜਮਦਾੜ/ਭਾਲਾ/ਬਰਛਾ- ਇਸ ਬਰਛੇ ਨੂੰ ਇਨ੍ਹਾਂ ਸਾਰੇ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਸ ਦੀ ਲੰਬਾਈ ਸਤ ਫੁੱਟ ਸਾਢੇ ਗਿਆਰਾਂ ਇੰਚ ਹੈ। ਅਗਲਾ ਫਲ ਦੋ ਫੁੱਟ ਇੱਕ ਇੰਚ ਹੈ। ਲਕੜੀ ਦਾ ਲੰਮਾ ਦਸਤਾ ਹੈ। ਇਹ ਵੀ ਅਨੰਦਪੁਰ ਸਾਹਿਬ ਵਿੱਚ ਮੌਜੂਦ ਹੈ।

ਬਰਛੀ: ਇਸ ਬਰਛੀ ਦੀ ਲੰਬਾਈ 5'-4" ਹੈ। ਇਹ ਵੀ ਇੰਗਲੈਂਡ ਤੋਂ ਪੰਜਾਬ ਆਈ ਸੀ। ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿੱਚ ਸੁਸ਼ੋਭਿਤ ਹੈ।

ਬਰਛਾ: ਇਸ ਬਰਛੇ ਦਾ ਛੜ ਅਨੋਖੇ ਕਿਸਮ ਦਾ ਹੈ, ਜਿਸ ਦੀ ਬਹੁਤ ਲਚਕ ਹੈ। ਲੱਕੜੀ ਦਾ ਪਤਾ ਨਹੀਂ ਕਿ ਕਿਸ ਦੀ ਹੈ। ਇਸ ਬਰਛੇ ਨੂੰ 'ਬਾਲਮ'ਅਤੇ 6 ਇੰਦਰ ਚਮਕ ਭਲਾ' ਵੀ ਆਖਦੇ ਹਨ। ਇਹ ਬਰਛਾ ਵੀ ਦਸਵੇਂ ਪਾਤਸ਼ਾਹ ਨੇ ਭਾਈ ਤ੍ਰਿਲੋਕਾ ਅਤੇ ਭਾਈ ਰਾਮਾ ਨੂੰ ਅੰਮ੍ਰਿਤਪਾਨ ਕਰਨ ਉਪਰੰਤ ਦਮਦਮਾ ਸਾਹਿਬ ਵਿਖੇ ਬਖਸ਼ਿਸ਼ ਕੀਤਾ ਸੀ। ਇਹ ਅੱਜਕਲ੍ਹ ਨਵੇਂ ਮੋਤੀ ਮਹੱਲ, ਪਟਿਆਲਾ ਵਿਖੇ ਮੌਜੂਦ ਹੈ।

ਬਰਛਾ: ਇਹ ਬਰਛਾ ਸਰਬਲੋਹ ਦਾ ਪੋਲਰਾ ਹੈ ਅਤੇ ਉਪਰ ਖ਼ਾਲ ਸੋਨੇ ਦੀ ਹੈ। ਇਹ ਬਰਛਾ ਵੀ ਅੱਜਕਲ੍ਹ ਨਵੇਂ ਮੋਤੀ ਮਹੱਲ ਪਟਿਆਲਾ ਵਿੱਚ ਹੈ।

ਕ) ਬੰਦੂਕਾਂ ਅਤੇ ਤੋਪਾਂ:-

ਇੱਕ ਬੰਦੂਕ ਤੋੜੇਦਾਰ: ਇਹ ਬੰਦੂਕ ਗੁਰਦੁਆਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿੱਚ ਮੌਜੂਦ ਹੈ।

ਦੋ ਤੋਪਾਂ: ਇਹ ਦੋ ਤੋਪਾਂ ਆਨੰਦਪੁਰ ਸਾਹਿਬ ਦੀ ਖ਼ੁਦਾਈ ਵਿੱਚੋਂ ਨਿਕਲੀਆਂ ਹਨ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਮਿੱਥੀਆਂ ਜਾਂਦੀਆਂ ਹਨ। ਇਹ ਅੱਜਕਲ੍ਹ ਪੰਜਾਬ ਸਰਕਾਰ ਅਜਾਇਬ ਘਰ, ਪਟਿਆਲਾ ਵਿੱਚ ਮੌਜੂਦ ਹਨ।

ਬੰਦੂਕ (ਰਮਿੰਜੰਗਾ): ਇਹ ਬੰਦੂਕ ਲਾਹੌਰ ਦੇ ਇੱਕ ਕਾਰੀਗਰ ਵੱਲੋਂ ਦਸਵੇਂ ਪਾਤਸ਼ਾਹ ਨੂੰ ਭੇਟ ਕੀਤੀ ਗਈ ਸੀ। ਭਾਈ ਡੱਲੇ ਦੇ ਚਾਕਰਾਂ ਦੀ ਪਰਖ ਇਸੇ ਨਾਲ ਕੀਤੀ ਗਈ ਦਸੀਦੀ ਹੈ। ਇਹ ਅੱਜਕਲ੍ਹ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਦੀ ਤਲਵੰਡੀ, ਜ਼ਿਲ੍ਹਾ ਬਠਿੰਡਾਵਿੱਚ ਹੈ।

ਬੰਦੂਕ ਸੁਨਹਿਰੀ ਤੋੜੇਦਾਰ: ਇਸ ਬੰਦੂਕ ਦੇ ਉਪਰਲੇ ਹਿੱਸੇ ਵਿੱਚ ਲਿਖਿਆ ਹੈ "੧ਓ ਅਕਾਲ ਸਹਾਇ ਗੁਰੂ ਗੋਬਿੰਦ ਸਿੰਘ ਸੱਚਾ ਪਾਤਸ਼ਾਹ ਸੀ"। ਇਹ ਬੰਦੂਕ ਕਿਲ੍ਹਾ ਮੁਬਾਰਿਕ ਬੁਰਜ ਬਾਬਾ ਆਲਾ ਸਿੰਘ, ਪਟਿਆਲਾ ਵਿੱਚ ਮੌਜੂਦ ਹੈ।

ਬੰਦੂਕ ਦੀ ਨਾਲੀ: ਚਮਕੌਰ ਸਾਹਿਬ ਦੀ ਖ਼ੁਦਾਈ ਵਿੱਚੋਂ ਨਿਕਲੀਆਂ ਕੁੱਝ ਗੋਲੀਆਂ ਅਤੇ ਬੰਦੂਕ ਦੀ ਨਾਲੀ ਮਿਲੀ ਹੈ। ਇਹ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿੱਚ ਸੁਸ਼ੋਭਿਤ ਹਨ।

ਇੱਕ ਬੰਦੂਕ: ਇਸ ਬੰਦੂਕ ਨੂੰ ਭਾਈ ਡੱਲੇ ਵਾਲੀ ਬੰਦੂਕ ਆਖਿਆ ਜਾਂਦਾ ਹੈ ਜੋ ਆਨੰਦਪੁਰ ਸਾਹਿਬ ਵਿੱਚ ਹੈ। ਪਰ ਅਜਿਹੀ ਇੱਕ ਹੋਰ ਬੰਦੂਕ ਕਿਸੇ ਨਾਮ ਥੱਲੇ ਦਮਦਮਾ ਸਾਹਿਬ ਵਿਖੇ ਰੱਖੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਜੇ ਤੱਕ ਇਸ ਬਾਰੇ ਨਿਰਣੇਜਨਕ ਫੈਸਲਾ ਨਹੀਂ ਕੀਤਾ ਗਿਆ ਕਿ ਕਿਹੜੀ ਅਸਲ ਬੰਦੂਕ ਹੈ ਪਰ ਫਿਰ ਵੀ ਇਤਿਹਾਸਕ ਪੱਤਰ 1949-50 ਅਨੁਸਾਰ ਦਮਦਮਾ ਸਹਿਬ ਵਾਲੀ ਅਸਲ ਮੰਨੀ ਜਾਂਦੀ ਹੈ।

ਖ) ਕਰਪਾ ਸ਼ਸਤਰ:-

ਇਸ ਨੂੰ ਸੈਫ ਵੀ ਆਖਦੇ ਹਨ। ਇਸ ਨਾਲ ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਬਚਿੱਤਰ ਸਿੰਘ ਨੇ ਰਾਜੇ ਜਸਵਾਲੀਏ ਦੇ ਮਸਤ ਹਾਥੀ ਨੂੰ ਮਾਰ ਭਜਾਇਆ ਸੀ। ਇਹ ਸੈਫ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਵਿੱਚ ਮੌਜੂਦ ਹੈ।

ਗ) ਦਾਇ-ਅਹਿਨੀ:-

ਇੱਕ ਕਟਾਰ ਦੀ ਸ਼ਕਲ ਦਾ ਟਕੂਆ ਹੁੰਦਾ ਹੈ। ਇਸ ਦੀ ਲੰਬਾਈ ਦੋ ਫੁੱਟ, ਸਾਢੇ ਸੱਤ ਇੰਚ ਲੰਮਾ ਹੈ। ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ।

ਘ) ਚੱਕਰ:-

ਇੱਕ ਸੁਨਹਿਰੀ ਚੱਕਰ ਜਿਸ ਦੇ ਦੋਹੀਂ ਪਾਸੀਂ ਜਪੁਜੀ ਸਾਹਿਬ ਉਕਰਿਆ ਹੋਇਆ ਹੈ, ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿੱਚ ਮੌਜੂਦ ਹੈ। ਗੁਰੂ ਸਾਹਿਬ ਦਾ ਇੱਕ ਹੋਰ ਚੱਕਰ ਗੁਰਦੁਆਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿੱਚ ਵੀ ਸੁਸ਼ੋਭਿਤ ਹੈ।

ਙ) ਗੁਰਜ:-

ਇਹ ਗੁਰਜ ਵੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿੱਚ ਸੁਸ਼ੋਭਿਤ ਹੈ।

ਚ) ਤ੍ਰਸ਼ੂਲ ਦੀ ਕਿਸਮ ਦਾ ਇੱਕ ਸ਼ਸਤਰ:

ਇਹ ਸ਼ਸਤਰ ਦੋ ਫੁੱਟ ਲੰਮਾ ਹੈ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿੱਚ ਹੈ।

ਛ) ਨਾਰਚ:-

ਇਸ ਨੂੰ 'ਸਰਬ ਲੋਹ ਕੀ ਸਾਂਗ' ਵੀ ਆਖਿਆ ਜਾਂਦਾ ਹੈ। ਇਹ ਵੀ ਹਜ਼ੂਰ ਸਾਹਿਬ ਵਿੱਚ ਹੈ।

ਜ) ਢਾਲ:-

ਇਹ ਫੁਲਾਦੀ ਜੜਾਊ ਵਾਲੀ ਢਾਲ ਹੈ ਜੋ ਹਜ਼ੂਰ ਸਾਹਿਬ ਵਿੱਚ ਸੁਸ਼ੋਭਿਤ ਹੈ।

ਇੱਕ ਹੋਰ ਢਾਲ ਕਪੂਰੇ ਦੀ ਬੰਸ ਵਿੱਚੋਂ ਮਹਾਰਾਜਾ ਫਰੀਦਕੋਟ ਪਾਸ ਹੈ।

ਇੱਕ ਢਾਲ ਦਾ ਵਤਰ 1'-1" ਹੈ ਅਤੇ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿੱਚ ਸੁਸ਼ੋਭਿਤ ਹੈ।

ਝ) ਜਮਦਾੜ੍ਹ:-

ਇਹ ਜਮਦਾੜ੍ਹ ਖੰਡੇ ਦੀ ਸ਼ਕਲ ਦਾ ਹੈ ਅਤੇ ਦਾਤੀ ਦੀ ਤਰ੍ਹਾਂ ਦੰਦੇਦਾਰ ਹੈ। ਅੱਜਕਲ੍ਹ ਕਿਲ੍ਹਾ ਮੁਬਾਰਕ, ਬਾਬਾ ਆਲਾ ਸਿੰਘ, ਪਟਿਆਲਾ ਵਿੱਚ ਹੈ।

ਞ) ਸਫ਼ਾ ਜੰਗ:-

1. ਇਸ ਸਫਾ ਜੰਗ ਦੇ ਦਸਤੇ ਉਪਰ ਚਾਂਦੀ ਦੀਆਂ ਛੇ ਨਲੀਆਂ ਹਨ ਅਤੇ ਦੋਨੋਂ ਪਾਸੇ ਪੋਲਰੇ ਹਨ। ਇਹ ਵੀ ਕਿਲ੍ਹਾ ਮੁਬਾਰਕ, ਬਾਬਾ ਆਲਾ ਸਿੰਘ, ਪਟਿਆਲਾ ਵਿੱਚ ਹੈ।

ਇੱਕ ਸਫ਼ਾ ਜੰਗ ਹੋਰ ਹੈ ਜਿਸ ਉਪਰ ਚਾਂਦੀ ਦੇ ਪੋਲਰੇ ਚੜ੍ਹੇ ਹੋਏ ਹਨ। ਫਲ ਉਪਰ ਇੱਕ ਪਾਸੇ ਫਾਰਸੀ ਦਾ ਸ਼ਬਦ 'ਈ ਜਿਨੀਅਤ ਨਿਮਾਜ਼' ਅਤੇ ਦੂਜੇ ਪਾਸੇ 'ਸਰ ਕਲੀਦ ਬਾਫਤਵਾ' ਉਕਰੇ ਹੋਏ ਹਨ। ਇਹ ਸਫਾ ਜੰਗ ਵੀ ਕਿਲ੍ਹਾ ਮੁਬਾਰਕ ਪਟਿਆਲਾ ਦੀ ਜ਼ੀਨਤ ਹੈ।

ਟ) ਖੰਜਰ:-

ਗੁਰੂ ਸਾਹਿਬ ਦਾ ਇੱਕ ਖੰਜਰ, ਕਿਲ੍ਹਾ ਨਾਭਾ, ਜ਼ਿਲ੍ਹਾ ਪਟਿਆਲਾ ਵਿੱਚ ਮੌਜੂਦ ਹੈ।

ਠ) ਪੰਜ ਕਲਾ ਸ਼ਸਤਰ:-

ਇਹ ਸ਼ਸਤਰ ਰਾਜਾ ਰਤਨ ਰਾਏ ਅਸਾਮ ਨੇ ਦਸਵੇਂ ਪਾਤਸ਼ਾਹ ਨੂੰ ਭੇਟ ਕੀਤਾ ਸੀ। ਇਸ ਸ਼ਸਤਰ ਦੀ ਫੋਟੋ ਕੇਂਦਰੀ ਸਿੱਖ ਅਜਾਇਬ ਘਰ, ਅੰਮ੍ਰਿਤਸਰ ਵਿੱਚ ਵੀ ਲੱਗੀ ਹੋਈ ਹੈ। ਪੰਚ ਕਲਾ ਸ਼ਸਤਰ, ਬੜੌਦੇ ਅਜਾਇਬ ਘਰ, ਬੜੋਦਾ ਵਿੱਚ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਹੋਰ ਪਵਿੱਤਰ ਨਿਸ਼ਾਨੀਆਂ ਜੋ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੇ ਹੋਰ ਥਾਵਾਂ ਆਦਿ ਵਿੱਚ ਸਾਂਭੀਆਂ ਪਈਆਂ ਹਨ, ਉਹ ਇਸ ਪ੍ਰਕਾਰ ਹਨ:-

ਬਟੂਏ ਵਿੱਚ ਕੰਘਾ ਤੇ ਕੇਸ:-

ਗੁਰੂ ਸਾਹਿਬ ਦਾ ਇੱਕ ਕੰਘਾ ਅਤੇ ਕੇਸ ਇੱਕ ਬਟੂਏ ਵਿੱਚ ਗੁਰਦੁਆਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿੱਚ ਮੌਜੂਦ ਹੈ।

ਹਾਥੀ ਦੰਦ ਦਾ ਇਕ ਕੰਘਾ:-

ਇਹ ਹਾਥੀ ਦੰਦ ਦਾ ਕੰਘਾ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿੱਚ ਹੈ।

ਕੰਘਾ ਚੰਦਨ ਦਾ:-

ਗੁਰੂ ਸਾਹਿਬ ਦਾ ਚੰਦਨ ਦਾ ਇਹ ਕੰਘਾ ਗੁਰਦੁਆਰਾ ਸ੍ਰੀ ਹਰਿਮੰਦਰ ਸਿੰਘ ਤਖ਼ਤ ਸ੍ਰੀ ਪਟਨਾ ਸਾਹਿਬ ਬਿਹਾਰ ਵਿੱਚ ਮੌਜੂਦ ਹੈ।

ਬਾਣਾ:-

ਦਸਵੇਂ ਪਾਤਸ਼ਾਹ ਦਾ ਇਹ ਬਾਣਾ ਸੱਤ ਧਾਤਾਂ ਦਾ ਬਣਿਆ ਦੱਸਿਆ ਜਾਂਦਾ ਹੈ। ਅੱਜਕਲ੍ਹ ਪਿੰਡ ਨੰਗਲ, ਜ਼ਿਲ੍ਹਾ ਫਰੀਦਕੋਟ ਵਿੱਚ ਸੁਰੱਖਿਅਤ ਹੈ।

ਨੀਲਾ ਚੋਲਾ:-

ਗੁਰੂ ਸਾਹਿਬ ਦਾ ਇਹ ਚੋਲਾ ਵੀ ਅੱਜਕਲ੍ਹ ਪਿੰਡ ਨੰਗਲ, ਜ਼ਿਲ੍ਹਾ ਫਰੀਦਕੋਟ ਵਿੱਚ ਹੈ।

ਚਿੱਟਾ ਚੋਲਾ:-

ਚਿੱਟੇ ਰੰਗ ਦਾ ਇਹ ਚੋਲਾ ਸਾਦਾ ਅਤੇ ਸੂਤੀ ਹੈ। ਇਹ ਪਵਿੱਤਰ ਨਿਸ਼ਾਨੀ ਭਾਈ ਚੇਤ ਸਿੰਘ ਦੇ ਘਰ ਪਿੰਡ ਫਫੜੇ ਭਾਈਕੇ ਮਾਨਸਾ (ਪੰਜਾਬ) ਵਿੱਚ ਹੈ।

ਚੋਲਾ ਛੀਟ ਦਾ:-

ਛੀਟ ਦਾ ਇਹ ਚੋਲਾ ਸੂਤੀ ਦੋਹਰਾ ਹੈ ਅਤੇ ਇਹ ਭਾਈ ਚੇਤ ਸਿੰਘ ਦੇ ਘਰ ਵਿੱਚ ਫਫੜੇ ਭਾਈਕੇ ਵਿੱਚ ਸੁਰੱਖਿਅਤ ਹੈ।

ਚਮੜੇ ਦਾ ਪਜਾਮਾ:-

ਇਹ ਪਜਾਮਾ ਕਕੜੇਲ (ਚਮੜੇ) ਦਾ ਹੈ। ਇਹ ਦਸਵੇਂ ਪਾਤਸ਼ਾਹ ਘੋੜ ਸਵਾਰੀ ਜਾਂ ਜੰਗਾਂ ਵਿੱਚ ਪਹਿਨਣ ਸਮੇਂ ਵਰਤਦੇ ਸਨ। ਇਹ ਨਿਸ਼ਾਨੀ ਵੀ ਭਾਈ ਚੇਤ ਸਿੰਘ ਪਿੰਡ ਫਫੜੇ ਭਾਈਕੇ ਵਿੱਚ ਹੈ।

ਦੋ ਚੋਲੇ:-

ਗੁਰੂ ਸਾਹਿਬ ਦੇ ਦੋ ਚੋਲੇ ਸਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ (ਬਠਿੰਡਾ) ਵਿੱਚ ਹਨ। ਇਹ ਵਸਤਾਂ ਗੁਰੂ ਜੀ ਨੇ ਭਾਈ ਡੱਲ ਸਿੰਘ ਨੂੰ ਬਖਸ਼ੀਆਂ ਸਨ।

ਦੋ ਪਜਾਮੇ:-

ਗੁਰੂ ਸਾਹਿਬ ਦੇ ਦੋ ਪਜਾਮੇ ਵੀ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ਵਿੱਚ ਹਨ। ਇਹ ਨਿਸ਼ਾਨੀਆਂ ਵੀ ਗੁਰੂ ਸਾਹਿਬ ਨੇ ਭਾਈ ਡੱਲ ਸਿੰਘ ਨੂੰ ਬਖਸ਼ੀਆਂ ਸਨ ਅਤੇ ਅੱਜਕਲ੍ਹ ਉਨ੍ਹਾਂ ਦੇ ਵਾਰਸਾਂ ਭਾਈ ਸ਼ਮਸ਼ੇਰ ਸਿੰਘ ਦੇ ਘਰ ਸੁਸ਼ੋਭਾਇਮਾਨ ਹਨ।

ਦੋ ਦਸਤਾਰਾਂ:-

ਗੁਰੂ ਸਾਹਿਬ ਦੀਆਂ ਦੋ ਦਸਤਾਰਾਂ ਵੀ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਰਵੰਡੀ ਵਿੱਚ ਹਨ। ਗੁਰੂ ਸਾਹਿਬ ਨੇ ਭਾਈ ਡੱਬ ਸਿੰਘ ਨੂੰ ਇਹ ਨਿਸ਼ਾਨੀ ਦੇ ਤੌਰ 'ਤੇ ਬਖਸ਼ਿਸ਼ ਕੀਤੀਆਂ ਸਨ। ਅੱਜਕਲ੍ਹ ਉਨ੍ਹਾਂ ਦੇ ਖਾਨਦਾਨ ਵਿੱਚੋਂ ਭਾਈ ਸ਼ਮਸ਼ੇਰ ਸਿੰਘ ਦੇ ਘਰ ਹਨ ਜਿਨ੍ਹਾਂ ਦੇ ਦਰਸ਼ਨ ਉਹ ਜੋੜ ਮੇਲਿਆਂ ਜਾਂ ਵਿਸ਼ੇਸ਼ ਬੇਨਤੀ 'ਤੇ ਸਵੇਰੇ 12 ਵਜੇ ਤੋਂ ਪਹਿਲਾਂ-ਪਹਿਲਾਂ ਕਰਾਉਂਦੇ ਹਨ। ਅੱਜਕਲ੍ਹ ਇਹ ਸੇਵਾ ਮਾਈ ਸੁਖਦੇਵ ਕੌਰ (ਧਰਮ ਪਤਨੀ ਸਵਰਗਵਾਸੀ ਭਾਈ ਸ਼ਮਸ਼ੇਰ ਸਿੰਘ) ਅਤੇ ਉਨ੍ਹਾਂ ਦੇ ਮੁਖਤਾਰ ਕਰਦੇ ਹਨ।

ਬਾਜ ਦੀ ਡੋਰ:-

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਾਜ ਦੀ ਡੋਰ ਵੀ ਸ੍ਰੀ ਦਮਦਮਾ ਸਾਹਿਬ ਸਾਬੋ ਕੀ

ਤਲਵੰਡੀ ਬਠਿੰਡਾ ਵਿੱਚ ਹੈ। ਇਹ ਵੀ ਨਿਸ਼ਾਨੀ ਦੇ ਤੌਰ 'ਤੇ ਭਾਈ ਡੱਲ ਸਿੰਘ ਨੂੰ ਗੁਰੂ ਸਾਹਿਬ ਨੇ ਬਖਸ਼ੀ ਸੀ। ਇਹ ਵੀ ਭਾਈ ਸ਼ਮਸ਼ੇਰ ਸਿੰਘ ਦੇ ਘਰ ਮੌਜੂਦ ਹੈ।

ਦਸਤਾਰ:-

ਗੁਰੂ ਸਾਹਿਬ ਨੇ ਇਹ ਦਸਤਾਰ ਨਿਸ਼ਾਨੀ ਦੇ ਤੌਰ 'ਤੇ ਬਾਬਾ ਤਰਲੋਕ ਸਿੰਘ ਨੂੰ ਬਖਸ਼ੀ ਸੀ। ਇਹ ਅੱਜਕਲ੍ਹ ਕਿਲ੍ਹਾ ਨਾਭਾ, ਜ਼ਿਲਾ ਪਟਿਆਲਾ ਵਿੱਚ ਹੈ।

ਖੜਾਵਾਂ ਚੰਦਨ ਦੀਆਂ:-

ਦਸਵੇਂ ਪਾਤਸ਼ਾਹ ਦੀਆਂ ਇਹ ਖੜਾਵਾਂ ਚੰਦਨ ਦੀਆਂ ਹਨ। ਇਹ ਖੜਾਵਾਂ ਇੱਕ ਸੇਠ ਨੇ ਦਸ਼ਮੇਸ਼ ਪਾਤਸ਼ਾਹ ਦੀਆਂ ਦੱਸ ਕੇ ਸਵਰਗਵਾਦੀ ਮਹਾਰਾਜਾ ਭੁਪਿੰਦਰ ਸਿੰਘ ਨੂੰ ਦਿੱਤੀਆਂ ਸਨ। ਮਹਾਰਾਜਾ ਨੇ ਇਸ ਦੇ ਇਵਜ਼ ਵਜੋਂ ਸੇਠ ਨੂੰ 1500 ਰੁਪਏ ਦਿੱਤੇ ਸਨ। ਇਹ ਅੱਜਕਲ੍ਹ ਕਿਲ੍ਹਾ ਮੁਬਾਰਕ ਬੁਰਜ ਆਲਾ ਸਿੰਘ, ਪਟਿਆਲਾ (ਨਵੇਂ ਮੋਤੀ ਮਹੱਲ, ਪਟਿਆਲਾ) ਵਿੱਚ ਹਨ।

ਖੜਾਵਾਂ ਹਾਥੀ ਦੰਦ ਦੀਆਂ:-

ਇਹ ਖੜਾਵਾਂ ਸ੍ਰੀ ਹਰਿਮੰਦਰ ਸਾਹਿਬ ਬਿਹਾਰ ਵਿੱਚ ਹਨ।

ਕਮਰਕੱਸਾ:-

ਗੁਰੂ ਸਾਹਿਬ ਦਾ ਇਹ ਕਮਰਕੱਸਾ ਸ੍. ਗੁਰਦਿਆਲ ਸਿੰਘ ਬਠਿੰਡਾ ਤੋਂ 13 ਜੇਠ 1996 ਨੂੰ ਪ੍ਰਾਪਤ ਕਰਕੇ ਮਹਾਰਾਜਾ ਯਾਦਵਿੰਦਰ ਸਿਘ ਪਟਿਆਲਾ ਨੇ ਕਿਲ੍ਹਾ ਮੁਬਾਰਕ ਪਟਿਆਲਾ ਵਿੱਚ ਰੱਖਿਆ ਹੈ।

ਕਮਰਕੱਸਾ:-

ਗੁਰੂ ਸਾਹਿਬ ਦਾ ਇਹ ਕਮਰਕੱਸਾ ਸੋਨੇ ਤੇ ਤਿਲੇ ਦੀਆਂ ਕੀਮਤੀ ਤਾਰਾਂ ਦਾ ਬਣਿਆ ਹੋਇਆ ਹੈ। ਇਸ ਕਿਸਮ ਦਾ ਇੱਕ ਗਾਤਰਾ ਵੀ ਅਜਾਇਬ ਘਰ ਵਿੱਚ ਸੁਭਾਇਮਾਨ ਹੈ।

ਪੰਘੂੜਾ:-

ਇਹ ਪੰਘੂੜਾ ਗੁਰੂ ਸਾਹਿਬ ਦੀ ਬਾਲ ਅਵਸਥਾ ਦਾ ਹੈ ਜਿਸ ਵਿੱਚ ਬਾਲਾ ਪ੍ਰੀਤਮ ਬਿਰਾਜਦੇ ਸਨ। ਇਹ ਵੀ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ (ਪਟਨਾ ਸਾਹਿਬ) ਬਿਹਾਰ ਵਿੱਚ ਹੈ।

ਢੋਲਕ:-

ਇਹ ਢੋਲਕ ਬਾਲਾ ਪ੍ਰੀਤਮ ਦੇ ਖੇਲਣ ਵਾਸਤੇ ਇੱਕ ਮਾਈ ਨੇ ਭੇਟਾ ਕੀਤੀ ਸੀ। ਇਹ ਵੀ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ (ਪਟਨਾ ਸਾਹਿਬ) ਬਿਹਾਰ ਵਿੱਚ ਹੈ।

ਰਬਾਬ:-

ਇਹ ਰਬਾਬਾ ਵੀ ਬਿਹਾਰ ਵਿੱਚ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਹੈ ਜੋ ਦਸਵੇਂ ਪਾਤਸ਼ਾਹ ਨਾਲ ਸਬੰਧਤ ਦੱਸੀ ਜਾਂਦੀ ਹੈ।

ਖੂਹ:-

ਇਹ ਖੂਹ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਲਾਗੇ ਬਿਹਾਰ ਵਿੱਚ ਹੈ ਜਿਸ ਦਾ ਪਾਣੀ ਖਾਰਾ ਹੈ। ਬਾਲ ਅਵਸਥਾ ਵਿੱਚ ਗੁਰੂ ਸਾਹਿਬ ਇਸ ਕੋਲ ਬੈਠਿਆ ਕਰਦੇ ਸਨ।

ਪੈਂਤੀ ਅੱਖਰ:-

ਕਾਗਜ਼ਾਂ ਉਪਰ ਚਿੰਨਿਤ ਪੈਂਤੀ ਅੱਖਰ (ਗੁਰੂ ਜੀ ਦੇ ਪੈਂਤੀ ਸਿੱਖਣ ਸਮੇਂ ਦੇ ਮੌਜੂਦ

ਹਨ)। ਇਨ੍ਹਾਂ ਦੇ ਹੀ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ, ਬਿਹਾਰ ਵਿੱਚ ਦਰਸ਼ਨ ਕਰਾਏ ਜਾਂਦੇ ਹਨ।

ਮੌਜ਼ੇ:-

ਗੁਰੂ ਸਾਹਿਬ ਦੇ ਮੌਜ਼ੇ ਹਨ। ਇਥੇ ਗੁਰੂ ਸਾਹਿਬ ਬਾਲ ਅਵਸਥਾ ਵਿੱਚ ਖੇਡਿਆ ਕਰਦੇ ਸਨ। ਇੱਕ ਕਰੌਂਦੇ ਦਾ ਦਰੱਖਤ ਵੀ ਹੈ ਜਿਸ ਹੇਠ ਬਾਲਾ ਪ੍ਰੀਤਮ ਖੇਡਦੇ ਸਨ। ਇਹ ਮੌਜ਼ੇ ਅਤੇ ਕਰੌਂਦੇ ਦਾ ਦਰਖਤ, ਗੁਰਦੁਆਰਾ ਮੈਨੀ ਸੰਗਤ, ਬਾਲ ਲੀਲ੍ਹਾ ਸਾਹਿਬ, ਪਟਨਾ ਸਾਹਿਬ ਵਿੱਚ ਹੈ।

ਹਾਂਡੀ:-

ਗੁਰਦੁਆਰਾ ਸਾਹਿਬ ਸੰਗਤ ਹਾਂਡੀਵਾਲੀ ਵਿੱਚ ਉਸ ਹਾਂਡੀ ਦੇ ਦਰਸ਼ਨ ਕਰਾਏ ਜਾਂਦੇ ਹਨ ਜਿਸ ਵਿੱਚ ਮਾਤਾ ਭਗਵੰਤੀ ਸ਼ਰਧਾ ਨਾਲ ਖਿੱਚੜੀ ਤਿਆਰ ਕਰਕੇ ਬਾਬਾ ਪ੍ਰੀਤਮ ਨੂੰ ਘਰ ਲਿਜਾ ਕੇ ਖਵਾਉਂਦੀ ਸੀ।

ਪੱਥਰ ਉਪਰ ਚੌਪਈ:

ਗੁਰੂ ਸਾਹਿਬ ਨੇ ਗੁਰਦੁਆਰਾ ਸਾਹਿਬ ਭਬੋਰ (ਗੁਫਾ ਗੁਰੂ ਕੀ) ਅਸਥਾਨ ਉਪਰ ਚੌਪਈ ਦਾ ਉਚਾਰਨ ਕੀਤਾ ਸੀ। ਇਥੇ ਚੌਪਈ ਇੱਕ ਪੱਥਰ ਉਪਰ ਉਕਰੀ ਹੋਈ ਹੈ ਤੇ 'ਗੁਫਾ ਗੁਰੂ ਕੀ' ਕਰਕੇ ਪ੍ਰਸਿੱਧ ਹੈ।

ਸ਼ੀਸ਼ਾ:-

ਇਸ ਸ਼ੀਸ਼ੇ ਦੇ ਸਾਈਜ਼ (ਆਕਾਰ) 10"×9" ਹੈ, ਜਿਸ ਦੇ ਦਰਸ਼ਨ ਨਾਲ ਲਕਵਾ ਦੂਰ ਹੋਣ ਦੀ ਕਥਾ ਪ੍ਰਚਲਿਤ ਹੈ। ਇਹ ਸ੍ਰੀ ਦਮਾਦਮਾ ਸਾਹਿਬ, ਸਾਬੋਕੀ ਤਲਵੰਡੀ (ਬਠਿੰਡਾ) ਵਿੱਚ ਹੈ।

ਖੱਲ ਦਾ ਜੋੜਾ:-

ਇਹ ਜੋੜਾ ਖੱਲ ਦਾ ਭਾਈ ਚੇਤ ਸਿੰਘ ਦੇ ਘਰ ਪਿੰਡ ਫਫੜੇ ਭਾਈਕੇ ਮਾਨਸਾ ਵਿੱਚ ਹੈ।

ਇੱਕ ਹੋਰ ਪੈਰਾਂ ਦਾ ਜੋੜਾ ਦਸਵੇਂ ਪਾਤਸ਼ਾਹ ਦੇ ਭਾਈ ਭਗਵਾਨ ਸਿਘ ਦੇ ਘਰ ਵਿੱਚ ਨੰਗਲ, ਫਰੀਦਕੋਟ ਵਿੱਚ ਹੈ।

ਮੋਹਰ ਦਾ ਨਿਸ਼ਾਨ:-

ਇਹ ਮੋਹਰ ਦਾ ਨਿਸ਼ਾਨ ਦਸਵੇਂ ਪਾਤਸ਼ਾਹ ਨੇ ਇੱਕ ਕਾਗਜ਼ 'ਤੇ ਲਾ ਕੇ ਭਾਈ ਲਾਲ ਚੰਦ ਨੂੰ ਬਖਸ਼ਿਆ ਸੀ। ਇਹ ਭਾਈ ਭਗਵਾਨ ਸਿਘ ਦੇ ਘਰ ਵਿੱਚ ਨੰਗਲ ਵਿੱਚ ਹੈ।

ਨਿਸ਼ਾਨ ਸਾਹਿਬ:-

ਇਸ ਨਿਸ਼ਾਨ ਸਾਹਿਬ ਦੀ ਛੜ ਦੀ ਇੱਕੋ ਹੀ ਪੋਰੀ ਹੈ ਅਤੇ ਹੇਠਾਂ ਪੋਲਰੇ ਵਿੱਚ ਸਾਦੀ ਹਰੜ ਹੈ। ਇਹ ਗੁਰੂ ਜੀ ਨੇ ਭਾਈ ਤ੍ਰਿਲੋਕਾ ਤੇ ਭਾਈ ਰਾਮਾ ਨੂੰ ਦਮਦਮਾ ਸਾਹਿਬ ਖੰਡੇ ਦਾ ਪਾਹੁਲ ਲੈਣ ਉਪਰੰਤ ਬਖਸ਼ਿਸ਼ ਕੀਤਾ ਸੀ।

ਸ੍ਰੀ ਗੁਟਕਾ ਸਾਹਿਬ:-

ਇਸ ਪਵਿੱਤਰ ਗੁਟਕੇ 'ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹਸਤਾਖਰ ਹਨ। ਇਹ ਕਿਲ੍ਹਾ ਮੁਬਾਰਕ, ਪਟਿਆਲਾ ਵਿੱਚ ਹੈ।

ਨਿਸ਼ਾਨ ਸਾਹਿਬ:-

ਇਹ ਨਿਸ਼ਾਨ ਸਾਹਿਬ ਦਸਵੇਂ ਪਾਤਸ਼ਾਹ ਨੇ ਦਮਦਮਾ ਸਾਹਿਬ ਤੋਂ ਦੱਖਣ ਦੇਸ਼ ਨੂੰ ਚਾਲੇ ਪਾਉਣ ਸਮੇਂ ਸਿਰੋਪਾਓ ਵਜੋਂ ਬਾਬਾ ਤ੍ਰਿਲੋਕ ਸਿੰਘ ਅਤੇ ਬਾਬਾ ਰਾਮ ਸਿੰਘ ਨੂੰ ਬਖਸ਼ਿਆ ਸੀ ਜੋ ਉਨ੍ਹਾਂ ਦੇ ਖਾਨਦਾਨ ਵਿੱਚੋਂ ਚਲਦੇ ਆਏ ਹਨ। ਅੱਜਕਲ੍ਹ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਦੇ ਮਹੱਲ ਵਿੱਚ ਹਨ।

ਸੁਰਮਈ ਮਿੱਟੀ:-

ਗੁਰਦੁਆਰਾ ਚਰਨ ਕੰਵਲ ਮਾਛੀਵਾੜਾ ਵਿੱਚ ਉਸ ਸੁਰਮਈ ਮਿੱਟੀ ਦੇ ਦਰਸ਼ਨ ਕਰਵਾਏ ਜਾਂਦੇ ਹਨ। ਜਿਸ ਤੋਂ ਨੀਲੇ ਬਸਤਰ ਰੰਗਾਏ ਦੱਸੇ ਜਾਂਦੇ ਹਨ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ:-

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਜੋ ਕਿ ਦਸਵੇਂ ਪਾਤਸ਼ਾਹ ਨੇ ਗੁਰੂ ਕੀ ਕਾਸ਼ੀ ਦਮਦਮਾ ਸਾਹਿਬ ਵਿਖੇ ਤਿਆਰ ਕਰਵਾਈ ਕਹੀ ਜਾਂਦੀ ਹੈ। ਇਹ ਬੀੜ ਅੱਜਕਲ੍ਹ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ ਬਿਹਾਰ ਵਿੱਚ ਹੈ।

ਤਸਵੀਰ:-

ਇਹ ਤਸਵੀਰ ਅਸਾਮ ਦੇ ਰਾਜਾ ਹਜ਼ੂਰੀ ਸਿੰਘ ਨੇ ਗੁਰੂ ਜੀ ਨੂੰ ਬੇਨਤੀ ਕਰਕੇ ਤਿਆਰ ਕਰਵਾਈ ਸੀ।

ਇੱਕ ਤਸਵੀਰ ਆਨੰਦਪੁਰ ਸਾਹਿਬ ਤੋਂ ਤਿਆਰ ਕਰਵਾ ਕੇ ਲਿਜਾਈ ਗਈ ਦੱਸੀ ਜਾਂਦੀ ਹੈ। ਇਹ ਤਸਵੀਰ ਵੀ ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ ਬਿਹਾਰ ਵਿੱਚ ਹੈ।

ਗੁਰੂ ਸਾਹਿਬ ਦੇ ਹੁਕਮਨਾਮੇ ਅਤੇ ਹੱਥ ਲਿਖਤ:

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਸੰਮਤ 1757, 1758 ਅਤੇ 1762 ਵਿੱਚ ਲਿਖੇ ਗਏ ਹੁਕਮਨਾਮਿਆਂ ਦੇ ਫੋਟੋਜ਼ ਜਿਨ੍ਹਾਂ ਦੇ ਅਸਲ ਹੁਕਮਨਾਮੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਨੁਸ਼ਹਿਰਾ ਪੁੰਨੂੰਆਂ ਵਿਖੇ ਸ੍ਰੀ ਠਾਕਰ ਸਿੰਘ ਸਰਪੰਚ ਦੇ ਘਰ ਸੁਰੱਖਿਅਤ ਹਨ। ਇਨ੍ਹਾਂ ਹੁਕਮਨਾਮਿਆਂ ਦੀਆਂ ਫੋਟੋਜ਼ 1984 ਤੋਂ ਪਹਿਲਾਂ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਖੇ ਮੌਜੂਦ ਸਨ।

* ਗੁਰੂ ਸਾਹਿਬ ਵੱਲੋਂ ਸੰਗਤ ਮਾਛੀਵਾੜਾ ਦੇ ਨਾਮ ਲਿਖਿਆ ਇੱਕ ਹੁਕਮਨਾਮਾ ਜਿਸ 'ਤੇ ਗੁਰੂ ਗੋਬਿੰਦ ਸਿੰਘ ਦੇ ਪਵਿੱਤਰ ਹਸਤਾਖਰ ਹਨ। ਇਹ ਹੁਕਮਨਾਮਾ 1984 ਤੋਂ ਪਹਿਲਾਂ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਮੌਜੂਦ ਸੀ।

ਦਸਵੇਂ ਪਾਤਸ਼ਾਹ ਦੇ ਇਸ ਹੱਥ ਲਿਖਤੀ ਪੱਤਰੇ ਦੀ ਫੋਟੋ ਸ੍ਰ. ਮਨੋਹਰ ਸਿੰਘ ਮਾਰਕੋ (ਦਿੱਲੀ) ਵੱਲੋਂ ਵੀ ਭੇਟਾ ਕੀਤੀ ਗਈ ਹੈ। ਉਨ੍ਹਾਂ ਵੱਲੋਂ ਜ਼ਫਰਨਾਮੇ ਦੇ ਇੱਕ ਪੱਤਰੇ ਦੀ ਫੋਟੋ ਵੀ ਭੇਟਾ ਕੀਤੀ ਗਈ ਹੈ ਜੋ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਮੌਜੂਦ ਸੀ।

ਗੁਰੂ ਸਾਹਿਬ ਦਾ ਬਖਸ਼ਿਆ ਹੁਕਮਨਾਮਾ ਜੋ ਭਾਈ ਮਨੀ ਸਿੰਘ ਦੀ ਬੰਸ ਵਿੱਚ ਹੈ। ਇਹ ਅੱਜਕਲ੍ਹ ਗੁਰਦੁਆਰਾ ਸਾਹਿਬ, ਥਾਨੇਸਰ ਸ਼ਹਿਰ ਵਿੱਚ ਹੈ।

ਗੁਰਦੁਆਰਾ ਗੁਰ ਸਰ ਸਾਹਿਬ ਵਿੱਚ ਉਹ ਹੁਕਮਨਾਮਾ ਵੀ ਦਸਵੇਂ ਪਾਤਸ਼ਾਹ ਦਾ ਹੈ ਜੋ ਗੁਰੂ ਜੀ ਨੇ ਨੂਰਪੁਰ ਵਾਲੇ ਸੱਯਦ ਨੂੰ ਹੁਕਮਨਾਮਾ ਬਖਸ਼ਿਆ ਸੀ ਜਿਸ ਦੀ ਬੰਸ ਵਿੱਚ

ਹੁਕਮਨਾਮਾ ਚਲਿਆ ਆਇਆ ਹੈ। ਪਾਕਿਸਤਾਨ ਬਣਨ ਸਮੇਂ ਮੁਰਿੰਡੇ ਦੇ ਕਿਸੇ ਬ੍ਰਾਹਮਣ ਦੇ ਹੱਥ ਆਇਆ ਦੱਸੀ ਦਾ ਪਰੰਤੂ ਉਸ ਦਾ ਪੂਰਾ ਪਤਾ ਨਹੀਂ ਮਿਲ ਰਿਹਾ।

ਗੁਰੂ ਗੋਬਿੰਦ ਸਿੰਘ ਦਾ ਹੱਥ ਲਿਖਤੀ ਪੱਤਰਾ- ਇੱਕ ਪਾਸੇ 24 ਅਤੇ ਦੂਸਰੇ ਪਾਸੇ 254 ਸਤਰਾਂ ਹਨ। ਇਸ ਵਿੱਚ ਦਿੱਤੀ ਰਚਨਾ ਕਲਕੀ ਅਵਤਾਰ ਵਿੱਚੋਂ ਛੰਦ 5346 ਤੋਂ 5377 ਤੱਕ ਹੈ। 'ਭਾਈ ਕੇਸਰ ਸਿੰਘ ਛਿੱਬਰ ਦੇ ਬੰਸਾਵਾਲੀਆਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿੱਚ ਜਿਨ੍ਹਾਂ ਸੱਤ ਪੱਤਰਿਆਂ ਦਾ ਹਵਾਲਾ ਹੈ, ਉਨ੍ਹਾਂ ਵਿੱਚੋਂ ਹੀ ਇੱਕ ਪ੍ਰਤੀਤ ਹੁੰਦਾ ਹੈ। ਇਹ ਹੱਥ ਲਿਖਤ ਵੀ ਕਿਲ੍ਹਾ ਮੁਬਾਰਕ ਪਟਿਆਲਾ ਵਿੱਚ ਹੈ।

ਦਸਵੇਂ ਪਾਤਸ਼ਾਹ ਦੇ ਦਰਬਾਰੀ ਕਵੀ ਭਾਈ ਅਣੀ ਰਾਏ ਦੀ ਰਚਨਾ 'ਜੰਗਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ' ਕਰਕੇ ਪ੍ਰਸਿੱਧ ਹੈ। ਇਸ ਦੀਆਂ ਕੁੱਲ 68 ਪਉੜੀਆਂ ਹਨ ਅਤੇ ਕੁੱਲ ਪੱਤਰੇ 36 ਹਨ। ਇਹ ਮੋਤੀ ਬਾਗ ਪੁਸਤਕਾਲਾ ਪਟਿਆਲਾ ਵਿੱਚ ਹੈ।

ਭਾਈ ਚੇਤ ਸਿੰਘ ਦੇ ਘਰ ਪਿੰਡ ਫਫੜੇ ਭਾਈਕੇ (ਮਾਨਸਾ) ਵਿੱਚ ਗੁਰੂ ਸਾਹਿਬ ਦਾ ਉਹ ਹੁਕਮਨਾਮਾ ਹੈ, ਜੋ ਭਾਈ ਦੇਸ ਰਾਜ ਸੰਗਤਿ ਸਹਿਲੰਗ ਫਫੜਿਆਂ ਨੂੰ 27 ਵੈਸਾਖ ਸੰਮਤ 1756 ਨੂੰ ਲਿਖਿਆ ਗਿਆ ਸੀ।

ਭਾਈ ਰੂਪਾ ਪਿੰਡ (ਬਠਿੰਡਾ) ਵਿੱਚ ਗੁਰੂ ਸਾਹਿਬ ਦਾ ਇੱਕ ਹੁਕਮਨਾਮਾ ਹੈ ਜੋ ਸੰਗਤ ਭਾਈ ਰੂਪਾ ਨੂੰ ਲਿਖਿਆ ਗਿਆ ਸੀ। ਭਾਈ ਮਿਹਰਚੰਦ ਦੇ ਨਾਮ ਲਿਖਿਆ ਹੁਕਮਨਾਮਾ ਵੀ ਇੱਥੇ ਮੌਜੂਦ ਹੈ। ਸਰਬ ਸੰਗਤ ਬੈਰਾੜ ਦੇ ਨਾਮ ਲਿਖਿਆ ਹੁਕਮਨਾਮਾ ਵੀ ਇੱਥੇ ਮੌਜੂਦ ਹਨ ਜਿਸ 'ਤੇ ਸੰਮਤ 1763 ਲਿਖਿਆ ਹੈ। ਇੱਕ ਹੋਰ ਯਾਦਾਸ਼ਤ ਰੁੱਕਾ ਜਗਨਾਤ ਮਸੰਦ ਦੇ ਨਾਂ ਵੀ ਇੱਥੇ ਮੌਜੂਦ ਹੈ।

ਗੁਰੂ ਸਾਹਿਬ ਸੰਬੰਧੀ ਇਸ ਲੇਖ ਵਿੱਚ ਕਈ ਨਿਸ਼ਾਨੀਆਂ ਦਾ ਜ਼ਿਕਰ ਰਹਿ ਵੀ ਗਿਆ ਹੋਵੇਗਾ ਅਤੇ ਕਈਆਂ ਬਾਰੇ ਕੋਈ ਵੱਧ-ਘੱਟ ਹਵਾਲਾ ਵੀ ਹੋ ਸਕਦਾ ਹੈ। ਇਨ੍ਹਾਂ ਸਾਰਿਆਂ ਲਈ ਗੁਰੂ ਸਾਹਿਬ ਤੋਂ ਮੁਆਫੀਨਾਮਾ ਚਾਹੁੰਦਾ ਹਾਂ।

ਸਹਾਇਕ ਪੁਸਤਕ ਸੂਚੀ

- ਮਹਾਨ ਕੋਸ਼
- ਗੁਰਦੁਆਰੇ ਗੁਰ ਦਰਸ਼ਨ
- ਇਤਿਹਾਸਕ ਪੱਤਰ ਸੰਚੀ-1
- ਦੀ ਸਿੱਖ ਰਿਫਰੈਂਸ ਬੁੱਕ
- ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ
- ਗੁਰਮਤਿ ਪ੍ਰਕਾਸ਼
- ਹੁਕਮਨਾਮੇ

***

ਵਿਸਮਾਦੀ ਚਿੰਤਕ ਪ੍ਰਬੰਧਕ ਬਾਬਾ ਬੁੱਢਾ ਜੀ

ਰੂਹਾਨੀਅਤ ਦਾ ਮੁਜਸਮਾਂ ਬਾਬਾ ਬੁੱਢਾ ਜੀ ਦਾ ਜਨਮ 6 ਅਕਤੂਬਰ 1505 ਈ. ਨੂੰ ਮਾਤਾ ਗੌਰਾਂ ਜੀ ਦੀ ਕੁੱਖੋਂ, ਭਾਈ ਸੁੱਖੇ ਰੰਧਾਵੇ ਦੇ ਘਰ ਪਿੰਡ ਕੱਥੂ ਨੰਗਲ (ਅੰਮ੍ਰਿਤਸਰ) ਵਿੱਚ ਹੋਇਆ। ਇਨ੍ਹਾਂ ਦਾ ਪਹਿਲਾ ਨਾਮ 'ਬੂੜਾ' ਸੀ ਪਰ ਗੁਰੂ ਨਾਨਕ ਸਾਹਿਬ ਦੀ ਮੁਬਾਰਕ ਉਚਾਰਨ ਛੋਹ ਸਦਕਾ 'ਬਾਬਾ ਬੁੱਢਾ ' ਨਾਂ ਪ੍ਰਸਿੱਧ ਹੋ ਗਿਆ। ਭਾਈ ਸੁੱਖਾ ਰੰਧਾਵੇਂ ਦਾ ਸਾਰਾ ਪਰਿਵਾਰ ਸਣੇ ਬਾਬਾ ਬੁੱਢਾ ਜੀ ਕੱਥੂ ਨੰਗਲ ਛੱਡ ਕੇ ਪੱਕੇ ਤੌਰ 'ਤੇ ਪਿੰਡ ਰਾਮਦਾਸ ਆ ਗਏ।

1518 ਈਸਵੀ ਵਿੱਚ ਬਾਬਾ ਬੁੱਢਾ ਜੀ ਗੁਰੂ ਨਾਨਕ ਦੇਵ ਜੀ ਦੇ ਸੇਵਕ ਬਣ ਕੇ ਸਿੱਖ ਧਰਮ ਦੇ ਕੁਟੰਬ ਵਿੱਚ ਸ਼ਾਮਲ ਹੋਏ। ਜਦੋਂ ਗੁਰੂ ਨਾਨਕ ਸਾਹਿਬ ਚੌਥੀ ਉਦਾਸੀ ਸਮੇਂ ਘਰ ਪਰਤ ਰਹੇ ਸਨ, ਬਾਬਾ ਬੁੱਢਾ ਜੀ, ਗੁਰੂ ਸਾਹਿਬ ਨੂੰ ਕਰਤਾਰਪੁਰ ਮਿਲੇ ਅਤੇ 1539 ਈਸਵੀ ਤੱਕ ਸੇਵਾ ਵਿੱਚ ਰਹੇ। ਬਾਬਾ ਬੁੱਢਾ ਜੀ ਤੇ ਅਕਾਲ ਪੁਰਖ ਦੀ ਅਜਿਹੀ ਅੰਤਰ-ਦ੍ਰਿਸ਼ਟੀ ਨਾਜ਼ਲ ਹੋਈ ਕਿ ਆਪ ਜੀ ਨੂੰ ਪੰਜ ਗੁਰੂ ਸਾਹਿਬਾਨ- ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦੇ ਤਿਲਕ ਲਾਉਣ ਦਾ ਅਵਸਰ ਮਿਲਿਆ ਅਤੇ ਅੱਠ ਗੁਰੂ ਸਾਹਿਬਾਨ ਦੇ ਸਾਖਿਅਤ ਦਰਸ਼ਨ ਦੀਦਾਰ ਕਰਕੇ ਗੁਰੂ ਇਤਿਹਾਸ ਨੂੰ ਨਵੇਂ ਸੰਦਰਭ ਵਿੱਚ ਪ੍ਰਕਾਸ਼ਮਾਨ ਕੀਤਾ।

ਗੁਰੂ ਅਮਰਦਾਸ ਸਾਹਿਬ ਦੇ ਸਮੇਂ ਉਨ੍ਹਾਂ ਦੀ ਨਿਗਰਾਨੀ ਹੇਠ ਹੀ 1552 ਈਸਵੀ ਨੂੰ ਗੋਇੰਦਵਾਲ ਸਾਹਿਬ ਦੀ ਬਾਉਲੀ ਦਾ ਟੱਕ ਲਗਾ ਕੇ, ਤਾਮੀਰ ਕੀਤੀ ਗਈ। ਅੰਮ੍ਰਿਤਸਰ ਪਵਿੱਤਰ ਸਰੋਵਰ ਦੀ ਰੇਖ-ਰੇਖ ਕਰਨ ਦਾ ਸੁਭਾਗ ਵੀ ਬਾਬਾ ਜੀ ਨੂੰ ਹਾਸਲ ਹੋਇਆ। ਗੁਰੂ ਅਮਰਦਾਸ ਸਾਹਿਬ ਦੇ ਸਮੇਂ ਜਦੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਾਸਤੇ ਨਿਯਮ-ਬੱਧ ਤਰੀਕੇ ਨਾਲ 22 ਮੰਜੀਆਂ ਦੀ ਸਥਾਪਨਾ ਹੋਈ ਤਾਂ ਇਨ੍ਹਾਂ ਦੇ ਪ੍ਰਮੁੱਖ ਪ੍ਰਬੰਧਕ ਦੀ ਸੇਵਾ ਵੀ ਬਾਬਾ ਬੁੱਢਾ ਜੀ ਨੇ ਹੀ ਬਾ-ਖ਼ੂਬੀ ਸੰਭਾਲੀ। ਇੱਕ ਵੇਰ ਅਕਬਰ ਬਾਦਸ਼ਾਹ, ਗੁਰੂ ਦਰਬਾਰ ਵਿੱਚ ਆਇਆ, ਲੰਗਰ ਛੱਕਿਆ ਅਤੇ ਰੂਹਾਨੀ ਵਿਚਾਰਾਂ ਕਰਕੇ ਗੁਰੂ ਜੋਗੇ ਹੀ ਹੋ ਗਿਆ। ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਬਾਦਸ਼ਾਹ ਨੂੰ ਬਾਬਾ ਬੁੱਢਾ ਜੀ ਨੇ ਹੀ ਮੁਹੱਈਆ ਕਰਾਈ ਸੀ। ਸਾਹਿਬ ਗੁਰੂ ਅਮਰਦਾਸ ਜੀ ਜਦੋਂ ਅਕਾਲ ਪੁਰਖ ਦੀ ਜੋਤ ਵਿੱਚ ਲੀਨ ਹੋਏ ਤਾਂ ਆਖਰੀ ਰਸਮਾਂ ਬਾਬਾ ਜੀ ਨੇ ਆਪਣੇ ਹੱਥੀਂ ਨਿਭਾਈਆਂ।

ਰਾਮਦਾਸ ਪੁਰ (ਅੰਮ੍ਰਿਤਸਰ) ਦੀ ਸਥਾਪਨਾ ਜਦੋਂ ਗੁਰੂ ਰਾਮਦਾਸ ਜੀ ਨੇ ਕੀਤੀ ਤਾਂ ਅੰਮ੍ਰਿਤ ਸਰੋਵਰ ਦਾ ਟੱਕ ਲਾਉਣ ਲਈ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ। ਬਾਬਾ ਜੀ ਬੈਠ ਕੇ ਜਿੱਥੇ ਸਰੋਵਰ ਦੀ ਸੇਵਾ ਨਿਗਰਾਨੀ ਕਰਦੇ ਸਨ, ਉਹ ਬੇਰ ਅੱਜ ਵੀ ਦਰਬਾਰ ਸਾਹਿਬ ਸਰੋਵਰ ਕੰਢੇ 'ਬੇਰ ਬਾਬਾ ਬੁੱਢਾ ਜੀ' ਕਰਕੇ ਸੁਭਾਇਮਾਨ ਹੈ। ਗੁਰੂ ਅਰਜਨ ਸਾਹਿਬ ਨੇ ਜਦੋਂ 'ਆਦਿ ਗ੍ਰੰਥ ਸਾਹਿਬ' 1604 ਈ. ਵਿੱਚ ਸੰਪਰਣ ਕਰਕੇ, ਸ੍ਰੀ ਹਰਿਮੰਦਰ ਸਾਹਿਬ ਵਿੱਚ ਸਥਾਪਤ ਕੀਤਾ ਤਾਂ ਬਾਬਾ ਬੁੱਢਾ ਜੀ ਨੂੰ 'ਪਹਿਲੇ ਗ੍ਰੰਥੀ' ਨਿਯੁਕਤ ਹੋਣ ਦਾ ਮਾਣ ਪ੍ਰਾਪਤ ਹੋਇਆ। ਮਾਤਾ ਗੰਗਾ ਜੀ ਦੀ ਦਿਲੀ ਇੱਛਾ ਪੂਰੀ ਕਰਨ ਲਈ, ਗੁਰੂ ਅਰਜਨ ਸਾਹਿਬ ਨੇ

ਬਾਬਾ ਬੁੱਢਾ ਜੀ ਦੀ ਸੇਵਾ ਵਿੱਚ ਜਾਣ ਲਈ ਤਾਕੀਦ ਕੀਤੀ ਤਾਂ ਵਾਹਿਗੁਰੂ ਦੀ ਕ੍ਰਿਪਾ ਦੁਆਰਾ, ਮਾਤਾ ਗੰਗਾ ਜੀ ਦੀ ਖੁਵਾਇਸ਼ (ਗੁਰੂ) ਹਰਿਗੋਬਿੰਦ ਜੀ ਦੇ ਆਗਮਨ ਨਾਲ ਪੂਰੀ ਹੋਈ। ਬਚਪਨ ਵਿੱਚ ਬਾਲ ਹਰਿਗੋਬਿੰਦ ਨੂੰ ਹਰ ਪੱਖੋਂ ਨਿਪੁੰਨ ਤੇ ਸੂਰਬੀਰ ਯੋਧਾ ਬਣਾਉਣ ਦੀ ਸੇਵਾ ਵੀ ਬਾਬਾ ਬੁੱਢਾ ਜੀ ਤੋਂ ਲਈ ਗਈ।

ਗੁਰੂ ਹਰਿਗੋਬਿੰਦ ਸਾਹਿਬ ਦੀ ਗਵਾਲੀਅਰ ਕਿਲ੍ਹੇ ਵਿੱਚ ਨਜ਼ਰਬੰਦੀ ਦੌਰਾਨ ਸਿੱਖਾਂ ਦੀ ਅਗਵਾਈ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਯੋਗ ਪ੍ਰਬੰਧਕ ਬਣ ਕੇ ਬਾਖੂਬੀ ਨਿਭਾਈ।

ਜਨਵਰੀ 1620 ਦੇ ਆਖਰੀ ਦਿਨਾਂ ਵਿੱਚ ਬਾਦਸ਼ਾਹ ਜਹਾਂਗੀਰ ਨਾਲ ਜੋ ਮੁਲਾਕਾਤ ਹੋਈ, ਉਸ ਵਿੱਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਬਾਲੂ ਰਾਇ ਆਦਿ ਸਿੱਖਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

16 ਅਗਸਤ 1604 ਈ. ਨੂੰ ਗੁਰੂ ਅਰਜਨ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਦਰਬਾਰ ਸਾਹਿਬ ਦੇ ਪਹਿਲੀ ਗ੍ਰੰਥੀ ਨਿਯੁਕਤ ਕੀਤਾ।

ਕਰਤ ਵਿਚਾਰ ਇਹ ਠਹਰਾਈ।
ਬੁੱਢਾ ਜੀ ਸੇਵਾ ਨਿਪੁਨਾਈ।
ਗੁਰੂ ਨਾਨਕ ਇਨ ਦਰਸ਼ਨ ਕਰੇ।
ਸੇਵਾ ਮੈ ਅਤਿ ਹਿਤ ਇਹ ਧਰੇ। (ਗੁਰਬਿਲਾਸ ਪਾਤਸ਼ਾਹੀ ਛੇਵੀਂ)

1608 ਈ. ਵਿੱਚ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਅਕਾਲ ਤਖ਼ਤ (ਅਕਾਲ ਬੁੰਗਾ) ਸਾਹਿਬ ਦਾ ਤਾਮੀਰੀ ਕੰਮ ਕੀਤਾ। ਇਸ ਦਾ ਨੀਂਹ-ਪੱਥਰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਰੱਖਿਆ ਸੀ। ਬਾਬਾ ਬੁੱਢਾ ਜੀ ਦੇ ਚਾਰ ਸਪੁੱਤਰ ਸਨ। ਉਨ੍ਹਾਂ ਦੀ ਵੰਸ਼ ਵਿੱਚੋਂ ਹੀ ਭਾਈ ਰਾਮ ਕੰਵਰ 'ਖੰਡੇ ਦਾ ਪਾਹੁਲ' ਲੈ ਕੇ ਗੁਰਬਖਸ਼ ਸਿੰਘ ਨਾਮ ਨਾਲ ਪ੍ਰਸਿੱਧ ਹੋਇਆ। ਬਾਬਾ ਜੀ ਦੀ ਵੰਸ਼ ਅੱਜਕਲ੍ਹ ਵੀ ਬਹੁਤੀ ਕੱਥੂਨੰਗਲ ਦੇ ਆਸ-ਪਾਸ ਰਹਿੰਦੀ ਹੈ। ਇੱਕ ਵਰ੍ਹੇ ਜਦੋਂ ਗੁਰੂ ਅਮਰਦਾਸ ਜੀ, ਗੋਬਿੰਦਵਾਲ ਛੱਡ ਬਾਸਰਕੇ ਆ ਗਏ, ਕਮਰਾ ਬੰਦ ਕਰਕੇ ਨਾਮ ਸਿਮਰਨ ਵਿੱਚ ਲੱਗ ਪਏ। ਜਦੋਂ ਗੋਇੰਦਵਾਲ ਸੰਗਤਾਂ ਆਈਆਂ ਤਾਂ ਬਾਬਾ ਬੁੱਢਾ ਜੀ ਰਾਹੀਂ ਉਸ ਕਮਰੇ ਨੂੰ ਪਿਛਲੇ ਪਾਸਿਓਂ ਸੰਨ੍ਹ ਲਾ ਕੇ ਗੁਰੂ ਚਰਨਾਂ 'ਤੇ ਸੀਸ ਝੁਕਾਇਆ ਸੀ। ਇਥੇ ਹੁਣ ਗੁਰਦੁਆਰਾ 'ਸੰਨ ਸਾਹਿਬ' ਸੁਸ਼ੋਭਿਤ ਹੈ।

ਬਾਬਾ ਬੁੱਢਾ ਜੀ 125 ਵਰ੍ਹੇ ਉਮਰ ਭੋਗ ਕੇ 1631 ਈ. ਵਿੱਚ ਸੱਚਖੰਡ ਪਧਾਰ ਗਏ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਕਰ ਕਮਲਾਂ ਨਾਲ ਸਸਕਾਰ ਕੀਤਾ। ਬਾਬਾ ਜੀ ਦੀ ਯਾਦ ਵਿੱਚ 'ਗੁਰਦੁਆਰਾ ਤਪ ਅਸਥਾਨ ਬਾਬਾ ਬੁੱਢਾ ਜੀ' ਅੱਜ ਵੀ ਉਨ੍ਹਾਂ ਦੀ ਯਾਦ ਵਿੱਚ ਸਥਾਪਤ ਹੈ।

ਬਾਬਾ ਬੁੱਢਾ ਜੀ ਨੇ ਕਈ ਬਿਖੜੇ ਸਮਿਆਂ ਵਿੱਚ ਪ੍ਰਮੁੱਖ ਸਿੱਖਾਂ ਨੂੰ ਨਾਲ ਲੈ ਕੇ ਦੂਰਦ੍ਰਿਸ਼ਟੀ, ਤੀਖਣਬੁੱਧੀ ਅਤੇ ਬੌਧਕ ਨਜ਼ਰੀਏ ਤੋਂ ਜਿਵੇਂ ਸਾਰੇ ਸਿੱਖਾਂ ਨੂੰ ਇੱਕ ਝੰਡੇ ਹੇਠ ਰਖਿਆ, ਉਹ ਮਹਾਨ ਅਤੇ ਵੱਡਮੁਲਾ ਕਾਰਜ ਸੀ।

ਬਾਬਾ ਜੀ ਉਚੇ ਸੁਚੇ ਜੀਵਨ ਵਾਲੇ ਪੂਰਨ ਗੁਰਸਿੱਖ, ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਕ ਅਤੇ ਗੁਰੂ ਘਰ ਤੋਂ ਵਰਸੋਏ ਹੋਏ ਜੀਅੜੇ ਸਨ, ਜਿਨ੍ਹਾਂ ਦਾ ਨਾਂ ਹਮੇਸ਼ਾ ਸਿੱਖ ਇਤਿਹਾਸ ਵਿੱਚ ਚਾਨਣ ਮੁਨਾਰੇ ਦਾ ਕੰਮ ਕਰਦਾ ਰਹੇਗਾ।

* * *

ਪੱਗ ਤੇਰੀ ਦੀ ਜਹਾਂਗੀਰ ਦੀ

ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਪੁਰਖ ਨੇ ਆਪ ਹੀ 'ਅਕਾਲ ਬੁੰਗਾ' ਸਥਾਪਤ ਕੀਤਾ ਸੀ। ਜੋ ਛੇਵੇਂ ਨਾਨਕ ਗੁਰੂ ਹਰਿਗੋਬਿੰਦ ਸਾਹਿਬ ਨੇ 15 ਜੂਨ 1606 ਨੂੰ ਪਰਗਟ ਕੀਤਾ। 'ਅਕਾਲ ਬੁੰਗੇ' ਦਾ ਨੀਂਹ ਪੱਥਰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਕਰ-ਕਮਲਾਂ ਨਾਲ ਰੱਖਿਆ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਬਿਨ੍ਹਾਂ ਕਿਸੇ ਮਿਸਤਰੀ ਆਦਿ ਦੇ ਸਾਰਾ 'ਅਕਾਲ ਬੁੰਗਾ' ਤਿੰਨ ਸਾਲ ਦੀ ਲਗਾਤਾਰ ਮਿਹਨਤ ਮਗਰੋਂ 1609 ਵਿੱਚ ਤਿਆਰ ਕੀਤਾ।

ਕਰ ਅਰਦਾਸ ਸ੍ਰੀ ਸਤਿਗੁਰੂ
ਪੁੰਨ ਪ੍ਰਸਾਦਿ ਵਰਤਾਇ।
ਪ੍ਰਿਥਮ ਨੀਵ ਸਈ ਰਖੀ
ਅਬਚਲ ਤਖ਼ਤ ਸਹਾਇ।।
ਚੌਪਈ
ਕਿਸੀ ਰਾਜ ਨਹਿ ਹਾਥ ਲਗਾਯੋ।
ਬੁਢਾ ਔ ਗੁਰਦਾਸ ਬਨਾਯੋ।

'ਅਕਾਲ ਬੁੰਗੇ' ਨੂੰ 1658 ਵਿੱਚ 'ਅਕਾਲ ਤਖ਼ਤ ਸਾਹਿਬ' ਆਖਿਆ ਗਿਆ। ਕਈ ਲੇਖਕਾਂ ਦਾ ਖਿਆਲ ਹੈ ਕਿ ਦਿੱਲੀ ਦੇ ਲਾਲ ਕਿਲ੍ਹੇ ਦੇ 'ਸ਼ਾਹੀ ਤਖ਼ਤ' ਤੋਂ 'ਅਕਾਲ ਤਖ਼ਤ ਸਾਹਿਬ' ਚਾਰ ਫੁੱਟ ਉੱਚਾ ਹੈ। ਸਚੇ ਪਾਤਸ਼ਾਹ ਦਾ ਇਹ ਤਖ਼ਤ ਕਿਸੇ ਦੀ ਰੂ-ਰਿਆਇਤ ਨਹੀਂ ਕਰੇਗਾ ਅਤੇ ਨਿਆਂ ਲਈ ਹੋਵੇਗਾ। ਲੋਕ ਗੁਰੂ ਹਰਿਗੋਬਿੰਦ ਸਾਹਿਬ ਨੂੰ 'ਚਉਰ ਤਖ਼ਤ ਦਾ ਮਾਲਿਕ' ਆਖ ਕੇ ਖੁਸ਼ੀ ਪ੍ਰਗਟ ਕਰਦੇ।

'ਅਕਾਲ ਤਖ਼ਤ ਸਾਹਿਬ' ਸਥਾਪਤ ਕਰਨ ਮਗਰੋਂ ਗੁਰੂ ਸਾਹਿਬ ਦੀਵਾਨ ਸਜਾਉਂਦੇ ਅਤੇ ਸਿੱਖ ਸੰਗਤਾਂ ਦਰਸ਼ਨ ਦੀਦਾਰ ਕਰਨ ਵਾਸਤੇ ਅਤੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਜੀਵਨ ਸੇਧ ਪ੍ਰਾਪਤ ਕਰਨ ਲਈ ਵਹੀਰਾਂ-ਦਰ-ਵਹੀਰਾਂ ਆਉਂਦੀਆਂ। ਗੁਰੂ ਸਾਹਿਬ ਆਈ ਸੰਗਤ ਨੂੰ ਧਰਵਾਸ ਦੇਂਦੇ ਅਤੇ ਅੱਗੋਂ ਜ਼ੁਲਮ ਦਾ ਟਾਕਰਾ ਕਰਨ ਲਈ ਚੜ੍ਹਦੀ ਕਲਾ ਦੇ ਬੋਲਿਆਂ ਰਾਹੀਂ ਸੰਬੋਧਨ ਕਰਦੇ। ਥੋੜੇ ਸਮਿਆਂ ਵਿੱਚ ਹੀ ਕਾਬਲ ਦੇ ਘੋੜਿਆਂ ਉਤੇ ਪੰਜਾਬ ਦੇ ਅਣਖੀਲੇ ਜੰਗਜੂਆਂ ਦੀ ਫੌਜ ਤਿਆਰ ਹੋ ਗਈ।

ਅਕਾਲ ਤਖ਼ਤ ਸਾਹਿਬ 'ਤੇ ਬਿਰਾਜਣ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਦਸਤਾਰ 'ਤੇ ਕਲਗੀ ਸਜਾਈ।

ਪੀਤ ਪੁਸ਼ਾਕ ਧਰੀ ਸਖ ਸਾਗਰਾਂਐ
ਕਲਗੀ ਗੁਰ ਸੀਸੁ ਸੁਹਾਏ।

ਇਥੇ ਇਹ ਸਪਸ਼ਟ ਕਰ ਦੇਣਾ ਵੀ ਜ਼ਰੂਰੀ ਹੈ ਕਿ ਮੁਗ਼ਲ ਹਕੂਮਤ ਸਮੇਂ ਕੋਈ ਵੀ ਘੋੜੇ, ਹਥਿਆਰ, ਤਾਜ, ਤਖ਼ਤ, ਕਲਗੀ, ਪਗੜੀ, ਬਾਜ਼ ਆਦਿ ਨਹੀਂ ਸੀ ਰੱਖ ਸਕਦਾ, ਪਰ

ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਪ੍ਰਗਟ ਹੀ ਨਾ ਕੀਤਾ ਸਗੋਂ ਸੁਤੰਤਰਤਾ ਦੇ ਚਿੰਨ੍ਹ ਕਲਗੀ, ਦਸਤਾਰ, ਬਾਜ਼, ਘੋੜੇ, ਹਥਿਆਰ ਆਦਿ ਵੀ ਰੱਖੇ। ਕਿਉਂਕਿ ਗੁਰੂ ਅਰਜਨ ਸਾਹਿਬ ਲਾਹੌਰ ਜਾਣ ਤੋਂ ਪਹਿਲਾਂ (ਗੁਰੂ) ਹਰਿਗੋਬਿੰਦ (ਸਾਹਿਬ) ਨੂੰ ਤਾਕੀਦ ਕਰ ਗਏ ਸਨ ਕਿ ਆਉਣ ਵਾਲਾ ਸਮਾਂ ਚੁਣੌਤੀਆਂ ਭਰਪੂਰ ਹੋਵੇਗਾ, ਇਸ ਕਰਕੇ ਉਸ ਦਾ ਸਾਹਮਣਾ ਕਰਨ ਲਈ ਹੁਣ ਤੋਂ ਹੀ ਤਿਆਰੀ ਆਰੰਭ ਦੇਣੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਸੰਭਾਲਣ ਸਮੇਂ ਸੰਗਤ ਵਿੱਚ ਐਲਾਨ ਕੀਤਾ 'ਸੈਲੀ ਸੰਭਾਲ ਕੇ ਰੱਖ ਦਿੱਤੀ ਅਤੇ ਗੁਜ਼ਰ ਰਹੇ ਸਮੇਂ ਮੁਤਾਬਕ ਉਨ੍ਹਾਂ ਦੀ ਸੈਲੀ ਤਲਵਾਰ ਤੇ ਗਾਤਰਾ ਹੋਵੇਗੀ ਅਤੇ ਦਸਤਾਰਾ ਸ਼ਾਹੀ ਠਾਠ ਦਾ ਲਖਾਇਕ ਹੋਵੇਗਾ।'

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਸਫਾ 150, ਗੁਰੂ ਪੰਥ ਪ੍ਰਕਾਸ਼, ਸਫਾ 118)

ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਦੋ ਤਲਵਾਰਾਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਪਹਿਨਾਈਆਂ। ਇੱਕ ਮੀਰੀ ਦੀ ਇੱਕ ਪੀਰੀ ਦੀ। ਇਹ ਨਕਸ਼ਾ ਅਬਦੁਲਾ ਅਤੇ ਨਥਾਮਲ ਢਾਡੀਆਂ ਨੇ ਇੰਝ ਖਿਚਿਆ ਹੈ:

ਦੋ ਤਲਵਾਰਾਂ ਬੱਧੀਆਂ,
ਇੱਕ ਮੀਰੀ ਦੀ ਇੱਕ ਪੀਰੀ ਦੀ
ਇੱਕ ਅਜ਼ਮਤ ਦੀ ਇੱਕ ਰਾਜ ਦੀ
ਇੱਕ ਰਾਖੀ ਕਰੇ ਵਜ਼ੀਰੀ ਦੀ
.....ਪੱਗ ਤੇਰੀ ਕੀ ਜਹਾਂਗੀਰ ਦੀ।

ਮੀਰੀ-ਪੀਰੀ ਦਾ ਸੰਕਲਪ ਅਸਲੋਂ ਗੁਰੂ ਨਾਨਕ ਸਾਹਿਬ ਦੇ ਸਮੇਂ ਹੀ ਸ਼ੁਰੂ ਹੋ ਚੁੱਕਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਨੂੰ ਹੋਰ ਗੂੜੀ ਰੰਗਤ ਵਿੱਚ ਸਾਕਾਰ ਕੀਤਾ। ਮੀਰੀ-ਪੀਰੀ ਇਨਸਾਨ ਨੂੰ ਆਤਮਿਕ ਤੇ ਸੰਸਾਰਿਕ ਨੁਕਤੇ ਨਿਗਾਹ ਤੋਂ ਉੱਚਾ ਕਰਨ ਦੀ ਇੱਕ ਜੁਗਤ ਹੈ। ਇਹ ਦੋਵੇਂ ਸ਼ਬਦ ਫਾਰਸੀ ਦੇ ਹਨ। ਮੀਰੀ ਦਾ ਮਤਲਬ ਹੈ ਮੀਰ ਦਾ ਕਰਮ। ਮੀਰੀ ਰਾਜ ਦੀ ਸੂਚਕ ਹੈ। ਇਹ ਅਮੀਰ ਸ਼ਬਦ ਦਾ ਸੰਖਿਪਤ ਰੂਪ ਵੀ ਹੈ। ਇਸ ਦੇ ਬੁਨਿਆਦੀ ਅਰਥ ਹੁਕਮ ਕਰਨ ਵਾਲਾ ਮੁਖੀ, ਬਾਦਸ਼ਾਹ, ਸਰਦਾਰ, ਜਰਨੈਲ ਆਦਿ ਹੈ। ਪੀਰੀ ਸ਼ਬਦ ਵੀ ਫਾਰਸੀ ਦਾ ਹੈ ਜਿਸ ਦਾ ਮਤਲਬ ਪੀਰ ਦਾ ਕਰਮ। ਪੀਰੀ ਜੋਗ ਦਾ ਸੂਚਕ ਹੈ। ਇਹ ਰੂਹਾਨੀਅਤ ਦੇ ਰੁਤਬੇ ਦਾ ਸਿੱਖਰ ਹੈ। ਇਹ ਸ਼ਬਦ ਬਹੁਤਾ ਕਰਕੇ ਮੁਸਲਮਾਨਾਂ ਵਿੱਚ ਰੂਹਾਨੀਅਤ ਆਗੂ ਮੁਰਸ਼ਦ ਲਈ ਵਰਤਿਆ ਜਾਂਦਾ ਹੈ। ਪੀਰ ਦਾ ਮਤਲਬ ਨਿਰੋਲ ਧਾਰਮਿਕ ਰੂਹਾਨੀ ਵਿਚਾਰਧਾਰਾ ਹੈ।

ਮੀਰੀ ਸੰਸਾਰਕ ਖੇਤਰ ਦੀ ਸਿੱਖਰ ਹੈ ਤੇ ਪੀਰੀ ਰੂਹਾਨੀਅਤ ਖੇਤਰ ਦੀ। ਮੀਰੀ-ਪੀਰੀ ਭਗਤੀ ਤੀ ਸ਼ਕਤੀ ਦਾ ਸੁਮੇਲ ਹੈ। ਇਹ ਇੱਕ ਅਜਿਹਾ ਵਿਗਿਆਨਕ Symbiosis Process ਹੈ ਜੋ ਇੱਕ ਦੂਜੇ ਬਗੈਰ ਅਸੰਪੂਰਣ ਹੈ। ਇਹ ਹਲਤਮੁਖੀ ਤੇ ਪਲਤਮੁਖੀ ਦਾ ਸੰਤੁਲਨ ਹੈ। ਇਹ ਮਾਲਾ ਦੇ ਰੂਬਰੂ ਤਲਵਾਰ, ਸੰਤ ਦੇ ਰੂਬਰੂ ਸਿਪਾਹੀ, ਸੰਗਤ ਦੇ ਰੂਬਰੂ ਪੰਗਤ, ਦੇਗ ਦੇ ਰੂਬਰੂ ਤੇਗ, ਗੁਰਗੱਦੀ ਦੇ ਰੂਬਰੂ ਵਾਰਾਂ ਦਾ ਗੁੰਜਾਰਾ, ਫਕੀਰੀ ਦੇ ਰੂਬਰੂ ਸ਼ਾਹੀ ਜਾਹੋ-ਜਲਾਲ ਦਾ ਅਲੌਕਿਕ ਸੁਮੇਲ ਹੀ ਮੀਰੀ-ਪੀਰੀ ਦਾ ਅਨੋਖਾ ਚਮਤਕਾਰ ਹੈ।

ਸਿੱਖ ਗੁਰੂ ਸਾਹਿਬਾਨ ਨੇ ਸੰਸਾਰ ਦੀ ਤਵਾਰੀਖ ਵਿੱਚ ਪਹਿਲੀ ਵੇਰ ਤਲਵਾਰ ਦੀ ਮਾਰੂ ਸ਼ਕਤੀ ਨੂੰ ਉਸਾਰੂ ਸ਼ਕਤੀ ਵਿਚ ਬਦਲ ਕੇ ਰੱਖ ਦਿੱਤਾ। ਤਾਕਤ ਦੇ ਨਸ਼ੇ ਵਿੱਚ ਮਗਰੂਰ

ਹੋ ਚੁੱਕੇ ਜ਼ਾਲਮ ਨੂੰ ਤਲਵਾਰ ਨਾਲ ਸੋਧਣਾ ਧਰਮ ਕਰਾਰ ਦਿੱਤਾ ਗਿਆ। ਮੀਰੀ-ਪੀਰੀ ਦੇ ਸਿਧਾਂਤ ਗੁਰੂ ਨਾਨਕ ਸਾਹਿਬ ਸਮੇਂ ਹੀ ਦ੍ਰਿਸ਼ਟੀਗੋਚਰ ਹੋ ਚੁੱਕਾ ਸੀ। ਗੁਰੂ ਨਾਨਕ ਸਾਹਿਬ ਨੇ ਜਿੱਥੇ ਜ਼ਾਲਮ ਬਾਦਸ਼ਾਹ ਨੂੰ ਜ਼ਾਲਮ ਆਖ ਕੇ ਫਿਟਕਾਰਿਆ ਉੱਥੇ ਪਖੰਡੀ ਰੂਹਾਨੀਅਤ ਵਾਲੇ ਆਗੂਆਂ ਨੂੰ ਵੀ ਨਹੀਂ ਬਖਸ਼ਿਆ। ਰਾਗ ਆਸਾ ਵਿੱਚ ਹੀ ਗੁਰੂ ਨਾਨਕ ਸਾਹਿਬ ਦੀ ਸਿੰਘ ਗਰਜਣਾਂ ਸਾਫ ਦਿਖਾਈ ਦੇਂਦੀ ਹੈ।

ਦੋ ਤਲਵਾਰਾਂ ਦਾ ਸੰਕਲਪ ਹਲਤਮੁਖੀ ਪ੍ਰਭੂਤਾ ਅਤੇ ਪਲਤਮੁਖੀ ਪ੍ਰਭੂਤਾ ਵੱਖ-ਵੱਖਰੀਆਂ ਵੀ ਹਨ ਅਤੇ ਅੰਤਰ ਸੰਬੰਧਿਤ ਵੀ। ਦਰਬਾਰ ਸਾਹਿਬ ਰੂਹਾਨੀ ਸ਼ਕਤੀ ਦਾ ਅਤੇ ਅਕਾਲ ਤਖ਼ਤ ਸਾਹਿਬ ਸੰਸਾਰਕ ਸ਼ਕਤੀ ਦਾ ਪ੍ਰਤੀਕ ਹੈ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਆਹਮੋ-ਸਾਹਮਣੇ ਹਨ। ਦਰਬਾਰ ਸਾਹਿਬ ਵਿੱਚ ਬੈਠਾ ਸਿੱਖ ਕਿਤੇ ਸੰਸਾਰਕ ਸ਼ਕਤੀ ਨਾ ਭੁਲ ਜਾਵੇ ਅਤੇ ਅਕਾਲ ਤਖ਼ਤ ਸਾਹਿਬ ਵਿੱਚ ਬੈਠਾ ਸਿੱਖ ਕਿੱਤੇ ਰੂਹਾਨੀ ਸ਼ਕਤੀ ਨਾ ਭੁੱਲ ਜਾਵੇ। ਗੁਰੂ ਸਾਹਿਬ ਨੇ ਸਾਨੂੰ ਇੱਕ ਅਜਿਹਾ ਫਿਲਸਫਾਨਾ ਨੁਸਖਾ ਦੇ ਦਿੱਤਾ ਹੈ। ਜੋ ਕਾਦਰ ਦੀ ਕੁਦਰਤ ਦਾ ਚਮਤਕਾਰ ਹੀ ਹੋ ਸਕਦਾ ਹੈ। ਮੀਰੀ-ਪੀਰੀ ਦਾ ਵਿਸ਼ਾ ਬੜਾ ਵਿਸ਼ਾਲ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਫੌਜ ਦੇ ਐਲਾਨ-ਨਾਮੇ ਦੀ ਸ਼ੁਰੂਆਤ ਸਮੇਂ ਹੀ ਸਿੱਖ ਕੌਮ ਨੂੰ ਪ੍ਰਭੂਸੱਤਾ ਸਪੰਨ ਬਣਾਉਣ ਦਾ ਅਹਿਦ ਕਰ ਲਿਆ ਸੀ। ਇੰਞ ਗੁਰੂ ਹਰਿਗੋਬਿੰਦ ਸਾਹਿਬ ਨੇ ਪਿਤਾ ਗੁਰੂ ਅਰਜਨ ਸਾਹਿਬ ਦੇ ਆਦੇਸ਼ਾਂ ਨੂੰ ਅਮਲੀ ਰੂਪ ਦਿੱਤਾ ਅਤੇ ਸਿੱਖ ਧਰਮ ਦਾ ਅਨੋਖਾ ਤੇ ਅਸਲੋਂ ਨਵਾਂ ਸਰੂਪ ਨਿੱਖਰ ਕੇ ਬਾਹਰ ਆਇਆ। ਭਗਤ ਗੁਰੂ ਹਰਿਗੋਬਿੰਦ ਸਾਹਿਬ ਰੂਹਾਨੀ ਜਰਨੈਲ ਗੁਰੂ ਹਰਿਗੋਬਿੰਦ ਸਾਹਿਬ ਦੇ ਰੂਪ ਵਿੱਚ ਪ੍ਰਗਟ ਹੋਏ। ਜੇ ਅਸੀਂ ਗੌਹ ਨਾਲ ਖੁਰਦ ਬੀਨੀ ਨਿਗਾਹਾਂ ਨਾਲ ਵੇਖੀਏ ਤਾਂ ਛੇਵੇਂ ਨਾਨਕ ਨੇ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਰੂਪ ਧਾਰਨ ਕੀਤਾ।

ਜ਼ੁਲਫਕਾਰ ਅਰਦਸਤਾਨੀ ਜਿਸ ਨੂੰ ਗਲਤੀ ਨਾਲ ਕਈ ਮੁੱਲਾ ਮੁਹਸਨ ਫਾਨੀ ਆਖਦੇ ਹਨ। ਆਪਣੀ ਕਿਤਾਬ 'ਦੂਬਿਸਤਾਨਿ-ਮੁਜਾਹਿਬ' ਵਿੱਚ ਲਿਖਦਾ ਹੈ, "ਗੁਰੂ ਹਰਿਗੋਬਿੰਦ ਨੂੰ (ਤਖ਼ਤਨਸ਼ੀਨੀ ਤੋਂ ਬਾਅਦ) ਕਈ ਇੱਕ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਸਿਪਾਹੀਆਨਾ ਲਿਬਾਸ ਧਾਰਨ ਕਰ ਲਿਆ। ਆਪਣੇ ਪਿਤਾ ਦੇ ਪ੍ਰਚਲਿਤ ਅਸੂਲਾਂ ਤੋਂ ਇਲਾਵਾ ਉਨ੍ਹਾਂ ਤਲਵਾਰ ਵੀ ਧਾਰਨ ਕੀਤੀ। ਫੌਜਾਂ ਰੱਖੀਆਂ ਅਤੇ ਸ਼ਿਕਾਰ ਵੀ ਖੇਡਣਾ ਆਰੰਭ ਕੀਤਾ।"

ਕਿ ਵਜ਼ਹ ਸਿਪਾਹੀਆਂ ਪੇਸ਼ ਗਰਿਫ਼ਕ।
ਬਰ ਖਿਲਾਫ ਪਿਦਰ ਸਮਸ਼ੇਰ ਬਸਤ। (ਦੂਬਿਸਤਾਨਿ-ਮੁਜਾਹਿਬ, ਸਫਾ: ੨੩੪)

ਗੁਰੂ ਹਰਿਗੋਬਿੰਦ ਸਾਹਿਬ ਨੇ ਸਿਰਫ ਮਾਦਾ ਚੰਗਿਆਈਆਂ (Femine Virtues) 'ਤੇ ਹੀ ਜ਼ੋਰ ਨਹੀਂ ਦਿੱਤਾ ਸਗੋਂ ਨਰ ਚੰਗਿਆਈਆਂ (Mascline Virtues) ਨੂੰ ਵੀ ਜਾਇਜ਼ ਤੇ ਹੱਕ ਬਾਜਾਨਬ ਕਰਾਰ ਦਿੱਤਾ। ਗੁਰੂ ਸਾਹਿਬ ਦੀਆਂ ਗਤੀਵਿਧੀਆਂ ਜਨਮ ਤੋਂ ਹੀ ਸਿਰਜਣਾਤਮਕ ਤੇ ਕਰਾਂਤੀਕਾਰੀ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਸੰਸਾਰ ਦੀ ਲੋਕਾਈ ਨੂੰ ਆਪਣੀ ਆਤਮ-ਸੁਤੰਤਰਤਾ ਦਾ ਮਾਰਗ ਆਪ ਬਣਾਉਣ ਲਈ ਅਮਲੀ ਪ੍ਰੇਰਨਾ ਦਿੱਤੀ।

ਗੁਰੂ ਹਰਿਗੋਬਿੰਦ ਸਾਹਿਬ ਨੇ 'ਅਕਾਲ ਤਖ਼ਤ ਸਾਹਿਬ' 'ਤੇ ਬੈਠਦਿਆਂ ਹੀ ਸਿੱਖ ਸੰਗਤਾਂ ਨੂੰ ਜੋ ਪਹਿਲਾ ਹੁਕਮਨਾਮਾ ਜਾਰੀ ਕੀਤਾ ਉਹ ਸੀ "ਗੁਰੂ ਅਰਜਨ ਸਾਹਿਬ ਸਚਖੰਡ

ਚਲੇ ਗਏ ਹਨ ਅਤੇ ਛੇਵੇਂ ਗੁਰੂ ਨੂੰ ਤਖ਼ਤ ਨਸ਼ੀਨੀ 'ਤੇ ਬਠਾਇਆ ਗਿਆ ਹੈ। ਜੋ ਵੀ ਉਨ੍ਹਾਂ ਨੂੰ ਇਸ ਤਖ਼ਤ 'ਤੇ ਮਿਲਣ ਆਵੇ ਕੇਵਲ ਚੰਗੇ ਘੋੜੇ ਅਤੇ ਚੰਗੇ ਹਥਿਆਰ ਭੇਟਾ ਲੈ ਕੇ ਆਉਣ।" (ਗੁਰੂ ਪੰਥ ਪ੍ਰਕਾਸ਼, ਸਫਾ 18, ਗੁਰਬਿਲਾਸ ਪਾਤਸ਼ਾਹੀ ਛੇਵੀਂ, ਸਫਾ 150)

ਤਵਾਰੀਖ ਦਾਨ ਮੈਕਾਲਿਫ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਇੱਕੋ ਚਿੱਠੀ ਦੀਆਂ ਬਹੁਤੀਆਂ ਕਾਪੀਆਂ ਕਰਕੇ ਮਸੰਦਾਂ ਵੱਲ ਰਵਾਨਾ ਕੀਤੀਆਂ ਕਿ 'ਗੁਰੂ ਸਾਹਿਬ ਉਨ੍ਹਾਂ 'ਤੇ ਹੀ ਖ਼ੁਸ਼ ਹੋਣਗੇ, ਜੋ ਨਗਦੀ ਦੀ ਥਾਂ ਹਥਿਆਰਾਂ ਅਤੇ ਘੋੜਿਆਂ ਦੀਆਂ ਭੇਟਾ ਲਿਆਉਣਗੇ।"

(The Sikh Religion, Vol. 1, P.3)

ਇਸ ਹੁਕਮਨਾਮੇ ਦੇ ਜਾਰੀ ਹੋਣ ਦੀ ਤਾਰੀਕ ਹਾੜ ਸ਼ੁਦੀ 20 ਬਿਕਰਮੀ 1663 (ਜੁਲਾਈ 1606) ਲਿਖਦਾ ਹੈ। ਗੁਰੂ ਸਾਹਿਬ ਨੂੰ ਲੋਕੀਂ 'ਸੱਚਾ ਪਾਤਿਸ਼ਾਹ' ਆਖਣ ਲੱਗ ਪਏ ਸਨ। ਅਕਾਲ ਤਖ਼ਤ ਸਾਹਿਬ ਤੇ ਦਰਬਾਰ ਲਗਾਉਣ ਲੱਗ ਪਏ। ਗੁਰੂ ਸਾਹਿਬ ਨੇ ਜੁੜੀ ਸੰਗਤ ਨੂੰ ਮੁਖ਼ਾਤਬ ਹੋ ਕੇ ਕਿਹਾ, "ਸਿੱਖਾਂ ਨੂੰ ਪੂਰੀ ਤਰ੍ਹਾਂ ਹਥਿਆਰਬੰਦ ਹੋਣਾ ਚਾਹੀਦਾ ਹੈ, ਕਿਉਂਕਿ ਸ਼ਸਤਰ ਧਾਰਨ ਕਰਨ ਤੋਂ ਬਗੈਰ ਧਰਮ ਸੁਰਖਿਅਤ ਨਹੀਂ ਰਹਿ ਸਕਦਾ। ਜ਼ਾਲਮ ਹਾਕਮਾਂ ਕੋਲੋਂ ਧਰਮ ਨੂੰ ਸੁਰਖਿਅਤ ਰੱਖਣ ਦਾ ਇਹੋ ਤਰੀਕਾ ਹੈ।"

(Guru Nanak To Guru Gobind Singh, A.C. Banerjee, P. 136)

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਿੱਖ ਸੇਵਕਾਂ ਨੂੰ ਗੁਰੀਲਾ ਜੰਗ ਦੇ ਕਰਤਵਾਂ ਅਤੇ ਪੈਂਤੜਿਆਂ ਵਿੱਚ ਨਿਪੁੰਨ ਕਰ ਦਿੱਤਾ। ਗੁਰੂ ਸਾਹਿਬ ਜਾਣਦੇ ਸਨ ਕਿ ਕਿਸੇ ਸਮੇਂ ਵੀ ਜ਼ਾਲਮ ਸਰਕਾਰ ਦਾ ਟਾਕਰਾ ਕਰਨਾ ਹੀ ਪੈਣਾ ਹੈ। ਗੁਰੂ ਸਾਹਿਬ ਨੂੰ ਅਨੇਕਾਂ ਘੋੜੇ ਅਤੇ ਹਥਿਆਰ ਭੇਟਾ ਆਉਣ ਲੱਗੇ। ਇਹ ਹਥਿਆਰ ਤੇ ਘੋੜੇ ਗੁਰੂ ਸਾਹਿਬ ਫੌਜੀ ਟਰੇਨਿੰਗ ਪੂਰੀ ਕਰਨ ਵਾਲੇ ਯੋਧਿਆਂ ਨੂੰ ਭੇਟਾ ਕਰਦੇ। ਦੂਰ-ਦੁਰਾਡੇ ਇਲਾਕਿਆਂ ਤੋਂ ਸਿੱਖ ਨੌਜੁਆਨ ਗਭਰੂ ਗੁਰੂ ਸਾਹਿਬ ਦੀ ਫੌਜ ਵਿੱਚ ਭਰਤੀ ਹੋਣ ਲੱਗੇ। ਕਈਆਂ ਨੂੰ ਲਗਾਤਾਰ ਤਨਖਾਹ ਮਿਲਣ ਲੱਗ ਪਈ। ਕਈ ਦੋ ਡੰਗ ਦਾ ਪ੍ਰਸ਼ਾਦਾ ਛੱਕ ਕੇ ਹੀ ਸੰਤੁਸ਼ਟ ਹੋ ਗਏ। ਉਨ੍ਹਾਂ ਨੂੰ ਹਰ ਛੇ ਮਹੀਨੇ ਬਾਅਦ ਖਾਲਸਾ ਵਰਦੀ ਮਿਲਣ ਲੱਗ ਪਈ। ਇਸ ਬਾਰੇ ਭਾਈ ਸੰਤੋਖ ਸਿੰਘ ਲਿਖਦੇ ਹਨ:

ਸੁਨ ਸਿਖਨ ਜੋ ਗੁਰ ਕੀ ਕਾਰ
ਖਰਚਯੋ ਦਰਬ ਲੀਨ ਹਥਿਆਰ
ਚੰਚਲ ਤੁਰੰਗ ਮੋਲ ਕਰ ਲਿਏ
ਗੁਰ ਪ੍ਰਸੰਨਤਾ ਚਾਹਿਤ ਕਿਏ।

ਅਕਾਲ ਤਖ਼ਤ ਸਾਹਿਬ 'ਤੇ ਹੁਣ ਰੋਜ਼ 'ਨਗਾਰਾ' ਵਜਣ ਲੱਗ ਪਿਆ। ਸਿਰਲੱਥ ਯੋਧੇ ਇਕੱਠੇ ਹੋ ਕੇ ਫੌਜੀ ਕਾਰਵਾਈਆਂ ਕਰਨ ਲੱਗ ਪਏ। ਥੋੜੇ ਹੀ ਸਮੇਂ ਬਾਅਦ ਗੁਰੂ ਸਾਹਿਬ ਦੀ ਫੌਜ ਵਿੱਚ 1000 ਬਹਾਦਰ ਸਿਪਾਹੀ ਭਰਤੀ ਹੋ ਗਏ। ਗੁਰੂ ਸਾਹਿਬ ਕੋਲ ਹੁਣ 800 ਘੋੜੇ, 300 ਟ੍ਰੇਨਿੰਗ ਯਾਫਤਾ ਘੋੜ ਸਵਾਰ ਅਤੇ 60 ਤੋਪਖਾਨੇ ਦੇ ਫੌਜੀ ਮੌਜੂਦ ਸਨ (Sikhs ਉਹੀ, ਸਫਾ 20)। ਗੁਰੂ ਸਾਹਿਬ ਨੇ ਜੋ ਫੌਜ ਦੇ ਜਰਨੈਲ ਥਾਪੇ ਉਨ੍ਹਾਂ ਵਿੱਚ ਪ੍ਰਮੁੱਖ ਸਨ ਜਰਨੈਲ ਬਿਧੀ ਚੰਦ, ਜਰਨੈਲ ਪਿਰਾਨ, ਜਰਨੈਲ ਜੇਠਾ, ਜਰਨੈਲ ਲਗਾਹ, ਜਰਨੈਲ ਪਿਆਰਾ ਆਦਿ ਸਨ। ਹਰ ਜਰਨੈਲ 100 ਸਿਪਾਹੀਆਂ ਦੀ ਕਮਾਂਡ ਕਰਦਾ ਸੀ। ਸਮੁੱਚੀ ਫੌਜ ਦੀ ਕਮਾਂਡ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਆਪ ਕਰਦੇ ਸਨ। ਬਹਾਦਰ ਪੰਜਾਬੀ ਸੂਰਬੀਰਾਂ ਭਾਵੇਂ ਪਹਿਲਾਂ ਕੋਈ ਵੀ ਧਰਮ ਚੰਗੀ ਤਰ੍ਹਾਂ ਸਵੀਕਾਰ ਨਹੀਂ ਸੀ ਕੀਤਾ, ਪਰ ਹੁਣ

ਸਿੱਖ ਧਰਮ ਗ੍ਰਹਿਣ ਕਰਕੇ 'ਸਿੱਖ' ਅਖਵਾਉਣ ਵਿੱਚ ਫ਼ਖ਼ਰ ਮਹਿਸੂਸ ਕਰਨ ਲੱਗ ਪਏ ਸਨ। ਇੰਝ ਸਿੱਖ ਧਰਮ ਪੰਜਾਬੀਆਂ ਦਾ ਪਹਿਲਾ ਧਰਮ ਸੀ ਜਿਸ ਨੇ ਸਮਾਜਿਕ-ਸਿਆਸੀ-ਧਾਰਮਿਕ ਇਤਫਾਕ ਦਾ ਗੁਲਦਸਤਾ ਪੇਸ਼ ਕੀਤਾ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਰੋਜ਼ ਸੰਗਤਾਂ ਦੇ ਇਕੱਠ ਹੋਣੇ ਸ਼ੁਰੂ ਹੋ ਗਏ। ਗੁਰੂ ਸਾਹਿਬ ਨੇ ਢਾਡੀਆਂ ਅਤੇ ਕਵੀਆਂ ਨੂੰ ਨਾਮਜ਼ਦ ਕੀਤਾ ਤਾਂ ਜੋ ਉਹ ਬਹਾਦਰ ਸਿੱਖਾਂ ਵਿੱਚ ਧਰਮ ਦੀ ਖ਼ਾਤਰ ਮਰ ਮਿਟਣ ਲਈ ਜੋਸ਼ ਤੇ ਸਪਿਰਿੱਟ ਭਰਦੇ ਰਹਿਣ। ਗੁਰੂ ਜੀ ਨੇ ਢਾਡੀਆਂ ਨੂੰ ਮੁਖ਼ਾਤਬ ਹੋ ਕੇ ਬਚਨ ਕੀਤਾ, "ਹੁਣ ਲੋੜ ਹੈ ਕਿ ਤੁਹਾਡੇ ਸਾਜ਼ਾਂ ਵਿੱਚੋਂ ਲਲਕਾਰ ਨਿਕਲੇ, ਇਨ੍ਹਾਂ ਦੀਆਂ ਸੁਰਾਂ ਕੌਮ ਨੂੰ ਵੰਗਾਰਨ, ਢੱਡ ਦੀ ਥਾਪ ਜਨਤਾ ਨੂੰ ਟੁੰਬ ਕੇ ਜਗਾਏ, ਜੁੱਧ-ਗੀਤਾਂ ਨਾਲ ਲਹੂ ਗਰਮ ਹੋਵੇ। ਮੌਤ ਨੂੰ ਵੰਗਾਰੋ। ਸਿਰ ਉੱਚਾ ਚੁੱਕ ਕੇ ਚਲਣਾ ਸਿਖੋ ਤਾਂ ਘਬਰਾਹਟ ਹਟ ਜਾਵੇਗੀ। ਡਰ ਹੱਟ ਗਿਆ ਤਾਂ ਮੌਤ ਵਿੱਚ ਵੀ ਆਨੰਦ ਆਵੇਗਾ। ਜਦੋਂ ਤੱਕ ਜ਼ੁਲਮ ਹੁੰਦਾ ਰਹੇਗਾ, ਸ਼ਸਤਰ ਚਲਦਾ ਹੀ ਰੱਖੋ। ਇਕੱਠੇ ਹੋ ਕੇ ਹੜ੍ਹ ਬਣ ਜਾਉ। ਦਿਨ ਰਾਤ, ਪਿੰਡਾਂ ਵਿੱਚ ਫਿਰ ਕੇ ਭਾਂਬੜ ਮਚਾ ਦਿਉ। ਸ਼ਹੀਦਾਂ ਦੀਆਂ ਵਾਰਾਂ ਸੁਣ ਕੇ ਭੱਠਾ ਤਪਾ ਦਿਉ ਤਾਂ ਜੋ ਮਿਧਿਆ ਹੋਇਆ ਪੰਜਾਬ ਦੇਸ਼ ਅਤੇ ਕੁਚਲੀ ਜਾ ਰਹੀ ਕੌਮ ਮੁੜ ਪੈਰਾਂ 'ਤੇ ਖਲੋ ਸਕੇ।

ਪੰਜਾਬ ਅਤੇ ਸਿੱਖੀ ਦੀ ਅਣਖ ਤੇ ਇਜ਼ਤ ਖ਼ਾਤਰ ਸੂਰਮੇ ਤਿਆਰ ਹੋ ਰਹੇ ਸਨ। ਜੋ ਸਿਰ ਤਲੀ 'ਤੇ ਰੱਖ ਮਰਦੇ-ਕਾਮਿਲਾਂ ਵਾਂਗ ਜਾਬਰਾ ਤੇ ਜ਼ਾਲਮਾਂ ਦਾ ਟਾਕਰਾ ਕਰਨ ਲਈ ਵਚਨਬੱਧ ਹੋ ਗਏ ਸਨ। ਅਜਿਹੇ ਸੂਰਮਿਆਂ ਦੀ ਬਹਾਦਰੀ ਦੇ ਕਰਤੱਵ ਦਿਲ ਨੂੰ ਜੋਸ਼ ਤੇ ਵੱਲਵਲੇ ਦੇਣ ਵਾਲੀ ਕਵਿਤਾ ਵਾਰਾਂ ਢਾਡੀ ਗਾਉਂਦੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖੁਲ੍ਹੇ ਦਲਾਨ 'ਤੇ ਹਜ਼ਾਰਾਂ ਗਿਣਤੀ ਵਿੱਚ ਸੰਗਤਾਂ ਜੁੜਦੀਆਂ। ਗੁਰਬਾਣੀ ਦੇ ਕੀਰਤਨ ਤੋਂ ਬਾਅਦ 'ਨਗਾਰਾ' ਵਜਦਾ। ਢਾਡੀ ਅਬਦੁਲਾ ਅਤੇ ਨੱਥਮਲ ਵਾਰਾਂ ਗਾਉਂਦੇ। ਇਹ ਦੋ ਢਾਡੀ ਗੁਰੂ ਸਾਹਿਬ ਦੇ ਸਮੇਂ ਬੜੇ ਮਕਬੂਲ ਸਨ। ਗੁਰੂ ਸਾਹਿਬ ਨੇ ਉਨ੍ਹਾਂ ਦੀਆਂ ਵਾਰਾਂ ਨੂੰ ਇਨ੍ਹਾਂ ਸਰਹਾਇਆ ਕਿ ਜਦੋਂ ਹੈਦਰਾਬਾਦ ਦੇ ਇੱਕ ਬਾਦਸ਼ਾਹ ਵੱਲੋਂ ਗੁਰੂ ਸਾਹਿਬ ਨੂੰ ਖ਼ੂਬਸੂਰਤ 'ਹਾਥੀ' ਤੋਹਫੇ ਵਜੋਂ ਭੇਟ ਕੀਤਾ ਗਿਆ ਤਾਂ ਗੁਰੂ ਜੀ ਨੇ ਇਹ ਹਾਥੀ 'ਅਬਦੁਲਾ ਢਾਡੀ' ਨੂੰ ਭੇਟਾ ਕਰ ਦਿੱਤਾ। (The Sikhs stuggle for sovereignty An Historical Perpective, Dr. H.S. Dilgeer & Dr. A.S. Sekhon, P. 3)

ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਤੋਂ ਇਹ ਵੀ ਹੁਕਮ ਕੀਤਾ ਕਿ ਸੱਚ ਨੂੰ ਦ੍ਰਿੜਤਾ ਨਾਲ ਪ੍ਰਚਾਰਨਾ ਧਰਮ ਹੈ, ਪਖੰਡ ਦੇ ਵਿਰੁੱਧ ਬੋਲਣਾ ਧਰਮ ਹੈ। ਝੂਠ ਤੇ ਬੇ-ਇਨਸਾਫੀ ਹਟਾ ਕੇ ਸੱਚ ਤੇ ਨਿਆਂ ਦੇਣਾ ਅਤੇ ਧੱਕੇ ਦੇ ਖਿਲਾਫ ਉਠਣ ਲਈ ਲੋਕਾਂ ਨੂੰ ਤਿਆਰ ਕਰਨਾ ਧਰਮ ਹੈ। ਅਕਾਲ ਤਖ਼ਤ ਧਰਮ ਤੇ ਨਿਆਂ ਦਾ ਸੂਚਕ ਹੈ। ਇੱਥੇ ਕਿਸੇ ਦੀ ਰੂ-ਰਿਆਇਤ ਨਹੀਂ ਹੋਵੇਗੀ। ਭਗਤੀ ਤੇ ਸ਼ਕਤੀ ਇਸ ਦੇ ਅਧੀਨ ਹੋਣਗੇ।"

ਮੁਗ਼ਲਾਂ ਦੇ ਮੁਖ਼ਤਾਰ ਅਕਾਲ ਤਖ਼ਤ ਸਾਹਿਬ ਵੱਲ ਆਉਣ ਲੱਗ ਪਏ ਸਨ। ਸਿੱਖ ਧਰਮ ਹੁਣ "ਸੰਤ ਸਿਪਾਹੀਆਂ" ਦਾ ਧਰਮ ਬਣ ਚੁੱਕਾ ਸੀ। ਸ਼ੋਹਰਤਾਯਾਫਤਾ ਤਵਾਰੀਖਦਾਨ ਡਾਇਨਬੀ ਇਸੇ ਸੰਕਲਪ ਨੂੰ ਆਪਣੇ ਸ਼ਬਦਾਂ ਵਿੱਚ ਸਿੱਖੀ ਦੇ ਬੋਲਬਾਲੇ ਦੀ ਬਾਤ ਕਰਦਾ ਲਿਖਦਾ ਹੈ।

ਗੁਰੂ ਸਾਹਿਬ ਦੀ ਨਵੀਂ ਨੀਤੀ ਤੇ ਪ੍ਰੋਗਰਾਮਾਂ ਨੇ ਇਤਿਹਾਸਕਾਰਾਂ ਨੂੰ ਹੈਰਾਨ ਕਰ

ਦਿੱਤਾ। ਗੁਰੂ ਸਾਹਿਬ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

ਧਰਮਸਾਲ ਕਰਿ ਬਾਹੀਦਾ ਇਕਤ
ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜਿ
ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ
ਨਠਾ ਫਿਰੈ ਨਾ ਡਰੈ ਡਰਾਇਆ।
ਮੰਜੀ ਬਾਹਿ ਸੰਤੋਖਦਾ
ਕੁਤੇ ਰਖਿ ਸਿਕਾਰੁ ਖਿਲਾਇਆ।
....
ਸੇਵਕ ਪਾਸ ਨ ਰਖੀਅਨਿ
ਦੋਖੀ ਦੁਸਟ ਆਗੂ ਮੁਹਿ ਲਾਇਆ।

* * *

ਤੇਰੇ ਖੰਡੇ ਨੇ ਜਿਨ੍ਹਾਂ ਦੇ ਮੂੰਹ ਮੋੜੇ

ਗੁਰੂ ਨਾਨਕ ਸਾਹਿਬ ਦੇ ਦਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਕਾਲ ਪੁਰਖ ਦੀ ਰਹਿਮਤ ਸਦਕਾ ਸੰਸਾਰ ਵਿੱਚ ਆਦਰਸ਼ਕ ਮਾਨਵ ਦਾ ਸਰੂਪ, ਖਾਲਸਾ ਪੰਥ ਸਾਜ ਕੇ, ਹਲਤਮੁਖੀ-ਪਲਤਮੁਖੀ ਸੰਪੰਨ ਰੂਪ ਵਿੱਚ ਖਲਕਤ ਦੀ ਖਿਦਮਤ ਲਈ ਸਦਾ ਤੱਤਪਰ ਕਰ ਦਿੱਤਾ ਹੈ। ਬਚਪਨ ਤੋਂ ਜਵਾਨੀ ਤੱਕ ਦੇ ਕੁੱਝ ਵਰ੍ਹੇ ਸੰਘਰਸ਼ਮਈ ਜੀਵਨ ਵਿੱਚ ਗੁਰੂ ਸਾਹਿਬ ਨੂੰ ਅਨੇਕਾਂ ਹੀ ਹਮਲਿਆਂ, ਝੱਖੜਾਂ ਅਤੇ ਮੁਸ਼ਕਲਾਂ ਦਾ ਟਾਕਰਾ ਕਰਨਾ ਪਿਆ। ਵਕਤ ਦੇ ਹਾਲਾਤਾਂ ਨੇ ਉਨ੍ਹਾਂ ਨੂੰ ਇਹ ਮਹਿਸੂਸ ਕਰਨ ਲਈ ਮਜਬੂਰ ਕਰ ਦਿੱਤਾ ਕਿ ਜ਼ੁਲਮ ਸਿਤਮ ਦੇ ਖਿਲਾਫ ਇੱਕ ਬਹੁਤ ਵੱਡੀ ਤਾਕਤਵਰ ਸੈਨਿਕ ਜਥੇਬੰਦਕ ਕੌਮ ਦੀ ਲੋੜ ਹੈ ਜੋ ਸਪਿਰਿਟ ਤੇ ਸਾਹਸ ਦੇ ਹਮਸਫਰ ਹੁੰਦੀ ਹੋਈ ਸਮਾਜ ਦੇ ਸੰਕਟ ਵੀ ਨਿਵਾਰ ਸਕੇ।

ਅਸੁਰ ਸੰਘਾਰਬੇ ਕੋ
ਦੁਰਜਨ ਕੇ ਮਾਰਬੇ ਕੋ।।
ਸੰਕਟ ਨਿਵਾਰਬੇ ਕੋ
ਖਾਲਸਾ ਬਨਾਓ ਹੈ।।

29 ਮਾਰਚ 1699 (ਭਟਵਹੀਂ ਅਨੁਸਾਰ 1698) ਦੀ ਮੁਤਬਰਕ ਸਵੇਰ ਨੂੰ ਮਰਦ ਅੰਗਮੜੇ ਗੁਰੂ ਨੇ ਆਨੰਦਪੁਰ ਕਿਲ੍ਹੇ ਨੁਮਾ ਛੋਟੀ ਜਿਹੀ ਟਿੱਬੀ ਤੇ ਇੱਕ ਬਹੁਤ ਵੱਡਾ ਇਕੱਠ ਕੀਤਾ, ਜਿਸ ਇਕੱਠ ਲਈ ਪਹਿਲਾਂ ਹੀ ਸੰਗਤਾਂ ਨੂੰ ਆਨੰਦਪੁਰ ਪਹੁੰਚਣ ਦੀ ਤਾਕੀਦ ਕੀਤੀ ਗਈ ਸੀ। ਤਵਾਰੀਖ ਵਿੱਚ ਜ਼ਿਕਰ ਆਉਂਦਾ ਹੈ ਕਿ ਅਬਦੁਲਾ ਖਾਂ ਔਰੰਗਜ਼ੇਬ ਬਾਦਸ਼ਾਹ ਦਾ ਖੁਫੀਆ ਵੀ ਇਕੱਠ ਵਿੱਚ ਮੌਜੂਦ ਸੀ। ਵਿਸਾਖ ਦੇ ਦਿਨਾਂ ਦੀ ਦਾਸਤਾਨ ਵੀ ਅਜੀਬ ਜਿਹੀ ਹੁੰਦੀ ਹੈ। ਕਿਉਂਕਿ ਇਨ੍ਹਾਂ ਦਿਨਾਂ ਵਿੱਚ ਹੀ ਪਹਾੜਾਂ 'ਤੇ ਜੰਮੀ ਬਰਫ ਪਿੱਘਲ ਕੇ ਕੋਹਿਸਤਾਨਾਂ ਤੋਂ ਮੈਦਾਨਾਂ ਵੱਲ ਕੂਚ ਕਰਦੀ ਹੈ। ਸਦੀਆਂ-ਦਰ-ਸਦੀਆਂ ਪਿਆਸੀਆਂ ਰੂਹਾਂ ਦੀ ਆਤਮਿਕ ਆਬਸ਼ਾਰੀ ਲਈ ਤੇ ਮੁਰਦਾ ਹੋ ਚੁੱਕੀਆਂ ਰੂਹਾਂ ਵਿੱਚ ਨਵੀਂ ਜ਼ਿੰਦਗੀ ਫੂਕਣ ਲਈ ਦਸ਼ਮੇਸ਼ ਪਿਤਾ ਨੇ ਬਸ ਕੁੱਝ ਇਸੇ ਤਰ੍ਹਾਂ ਹੀ ਕੀਤਾ। ਟਿੱਬੀ ਦੇ ਨਾਲ ਹੀ ਛੋਟਾ ਜਿਹਾ ਤੰਬੂ ਲੱਗਾ ਹੋਇਆ ਸੀ ਜਿਸ ਦੇ ਉਪਰ ਕੇਸਰੀ ਨਿਸ਼ਾਨ ਸਾਹਿਬ ਹਵਾ ਵਿੱਚ ਫ਼ਰਾਟੇ ਮਾਰ ਰਿਹਾ ਸੀ।

29 ਮਾਰਚ ਦੀ ਸਵੇਰ ਨੂੰ ਰਬਾਬੀਆਂ 'ਸ੍ਰੀ ਆਸਾ ਦੀ ਵਾਰ' ਦਾ ਕੀਰਤਨ ਕੀਤਾ। ਕੀਰਤਨ ਉਪਰੰਤ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੀ ਮਿਆਦ 'ਚੋਂ ਸ਼ਮਸ਼ੀਰ ਬਿਜਲੀ ਦੀ ਚਮਕ ਵਾਂਗ ਬਾਹਰ ਕੱਢੀ ਅਤੇ ਜੁੜੀ ਸੰਗਤ ਨੂੰ ਨਿਸ਼ਾਨਿਆਂ ਤੇ ਆਸ਼ਿਆਂ ਬਾਰੇ ਚਾਨਣਾ ਪਾਇਆ ਅਤੇ ਬਚਨ ਕੀਤਾ, "ਭਾਈ ਸਿੱਖੋ! ਮੁਝੇ ਕਿਸੀ ਸਿੱਖ ਦਾ ਸੀਸ ਚਾਹੀਏ, ਛੇਤੀ ਕਰੋ ਦੇਰ ਨਾ ਲਾਉ। ਤੀਨ ਬਾਰ ਮੁੱਖ ਥੀ ਯਹੀ ਬਚਨ ਕੀਆ"! ਸਾਰੇ ਇਕੱਠ ਵਿੱਚ ਖਾਮੋਸ਼ੀ ਛਾ ਗਈ।

ਹਜ਼ਾਰਾਂ ਦੇ ਇਕੱਠ ਵਿੱਚੋਂ ਸੱਭ ਤੋਂ ਪਹਿਲਾਂ ਭਾਈ ਦਯਾ ਰਾਮ ਸੋਫਤੀ ਖਤਰੀ

ਮੁੱਲਕੋਟ ਨਿਵਾਸੀ ਖੜ੍ਹਾ ਹੋਇਆ। ਦਸਵੇਂ ਨਾਨਕ ਤਖ਼ਤ ਤੋਂ ਹੇਠਾਂ ਉੱਤਰੇ ਅਤੇ ਦਯਾ ਰਾਮ ਨੂੰ ਬਾਂਹ ਤੋਂ ਪਕੜ੍ਹ ਕੇ ਤੰਬੂ ਵਿੱਚ ਲੈ ਗਏ। ਬਾਹਰ ਸੰਗਤ ਵਿੱਚ ਤਲਵਾਰ ਵੱਜਣ ਦੀ ਆਵਾਜ਼ ਆਈ। ਖ਼ੂਨ ਦੀ ਧਾਰਾ ਤੰਬੂ ਤੋਂ ਬਾਹਰ ਨਿਕਲੀ, ਇਹ ਸਾਰਾ ਸੰਗਤ ਨੇ ਵੇਖਿਆ। ਗੁਰੂ ਸਾਹਿਬ ਲਹੂ ਨਾਲ ਭਿੱਜੀ ਤਲਵਾਰ ਲੈ ਕੇ ਤੰਬੂ ਤੋਂ ਬਾਹਰ ਆਏ ਅਤੇ ਦੂਜੇ ਸਿਰ ਦੀ ਮੰਗ ਕੀਤੀ। ਇਸੇ ਤਰ੍ਹਾਂ ਯਕੇ ਬਾਅਦ ਦੀਗਰੇ ਭਾਈ ਮੋਹਕਮ ਚੰਦ ਛੀਂਬਾ ਦੁਵਾਰਕਾ ਵਾਸੀ, ਭਾਈ ਸਾਹਿਬ ਚੰਦ ਨਾਈ ਬਿਦਰ ਸ਼ਹਿਰ ਤੇ ਭਾਈ ਧਰਮ ਚੰਦ ਜੱਟ ਹਸਤਨਾਪੁਰ ਨਿਵਾਸੀ ਅਤੇ ਪੰਜਵੇਂ ਭਾਈ ਹਿੰਮਤ ਚੰਦ ਮਹਿਰਾ, ਨਿਵਾਸੀ ਜਗਨਨਾਥ ਪੁਰੀ ਸੀਸ ਭੇਟ ਕੌਤਕ ਦੀ ਸਰਦਲ 'ਤੇ ਉੱਤਰੇ। ਇਨ੍ਹਾਂ ਪੰਜਾਂ ਨੂੰ ਤੰਬੂ ਤੋਂ ਬਾਹਰ ਕੱਢ ਕੇ ਕੇਸੀ ਇਸ਼ਨਾਨ ਕਰਾ ਕੇ ਸ਼ਸਤ੍ਰ ਪਹਿਨਾਏ ਗਏ। ਭੱਟ ਵਈਆ ਵਿੱਚ ਵੀ ਜ਼ਿਕਰ ਆਉਂਦਾ ਹੈ, "ਇਨ ਪਾਂਚੋ ਕੋ ਬਾਅਦ ਇਸ਼ਨਾਨ ਪਾਂਚ ਪਾਂਚ ਕਕਾਰ ਦੀਏ। ਦੂਹਰੀਆਂ ਦਸਤਾਰਾਂ ਸਜਾਇ ਤਿਆਰ ਕੀਤਾ ਗਿਆ।

ਤਾਂ ਸੀਸ ਕੇਸ ਰੱਖ ਸਿਪਾਹੀ ਕਰਨੇ
ਕੁੱਛ ਸ਼ਸਤਰ ਬੰਧਾਇ ਸਿੰਘ ਨਾਮ ਧਰਨੇ
ਮਾਂ ਕਾਲ ਦਾ ਬਾਵਾ
ਨੀਲਾ ਪਹਿਰਾਣਵਹੁ।
ਕਰਨਾ ਜੁਧ ਨਾਲ ਤੁਰਕਾਂ ਅਤੇ
ਤੁਰਕਾਂ ਕੌਂ ਮਾਰ ਹਟਾਣਵਹੁ (ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ)
ਨਵਤਨ ਪੰਥ ਮਰਯਾਦ ਕਰ
ਕਰੇ ਕਾਲ ਕੀ ਧਰਮ ਪ੍ਰਕਾਸ਼।
ਸੀਸ ਕੇਸ ਨੀਲ ਅੰਬਰੀ
ਸਿੰਘ ਸੰਗਿਆ ਤੇਜ ਨਿਵਾਸ। (ਮਹਿਮਾ ਪ੍ਰਕਾਸ਼)
ਦੂਹੂ ਪੰਥ ਮੈਂ ਕਪਟ ਬਿਦਿਆ ਚਲਾਨੀ।
ਬਹੁਤ ਤੀਸਰੋ ਪੰਥ ਕੀਜੇ ਪ੍ਰਧਾਨੀ।
ਕਰੂੰ ਖਾਲਸਾ ਪੰਥ ਤੀਸਰਾ ਪ੍ਰਵੇਗਾ।
ਜਗੇ ਸਿੰਘ ਜੋਧੇ ਧਰੇ ਨੀਲ ਭੇਸਾ।
ਸਚੇ ਫਤੇ ਬੁਲਾਈ ਗੁਰੂ ਕੀ
ਜੀਤਯੋ ਰਵਭਾਰਾ।
ਸਭ ਦੈਂਤ ਅਰਿਨ ਕੋ ਘੇਰ
ਕਰ ਨੀਜੇ ਪ੍ਰਹਾਰਾ।
ਤਬ ਸਹਿਜੇ ਪ੍ਰਗਟਿਓ
ਜਗਤ ਮੈਂ ਗੁਰ ਜਾਪ ਉਤਾਰਾ।
ਜੋਂ ਉਪਜੇ ਸਿੰਘ ਭੁਗੀਏ
ਨੀਲੰਬਰ ਧਾਰਾ। (ਵਾਰਾਂ ਭਾਈ ਗੁਰਦਾਸ ਜੀ)

ਲਿਬਾਸ ਪਹਿਨਾ ਕੇ ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਗੁਰੂ ਸਾਹਿਬ ਨੇ ਦੀਵਾਨ ਅਸਥਾਨ 'ਤੇ ਲਿਆਂਦਾ। ਸਾਰੀ ਸੰਗਤ ਹੈਰਾਨ ਰਹਿ ਗਈ ਕਿ ਗੁਰੂ ਨਾਨਕ ਸਾਹਿਬ ਦੀ ਦਸਵੀਂ ਜੋਤ ਅੱਜ ਅਲੌਕਿਕ ਜਿਹਾ ਕੌਤਕ ਵਿਖਾ ਰਹੀ ਹੈ। ਇਹ ਪੰਜ ਪਰਖ 'ਤੇ ਉੱਤਰੇ ਸਨ। ਗੁਰੂ ਸਾਹਿਬ

ਨੇ ਇਨ੍ਹਾਂ ਪੰਜਾਂ ਨੂੰ 'ਪੰਜ ਪਿਆਰੇ' ਦੀ ਪਦਵੀ ਦਿੱਤੀ। ਗੁਰੂ ਸਾਹਿਬ ਨੇ ਬਚਨ ਕੀਤਾ ਜਦੋਂ ਤੱਕ ਸੂਰਜ, ਚੰਦ, ਧਰਤੀ ਅਤੇ ਅਸਮਾਨ ਰਹਿਣਗੇ, ਇਨ੍ਹਾਂ ਪੰਜ ਪਿਆਰਿਆਂ ਦਾ ਨਾਮ ਵੀ ਰਹਿੰਦੀ ਦੁਨੀਆਂ ਤੱਕ ਰਹੇਗਾ।

ਦਸਵੇਂ ਨਾਨਕ ਨੇ ਦੀਵਾਨ ਧਰਮ ਚੰਦ ਨੂੰ ਹੁਕਮ ਕੀਤਾ ਕਿ ਇੱਕ ਪਥਰੀ ਦਾ ਕੂੰਡਾ ਤੇ ਲੋਹੇ ਦਾ ਬਾਟਾ ਅਤੇ ਖੰਡਾ ਲੈ ਆਉ। ਗੁਰੂ ਸਾਹਿਬ ਨੇ ਬਾਟੇ ਕੇ ਕੂੰਡੇ ਤੇ ਰਾਖ ਬੀਚ ਸਤਿਲੁਜ ਨਦੀ ਕਾ ਪਾਨੀ ਪਾਇ 'ਪਾਹੁਲ' ਤਿਆਰ ਕੀ। ਭਾਈ ਦਯਾ ਰਾਮ ਆਦਿ ਪੰਜੋ ਹੱਥਾਂ ਨਾਲ ਖੰਡਾ ਫੇਰਨੇ ਲਗੇ ਅਤੇ ਪਹਿਲੇ ਜਪੁਜੀ ਸਾਹਿਬ ਦਾ ਪਾਠ ਕੀਤਾ, ਮਾਤਾ ਜੀਤ ਕੌਰ ਜੀ ਨੇ ਪਤਾਸੇ ਪਾਉਣ ਦੀ ਕਾਰ ਕੀਤੀ। ਗੁਰੂ ਸਾਹਿਬ ਨੇ ਮਨ ਬਿਰਤੀ ਇਕਾਗਰ ਕਰ ਕੇ ਜਪੁਜੀ ਸਾਹਿਬ, ਜਾਪ ਸਾਹਿਬ, ਸੱਵਯੇ, ਚਉਪਈ ਅਤੇ ਅਨੰਦ ਸਾਹਿਬ ਦਾ ਪਾਠ ਕੀਤਾ। ਜਦੋਂ ਪਾਹੁਲ ਤਿਆਰ ਹੋਈ। ਖੜੇ ਹੋ ਕੇ ਅਰਦਾਸ ਕੀਤੀ। ਉਸ ਤੋਂ ਬਾਅਦ ਸਤਿਗੁਰਾਂ ਪੰਜ ਪਿਆਰਿਆਂ ਨੂੰ 'ਖੰਡੇ ਦੀ ਪਾਹੁਲ' ਦਿੱਤੀ। ਗੁਰੂ ਸਾਹਿਬ ਨੇ ਪੰਜਾਂ ਤੋਂ ਆਪ ਪਾਹੁਲ ਛੱਕੀ। ਗੁਰੂ ਸਾਹਿਬ ਨੇ ਆਪਣੇ ਨਾਮ ਨਾਲ 'ਸਿੰਘ' ਲਿਖਿਆ। ਇਸੇ ਤਰ੍ਹਾਂ ਪੰਜ ਪਿਆਰਿਆਂ ਦੇ ਨਾਂ ਨਾਲ ਵੀ 'ਸਿੰਘ' ਸ਼ਬਦ ਲਾਏ ਅਤੇ ਫਿਰ ਜੈਕਾਰਾ ਛਡਿਆ। ਗੁਰੂ ਗੋਬਿੰਦ ਸਿੰਘ ਬਚਨ ਕੀਤਾ। ਹੁਣ ਆਪ ਚਾਰ ਬੱਜਰ ਕੁਰਹਿਤ ਸੁਨਿਏ ਜਿਸ ਸੇ ਸਿੱਖ ਸਿੱਖੀ ਸੇ ਪਤਿਤ ਹੋਇ ਜਾਤਾ ਹੈ ਤੇ ਸੰਗਤ ਪੰਗਤ ਮੇਂ ਅਭੇਦ ਨਹੀਂ ਹੋਇ ਸਕਦਾ। ਪ੍ਰਿਥਮੀ ਚੋਟੀ ਸੇ ਲੈ ਕੇ ਪਾਓ 'ਕੇ ਅੰਗੂਠੇ ਤੱਕ ਰੋਮਾਂ ਦੀ ਬੇਅਦਬੀ, ਕੁੱਠਾ ਮਾਸ ਖਾਨਾ, ਤਮਾਕੂ ਦਾ ਸੇਵਨ, ਤੁਰਕਨੀ ਕਾ ਸੰਗ। ਇਨ ਮੇਂ ਏਕ ਵੀ ਕੁਰਹਿਤ ਹੋਇ ਜਾਏ ਦੁਬਾਰਾ ਖੰਡੇ ਦੀ ਪਾਹੁਲ ਲੈ ਕੇ ਭੁਲ ਬਖਸ਼ਾਨਾ। ਤੁਸਾਂ ਸਿਵਾਇ ਮਹਾਂਕਾਲ ਕੇ ਗਮ, ਮੜ੍ਹੀ, ਗੋਰ ਕੋ ਭੁਲ ਕੇ ਨਹੀਂ ਮਾਨਨਾ, ਮੈਂ ਤੁਸਾਂ ਕੋ ਸੁਨਹਿਰੇ ਮੇਂ ਰਲਾਇ ਦੀਆਂ ਹੈ, ਆਪ ਮੇਂ ਭਰਮ ਭੇਦ ਨਹੀਂ ਰੱਖਣਾਂ। (ਗੁਰਾਂ ਕੀਆਂ ਸਾਖੀਆਂ)

ਇਸ ਤੋਂ ਉਪਰੰਤ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਖਾਲਸਾ ਦੀ ਰਹਿਤ ਮਰਯਾਦਾ' ਬਾਰੇ ਵਿਸਥਾਰ ਨਾਲ ਸੰਗਤਾਂ ਨੂੰ ਚਾਨਣਾ ਪਾਇਆ। ਇੱਕ ਮੁਸਲਮਾਨ ਤਵਾਰੀਖਦਾਨ ਲਿਖਦਾ ਹੈ ਕਿ ਭਾਵੇਂ ਕਈ ਲੋਕਾਂ ਨੇ ਖੰਡੇ ਬਾਟੇ ਦੀ ਪਾਹੁਲ ਲੈਣ ਤੋਂ ਇਨਕਾਰ ਵੀ ਕੀਤਾ ਪਰ ਫਿਰ ਵੀ ਉਸ ਦਿਨ ਵੀਹ ਹਜ਼ਾਰ ਲੋਕਾਂ ਨੇ 'ਖੰਡੇ ਦੀ ਪਾਹੁਲ' ਲਈ। ਗੁਰੂ ਸਾਹਿਬ ਨੇ ਸੰਗਤਾਂ ਨੂੰ ਮੁਖਾਤਬ ਹੋ ਕੇ ਕਿਹਾ, "ਤੁਸੀਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ, ਕੇਸ ਰੱਖਣੇ, ਇਹ ਸਾਡੀ ਮੋਹਰ ਹੈ। ਕਿਰਪਾਨ ਦਾ ਵਿਸਾਹ ਨਹੀਂ ਕਰਨਾ, ਸਰਬ ਲੋਹ ਦਾ ਕੜਾ ਹੱਥ ਰੱਖਣਾ, ਦੋਵੇਂ ਵਕਤ ਕੇਸਾਂ ਦੀ ਕੰਘੇ ਸੇ ਪਾਲਨਾ ਕਰਨਾ, ਸਰਬ ਸੰਗਤ ਅਭਾਖਿਆ ਦਾ ਕੁਠਾ ਖਾਣਾ ਨਹੀਂ। ਜਗਤ ਜੂਠ ਤਮਾਕੂ ਨਾ ਸੇਵਨਾ, ਪਰਤਨ ਗਾਮੀ ਨਾ ਹੋਣਾ, ਗੁਰੂ ਬਾਣੀ ਪੜ੍ਹਨੀ।

ਭਟ ਵਹੀ ਪਰਗਣਾ ਥਾਨੇਸਰ ਦੇ ਇੱਕ ਪ੍ਰਾਚੀਨ ਲੇਖ ਵਿੱਚ ਦਰਜ ਹੈ, "ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾ...... ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸਾਲ ਸਤ੍ਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ ਖੰਡੇ ਦੀ ਪਾਹੁਲ ਦੀ, ਸਿੰਘ ਨਾਮ ਰਖਾ। ਹੁੱਕਾ, ਹਲਾਲ, ਹਜਾਮਤ, ਹਰਾਮ, ਟਿੱਕਾ, ਜੰਞੂ, ਧੋਤੀ ਕਾ ਤਿਆਗ ਕਰਾਇਆ। ..ਸਭ ਕੇਸਾਧਾਰੀ ਹੂਏ। ਆਗੇ ਗੁਰੂ ਕੀ ਸਤਿਗੁਰੂ ਜਾਣੇ। ਗੁਰੂ ਗੁਰੂ ਜਪਣਾ, ਗੁਰੂ ਹਰ ਥਾਈ ਸਹਾਈ ਹੋਗਾ।"

ਇਹ 'ਖੰਡੇ ਦੀ ਪਾਹੁਲ' ਲਗਾਤਾਰ ਕਈ ਦਿਨ ਚਲਦੀ ਰਹੀ। ਪੰਜ ਪੰਜ ਸਿੰਘਾਂ ਦੇ ਜਥੇ ਹੋਰ ਸਿੱਖਾਂ ਨੂੰ ਖੰਡੇ ਦੀ ਪਾਹੁਲ ਦੇਂਦੇ ਰਹੇ। ਖਾਲਸਾ ਪੰਥ ਦੀ ਇਹ ਸਿਰਜਣਾ ਹਰ ਪੱਖੋਂ

ਨਿਰਾਲੀ ਤੇ ਅਲੋਕਿਕ ਸੀ। ਖਾਲਸਾ ਪੰਥ ਨੂੰ ਫਖਰ ਹੈ ਕਿ ਅੱਜ ਦੁਨੀਆਂ ਦੀਆਂ ਸੈਂਕੜੇ ਕੌਮਾਂ ਵਿੱਚੋਂ ਕੇਵਲ ਸਿੱਖ ਕੌਮ ਹੀ ਆਪਣਾ ਜਨਮ ਦਿਨ ਮਨਾਉਂਦੀ ਹੈ ਜਾਹੋ ਜਲਾਲ ਵਿੱਚ। ਖਾਲਸੇ ਦੀ ਸਾਜਨਾ ਬਾਰੇ ਅੰਗਰੇਜ਼ ਇਤਿਹਾਸਕਾਰ ਲੇਪਲ ਗ੍ਰਿਫਨ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਇਸ ਤਰ੍ਹਾਂ ਸਾਜਿਆ ਜਿਵੇਂ ਜੂਪੀਟਰ ਨੇ ਮਿਨਰਵਾ ਆਪਣੇ ਪੱਟਾਂ ਵਿੱਚੋਂ ਕੱਢੀ ਜਾਂ ਜਿਵੇਂ ਦੁਰਗਾ ਨੇ ਆਪਣੇ ਮੱਥੇ ਵਿੱਚੋਂ ਚੰਡੀ ਕੱਢੀ। ਤਾਰੋਥੀ ਫ਼ੀਲਡ ਵੀ ਲਿਖਦੀ ਹੈ ਕਿ ਖੰਡੇਧਾਰ ਪਾਹੁਲ ਨੇ ਜਨਮ ਜਨਮਾਨਤਰਾਂ ਦੇ ਨੀਵੇਂ, ਅਸ਼ੁੱਧ ਤੇ ਡਰਪੋਕ ਲੋਕਾਂ ਨੂੰ ਵੱਡੇ ਸੂਰਬੀਰ ਜੋਧੇ ਬਣਾ ਦਿੱਤਾ! ਇਸ ਇਨਕਲਾਬ ਭਰੀ ਵਿਸਾਖੀ ਨੇ ਬਾਅਦ ਵਿੱਚ ਭਾਰਤ ਨੂੰ ਸਵੈ-ਮਾਣ, ਅਣਖ, ਸਵੈ-ਰੱਖਿਆ ਲਈ ਪ੍ਰੇਰ ਕੇ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੇ ਭਾਰਤ ਨੂੰ ਆਜ਼ਾਦ ਕਰਾਉਣ ਦੀ ਜਾਚ ਸਿਖਾਈ।

ਖਾਲਸਾ ਪੰਥ ਦੀ ਸਾਜਨਾ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਿਸ ਸੂਰਬੀਰਤਾ ਦੇ ਸਰੂਪ ਵਿੱਚ 'ਖੰਡੇ ਦੀ ਪਾਹੁਲ' ਨੂੰ ਸੰਸਾਰ ਦੇ ਸਾਹਮਣੇ ਪੇਸ਼ ਕੀਤਾ ਉਹ ਬਿਲਕੁਲ ਨਿਰਾਲਾ ਨਵਾਂ ਤੇ ਅਣਖੀਲਾ ਸੈਨਕੀ ਕੌਤਕ ਹੀ ਤਾਂ ਸੀ। ਖਾਲਸਾ ਸਮਾਜਕ, ਰਾਜਸੀ ਪ੍ਰਬੰਧ ਨੂੰ ਸਥਾਪਤ ਅਤੇ ਪ੍ਰਬੰਧ ਸ਼ਾਸ਼ਨ ਦੀ ਰੱਖਿਆ ਕਰਨ ਵਾਲਾ ਮਹਾਨ ਨਿਰਮਾਤਾ ਹੈ।

ਖਾਲਸੇ ਦੀ ਸਾਜਨਾ ਤੋਂ 218 ਵਰ੍ਹੇ ਬਾਅਦ ਜਦ ਲੈਨਿਨ ਨੇ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ ਤਾਂ ਬੜੇ ਗੌਰਵ ਨਾਲ ਉਸ ਨੇ ਦਾਅਵਾ ਕੀਤਾ ਕਿ ਅਜਿਹਾ ਸੰਘ ਸੰਸਾਰ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਿਰਜਿਆ ਗਿਆ ਤਾਂ 1952 ਵਿੱਚ ਸੰਸਾਰ ਦੇ ਪ੍ਰਸਿੱਧ ਇਤਿਹਾਸਕਾਰ ਆਰਨਲਡ ਤਾਇਨਬੀ ਨੇ ਆਪਣੀ 'ਹਿਸਟਰੀ ਆਫ਼ ਦੀ ਵਰਲਡ' ਮਹਾਂ ਗ੍ਰੰਥ ਵਿੱਚ ਨਿਰਣਾ ਕੀਤਾ ਕਿ ਲੈਨਿਨ ਦੀ ਕਮਿਊਨਿਸਟ ਪਾਰਟੀ ਦਾ ਪੂਰਵਜ ਗੁਰੂ ਗੋਬਿੰਦ ਸਿੰਘ ਜੀ ਦਾ 'ਖਾਲਸਾ' ਹੈ। ਤਾਇਨਬੀ ਨੇ 'ਖਾਲਸੇ' ਬਾਰੇ ਇਹ ਪੇਸ਼ੀਨ ਗੋਈ ਵੀ ਕੀਤੀ ਹੈ ਕਿ ਸੰਸਾਰ ਦੇ ਸਰਬਨਾਸ਼ ਹੋਣ 'ਤੇ ਵੀ ਗੁਰੂ ਗੋਬਿੰਦ ਸਿੰਘ ਦਾ ਖਾਲਸਾ ਬਚ ਜਾਵੇਗਾ।

'ਖਾਲਸਾ ਅਕਾਲ ਪੁਰਖ ਕੀ ਫੌਜ' ਹੋਣ ਦੇ ਨਾਤੇ, ਇਸ ਫੌਜ ਦੀ ਰੱਖਿਆ ਆਪ ਅਕਾਲ ਪੁਰਖ ਹੀ ਕਰ ਸਕਦਾ ਹੈ। ਅੱਜ ਵੀ ਖਾਲਸੇ ਦੇ ਆਸ-ਪਾਸ ਕਾਲੀਆਂ ਹਨੇਰੀਆਂ ਛਾ ਰਹੀਆਂ ਹਨ। ਇਸ ਦੇ ਸਰੂਪ ਨੂੰ ਖਤਮ ਕਰਨ ਦੀਆਂ ਸਾਜ਼ਸ਼ਾਂ ਹਰ ਮੁਹਾਜ 'ਤੇ ਲਗਾਤਾਰ ਉਜਾਗਰ ਹੋ ਰਹੀਆਂ ਹਨ। ਖਾਲਸਾ ਪੰਥ ਦੀ ਰਖਿਆ ਬਾਜ਼ਾਂ ਵਾਲਾ ਆਪ ਆ ਕੇ ਕਰੇਗਾ-

ਤੇਰੇ ਖੰਡੇ ਨੇ ਜਿਨ੍ਹਾਂ ਦੇ ਮੂੰਹ ਮੋੜੇ
ਅਜ ਫ਼ੇਰ ਉਹ ਸਾਨੂੰ ਲਲਕਾਰਦੇ ਨੇ!
ਬਾਜ਼ਾਂ ਵਾਲਿਆ ਘੱਲ ਖਾਂ ਬਾਜ਼ ਨੂੰ ਮੁੜ
ਤਿੱਤਰ ਫ਼ੇਰ ਉਡਾਰੀਆਂ ਮਾਰਦੇ ਨੇ।

* * *

ਗੁਰੂ ਹਰਿਗੋਬਿੰਦ ਸਾਹਿਬ ਦੀ ਗਵਾਲੀਅਰ ਕਿਲ੍ਹੇ ਵਿੱਚ ਨਜ਼ਰਬੰਦੀ ਤੇ ਰਿਹਾਈ

ਗੁਰੂ ਹਰਿਗੋਬਿੰਦ ਸਾਹਿਬ ਦੀ ਗਵਾਲੀਅਰ ਕਿਲ੍ਹੇ ਵਿੱਚ ਨਜ਼ਰਬੰਦੀ ਦਾ ਕਾਰਨ ਗੁਰੂ ਸਾਹਿਬ ਦੀ ਜੰਗਜੂ ਤਰਜ਼ੇ-ਜ਼ਿੰਦਗੀ ਹੀ ਸੀ ਜਿਸ ਨੂੰ ਬਾਦਸ਼ਾਹ ਜਹਾਂਗੀਰ ਬਗ਼ਾਵਤ ਦਾ ਸੂਚਕ ਸਮਝਦਾ ਸੀ। ਜਿਸ ਸਿਆਣਪ ਤੇ ਸੁਚੱਜਤਾ ਨਾਲ ਗੁਰੂ ਸਾਹਿਬ ਨੇ ਸਿੱਖਾਂ ਨੂੰ ਫੌਜੀ ਜਥੇਬੰਦੀ ਵਿੱਚ ਬਦਲਿਆ, ਉਹ ਸੰਸਾਰ ਦੀ ਤਵਾਰੀਖ ਵਿੱਚ ਬੇਮਿਸਾਲ ਅਧਿਆਇ ਦੀ ਸ਼ੁਰੂਆਤ ਕਰਦਾ ਹੈ। ਗੁਰੂ ਸਾਹਿਬ ਦੀਆਂ ਜੰਗੀ ਪੈਂਤੜੇ ਬਾਜ਼ੀਆਂ ਤੇ ਸੁਤੰਤਰਤਾ ਦੇ ਚਿੰਨ੍ਹਾਂ ਨੇ ਜਿਥੇ ਬਾਦਸ਼ਾਹ ਜਹਾਂਗੀਰ ਨੂੰ ਚੇਤਨ ਕੀਤਾ ਉਥੇ ਹਿੰਦੂ ਜਾਗੀਰਦਾਰਾਂ ਦੀਆਂ ਗੁਰੂ ਸਾਹਿਬ ਪ੍ਰਤੀ ਸਾਜਿਸ਼ਾਂ ਦਾ ਵੀ ਇਕ ਕਾਰਨ ਸੀ ਕਿ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਵੱਲੋਂ 'ਅਕਾਲ ਤਖ਼ਤ ਸਾਹਿਬ' ਪ੍ਰਗਟ ਕਰਨਾ, ਮੁਕੱਦਮਿਆਂ ਦੇ ਫੈਸਲੇ ਕਰਨੇ, ਅਦਾਲਤ ਲਾ ਕੇ ਇਨਸਾਫ ਦੇਣਾ, ਲੋਹਗੜ੍ਹ ਦਾ ਕਿਲ੍ਹਾ ਉਸਾਰਨਾ, ਫੌਜੀ ਮਸ਼ਕਾਂ ਕਰਨੀਆਂ, ਆਜ਼ਾਦੀ ਪ੍ਰਤੀ ਲੋਕਾਂ ਨੂੰ ਚੇਤੰਨ ਕਰਨਾ ਆਦਿ ਅਜਿਹੇ ਨੁਕਤੇ ਸਨ ਜੋ ਗ੍ਰਿਫਤਾਰੀ ਦਾ ਹੁਕਮ ਨਾਸਰ ਕਰਨ ਲਈ ਕਾਫੀ ਸਨ।

ਬਹੁਤ ਸਾਰੇ ਇਤਿਹਾਸਕਾਰਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਗ੍ਰਿਫਤਾਰੀ ਦੇ ਕਾਰਨ ਵੱਖ ਵੱਖਰੇ ਦਸੇ ਹਨ। ਪਰ ਜ਼ੁਲਫਕਾਰ ਅਰਦਸਤਾਨੀ ਸਾਸਨੀ 'ਦਬਸਤਾਨਿ-ਮੁਜ਼ਾਹਿਬ' ਦੇ ਲੇਖਕ ਨੇ ਲਿਖਿਆ ਹੈ, "ਬਾਦਸ਼ਾਹ ਨੇ ਉਸ (ਗੁਰੂ ਹਰਿਗੋਬਿੰਦ ਸਾਹਿਬ) ਕੋਲੋਂ ਗੁਰੂ ਅਰਜਨ ਉਤੇ ਲਗਾਏ ਗਏ ਜ਼ੁਰਮਾਨੇ ਦੀ ਰਕਮ ਦੀ ਬਾਕੀ ਕੱਢਣ ਲਈ ਗੁਰੂ ਹਰਿਗੋਬਿੰਦ ਨੂੰ ਗਵਾਲੀਅਰ ਕਿਲ੍ਹੇ ਵਿੱਚ ਭੇਜ ਦਿੱਤਾ।" ਇਹ ਤਾਂ ਮਹਿਜ਼ ਇਕ ਜ਼ੁਰਮਾਨੇ ਦਾ ਬਹਾਨਾ ਬਣਾਇਆ ਗਿਆ ਸੀ। ਅਸਲੋਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਨਾ ਤਾਂ ਉਸ ਜ਼ੁਰਮਾਨੇ ਅਤੇ ਨਾ ਹੀ ਬਾਕੀ ਨਾਲ ਕੋਈ ਸਬੰਧ ਸੀ।

ਆਮ ਤੌਰ 'ਤੇ ਸਿੱਖ ਇਤਿਹਾਸਕਾਰ ਅਤੇ ਗੈਰ-ਸਿੱਖ ਇਤਿਹਾਸਕਾਰ ਗੁਰੂ ਹਰਿਗੋਬਿੰਦ ਸਾਹਿਬ ਦੀ ਗਵਾਲੀਅਰ ਕਿਲ੍ਹੇ ਵਿੱਚ ਨਜ਼ਰਬੰਦੀ ਬਾਰੇ 40 ਦਿਨਾਂ ਤੋਂ ਲੈ ਕੇ 12 ਸਾਲ ਤਕ ਦਾ ਸਮਾਂ ਲਿਖਦੇ ਹਨ! 31 ਦਿਸੰਬਰ 1612 ਦੇ ਦਿਨ ਗੁਰੂ ਸਾਹਿਬ ਅੰਮ੍ਰਿਤਸਰ ਤੋਂ ਦਿੱਲੀ ਵਲ ਚੱਲ ਪਏ। ਜਨਵਰੀ 1612 ਨੂੰ ਗੁਰੂ ਹਰਿਗੋਬਿੰਦ ਸਾਹਿਬ ਦਿੱਲੀ ਪੁੱਜੇ। ਦਿੱਲੀ ਵਿੱਚ ਗੁਰੂ ਸਾਹਿਬ 'ਗੁਰਦੁਆਰਾ ਮਜਨੂੰ ਟਿੱਲਾ' ਅਸਥਾਨ 'ਤੇ ਠਹਿਰੇ। ਜਹਾਂਗੀਰ ਬਾਦਆਹ ਦੇ ਨਾਲ ਹੀ ਗੁਰੂ ਸਾਹਿਬ ਇਕ ਵੇਰ ਸ਼ਿਕਾਰ 'ਤੇ ਗਏ। ਦੋਲੀਪੁਰ ਦੇ ਜੰਗਲਾਂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਦਸ਼ਾਹ ਦੇ ਸਾਹਮਣੇ ਸ਼ੇਰ ਦਾ ਸ਼ਿਕਾਰ ਕੀਤਾ। ਅੱਜ ਕੱਲ੍ਹ ਉਥੇ 'ਗੁਰਦੁਆਰਾ ਸ਼ੇਰ ਸ਼ਿਕਾਰ ਸਾਹਿਬ' ਬਣਿਆ ਹੈ ਜੋ ਆਗਰਾ ਤੋਂ 21 ਕਿਲੋਮੀਟਰ ਦੂਰ ਹੈ! ਇਸ ਸ਼ਿਕਾਰ ਤੋਂ ਬਾਅਦ ਹੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ

ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਇਥੇ ਹੀ ਜਹਾਂਗੀਰ ਬਾਦਸ਼ਾਹ ਨੇ ਗੁਰੂ ਸਾਹਿਬ ਦੀ ਗ੍ਰਿਫਤਾਰੀ ਦਾ ਹੁਕਮ ਦੇ ਕੇ ਸ਼ਾਹੀ ਜੇਲ੍ਹ ਗਵਾਲੀਅਰ ਕਿਲ੍ਹੇ ਵਿੱਚ ਭੇਜ ਦਿੱਤਾ ਗਿਆ। ਇਸ ਜੇਲ੍ਹ ਵਿੱਚ ਇੱਕ ਸੌ ਤੋਂ ਵੀ ਵੱਧ ਰਾਜੇ-ਰਾਣੇ ਆਦਿ ਕੈਦ ਕੀਤੇ ਹੋਏ ਸਨ। ਇਨ੍ਹਾਂ ਵਿੱਚ 52 ਰਾਜੇ ਲੰਮੀਆਂ ਕੈਦਾਂ ਵਾਲੇ ਅਤੇ 51 ਰਾਜੇ ਛੋਟੀਆਂ ਕੈਦਾਂ ਵਾਲੇ ਸਨ। ਬਹੁਤ ਸਾਰੇ ਲੇਖਕ ਜਜ਼ਬਾਤੀ ਹੋ ਕੇ ਕੈਦ ਦਾ ਸਮਾਂ ਘੱਟ ਤੋਂ ਘੱਟ ਲਿਖਦੇ ਹਨ। ਭੱਟਵਹੀਆ ਪਹਿਲੀਆਂ ਦਸਤਾਵੇਜ਼ਾਂ ਹਨ ਜੋ ਗੁਰੂ ਸਾਹਿਬ ਦੀ ਰਿਹਾਈ ਬਾਰੇ ਸਪੱਸ਼ਟ ਕਰਦੀਆਂ ਹਨ। ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਵੀ ਬਹੁਤ ਸਾਰੇ ਸੰਕੇਤ ਮਿਲਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਕਿਲ੍ਹੇ ਵਿੱਚ ਤਕਰੀਬਨ 6 ਸਾਲ ਰਹੇ। ਕੁਝ ਵਰ੍ਹੇ ਪਹਿਲਾਂ ਜਦੋਂ ਗਵਾਈਅਰ ਕਿਲ੍ਹੇ ਦੇ ਪੁਰਾਤਨ ਖੂਹ ਦੀ ਸਫਾਈ ਕੀਤੀ ਗਈ ਸੀ ਤਾਂ ਉਸ ਸਫਾਈ ਦੌਰਾਨ ਇੱਕ ਪੱਥਰ ਦੀ ਸਿੱਲ ਪ੍ਰਾਪਤ ਹੋਈ ਹੈ ਜਿਸ 'ਤੇ ਇਹ ਫਾਰਸੀ ਅੱਖਰ ਉਕਰੇ ਹੋਏ ਮਿਲਦੇ ਹਨ:-

"ਯਕ ਮਰਦ-ਏ-ਕਾਮਿਲ ਪੀਰ ਹਿੰਦ,
ਸ਼ਾਹਸ਼ਮ ਗੁਰੂ ਨਾਨਕ ਹਰਗੋਬਿੰਦ ਸ਼ਾਹ-ਐਨ ਸ਼ਾਹ
ਨੂਰ-ਉ-ਦੀਨ ਸੁਲਤਾਨ ਹਿੰਦ ਜਹਾਂਗੀਰ ਨਜ਼ਰਬੰਦ ਕਰਦੰਦ

(ਸੰਮਤ 1670 ਬਿਕ੍ਰਮੀ ਵਜ਼ੀਰ ਖਾਨ)

ਇਸ ਸ਼ਿਲਾਲੇਖ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ 1613 ਵਿੱਚ ਗ੍ਰਿਫਤਾਰ ਕੀਤੇ ਗਏ ਸਨ। ਇਹ ਖੂਹ ਵਜ਼ੀਰਖਾਨ ਨੇ ਹੀ ਤਾਮੀਰ ਕਰਵਾਇਆ ਸੀ ਅਤੇ ਗੁਰੂ ਸਾਹਿਬ ਨਜ਼ਰਬੰਦੀ ਦੌਰਾਨ ਇਸੇ ਖੂਹ (ਗੰਗਾਲੂ) ਦੇ ਪਾਣੀ ਨਾਲ ਰੋਜ਼ ਇਸ਼ਨਾਨ ਕਰਦੇ ਸਨ। ਗਵਾਲੀਅਰ ਦਾ ਕਿਲ੍ਹਾ ਬੜਾ ਮਸ਼ਹੂਰ ਕਿਲ੍ਹਾ ਸੀ ਅਤੇ ਬਹੁਤੇ ਪਹਾੜੀ ਰਾਜੇ ਇਸ ਵਿੱਚ ਕੈਦ ਕਰ ਕੇ ਰੱਖੇ ਹੋਏ ਸਨ। ਰਾਜਿਆਂ ਨੂੰ ਕਿਲ੍ਹੇ ਵਿੱਚ ਬੜੇ ਕਠਨ ਤਸੀਹੇ ਦਿੱਤੇ ਜਾਂਦੇ ਸਨ। ਇਹ ਵੀ ਹਕੀਕਤ ਸੀ ਕਿ ਕੋਈ ਖੁਸ਼ਕਿਸਮਤ ਬੰਦਾ ਹੀ ਕਿਲ੍ਹੇ 'ਚ ਰਿਹਾ ਹੋ ਕੇ ਆਉਂਦਾ ਸੀ। ਕਿਲ੍ਹੇ ਵਿੱਚ ਬੰਦੀਵਾਨਾਂ ਦੀ ਗਿਣਤੀ 'ਭੱਟਵਹੀਆਂ' ਅਨੁਸਾਰ 103 ਸੀ (ਜਿਸ ਵਿੱਚ ਵੱਡੀਆਂ ਕੈਦਾਂ ਵਾਲੇ 52 ਅਤੇ ਛੋਟੀਆਂ ਕੈਦਾਂ ਵਾਲੇ 51 ਸਨ)।

ਜਹਾਂਗੀਰ ਬਾਦਸ਼ਾਹ ਸਿਤੰਬਰ 1613 ਤੋਂ ਜਨਵਰੀ 1619 ਤੱਕ ਅਜਮੇਰ, ਗੁਜਰਾਤ ਤੇ ਸਿੰਧ ਵੱਲ ਰਿਹਾ, ਜਿਸ ਕਰਨ ਹਜ਼ਰਤ ਮੀਆਂ ਮੀਰ, ਨੂਰ ਜਹਾਂ, ਵਜ਼ੀਰਖਾਨ ਆਦਿ ਕੁਝ ਨਾ ਕਰ ਸਕੇ। ਗਵਾਲੀਅਰ ਕਿਲ੍ਹੇ ਦਾ ਦਰੋਗਾ ਹਰਿਦਾਸ ਯਾਦਵ ਬਨਜਾਰਾ (ਕਈ ਹਰੀਰਾਮ ਲਿਖਦੇ ਹਨ) ਸੀ ਜੋ ਗੁਰੂ ਜੀ ਦਾ ਸਿੱਖ ਹੋ ਗਿਆ ਸੀ। ਪੰਜਾਬ ਤੋਂ ਆ ਕੇ ਕਈ ਵੇਰ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਲੂ ਜੀ, ਭਾਈ ਪਰਾਨਾ, ਭਾਈ ਕੀਰਤੀਆ ਆਦਿ ਸਿੱਖ ਆ ਕੇ ਠਹਿਰਦੇ ਹੁੰਦੇ ਸਨ। ਬਹੁਤ ਸਾਰੇ ਸਿੱਖ ਗਵਾਲੀਅਰ ਆਉਂਦੇ ਅਤੇ ਕਿਲ੍ਹੇ ਦੀਆਂ ਦੀਵਾਰਾਂ ਨੂੰ ਦਸਤਕ ਦੇ ਕੇ ਚਲੇ ਜਾਂਦੇ

'ਦਰ-ਆਂ-ਹੰਗਾਮਿ ਮਸੰਦਾ ਵ ਸਿੱਖਾਂ
ਮੀ ਰਫਤੰਦ ਦੀਵਾਰ ਕਿਲ੍ਹਾ ਰਾ ਸਜਦਾ ਮੀ ਕਰਦੰਦ' (ਦਬਸਤਾਨਿ-ਮੁਜਾਹਿਬ)

ਗੁਰੂ ਅਰਜਨ ਸਾਹਿਬ ਨੂੰ ਜਦੋਂ ਸ਼ਹੀਦ ਕੀਤਾ ਗਿਆ ਉਦੋਂ ਜਹਾਂਗੀਰ ਬਾਦਸ਼ਾਹ ਵੱਲੋਂ ਹੁਕਮ ਨਾਸਰ ਕੀਤਾ ਗਿਆ ਸੀ ਕਿ ਗੁਰੂ ਸਾਹਿਬ ਦਾ ਬਾਲ ਬੱਚਾ ਸ਼ੇਖ ਫਰੀਦ (ਮੁਰਤਜ਼ਾ ਖਾਨ) ਦੇ ਹਵਾਲੇ ਕੀਤਾ ਜਾਵੇ। ਪ੍ਰਮੁਖ ਗੁਰਸਿੱਖਾਂ ਦੇ ਬਚਨ ਪਾ ਕੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਪ੍ਰਵਾਰ ਜੰਗਲਦੇਸ਼ (ਮਾਲਵਾ, ਡਰੋਲੀ) ਚਲੇ ਗਏ ਸਨ। ਇਥੇ ਬਹੁਤ ਸੰਘਣਾ ਜੰਗਲ ਸੀ

ਅਤੇ ਆਵਾਜਾਈ ਦੇ ਸਾਧਨ ਵੀ ਬੜੇ ਸੀਮਤ ਸਨ। ਸਰਕਾਰੀ ਸੂਹੀਏ (Intelligence) ਲਗਾਤਾਰ ਗੁਰੂ ਸਾਹਿਬ ਦੀ ਤਲਾਸ਼ ਵਿੱਚ ਸਨ। ਜਦੋਂ ਗੁਰੂ ਸਾਹਿਬ ਡੇਢ ਵਰ੍ਹੇ ਬਾਅਦ ਡਰੌਲੀ ਤੋਂ ਗੋਇੰਦਵਾਲ ਪਰਤੇ ਤਾਂ ਉਨ੍ਹਾਂ ਦੀ ਗ੍ਰਿਫਤਾਰੀ ਹੋਈ।

ਚੰਦੂ, ਗੁਰੂ ਸਾਹਿਬ ਨੂੰ ਹਰਿਦਾਸ ਦਰੋਗੇ ਰਾਹੀਂ ਕਈ ਸਾਜਸ਼ਾਂ ਕਰਨਾ ਚਾਹੁੰਦਾ ਸੀ ਪਰ ਕਾਮਯਾਬ ਨਾ ਹੋ ਸਕਿਆ। ਹਰਿਦਾਸ ਦਰੋਗਾ ਨੇ ਕਿਲ੍ਹੇ ਵਿੱਚ ਆ ਕੇ ਇੱਕ ਵੇਰ ਗੁਰੂ ਸਾਹਿਬ ਨੂੰ ਦੱਸਿਆ ਕਿ ਜਦੋਂ ਜਹਾਂਗੀਰ ਬਾਦਸ਼ਾਹ ਰਾਤੀਂ ਮਹੱਲਾਂ ਵਿੱਚ ਆਰਾਮ ਕਰਦਾ ਹੈ ਤਾਂ ਉਸ ਨੂੰ ਭਿਆਨਕ ਸੂਰਤਾਂ ਨਜ਼ਰੀ ਆਉਂਦੀਆਂ ਹਨ ਅਤੇ ਅਗੰਮੀ ਆਵਾਜ਼ਾਂ ਆਉਂਦੀਆਂ ਹਨ ਕਿ ਜਿਸ ਹਿੰਦ ਦੇ ਪੀਰ ਨੂੰ ਤੂੰ ਬੰਦੀ ਬਣਾਇਆ ਹੈ ਉਸ ਨੂੰ ਛੱਡ ਦੇ। ਦੂਸਰੇ ਦਿਨ ਹੀ ਬਾਦਸ਼ਾਹ ਨੇ ਨਜ਼ੂਮੀ ਬੁਲਾ ਕੇ ਸਾਰੀ ਵਿਥਿਆ ਸੁਣਾਈ। ਨਜ਼ੂਮੀਆ ਨੇ ਬਾਦਸ਼ਾਹ ਨੂੰ ਆਖਿਆ ਕਿ ਤੇਰੀ ਕੈਦ ਵਿੱਚ ਕੋਈ ਅੱਲ੍ਹਾ ਦਾ ਬੰਦਾ ਹੈ ਉਸ ਦੀ ਬੰਦ ਖਲਾਸ ਕਰੋ। ਕੁਝ ਦਿਨਾਂ ਬਾਅਦ ਦਰੋਗੇ ਹਰਿਦਾਸ ਨੇ ਗੁਰੂ ਸਾਹਿਬ ਦੀ ਰਿਹਾਈ ਦੀ ਇਤਲਾਹ ਗੁਰੂ ਸਾਹਿਬ ਨੂੰ ਦਿੱਤੀ। ਦਿੱਲੀ ਤੋਂ ਬੰਦਖੁਲਾਸੀ ਦਾ ਹੁਕਮ ਵਜ਼ੀਰ ਖਾਨ ਲੈ ਕੇ ਆਇਆ ਸੀ। ਇਹ ਹੁਕਮ ਸੁਣ ਕੇ 103 ਰਾਜੇ ਰਾਣੇ ਗੁਰੂ ਸਾਹਿਬ ਦੇ ਪੈਰੀਂ ਪੈ ਗਏ ਕਿ "ਗਰੀਬ ਨਿਵਾਜ਼ ਤੁਹਾਡੇ ਬਗੈਰ ਸਾਡੀ ਬੰਦ-ਖੁਲਾਸੀ ਕਿਸੇ ਨਹੀਂ ਕਰਨੀ" ? ਗੁਰੂ ਸਾਹਿਬ ਨੇ ਵਜ਼ੀਰ ਖਾਨ ਨੂੰ ਸਪੱਸ਼ਟ ਕਰ ਦਿੱਤਾ ਕਿ "ਜਦੋਂ ਤਕ ਸਾਰੇ ਰਾਜੇ ਰਾਣੇ ਬੰਦ-ਖੁਲਾਸ ਨਹੀਂ ਹੁੰਦੇ ਤਾਂ ਮੈਂ ਵੀ ਕਿਲ੍ਹੇ ਤੋਂ ਬਾਹਰ ਨਹੀਂ ਆਉਣਾ"। ਵਜ਼ੀਰ ਖਾਨ ਨੇ ਇਹ ਸਾਰੀ ਵਾਰਤਾ ਦਿੱਲੀ ਜਾ ਕੇ ਬਾਦਸ਼ਾਹ ਜਹਾਂਗੀਰ ਨੂੰ ਸੁਣਾਈ। ਜਹਾਂਗੀਰ ਬਾਦਸ਼ਾਹ ਨੇ ਪਰਵਾਨਾ ਲਿਖ ਕੇ ਦੇ ਦਿੱਤਾ ਜੋ ਥੋੜ੍ਹੀ ਮਿਆਦ ਵਾਲੇ ਕੈਦੀ ਹਨ ਉਨ੍ਹਾਂ ਨੂੰ ਰਿਹਾ ਕਰ ਦਿਓ ਅਤੇ ਜੋ ਬੜੀ ਕੈਦ ਵਾਲੇ ਕੈਦੀ ਹਨ ਉਹ ਪੀਰ (ਗੁਰੂ ਸਾਹਿਬ) ਦਾ ਜਾਮਾ ਪਕੜ ਕੇ ਬਾਹਰ ਕਿਲ੍ਹੇ ਤੋਂ ਆ ਜਾਣ, ਉਨ੍ਹਾਂ ਦੀ ਬੰਦ-ਖੁਲਾਸੀ ਕੀਤੀ ਜਾਵੇ।"

ਇਸ ਵਿੱਚ ਸਚਾਈ ਹੈ ਕਿ ਗੁਰੂ ਸਾਹਿਬ ਦੀ ਰਿਹਾਈ ਪਿਛੇ ਹਜ਼ਰਤ ਮੀਆਂ ਮੀਰ, ਮੱਲਕਾ ਨੂਰ ਜਹਾਨ, ਵਜ਼ੀਰ ਖਾਨ, ਨਿਜ਼ਾਮ ਦੀਨ ਔਲੀਆ ਦੀਆ ਸ਼ੁਭ ਕਾਮਨਾਵਾਂ ਵੀ ਕੰਮ ਕਰਦੀਆਂ ਸਨ। ਗੁਰੂ ਸਾਹਿਬ ਨੇ ਭਾਈ ਹਰਿਦਾਸ ਦਰੋਗੇ ਨੂੰ ਆਖ ਕੇ ਇੱਕ ਲੰਬਾ ਚੋਲਾ ਸੁਆ ਕੇ ਲਿਆਉਣ ਲਈ ਹੁਕਮ ਕੀਤਾ ਜਿਸ ਦੀਆਂ ਲੰਮੀਆਂ 52 ਕਲੀਆਂ ਹੋਣ (ਭੱਟਵਹੀਆਂ ਅਨੁਸਾਰ 101 ਕਲੀਆਂ ਵਾਲਾ ਚੋਲਾ, ਇਹੋ ਗਿਣਤੀ ਭਾਈ ਸਰੂਪ ਦਾਸ ਭੱਲਾ (ਮਹਿਮਾ ਪ੍ਰਕਾਸ਼) ਵੀ ਲਿਖਦਾ ਹੈ)। ਹੋ ਸਕਦਾ ਹੈ 52 ਕਲੀਆਂ ਲੰਮੀਆਂ ਕੈਦਾਂ ਵਾਲੇ 52 ਰਾਜੇ ਰਾਣਿਆਂ ਕਰ ਕੇ ਮਸ਼ਹੂਰ ਹੋ ਗਈਆਂ ਹੋਣ। ਪਰ ਸਚਾਈ ਇਹ ਹੈ ਕਿ ਗੁਰੂ ਸਾਹਿਬ ਨਾਲ 101 ਰਾਜੇ ਰਾਣੇ ਰਿਹਾਅ ਹੋਏ ਸਨ।

ਗੁਰੂ ਹਰਿਗੋਬਿੰਦ ਸਾਹਿਬ ਦੀ ਰਿਹਾਈ 26 ਅਕਤੂਬਰ 1619 ਦੇ ਦਿਨ ਹੋਈ। ਭੱਟਵਹੀਆਂ ਵਿੱਚ ਇਸ ਰਿਹਾਈ ਦਾ ਜ਼ਿਕਰ ਆਉਂਦਾ ਹੈ, "ਗੁਰੂ ਹਰਿਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, ਸੋਢੀ ਖਤ੍ਰੀ ਚੱਕ ਗੁਰੂ ਕਾ ਪਰਗਣਾ ਨਿਝਰਆਲਾ, ਸੰਮਤ ਸੋਲਾਂ ਸੈ ਛਿਹਤ੍ਰਾ ਕੱਤਕ ਮਾਸੇ ਕ੍ਰਿਸ਼ਨਾ ਪਖੇ ਚੌਦਸ ਦੇ ਦਿਹੁੰ ਗੁਰੂ ਜੀ ਬਾਵਨ ਰਾਜਯੋਂ ਕੇ ਗੈਲ ਗੜ੍ਹਗੁਆਲੀਅਰ ਸੇ ਬੰਧਨ ਮੁਕਤ ਹੋਏ"।

ਗੁਰੂ ਸਾਹਿਬ ਨਾਇਕ ਹਰਿਦਾਸ ਦਰੋਗੇ ਪੁੱਤਰ ਹਰਬੰਸ ਲਾਲ, ਚੰਦਰ ਬੰਸੀ-ਜਾਦਵ, ਬੜ੍ਹਤੀਆਂ ਕਨਾਵਤ ਨੇ ਜੇਲ੍ਹ ਤੋਂ ਬੰਦੀ ਛੋੜ ਗੁਰੂ ਹਰਿਗੋਬਿੰਦ ਸਾਹਿਬ ਦੀ ਰਿਹਾਈ

ਦੀ ਖੁਸ਼ੀ ਵਜੋਂ ਸਾਰੇ ਘਰ ਵਿੱਚ ਦੀਪਮਾਲਾ ਕੀਤੀ। ਹਰਿਦਾਸ (ਹਰੀਰਾਮ) ਦੇ ਘਰ ਇੱਕ ਦਿਨ ਰਹਿ ਕੇ, ਗੁਰੂ ਸਾਹਿਬ ਗਵਾਲੀਅਰ ਛੱਡ ਕੇ ਆਗਰੇ ਪਹੁੰਚੇ। ਤੋਜ਼ਕਿ ਜਹਾਂਗੀਰੀ ਵਿੱਚ ਭਾਵੇਂ ਜ਼ਿਕਰ ਨਹੀਂ ਆਉਂਦਾ ਪਰ ਭੱਟਵਹੀਆਂ ਅਨੁਸਾਰ ਗੁਰੂ ਸਾਹਿਬ ਅਤੇ ਜਹਾਂਗੀਰ, 8 ਫਰਵਰੀ 1620 ਤਕ ਕਲਾਨੌਰ (ਨੇੜੇ ਬਟਾਲਾ) ਅਪੜੇ ਅਤੇ ਕਰੀਬ 15 ਦਿਨ ਰਹੇ, ਜਿੱਥੇ ਜਹਾਂਗੀਰ ਦੀ ਬੇਨਤੀ 'ਤੇ ਹਜ਼ਰਤ ਮੀਆਂ ਮੀਰ 16 ਫਰਵਰੀ ਦੇ ਆਸ ਪਾਸ ਦਰਸ਼ਨ ਦੇਣ ਲਈ ਗਏ। ਕੁਝ ਦਿਨ ਬਾਅਦ ਹਜ਼ਰਤ ਮੀਆਂ ਮੀਰ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਲਾਹੌਰ ਵੱਲ ਚੱਲ ਪਏ। ਤੋਜ਼ਕਿ ਜਹਾਂਗੀਰੀ (ਜਿਲਦ ਕ, ਸਫਾ 114-117) 'ਤੇ ਲਿਖਿਆ ਹੈ "ਫੱਗਣ 1, 1676 ਬਿਕਰਮੀ (28 ਜਨਵਰੀ 1620) ਨੂੰ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਾਲੂ ਰਾਏ, ਭਾਈ ਪਰਮ ਰਾਏ ਆਦਿ ਨੇ ਜਹਾਂਗੀਰ ਨਾਲ ਗੋਇੰਦਵਾਲ ਨੇੜੇ ਮੁਲਾਕਾਤ ਕੀਤੀ"। ਪਹਿਲੀ ਵੇਰ ਵੀਰਵਾਰ 30 ਦਿਸੰਬਰ 1619 ਨੂੰ ਹਜ਼ਰਤ ਮੀਆਂ ਮੀਰ ਜੀ ਅਤੇ ਜਹਾਂਗੀਰ ਬਾਦਸ਼ਾਹ ਦੀ ਮੁਲਾਕਾਤ ਕਲਾਨੌਰ ਵਿੱਚ ਹੋਈ। ਦੀਵਾਲੀ 1619 ਨੂੰ ਗੁਰੂ ਹਰਿਗੋਬਿੰਦ ਸਾਹਿਬ ਨਾਇਕ ਹਰਿਦਾਸ (ਹਰੀਰਾਮ) ਦੇ ਘਰ ਹੀ ਸਨ। ਫਰਵਰੀ 1620 ਤੱਕ ਗੁਰੂ ਸਾਹਿਬ, ਜਹਾਂਗੀਰ ਬਾਦਸ਼ਾਹ ਨਾਲ ਸਨ ਅਤੇ ਫਿਰ ਕਲਾਨੌਰ ਤੋਂ ਅੰਮ੍ਰਿਤਸਰ ਚਲੇ ਗਏ ਸਨ।

ਸ਼ੇਖ ਅਹਿਮਦ ਸਰਹੰਦੀ (ਜਿਸ ਨੇ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ 'ਤੇ ਖੁਸ਼ੀ ਭਰਿਆ ਖੱਤ ਜਹਾਂਗੀਰ ਨੂੰ ਲਿਖਿਆ ਸੀ) ਦਾ ਜਹਾਂਗੀਰ 'ਤੇ ਅਸਰ ਖਤਮ ਹੋਇਆ ਅਤੇ ਜਹਾਂਗੀਰ ਨੇ ਸ਼ੇਖ ਅਹਿਮਦ ਸਰਹੰਦੀ ਨੂੰ ਜੁਲਾਈ 1619 ਵਿੱਚ ਗ੍ਰਿਫਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ।

8 ਫਰਵਰੀ 1620 ਨੂੰ ਗੁਰੂ ਸਾਹਿਬ ਅਤੇ ਜਹਾਂਗੀਰ ਬਾਦਸ਼ਾਹ ਇਕੱਠੇ ਨਾਰਨੌਲ ਵਿੱਚ ਹਾਜ਼ਰ ਸਨ। ਇਸੇ ਮਹੀਨੇ ਗੁਰੂ ਸਾਹਿਬ ਅਤੇ ਜਹਾਂਗੀਰ ਫੇਰ ਇਕੱਠੇ ਕਸ਼ਮੀਰ ਵੱਲ ਚਲੇ ਗਏ। ਮਾਰਚ ਦੇ ਅਖੀਰ ਵਿੱਚ ਗੁਰੂ ਸਾਹਿਬ ਪੰਜਾਬ ਆ ਗਏ। 28 ਮਾਰਚ 1620 ਦੇ ਦਿਨ ਗੁਰੂ ਸਾਹਿਬ ਦਾ ਵਿਆਹ (ਮਾਤਾ) ਨਾਨਕੀ ਜੀ ਨਾਲ ਅਤੇ 10 ਜੁਲਾਈ 1620 ਦੇ ਦਿਨ (ਮਾਤਾ) ਮਰਵਾਹੀ ਨਾਲ ਹੋਇਆ। ਇਸ ਤੋਂ ਮਗਰੋਂ ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਫੁਰਮਾਨ ਜਾਰੀ ਕੀਤਾ ਕਿ ਕੋਈ ਸਿੱਖ ਆਪਣੀ ਬੱਚੀ ਗੁਰੂ ਸਾਹਿਬ ਦੇ ਅਰਪਣ ਨਾ ਕਰੇ।

28 ਦਸੰਬਰ 1620 ਦੇ ਦਿਨ ਗੁਰੂ ਹਰਿਗੋਬਿੰਦ ਸਾਹਿਬ ਗੁਰੂ ਦੇ ਚੱਕ (ਅੰਮ੍ਰਿਤਸਰ) ਵਿਖੇ ਆਏ। ਸਿੱਖ ਸੰਗਤਾਂ ਨੇ ਗੁਰੂ ਸਾਹਿਬ ਦਾ 'ਗੁਰੂ ਦੀ ਨਗਰੀ' ਆਉਣ 'ਤੇ ਦੀਪਮਾਲਾ ਕੀਤੀ ਸੀ। (ਇਸ ਦੀਪਮਾਲਾ ਦਾ ਹਿੰਦੂਆਂ ਦੀ ਕਤਕ ਦੀ ਦੀਵਾਲੀ ਨਾਲ ਕੋਈ ਸਬੰਧ ਨਹੀਂ) ਅੰਮ੍ਰਿਤਸਰ ਦੇ ਆਸਪਾਸ ਗੁਰੂ ਸਾਹਿਬ ਨੇ ਸਿੱਖਾਂ ਨੂੰ ਫੌਜੀ ਟ੍ਰੇਨਿੰਗਾਂ ਅਤੇ ਧਾਰਮਿਕ ਪ੍ਰਚਾਰ ਦੌਰੇ ਆਰੰਭ ਕਰ ਦਿੱਤੇ। ਗੁਰੂ ਸਾਹਿਬ ਦੀ ਰਿਹਾਈ ਬਾਅਦ ਸਿੱਖਾਂ ਵਿੱਚ ਨਵਾਂ ਉਤਸ਼ਾਹ ਅਤੇ ਗੁਰੂ ਜੀ ਲਈ ਮਰ ਮਿਟਣ ਲਈ ਤਿਆਰ ਹੋ ਗਏ। ਜਹਾਂਗੀਰ ਬਾਦਸ਼ਾਹ ਵੀ ਰਹਿੰਦੀ ਉਮਰ ਤੱਕ ਗੁਰੂ ਸਾਹਿਬ ਨਾਲ ਦੋਸਤੀ ਬਣਾ ਕੇ ਰੱਖਣ ਦਾ ਨਿਸ਼ਚਾ ਧਾਰ ਬੈਠਾ ਸੀ। ਜਹਾਂਗੀਰ ਨੇ ਆਪ ਹੀ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਪਿੱਛੇ ਚੰਦੂ ਜੀ ਸਾਜ਼ਿਸ਼ ਦਾ ਇਜ਼ਹਾਰ ਕੀਤਾ ਅਤੇ ਚੰਦੂ ਅਤੇ ਉਸ ਦੇ ਪ੍ਰਵਾਰ ਨੂੰ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤਾ। ਗੁਰੂ ਸਾਹਿਬ ਦੇ ਕਹਿਣ 'ਤੇ ਸੂਰਮੇ ਜਰਨੈਲ ਬਿਧੀ ਚੰਦ ਨੇ ਬੀਵੀ ਤੇ ਬੱਚਿਆਂ ਨੂੰ ਛੱਡ ਦਿੱਤਾ। ਭਾਈ ਬਿਧੀ ਚੰਦ ਨੇ ਚੰਦੂ ਦੇ ਨੱਕ ਵਿੱਚ ਨਕੇਲ ਪਾ ਕੇ ਪੈਰੀਂ ਸੰਗਲ ਪਾ ਕੇ ਘੋੜੇ ਦੇ ਪਿੱਛੇ ਬੰਨ੍ਹ

ਕੇ ਘਸੀਟਿਆ। ਗੁਰਦਿਤੇ ਭੜਭੂੰਜੇ ਦੀ ਦੁਕਾਨ ਸਾਹਮਣੇ ਆਉਣ 'ਤੇ ਉਸ ਨੇ ਕੜੱਛਾ ਮਾਰ 'ਚੰਦੂ ਦੇ ਸਿਰ ਤੇ' ਥਾਂ 'ਤੇ ਢੇਰੀ ਕਰ ਦਿੱਤਾ। ਯਾਦ ਰਹੇ ਇਸੇ ਭੜਭੁੱਜੇ ਤੋਂ ਹੀ ਚੰਦੂ ਨੇ ਗੁਰੂ ਅਰਜਨ ਸਾਹਿਬ ਦੇ ਸੀਸ 'ਤੇ ਗਰਮ ਰੇਤਾ ਪੁਆਇਆ ਸੀ।

'ਗੁਰਬਿਲਾਸ ਪਾਤਸ਼ਾਹੀ ਛੇਵੀਂ' ਅਨੁਸਾਰ ਜਹਾਂਗੀਰ ਬਾਦਸ਼ਾਹ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਦਰਸ਼ਨਾਂ ਲਈ ਆਇਆ। 500 ਮਹਰਾਂ ਭੇਟ ਕਰ ਕੇ ਮੱਥਾ ਟੇਕਿਆ। ਅਕਾਲ ਤਖ਼ਤ ਸਾਹਿਬ ਦੀ ਤਾਮੀਰੀ ਦਾ ਕੰਮ ਸ਼ਾਹੀ ਖ਼ਜ਼ਾਨੇ 'ਚੋਂ ਕਰਨ ਦੀ ਤਜਵੀਜ਼ ਰੱਖੀ ਪਰ ਗੁਰੂ ਸਾਹਿਬ ਨੇ ਕਿਹਾ,

"ਕਹਾ ਗੁਰੂ ਅਬ ਧਹੀ ਸੁਹਾਵੇ,
ਸਮਾਂ ਪਾਇ ਇਹ ਅਧਿਕ ਬਨਾਵੇ। (ਗੁਰਬਿਲਾਸ ਪਾ. ਛੇਵੀ)

ਡਾ. ਗੰਡਾ ਸਿੰਘ ਨੇ ਵੀ ਇਹੋ ਨੁਕਤਾ ਆਪਣੀ ਪੁਸਤਕ 'ਏ ਸ਼ਾਰਟ ਹਿਸਟਰੀ ਆਫ ਦੀ ਸਿਖਜ਼' (ਜਿਲਦ ਪਹਿਲੀ ਪੰਨਾ 41) 'ਤੇ ਲਿਖਿਆ ਹੈ।

***

ਆਖ਼ਰ ਕਿਥੇ ਗਈ ਗੁਰੂ ਗੋਬਿੰਦ ਸਿੰਘ ਜੀ ਦੀ ਕਲ਼ਗੀ ?

ਗੁਰੂ ਗੋਬਿੰਦ ਸਿੰਘ ਜੀ ਅਪਣੇ ਦਸਤਾਰੇ ਉਪਰ ਖੂਬਸੂਰਤ 'ਕਲਗੀ' ਸਜਾਉਂਦੇ ਸਨ। ਗੁਰੂ ਸਾਹਿਬ ਨੂੰ ਇਸੇ ਕਾਰਨ ਆਮ ਤੌਰ 'ਤੇ 'ਕਲਗੀਧਰ' ਅਤੇ 'ਕਲਗੀਵਾਲਾ' ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। 'ਕਲਗੀ' ਦੀ ਪ੍ਰੀਭਾਸ਼ਾ ਬਾਰੇ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚ ਲਿਖਿਆ ਹੈ, "ਰਤਨਾਂ ਨਾਲ ਜੜਾਊ ਖੰਭਦਾਰ ਇਕ ਭੂਖਣ ਜਿਸ ਨੂੰ ਹਿੰਦੁਸਤਾਨ ਦੇ ਬਾਦਸ਼ਾਹ ਅਤੇ ਮਹਾਰਾਜੇ ਸਿਰ ਪੁਰ ਪਹਿਰਦੇ ਹਨ।" ਇਸੇ ਤਰ੍ਹਾਂ ਲਫ਼ਜ਼ 'ਕਲਗੀਧਰ' ਬਾਰੇ ਲਿਖਿਆ ਹੈ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜੋ ਅਦਭੁਤ ਕਲਗੀ ਸੀਸ 'ਤੇ ਧਾਰਨ ਕਰਦੇ ਸਨ।" ਇਸੇ ਤਰ੍ਹਾਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਛਪੀ 'ਪੰਜਾਬੀ-ਪੰਜਾਬੀ ਕੋਸ਼' (ਜਿਲਦ ਪਹਿਲੀ) ਵਿੱਚ 'ਕਲਗੀ' ਬਾਰੇ ਦਰਜ ਹੈ, "ਕੀਮਤੀ ਮੋਤੀਆਂ ਅਤੇ ਸਜੀਲੇ ਖੰਭਾਂ ਵਾਲਾ ਗਹਿਣਾ ਜਿਸ ਨੂੰ ਬਾਦਸ਼ਾਹ ਪੱਗਾਂ ਉਤੇ ਲਾਉਂਦੇ ਹਨ।" 'ਕਲਗੀਧਰ' ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਦੇ ਸੀਸ ਪੁਰ ਕਲਗੀ ਸੋਂਹਦੀ ਸੀ, 'ਕਲਗੀਵਾਲਾ' ਗੁਰੂ ਗੋਬਿੰਦ ਸਿੰਘ ਜੀ ਕਲਗੀਧਰ"।

ਸਿੱਖ ਇਤਿਹਾਸ ਵਿੱਚ ਬਾਰ-ਬਾਰ ਜ਼ਿਕਰ ਆਇਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਪਣੇ ਦਸਤਾਰੇ ਉਪਰ 'ਕਲਗੀ' ਸਜਾਉਂਦੇ ਸਨ। ਜਦੋਂ ਗੁਰੂ ਸਾਹਿਬ ਨੇ1705 ਵਿੱਚ ਸਿੰਘਾਂ ਦੇ ਜ਼ੋਰ ਪਾਉਣ 'ਤੇ ਆਨੰਦਪੁਰ ਸਾਹਿਬ ਛਡਣਾ ਮੰਨਜ਼ੂਰ ਕਰ ਲਿਆ ਤਾਂ ਜਿਹੜੇ ਚਾਲੀ ਸਿੰਘਾਂ ਨੇ ਕਲਗੀਧਰ ਪਿਤਾ ਦੇ ਅੰਗਸੰਗ ਰਹਿ ਕੇ ਸ਼ਹੀਦੀਆਂ ਦੇਣ ਦਾ ਪ੍ਰਣ ਕੀਤਾ ਸੀ, ਉਨ੍ਹਾਂ ਵਿੱਚੋਂ ਕੇਵਲ ਸੱਤ ਸਿੰਘ ਹੀ ਗੜ੍ਹੀ ਵਿੱਚ ਰਹਿ ਗਏ ਸਨ। ਗੁਰੂ ਸਾਹਿਬ ਨੇ 5-6 ਦਸੰਬਰ 1705 ਦੀ ਰਾਤ ਨੂੰ ਆਨੰਦਪੁਰ ਸਾਹਿਬ ਛੱਡਣ ਦਾ ਇਕਰਾਰ ਕਰ ਲਿਆ। ਇਹ ਲੜਾਈ ਸਿੱਖ ਇਤਿਹਾਸ ਦੀ ਸੱਭ ਤੋਂ ਵੱਧ ਖ਼ਤਰਨਾਕ ਲੜਾਈ ਸੀ। 5-6 ਦਸੰਬਰ ਦੀ ਰਾਤ ਨੂੰ ਭਾਈ ਨਿਹੰਗ ਖਾਂ ਦੀ ਭੂਆ 'ਉਸਰੀ' ਦੇ ਬੇਟੇ ਭਾਈ ਨਬੀ ਖਾਂ ਅਤੇ ਗਨੀ ਖਾਂ ਮੁਗਲ ਫ਼ੌਜ ਦਾ ਨੀਲਾ ਬਾਣਾ ਲੈ ਕੇ ਆ ਗਏ। ਉਨ੍ਹਾਂ ਗੁਰੂ ਸਹਿਬ ਨੂੰ ਵੇਸ ਬਦਲਣ ਵਾਸਤੇ ਬੇਨਤੀ ਕੀਤੀ, ਪਰ ਗੁਰੂ ਜੀ ਨੇ ਨਾਂਹ ਕਰ ਦਿੱਤੀ ਤਾਂ ਹਾਜ਼ਰ ਸਿੰਘਾਂ ਨੇ 'ਗੁਰਮਤਾ' ਕਰ ਕੇ ਗੁਰੂ ਸਾਹਿਬ ਨੂੰ ਹੁਕਮ ਕੀਤਾ ਤਾਂ ਗੁਰੂ ਜੀ ਨੂੰ ਮੰਨਣਾ ਪਿਆ। ਗੁਰੂ ਸਾਹਿਬ ਨਾਲ ਉਸ ਸਮੇਂ ਗੜ੍ਹੀ ਵਿੱਚ ਕੇਵਲ ਸਤ ਸਿੰਘ ਹੀ ਸਨ। ਸਾਰੇ ਸਿੰਘਾਂ ਦੇ ਜ਼ੋਰ ਦੇਣ 'ਤੇ ਗੁਰੂ ਸਾਹਿਬ ਨੇ ਵੇਸ ਬਦਲਿਆ ਅਤੇ ਗੜ੍ਹੀ ਵਿੱਚੋਂ ਜਾਣ ਵਾਸਤੇ ਤਿਆਰ ਹੋ ਗਏ। ਗੜ੍ਹੀ ਵਿੱਚ ਕੇਵਲ ਦੋ ਸਿੰਘਾਂ ਨੂੰ ਰਹਿਣ ਦਾ ਹੁਕਮ ਹੋਇਆ। ਇਹ ਦੋ ਸਿੰਘ ਸਨ ਭਾਈ ਸੰਗਤ ਸਿੰਘ ਛਾਬੜਾ ਅਤੇ ਦੂਜਾ ਭਾਈ ਸੰਤ ਸਿੰਘ ਬੰਗੇਸ਼ਰੀ। ਭਾਈ ਸੰਗਤ ਸਿੰਘ ਬਹਾਦਰ ਯੋਧਾ ਹੋਣ ਦੇ ਨਾਤੇ, ਗੁਰੂ ਸਾਹਿਬ ਦੇ ਦਰਬਾਰੀ ਸਿੱਖਾਂ ਵਿੱਚੋਂ ਖਾਸ ਸੀ। ਭਾਈ ਸੰਗਤ ਸਿੰਘ ਦਾ ਕੱਦ ਅਤੇ ਚਿਹਰਾ-ਮੁਹਰਾ ਗੁਰੂ ਸਾਹਿਬ ਨਾਲ ਮਿਲਦਾ ਜੁਲਦਾ ਸੀ।

ਗੁਰੂ ਸਾਹਿਬ ਨੇ ਆਪਣਾ ਲਿਬਾਸ ਭਾਈ ਸੰਗਤ ਸਿੰਘ ਨੂੰ ਪਹਿਨਣ ਲਈ ਦਿੱਤਾ

ਅਤੇ 'ਕਲਗੀ' ਉਸ ਦੇ ਸੀਸ 'ਤੇ ਸਜਾਈ ਤਾਂ ਜੋ ਮੁਗਲ ਫੌਜਾਂ-ਭੁਲੇਖਾ ਖਾ ਜਾਣ। ਬਾਕੀ ਪੰਜ ਸਿੰਘ ਭਾਈਆਂ ਦਇਆ ਸਿੰਘ, ਧਰਮ ਸਿੰਘ, ਮਾਨ ਸਿੰਘ, ਰਾਮ ਸਿੰਘ ਅਤੇ ਦਇਆ ਸਿੰਘ ਪੁਰੋਹਿਤ ਨੂੰ ਆਪਣੇ ਪਿੱਛੋਂ ਨਿਕਲ ਜਾਣ ਵਾਸਤੇ ਆਖਿਆ।

ਹੁਣ ਗੜ੍ਹੀ ਵਿੱਚ ਸਿਰਫ ਭਾਈ ਸੰਗਤ ਸਿੰਘ ਛਾਬੜਾ ਅਤੇ ਸੰਤ ਸਿੰਘ ਬੰਗੇਸ਼ਰੀ ਹੀ ਰਹਿ ਗਏ ਸਨ। 8 ਦਸੰਬਰ 1705 ਦੀ ਸਵੇਰ ਨੂੰ ਜਦੋਂ ਮੁਗਲ ਫੌਜਾਂ ਨੇ ਗੜ੍ਹੀ 'ਤੇ ਫਿਰ ਜ਼ਬਰਦਸਤ ਹਮਲਾ ਕੀਤਾ ਤਾਂ ਦੋਵੇਂ ਸਿੰਘ ਲੜਦੇ ਲੜਦੇ ਸ਼ਹੀਦ ਹੋ ਗਏ। ਭਾਈ ਸੰਗਤ ਸਿੰਘ ਛਾਬੜਾ ਦੇ ਲਿਬਾਸ ਅਤੇ ਕਲਗੀ ਨੂੰ ਵੇਖ ਕੇ ਮੁਗਲ ਫੌਜਾਂ ਦੇ ਕਮਾਂਡਰ ਨੇ ਭੁਲੇਖਾ ਖਾਧਾ ਕਿ ਉਨ੍ਹਾਂ ਨੇ ਸਿੱਖਾਂ ਦਾ ਗੁਰੂ ਮਾਰ ਲਿਆ ਹੈ। ਭਾਈ ਸੰਗਤ ਸਿੰਘ ਦਾ ਸਿਰ ਕੱਟ ਕੇ ਗਵਰਨਰ ਸਰਹਿੰਦ ਕੋਲ ਪਹੁੰਚਾਇਆ ਗਿਆ। ਇੰਝ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ 'ਕਲਗੀ' ਮੁਗਲਾਂ ਦੇ ਹੱਥ ਆ ਗਈ। ਮੁਗਲਾਂ ਤੋਂ ਇਹ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇਖਾਨੇ ਵਿੱਚ ਕਿਵੇਂ ਪੁੱਜੀ, ਇਸ ਦਾ ਵਿਸਥਾਰ ਨਹੀਂ ਮਿਲਦਾ।

ਪੰਜਾਬ 1849 ਵਿੱਚ ਅੰਗਰੇਜ਼ਾਂ ਦੇ ਕਬਜ਼ੇ ਹੇਠ ਆ ਗਿਆ। 'ਗੁਰਸ਼ਬਦ ਰਤਨਾਕਰ ਮਹਾਨਕੋਸ਼' ਅਨੁਸਾਰ ਲੇਡੀ ਲੌਗਨ ਆਪ ਲਿਖਦੀ ਹੈ, "ਜਦੋਂ ਲਾਹੌਰ 'ਤੇ ਅੰਗ੍ਰੇਜ਼ ਕਾਬਜ਼ ਹੋ ਗਏ ਤਾਂ ਮੇਰੇ ਪਤੀ ਡਾਕਟਰ ਜੇ.ਐਸ. ਲੌਗਨ ਨੇ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇਖਾਨੇ ਦੀ ਸੂਚੀ ਬਣਾ ਕੇ ਚਾਰਜ ਲਿਆ ਤਾਂ ਤੋਸ਼ੇਖਾਨੇ ਵਿੱਚ ਉਸ ਸਮੇਂ 'ਦਸ਼ਮੇਸ਼ ਦੀ ਕਲਗੀ' ਮੌਜੂਦ ਸੀ।" ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ, ਪਤਾ ਨਹੀਂ ਕਲਗੀ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਵਿੱਚ ਕਿਸ ਤਰ੍ਹਾਂ ਆਈ ਅਤੇ ਹੁਣ ਉਹ ਅਮੋਲਕ ਵਸਤੂ ਕਿਥੇ ਹੈ ?

ਇਸ ਗੱਲ ਦੀ ਤਸਦੀਕ ਹੋਰ ਇਤਿਹਾਸਕ ਦਸਤਾਵੇਜ਼ਾਂ ਤੋਂ ਵੀ ਹੁੰਦੀ ਹੈ ਕਿ ਤੋਸ਼ੇਖਾਨੇ ਵਿੱਚ 'ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ' ਮੌਜੂਦ ਸੀ। ਡਾ: ਗੌਲਨ ਨੇ ਜਦੋਂ ਲਾਹੌਰ ਵਿੱਚ ਤੋਸ਼ੇਖਾਨੇ ਦਾ ਚਾਰਜ ਸੰਭਾਲਿਆ ਤਾਂ ਉਸ ਵਿੱਚ ਕੋਹਿਨੂਰ ਹੀਰਾ, ਲਾਹੌਰ ਦਰਬਾਰ ਦੇ ਹੀਰੇ, ਸੋਨੇ ਚਾਂਦੀ ਦੇ ਘੜੇ, ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ, ਗੁਰੂ ਸਾਹਿਬ ਦੇ ਸ਼ਸਤਰ, ਕਸ਼ਮੀਰੀ ਸ਼ਾਲਾਂ, ਚੋਗੇ, ਮਹਾਰਾਜਾ ਰਣਜੀਤ ਸਿੰਘ ਦੀ ਸੋਨੇ ਦੀ ਕੁਰਸੀ, ਕਾਬਲ ਦੇ ਵਜ਼ੀਰ ਫਤਹਿ ਖਾਨ ਦੀ ਤਲਵਾਰ, ਇਰਾਨ ਦੇ ਯੋਧੇ ਰੁਸਤਮ ਦੀ ਤਲਵਾਰ, ਮਰਾਠਾ ਮਹਾਰਾਜਾ ਹੋਲਕਰ ਦੀ ਤਲਵਾਰ, ਬਹਾਦਰ ਜਰਨੈਲਾਂ ਦੇ ਹਥਿਆਰ, ਮਹਾਂ ਸਿੰਘ ਦੇ ਵਿਆਹ ਦਾ ਲਿਬਾਸ ਆਦਿ ਦੁਰਲੱਭ ਚੀਜ਼ਾਂ ਸਨ ਜਿਨ੍ਹਾਂ ਦਾ ਵੇਰਵਾ ਕਈ ਸਫਿਆਂ 'ਤੇ ਫੈਲਿਆ ਹੋਇਆ ਸੀ।

1849 ਵਿੱਚ ਨਾਬਾਲਗ ਮਹਾਰਾਜਾ ਦਲੀਪ ਸਿੰਘ ਦੇ ਨਾਲ ਹੀ ਇਹ ਦੁਰਲੱਭ ਸਿੱਖ ਖਜ਼ਾਨਾ ਜਦੋਂ ਇੰਗਲੈਂਡ ਪੁੱਜਿਆ ਤਾਂ ਯਕੀਨਨ 'ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ' ਵੀ ਇਸੇ ਖਜ਼ਾਨੇ ਵਿੱਚ ਸ਼ਾਮਲ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਪਵਿੱਤਰ ਸ਼ਸਤਰ ਜਦੋਂ 117 ਸਾਲਾਂ ਬਾਅਦ ਪੰਜਾਬ ਵਿੱਚ ਆਏ ਤਾਂ ਉਨ੍ਹਾਂ ਵਿੱਚ ਸ਼ਮਸ਼ੀਰ, ਇਕ ਸ੍ਰੀ ਸਾਹਿਬ, ਇਕ ਬਰਛਾ ਅਤੇ ਇਕ ਦਾਇ-ਆਹਿਨੀ ਸ਼ਾਮਲ ਸੀ। ਇਹ ਸ਼ਸਤਰ ਇੰਗਲੈਂਡ ਤੋਂ ਲਾਰਡ ਡਲਹੌਜ਼ੀ ਦੇ ਖਾਨਦਾਨ ਦੀ ਲੇਡੀ ਐਡਿਲ ਬਰਾਊਨ ਲਿੰਡਜ਼ੇ ਪਾਸੋਂ ਪ੍ਰਾਪਤ ਕੀਤੇ ਗਏ ਸਨ। ਪਰ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਅਜੇ ਤੱਕ ਇੰਗਲੈਂਡ ਤੋਂ ਪ੍ਰਾਪਤ ਨਹੀਂ ਕੀਤੀ ਗਈ। ਅੰਗ੍ਰੇਜ਼ ਸਿੱਖ ਵੀ ਇਸ ਨੂੰ 'ਖਜ਼ਾਨੇ ਅਤੇ ਤਾਕਤ ਦੀ ਅਮੀਰ ਵਿਰਾਸਤ' ਦਾ ਨਾਂ ਦੇਂਦੇ ਹਨ।

ਸਵਿਟਜ਼ਰਲੈਂਡ ਦੇ ਬੈਂਕ ਵਿੱਚ ਵੀ ਦਲੀਪ ਸਿੰਘ ਦੀ ਸਪੁੱਤਰੀ ਸ਼ਹਿਜ਼ਾਦੀ ਕੇਥਰੀਨ ਦੇ ਨਾਂ ਹੇਠ ਕਾਫੀ ਖਜ਼ਾਨਾ ਜਮ੍ਹਾਂ ਪਿਆ ਹੈ। ਉਸ ਦਾ ਦੇਹਾਂਤ 1942 ਵਿੱਚ ਹੋਇਆ। ਇਸ ਬੈਂਕ ਵਿੱਚ 1,31,883 ਸਵਿਸ ਫ਼ਰੈਂਕ ਤੋਂ ਇਲਾਵਾ ਲਾਹੌਰ ਦਰਬਾਰ ਦੀਆਂ ਸ਼ਾਹੀ ਵਸਤੂਆਂ ਕਾਫੀ ਮਾਤਰਾ ਵਿੱਚ ਹਨ। ਜੁਲਾਈ 1997 ਵਿੱਚ ਅਖਬਾਰਾਂ ਵਿੱਚ ਇਸ ਸਬੰਧੀ ਕਾਫੀ ਚਰਚਾ ਹੋਈ ਸੀ। ਇਸ ਖਜ਼ਾਨੇ ਵਿੱਚ ਕਈ ਗੁਪਤ ਦਸਤਾਵੇਜ਼ਾਂ ਵੀ ਦਸੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਸਬੰਧ ਮਹਾਰਾਜਾ ਦਲੀਪ ਸਿੰਘ ਨਾਲ ਹੈ।

ਇੰਗਲੈਂਡ ਦੀ ਸਰਕਾਰ ਦਾ ਪਹਿਲਾ ਫਰਜ਼ ਬਣਦਾ ਹੈ ਕਿ ਉਹ ਸਿੱਖ ਖਜ਼ਾਨੇ ਦੀਆਂ ਸਾਰੀਆਂ ਵਸਤੂਆਂ ਸਿੱਖਾਂ ਨੂੰ ਵਾਪਸ ਕਰੇ ਜਿਨ੍ਹਾਂ ਵਿੱਚ ਗੁਰੂ ਸਾਹਿਬ ਦੀ 'ਕਲਗੀ' ਵੀ ਸ਼ਾਮਲ ਹੈ।

* * *

ਭਾਗ-2

ਵਿਰਸੇ ਦੀਆਂ ਪੈੜਾਂ

ਸਿੱਖ ਧਰਮ ਵਿੱਚ ਪੰਜ ਪਿਆਰਿਆਂ ਦੀ ਸੰਸਥਾ

ਸੰਸਾਰ ਦੇ ਸਨਮੁੱਖ ਸਿੱਖ ਧਰਮ ਅਥਵਾ ਗੁਰੂ ਨਾਨਕ ਸਾਹਿਬ ਨੇ ਜੋ 'ਪੰਚ ਪਰਵਾਣ ਪੰਚ ਪਰਧਾਨ' ਦਾ ਸੰਕਲਪ ਦਿੱਤਾ, ਉਸੇ ਸੰਕਲਪ ਨੂੰ ਚੰਡੀ ਦੇ ਉਪਾਸ਼ਕ ਪਿਤਾ ਨੇ ਪੰਜ ਪਿਆਰਿਆਂ ਦੇ ਪ੍ਰਤੱਖ ਰੂਪ ਵਿਚ ਮੂਰਤੀਮਾਨ ਕੀਤਾ।

ਖਾਲਸੇ ਦੀ ਸ਼ਕਤੀ ਅਤੇ ਸਿੱਖੀ ਸਰੂਪ ਨੂੰ ਜਿਸ ਢੰਗ ਨਾਲ ਸਮੇਂ ਦੇ ਹਾਕਮਾਂ ਨੇ ਮਲੀਆਮੇਟ ਕਰਨ ਦੇ ਮਨਸੂਬੇ ਘੜੇ ਉਹਨਾਂ ਕਰੜੇ ਇਮਤਿਹਾਨਾਂ ਵਿੱਚੋਂ ਕੁੰਦਨ ਬਣ ਕੇ ਨਿਕਲਣਾ ਹੀ ਖਾਲਸਾ ਪੰਥ ਦਾ ਅਸਲੀ ਰਹੱਸ ਹੈ। ਸੰਸਾਰ ਦੇ ਤਵਾਰੀਖ਼ਦਾਨ ਹੈਰਾਨ ਹਨ ਕਿ ਕਿਵੇਂ ਇਕ ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਆਪੇ ਗੁਰ ਚੇਲਾ ਦੀ ਪ੍ਰਥਾ ਚਲਾ' ਪੰਜ ਪਿਆਰਿਆਂ ਨੂੰ ਗੁਰੂ ਮੰਨ, ਅੰਮ੍ਰਿਤ ਦੀ ਅਨੋਖੀ ਤਾਸੀਰ ਮੁਰਦੇ ਦਿਲਾਂ ਵਿੱਚ ਭਰ ਦਿੱਤੀ। ਸੰਸਾਰ ਵਿੱਚ ਵਿੱਚਰ ਰਹੀ ਮਨੁੱਖਤਾ ਲਈ ਅਨੋਖੇ ਨੂਰ ਦੀ ਝਲਕ 'ਗੁਰੂ ਗ੍ਰੰਥ ਸਾਹਿਬ' ਦੇ ਹਜ਼ੂਰ ਵਿੱਚ ਪੰਜ ਪਿਆਰਿਆਂ ਨੂੰ ਬਾਣੀ ਦੇ ਪ੍ਰਚਾਰਨ ਵਿਚਾਰਨ ਤੋਂ ਇਲਾਵਾ ਕਿਸੇ ਵੀ ਕਿਸਮ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਮੱਤ-ਭੇਦ ਸੁਲਝਾਣ ਦੀ ਪੂਰੀ ਵਾਗਡੋਰ ਦੇ ਕੇ ਸੰਸਾਰ ਦੀਆਂ ਸੁਪਰੀਮ ਕੋਰਟਾਂ ਤੋਂ ਉੱਪਰ ਪੰਜ ਪਿਆਰਿਆਂ ਦੇ ਫ਼ੈਸਲਿਆਂ ਨੂੰ ਸਰਬ-ਉੱਚ ਕਰਾਰ ਦਿੱਤਾ ਅਤੇ ਤਾਕੀਦ ਕੀਤੀ ਹਰ ਸਿੱਖ ਪੰਜ ਪਿਆਰਿਆਂ ਦਾ ਹੁਕਮ ਸਿਰ ਮੱਥੇ ਪ੍ਰਵਾਨ ਕਰੇ।

ਅਕਾਲ ਪੁਰਖ ਨੇ ਸੰਸਾਰ ਦੀ ਰਚਨਾ ਸਮੇਂ ਹੀ ਪੰਜ ਤੱਤਾਂ ਦਾ ਸੰਕਲਪ ਦ੍ਰਿੜ੍ਹ ਕਰਾ ਦਿੱਤਾ ਸੀ:-

ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥

(ਗੁਰੂ ਗ੍ਰੰਥ ਸਾਹਿਬ, ਪੰਨਾ ੭੩੬)

ਗੁਰੂ ਨਾਨਕ ਸਾਹਿਬ ਨੇ ਸੰਸਾਰ ਦੇ ਸਮੂਹ ਜੀਵਾਂ ਲਈ ਪੰਜ ਖੰਡਾਂ- ਧਰਮ ਖੰਡ, ਸਰਮ ਖੰਡ, ਗਿਆਨ ਖੰਡ, ਕਰਮ ਖੰਡ ਸਥਾਪਤ ਕੀਤੇ, ਇਨ੍ਹਾਂ ਚਾਰ ਖੰਡਾਂ ਦੀਆਂ ਮੰਜ਼ਲਾਂ ਸਰ ਕਰ ਕੇ ਹੀ ਅਕਾਲ ਪੁਰਖ ਦੇ ਸੱਚ ਖੰਡ ਵਿਚ ਪੁੱਜਿਆ ਜਾ ਸਕਦਾ ਹੈ। ਇਸੇ ਸੱਚ ਖੰਡ ਵਿੱਚ ਨਿਰੰਕਾਰ ਨਿਵਾਸ ਰੱਖਦਾ ਹੈ।

ਸਚ ਖੰਡਿ ਵਸੈ ਨਿਰੰਕਾਰੁ ॥
(ਗੁਰੂ ਗ੍ਰੰਥ ਸਾਹਿਬ, ਪੰਨਾ: ੮)
ਗੁਰਮਤਿ ਪੰਚ ਸਖੇ ਗੁਰ ਭਾਈ ॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੦੪੧)

ਗੁਰੂ ਨਾਨਕ ਸਾਹਿਬ ਤੋਂ ਬਾਅਦ ਵੀ ਪੰਜ ਗੁਰਸਿੱਖਾਂ ਦੀ ਸਰਵਉੱਚ ਮਰਯਾਦਾ

ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, "…. ਗੁਰੂ ਨਾਨਕ ਸਾਹਿਬ ਤੋਂ ਲੈ ਕੇ ਪੰਜ ਪਿਆਰੇ ਚੁਣੇ ਜਾਂਦੇ ਰਹੇ ਹਨ, ਪਰ ਇਤਿਹਾਸ ਵਿੱਚ ਸਾਰਿਆਂ ਦੇ ਨਾਮ ਨਹੀਂ ਲਿਖੇ, ਕੇਵਲ ਥੋੜੇ ਨਾਮ ਦਿੱਤੇ ਹਨ, ਜੇਹਾ ਕਿ ਗੁਰੂ ਅਰਜਨ ਸਾਹਿਬ ਦੇ ਪੰਜ ਪਿਆਰੇ- ਬਿਧੀ ਚੰਦ, ਜੇਠਾ, ਲੰਗਾਹ, ਪਿਰਾਣਾ ਅਤੇ ਭਾਈ ਪੈੜਾ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਆਤਮਗਯਾਨੀ ਪੰਜ ਪਯਾਰੇ- ਦੀਵਾਨ ਮਤੀ ਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਊਦਾ ਅਤੇ ਜੈਤਾ।" (ਮਹਾਨ ਕੋਸ਼, ੧੯੯੦, ਪੰਨਾ ੭੯)

ਪੰਜ ਗੁਮੁਖਾਂ ਦੀ ਪ੍ਰਧਾਨਤਾ ਮੁੱਢ ਤੋਂ ਹੀ ਗੁਰੂ ਘਰ ਵਿੱਚ ਚਲੀ ਆਈ ਹੈ। ਭਾਈ ਗੁਰਦਾਸ ਜੀ ਇਸ ਬਾਰੇ ਲਿਖਦੇ ਹਨ:

- ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ ॥
  (ਵਾਰ: ੧੩/੧੯)
- ਪੰਜ ਮਿਲੇ ਪਰਪੰਚ ਤਜਿ ਅਨਹਦ
  ਸਬਦ ਸਬਦਿ ਲਿਵ ਲਾਈ।
  ਸਾਧ ਸੰਗਤਿ ਸੋਹਨਿ ਗੁਰ ਭਾਈ।
  (ਵਾਰ: ੨੯/੬)
- ਸਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲੇ,
  ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈ।
  (ਕਬਿਤ: ੨੯)

ਜਦੋਂ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰ ਦਾ ਪ੍ਰਚਾਰ ਤੇ ਪਾਸਾਰ ਕਰਨ ਲਈ ਗੁਰੂ ਸਾਹਿਬਾਨ ਬਾਹਰ ਦੂਰ-ਦੁਰਾਡੇ ਸਫ਼ਰਾਂ ਆਦਿ 'ਤੇ ਜਾਂਦੇ ਸਨ ਤਾਂ ਪੰਜ ਪਿਆਰੇ ਹੀ ਸਿੱਖ ਸੰਗਤਾਂ ਦੀ ਅਗਵਾਈ ਕਰਨ ਵਿਚ ਮੁਹੱਰੀ ਹੁੰਦੇ ਸਨ। ਇਹ ਪਿਆਰੇ ਮੁੱਖ ਸਲਾਹਕਾਰ ਵਜੋਂ ਵੀ ਭੂਮਿਕਾ ਨਿਭਾਉਂਦੇ ਸਨ। ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ 'ਪੰਜ' ਦੀ ਗਿਣਤੀ ਨੂੰ ਅਹਿਮ ਰੁਤਬਾ ਹਾਸਿਲ ਹੋਇਆ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਦੋਂ ਖ਼ਾਲਸਾ ਪੰਥ ਪ੍ਰਗਟ ਕੀਤਾ ਤਾਂ 'ਖੰਡੇ ਦੀ ਪਾਹੁਲ' ਤਿਅਰ ਕਰਨ ਸਮੇਂ ਪੰਜ ਬਾਣੀਆਂ ਦਾ ਪਾਠ ਕੀਤਾ ਅਤੇ ਪੰਜਾਂ ਬਾਣੀਆਂ ਦਾ ਪਾਠ ਵੀ ਗੁਰਸਿੱਖਾਂ ਨੂੰ ਕਰਨ ਦੀ ਤਾਕੀਦ ਕੀਤੀ। ਪੰਜ ਕਕਾਰਾਂ ਦਾ ਬਾਣਾ ਬਖ਼ਸ਼ਿਆ ਅਤੇ ਇਸੇ ਸੰਕਪਲ ਨੂੰ ਦ੍ਰਿੜ ਕਰਾਉਣ ਲਈ ਪੰਜ ਪਿਆਰੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਹਿਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਨੂੰ ਚੁਣਿਆ। ਗੁਰੂ ਸਾਹਿਬ ਨੇ ਇਸੇ ਸਮੇ ਪੰਜ ਆਜ਼ਾਦੀਆਂ ਬਖ਼ਸ਼ੀਆਂ ਧਰਮ ਨਾਸ਼, ਕਰਮ ਨਾਸ਼, ਭਰਮ ਨਾਸ਼, ਕੁਲ ਨਾਸ਼ ਤੇ ਕਿਰਤ ਨਾਸ਼। ਭਾਵੇਂ ਸੰਸਾਰ ਦੇ ਹੋਰ ਧਰਮਾਂ ਵਿੱਚ ਵੀ 'ਪੰਜ' ਅੱਖਰ ਦਾ ਕਨਸੈਪਟ ਹੋਵੇਗਾ ਪਰ ਸਿੱਖ ਧਰਮ ਵਿੱਚ ਇਸ ਦਾ ਕੋਈ ਸਾਨੀ ਨਹੀਂ।

'ਪੰਜ ਪਿਆਰਿਆਂ' ਦੇ ਵਿਸ਼ੇਸ਼ ਰੁਤਬੇ ਬਾਰੇ 'ਰਹਿਤਨਾਮਿਆਂ' ਵਿੱਚ ਕਾਫ਼ੀ ਵੇਰਾਂ ਜ਼ਿਕਰ ਆਇਆ ਹੈ।

ਪੰਜ ਸਿਖ ਮਿਲ ਕੇ ਪਾਹੁਲ ਦੇਣੀ
ਗੁਰੂ ਕਾ ਸਿੱਖ ਕਰਨਾ।
(ਰਹਿਤਨਾਮਾ, ਭਾਈ ਚੌਪਾ ਸਿੰਘ)

ਪੰਚ ਸਿਖ ਮਿਲ ਇਕੱਠੇ, ਕਰੇ ਬਿਬੇਕ ਬਿਚਾਰ।
ਤਨਖਾਹ ਰਹਿਤ ਉਪਦੇਸ਼ ਕਰ, ਦੇਣ ਦੋਖ ਕੋ ਟਾਰ।
(ਰਹਿਤਨਾਮਾ, ਭਾਈ ਦਇਆ ਸਿੰਘ)
ਗੁਰੂ ਖਾਲਸਾ ਮਾਨੀਐ ਪ੍ਰਗਟ ਗੁਰੂ ਕੀ ਦੇਹ।
ਜੋ ਸਿਖ ਮੋ ਮਿਲਿਆ ਚਹੇ, ਖੋਜ ਇਨੋ ਮੈ ਲੇਹ॥
(ਤਨਖਾਹ ਨਾਮਾ, ਭਾਈ ਪ੍ਰਹਿਲਾਦ ਸਿੰਘ)

'ਗੁਰ ਸੂਰਜ ਪ੍ਰਕਾਸ਼ ਗ੍ਰੰਥ' ਵਿੱਚ ਭਾਈ ਸੰਤੋਖ ਸਿੰਘ ਜੀ ਨੇ ਵੀ 'ਪੰਚ' ਦੇ ਸੰਕਲਪ ਨੂੰ ਉਜਾਰ ਕੀਤਾ ਹੈ। ਯਾਦ ਰਹੇ ਇਸ ਨੂੰ 'ਸੂਰਜ ਪ੍ਰਕਾਸ਼' ਵੀ ਆਖਿਆ ਜਾਂਦਾ ਹੈ, ਜੋ ੧੮੪੩ ਵਿੱਚ ਮੁਕੰਮਲ ਕੀਤੀ ਗਈ ਸੀ। ਭਾਈ ਸਾਹਿਬ ਵੀ ਪੰਜ ਸਿੰਘਾਂ ਦੀ ਸ੍ਰੇਸ਼ਟਤਾ ਬਾਰੇ ਜ਼ਿਕਰ ਕਰਦੇ ਹਨ:

• ਸਿੰਘ ਸੁ ਰਹਤ ਪੰਚ ਜਹਿਂ ਮਿਲੇਂ।
ਮਮ ਸਰੂਪ ਸੋ ਦੇਖਹੁ ਭਲੇ।
ਸਿਖ ਪੰਚਨ ਮਹਿਂ ਮੇਰੋ ਬਾਸਾ
ਪੂਰਨ ਕਰੋਂ ਧਰਹਿਂ ਜੋ ਆਸਾ।
(ਐਨ ੨ ਅੰਸੂ ੨੩)

• ਗੁਰੂ ਘਰ ਕੀ ਮਿਰਜਾਦਾ ਪੰਚਹੁਂ
ਪੰਚਹੁਂ ਪਾਹੁਲ ਪੂਰਬ ਪੀਨ।
• ਹੁਇ ਤਨਖਾਹੀਆ ਬਖਸ਼ਹਿਂ ਪੰਚਹੁਂ
ਪਾਹੁਲ ਦੇਂ ਮਿਲਿ ਪੰਚ ਪ੍ਰਬੀਨ।
(ਰੁਤ ੬ ਅੰਸੂ ੪੧)

ਸਿੱਖ ਤਵਾਰੀਖ਼ ਦਾ ਇਕ ਹੋਰ ਗ੍ਰੰਥ ੧੭੭੩ ਵਿੱਚ ਸਰੂਪ ਦਾਸ ਭੱਲਾ ਨੇ 'ਮਹਿਮਾ ਪ੍ਰਕਾਸ਼' ਨਾਂ ਹੇਠ ਰਚਿਆ। ਇਸੇ ਪ੍ਰਕਾਰ ਦਾ ਇਕ ਹੋਰ ਗ੍ਰੰਥ ਬਾਬਾ ਕ੍ਰਿਪਾਲ ਸਿੰਘ ਭੱਲਾ ਨੇ ਰਚਿਆ ਹੈ। ਸਰੂਪ ਦਾਸ ਭੱਲਾ ਵੀ ਪੰਜ ਸਿੱਖਾਂ ਦੇ ਸੰਕਲਪ ਨੂੰ ਉਜਾਗਰ ਕਰਦੇ ਲਿਖਦੇ ਹਨ।

ਪੰਚ ਸਿੱਖ ਗੁਰਮੁਖ ਜੋ ਹੋਇ।
ਤਾਂ ਸਿਊਂ ਲਏ ਮੰਤ੍ਰ ਸਭ ਕੋਇ।

ਸਿੱਖ ਤਵਾਰੀਖ਼ ਦਾ ਇਕ ਖ਼ਾਸ ਗ੍ਰੰਥ 'ਪ੍ਰਾਚੀਨ ਪੰਥ ਪ੍ਰਕਾਸ਼' ਹੈ ਜੋ ਭਾਈ ਰਤਨ ਸਿੰਘ ਭੰਗੂ ਨੇ ੧੮੪੧ ਵਿੱਚ ਲਿਖਿਆ। ਭਾਈ ਰਤਨ ਸਿੰਘ, ਭਾਈ ਮਹਿਤਾਬ ਸਿੰਘ ਮੀਰਾਂ ਕੋਟੀਏ ਦਾ ਪੋਤਾ ਸੀ (ਜਿਸ ਨੇ ਮੱਸੇ ਰੰਗੜ ਦਾ ਸਿਰ ੧੭੪੧ ਵਿੱਚ ਵੱਢਿਆ ਸੀ)। ਇਸ ਗ੍ਰੰਥ ਵਿੱਚ ਭਾਈ ਰਤਨ ਸਿੰਘ ਭੰਗੂ ਜੀ ਨੇ ਪੰਜ ਸਿੰਘਾਂ ਦੇ ਕੰਮ-ਕਾਜ ਬਾਰੇ ਇਸ਼ਾਰਾ ਕੀਤਾ ਹੈ।

ਜਹਿਂ ਜਹਿਂ ਪੰਜ ਭੁਜੰਗੀ ਹੋਇ।
ਗੁਰਦੁਆਰੇ ਤੁਲ ਮੰਨ ਲਯੋ ਸੋਇ।
ਪੰਜ ਭੁਜੰਗੀ ਜਹਿਂ ਇਕੱਤ੍ਰ ਹੋਇ।
ਬੇਸ਼ੱਕ ਪਾਹੁਲ ਕਰ ਪਯਾਵੇ ਸੋਇ।
ਪੰਜ ਭੁਜੰਗੀਅਨ ਤੇ ਅਰਦਾਸ ਕਰਾਓ।
ਜੋ ਮਾਂਗੋ ਸੋਈ ਫਲ ਪਾਉ।
(ਪ੍ਰਾਚੀਨ ਪੰਥ ਪ੍ਰਕਾਸ਼)

ਸਿਖ ਧਰਮ ਵਿੱਚ ਹਰ ਦੀਵਾਨ ਦੀ ਸਮਾਪਤੀ ਮਗਰੋਂ ਪਵਿੱਤਰ ਦੇਗ ਪਹਿਲਾਂ 'ਪੰਜਾਂ ਪਿਆਰਿਆਂ' ਨੂੰ ਹੀ ਦਿੱਤੀ ਜਾਂਦੀ ਹੈ। ਗੁਰੂ ਗੋਬਿਦ ਸਿੰਘ ਸਾਹਿਬ ਨੇ ਜਦੋਂ ਕਾਸ਼ੀ ਲਈ ਉੱਚ ਵਿਦਿਆ ਪ੍ਰਾਪਤ ਕਰਨ ਲਈ ਸਿਘਾਂ ਨੂੰ ਚੁਣਿਆ ਤਾਂ ਪਹਿਲਾਂ ਪੰਜ ਸਿਘਾਂ ਦੀ ਹੀ ਚੋਣ ਕੀਤੀ। ਇਕ ਵੇਰ ਤਵਾਰੀਖ਼ ਗਵਾਹ ਹੈ ਕਿ ਜਦੋਂ ਗੁਰੂ ਗੋਬਿਦ ਸਿੰਘ ਸਾਹਿਬ ਨੇ ਤੀਰ ਦੀ ਨੋਕ ਨਾਲ ਦਾਦੂ ਦੀ ਕਬਰ ਨੂੰ ਨਮਸਕਾਰ ਕੀਤੀ ਤਾਂ ਪੰਜ ਪਿਆਰਿਆਂ ਕੋਲੋਂ ਭੁੱਲ ਬਖਸ਼ਵਾ ਕੇ ਗੁਰੂ ਸਾਹਿਬ ਨੇ ਤਨਖਾਹ ਲੁਆਈ। ਚਮਕੌਰ ਦੀ ਗੜ੍ਹੀ ਵਿੱਚੋਂ ਜਦੋਂ ਗੁਰੂ ਗੋਬਿਦ ਸਿੰਘ ਸਾਹਿਬ ਨੂੰ ਪੰਜ ਪਿਆਰਿਆਂ ਦੇ ਰੂਪ ਵਿੱਚ ਸਿਘਾਂ ਗੜ੍ਹੀ ਵਿੱਚੋਂ ਜ਼ਿੰਦਾ ਚਲੇ ਜਾਣ ਦਾ ਹੁਕਮ ਕੀਤਾ ਤਾਂ ਕਲਗੀਆਂ ਵਾਲੇ ਨੇ ਸਿਰ ਨਿਵਾ ਕੇ ਹੁਕਮ ਦੀ ਪਾਲਣਾ ਕੀਤੀ।

ਗੁਰੂ ਗੋਬਿਦ ਸਿੰਘ ਨੇ ਜਦੋਂ ਬੰਦਾ ਸਿੰਘ ਬਹਾਦਰ ਨੂੰ ਸਿੰਘ ਸਜਾ ਕੇ ਪੰਜਾਬ ਵੱਲ ਰਵਾਨਾ ਕੀਤਾ ਤਾਂ ਪੰਜ-ਤੀਰਾਂ ਦੇ ਨਾਲ ਪੰਜ ਪਿਆਰੇ ਵੀ ਅਗਵਾਈ ਲਈ ਨਾਲ ਤੋਰੇ। ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਕੁਝ ਸਮੇਂ ਲਈ 'ਪੰਚ ਪਰਧਾਨੁ' ਦੇ ਸੰਕਲਪ ਵਿੱਚ ਖੜੋਤ ਆ ਗਈ ਅਤੇ ਇਨ੍ਹਾਂ ਦਾ ਕਾਰਜ ਖੇਤਰ ਸੀਮਤ ਹੋ ਕੇ ਰਹਿ ਗਿਆ। ਮਹਾਰਾਜ ਰਣਜੀਤ ਸਿੰਘ ਸਮੇਂ 'ਫੌਜੀ ਪੰਚਾਇਤਾਂ'ਦੇ ਕਾਨਸੈਪਟ ਨੂੰ ਉਜਾਗਰ ਕੀਤਾ ਗਿਆ ਅਤੇ ੧੮੩੯ ਵਿੱਚ ਰਣਜੀਤ ਸਿੰਘ ਦੇ ਅਕਾਲ ਚਲਾਣੇ ਬਾਅਦ ਲਾਹੌਰ ਦਰਬਾਰ ਦੀ ਕੇਂਦਰੀ ਸ਼ਕਤੀ ਖੇਰੂੰ-ਖੇਰੂੰ ਹੋ ਗਈ। ਥੋੜ੍ਹੇ ਸਮੇਂ ਬਾਅਦ ਸਰਕਾਰ ਦਾ ਸਾਰਾ ਪ੍ਰਬੰਧ ਫੌਜ ਤੋਂ ਆਜ਼ਾਦ ਹੋ ਗਿਆ। ਇਨ੍ਹਾਂ ਸਮਿਆਂ ਦੌਰਾਨ ਹੀ ਸਿਖ ਫੌਜੀ ਇਕੱਠੇ ਹੋਏ ਅਤੇ 'ਫੌਜੀ ਪੰਚਾਇਤ' ਨੂੰ ਸੰਗਠਤ ਕੀਤਾ। ਇਨ੍ਹਾਂ ਪੰਚਾਇਤਾਂ ਵਿੱਚੋਂ 'ਪੰਜ ਪੰਚ' (ਜੱਜ) ਇਕ ਕੰਪਨੀ ਪ੍ਰਤੀ ਨਾਮਜ਼ਦ ਕੀਤੇ ਜਾਂਦੇ ਸਨ। ਇਹ ਹੀ 'ਪੰਜ ਸਲਾਹਕਾਰਾਂ' ਦਾ ਕਾਨਸੈਪਟ ਸੀ ਜਿਸ ਨੇ ਲਾਹੌਰ ਦਰਬਾਰ ਦੀ ਫੌਜੀ ਸ਼ਕਤੀ ਨੂੰ ਇਕੱਠਾ ਕਰ ਕੇ ਰੱਖਿਆ ਹੋਇਆ ਸੀ। ਬਾਬਾ ਫੂਲਾ ਸਿੰਘ ਅਕਾਲੀ ਨੇ ਵੀ ਇਕ ਵੇਰ ਅਕਾਲ ਤਖ਼ਤ ਸਾਹਿਬ ਤੇ ਮਹਾਰਾਜਾ ਰਣਜੀਤ ਸਿੰਘ ਨੂੰ 'ਤਨਖਾਹੀਆ' ਕਰਾਰ ਦਿੱਤਾ ਜਿਸ ਨੇ ਸਿੱਖ ਮਰਯਾਦਾ ਦੀ ਉਲੰਘਣਾ ਕੀਤੀ ਸੀ। ਮਹਾਰਾਜਾ ਨੇ ਇਸ ਤਨਖਾਹ ਨੂੰ ਸਿਰ ਮੱਥੇ ਪ੍ਰਵਾਨ ਕੀਤਾ।

ਤਵਾਰੀਖ਼ ਗਵਾਹ ਹੈ ਕਿ ਜਦੋਂ ੧੭੬੨ ਵਿੱਚ ਫਰਾਂਸੀਸੀ ਫਿਲਾਸਫਰ ਜੇ.ਜੇ. ਰੋਸੂ ਨੇ 'ਸ਼ੋਸ਼ਲ ਕੰਨਟ੍ਰੈਕਟ ਦੀ ਥੀਊਰੀ' ਨੂੰ ਮੂਰਤੀਮਾਨ ਕੀਤਾ ਅਤੇ ੧੮੪੮ ਵਿੱਚ ਕਾਰਲ ਮਾਰਕਸ ਨੇ 'ਕੌਮਨਿਸਟ ਪਾਰਟੀ ਦਾ ਮੈਨੀਫੈਸਟੋ' ਲੋਕਾਂ ਸਾਹਮਣੇ ਰੱਖਿਆ ਤਾਂ ਬੜੇ ਮਾਣ ਨਾਲ ਉਨ੍ਹਾਂ ਆਪਣੇ ਦਾਅਵੇ ਪੇਸ਼ ਕੀਤੇ ਪਰ ਧੰਨ ਹਨ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿਦ ਸਿੰਘ ਸਾਹਿਬ ਜਿਨ੍ਹਾਂ ਨੇ ਪੰਜ ਪਿਆਰਿਆਂ ਦੇ ਸੰਕਪਲ ਨੂੰ ਅਮਲੀ ਜੀਵਨ ਵਿੱਚ ਢਾਲ ਕੇ ਪੂਰੇ ਸੰਸਾਰ ਦੀ ਰਹਿਬਰੀ ਕੀਤੀ ਹੈ। ਸਿੱਖ ਤਵਾਰੀਖ਼ ਵਿੱਚ ਦਲ ਖ਼ਾਲਸਾ, ਸਰਬਤ ਖ਼ਾਲਸਾ, ਮਿਸਲਾਂ, ਖ਼ਾਲਸਾ ਰਾਜ, ਫੌਜੀ ਪੰਚਾਇਤਾਂ, ਸਿੰਘ ਸਭਾ ਲਹਿਰ ਆਦਿ ਵਿੱਚ 'ਪੰਜ ਪਿਆਰਿਆਂ' ਦੀ ਵਿਸ਼ੇਸ਼ ਭੂਮਿਕਾ ਰਹੀ ਹੈ। 'ਸਿੰਘ ਸਭਾ ਲਹਿਰ' ਦੀ ਤਵਾਰੀਖ਼ ਤੋਂ ਵੀ ਪਤਾ ਚੱਲਦਾ ਹੈ ਕਿ ਇਸ ਲਹਿਰ ਦੀ ਸਫਲਤਾ ਦਾ ਮੁੱਖ ਕਾਰਨ, ਇਸ ਲਹਿਰ ਦੇ ਪੰਜ ਸਿੱਖ ਨੇਤਾ ਸਨ ਜੋ ਕਰਮਵਾਰ ਸ. ਠਾਕਰ ਸਿੰਘ ਸੰਧਾਂਵਾਲੀਆ, ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਸ. ਮਾਇਆ ਸਿੰਘ ਤੇ ਸ. ਜਵਾਹਰ ਸਿੰਘ ਸਨ। ਇਨ੍ਹਾਂ ਪੰਜ ਨੇਤਾਵਾਂ ਦੀ ਬਦੌਲਤ ਹੀ 'ਸਿੰਘ ਸਭਾ ਲਹਿਰ' ਥੋੜ੍ਹੇ ਸਮੇਂ ਵਿੱਚ ਸਿੱਖਾਂ ਦੀ ਲਹਿਰ ਬਣ ਕੇ ਉੱਭਰੀ ਅਤੇ ਸਫਲਤਾ ਪ੍ਰਾਪਤ ਕੀਤੀ। ਪੰਜ ਪਿਆਰਿਆਂ ਦੀ ਸੰਸਥਾ, ਗੁਰੂ ਸਾਹਿਬਾਨ ਤੋਂ ਬਾਅਦ ਸਿੱਖਾਂ ਵਿੱਚ

ਵਿਸ਼ੇਸ਼ ਰੁਤਬੇ ਦੀ ਅਧਿਕਾਰੀ ਹੈ। ਸਿੱਖ ਧਰਮ ਦੇ ਧਾਰਮਿਕ, ਸਮਾਜਿਕ ਅਤੇ ਰਾਜਸੀ ਮਸਲਿਆਂ ਵਿੱਚ ਖ਼ਾਸ ਭੂਮਿਕਾ ਨਿਭਾਉਂਦੀ ਹੈ। ਕੋਈ ਵੀ ਸਿੱਖ 'ਪੰਜ ਪਿਆਰਿਆਂ' ਦੇ 'ਹੁਕਮ' ਅਤੇ 'ਤਨਖਾਹ' ਨੂੰ ਚੈਲੰਜ ਨਹੀਂ ਕਰ ਸਕਦਾ। ਜਦੋਂ ਸਿੱਖ ਰਹਿਤ ਮਰਯਾਦਾ, ਸਿੱਖ ਅਕੀਦਿਆਂ, ਸਿੱਖ ਪ੍ਰੰਪਰਾਵਾਂ ਅਤੇ ਸਿੱਖ ਕਲਚਰ ਬਾਰੇ ਮਸਲੇ ਜ਼ੇਰੇ-ਗੌਰ ਹੋਣ। 'ਪੰਜ ਪਿਆਰੇ' ਸਿੱਖ ਸੰਗਤਾਂ ਵੱਲੋਂ ਚੁਣੇ ਜਾਂਦੇ ਹਨ ਪਰ ਪੰਜ ਤਖ਼ਤਾਂ ਦੇ ਸਰਬਰਾਹ (ਅਕਾਲ ਤਖ਼ਤ ਸਾਹਿਬ, ਕੇਸਗੜ੍ਹ ਸਾਹਿਬ, ਦਮਦਮਾ ਸਾਹਿਬ, ਪਟਨਾ ਸਾਹਿਬ, ਹਜ਼ੂਰ ਸਾਹਿਬ) ਨੂੰ ਪੰਜ ਪਿਆਰਿਆਂ ਦਾ ਵਿਸ਼ੇਸ਼ ਰੁਤਬਾ ਹਾਸਲ ਹੈ। ਅਜੋਕੇ ਸਮੇਂ ਵੀ ਸਿੱਖਾਂ ਦੀ ਪਾਰਲੀਮੈਂਟ ਵਜੋਂ ਜਾਣੀ ਜਾਂ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਬੜੇ ਸਤਿਕਾਰ ਨਾਲ 'ਪੰਜ ਪਿਆਰਿਆਂ' ਦੇ ਕੰਮ-ਕਾਜ ਦਾ ਸਤਿਕਾਰ ਕਰਦੀ ਹੈ। ਸਿੱਖਾਂ ਦੀਆਂ ਸਮਾਜਿਕ, ਧਾਰਮਿਕ ਅਤੇ ਸਿਆਸੀ ਗੁੰਝਲਾਂ ਨੂੰ ਪੰਜ ਪਿਆਰਿਆਂ ਰਾਹੀਂ ਹੀ ਨਜਿੱਠਣ ਦਾ ਉਪਰਾਲਾ ਕਰਦੀ ਹੈ। ਸਮੇਂ ਦੀ ਪ੍ਰਮੁੱਖ ਜ਼ਰੂਰਤ ਹੈ ਕਿ ਇਸ 'ਪੰਜ ਪਿਆਰਿਆਂ ਦੀ ਸੰਸਥਾ' ਨੂੰ ਹੋਰ ਵਿਸ਼ਾਲ ਅਤੇ ਮਜ਼ਬੂਤ ਕੀਤਾ ਜਾਵੇ ਤਾਂ ਜੋ ਸੰਸਾਰ ਦੇ ਹਰ ਜੀਵ ਲਈ ਦ੍ਰਿੜ੍ਹਤਾ ਦੀ ਅਮਰ ਦਾਸਤਾਨ ਹੋ ਨਿਬੜੇ।

ਪੰਚਹੁੰ ਮਹਿਂ ਨਿੱਤ ਵਰਤਤਿ ਮੈਂ ਹੌਂ ਪੰਚ ਮਿਲਹਿਂ ਸੇ ਪੀਰਨ ਪੀਰ।

(ਰੁਤ ੬ ਅੰਸੂ ੪੧)

* * *

ਸੰਸਾਰ ਦੀ ਸ਼ਹੀਦੀ ਤਵਾਰੀਖ਼ 'ਚ ਛੋਟੀ ਉਮਰ ਦੀ ਵੱਡੀ ਦਾਸਤਾਨ- ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦੇ

ਗੁਰੂ ਗੋਬਿੰਦ ਸਿੰਘ ਸਾਹਿਬ, ਇਨਕਲਾਬ ਦੀ ਸਾਕਾਰ ਮੂਰਤ, ਸਮੁੱਚੇ ਸੰਸਾਰ ਦਾ ਨੂਰ, ਤੇਜਸਵੀ ਹੁਸੀਨ ਆਤਮਾ, ਬੇਮਿਸਾਲ ਕਾਰਨਾਮਿਆਂ ਦਾ ਲਿਸ਼ਕਾਰਾ, ਨਿਡਰਤਾ ਤੇ ਚੜ੍ਹਦੀ ਕਲਾ ਜਲੌ ਤੇ ਰੂਪ, ਸੰਸਾਰ ਦੇ ਇਤਿਹਾਸ ਵਿੱਚ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ ਜਿਨ੍ਹਾਂ ਸਾਰਾ ਸਰਬੰਸ ਹੀ ਮਨੁੱਖੀ ਆਜ਼ਾਦੀ ਲਈ, ਲੋਕਾਂ ਦੀ ਮਾਨਸਿਕ ਗੁਲਾਮੀ ਨੂੰ ਪਾਸ਼ ਪਾਸ਼ ਕਰਨ ਲਈ, ਦਲੇਰੀ ਭਰੇ ਸੰਗਰਾਮ ਹੀ ਨਹੀਂ ਲੜੇ ਸਗੋਂ ਮੁਸੱਮਿਮ-ਦ੍ਰਿੜ੍ਹ ਲੋਹ-ਸੰਕਲਪ ਦਾ ਨਵਾਂ ਬਾਬ ਇਤਿਹਾਸ ਵਿੱਚ ਆਣ ਜੋੜਿਆ।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਦ੍ਰਿੜ੍ਹਤਾ, ਸਵੈ-ਵਿਸ਼ਵਾਸ, ਹੌਸਲੇਂ ਤੇ ਕੁਰਬਾਨੀ ਦੀ ਸਪਿਰਿਟ ਨੇ ਸਰਬ ਸਮਿਆਂ ਲਈ ਨਿਰਭਉ ਅਤੇ ਨਿਰਵੈਰ ਹੋ ਕੇ ਜੀਵਨ ਸੰਗ੍ਰਾਮ ਵਿੱਚ ਜੂਝਣ ਦੀਆਂ ਪੈੜਾਂ ਉਲੀਕ ਦਿੱਤੀਆਂ। ਗੁਰੂ ਸਾਹਿਬ ਨੇ ਆਪਣੀ ਛੋਟੀ ਜਿਹੀ ਉਮਰ ਵਿੱਚ ਜੋ ਕੌਤਕ, ਕਰਤੱਬ ਤੇ ਬਖ਼ਸ਼ਿਸ਼ਾਂ ਕਰ ਕੇ ਮੁਰਦਾ ਕੌਮ ਵਿੱਚ ਅਜਿਹੀ ਰੂਹ ਫੂਕੀ, ਜੋ ਸੰਸਾਰ ਦੀ ਤਵਾਰੀਖ਼ ਦਾ ਇਕ ਅਦਭੁਤ ਕ੍ਰਿਸ਼ਮਾ ਸੀ। ਕਲਗੀਧਰ ਪਾਤਸ਼ਾਹ ਦੀ ਜ਼ਿੰਦਗੀ ਵਿੱਚ ਅਜਿਹੇ ਸਮੇਂ ਵੀ ਆਏ ਜਦੋਂ ਉਨ੍ਹਾਂ ਨੂੰ ਭੁੱਖਾਂ ਕੱਟਣੀਆਂ ਪਈਆਂ, ਪੈਰਾਂ ਵਿੱਚ ਕੰਡੇ ਵੀ ਚੁਭਵਾਏ, ਧੁੱਪਾਂ ਵਿੱਚ ਵੀ ਸੜੇ ਅਤੇ ਅਨੇਕਾਂ ਮੁਸੀਬਤਾਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਪਰ ਆਪਣੇ ਮਿਸ਼ਨ ਵਿੱਚ ਕਦਮ-ਬ-ਕਦਮ ਅੱਗੇ ਹੀ ਤੁਰਦੇ ਗਏ। ਅਜਿਹੇ ਮਰਦ ਅਗੰਮੜੇ ਲਈ ਹੀ ਕਿਸੇ ਲਿਖਿਆ ਹੈ।

ਏਕ ਵੋਹ ਹੈਂ ਜੋ ਚਲਤੇ ਹੈਂ ਜ਼ਮਾਨੇ ਕੇ ਸਾਥ ਸਾਥ
ਮਰਦ ਵੋਹ ਹੈਂ ਜੋ ਜ਼ਮਾਨੇ ਕੋ ਬਦਲ ਦੇਤੇਂ ਹੈਂ।

5 ਤੇ 6 ਦਸੰਬਰ 1705 ਦੀ ਤਾਰੀਕ ਹੈ। ਆਨੰਦਪੁਰ ਸਾਹਿਬ ਨੂੰ ਅੱਠ ਮਹੀਨਿਆਂ ਤੋਂ ਮੁਗਲਾਂ, ਪਹਾੜੀ ਰੰਗੜਾਂ ਤੇ ਗੁਜਰਾਂ ਨੇ ਘੇਰਿਆ ਹੋਇਆ ਹੈ। ਆਨੰਦਪੁਰ ਸਾਹਿਬ ਦੇ ਹਾਲਾਤ ਬੜੀ ਸ਼ਿੱਦਤ ਨਾਲ਼ ਦਰਦਨਾਕ ਸਥਿਤੀ ਅਖਤਿਆਰ ਕਰ ਚੁੱਕੇ ਹਨ। ਕਿਲੇ ਅੰਦਰ ਰਾਸ਼ਨ ਪਾਣੀ ਆਉਣ ਦੇ ਸਾਰੇ ਸਾਧਨ ਦੁਸ਼ਮਣ ਫੌਜਾਂ ਨੇ ਬੰਦ ਕਰ ਦਿੱਤੇ ਹਨ। ਕਿਲ੍ਹੇ ਅੰਦਰ 460 ਦੇ ਕਰੀਬ ਸਿੰਘ, ਸਿੰਘਣੀਆਂ ਤੇ ਮਾਸੂਮ ਬੱਚੇ ਹਨ। ਸਿੰਘ ਰੁੱਖਾਂ ਦੇ ਪੱਤਿਆਂ ਤੇ ਛਿੱਲੜਾਂ 'ਤੇ ਗੁਜ਼ਾਰਾ ਕਰ ਕੇ ਵੀ ਆਪਣਾ ਸਿਦਕ ਬਲਵਾਨ ਰੱਖ ਰਹੇ ਹਨ। ਸਿੰਘਾਂ ਨੇ ਕਿਲ੍ਹੇ ਅੰਦਰ ਕੁੱਤੇ ਘੋੜੇ ਵੀ ਮਾਰ ਕੇ ਖਾ ਲਏ ਹਨ। ਤ੍ਰਿਪੁਰਾ ਤੋਂ ਤੋਹਫ਼ੇ ਵਜੋਂ ਮਿਲਿਆ ਪਰਸਾਦੀ ਹਾਥੀ ਵੀ ਭੁੱਖਮਰੀ ਨਾਲ ਮਰ ਚੁੱਕਾ ਸੀ। ਸਿੰਘਾਂ ਕੋਲੋਂ ਹੁਣ ਹੋਰ ਭੁੱਖ ਬਰਦਾਸ਼ਤ ਨਹੀਂ ਸੀ ਹੋ ਰਹੀ। ਸਿੰਘ ਆਨੰਦਪੁਰ ਕਿਲ੍ਹੇ ਨੂੰ ਛੱਡ ਕੇ ਨਿਕਲ ਜਾਣਾ ਚਾਹੁੰਦੇ ਸਨ। ਕੁਝ ਸਿੰਘਾਂ ਨੇ ਮਾਤਾ ਗੁਜਰੀ ਜੀ ਅੱਗੇ ਫ਼ਰਿਆਦ ਕੀਤੀ। ਕਲਗੀਧਰ ਪਿਤਾ ਨੇ ਪ੍ਰਮੁੱਖ ਸਿੰਘਾਂ ਨਾਲ ਵਿਚਾਰ ਕਰ

ਕੇ ਆਨੰਦਪੁਰ ਸਾਹਿਬ ਨੂੰ ਆਖਰੀ ਅਲਵਿਦਾ ਕਰਨ ਦਾ ਫ਼ੈਸਲਾ ਸੁਣਾ ਦਿੱਤਾ। ਤਬ ਸਾਹਿਬ ਆਪਣੀ ਮਾਤਾ ਗੁਜਰੀ ਨੂੰ ਐਸਾ ਕਹਿਆ।

"ਮਾਤਾ ਜੀ। ਤੁਸੀਂ ਨਿੱਕੇ ਨੀਂਗਰ ਨਾਲ ਲੈ ਚਾਹੀਐ ਗਇਆਂ।
ਵੱਡੇ ਦੋਨੋ ਭਾਈ ਰਹਿਨ ਅਸਾਡੇ ਨਾਲ।
ਤੁਸੀਂ ਪਹਿਲੋਂ ਟੁਰੋ ਪਾਉ ਚਾਲ।੫੪੧॥ (ਬੰਸਾਵਲੀ ਨਾਮਾ)

ਆਨੰਦਪੁਰ ਸਾਹਿਬ ਛੱਡਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਔਰੰਗਜ਼ੇਬ ਵਲੋਂ ਆਈ ਚਿੱਠੀ ਪੜ੍ਹੀ। ਗੁਰੂ ਸਾਹਿਬ ਨੇ ਸਾਰਿਆਂ ਨੂੰ ਸਮਝਾ ਦਿੱਤਾ ਸੀ ਕਿ ਸਾਰੇ ਪੈਦਲ, ਇਕੱਠੇ ਜਾਣ ਗਏ ਅਤੇ ਰਸਤੇ ਵਿਚ ਕੋਈ ਨਹੀਂ ਰੁਕੇਗਾ। ਹਥਿਆਰਾਂ ਤੋਂ ਬਗੈਰ ਹੋਰ ਸਾਜ਼ੋ-ਸਾਮਾਨ ਨਾਲ ਲੈ ਜਾਣ ਦੀ ਸਖਤ ਮਨਾਹੀ ਸੀ।

"ਗੁਰੂ ਜੀ ਬਾਦਸ਼ਾਹ ਔਰੰਗਜ਼ੇਬ ਕੋ ਦਖਣ ਦੇਸ਼ ਮੇਂ ਭੇਜੀ ਪਤ੍ਰਕਾ ਕੀ ਉਡੀਕ ਮੇਂ ਸਨ।...ਸਾਲ ਸਤਰਾਂ ਸੈ ਬਾਸਠ ਪੋਖ ਮਾਸੇ ਦਿਹੁ ਪਾਂਚ ਗਏ ਦੱਖਣ ਦੇਸ਼ ਸੇ ਬਾਦਸ਼ਾਹ ਕਾ ਭੇਜਾ ਸ਼ਾਹੀ ਪ੍ਰਵਾਨਾ ਕੁਰਾਨ ਕੀ ਜਿਲਦ ਤੇ ਲਿਖਾ ਹੂਆ ਕਾਜ਼ੀ ਲੇ ਕੇ ਅਨੰਦਪੁਰ ਮੇਂ ਆਏ ਗਇਆ।...ਗੁਰੂ ਜੀ ਨੇ ਉਦੈ ਸਿੰਘ ਆਦਿ ਮੁੱਖੀ ਸਿੱਘਾਂ ਸਾਥ ਵਿਚਾਰ ਕਰਕੇ ਫ਼ੈਸਲਾ ਕੀਆ ਕਿ ਆਜ ਰਾਤ ਕੇ ਸਮੇਂ ਕਿਲ੍ਹਾ ਅਨੰਦਪੁਰ ਤਿਆਗ ਦੇਣਾ ਚਾਹੀਏ"।(ਗੁਰੂ ਦੀਆਂ ਸਾਖੀਆਂ ਸਰੂਪ ਸਿੰਘ ਕੋਸ਼ਿਸ਼)

ਪਹਾੜੀਆਂ ਤੇ ਮੁਗਲਾਂ ਨੇ ਗਊ ਅਤੇ ਕੁਰਾਨ ਦੀਆਂ ਕਸਮਾਂ ਚੁੱਕੀਆਂ ਸਨ ਕਿ ਬਾਹਰ ਜਾਣ ਸਮੇਂ ਕੋਈ ਰੁਕਾਵਟ ਨਹੀਂ ਪਾਉਣਗੇ। ਕਕਰਾਲੀ ਰਾਤ ਦਾ ਹਨੇਰਾ, ਸਿਆਲ ਦੀ ਰੁੱਤ, ਮੋਸਲੇਧਾਰ ਬਾਰਸ਼, ਇਹੋ ਜਿਹੇ ਵਾਤਾਵਰਨ ਵਿੱਚ ਦੁਸ਼ਮਣ ਫ਼ੌਜਾਂ ਦੇ ਘੇਰੇ ਵਿੱਚੋਂ ਬਾਹਰ ਨਿਕਲਣਾ, ਬੜਾ ਢੁਕਵਾਂ ਸਮਾਂ ਸੀ। ਔਰੰਗਜ਼ੇਬ ਬਾਦਸ਼ਾਹ ਵੱਲੋਂ ਆਈ ਚਿੱਠੀ ਦਾ ਜ਼ਿਕਰ ਗੁਰੂ ਸਾਹਿਬ ਨੇ 'ਜ਼ਫ਼ਰਨਾਮਾ' ਵਿੱਚ ਵੀ ਕੀਤਾ ਹੈ।

ਨਵਿਸ਼ਤਾ ਰਸੀਦੋ ਬ ਗੁਫ਼ਤਾ ਜ਼ਬਾਂ।
ਬ ਬਾਯਦ ਕਿ ਈਂ ਕਾਰ ਰਾਹਤ ਰਸਾਂ।

ਇਸੇ ਚਿੱਠੀ ਦਾ ਜ਼ਿਕਰ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਦਾ ਕਰਤਾ ਵੀ ਕਰਦਾ ਹੈ, "----ਜੋ ਕਾਗਤ ਕਰ ਮੈ ਲੈ ਪਿਖਯੋ। ਪੁਨ ਔਰੰਗ ਕੋ ਲਿਖਯੋ ਮੰਗਾਯੋ। ਲਿਯੋ ਸੰਭਾਰ ਜੇਬ ਮਹਿ ਪਾਯੋ। ਸਭ ਕੋ ਕਹਿਯੋ ਤਿਆਰ ਹੋ ਜਾਵੋ। ਨਿਕਸਹੁ ਵਹਿਰ ਭਲੇ ਮਗ ਪਾਵੋ"।(ਰਿਤੁ ਛੇਵੀਂ, ਅੰਸ਼ੂ: ੨੧)

ਇਕ ਪਾਸੇ ਦੁਸ਼ਮਣ ਫ਼ੌਜਾਂ ਦੀ ਘੇਰਾਬੰਦੀ, ਬਿਖੜੇ ਤੇ ਭਿਆਨਕ ਰਸਤੇ, ਜੰਗਲ ਤੇ ਮੋਸਲੇਧਾਰ ਬਾਰਸ਼, ਕਕਰਾਲੀ ਕਾਲੀ ਘੁੱਪ ਹਨੇਰੀ ਰਾਤ ਅਤੇ ਸ਼ੂਕਦੀ-ਸਰਸਾ ਨਦੀ- ਅਤੇ ਦੂਜੇ ਪਾਸੇ ਕਲਗੀਆਂ ਵਾਲ਼ੇ ਦੀ ਦ੍ਰਿੜ੍ਹਤਾ, ਸਵੈ-ਵਿਸ਼ਵਾਸ, ਲੋਹ-ਸੰਕਲਪ ਤੇ ਕੁਰਬਾਨੀ ਨਾਲ ਲਟ ਲਟ ਬਦਲੇ ਹੌਸਲਿਆਂ ਨਾਲ਼ ਲਬਰੇਜ਼ ਮੁੱਠੀ ਭਰ ਸਿੰਘ, ਸਿੰਘਣੀਆਂ ਤੇ ਮਾਸੂਮ ਬੱਚੇ। ਇਸ ਕਾਫ਼ਲੇ ਵਿੱਚ ਤਕਰੀਬਨ 460 ਸਿੰਘ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ, ਬੀਬੀ ਭਿੱਖਾਂ ਤੇ ਸੁਭਿਖੀ ਸ਼ਾਮਲ ਸਨ। ਇਨ੍ਹਾਂ ਵਿੱਚੋਂ 40 ਸਿੰਘ ਅਜਿਹੇ ਸਨ ਜਿਨ੍ਹਾਂ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਜਾਨਾਂ ਵਾਰਨ ਦਾ ਹਲਫ਼ਨਾਮਾ ਲਿਆ ਸੀ। ਗੁਰੂ ਸਾਹਿਬ ਨੇ 'ਅਨੰਦ ਗੜ੍ਹ ਕਿਲ੍ਹਾ' ਰਾਤ ਸਮੇਂ ਛੱਡ ਦਿੱਤਾ। ਬਕੌਲ ਅੱਲ੍ਹਾਯਾਰ ਖਾਂ ਜੋਗੀ:

ਤਾਰੋਂ ਕੀ ਛਾਉਂ ਕਿਲ੍ਹੇ ਸੇ ਸਤਿਗੁਰੂ ਰਵਾਂ ਹੂਏ।
ਕਸ ਕੇ ਕਮਰ ਸਵਾਰ ਥੇ ਸਾਰੇ ਜਵਾਂ ਹੂਏ।
ਚਾਰੋਂ ਪਿਸਰ ਹਜ਼ੂਰ ਕੇ, ਹਮਰਾਹ ਸਵਾਰ ਥੇ।
ਜ਼ੋਰਾਵਰ ਔਰ ਫ਼ਤਿਹ, ਅਜੀਤ ਔਰ ਜੁਝਾਰ ਥੇ।

ਇਹ ਸਾਰਾ ਕਾਫ਼ਲਾ ਕੀਰਤਪੁਰ ਸਾਹਿਬ ਤੱਕ ਚੁਪਚਾਪ ਤੁਰਦਾ ਰਿਹਾ। ਕੀਰਤਪੁਰ ਤੋਂ ਬਿਲਾਸਪੁਰ ਜਾਣ ਵਾਲਾ ਮੋੜ ਲੰਘ ਕੇ ਸਰਸਾ ਨਦੀ ਵੱਲ ਜ ਰਿਹਾ ਸੀ ਕਿ ਕਿਸੇ ਪਹਾੜੀਏ ਨੇ ਇਸ ਕਾਫ਼ਲੇ ਨੂੰ ਦੇਖ ਲਿਆ ਅਤੇ ਜਾ ਕੇ ਫ਼ੌਜਾਂ ਨੂੰ ਸੂਹ ਦਿੱਤੀ। ਸਿੰਘਾਂ ਨੂੰ ਪਹਾੜੀ ਫੌਜਾਂ ਦੇ ਮਗਰ ਆਉਣ ਦੀ ਇਤਲਾਹ ਝਖੀਆਂ ਪਿੰਡ ਕੋਲ ਆ ਕੇ ਮਿਲੀ। ਇਹ ਖ਼ਬਰ ਮਿਲਦਿਆਂ ਹੀ ਗੁਰੂ ਸਾਹਿਬ ਨੇ ਜਾਨਬਾਜ਼ ਸਿੰਘਾਂ ਨੂੰ ਖ਼ਾਸ ਪੁਜ਼ੀਸ਼ਨ ਲੈਣ ਵਾਸਤੇ ਹਦਾਇਤਾਂ ਕੀਤੀਆਂ। ਭਾਈ ਉਦੇ ਸਿੰਘ ਨੂੰ 50 ਸਿੰਘਾਂ ਦਾ ਜਥਾ ਦੇ ਕੇ ਸ਼ਾਹੀ ਟਿੱਬੀ ਤੇ ਮੋਰਚਾ ਲਾਉਣ ਲਈ ਹੁਕਮ ਕੀਤਾ। ਭਾਈ ਜੀਵਨ ਸਿੰਘ (ਜੈਤਾ) ਨੂੰ 100 ਸਿੰਘ ਦੇ ਕੇ ਝੱਖੀਆਂ ਪਿੰਡ ਦੀ ਲੱਗਾ ਸਰਸਾ ਨਦੀ ਦੇ ਕਿਨਾਰੇ ਮੋਰਚਾ ਲਾਉਣ ਦੀ ਹਦਾਇਤ ਕੀਤੀ। ਇਕ ਸੌ (100) ਸਿੰਘਾਂ ਦਾ ਤੀਜਾ ਜਥਾ ਭਾਈ ਬਚਿੱਤਰ ਸਿੰਘ ਦੀ ਕਮਾਣ ਹੇਠ ਰੋਪੜ ਤੋਂ ਆ ਰਹੀ ਨਵਾਬ ਸਰਹਿੰਦ ਦੀ ਫੌਜ ਨੂੰ ਰੋਕਣ ਲਈ ਹੁਕਮ ਕੀਤਾ। ਗੁਰੂ ਸਾਹਿਬ ਨੇ ਭਾਈ ਊਦੇ ਸਿੰਘ ਨੂੰ ਹਦਾਇਤ ਦਿੱਤੀ ਕਿ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਬੁਢਾ ਸਿੰਘ ਦੇ ਜਥੇ ਨੂੰ ਇਤਲਾਹ ਦੇਣੀ ਕਿ ਉਹ ਸਰਸਾ ਨਦੀ ਪਾਰ ਕਰ ਕੇ ਕੋਟਲਾ ਪਿੰਡ ਵਿੱਚ ਭਾਈ ਨਿਹੰਗ ਖਾਂ ਦੇ ਕਿਲ੍ਹੇ ਵਿੱਚ ਪੁੱਜ ਜਾਣ। ਇਸੇ ਸਮੇਂ ਦੌਰਾਨ ਮਾਤਾ ਗੁਜਰੀ ਜੀ ਦੋ ਛੋਟੇ ਸਾਹਿਬਜ਼ਾਦੇ, ਉਨ੍ਹਾਂ ਦੇ ਦੋ ਸੇਵਕ ਭਾਈ ਦੂਨਾ ਸਿੰਘ ਤੇ ਬੀਬੀ ਸੁਭਿੱਖੀ ਸਰਸਾ ਨਦੀ ਪਾਰ ਕਰ ਕੇ ਚਮਕੌਰ ਵੱਲ ਚਲੇ ਗਏ। ਮਾਤਾ ਗੁਜਰੀ ਜੀ ਤੇ ਛੋਟੇ ਦੋ ਸਾਹਿਬਜ਼ਾਦਿਆਂ ਨੂੰ ਗੰਗੂ ਬ੍ਰਾਹਮਣ (ਰਸੋਈਆ) ਆਪਣੇ ਪਿੰਡ ਖੇੜੀ ਲੈ ਗਿਆ। ਇਸ ਨਿਮਕ ਹਰਾਮ ਨੇ ਮਾਤਾ ਗੁਜਰੀ ਜੀ ਤੇ ਮਾਸੂਮ ਬੱਚਿਆਂ ਨੂੰ ਸਰਹਿੰਦ ਦੇ ਨਵਾਬ ਕੋਲੋਂ ਗ੍ਰਿਫ਼ਤਾਰ ਕਰਾ ਕੇ ਵੱਡੇ ਇਨਾਮ ਪ੍ਰਾਪਤ ਕੀਤੇ (ਇਸੇ ਗੰਗੂ ਦੀ ਵੰਸ਼ ਨੇ ਬਾਅਦ ਵਿੱਚ ਸਿੱਖਾਂ 'ਤੇ ਅਨੇਕਾਂ ਜ਼ੁਲਮ ਢਾਏ, ਜੋ ਇਕ ਵੱਖਰੀ ਪੁਸਤਕ ਦੀ ਮੰਗ ਕਰਦੀ ਹੈ)।

ਗੁਰੂ ਸਾਹਿਬ ਅਤੇ ਸਿੰਘਾਂ ਨੇ ਸਰਸਾ ਨਦੀ ਦੇ ਹੜ੍ਹਿਆਲੇ ਪਾਣੀਆਂ ਨੂੰ ਪਾਰ ਕੀਤਾ, ਕੁਝ ਸਿੰਘ ਰੁੜ੍ਹ ਵੀ ਗਏ। ਗੁਰੂ ਸਾਹਿਬ ਤੇ ਕੁਝ ਸਿੰਘ ਦਰਿਆ ਸਤਲੁਜ ਦੇ ਕਿਨਾਰੇ ਕਿਨਾਰੇ ਠਿਡੋ ਤੇ ਲੋਧੀ ਮਾਜਰਾ ਪਿੰਡਾਂ ਦੀ ਸਰਜ਼ਮੀਨ 'ਚੋਂ ਹੁੰਦੇ ਹੋਏ ਨਿਹੰਗ ਖਾਂ ਦੀ ਗੜ੍ਹੀ ਪੁੱਜੇ ਸਨ। ਦੂਜੇ ਪਾਸੇ ਬਚਿਤ੍ਰ ਸਿੰਘ ਤੇ ਉਸ ਦੇ ਜਥੇ ਦੀ ਰੋਪੜ ਨੂੰ ਜਾਂਦਿਆਂ ਮਲਕਪੁਰ ਦੇ ਰੰਗੜਾਂ ਤੇ ਰੋਪੜ ਦੇ ਪਠਾਣਾਂ ਨਾਲ ਗਹਿਗੱਚ ਲੜਾਈ ਹੋਈ। ਇਸ ਵਿੱਚ ਬਚਿਤ੍ਰ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋਏ। ਸਾਹਿਬਜ਼ਾਦਾ ਅਜੀਤ ਸਿੰਘ ਤੇ ਹੋਰ ਸਿੰਘਾਂ ਨੇ ਰਸਤੇ 'ਚ ਪਏ ਜ਼ਖ਼ਮੀ ਬਚਿਤ੍ਰ ਸਿੰਘ ਨੂੰ ਚੁੱਕ ਕੇ ਨਿਹੰਗ ਦੀ ਗੜ੍ਹੀ ਵਿੱਚ ਲੈ ਆਏ ਜਿਥੇ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਸਿੰਘ ਉਡੀਕ ਕਰ ਰਹੇ ਸਨ।

ਗੁਰੂ ਸਾਹਿਬ ਤੇ ਸਿੰਘ ਸਾਰਾ ਦਿਨ 6 ਦਸੰਬਰ 1705 ਨੂੰ ਨਿਹੰਗ ਖਾਂ ਦੀ ਗੜ੍ਹੀ ਵਿੱਚ ਠਹਿਰੇ। ਜ਼ਖ਼ਮੀ ਭਾਈ ਬਚਿਤ੍ਰ ਸਿੰਘ ਨੂੰ ਇਲਾਜ ਲਈ ਉਥੇ ਛੱਡ, ਸਾਰੇ ਸਿੰਘ ਤੇ ਗੁਰੂ ਸਾਹਿਬ ਰਾਤ ਸਮੇਂ ਲਖਮੀਪੁਰ ਵੱਲ ਨਿਕਲ ਤੁਰੇ। ਨਿਹੰਗ ਖਾਂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਉਸ ਨੂੰ

ਇਕ ਕਟਾਰ ਤੇ ਢਾਲ ਬਖ਼ਸ਼ੀ। ਗੁਰੂ ਸਾਹਿਬ ਨੇ ਕੋਟਲਾ ਨਿਹੰਗ ਖਾਂ ਤੋਂ ਬੂਰ ਮਾਜਰਾ, ਮਾਛੀਵਾੜੇ ਆਦਿ ਦਿਸ਼ਾ ਵੱਲ ਜਾਣਾ ਸੀ। ਬੂਰ ਮਾਜਰਾ ਪਿੰਡ ਕੋਲ ਗੁਰੂ ਸਾਹਿਬ ਨੂੰ ਸੂਚਨਾ ਮਿਲੀ ਕਿ ਦੁਸ਼ਮਣ ਫ਼ੌਜਾਂ ਪਿੱਛਾ ਕਰ ਰਹੀਆਂ ਹਨ। ਗੁਰੂ ਸਾਹਿਬ ਨੇ ਉਸ ਸਮੇਂ ਚਮਕੌਰ ਵੱਲ ਜਾਣ ਦਾ ਫ਼ੈਸਲਾ ਕੀਤਾ। ਇਕ ਸੋਮੇ ਅਨੁਸਾਰ ਗੁਰੂ ਸਾਹਿਬ ਦੁਘਰੀ ਤੇ ਸ਼ਹਿਨਸ਼ਾਹ ਦੇ ਥੇਹ ਹੁੰਦੇ ਹੋਏ ਚਮਕੌਰ ਪਹੁੰਚੇ ਸਨ। ਦੁਸ਼ਮਣਾਂ ਦੀ ਫ਼ੌਜ ਬੜੀ ਰਫ਼ਤਾਰ ਨਾਲ਼ ਪਿੱਛੇ ਆ ਰਹੀ ਸੀ ਅਤੇ ਚਮਕੌਰ ਨੂੰ ਸਾਰੀਆਂ ਦਿਸ਼ਾਵਾਂ ਵੱਲੋਂ ਘੇਰ ਲਿਆ। ਗੁਰੂ ਸਾਹਿਬ ਨੇ 'ਬੁਧੀ ਚੰਦ ਦੀ ਹਵੇਲੀ' (ਚਮਕੌਰ ਦੀ ਗੜ੍ਹੀ) ਵਿੱਚ ਰਹਿ ਕੇ ਬੇਮਿਸਾਲ ਦਲੇਰੀ ਨਾਲ਼ ਜਿਵੇਂ ਦੁਸ਼ਮਣ ਫ਼ੌਜਾਂ ਦਾ ਮੁਕਾਬਲਾ ਕੀਤਾ, ਉਹ ਸੰਸਾਰ ਦੀ ਜੰਗੀ-ਤਵਾਰੀਖ਼ ਦਾ ਇਕ ਅਹਿਮ ਸੁਨਹਿਰੀ ਵਰਕਾ ਹੈ:

'ਕਹਾ ਬੀਰ ਚਾਲੀ ਛੁਧਾਵੰਤ ਭਾਰੇ।
ਕਹਾ ਏਕ ਨੇ ਲਾਖ ਆਏ ਹਕਾਰੇ।
(ਗੁਰਪ੍ਰਤਾਪ ਸੂਰਜ ਗ੍ਰੰਥ, ਰਿਤ: 6)

ਇਥੇ ਇਹ ਬਾਤ ਗ਼ੌਰਤਲਬ ਹੈ ਕਿ ਆਨੰਦਪੁਰ ਸਾਹਿਬ ਦੇ ਚਾਲੀ ਮੁਕਤਿਆਂ ਵਿੱਚੋਂ ਚਮਕੌਰ ਪੁੱਜਣ ਤੱਕ 37 ਸਿੰਘ ਰਹਿ ਗਏ ਹਨ। ਭਾਈ ਜੀਵਨ ਸਿੰਘ, ਉਦੇ ਸਿੰਘ ਤੇ ਬਚਿੱਤਰ ਸਿੰਘ ਸ਼ਹੀਦੀ ਪ੍ਰਾਪਤ ਕਰ ਚੁੱਕੇ ਹਨ। ਜਦੋਂ ਗੁਰੂ ਸਾਹਿਬ ਚਮਕੌਰ ਪੁੱਜੇ ਸਨ ਉਸ ਸਮੇਂ ਹੋਰ ਸਿੰਘ ਵੀ ਨਾਲ ਸ਼ਾਮਲ ਹੋ ਚੁੱਕੇ ਸਨ, ਜਿਨ੍ਹਾਂ ਦੀ ਗਿਣਤੀ 47 ਹੋ ਚੁੱਕੀ ਸੀ (37 ਅਨੰਦਪੁਰੀ ਮੁਕਤੇ, 8 ਨਵੇਂ ਸਿੰਘ ਅਤੇ 2 ਵੱਡੇ ਸਾਹਿਬਜ਼ਾਦੇ)। ਇਸ ਲੜਾਈ ਬਾਰੇ 'ਬਚਿੱਤਰ ਨਾਟਕ' ਵਿੱਚ ਜ਼ਿਕਰ ਆਉਂਦਾ ਹੈ:

'ਮਾਨੋ ਘਟਾ ਉਮਡੀ ਚਹੂੰ ਓਰ ਤੇ
ਉਮਡ ਦਲ ਦੂਤ ਕੇ ਆਈ।
ਘੇਰਿ ਲਈ ਚਮਕਉਰਾ ਸਭੇ ਸੁ
ਰਹਿਉ ਕਹੀਂ ਰਾਹ ਕਹੋ ਕਿਤ ਲਾਹੀ।
ਚਾਰੇ ਦਿਸ਼ਾ ਦਲ ਆਨ ਪਰੇ ਤਾ
ਦੇਖਤ ਸਿੰਘ ਉਨੇ ਭਭਕਾਹੀ।
ਸਾਹਿਬ ਸਿਉਂ ਤਬ ਲੇਤ ਖੁਸ਼ੀ ਮਨ ਮੇਂ
ਕਰ ਅਨੰਦ ਜੂਝਨ ਜਾਹੀ।'

'ਚਮਕੌਰ ਦੀ ਗੜ੍ਹੀ' ਵਿੱਚ ਮੁੱਠੀ ਭਰ ਸਿੰਘਾਂ ਨੇ ਬੜੀ ਬਹਾਦਰੀ ਨਾਲ ਜੰਗ ਲੜੀ ਜਿਸ ਵਿੱਚ 37 ਸਿੰਘਾਂ ਸਮੇਤ ਦੋ ਵੱਡੇ ਸਾਹਿਬਜ਼ਾਦਿਆਂ ਸ਼ਹੀਦੀ ਪ੍ਰਾਪਤ ਕੀਤੀ। ਰਾਤ ਸਮੇਂ (7 ਦਸੰਬਰ 1705) ਤੱਕ ਗੁਰੂ ਸਾਹਿਬ ਤੇ ਪੰਜ ਸਿੰਘ ਗੜ੍ਹੀ ਵਿੱਚ ਰਹਿ ਗਏ ਸਨ। ਰਾਤ ਸਮੇਂ ਪੰਜਾਂ ਸਿੰਘਾਂ ਨੇ ਗੁਰਮਤਾ ਕੀਤਾ ਜਿਸ ਨੂੰ ਗੁਰੂ ਸਾਹਿਬ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਪਿਆ। 7 ਦਸੰਬਰ 1705 ਦੀ ਰਾਤ ਨੂੰ ਗੁਰੂ ਸਾਹਿਬ ਤੇ ਤਿੰਨ ਸਿੰਘ, ਨਬੀ ਖਾਂ ਅਤੇ ਗਨੀ ਖਾਂ ਦੀ ਸਹਾਇਤਾ ਨਾਲ ਗੜ੍ਹੀ ਤੋਂ ਬਾਹਰ ਨਿਕਲੇ। ਕੇਵਲ ਦੋ ਸਿੰਘ ਭਾਈ ਸੰਤ ਸਿੰਘ ਬੰਗੇਸ਼ਰੀ ਅਤੇ ਭਾਈ ਸੰਗਤ ਸਿੰਘ ਅਰੋੜਾ ਹੀ ਗੜ੍ਹੀ ਵਿੱਚ ਰਹੇ, ਜਿਨ੍ਹਾਂ ਵਿੱਚੋਂ ਭਾਈ ਸੰਗਤ ਸਿੰਘ ਅਰੋੜਾ ਨੂੰ ਗੁਰੂ ਸਾਹਿਬ ਨੇ ਆਪਣੀ ਕਲਗੀ, ਲਿਬਾਸ ਆਦਿ ਪਹਿਨਾਏ। ਜਦੋਂ 8 ਦਸੰਬਰ ਦੀ ਸਵੇਰ

ਨੂੰ ਗੜ੍ਹੀ 'ਤੇ ਦੁਸ਼ਮਣਾ ਵੱਲੋਂ ਇਕ ਜ਼ਬਰਦਸਤ ਹਮਲਾ ਹੋਇਆ ਜਿਸ ਵਿੱਚ ਇਹ ਦੋਵੇਂ ਸਿੰਘ ਲੜਦੇ ਲੜਦੇ ਸ਼ਹੀਦੀ ਪ੍ਰਾਪਤ ਕਰ ਗਏ।

ਸਾਹਿਬਜ਼ਾਦਾ ਅਜੀਤ ਸਿੰਘ:-

ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਤਿੰਨ ਧਰਮ ਪਤਨੀਆਂ ਸਨ, ਮਾਤਾ ਜੀਤ ਕੌਰ (ਵਿਵਾਹ: 21 ਜੂਨ 1677), ਮਾਤਾ ਸੁੰਦਰੀ ਜਾਂ ਸੁੰਦਰ ਕੌਰ (ਵਿਵਾਹ: 3 ਅਪਰੈਲ 1684) ਅਤੇ ਮਾਤਾ ਸਾਹਿਬ ਕੌਰ (14 ਅਪਰੈਲ 1700)। ਮਾਤਾ ਜੀਤ ਕੌਰ ਦੀ ਕੁੱਖੋਂ ਸਾਹਿਬਜ਼ਾਦਾ ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਪੈਦਾ ਹੋਏ। ਮਾਤਾ ਸੁੰਦਰ ਕੌਰ ਦੀ ਕੁੱਖੋਂ ਸਾਹਿਬਜ਼ਾਦੇ ਅਜੀਤ ਸਿੰਘ 26 ਜਨਵਰੀ 1687 ਨੂੰ ਪਾਉਂਟਾ ਸਾਹਿਬ ਵਿਖੇ ਹੋਇਆ ਸੀ। ਮਾਤਾ ਸਾਹਿਬ ਕੌਰ ਦੇ ਘਰ ਕੋਈ ਔਲਾਦ ਨਹੀਂ ਸੀ। ਸਾਹਿਬਜ਼ਾਦੇ ਅਜੀਤ ਸਿੰਘ ਤੇ ਸਾਹਿਬਜ਼ਾਦੇ ਜੁਝਾਰ ਸਿੰਘ ਨੂੰ ਸਿੱਖ ਇਤਿਹਾਸ ਵਿੱਚ 'ਵੱਡੇ ਸਾਹਿਬਜ਼ਾਦੇ' ਕਰ ਕੇ ਯਾਦ ਕੀਤਾ ਜਾਂਦਾ ਹੈ।

ਸਾਹਿਬਜ਼ਾਦੇ ਅਜੀਤ ਸਿੰਘ ਬਚਪਨ ਤੋਂ ਹੀ ਬੜੇ ਜ਼ਹੀਨ, ਗੁਰਬਾਣੀ ਨਾਲ਼ ਸਰਸ਼ਾਰ ਅਤੇ ਫੁਰਤੀਲੇ ਸਨ। ਛੋਟੀ ਉਮਰ ਵਿੱਚ ਹੀ ਘੋੜ ਸਵਾਰੀ, ਗਤਕੇਬਾਜ਼ੀ ਅਤੇ ਬੰਦੂਕ ਚਲਾਉਣ ਵਿੱਚ ਮੁਹਾਰਤ ਹਾਸਲ ਕਰ ਲਈ ਸੀ। 23 ਮਈ 1699 ਨੂੰ ਇਕ ਸੌ ਸਿੰਘਾਂ ਦੇ ਜਥੇ ਦੀ ਕਮਾਨ ਕਰਦੇ ਹੋਏ ਨੇੜਲੇ ਪਿੰਡ ਰੰਘੜਾਂ ਦੀ ਚੰਗੀ ਭੁਗਤ ਸਵਾਰੀ ਜਿਨ੍ਹਾਂ ਇਕ ਵੇਰ ਆਨੰਦਪੁਰ ਸਾਹਿਬ ਵੱਲ ਆ ਰਹੀ ਪੋਠੋਹਾਰ ਦੀ ਸੰਗਤ ਨੂੰ ਲੁੱਟ ਲਿਆ ਸੀ। 15 ਮਾਰਚ 1700 ਨੂੰ ਬਜਰੂੜ ਪਿੰਡ ਦੇ ਗੁਜਰਾਂ 'ਤੇ ਹਮਲਾ ਕੀਤਾ, ਜਿਨ੍ਹਾਂ ਇਕ ਵੇਰ ਦਰਪ ਦੀ ਸੰਗਤ ਨੂੰ ਲੁੱਟ ਲਿਆ ਸੀ। 29 ਅਗਸਤ 1700 ਨੂੰ ਤਾਰਾਗੜ੍ਹ ਕਿਲ੍ਹੇ 'ਤੇ ਪਹਾੜੀ ਰਾਜਿਆਂ ਹਮਲਾ ਕੀਤਾ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਸਿੰਘਾਂ ਸਮੇਤ ਬਹਾਦਰੀ ਨਾਲ ਹਮਲਾ ਪਛਾੜ ਦਿੱਤਾ। ਇਸੇ ਤਰ੍ਹਾਂ ਅਕਤੂਬਰ 1700 ਨੂੰ ਦੁਬਾਰਾ ਪਹਾੜੀ ਫ਼ੌਜਾਂ ਨੇ ਨਿਰਮੋਹਗੜ੍ਹ 'ਤੇ ਹਮਲਾ ਕੀਤਾ ਤਾਂ ਸਾਹਿਬਜ਼ਾਦਾ ਮੋਹਰੀ ਹੋ ਕੇ ਤਨਦੇਹੀ ਨਾਲ਼ ਲੜਿਆ ਅਤੇ ਅਨੇਕਾਂ ਪਹਾੜੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਕ ਵੇਰ ਬ੍ਰਾਹਮਣ ਦੁਵਾਰਕਾ ਦਾਸ ਦੀ ਪਤਨੀ ਬਸੀ ਕਲਾਂ ਦਾ ਹਾਕਮ ਚੁੱਕ ਕੇ ਲੈ ਗਿਆ। 7 ਮਾਰਚ 1703 ਨੂੰ ਭਾਈ ਉਦੈ ਸਿੰਘ ਦੇ ਨਾਲ ਇਕ ਸੌ (100) ਸਿੰਘਾਂ ਦੇ ਜਥੇ ਨਾਲ ਸਾਹਿਬਜ਼ਾਦੇ ਨੇ ਬਸੀ ਕਲਾਂ ਤੋਂ ਬ੍ਰਾਹਮਣ ਦੀ ਪਤਨੀ ਛੁਡਾ ਕੇ ਬ੍ਰਾਹਮਣ ਨੂੰ ਹਵਾਲੇ ਕੀਤੀ।

ਗ਼ੌਰਤਲਬ ਹੈ ਕਿ ਸਾਹਿਬਜ਼ਾਦੇ ਅਜੀਤ ਸਿੰਘ ਦਾ ਵਿਵਾਹ 17 ਨਵੰਬਰ 1704 ਨੂੰ ਬੁਰਹਾਨਪੁਰ ਦੇ ਭਾਈ ਜੇਠਾ ਸਿੰਘ ਦੀ ਬੇਟੀ ਤਾਰਾ ਕੌਰ (ਤਾਰਾ ਬਾਈ) ਨਾਲ ਆਨੰਦਪੁਰ ਸਾਹਿਬ ਵਿਖੇ ਹੋਇਆ ਸੀ। ਇਸ ਦਾ ਜ਼ਿਕਰ 'ਭਟਵਹੀ ਪੂਰਬੀ ਦੱਖਣੀ' ਵਿੱਚ ਇਉਂ ਮਿਲਦਾ ਹੈ:-

"ਅਜੀਤ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਮਹਿਲ ਦਸਮੇ ਕਾ, ਪੋਤਾ ਗੁਰੂ ਤੇਗ ਬਹਾਦਰ ਜੀ ਕਾ, ਪੜਪੋਤਾ ਗੁਰੂ ਹਰਿਗੋਬਿੰਦ ਜੀ ਕਾ ਬੰਸ ਗੁਰੂ ਅਰਜਨ ਜੀ ਕੀ, ਸੂਰਜ ਬੰਸੀ ਗੋਸਲ ਗੋਤਰਾ ਸੋਢੀ ਖਤਰੀ ਬਾਸੀ ਅਨੰਦਪੁਰ ਪਰਗਣਾ ਕਹਿਲੂਰ ਕਾ ਬਿਵਾਹ ਤਾਰਾ ਬਾਈ ਬੇਟੀ ਜੇਠਾ ਸਿੰਘ ਸੇ ਸਾਲ ਸਤਰਾਂ ਸੈ ਇਕਾਹਟ ਮਾਘ ਸੁਦੀ ਏਕਮ ਕੇ ਦਿਵਸ, ਕਿਲ੍ਹਾ ਅਨੰਦਪੁਰ ਮੇਂ ਹੂਆ। ਗੁਰੂ ਕੀ ਕੜ੍ਹਾਹੀ ਕੀ--।"

ਸਾਹਿਬਜ਼ਾਦਾ ਅਜੀਤ ਸਿੰਘ ਦੇ ਘਰ 9 ਦਸੰਬਰ 1705 ਦੇ ਦਿਨ ਇਕ ਬੇਟਾ ਹਠੀ ਸਿੰਘ ਨੇ ਜਨਮ ਲਿਆ, ਜਿਸ ਦੀ ਤਫ਼ਸੀਲ 'ਭਟਵਹੀ ਪੂਰਬੀ ਦੱਖਣੀ, ਖਾਤਾ ਹਜਾਵਤ ਆਬਿਆਨੇ ਕਾ' ਵਿੱਚ ਇਞ ਮਿਲਦੀ ਹੈ:-

"ਹਠੀ ਸਿੰਘ ਬੇਟਾ ਅਜੀਤ ਸਿੰਘ ਦਾ, ਪੋਤਾ ਗੁਰੂ ਗੋਬਿੰਦ ਸਿੰਘ ਜੀ ਮਹਿਲ ਦਸਮੇਂ ਕਾ, ਪੜਪੋਤਾ ਗੁਰੂ ਤੇਗ ਬਹਾਦਰ ਕਾ, ਬੰਸ ਗੁਰੂ ਹਰਿਗੋਬਿੰਦ ਜੀ ਦੀ ਸੂਰਜਬੰਸੀ, ਗੋਸਲ ਗੋਤਰ, ਸੋਢੀ ਖਤਰੀ, ਬਾਸੀ ਅਨੰਦਪੁਰ ਪ੍ਰਗਣਾ ਕਹਿਲੂਰ ਸੰਗਤ ਸਤਰਾਂ ਸੈ ਬਾਸਠ ਪੋਖ ਮਾਸੇ ਸੁਦੀ ਪੰਚਮੀ ਕੇ ਦਿਹੁੰ ਆਗਰਾ ਨਗਰੀ, ਪਰਗਨਾ ਮਥੁਰਾ, ਭਾਈ ਸ਼ਰਧਾ ਸਿੰਘ ਬੇਟਾ ਮੋਹਕਮ ਦਾਸ ਗੁਲਾਟੀ ਅਰੋੜਾ ਕੇ ਗ੍ਰਿਹਿ ਮੇਂ ਹੂਆ। ਗੁਰੂ ਕੀ ਕੜਾਹੀ ਕੀ, ਅਥਿਤ ਗਰੀਬ ਗੁਰਬੇ ਕੋ ਮਾਨਾ"।

ਇਸੇ ਤਰ੍ਹਾਂ ਕੁਰਖੇਤਰ ਵਿੱਚ ਪੰਡਤ ਮਹੇਸ਼ ਦਤ ਪੁੱਤਰ ਪੰਡਤ ਸ਼ੰਕਰ ਦਾਸ ਦੀ 'ਵਹੀ ਸੋਢੀਆਂ' ਦੇ ਸਫ਼ਾ 605 'ਤੇ ਵੀ ਅਜਿਹੀ ਤਫ਼ਸੀਲ ਮਿਲਦੀ ਹੈ:-

"--- ਹਠੀ ਸਿੰਘ ਅਜੀਤ ਸਿੰਘ ਜੀ ਕਾ, ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ, ਫਤਿਹ ਸਿੰਘ ਬੇਟੇ ਗੁਰੂ ਗੋਬਿੰਦ ਸਿੰਘ ਕੀ ਕੇ, ਮਾਤਾ ਗੁਜਰੀ ਮਾਈ ਗੁਰੂ ਗੋਬਿੰਦ ਸਿੰਘ ਕੀ, ਮਾਤਾ ਸੁੰਦਰੀ ਅਜੀਤ ਸਿੰਘ ਕੀ ਮਾਈ-ਆਤੀ, ਸੂਰਜ ਗ੍ਰਹਿਣ ਕੋ"।

ਹਠੀ ਸਿੰਘ ਕਾਫ਼ੀ ਸਮਾਂ ਮਾਤਾ ਸਾਹਿਬਾਨ ਕੋਲ ਰਿਹਾ ਅਤੇ ਵੱਡਾ ਹੋ ਕੇ ਸਿੱਖਾਂ ਦਾ ਗੁਰੂ ਅਖਵਾਉਣ ਲੱਗ ਪਿਆ ਸੀ- ਜਿਸ 'ਤੇ ਮਾਤਾ ਸੁੰਦਰ ਕੌਰ ਉਸ ਨੂੰ ਨਕਾਰ ਦਿੱਲੀ ਚਲੇ ਗਏ। ਉਹ ਵੱਡੀ ਉਮਰ ਭੋਗ ਕੇ 11 ਫ਼ਰਵਰੀ 1783 ਨੂੰ ਗੁਜ਼ਰ ਗਿਆ। ਸਿੰਧੀ ਮੁਹਲੇ ਵਿਚ ਬੁਰਹਾਨਪੁਰ (ਮੱਧਿਆ ਪ੍ਰਦੇਸ਼) ਵਿੱਚ ਹੀ ਮਾਤਾ ਤਾਰਾ ਕੌਰ ਤੇ ਹਠੀ ਸਿੰਘ ਦੀਆਂ ਸਮਾਧਾਂ ਹਨ। ਪਰ ਸਿੱਖ ਇਤਿਹਾਸ ਵਿੱਚ ਹੱਠੀ ਸਿੰਘ ਨੂੰ ਪਾਲਤ ਅਜੀਤ ਸਿੰਘ ਦਾ ਬੇਟਾ ਆਖਿਆ ਜਾਂਦਾ ਹੈ।

ਜਦੋਂ 5, 6 ਦਸੰਬਰ 1705 ਵਿੱਚ ਗੁਰੂ ਸਾਹਿਬ ਨੇ ਆਨੰਦਪੁਰ ਤੋਂ ਕੂਚ ਕੀਤਾ ਤਾਂ ਉਸ ਤੋਂ ਨੌਂ ਮਹੀਨੇ ਪਹਿਲਾਂ ਅਪਰੈਲ 1705 ਵਿੱਚ ਹੀ ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ ਤੇ ਬੀਬੀ ਤਾਰਾ ਕੌਰ, ਸਾਹਿਬਜ਼ਾਦਾ ਅਜੀਤ ਸਿੰਘ ਦੇ ਸਹੁਰੇ ਭਾਈ ਜੇਠਾ ਸਿੰਘ ਬੁਰਹਾਨਪੁਰੀ ਦੇ ਨਾਲ ਹੀ ਆਨੰਦਪੁਰ ਸਾਹਿਬ ਤੋਂ ਲਖਨੌਰ ਚਲੇ ਗਏ ਸਨ। ਕੁਝ ਦਿਨ ਉਥੇ ਰਹਿ ਕੇ, ਦਿੱਲੀ ਤੇ ਮਥਰਾ ਵੱਲ ਚਲ ਪਏ। ਰਸਤੇ ਵਿੱਚ ਹੀ ਆਗਰਾ ਦੇ ਮੁਕਾਮ 'ਤੇ ਬੀਬੀ ਤਾਰਾ ਕੌਰ ਨੇ ਬੇਟੇ ਹਠੀ ਸਿੰਘ ਨੂੰ ਜਨਮ ਦਿੱਤਾ ਸੀ।

ਸਾਹਿਬਜ਼ਾਦੇ ਅਜੀਤ ਸਿੰਘ ਨੇ ਆਪਣੀ ਉਮਰ ਦਾ ਬਹੁਤਾ ਸਮਾਂ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਹੀ ਗੁਜ਼ਾਰਿਆ। ਮਈ 1705 ਵਿੱਚ ਜਦੋਂ ਆਨੰਦਪੁਰ ਸਾਹਿਬ ਨੂੰ ਪਹਾੜੀ ਤੇ ਮੁਗਲ ਫ਼ੌਜਾਂ ਨੇ ਘੇਰਾ ਪਾਇਆ ਸੀ ਤਾਂ ਆਪ ਵੀ ਉਥੇ ਸਨ। ਦੋਵੇਂ ਵੱਡੇ ਸਾਹਿਬਜ਼ਾਦੇ ਆਨੰਦਪੁਰ ਸਾਹਿਬ ਛੱਡਣ ਸਮੇਂ ਕਲਗੀਧਰ ਪਿਤਾ ਦੇ ਨਾਲ ਸਨ। ਜਦੋਂ 'ਚਮਕੌਰ ਦੀ ਗੜ੍ਹੀ' ਵਿੱਚ ਚਾਲੀ ਸਿੰਘਾਂ ਨੇ ਇਕ ਜ਼ਬਰਦਸਤ ਲੜਾਈ ਲੜੀ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਸਿੰਘ ਗਰਜ ਨਾਲ ਮੈਦਾਨੇ-ਜੰਗ ਵਿੱਚ ਜਾ ਕੇ ਜੰਗੀ ਕਰਤਬ ਦਿਖਾਏ ਅਤੇ ਵੈਰੀਆਂ ਨੂੰ ਮਾਰ ਮੁਕਾਇਆ ਤਾਂ ਸਾਰੇ ਦੁਸ਼ਮਣ ਖ਼ੁਦਾ-ਖ਼ੁਦਾ ਅਲਾਪਣ ਲੱਗੇ। 'ਗੁਰ ਸੋਭਾ' ਦਾ ਕਰਤਾ ਇਸ ਦਾ ਜ਼ਿਕਰ ਕਰਦਾ ਹੈ:-

ਲੋਤ ਪਰੋਇ ਪਠਾਨ ਕੋ ਸਭਹਨ ਸਾਂਗ ਖਿਲਾਇ।

ਦੇਖਤ ਹੀ ਸਭ ਕਰਤ ਹੈ ਅਰੇ ਖੁਦਾਇ ਖੁਦਾਇ ॥੩੮॥

ਟੂਟ ਕੈ ਸਾਂਗ ਦੁਇ ਟੂਕ ਹੁਇ ਭੁਇਪਰੀ,
ਗਹੀ ਤਰਵਾਰ ਦਲ ਬਹੁ ਮਾਰੇ।
ਏਕ ਕੇ ਸੀਸ ਧਰਿ ਦੁਇ ਟੂਕਰੇ ਕਰੈ,
ਦੁਇ ਕੇ ਸੀਸ ਧਰਿ ਕਰ ਚਾਰੇ।
ਭਾਂਤਿ ਇਹ ਪੂਰ ਪਰਵਾਹ ਦੀਣੇ ਕਈ,
ਕਰਤ ਚਰੀਆਊ ਮੈਂ ਪਰੇ ਸਾਰ ॥੪੧॥੫੦੯॥

ਸ਼ਹੀਦੀ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਦੀ ਕੁੱਲ ਉਮਰ 18 ਸਾਲ, 11 ਮਹੀਨੇ 19 ਦਿਨ ਸੀ।

ਸਾਹਿਬਜ਼ਾਦਾ ਜੁਝਾਰ ਸਿੰਘ:-

ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ 14 ਮਾਰਚ 1691 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਘਰ ਮਾਤਾ ਜੀਤ ਕੌਰ ਦੀ ਕੁੱਖੋਂ ਆਨੰਦਪੁਰ ਸਾਹਿਬ ਵਿੱਚ ਹੋਇਆ। ਬਚਪਨ ਤੋਂ ਹੀ ਆਪ ਜੀ ਬੜੇ ਬੁਧੀਮਾਨ, ਗੁਰਬਾਣੀ ਦੇ ਗਿਆਤਾ, ਘੋੜਸਵਾਰ ਤੇ ਤੇਗਬਾਜ਼ੀ ਵਿੱਚ ਨਿਪੁੰਨ ਹੋ ਚੁੱਕੇ ਸਨ। ਜਦੋਂ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਛੱਡਿਆ ਤਾਂ ਆਪ ਵੀ ਨਾਲ ਹਮਸਫ਼ਰ ਸਨ। ਚਮਕੌਰ ਦੀ ਜੰਗ ਸਮੇਂ ਗੜ੍ਹੀ 'ਚੋਂ ਨਿਕਲ ਕੇ ਜੈਕਾਰਾ ਛੱਡਦੇ ਆਹਮੋ-ਸਾਹਮਣੀ ਲੜਾਈ ਲੜੀ। ਬਹੁਤ ਸਾਰੇ ਦੁਸ਼ਮਣ ਸਿਪਾਹੀਆਂ ਨੂੰ ਮਾਰ ਕੇ ਆਪ ਵੀ ਸ਼ਹੀਦੀ ਪ੍ਰਾਪਤ ਕੀਤੀ।

ਚਹੂੰ ਓਰ ਦਲ ਦੇਖ ਕੈ, ਨਿਕਟਿ ਪਹੂਚੇ ਆਇ
ਤੇਗ ਨੇਜ਼ਾ ਕਰ ਮੈ ਲਿਯੋ ਨਿਮਖ
ਬਿਲਮ ਨਹੀਂ ਲਾਇ ॥੫੮॥੫੫੨੬
ਬਰਛਾ ਲਗਾਵੇ ਜਾਇ,
ਲੇਤ ਹੈ ਪਰੋਇ ਤਾਹਿ ॥੫੮॥੫੨੬

(ਗੁਰ ਸੋਭਾ)

ਇਸ ਜੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਸ਼ਹੀਦੀ ਪ੍ਰੰਪਰਾ ਤੋਂ ਜਾਣੂ ਕਰਾਇਆ।

ਹੇ ਸੁਤ ਤੁਮ ਹਮ ਕੋ ਹੋ ਪਿਆਰੇ।
ਤੁਰਕ ਨਾਸ ਹਿਤ ਤੁਮ ਤਨ ਧਾਰੇ
ਜੇ ਆਪਨੇ ਸਿਰ ਰਣ ਮੇਂ ਲਾਗੇ।
ਤਾਂ ਕਰ ਲਾਸ ਮਲੇਛ ਸੁਭਾਗੇ।
ਤੇ ਤੇ ਯਾ ਸਮ ਸਮਾ ਨ ਕੋਈ।
ਤੁਮ ਦੋਹੁ ਸੰਘਰ ਭਲ ਕੋਈ।

(ਗੁਰਬਿਲਾਸ ਪਾਤਸ਼ਾਹੀ ਦਸਵੀਂ)

ਸਿਖਰ ਦੁਪਹਿਰੇ ਸ਼ੁਰੂ ਹੋਈ ਇਹ ਲੜਾਈ ਸੂਰਜ ਅਲੋਪ ਹੋਣ ਤੱਕ ਜਾਰੀ ਰਹੀ। ਇਸ ਜੰਗ ਦਾ ਜ਼ਿਕਰ ਗੁਰੂ ਸਾਹਿਬ ਨੇ 'ਜ਼ਫਰਨਾਮੇ' ਵਿੱਚ ਵੀ ਕੀਤਾ ਹੈ:

ਚਰਾਗ ਜਹਾਂ ਚੂੰ ਸ਼ੁਦ ਬੁਰਕਾ ਪੋਸ਼।
ਸਾਹਿ ਸਬ ਬਰਾਮ ਦਹਮਾ ਜਲਵਾ ਜੋਸ਼ ॥੪੨॥

'ਭਟਵਹੀ ਮੁਲਤਾਨੀ ਸਿੰਧੀ' ਵਿਚ ਇਸ ਲੜਾਈ ਦੀ ਤਫ਼ਸੀਲ ਵੀ ਮਿਲਦੀ ਹੈ।

"ਜੁਝਾਰ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮੇਂ ਕਾ---
ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਸੁਦੀ ਤੀਕ, ਵੀਰਵਾਰ ਦਿਹੁੰ---
ਮੁਕਾਮ ਚਮਕੌਰ ਪਰਗਣਾ ਰੋਪੜ, ਤੁਰਕ ਫ਼ੌਜ ਗੈਲ ਸਾਮੇ,
ਮਾਤੇ ਜੂਝ ਕੇ ਸ਼ਹਾਦਤਾਂ ਪਾਇ ਗਏ। ਆਗੇ ਗੁਰੂ ਕੀ ਗਤਿ ਗੁਰੂ ਜਾਣੇ"।

'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀ ਕਾ' ਦਾ ਕਰਤਾ ਲਿਖਦਾ ਹੈ ਕਿ ਜੁਝਾਰ ਸਿੰਘ ਨਾਲ ਪੰਛੀ ਸਿੰਘ ਮੈਦਾਨੇ-ਜੰਗ ਵਿੱਚ ਨਾਲ ਆਏ ਸਨ।

"ਜੁਝਾਰ ਸਿੰਘ ਜੀ ਪੰਛੀ ਸਿੰਘ ਨਾਲਿ ਲੈ ਆਏ।
ਹਛੇ ਲੜੇ, ਤੁਰਕ ਰਾਜੇ ਮਾਰਿ ਹਟਾਏ" ॥ ੫੬੩ ॥

ਸ਼ਾਮ ਤੱਕ ਇਸ ਲੜਾਈ ਵਿਚੋਂ ਕੇਵਲ ਪੰਜ ਸਿੰਘ ਹੀ ਬਚੇ ਸਨ। ਰਾਤ ਸਮੇਂ ਗੁਰੂ ਸਾਹਿਬ ਗੜ੍ਹੀ 'ਚੋਂ ਤਿੰਨ ਸਿੰਘਾਂ ਨਾਲ ਨਿਕਲ ਗਏ। ਦੋ ਸਿੰਘ 8 ਦਸੰਬਰ, 1705 ਦੀ ਸਵੇਰ ਨੂੰ ਲੜਦੇ ਲੜਦੇ ਸ਼ਹੀਦੀ ਪਾ ਗਏ। ਇਸ ਦਾ ਜ਼ਿਕਰ 'ਆਹਿਕਾਮਿ-ਆਲਮਗੀਰੀ' ਦੇ ਸਫ਼ਾ 11 'ਤੇ ਮਿਰਜ਼ਾ ਇਨਾਇਤੁਲਾ ਖਾਂ ਇਸਮੀ ਨੇ ਵੀ ਕੀਤਾ ਹੈ। ਸਾਹਿਬਜ਼ਾਦਾ ਜੁਝਾਰ ਸਿੰਘ ਦੀ ਸ਼ਹੀਦੀ ਸਮੇਂ ਕੁੱਲ ਉਮਰ 14 ਸਾਲ, 9 ਮਹੀਨੇ ਅਤੇ 7 ਦਿਨ ਸੀ।

ਸਾਹਿਬਜ਼ਾਦਾ ਜ਼ੋਰਾਵਰ ਸਿੰਘ:-

ਜ਼ੋਰਾਵਰ ਸਿੰਘ ਦਾ ਜਨਮ 17 ਨਵੰਬਰ, 1696 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਘਰ ਮਾਤਾ ਜੀਤ ਕੌਰ ਦੀ ਕੁੱਖੋਂ ਆਨੰਦਪੁਰ ਸਾਹਿਬ ਵਿਖੇ ਹੋਇਆ। ਛੋਟੀ ਉਮਰ ਤੋਂ ਹੀ ਉਨ੍ਹਾਂ ਦਾ ਹਿਰਦਾ ਸਿੱਖੀ ਸਿਪਰਿਟ ਨਾਲ ਲਟ ਲਟ ਬਲਦਾ ਸੀ। ਜਦੋਂ ਗੁਰੂ ਸਾਹਿਬ ਨੇ 5-6 ਦਸੰਬਰ, 1705 ਨੂੰ ਆਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਇਹ ਵੀ ਉਨ੍ਹਾਂ ਦੇ ਨਾਲ ਸੀ। ਦੋਵੇਂ ਛੋਟੇ ਸਾਬਿਜ਼ਾਦੇ ਮਾਤਾ ਗੁਜਰੀ ਜੀ ਨਾਲ ਹਮਸਫ਼ਰ ਹੋਏ ਸਨ। ਬੰਸਾਵਲੀ ਨਾਮੇ ਦਾ ਕਰਤਾ ਲਿਖਦਾ ਹੈ।

"ਦੂਇ ਸਾਹਿਬਜ਼ਾਦੇ ਨਿਕਲ ਨਾਲਿ ਗਏ।
ਰਥ ਵਿਚਿ ਨਾਲਿ ਦਾਦੀ ਦੇ ਸੁੱਤੇ ਪਏ। (੫੫੯)

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਨੇ ਸੂਕਦੀ ਸਰਸਾ ਨਦੀ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਪਾਰ ਕੀਤੀ ਤਾਂ ਇਹ ਬਾਕੀ ਕਾਫ਼ਲੇ ਨਾਲੋਂ ਵਿਛੜ ਗਏ। ਅੱਲਾ ਯਾਰ ਖਾਂ ਜੋਗੀ ਲਿਖਦਾ ਹੈ:

ਲਖ਼ਤਿ ਜਿਗਰ ਹਜ਼ੂਰ ਕੇ ਜਿਸ ਦਮ ਵਿਛੜ ਗਏ।
ਪਾਉ ਵਹੀ ਵਫ਼ੂਹਿ ਮੁਹੱਬਤ ਸੇ ਗੜਵ ਗਏ।
ਜ਼ੋਰਾਵਰ ਔਰ ਫ਼ਤਿਹ ਕਾ, ਇਸ ਦਮ ਬਿਆਂ ਸੁਣੋ।
ਪਹੁੰਚੇ ਬਿਛੜ ਕੇ ਹਾਇ। ਕਹਾਂ ਸੇ ਕਹਾਂ ਸੁਨੋ।

ਸਰਸਾ ਨਦੀ ਦੇ ਕੰਢੇ ਜੋ ਉਦੈ ਸਿੰਘ ਦੇ ਜਥੇ ਨੇ ਵੈਰੀਆਂ ਨਾਲ ਲੜਾਈ ਲੜੀ, ਉਸ ਦਾ ਜ਼ਿਕਰ ਗੁਰੂ ਸਾਹਿਬ ਨੇ ਆਪ ਕੀਤਾ ਹੈ।

ਸ਼ਾਹੀ ਟਿਬੀ ਆਨਿ ਕੈ ਖੜੇ ਤਏ ਤਿਹ ਥਾਨ॥
ਰਾਜਾ ਅਰੁ ਤੁਰਕਾਨ ਸਭ ਨਿਕਟਿ ਪਹੁੰਚੇਆਨ॥
ਉਦੇ ਸਿਘ ਲਲਕਾਰ ਕੇ ਖੁਸ਼ੀ ਕਰੀ ਕਰਤਾਰ॥
ਸਫਲ ਜਨਮ ਇਹ ਭਾਂਤ ਕਹਿ ਦੂਤਨ ਕਰੋ ਸੰਘਾਰ॥

ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਰਸੋਈਆ ਗੰਗੂ ਬ੍ਰਾਹਮਣ ਆਪਣੇ ਨਾਲ ਪਿੰਡ ਸਹੇੜੀ (ਨੇੜੇ ਮੋਰਿੰਡਾ) ਲੈ ਗਿਆ। ਉਸ ਨੇ ਇਨ੍ਹਾਂ ਨੂੰ ਆਪਣੇ ਘਰ ਵਿੱਚ ਸ਼ਰਨ ਦਿੱਤੀ। ਸਵੇਰ ਹੁੰਦਿਆਂ ਹੀ ਗੰਗੂ ਨੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਾ ਕੇ ਸੂਬੇਦਾਰ ਵਜ਼ੀਰ ਖਾਂ ਸਰਹਿੰਦ ਦੇ ਹਵਾਲੇ ਕਰ ਦਿੱਤਾ ਅਤੇ ਸਾਰਿਆਂ ਸ਼ਾਹੀ ਕੈਦੀਆਂ ਨੂੰ ਠੰਢੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ।

ਨਵਾਬ ਵਜ਼ੀਰ ਖਾਂ ਪਾਸ ਪਕੜੇ ਗਏ,
ਸੀਰੰਦੀ ਜਾਇ ਦਾਦੀ ਪੋਤ੍ਰੇ ਤਿੰਨੈ ਭੇਦਿ ਪਏ। (੫੫੯)

ਦੂਜੇ ਦਿਨ ਸੂਬੇਦਾਰ ਦੇ ਸਿਪਾਹੀ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਲਈ ਲੈ ਗਏ। ਜਦੋਂ ਸਾਹਿਬਜ਼ਾਦੇ ਕਚਹਿਰੀ ਵਿੱਚ ਪੇਸ਼ ਹੋਏ ਤਾਂ ਇਨ੍ਹਾਂ ਨੇ ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਿਹ' ਬੁਲਾਈ। ਪਹਿਲਾਂ ਇਨ੍ਹਾਂ ਦੋਵੇਂ ਮਾਸੂਮ ਬੱਚਿਆਂ ਨੂੰ ਵਾਅਦੇ ਅਤੇ ਵਰਗਲਾ ਕੇ ਮੁਸਲਮਾਨ ਧਰਮ ਕਬੂਲ ਕਰਨ ਦੀ ਪੇਸ਼ਕਸ਼ ਕੀਤੀ ਗਈ। ਜਦੋਂ ਉਨ੍ਹਾਂ ਸਾਫ ਇਨਕਾਰ ਕਰ ਦਿੱਤਾ ਤਾਂ ਤਸੀਹੇ ਅਤੇ ਧਮਕੀਆਂ ਦੇਣ ਦੇ ਹਥਕੰਡੇ ਵਰਤੇ ਗਏ। ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਮਾਸੂਮ ਬੱਚਿਆਂ ਨੂੰ ਮਾਰਨ ਤੋਂ ਸੂਬੇਦਾਰ ਵਜ਼ੀਖ ਖਾਂ ਨੂੰ ਵਰਜਿਆ। ਕਚਹਿਰੀ ਵਿੱਚ ਹੀ ਮੌਜੂਦ ਸੂਬੇਦਾਰ ਦੇ ਦੀਵਾਨ ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਮਾਰਨ ਲਈ ਵਜ਼ੀਰ ਖਾਂ ਨੂੰ ਉਕਸਾਇਆ।

ਨਵਾਬ ਵਜ਼ੀਰ ਖਾਂ ਸੋ ਛਡਵੇ ਲਾਏ
ਸੁੱਚੇ ਪੁਰੀ ਨੇ ਚੁਗਲੀ ਕਰਿ ਦੋਨੇ ਮਰਿਵਾਏ---੫੬੦
(ਬੰਸਾਵਲੀ ਨਾਮਾ)

ਸੂਬੇਦਾਰ ਵਜ਼ੀਰ ਖਾਂ ਨੇ ਮਾਸੂਮ ਬੱਚਿਆਂ ਨੂੰ ਦੀਵਾਰ ਵਿੱਚ ਜ਼ਿੰਦਾ ਚਿਣਾਉਣ ਦਾ ਆਦੇਸ਼ ਦਿੱਤਾ। ਇਹ ਘਟਨਾ 12 ਦਸੰਬਰ, 1705 ਦੀ ਹੈ। ਕੁਝ ਘੰਟਿਆਂ ਬਾਅਦ ਜਦੋਂ ਦੀਵਾਰ ਮੋਢਿਆਂ ਉਪਰ ਆ ਗਈ ਤਾਂ ਦੋਵੇਂ ਸਾਹਿਬਜ਼ਾਦਿਆਂ ਨੂੰ ਕੋਹ ਕੋਹ ਕੇ ਮਾਰਿਆ ਗਿਆ। ਸ਼ਹੀਦੀ ਸਮੇਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੀ ਕੁੱਲ ਉਮਰ 9 ਸਾਲ, ਇਕ ਮਹੀਨਾ ਤੇ ਪੰਜ ਦਿਨ ਸੀ।

ਸਾਹਿਬਜ਼ਾਦਾ ਫ਼ਤਿਹ ਸਿੰਘ:-

ਇਨ੍ਹਾਂ ਦਾ ਜਨਮ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਘਰ ਮਾਤਾ ਜੀਤ ਕੌਰ ਦੀ ਕੁੱਖੋਂ 26 ਫਰਵਰੀ, 1699 ਨੂੰ ਆਨੰਦਪੁਰ ਸਾਹਿਬ ਵਿੱਚ ਹੋਇਆ। ਮਾਤਾ ਜੀਤ ਕੌਰ ਦਾ ਦੇਹਾਂਤ 6 ਦਸੰਬਰ, 1700 ਨੂੰ ਹੋਇਆ। ਉਸ ਸਮੇਂ ਫ਼ਤਿਹ ਸਿੰਘ ਦੀ ਉਮਰ ਇਕ ਸਾਲ ਦਸ ਮਹੀਨੇ ਦੀ ਸੀ। ਇਸ ਲਈ ਇਨ੍ਹਾਂ ਦੋਵੇਂ ਛੋਟੇ ਵੀਰਾਂ ਦੀ ਪਰਵਰਸ਼ ਦਾਦੀ ਮਾਤਾ ਗੁਜਰੀ ਜੀ ਦੀ ਦੇਖ ਰੇਖ ਹੇਠ ਪ੍ਰਵਾਨ ਚੜ੍ਹੀ। 5-6 ਦਸੰਬਰ, 1705 ਨੂੰ ਮਾਤਾ ਗੁਜਰੀ ਜੀ ਤੇ ਵੱਡੇ ਵੀਰ ਜ਼ੋਰਾਵਰ ਸਿੰਘ ਵੀ ਕਿਲ੍ਹੇ 'ਚੋਂ ਬਾਹਰ ਇਕੱਠੇ ਨਿਕਲੇ ਸਨ। ਬਾਅਦ ਵਿੱਚ ਸਰਸਾ ਨਦੀ ਪਾਰ ਕਰ ਕੇ

ਗੰਗੂ ਬ੍ਰਾਹਮਣ ਨੇ ਸਰਹਿੰਦ ਦੇ ਸੂਬੇਦਾਰ ਕੋਲੋਂ ਸ਼ਹੀਦ ਕਰਵਾ ਛੱਡੇ ਸਨ। ਮਾਤਾ ਗੁਜਰੀ ਤੋਂ ਵਿਦਾਇਗੀ ਲੈ ਜਦੋਂ ਦੋਵੇਂ ਸਾਹਿਬਜ਼ਾਦੇ ਕਚਹਿਰੀ ਵੱਲ ਜਾ ਰਹੇ ਸਨ, ਕਵੀ ਅੱਲਾ ਯਾਰ ਖਾਂ ਜੋਗੀ ਨੇ ਇਹ ਦ੍ਰਿਸ਼ ਖਿੱਚਿਆ ਹੈ:

"ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰੂੰ ਜ਼ਰਾ ਮੂੰਹ ਧੁਲਾ ਤੋ ਲੂੰ।
ਪਿਆਰੇ ਸਰੋਂ ਪੈ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ।
ਮਰਣੇ ਸੇ ਪਹਿਲੇ ਤੁਮ ਕੋ ਮੈਂ ਦੂਲਹਾ ਬਨਾ ਤੋ ਲੂੰ।"

ਮਾਸੂਮ ਬੱਚਿਆਂ ਨੂੰ ਬੜੇ ਲੋਭ, ਲਾਲਚ ਦਿੱਤੇ ਗਏ ਪਰ ਇਨ੍ਹਾਂ ਹਰ ਤਰ੍ਹਾਂ ਦੇ ਤਸੀਹੇ ਸਹਿ ਕੇ ਸ਼ਹਾਦਤ ਦਾ ਜਾਮ ਪੀਤਾ ਜੋ ਸੰਸਾਰ ਦੀ ਤਵਾਰੀਖ਼ ਵਿੱਚ ਅਨੋਖੀ ਅਤੇ ਬੇਮਿਸਾਲ ਹੈ। ਆਪਣੇ ਦਾਦਾ ਗੁਰੂ ਤੇਗ ਬਹਾਦਰ ਸਾਹਿਬ ਅਤੇ ਪੜਦਾਦਾ ਗੁਰੂ ਹਰਿਗੋਬਿੰਦ ਸਾਹਿਬ ਦੇ ਮਨੋਭਾਵਾਂ, ਧਰਮ ਦੀ ਵਿਚਾਰਧਾਰਾ ਤੇ ਚਿਟਾਨ ਵਾਂਗ ਖੜ੍ਹੇ ਰਹੇ ਅਤੇ ਜ਼ਾਲਮੀ ਹਾਕਮਾਂ ਦੇ ਮਨਸੂਬੇ ਚਕਨਾਚੂਰ ਕੀਤੇ। ਸੰਸਾਰ ਦੇ ਇਤਿਹਾਸ ਵਿੱਚ ਇਝ ਪਹਿਲੀ ਵੇਰ ਹੋਇਆ ਕਿ ਮਾਸੂਮ ਬੱਚਿਆਂ ਨੂੰ ਭਵਿੱਖ ਦੇ ਸੁਖ, ਤਸੀਹੇ ਦੀਆਂ ਧਮਕੀਆਂ ਅਤੇ ਮੌਤ ਦੇ ਡਰ ਉਨ੍ਹਾਂ ਨੂੰ ਆਪਣਾ ਗੌਰਵਮਈ ਧਰਮ ਛੱਡਣ ਲਈ ਫੁਸਲਾ ਨਾ ਸਕੇ। ਇਝ ਮਾਸੂਮ ਬੱਚਿਆਂ ਨੇ ਆਪਣੇ ਧਰਮ ਤੇ ਸੁਤੰਤਰਤਾ ਲਈ ਕੁਰਬਾਨੀ ਦੀ ਮਿਸਾਲ ਕਾਇਮ ਕੀਤੀ। ਇਹ ਘਟਨਾ 12 ਦਸੰਬਰ, 1705 ਦੀ ਹੈ।

'ਜ਼ੋਰਾਵਰ ਸਿੰਘ ਦੇ ਪ੍ਰਾਨ ਖੰਡੇ ਨਾਲਿ ਬੇਗ ਛੁਟ ਗਏ।
ਅਧੀ ਘੜੀ ਫਤੇ ਸਿੰਘ ਜੀ ਚਰਨ ਮਾਰਦੇ ਭਏ। ੫੧॥

(ਬੰਸਾਵਲੀ ਨਾਮਾ)

ਇਨ੍ਹਾਂ ਦੋਵੇਂ ਸਾਹਿਬਜ਼ਾਦਿਆਂ ਦੇ ਸੀਸ ਖੰਡੇ ਨਾਲ ਕੱਟ ਕੇ ਤਸੀਹੇ ਦਿੱਤੇ ਗਏ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤਾਂ ਜਲਦੀ ਖੰਡੇ ਨਾਲ ਪ੍ਰਾਨ ਤਿਆਗ ਗਏ ਪਰ ਛੋਟਾ ਸਾਹਿਬਜ਼ਾਦਾ ਫ਼ਤਿਹ ਸਿੰਘ ਅੱਧੀ ਘੜੀ (ਤਕਰੀਬਨ 12 ਮਿੰਟ) ਤੱਕ ਜੀਂਵਦੇ ਅਤੇ ਚਰਨ ਮਾਰਦੇ ਰਹੇ। ਸਾਹਿਬਜ਼ਾਦਾ ਫ਼ਤਹਿ ਸਿੰਘ ਦੀ ਕੁੱਲ ਉਮਰ ਸ਼ਹੀਦੀ ਸਮੇਂ 6 ਸਾਲ, 10 ਮਹੀਨੇ ਅਤੇ 14 ਦਿਨ ਸੀ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜ਼ਫ਼ਰਨਾਮੇ ਵਿੱਚ ਔਰੰਗਜ਼ੇਬ ਬਾਦਸ਼ਾਹ ਨੂੰ ਲਿਖਿਆ ਕਿ ਕੀ ਹੋਇਆ ਤੂੰ ਮੇਰੇ ਚਾਰ ਬੱਚੇ ਮਾਰ ਦਿੱਤੇ ਹਨ ਪਰ ਅਜੇ ਕੁੰਡਲੀਦਾਰ ਨਾਗ ਰੂਪੀ ਖ਼ਾਲਸਾ ਉਂਜ ਦਾ ਉਂਜ ਹੈ:

"ਚਿਹਾ ਸ਼ੁਦ ਕਿ ਚੂੰ ਬੱਚਗਾਂ ਕਸ਼ਤ: ਚਾਰ।
ਕਿ ਬਾਨੀ ਬਮਾਦਸਤ ਪੇਚੀਦ: ਮਾਰ

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਅਦ ਮਾਤਾ ਗੁਜਰੀ ਜੀ ਨੂੰ ਵੀ ਸੂਬੇਦਾਰ ਦੇ ਸਿਪਾਹੀਆਂ ਨੇ ਤਸਹੀ ਦੇ ਕੇ ਠੰਢੇ ਬੁਰਜ ਵਿੱਚ ਮਾਰ ਦਿੱਤਾ। ਬਾਅਦ ਵਿੱਚ ਸਰਹਿੰਦ ਦੇ ਹੀ ਇਕ ਵਪਾਰੀ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੁਹਰਾਂ ਵਿਛਾ ਕੇ ਜ਼ਮੀਨ ਖ਼ਰੀਦੀ ਅਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ। ਇਥੇ ਹੀ ਹੁਣ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਹੈ। ਸੰਸਾਰ ਦੇ ਇਤਿਹਾਸ ਵਿੱਚ ਇਹ ਸੱਭ ਤੋਂ ਕੀਮਤੀ ਜ਼ਮੀਨ ਮੰਨੀ ਜਾਂਦੀ ਹੈ।

ਸੰਸਾਰ ਵਿੱਚ ਇਸ ਅਨੋਖੀ ਘਟਨਾ ਨੂੰ ਅੱਲਾ ਯਾਰ ਖਾਂ ਜੋਗੀ, ਬੱਚਿਆਂ ਦੀ ਸ਼ਹਾਦਤ ਨੂੰ ਸਿੱਖ ਸਲਤਨਤ ਦਾ ਨੀਂਹ ਪੱਥਰ ਕਰਾਰ ਦੇਂਦਾ ਹੈ:

"ਹਮ ਜਾਨ ਦੇ ਕੇ ਔਰੋਂ ਕੀ ਜਾਨੇ ਬਚਾ ਚਲੇ।
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ।
ਗੁਰਿਆਈ ਕਾ ਹੈ ਕਿਸਾ ਜਹਾਂ ਮੇਂ ਬਨਾ ਚਲੇ।
ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ।

(ਸ਼ਹੀਦਾਇ-ਵਫ਼ਾ)

* * *

ਖ਼ਾਲਸੇ ਦੀ ਕ੍ਰਿਪਾਨ

ਖ਼ਾਲਸੇ ਦੀ ਕ੍ਰਿਪਾਨ ਛੇਵੇਂ ਨਾਨਕ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਗਟ ਕੀਤੀ ਜਦੋਂ ਗੁਰੂ ਸਾਹਿਬ ਨੇ ਗੁਰਗਦੀ ਤੇ ਬੈਠਣ ਸਮੇਂ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪਹਿਨਾਣ ਲਈ ਬੇਨਤੀ ਕੀਤੀ ਅਤੇ ਸੰਗਤ ਵਿੱਚ ਐਲਾਨ ਕੀਤਾ, 'ਸੈਲੀ ਸੰਭਾਲ ਕੇ ਰੱਖ ਦਿੱਤੀ ਅਤੇ ਗੁਜ਼ਰ ਰਹੇ ਸਮੇਂ ਮੁਤਾਬਿਕ ਉਨ੍ਹਾਂ ਦੀ ਸੈਲੀ ਤਲਵਾਰ ਦਾ ਗਾਤਰਾ ਹੋਵੇਗੀ ਅਤੇ ਦਸਤਾਰਾ ਸ਼ਾਹੀ ਠਾਠ ਦਾ ਲਖਾਇਕ ਹੋਵੇਗਾ।' *(ਗੁਰੂ ਪੰਥ ਪ੍ਰਕਾਸ਼, ਪੰਨਾ 118)* ਗੁਰੂ ਅਰਜਨ ਸਾਹਿਬ ਲਾਹੌਰ ਜਾਣ ਤੋਂ ਪਹਿਲਾਂ ਬੇਟੇ (ਗੁਰੂ) ਹਰਿਗੋਬਿੰਦ (ਸਾਹਿਬ) ਨੂੰ ਤਾਕੀਦ ਕਰ ਗਏ ਸਨ 'ਆਪਣੇ ਤਖ਼ਤ ਦੇ ਖ਼ੁਦਮੁਖਤਿਆਰ ਹੋ ਕੇ ਬੈਠੋ ਅਤੇ ਆਪਣੀ ਯੋਗਤਾ ਅਨੁਸਾਰ ਫ਼ੌਜ ਰੱਖੋ।' ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਦਾ ਜ਼ਿਕਰ ਢਾਡੀ ਅਬਦੁਲਾ ਅਤੇ ਨਥਾਮਲ ਨੇ ਇੰਝ ਕੀਤਾ ਹੈ-

ਦੋ ਤਲਵਾਰਾਂ ਬੱਧੀਆਂ
ਇਕ ਮੀਰੀ ਦੀ ਇਕ ਪੀਰੀ ਦੀ
ਇਕ ਅਜ਼ਮਤ ਦੀ ਇਕ ਰਾਜ ਦੀ
ਇਕ ਰਾਖੀ ਕਰੇ ਵਜ਼ੀਰੀ ਦੀ।

ਕ੍ਰਿਪਾਨ ਦੀ ਪਰਿਭਾਸ਼ਾ ਬਾਰੇ ਭਾਈ ਕ੍ਹਾਨ ਸਿੰਘ ਨਾਭਾ ਲਿਖਦੇ ਹਨ 'ਜੋ ਕ੍ਰਿਪਾ ਨੂੰ ਫੈਂਕ ਦੇਵੇ, ਜਿਸ ਦੇ ਚਲਾਉਣ ਵਾਲੇ ਰਹਮ ਨਾ ਆਵੇ, ਤਲਵਾਰ, ਸ੍ਰੀ ਸਾਹਿਬ, ਸ਼ਮਸ਼ੀਰ, ਸਿੰਘਾਂ ਦਾ ਦੂਜਾ ਕਕਾਰ ਜੋ, ਅੰਮ੍ਰਿਤਧਾਰੀ ਨੂੰ ਪਹਿਨਣਾ ਵਿਧਾਨ ਹੈ।' *(ਗੁਰਸ਼ਬਦ ਰਤਨਾਕਰ ਮਹਾਨਕੋਸ਼, ਛਾਪ 1990, ਪੰਨਾ 359)*। ਖੜਗ ਨੂੰ ਕ੍ਰਿਪਾਨ, ਸ੍ਰੀ ਸਾਹਿਬ, ਤਲਵਾਰ, ਸ਼ਮਸ਼ੀਰ ਵੀ ਆਖਿਆ ਜਾਂਦਾ ਹੈ। **ਯਜੁਰਵੇਦ** ਅਤੇ ਹੋਰ ਸੰਸਕ੍ਰਿਤ ਗ੍ਰੰਥਾਂ ਵਿੱਚ ਵੀ ਖੜਗ ਦਾ ਜ਼ਿਕਰ ਆਉਂਦਾ ਹੈ। ਖੜਗ ਚਲਾਉਣ ਦੇ ਪ੍ਰਕਾਰ 32 ਲਿਖੇ ਹਨ। ਸਿੱਖਾਂ ਵਿੱਚ ਜਗਤ ਵਿਨਾਸ਼ (ਲੈ ਕਰਨ ਵਾਲਾ ਮੰਨ ਕੇ ਮਹਾਂਕਾਲ) ਦਾ ਨਾਉਂ ਵੀ ਖੜਗ ਆਇਆ ਹੈ, ਜਿਵੇਂ- ***ਨਮਸਕਾਰ ਸ੍ਰੀ ਖੜਗ ਕੋ। ਅਸਿ ਕ੍ਰਿਪਾਨ ਖੰਡੋ ਖੜਗ ਸੈਫ ਤੇਗ ਤਰਵਾਰ। ਰੱਛ ਕਰੋ ਹਮਰੀ ਸਦਾ ਕਵਚਾਤਕ ਕਰਵਾਰ॥***

ਪੁਰਾਤਨ ਸਮਿਆਂ ਵਿੱਚ ਕ੍ਰਿਪਾਨ 'ਬਹਾਦਰੀ' ਅਤੇ 'ਮਰਦਾਨਗੀ' ਦੇ ਹਥਿਆਰ ਵਜੋਂ ਯੂਨਾਨ, ਰੋਮਨ ਕੈਥੋਲਿਕ, ਹਿੰਦੂਆਂ ਅਤੇ ਇਸਲਾਮ ਵਿੱਚ ਇਕ ਮਹੱਤਵਪੂਰਨ ਚਿੰਨ੍ਹ ਸਮਝਿਆ ਜਾਂਦਾ ਸੀ। ਇਤਿਹਾਸ ਵਿੱਚ ਹਰਕੋਲੀਸ, ਖ਼ੁਸ਼ਗਨੀ, ਸ਼ਮਸ਼ੀਰ-ਏ-ਮੋਮਨ, ਏਲਸਿੱਡ, ਸਕੰਦਰ, ਗੁਰੂ ਹਰਿਗੋਬਿੰਦ ਸਾਹਿਬ, ਰੁਸਤਮ, ਸ਼ਮਸ਼ੀਰ-ਏ-ਹੁਸੈਨ, ਟੀਪੂ ਸੁਲਤਾਨ, ਹਰੀ ਸਿੰਘ ਨਲਵਾ ਆਦਿ ਦੀਆਂ ਕ੍ਰਿਪਾਨਾਂ ਦਾ ਵਿਸ਼ੇਸ਼ ਜ਼ਿਕਰ ਆਉਂਦਾ ਹੈ। ਜਦੋਂ ਸ਼ਿਵਾ ਜੀ ਮਰਹੱਟੇ ਦੇ ਧਾਰਮਿਕ ਆਗੂ ਸਮਰਥ ਰਾਮਦਾਸ ਨੇ ਗੁਰੂ ਹਰਿਗੋਬਿੰਦ ਸਾਹਿਬ ਤੋਂ ਪੁੱਛਿਆ, "ਹਉਂ ਸੁਣਿਆ ਥਾ ਗੁਰੂ ਨਾਨਕ ਕੀ ਗਾਦੀ ਪਰ ਬੈਠਾ ਹੈ। ਗੁਰੂ ਨਾਨਕ ਤਿਆਗੀ ਸਾਧੂ ਥੇ। ਤੁਮ ਸ਼ਸਤਰ ਧਾਰਨ ਕਰੇ ਹੈਨਿ ਘੋੜੇ ਫੌਜ ਰਖੀ ਹੈ, ਸੱਚ ਪਾਤਸ਼ਾਹ ਕਹਾਵਤਾ ਹੈ। ਕੈਸਾ ਸਾਧੂ ਹੈ?" ਗੁਰੂ

ਸਾਹਿਬ ਨੇ ਜਵਾਬ ਦਿੱਤਾ, 'ਬਾਤਲ ਫਕੀਰੀ, ਜ਼ਾਹਿਰ ਅਮੀਰੀ, ਸ਼ਸਤਰ ਗਰੀਬ ਕੀ ਰਖਿਆ, ਜਰਵਾਣੇ ਕੀ ਭਖਿਆ, ਬਾਬਾ ਨਾਨਕ ਸੰਸਾਰ ਨਹੀਂ ਤਿਆਗਿਆ ਥਾ, ਮਾਯਾ ਤਿਆਗੀ ਥੀ।'' ਸਮਰਥ ਰਾਮਦਾਸ ਇਹ ਸੁਣ ਤੁਰੰਤ ਕਹਿ ਉਠਿਆ, ''ਯੇਹ ਹਮਾਰੇ ਮਨ ਭਾਵਤੀ ਹੈ।'' ਮਰਹੱਟਾ ਤਵਾਰੀਖਦਾਨ ਰੈਨਾਡੇ ਨੇ ਲਿਖਿਆ ਹੈ ਕਿ ਮੈਵਾੜੀ ਲੋਕੀਂ ਉਸਦੇ ਆਸ਼ਿਆਂ ਨੂੰ ਪੂਰਿਆਂ ਕਰਨ ਲਈ ਚੰਗੇ ਸਿਪਾਹੀ, ਸਾਥੀ ਤੇ ਆਉਂਦਿਆਂ ਸਮਿਆਂ ਲਈ ਆਗਿਆਕਾਰੀ ਜਰਨੈਲ ਪੈਦਾ ਕੀਤੇ। ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸ਼ਤਰੀ ਨੇ ਸਿੱਖਾਂ ਦੇ 'ਦੇਗ ਤੇਗ ਫਤਹਿ' ਦੇ ਕਾਨਸੈਪਟ ਨੂੰ ਗ੍ਰਹਿਣ ਕਰਕੇ ਹੀ ਭਾਰਤ ਦੀ ਜਨਤਾ ਨੂੰ ਕੌਮੀ ਨਾਅਰਾ 'ਜੈ ਜਵਾਨ ਜੈ ਕਿਸਾਨ' ਪਰਿਭਾਸ਼ਤ ਕੀਤਾ।

ਭਾਰਤ ਦੇ ਹਿੰਦੂ ਭਾਵੇਂ ਦੋ ਹਜ਼ਾਰ ਸਾਲਾਂ ਤੋਂ ਵਧੀਕ ਗੁਲਾਮਾਂ ਦੇ ਗੁਲਾਮ ਬਣੇ ਰਹੇ, ਹਿੰਦੂ ਮੰਦਰਾਂ ਨੂੰ ਤਬਾਹ ਕਰਕੇ ਮੁਸਲਮਾਨ ਹਮਲਾਵਰਾਂ ਦੁਆਰਾ ਲੁਟਿਆ ਹੋਇਆ ਮਾਲ ਅਤੇ ਔਰਤਾਂ ਨੂੰ ਟਕੇ-ਟਕੇ ਗਜ਼ਨੀ ਦੇ ਬਾਜ਼ਾਰਾਂ ਵਿੱਚ ਵੇਚਿਆ ਜਾਂਦਾ ਰਿਹਾ ਤਾਂ ਇਤਿਹਾਸ ਨੇ ਇਕ ਇਨਕਲਾਬੀ ਮੋੜਾ ਖਾਦਾ ਜਦੋਂ ਗੁਰੂ ਨਾਨਕ ਸਾਹਿਬ ਨੇ ਬਾਬਰ ਨੂੰ ਚਿੰਤਨ ਦੀ ਕ੍ਰਿਪਾਨ ਨਾਲ ਵੰਗਾਰਿਆ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸੰਸਾਰ ਦੇ ਇਤਿਹਾਸ ਵਿੱਚ ਆਪਣਾ ਨਿਵੇਕਲਾ ਅਸਥਾਨ ਰੱਖਦੀਆਂ ਹਨ। ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਸਾਹਿਬ, ਨੇ ਜਦੋਂ ਖ਼ਾਲਸਾ ਪ੍ਰਗਟ ਕੀਤਾ ਤਾਂ ਪੰਜ ਕਕਾਰਾਂ ਵਿੱਚ ਕ੍ਰਿਪਾਨ ਨੂੰ ਦੂਜੇ ਨੰਬਰ 'ਤੇ ਰਖਿਆ। ਔਰੰਗਜ਼ੇਬ ਬਾਦਸ਼ਾਹ ਨੂੰ ਲਲਕਾਰ ਕੇ ਜ਼ਫ਼ਰਨਾਮੇ ਵਿੱਚ ਲਿਖਿਆ,

ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰਿ-ਦਸਤ

ਭੰਗਾਣੀ ਦੇ ਯੁੱਧ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੀਰ ਬੁੱਧੂ ਸ਼ਾਹ ਨੂੰ 'ਕ੍ਰਿਪਾਨ ਅਤੇ ਕੰਘਾ' ਬਖ਼ਸ਼ਿਸ਼ ਕੀਤੇ ਸਨ। ਕ੍ਰਿਪਾਨ ਤਾਕਤ ਅਤੇ ਇੱਜ਼ਤ ਮਾਣ ਦਾ ਜਿੱਥੇ ਚਿੰਨ੍ਹ ਹੈ ਉਥੇ ਸ੍ਵੈ-ਭਰੋਸੇ ਦਾ ਚਿੰਨ੍ਹ ਵੀ ਹੈ ਜਿਸ ਨੂੰ ਹਿੰਦੁਸਤਾਨੀਆਂ ਨੇ ਵਿਸਾਰ ਦਿੱਤਾ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਦੁਬਾਰਾ ਸਥਾਪਤ ਕੀਤਾ।

ਪੁਰਾਣੇ ਸੰਸਕ੍ਰਿਤ ਗ੍ਰੰਥਾਂ ਜਿਵੇਂ *ਅਮਰਕੋਸ਼* ਆਦਿ ਵਿੱਚ ਇਸ ਨੂੰ ਖੜਗ, ਕਰਵਾਰ, ਆਸੀ, ਰਿਸ਼ਤੀ, ਚੰਦਰਹਾਸ ਆਦਿ ਨਾਵਾਂ ਨਾਲ ਯਾਦ ਕੀਤਾ ਗਿਆ ਹੈ। ਦਸਵੇਂ ਨਾਨਕ ਨੇ *'ਸ਼ਸਤਰਨਾਮ ਮਾਲਾ'* ਵਿੱਚ ਬਹੁਤ ਸਾਰੇ ਹਥਿਆਰਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਵਿੱਚ ਕ੍ਰਿਪਾਨ ਦੇ ਭਿੰਨ-ਭਿੰਨ ਨਾਮ ਦਿੱਤੇ ਹਨ ਜਿਵੇਂ ਕਰੀ ਕਰਾਂਤਿਕ, ਕਸ਼ਤਰੋਪ, ਕਲਾ ਯੁਧ, ਕਰਵਾਰ, ਕਾਰਾ, ਚੌਲ ਆਦਿ। ਗੁਰੂ ਸਾਹਿਬ ਨੇ ਖੜਗ ਅਤੇ ਭਗੌਤੀ ਕਰਕੇ ਸਿਮਰਿਆ ਹੈ। ਸਿੱਖਾਂ ਦੀ ਅਰਦਾਸ ਦੀ ਸ਼ੁਰੂਆਤ ਵੀ ਭਗੌਤੀ (ਕ੍ਰਿਪਾਨ) ਤੋਂ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਣੀ ਵਿੱਚ ਭਗੌਤੀ ਕੇਵਲ ਕ੍ਰਿਪਾਨ ਜਾਂ ਅਕਾਲ ਪੁਰਖ ਦੇ ਨਾਮ ਵਜੋਂ ਆਇਆ ਹੈ। ਸਿੱਖਾਂ ਦੇ ਖੰਡੇ ਦੇ ਨਿਸ਼ਾਨ ਵਿੱਚ ਵੀ ਦੋ ਕ੍ਰਿਪਾਨਾਂ ਮੀਰੀ ਅਤੇ ਪੀਰੀ ਦੀਆਂ ਸੁਸ਼ੋਭਿਤ ਹਨ।

ਸਿੱਖਾਂ ਜਦੋਂ ਵੀ ਅਜ਼ਾਦੀ ਮਾਣੀ, ਉਨ੍ਹਾਂ ਆਪਣੀ ਧਾਰਮਿਕ ਅਜ਼ਾਦੀ ਸਮੇਤ ਕ੍ਰਿਪਾਨ ਨੂੰ ਵੀ ਅੰਗ-ਸੰਗ ਰਖਿਆ। ਜਦੋਂ ਸਿੱਖ ਸਲਤਨਤ ਦਾ ਸੂਰਜ ਗਰੂਬ ਹੋਇਆ ਤਾਂ ਅੰਗਰੇਜ਼ਾਂ ਨੇ ਸਿੱਖਾਂ ਪਾਸੋਂ 'ਕ੍ਰਿਪਾਨ' ਖੋਹਣ ਵਿੱਚ ਪਹਿਲ ਕਦਮੀ ਕੀਤੀ ਤਾਂ ਸਿੱਖਾਂ ਨੇ ਕਾਨੂੰਨ ਨੂੰ

ਨਜ਼ਰਅੰਦਾਜ਼ ਕਰਕੇ ਕ੍ਰਿਪਾਨ ਦੀ ਅਜ਼ਾਦੀ ਬਰਕਰਾਰ ਰੱਖੀ। ਸਿੱਖਾਂ ਨੂੰ ਦੇਸ਼ ਵਿਦੇਸ਼ਾਂ ਵਿੱਚ 'ਕ੍ਰਿਪਾਨ ਦੀ ਆਜ਼ਾਦੀ' ਲਈ ਭਾਰੀ ਜਦੋਜਹਿਦ ਕਰਨੀ ਪਈ ਅਤੇ ਜੇਲ੍ਹਾਂ ਵਿੱਚ ਜਾਣਾ ਪਿਆ। ਆਖ਼ਰ ਅੰਗਰੇਜ਼ ਸਰਕਾਰ ਨੇ ਸਿੱਖਾਂ ਨੂੰ ਤਿੰਨ ਫ਼ੁੱਟ ਲੰਮੀ ਕ੍ਰਿਪਾਨ ਪਹਿਨਣ ਦੀ ਪ੍ਰਵਾਨਗੀ ਦੇ ਦਿੱਤੀ। ਕ੍ਰਿਪਾਨ ਦੀ ਲੰਬਾਈ ਬਾਰੇ ਲਾਹੌਰ ਕੋਰਟ ਨੇ 1924 ਵਿੱਚ ਸਿੱਖਾਂ ਦੇ ਹੱਕ ਵਿੱਚ ਮਹੱਤਵਪੂਰਨ ਫ਼ੈਸਲਾ ਦਿੱਤਾ ਸੀ।

ਨਹਿਰੂ ਕਮੇਟੀ 1928 ਅਤੇ ਸਪਰੂ ਕਮੇਟੀ 1945 ਵਿੱਚ ਸਿੱਖਾਂ ਨੂੰ ਕ੍ਰਿਪਾਨ ਪਹਿਨਣ ਅਤੇ ਲੈ ਜਾਣ ਦਾ ਪੂਰਾ ਹੱਕ ਪ੍ਰਾਪਤ ਹੈ। ਗੌਵਰਨਮੈਂਟ ਆਫ਼ ਇੰਡੀਆ (Home Deptt.) ਦੇ ਜੂਡੀਸ਼ਲ ਨੰਬਰ 950 ਮਿਤੀ, ਸ਼ਿਮਲਾ 25 ਜੂਨ, 1914 ਵਿੱਚ ਵੀ 'ਕ੍ਰਿਪਾਨ' ਰੱਖਣ ਦੀ ਸਿੱਖਾਂ ਨੂੰ ਇਜਾਜ਼ਤ ਦਿੱਤੀ ਗਈ ਹੈ। ਸਿੱਖਾਂ ਨੂੰ ਭਾਵੇਂ ਹਵਾਈ ਸਫ਼ਰ ਦੌਰਾਨ ਛੋਟੀ ਕ੍ਰਿਪਾਨ ਲੈ ਜਾਣ ਦਾ ਹੱਕ ਪ੍ਰਾਪਤ ਹੈ ਪਰ ਫਿਰ ਵੀ ਹਵਾਈ ਸਫ਼ਰ ਦੌਰਾਨ ਸਿੱਖਾਂ ਨੂੰ ਜਾਣ ਬੁੱਝਕੇ ਪ੍ਰੇਸ਼ਾਨ ਕੀਤਾ ਜਾਂਦਾ ਹੈ। ਵਿਦੇਸ਼ਾਂ ਵਿੱਚ ਵੀ ਕਈ ਸਕੂਲਾਂ ਵਿੱਚ ਸਿੱਖ ਬੱਚਿਆਂ ਨੂੰ ਕ੍ਰਿਪਾਨ ਪਹਿਨਣ ਤੇ ਤੰਗ ਕਰਨ ਦੀਆਂ ਖਬਰਾਂ ਤਾਂ ਨਿੱਤ ਅਖਬਾਰਾਂ ਵਿੱਚ ਆਉਂਦੀਆਂ ਰਹੀਆਂ ਹਨ।

***

'ਬਾਜ਼' ਦਾ ਸਿੱਖ ਸੰਕਲਪ

'ਬਾਜ਼' ਨੂੰ ਬਾਦਸ਼ਾਹੀ ਅਤੇ ਪ੍ਰਭੂਤਾ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਬਾਜ਼ ਇਕ ਸ਼ਿਕਾਰੀ ਪੰਛੀ ਹੈ ਜੋ ਗੁਲਾਬ ਚਸ਼ਮ ਪੰਛੀਆਂ ਦਾ ਰਾਜਾ ਹੈ। 'ਗੁਰਸ਼ਬਦ ਰਤਨਾਕਾਰ ਮਹਾਨਕੋਸ਼' ਅਨੁਸਾਰ "ਬਾਜ਼ ਜੁਰੱਰਹ ਦੀ ਮਦੀਨ ਹੈ, ਇਸ ਦਾ ਕੱਦ ਜੁਰਹੇ ਨਾਲੋਂ ਵੱਡਾ ਹੁੰਦਾ ਹੈ। ਬਾਜ਼ ਸਰਦ ਦੇਸ਼ਾਂ ਤੋਂ ਫੜਕੇ ਪੰਜਾਬ ਵਿਚ ਲਿਆਈਦਾ ਹੈ। ਇਥੇ ਆਂਡੇ ਨਹੀਂ ਦਿੰਦਾ, ਦਸ ਬਾਰਾਂ ਵਰ੍ਹੇ ਇਹ ਸ਼ਿਕਾਰ ਦਾ ਕੰਮ ਦਿੰਦਾ ਹੈ, ਗਰਮੀਆਂ ਵਿਚ ਇਸ ਨੂੰ ਠੰਢੇ ਥਾਂ ਕੁਰੀਚ (ਕਰੀਜ) ਬੈਠਾਉਂਦੇ ਹਨ, ਜਦ ਇਹ ਪੁਰਾਣੇ ਖੰਭ ਸਿਟਕੇ ਨਵੇਂ ਬਦਲਦਾ ਹੈ, ਇਹ ਤਿੱਤਰ ਮੁਰਗਾਬੀ ਅਤੇ ਸਹੇ ਦਾ ਚੰਗਾ ਸ਼ਿਕਾਰ ਕਰਦਾ ਹੈ, ਪੁਰਾਣੇ ਸਮੇਂ ਅਮੀਰ ਲੋਕ, ਬਾਜ਼ ਨੂੰ ਆਪਣੇ ਹੱਥ ਤੇ ਰੱਖਦੇ ਅਤੇ ਬਹੁਤ ਸ਼ਿਕਾਰ ਖੇਡਦੇ ਸਨ।"

ਬਾਜ਼ ਅਸਲ ਵਿੱਚ ਸ਼ਿਕਾਰੀ ਪੰਛੀ ਹੈ ਜਿਸ ਨੂੰ ਪੰਛੀਆਂ ਦਾ ਸ਼ਿਕਾਰ ਕਰਨ ਲਈ ਵਰਤਿਆ ਜਾਂਦਾ ਹੈ। ਬਾਜ਼ਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ। ਇਕ 'ਬਾਜ਼ ਕੱਟਾ' ਹੁੰਦਾ ਹੈ ਜੋ ਖ਼ਰਗੋਸ਼ ਦਾ ਸ਼ਿਕਾਰ ਵੀ ਕਰ ਲੈਂਦਾ ਹੈ ਪਰ ਇਹ ਵੱਡੇ ਆਕਾਰ ਦਾ ਹੁੰਦਾ ਹੈ। ਦੂਜਾ "ਬਾਜ਼ ਜੁੱਰਾ" ਹੈ ਜੋ ਛੋਟੇ ਆਕਾਰ ਦਾ ਹੈ ਪਰ ਆਮ ਤੌਰ ਤੇ ਤਿੱਤਰਾਂ ਆਦਿ ਪੰਛੀਆਂ ਦਾ ਸ਼ਿਕਾਰ ਕਰਦਾ ਹੈ। ਪੁਰਾਣੇ ਸਮਿਆਂ ਤੋਂ ਹੀ ਅਮੀਰ ਲੋਕ ਬਾਜ਼ ਰੱਖਦੇ ਸਨ। ਬਾਜ਼ ਬੜੀ ਫੁਰਤੀ ਨਾਲ ਆਪਣੇ ਸ਼ਿਕਾਰ ਤੇ ਚਪੱਟਾ ਮਾਰਦਾ ਹੈ।

ਬਾਜ਼ ਨੂੰ ਸਿੱਖਾਂ ਦਾ ਕੌਮੀ ਪੰਛੀ- ਤਸੱਵਰ ਕੀਤਾ ਜਾਂਦਾ ਹੈ। ਇਸ ਦੀ ਕੋਈ ਧਾਰਮਿਕ ਜਾਂ ਅਧਿਆਤਮਕ ਮਹੱਤਤਾ ਨਹੀਂ। ਬਾਜ਼ ਲਗਾਤਾਰ ਸਿੱਖ ਕਲੱਚਰ ਅਤੇ ਸਿੱਖ ਸਿਆਸਤ ਨਾਲ ਗੁਰੂ ਸਾਹਿਬਾਨ ਦੇ ਸਮੇਂ ਤੋਂ ਜੁੜਿਆ ਆ ਰਿਹਾ ਹੈ। ਸਿੱਖ ਤਵਾਰੀਖ਼ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ 'ਬਾਜ਼' ਅਪਣੇ ਕੋਲ ਰੱਖਦੇ ਸਨ। ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ।

'ਸੀਹਾਂ ਬਾਜਾ ਚਰਗਾ ਕੁਹੀਆ
ਏਨਾ ਖਵਾਲੇ ਘਾਹ' (ਮ: 1, ਵਾਰ ਮਾਝ)

ਗੁਰੂ ਹਰਿਗੋਬਿੰਦ ਸਾਹਿਬ ਨੇ ਮਨੁੱਖ ਨੂੰ ਸੰਸਾਰਕ ਦੇ ਰੂ-ਬ-ਰੂ ਆਤਮਿਕ ਪ੍ਰਭੁਸਤਾ ਬਖਸ਼ੀ ਜੋ ਸੰਸਾਰ ਦੇ ਇਤਿਹਾਸ ਵਿੱਚ ਪਹਿਲੀ-ਵਾਰ ਵੇਖਣ ਵਿੱਚ ਆਈ ਅਤੇ 'ਸੁਤੰਤਰਤਾ ਦੀ ਗੂੰਜ' ਹਰ ਪਾਸਿਓਂ ਉਠਣ ਲੱਗੀ। ਮੁਸਲਮਾਨ ਇਤਿਹਾਸਕਾਰ ਗੁਲਾਮ ਮੁਹੀਉਦੀਨ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਦਾਅਵਾ ਕੀਤਾ ਹੈ ਕਿ ਮੈਂ ਚਿੜੀਆਂ ਤੋਂ ਬਾਜ਼ ਤੁੜਾਵਾਂਗਾ, ਸਵਾ ਲੱਖ ਨਾਲ ਇਕ ਨੂੰ ਲੜਾਵਾਂਗਾ।

ਗੁਰੂ ਹਰਿਗੋਬਿੰਦ ਸਾਹਿਬ ਜਦੋਂ 1631 ਈ: ਨੂੰ ਆਪਣੇ ਮਾਲਵੇ ਦੇ ਸਫ਼ਰ ਦੌਰਾਨ ਪਿੰਡ ਗੁੱਜਰਵਾਲ (ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਇਕ ਪਿੰਡ) ਗਏ ਤਾਂ ਗੁਰੂ ਸਾਹਿਬ ਨੇ ਤਲਾਬ ਦੇ ਕੰਢੇ ਆਪਣੇ ਡੇਰੇ ਲਾਏ। ਪਿੰਡ ਦਾ ਚੌਧਰੀ ਫ਼ਤੋਈ ਬੜਾ ਹੰਕਾਰੀ ਅਤੇ ਅਮੀਰ ਸੀ। ਉਸ

ਨੇ ਗੁਰੂ ਸਾਹਿਬ ਅਤੇ ਸਿੰਘਾਂ ਦੀ ਤਨਦੇਹੀ ਨਾਲ ਸੇਵਾ ਕੀਤੀ। ਜਦੋਂ ਉਹ ਗੁਰੂ ਦਰਬਾਰ ਵਿਚ ਆਇਆ ਤਾਂ ਆਪਣੇ ਨੌਕਰਾਂ ਚਾਕਰਾਂ ਤੋਂ ਇਲਾਵਾ ਹੱਥ ਤੇ 'ਬਾਜ਼' ਰੱਖ ਕੇ ਆਇਆ। ਚੌਧਰੀ ਫ਼ਤੋਈ ਨੇ ਗੁਰੂ ਸਾਹਿਬ ਨੂੰ ਕਿਹਾ ਮੇਰੇ ਲਾਇਕ ਕੋਈ ਹੋਰ ਸੇਵਾ ਹੈ ? ਜਾਣੀ ਜਾਣ ਮੀਰੀ ਪੀਰੀ ਦੇ ਮਾਲਕ ਸਤਿਗੁਰੂ ਨੇ 'ਬਾਜ਼' ਦੀ ਮੰਗ ਕੀਤੀ। ਚੌਧਰੀ ਫ਼ਤੋਈ ਨਾ ਮੰਨਿਆ। ਗੁਰੂ ਸਾਹਿਬ ਨੇ ਉਸ ਨੂੰ ਕਿਹਾ ਤੂੰ ਆਪਣੀ ਗੱਲ ਤੋਂ ਨਾ ਮੁਕਰ। ਆਖ਼ਰ ਚੌਧਰੀ ਬਾਜ਼ ਲੈ ਕੇ ਘਰ ਚਲਾ ਗਿਆ ਤਾਂ ਬਾਜ਼ ਨੇ 'ਚਮੜੇ ਦੀ ਪੇਟੀ' ਖਾ ਲਈ ਜਿਸ ਕਾਰਨ ਬਾਜ਼ ਬਿਮਾਰ ਹੋ ਗਿਆ। ਆਖ਼ਰ ਜਦੋਂ ਬਾਜ਼ ਬਹੁਤ ਜ਼ਿਆਦਾ ਬਿਮਾਰ ਹੋ ਗਿਆ ਤਾਂ ਚੌਧਰੀ ਫ਼ਤੋਈ ਬਾਜ਼ ਲੈ ਕੇ ਗੁਰੂ ਸਾਹਿਬ ਕੋਲ ਆ ਗਿਆ। ਗੁਰੂ ਸਾਹਿਬ ਨੇ ਜਿਉਂ ਹੀ ਬਾਜ਼ ਨੂੰ ਹੱਥ ਵਿਚ ਫੜ ਕੇ ਦਬਾਇਆ ਤਾਂ ਉਸ ਨੇ ਉਲਟੀ ਕੀਤੀ ਜਿਸ ਕਾਰਨ 'ਚਮੜੇ ਦੀ ਪੇਟੀ' ਬਾਹਰ ਆ ਗਈ ਅਤੇ ਬਾਜ਼ ਠੀਕ ਹੋ ਗਿਆ। ਚੌਧਰੀ ਨੇ ਗੁਰੂ ਸਾਹਿਬ ਦੇ ਕਹਿਣ ਤੇ ਆਪਣਾ ਹੰਕਾਰ ਤੋੜਿਆ ਅਤੇ ਚੌਧਰੀ ਦੀ ਬੇਨਤੀ ਤੇ 'ਬਾਜ਼' ਸਵੀਕਾਰ ਕੀਤਾ। ਚੌਧਰੀ ਨੇ ਗੁਰੂ ਸਾਹਿਬ ਤੋਂ ਮੁਆਫ਼ੀ ਮੰਗੀ ਅਤੇ ਚਰਨਾਂ ਵਿਚ ਢਹਿ ਪਿਆ। ਗੁਰੂ ਸਾਹਿਬ ਨੇ ਚੌਧਰੀ ਨੂੰ ਇਕ 'ਦਸਤਾਰਾ' ਭੇਟ ਕੀਤਾ, ਜੋ ਅੱਜ ਵੀ ਉਸ ਦੀ ਵੰਸ਼ ਕੋਲ 'ਪਵਿੱਤਰ ਨਿਸ਼ਾਨੀ' ਵਜੋਂ ਸੰਭਾਲਕੇ ਰੱਖਿਆ ਹੋਇਆ ਹੈ। ਬਾਅਦ ਵਿੱਚ ਚੌਧਰੀ ਫ਼ਤੋਈ ਨੇ ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਕ 'ਗੁਰਦੁਆਰਾ ਗੁਰੂ ਸਰ ਮੰਜੀ ਸਾਹਿਬ, ਪਾਤਸ਼ਾਹੀ ਛੇਵੀਂ' ਬਣਾਇਆ।

ਅੰਮ੍ਰਿਤਸਰ ਦੇ ਮੁਕਾਮ ਤੇ ਜੋ ਸਿੱਖਾਂ ਅਤੇ ਮੁਗਲਾਂ ਵਿਚਕਾਰ ਜੰਗ ਹੋਈ ਸੀ ਉਸ ਦਾ ਪ੍ਰਮੁੱਖ ਕਾਰਨ ਵੀ 'ਬਾਜ਼' ਸੀ। ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸਿੱਖਾਂ ਸਮੇਤ ਸ਼ਿਕਾਰ ਖੇਡਣ ਲਈ ਗੁਮਟਾਲੇ ਵੱਲ ਗਏ ਸਨ। ਉਧਰ ਸ਼ਾਹ ਜਹਾਨ ਬਾਦਸ਼ਾਹ ਵੀ ਦੂਰ ਦੁਰਾਡੇ ਆਪਣੇ ਲਸ਼ਕਰ ਸਮੇਤ ਸ਼ਿਕਾਰ ਖੇਡਣ ਆਇਆ ਸੀ। ਬਾਦਸ਼ਾਹ ਦਾ ਬਾਜ਼ ਆਪਣੇ ਸ਼ਿਕਾਰ ਨੂੰ ਠੂੰਗਾ ਮਾਰ ਕੇ ਤਸੀਹੇ ਦੇ ਰਿਹਾ ਸੀ। ਸ਼ਿਕਾਰ ਨੂੰ ਵਾਰ ਵਾਰ ਅਸਮਾਨ ਉੱਤੇ ਲੈ ਜਾਂਦਾ ਅਤੇ ਫਿਰ ਧਰਤੀ ਤੇ ਆਣ ਕੇ ਸੁੱਟਦਾ ਸੀ।

'ਤ੍ਰਿਪਤ ਬਾਜ ਵਹਿ ਚੋਟ ਨ ਕਰਹੀ,
ਦੇਰ ਦੇਰ ਪੰਛੀ ਕੋ ਧਰਹੀ ॥1481॥ (ਗੁਰਬਿਲਾਸ ਪਾਤਸ਼ਾਹੀ ਛੇਵੀਂ)

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਬਾਜ਼ ਨੂੰ ਭੇਜ ਕੇ ਸ਼ਾਹੀ-ਬਾਜ਼ ਪਕੜ ਲਿਆਂਦਾ। ਜਦੋਂ ਸ਼ਾਹਜਹਾਨ ਦੀਆਂ ਫੌਜਾਂ ਬਾਜ਼ ਲੈਣ ਲਈ ਆਈਆਂ ਤਾਂ ਗੁਰੂ ਸਾਹਿਬ ਨੇ ਸਾਫ ਇਨਕਾਰ ਕਰ ਦਿੱਤਾ। 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਅਨੁਸਾਰ

'ਤਿਨ ਕੋ ਬਾਜ ਨਹੀਂ ਮੈਂ ਦੇਨਾ।
ਤਾਜ ਬਾਜ ਤਿਨ ਕੇ ਸਭ ਲੈਨਾ।
ਦੇਸ ਰਾਜ ਮੈ ਤਿਨ ਕੇ ਲੈ ਹੋਂ।
ਗਰੀਬ ਅਨਾਥਨਿ ਕੋ ਸਭ ਦੇਹੋਂ।29।

ਸ਼ਾਹੀ ਫੌਜਾਂ ਦੀਆਂ ਲਗਾਤਾਰ ਧਮਕੀਆਂ ਦੇ ਬਾਵਜੂਦ ਗੁਰੂ ਸਾਹਿਬ ਨੇ ਬਾਜ਼ ਵਾਪਸ ਨਾ ਦਿੱਤਾ ਜਿਸ ਕਾਰਨ 14 ਅਪ੍ਰੈਲ 1634 ਨੂੰ ਪਿੱਪਲੀ ਸਾਹਿਬ ਲਾਗੇ, ਅਜੋਕੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਮੁਕਾਮ ਤੇ ਭਾਰੀ ਜੰਗ ਹੋਈ। ਇਸੇ ਜੰਗ ਵਿੱਚ ਸ਼ਾਹਜਹਾਨ ਦਾ

ਭੇਜਿਆ ਮੁਰਤਜ਼ਾ ਖਾਨ ਫੌਜਦਾਰ (ਜੋ 7000 ਫੌਜ ਲੈ ਕੇ ਲਾਹੌਰ ਤੋਂ ਆਇਆ ਸੀ) ਮਾਰਿਆ ਗਿਆ। ਮੁਗ਼ਲ ਫੌਜਾਂ ਅਤੇ ਸਿੱਖਾਂ ਦੇ ਕਾਫ਼ੀ ਸਿਪਾਹੀ ਵੀ ਦੋਹਾਂ ਪਾਸਿਓਂ ਮਾਰੇ ਗਏ ਸਨ।

ਗੁਰੂ ਅਰਜਨ ਸਾਹਿਬ ਲਾਹੌਰ ਜਾਣ ਤੋਂ ਪਹਿਲਾਂ ਬੇਟੇ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਤਾਕੀਦ ਕਰ ਗਏ ਸਨ "ਆਪਣੇ ਤਖ਼ਤ ਤੇ ਖ਼ੁਦ ਮੁਖ਼ਤਿਆਰ ਹੋ ਕੇ ਬੈਠੋ ਅਤੇ ਆਪਣੀ ਯੋਗਤਾ ਅਨੁਸਾਰ ਫੌਜ ਰੱਖੋ। ਗੁਰੂ ਹਰਿਗੋਬਿੰਦ ਸਾਹਿਬ ਨੇ 'ਅਕਾਲ ਤਖ਼ਤ ਸਾਹਿਬ' ਪ੍ਰਗਟ ਕਰਨ ਤੋਂ ਬਾਅਦ ਹੀ ਸੁਤੰਤਰਤਾ ਦੇ ਚਿੰਨ੍ਹ ਕਲਗੀ, ਦਸਤਾਰ, ਬਾਜ਼, ਘੋੜੇ ਹਥਿਆਰ ਆਦਿ ਵੀ ਰੱਖੇ ਜਿਨ੍ਹਾਂ ਦੀ ਮੁਗ਼ਲ ਹਕੂਮਤ ਸਮੇਂ ਰੱਖਣ ਤੋਂ ਮਨਾਹੀ ਕੀਤੀ ਗਈ ਸੀ।

ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਵੀ "ਬਾਜ਼" ਨਾਲ ਇਕ ਘਟਨਾ ਜੁੜੀ ਹੋਈ ਹੈ। ਗੁਰੂ ਸਾਹਿਬ 1688 ਈ: ਨੂੰ ਬਿਲਾਸਪੁਰ ਵਿਚ ਆਏ ਸਨ। ਬਿਲਾਸਪੁਰ ਦੇ ਪੱਛਮ ਵੱਲ ਇਕ ਪਿੰਡ "ਛੋਟਾ ਮਰਵਾ" ਵਿਚ ਆ ਕੇ ਕਿਆਮ ਕੀਤਾ। ਗੁਰੂ ਸਾਹਿਬ ਕਪਾਲਮੋਚਨ ਨੇੜੇ ਬਿਲਾਸਪੁਰ ਸੈਰ ਕਰਨ ਆਏ ਸਨ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਬਾਜ਼, ਜਿਸ ਦਾ ਨਾਂ ਗੋਲਾ ਸੀ, ਪਿੰਡ ਦੇ ਇਕ ਉੱਚੇ ਦਰੱਖਤ ਉਪਰ ਜਾ ਬੈਠਾ। ਕੁਝ ਸਿੱਖ ਬਾਜ਼ ਫੜਨ ਲਈ ਗਏ ਪਰ ਬਾਜ਼ ਨੇ ਆਉਣ ਦਾ ਕੋਈ ਸੰਕੇਤ ਨਾ ਦਿੱਤਾ। ਆਖ਼ਰਕਾਰ ਗੁਰੂ ਸਾਹਿਬ ਨੂੰ ਆਪ ਜਾਣਾ ਪਿਆ ਅਤੇ ਬਾਜ਼ ਨੂੰ ਪਿਆਰ ਨਾਲ ਬੁਲਾਇਆ, "ਗੋਲਾ ਭੋਲਾ, ਇੰਞ ਆਪਣੇ ਉਸਤਾਦ ਤੋਂ ਮੁੱਖ ਨਹੀਂ ਮੋੜਦੇ।" ਇਹ ਲਫ਼ਜ਼ ਸੁਣਦੇ ਸਾਰ ਹੀ ਬਾਜ਼ ਹੇਠਾਂ ਆ ਕੇ ਬਾਜ਼ਾਂ ਵਾਲੇ ਪਾਤਸ਼ਾਹ ਦੇ ਬਾਜੂਬੰਦ ਤੇ ਬਹਿ ਗਿਆ। ਇਸ ਇਤਿਹਾਸਕ ਗੁਰਦੁਆਰੇ ਦਾ ਨਾਂ ਵੀ ਗੁਰੂ ਸਾਹਿਬ ਦੇ ਬਾਜ਼ 'ਗੋਲਾ' ਦੇ ਨਾਂ ਤੇ 'ਗੁਰਦੁਆਰਾ ਗੋਲਪੁਰ ਸਾਹਿਬ' ਰੱਖਿਆ ਗਿਆ ਹੈ।

ਸਿੱਖ ਗੁਰੂ ਸਾਹਿਬਾਨ ਨੇ ਤਵਾਰੀਖ਼ ਵਿਚ ਕੁਝ ਅਜਿਹੀਆਂ ਸ੍ਵੈ-ਚਾਲਕ ਸ਼ਕਤੀਆਂ ਨੂੰ ਪ੍ਰਗਟ ਕੀਤਾ ਜਿਸ ਕਾਰਨ ਤਵਾਰੀਖ਼ ਆਪਣੇ ਹਰ ਪਹਿਲੂ ਵਿਚ ਵੱਟਣ ਤੇ ਮਜਬੂਰ ਹੋ ਗਈ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ ਕੈਪਟਨ ਮੁਰੇ ਨੇ ਭਾਈ ਰਤਨ ਸਿੰਘ ਭੰਗੂ ਨੂੰ ਪੁਛਿਆ ਕਿ ਸਿੱਖਾਂ ਨੇ ਪਾਤਸ਼ਾਹੀ ਕਿਵੇਂ ਹਾਸਲ ਕੀਤੀ ਤਾਂ ਉਸ ਨੇ ਕਿਹਾ:

ਸਾਰੀ ਹਿੰਦ ਚੁਗ ਤਿਨਿ ਪਾਸ, ਕੌਣ ਗਜ਼ਬ ਕਰ ਏ ਭਏ ਨਾਸ
ਰਯਤ ਛੇਲੀ ਹਾਕਮ ਸ਼ੇਰ, ਹਾਕਮ ਬਾਜ਼ ਔ ਰਯਤ ਬਟੇਰ ॥ 4 ॥
ਦੋਹਰਾ-ਛੇਲੀਅਨ ਮਾਰੇ ਸ਼ੇਰ ਕਿਮ, ਕਿਮ ਬਟੇਰਨ ਮਾਰੇ ਬਾਜ਼,
ਹਾਕਮ ਮਾਰੇ ਰੱਯਤੈਂ ਯਹ ਕਰਮਾਤਹਿ ਕਾਜ ॥ 15 ॥
(ਗੁਰੂ ਪੰਥ ਪ੍ਰਕਾਸ਼, ਰਤਨ ਸਿੰਘ, ਸਫ਼ਾ: 40)

* * *

ਸਿੱਖ ਕਿਲਿਆਂ ਦੀ ਦਾਸਤਾਨ

ਕਿਲੇ ਦੀ ਹਮੇਸ਼ਾ ਫ਼ੌਜੀ ਪੈਂਤੜੇਬਾਜ਼ੀ ਤੋਂ ਅਹਿਮ ਭੂਮਿਕਾ ਰਹੀ ਹੈ। ਕਿਲ੍ਹੇ ਦੀ ਪਰਿਭਾਸ਼ਾ ਬਾਰੇ ਇੰਝ ਲਿਖਿਆ ਮਿਲਦਾ ਹੈ, 'ਗੜ੍ਹ, ਦੁਰਗ, ਉਹ ਇਮਾਰਤ ਜਿਸ ਵਿੱਚ ਫ਼ੌਜ ਰਹਿੰਦੀ ਹੈ ਤੇ ਜਿਸ ਦੇ ਚੌਹੀਂ ਬੰਨੀ ਉੱਚੀ ਕੰਧ ਹੁੰਦੀ ਹੈ। ਇਸ ਵਿੱਚ ਥਾਂ-ਥਾਂ ਮੋਰਚਿਆਂ ਲਈ ਬੁਰਜ ਬਣੇ ਹੋਏ ਹਨ।' *(ਪੰਜਾਬੀ-ਕੋਸ਼, ਜਿਲਦ ਪਹਿਲੀ, ਮਿਤੀ ਰਹਿਤ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਸਫ਼ਾ 459)*

ਭਾਈ ਕਾਨ੍ਹ ਸਿੰਘ ਨਾਭਾ ਵੀ ਇਸ ਨੂੰ 'ਸੰਗਯਾ-ਦੁਰਗ, ਗੜ੍ਹ' ਲਿਖਿਆ ਹੈ। *(ਗੁਰਸ਼ਬਦ ਰਤਨਾਕਰ ਮਹਾਨਕੋਸ਼, ਦਿੱਲੀ ਛਾਪ, 1990, ਸਫ਼ਾ 331)*

ਸਿੱਖ ਇਤਿਹਾਸ ਵਿੱਚ ਗੁਰੂ ਸਾਹਿਬਾਨ ਅਤੇ ਸਿੱਖ ਜਰਨੈਲਾਂ ਨੇ ਸਮੇਂ-ਸਮੇਂ ਸਿੱਖ ਫ਼ੌਜੀ ਨੁਕਤੇ ਤੋਂ ਅਹਿਮ ਕਿਲੇ ਹੀ ਨਹੀਂ ਉਸਾਰੇ ਸਗੋਂ ਸਿੱਖੀ ਜਾਹੋ-ਜਲਾਲ ਨੂੰ ਬਰਕਰਾਰ ਰੱਖਣ ਲਈ ਜ਼ਮਾਨੇ ਦਾ ਰੁੱਖ ਹੀ ਬਦਲ ਕੇ ਰੱਖ ਦਿੱਤਾ ਅਤੇ ਸੰਸਾਰ ਦੇ ਇਤਿਹਾਸ ਵਿੱਚ ਅਜਿਹੀ ਭੂਮਿਕਾ ਨਿਭਾਈ ਜਿਸ ਨੂੰ ਪੜ੍ਹ ਕੇ ਅੱਜ ਵੀ ਸੰਸਾਰ ਦੇ ਲੋਕ ਹੈਰਾਨ ਹੋਣੋਂ ਨਹੀਂ ਰਹਿ ਸਕਦੇ। ਸਿੱਖ ਇਤਿਹਾਸ ਵਿੱਚ ਅਨੇਕਾਂ ਕਿਲਿਆਂ ਦਾ ਜ਼ਿਕਰ ਆਉਂਦਾ ਹੈ ਜੋ ਗੁਰੂ ਸਾਹਿਬਾਨ ਅਤੇ ਸਿੱਖ ਜਰਨੈਲਾਂ ਨਾਲ ਸਬੰਧਿਤ ਰਹੇ ਹਨ।

ਕਿਲਾ ਲੋਹਗੜ੍ਹ ਸਾਹਿਬ- ਅੰਮ੍ਰਿਤਸਰ ਦੇ ਦਰਬਾਰ ਸਾਹਿਬ ਤੋਂ ਤਕਰੀਬਨ ਇਕ ਕਿਲੋਮੀਟਰ ਦੂਰ ਕਿਲੇ ਲੋਹਗੜ੍ਹ ਸਾਹਿਬ ਸਥਿਤ ਹੈ, ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਅੰਮ੍ਰਿਤਸਰ ਸ਼ਹਿਰ ਦੀ ਰਖਿਆ ਲਈ ਉਸਾਰਿਆ ਸੀ। ਗੁਰੂ ਸਾਹਿਬ ਅਤੇ ਸ਼ਾਹੀ ਫ਼ੌਜਾਂ ਵਿਚਕਾਰ ਮਈ 1629 ਵਿੱਚ ਮਖੱਲਸ ਖ਼ਾਨ ਦੀਆਂ ਫ਼ੌਜਾਂ ਨਾਲ ਲੜਾਈ ਹੋਈ ਸੀ। ਇਸੇ ਕਿਲੇ ਵਾਲੀ ਥਾਂ 'ਤੇ ਹੁਣ ਗੁਰਦੁਆਰਾ ਸਾਹਿਬ ਉਸਾਰਿਆ ਗਿਆ ਹੈ। ਇਸ ਕਿਲੇ ਨੂੰ ਇਕ ਵਾਰ ਸ਼ਾਹ ਦੁਰਾਨੀ ਨੇ ਆਪਣੇ ਇਕ ਹਮਲੇ ਵਿੱਚ ਨਸ਼ਟ ਕਰ ਦਿੱਤਾ ਸੀ। ਇਸ ਦੇ ਲਾਗੇ ਜੋ ਲੋਹਗੜ੍ਹ ਗੇਟ ਸ਼ਹਿਰ ਦੀ ਦੀਵਾਰ ਕੋਲ ਬਣਿਆ ਹੈ ਉਹ ਮਹਾਰਾਜਾ ਰਣਜੀਤ ਸਿੰਘ ਨੇ ਬਣਾਇਆ ਸੀ।

ਕਿਲਾ ਗਵਾਲੀਅਰ- ਇਹ ਗਵਾਲੀਅਰ ਸ਼ਹਿਰ ਤੋਂ ਤਿੰਨ ਕਿਲੋਮੀਟਰ ਦੂਰ ਹੈ। ਇਹ ਕਿਲਾ ਇਕ ਪਹਾੜੀ 'ਤੇ ਉਸਾਰਿਆ ਗਿਆ ਹੈ ਜੋ 100 ਮੀਟਰ ਉੱਚੀ ਹੈ। ਇਹ ਕਿਲਾ ਦੋ ਕਿਲੋਮੀਟਰ ਲੰਮਾ ਅਤੇ 600 ਮੀਟਰ ਚੌੜਾ ਹੈ। ਕਿਲੇ ਦੀਆਂ ਦੀਵਾਰਾਂ ਛੇ ਮੀਟਰ ਉੱਚੀਆਂ ਹਨ। ਇਸ ਕਿਲੇ ਵਿੱਚ ਮੁਗਲ ਬਾਦਸ਼ਾਹ, ਸ਼ਾਹੀ ਕੈਦੀਆਂ ਨੂੰ ਰੱਖਦੇ ਸਨ। ਇਸੇ ਕਿਲੇ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਨੂੰ ਕੁਝ ਵਰ੍ਹੇ ਜਹਾਂਗੀਰ ਬਾਦਸ਼ਾਹ ਨੇ ਕੈਦ ਰੱਖਿਆ ਸੀ। ਅਕਤੂਬਰ 1619 ਈਸਵੀ ਨੂੰ ਗੁਰੂ ਸਾਹਿਬ ਦੀ ਬੰਦਖਲਾਸੀ ਹੋਈ ਸੀ ਅਤੇ 52 ਪ੍ਰਮੁੱਖ ਸ਼ਾਹੀ ਕੈਦੀਆਂ ਦੀ ਬੰਦਖਲਾਸੀ ਗੁਰੂ ਜੀ ਨੇ ਕਰਾਈ ਸੀ ਜਿਸ ਕਾਰਨ ਗੁਰੂ ਸਾਹਿਬ ਨੂੰ 'ਦਾਤਾ ਬੰਦੀ ਛੋੜ' ਕਰਕੇ ਯਾਦ ਕੀਤਾ ਜਾਂਦਾ ਹੈ। 1619 ਨੂੰ ਭਾਈ ਹਰਿ ਦਾਸ ਯਾਦਵ (ਬੇਟਾ ਭਾਈ ਹਰਬੰਸ ਲਾਲ) ਉਸ ਸਮੇਂ ਕਿਲੇ ਦਾ ਜੇਲ੍ਹਰ ਸੀ। ਕਿਲੇ ਦੇ ਅੰਦਰ 'ਗੁਰਦੁਆਰਾ ਦਾਤਾ ਬੰਦੀ ਛੋੜ,

ਪਾਤਸ਼ਾਹੀ ਛੇਵੀਂ ਇਤਿਹਾਸਕ ਗੁਰਦੁਆਰਾ, ਗੁਰੂ ਸਾਹਿਬ ਦੀ ਯਾਦ ਵਿੱਚ ਸੁਸ਼ੋਭਿਤ ਹੈ। ਅਜੋਕੀ ਗੁਰਦੁਆਰਾ ਸਾਹਿਬ ਦੀ ਇਮਾਰਤ 1968-69 ਵਿੱਚ ਬਣੀ ਹੈ।

ਕਿਲਾ ਲੋਹਗੜ੍ਹ ਸਾਹਿਬ- ਇਹ ਕਿਲਾ 1689 ਈ: ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਰਿਆ ਪਾਸਿਓਂ ਬਣਾਇਆ ਸੀ ਜੋ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਅੱਧਾ ਕਿਲੋਮੀਟਰ ਦੂਰ ਹੈ। ਇਥੇ ਹੀ ਭਾਈ ਬਚਿੱਤਰ ਸਿੰਘ ਕਲਗੀਧਰ ਪਾਤਸ਼ਾਹ ਦੀ ਥਾਪਨਾ ਲੈ ਕੇ ਮਸਤ ਹਾਥੀ ਦਾ ਮੁਕਾਬਲਾ ਕੀਤਾ ਸੀ ਜਦੋਂ ਪਹਾੜੀ ਰਾਜਿਆਂ ਨੇ 1700 ਈਸਵੀ ਵਿੱਚ ਆਨੰਦਪੁਰ ਦਾ ਘੇਰਾ ਕੀਤਾ ਸੀ। ਹੁਣ ਇਥੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ 1980 ਵਿੱਚ ਬਣੀ ਹੈ।

ਕਿਲਾ ਹੋਲਗੜ੍ਹ ਸਾਹਿਬ- ਇਹ ਕਿਲਾ 15 ਕਿਲੋਮੀਟਰ ਦੂਰ ਚਰਨ-ਗੰਗਾ ਨਦੀ ਦੇ ਲਾਗੇ ਹੈ। ਇਥੇ ਹੀ 1701 ਈਸਵੀ ਦੀਆਂ ਗਰਮੀਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੇ ਮਹੱਲੇ ਦੀ ਸ਼ੁਰੂਆਤ ਕੀਤੀ ਸੀ। ਗੁਰੂ ਸਾਹਿਬ ਨੇ ਹੋਲੇ ਮਹੱਲੇ ਨੂੰ ਸੂਰਮਗਤੀ ਅਤੇ ਜੰਗਜੂ ਖੇਡਾਂ ਨਾਲ ਖ਼ਾਲਸੇ ਨੂੰ ਸਰਸ਼ਾਰ ਕਰ ਦਿੱਤਾ ਸੀ। ਹਰ ਵਰ੍ਹੇ ਗੁਰੂ ਸਾਹਿਬ ਹੋਲੇ ਮਨਾਉਣ ਲਈ ਵਿਸ਼ੇਸ਼ ਪ੍ਰਬੰਧ ਕਰਦੇ ਸਨ। ਅੱਜ ਵੀ ਹੋਲਾ ਮਹੱਲਾ ਸਿੱਖਾਂ ਦਾ ਪ੍ਰਸਿੱਧ ਤਿਉਹਾਰ ਹੈ। ਨਵੀਂ ਇਮਾਰਤ 1970 ਵਿੱਚ ਮੁਕੰਮਲ ਕੀਤੀ ਗਈ ਸੀ।

ਕਿਲਾ ਕੇਸਗੜ੍ਹ ਸਾਹਿਬ- ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਵਿਸਾਖੀ ਦਾ ਅਨੋਖਾ 'ਸੀਸ ਭੇਟ ਕੌਤਕ' ਰਚਾਇਆ ਅਤੇ ਖ਼ਾਲਸਾ ਪੰਥ ਸਜਾਇਆ ਸੀ। ਇਥੇ ਹੁਣ ਗੁਰਦੁਆਰਾ ਸਾਹਿਬ ਟਿੱਬੀ ਤੇ ਸੁਸ਼ੋਭਿਤ ਹੈ। ਇਹ ਕਿਲਾ ਵੀ ਗੁਰੂ ਸਾਹਿਬ ਨੇ ਉਸਾਰਿਆ ਸੀ। ਅਜੋਕੀ ਇਮਾਰਤ 1936-44 ਵਿੱਚ ਬਣੀ ਹੈ। ਗੁਰੂ ਸਾਹਿਬ ਦੇ ਇਥੇ ਪਵਿੱਤਰ ਪੁਰਾਣੇ ਸ਼ਸਤਰ ਅਤੇ ਨਿਸ਼ਾਨੀਆਂ ਵੀ ਸੁਸ਼ੋਭਾਇਮਾਨ ਹਨ।

ਕਿਲਾ ਅਨੰਦਗੜ੍ਹ ਸਾਹਿਬ- ਇਹ ਕਿਲਾ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿੱਚ 1689 ਈ. ਵਿੱਚ ਉਸਾਰਿਆ ਸੀ। ਇਥੇ ਕਿਲੇ ਦੇ ਅੰਦਰ ਹੀ ਇਕ 135 ਪੌੜੀਆਂ ਵਾਲੀ ਬਾਉਲੀ ਹੈ। ਹੁਣ ਇਸ ਕਿਲੇ ਵਾਲੀ ਥਾਂ 'ਤੇ ਰਮਣੀਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

ਕਿਲਾ ਫ਼ਤਹਿਗੜ੍ਹ ਸਾਹਿਬ- ਇਹ ਅਨੰਦਪੁਰ ਸਾਹਿਬ ਦਾ ਕਿਲਾ ਹੈ ਅਤੇ ਹੁਣ ਇਥੇ ਗੁਰਦੁਆਰਾ ਸਾਹਿਬ ਬਣਿਆ ਹੈ। 1689 ਵਿੱਚ ਇਥੇ ਹੀ ਗੁਰੂ ਸਾਹਿਬ ਨੇ ਇਕ ਵੱਡਾ ਕਿਲਾ ਉਸਾਰਿਆ ਸੀ। 29 ਅਗਸਤ 1700 ਨੂੰ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਸਿੱਖਾਂ 'ਤੇ ਹਮਲਾ ਕੀਤਾ ਸੀ। 30 ਅਗਸਤ 1700 ਨੂੰ ਭਾਰੀ ਯੁੱਧ ਹੋਇਅ ਸੀ। ਇਸ ਲੜਾਈ ਵਿੱਚ ਭਾਈ ਭਗਵਾਨ ਸਿੰਘ ਸਪੁੱਤਰ ਭਾਈ ਆਲਮ ਸਿੰਘ (ਬੇਟਾ ਭਾਈ ਦਰਿਆ) ਭਾਈ ਜਵਾਹਰ ਸਿੰਘ (ਬੇਟਾ ਲੱਖੀ ਰਾਇ ਯਾਦਵੋ ਵਣਜਾਰਾ) ਆਦਿ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ।

ਕਿਲਾ ਗੋਬਿੰਦਗੜ੍ਹ- ਇਹ ਕਿਲਾ ਕਮਲਾਗੜ੍ਹ ਦੇ ਲਾਗੇ ਹੈ ਜੋ ਹਿਮਾਚਲ ਪ੍ਰਦੇਸ਼ ਵਿੱਚ ਆਉਂਦਾ ਹੈ। ਇਹ ਮੰਡੀ ਤੋਂ 38 ਕਿਲੋਮੀਟਰ ਦੂਰ ਹੈ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਏ ਹਨ। ਇਹ ਕਿਲਾ ਅਸਲੋ-ਮੰਡੀ ਦੇ ਬਾਦਸ਼ਾਹ ਨੇ ਬਣਾਇਆ ਸੀ ਪਰ ਗੁਰੂ ਸਾਹਿਬ ਦੀ ਪਵਿੱਤਰ ਫੇਰੀ ਕਾਰਨ ਇਸ ਦਾ ਨਾਂ ਗੋਬਿੰਦਗੜ੍ਹ ਰੱਖਿਆ ਸੀ।

ਗੜ੍ਹੀ ਸਾਹਿਬ- ਇਹ ਉਹ ਕਿਲਾ-ਨੁਮਾ ਇਮਾਰਤ ਸੀ ਜਿੱਥੇ 7 ਦਸੰਬਰ 1705 ਵਿੱਚ

ਸ਼ਾਹੀ ਫ਼ੌਜਾਂ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਝੜੱਪ ਹੋਈ ਸੀ। ਇਥੇ ਹੀ ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਤੇ ਹੋਰ ਸਿੰਘ ਬੜੀ ਬਹਾਦਰੀ ਨਾਲ ਲੜਦੇ ਹੋਏ ਸ਼ਹੀਦੀਆਂ ਪਾ ਗਏ ਸਨ। ਗੁਰੂ ਸਾਹਿਬ ਅਤੇ ਕੁਝ ਸਿੰਘ ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਰਾਤ ਗੜ੍ਹੀ 'ਚ ਰਵਾਨਾ ਹੋ ਗਏ ਸਨ।

ਰਣਜੀਤ ਗੜ੍ਹ- ਇਹ ਗੁਰਦੁਆਰਾ ਸ਼ਹਿਰ ਤੋਂ ਬਾਹਰਵਾਰ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜਦੋਂ ਕੁਰੂਕਸ਼ੇਤਰ ਤੋਂ ਅਨੰਦਪੁਰ ਸਾਹਿਬ 1703 ਵਿੱਚ ਆਏ ਤਾਂ ਦੋ ਸ਼ਾਹੀ ਜਰਨੈਲ ਸ਼ਾਇਦ ਬੈਗ ਅਤੇ ਅਲੀਬੇਗ ਵੀ ਆਪਣੀਆਂ ਫ਼ੌਜਾਂ ਸਮੇਤ ਲਾਹੌਰ ਵੱਲ ਜਾ ਰਹੇ ਸਨ। ਕਹਿਲੂਰ ਦੇ ਰਾਜੇ ਅਜਮੇਰ ਚੰਦ ਨੇ ਦੋਵਾਂ ਜਰਨੈਲਾਂ ਨੂੰ ਬਹੁਤ ਸਾਰੇ ਪੈਸਿਆਂ ਦਾ ਵਾਅਦਾ ਕੀਤਾ ਤਾਂ ਜੋ ਉਹ ਗੁਰੂ ਸਾਹਿਬ ਤੇ ਹਮਲਾ ਕਰਨ। ਇਸੇ ਥਾਂ ਛੋਟੀ ਝੜੱਪ ਹੋਈ ਸੀ। ਦੋਵੇਂ ਜਰਨੈਲ ਗੁਰੂ ਸਾਹਿਬ ਦਾ ਤੇਜ ਪ੍ਰਤਾਪ ਨਾ ਸਹਾਰਦੇ ਹੋਏ ਲੜਾਈ ਵਿੱਚੋਂ ਭੱਜ ਗਏ ਸਨ। ਇਹ ਗੱਲ 15 ਜਨਵਰੀ 1703 ਦੀ ਹੈ। ਗੁਰਦੁਆਰਾ ਰਣਜੀਤਗੜ੍ਹ, ਇਸੇ ਲੜਾਈ ਦੀ ਯਾਦ ਵਿੱਚ ਪਿੱਛੇ ਜਿਹੇ ਬਣਾਇਆ ਗਿਆ ਹੈ।

ਕਿਲਾ ਲੋਹਗੜ੍ਹ, ਮਖਲਸਪੁਰ- ਇਹ ਸਢੌਰਾ ਨੇੜੇ ਹੈ। ਇਸ ਕਿਲੇ ਦਾ ਪਹਿਲਾ ਨਾਂ ਮਖੱਲਸਗੜ੍ਹ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਦਾ ਨਾਂ ਲੋਹਗੜ੍ਹ ਕਿਲਾ ਰੱਖਿਆ। ਭਾਰੀ ਮੁਗ਼ਲ ਫ਼ੌਜਾਂ ਨੇ 10 ਦਸੰਬਰ 1710 ਨੂੰ ਹਮਲਾ ਕੀਤਾ ਸੀ ਪਰ ਬਾਬਾ ਬੰਦਾ ਸਿੰਘ ਬਹਾਦਰ ਸੁਰੱਖਿਅਤ ਇਸ ਵਿੱਚੋਂ ਨਿਕਲ ਗਏ ਸਨ।

ਕਿਲਾ ਲੋਹਗੜ੍ਹ, ਗੁਰਦਾਸਪੁਰ- ਇਹ ਕਿਲਾ ਕੋਟ ਮਿਰਜ਼ਾ ਖ਼ਾਨ ਗੁਰਦਾਸਪੁਰ ਵਿੱਚ ਹੈ। ਇਸਦਾ ਨਿਰਮਾਣ ਵੀ ਬਾਬਾ ਬੰਦਾ ਸਿੰਘ ਬਹਾਦਰ ਨੇ 1712 ਈ. ਵਿੱਚ ਸ਼ੁਰੂ ਕੀਤਾ ਸੀ।

ਕਿਲਾ ਰਾਮਗੜ੍ਹ- ਰਾਮਰੌਣੀ ਦਾ ਕਿਲਾ 1746 ਵਿੱਚ ਸਰਬੱਤ ਖ਼ਾਲਸਾ ਨੇ ਅੰਮ੍ਰਿਤਸਰ ਸ਼ਹਿਰ ਦੇ ਬਾਹਰਵਾਰ ਤਾਮੀਰ ਕੀਤਾ ਸੀ। ਇਸ ਨੂੰ ਦੁਬਾਰਾ ਭਾਈ ਜੱਸਾ ਸਿੰਘ ਨੇ ਨਿਰਮਾਣ ਕੀਤਾ ਸੀ। ਇਸਦਾ ਨਾਂ ਵੀ ਗੁਰੂ ਰਾਮਦਾਸ ਸਾਹਿਬ ਦੇ ਨਾਂ 'ਤੇ 'ਰਾਮਗੜ੍ਹ' ਰੱਖਿਆ ਗਿਆ ਸੀ। ਇਸੇ ਕਾਰਨ ਮਿਸਲ ਦਾ ਨਾਂ ਵੀ ਰਾਮਗੜ੍ਹੀਆ ਪ੍ਰਸਿੱਧ ਹੋ ਗਿਆ।

ਕਿਲਾ ਗੋਬਿੰਦਗੜ੍ਹ, ਅੰਮ੍ਰਿਤਸਰ- ਇਹ ਪ੍ਰਸਿੱਧ ਕਿਲਾ ਅੰਮ੍ਰਿਤਸਰ ਵਿੱਚ 1805-09 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਾਹਿਬ ਸਿੰਘ ਭੰਗੀ ਵੱਲੋਂ ਬਣਾਏ ਕਿਲੇ ਦੀ ਥੇਹ 'ਤੇ ਦੁਬਾਰਾ ਕਿਲਾ ਉਸਾਰਿਆ ਸੀ। ਇਥੇ ਹੀ ਮਹਾਰਾਜਾ ਰਣਜੀਤ ਸਿੰਘ ਸਿੱਕਿਆਂ ਲਈ ਟਕਸਾਲ ਅਤੇ ਹੋਰ ਮੁਲਕੀ ਹੀਰੇ ਜਵਾਹਰਾਤ, ਸੋਨੇ ਅਤੇ ਚਾਂਦੀ ਦਾ ਖ਼ਜ਼ਾਨਾ ਰਖਿਆ ਕਰਦੇ ਸਨ।

ਕਿਲਾ ਗੋਬਿੰਦਗੜ੍ਹ, ਬਠਿੰਡਾ- ਬਠਿੰਡੇ ਦੇ ਕਿਲੇ ਦਾ ਨਾਂ ਗੋਬਿੰਦਗੜ੍ਹ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਰਖਿਆ ਸੀ। ਕਿਲੇ ਦੇ ਅੰਦਰ ਹੀ ਕਲਗੀਧਰ ਪਿਤਾ ਦੀ ਯਾਦ ਵਿੱਚ ਗੁਰਦੁਆਰ ਬਣਿਆ ਹੈ।

ਕਿਲਾ ਜਮਰੌਦ- ਇਹ ਦੀ ਨੀਂਹ ਪ੍ਰਸਿੱਧ ਜਰਨੈਲ ਸ੍ਰ. ਹਰੀ ਸਿੰਘ ਨਲਵਾ ਨੇ 17 ਅਕਤੂਬਰ 1836 ਈ. ਨੂੰ ਆਪਣੇ ਹੱਥੀਂ ਰੱਖੀ ਸੀ। ਇਹ ਕਿਲਾ ਇਕ ਮਹੀਨੇ ਤੇ 25 ਦਿਨਾਂ ਵਿੱਚ ਰਾਤ-ਦਿਨ ਲਗਾ ਕੇ ਤਿਆਰ ਕੀਤਾ ਗਿਆ ਸੀ। ਇਹ ਕਿਲਾ ਦੱਰਾ ਖੈਬਰ ਦੇ ਨਜ਼ਦੀਕ ਸੀ ਤਾਂ ਜੋ ਆਉਣ ਵਾਲੇ ਹਮਲਾਵਰਾਂ ਦੇ ਰਾਹ ਵਿੱਚ ਪੂਰੀ ਰੁਕਾਵਟ ਪਾਉਣ ਦੇ ਸਮਰੱਥ ਸੀ। ਇਸ ਕਿਲੇ ਦੀ ਮਜ਼ੇਦਾਰ ਗੱਲ ਇਹ ਹੈ ਕਿ ਕਿਲੇ ਦੀ ਤਿਆਰੀ ਲਈ ਵਾਸੀ ਪਠਾਣਾਂ ਨੂੰ ਇਕ ਕੌਡੀ, ਇਕ ਟੋਕਰੀ ਦੇ ਕੇ ਮਜ਼ਦੂਰੀ ਕਰਾਈ ਗਈ, ਜਿਨ੍ਹਾਂ ਦੇ ਰਾਹ ਦੀ ਰੋਕ ਵਾਸਤੇ

ਇਹ ਕਿਲਾ ਬਣਾਉਣ ਦੀ ਨੀਂਹ ਰੱਖੀ ਗਈ ਸੀ। ਇਸ ਕਿਲੇ ਦੇ ਨਿਰਮਾਣ ਨਾਲ ਕਾਬਲ ਵਿੱਚ ਹਫੜਾ-ਤਫੜੀ ਮੱਚ ਗਈ ਤੇ ਉਨ੍ਹਾਂ ਲਈ ਪੰਜਾਬ 'ਚ ਦਾਖ਼ਲ ਹੋਣ ਦਾ ਰਾਹ ਸਦਾ ਲਈ ਬੰਦ ਹੋ ਗਿਆ। ਇਥੇ ਹੀ 1837 ਈ. ਵਿੱਚ ਅਫ਼ਗਾਨ ਫ਼ੌਜਾਂ ਨਾਲ ਲੜਦਾ ਹੋਇਆ ਸ੍ਰ. ਨਲਵਾ ਸ਼ਹੀਦੀ ਪਾ ਗਿਆ ਸੀ। ਜਮਰੌਦ ਦੇ ਕਿਲੇ ਵਿੱਚ ਹੀ ਇਸ ਬਹਾਦਰ ਜਰਨੈਲ ਦੀ ਸਮਾਧ ਅਤੇ ਗੁਰਦੁਆਰਾ ਬਣਿਆ ਹੈ।

ਐਲਫ਼ ਕੈਰੋ ਅਨੁਸਾਰ ਪਠਾਣ ਔਰਤਾਂ ਆਪਣੇ ਬੱਚਿਆਂ ਨੂੰ ਅੱਜ ਵੀ 'ਹਰੀਆ ਰਾਂਗਲੇ' (ਹਰੀ ਸਿੰਘ ਨਲਵਾ ਆ ਗਿਆ) ਕਹਿ ਕੇ ਡਰਾਉਂਦੀਆਂ ਹਨ।

ਇਨ੍ਹਾਂ ਉਪਰੋਕਤ ਕਿਲਿਆਂ ਤੋਂ ਛੁਟ ਹੋਰ ਵੀ ਬਹੁਤ ਸਾਰੇ ਕਿਲੇ ਸਿੱਖ ਜਰਨੈਲਾਂ, ਮਹਾਰਾਜਿਆਂ ਨਾਲ ਸਬੰਧਿਤ ਰਹੇ ਹਨ, ਜਿਨ੍ਹਾਂ ਵਿੱਚ ਜ਼ਿਕਰਯੋਗ ਹਨ ਕਿਲੇ ਬਾੜਾ, ਕਿਲਾ ਸ਼ੰਕਰਗੜ੍ਹ, ਕਿਲਾ ਮਿਚਨੀ, ਕਿਲਾ ਬਾਲਾ ਹਿਸਾਰ, ਕਿਲਾ ਨੁਸ਼ਹਿਰਾ, ਕਿਲਾ ਜਹਾਂਗੀਰਾ, ਕਿਲਾ ਖੈਰਾਬਾਦ (ਸਾਰੇ ਇਲਾਕਾ ਪਿਸ਼ਾਵਰ), ਕਿਲਾ ਮਰਦਾਨ, ਕਿਲਾ ਹਰਿਕਿਸ਼ਨਗੜ੍ਹ (ਹਰੀਪੁਰ) ਸਰਾਏ ਸਾਲੇ ਦਾ ਕਿਲਾ, ਕਿਲਾ ਸਿਰੀਕੋਟ, ਕਿਲਾ ਤਰਬੇਲਾ, ਕਿਲਾ ਦਰਬੰਦ (ਹਰੀਪੁਰ), ਕਿਲਾ ਹਰੀ ਪਰਬਤ, ਕਿਲਾ ਸ਼ੇਰਗੜ੍ਹੀ (ਸ੍ਰੀਨਗਰ ਕਸ਼ਮੀਰ), ਕਿਲਾ ਮੁਬਾਰਖ (ਪਟਿਆਲਾ), ਕਿਲਾ ਸ਼ੇਰਗੜ੍ਹ, ਕਿਲਾ ਬਾਲਾਕੋਟ (ਹਜ਼ਾਰਾ), ਕਿਲਾ ਸ਼ੀਨ ਕਿਆਰੀ, ਕਿਲਾ ਮਾਨ ਸੇਹਰਾ, ਕਿਲਾ ਨਵਾਂ ਸ਼ਹਿਰ, ਕਿਲਾ ਧਮਧੋੜ, ਖਾਨਪੁਰ, ਕਿਲਾ ਊੜੀ (ਸ੍ਰੀਨਗਰ), ਕਿਲਾ ਮੁਜ਼ਫ਼ਰਾਬਾਦ, ਕਿਲਾ ਗੁਜਰਾਂਵਾਲਾ ਆਦਿ ਆਦਿ।

* * *

ਸਿੱਖ ਸਲਤਨਤ ਦੇ ਸਿੱਕੇ

ਸਿੱਕੇ ਕਿਸੇ ਵੀ ਸੁਤੰਤਰ ਰਾਜ ਦੇ ਚਿੰਨ੍ਹ ਦੀ ਨਿਸ਼ਾਨੀ ਹੁੰਦੇ ਹਨ। ਤਵਾਰੀਖ਼ ਵਿਚ ਸਿੱਕੇ ਰਾਜ-ਸੱਤਾ ਦਾ ਪ੍ਰਮੁੱਖ ਚਿੰਨ੍ਹ ਆਦਿ ਕਾਲ ਤੋਂ ਸਮਝੇ ਜਾਂਦੇ ਰਹੇ ਹਨ। ਹਰ ਰਾਜੇ ਮਹਾਰਾਜੇ ਦੀ ਮਨ ਦੀ ਲਾਲਸਾ ਸਿੱਕੇ ਚਲਾਉਣ ਦੀ ਰਹੀ ਹੈ। ਸਿੱਕਿਆਂ ਰਾਹੀਂ ਹੀ ਅਸੀਂ ਸਮੇਂ ਸਮੇਂ ਹੋਏ ਵੱਖ-ਵੱਖ ਬਾਦਸ਼ਾਹਾਂ ਅਤੇ ਥਾਵਾਂ ਬਾਰੇ, ਤਵਾਰੀਖ਼ ਦੀ ਸਹੀ ਨਿਸ਼ਾਨਦੇਹੀ ਕਰ ਸਕਦੇ ਹਾਂ। ਸਿੱਕਿਆਂ ਬਾਰੇ ਜੋ ਬਹੁਤੀ ਜਾਣਕਾਰੀ ਤਵਾਰੀਖ਼ਦਾਨਾਂ ਨੇ ਦਿੱਤੀ ਹੈ, ਉਹ ਬਹੁਤੀ ਦੂਜੇ ਲੇਖਕਾਂ 'ਤੇ ਹੀ ਨਿਰਭਰ ਕਰਦੀ ਹੈ। ਇੰਜ ਇਹ ਅਸਲੋਂ ਸਿੱਕਿਆਂ ਰਾਹੀਂ ਖ਼ਾਲਸ ਇਤਿਹਾਸ ਪੀੜ੍ਹੀਆਂ ਤੱਕ ਪੁੱਜਦਾ ਹੈ। ਬਹੁਤ ਹੀ ਘੱਟ ਇਤਿਹਾਸਕਾਰਾਂ ਨੇ ਸਿੱਕਿਆਂ ਦੀ ਪਰਖ-ਪੜਚੋਲ ਕਰਕੇ ਸਮਕਾਲੀ ਇਤਿਹਾਸ ਲਿਖਿਆ ਹੈ।

ਸਿੱਕਿਆਂ ਦੀ ਪਰਿਭਾਸ਼ਾ ਬਾਰੇ 'ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ' ਵਿਚ ਲਿਖਿਆ ਹੈ, "Sikh coins like coins anywhere else were both a commercial necessity and a symbol of sovereginty. Coins, derived from the Latin 'Cunnens' a wedge, through old French coing and cnigne," is properly the term for a wedge shaped die used for stamping money, and so transferred to the money so stamped: hence a piece of money. "The Punjabi word for coin, SIKKA, is borrowed from persian where it means both" a die "for coining and rule, law, regulation." (implying sovereignty).

ਸਿੱਖਾਂ ਨੇ ਆਪਣੇ ਸਿੱਕਿਆਂ ਉੱਤੇ ਫ਼ਾਰਸੀ ਭਾਸ਼ਾ ਹੀ ਉਕਰਾਈ ਜਿਵੇਂ ਮੁਗ਼ਲਾਂ ਦੇ ਸਿੱਕਿਆਂ ਉਪਰ ਪ੍ਰਚਲਤ ਸੀ। ਇੱਕ ਸੋਮੇ ਅਨੁਸਾਰ 'ਅਕਾਲ ਤਖ਼ਤ ਸਾਹਿਬ' ਟਕਸਾਲ ਤੋਂ ਵੀ ਸਿੱਕਾ ਚਾਲੂ ਹੋਇਆ ਦੱਸਿਆ ਜਾਂਦਾ ਹੈ। ਸੀ.ਜੇ. ਬਰਾਊਨ ਅਨੁਸਾਰ ਕੁੱਝ ਸਿੱਕੇ 'ਆਨੰਦਗੜ੍ਹ' ਵਿਚ ਵੀ ਢਾਲੇ ਗਏ। ਇਸ ਦੀ ਤਫ਼ਸੀਲ ਨਹੀਂ ਮਿਲਦੀ ਕਿ 'ਆਨੰਦਗੜ੍ਹ' ਵਿਚ ਨਵੀਂ ਟਕਸਾਲ ਚਾਲੂ ਹੋਈ ਜਾਂ ਗੁਰੂ ਸਾਹਿਬਾਨ ਤੋਂ ਚਲਦੀ ਆ ਰਹੀ ਕਿਸੇ ਟਕਸਾਲ ਵੱਲ ਸੰਕੇਤ ਹੈ, ਪਰ ਅਜੇ ਤੱਕ ਅਜਿਹਾ ਕੋਈ ਸਿੱਕਾ ਉਪਲਬਧ ਨਹੀਂ ਹੋ ਸਕਿਆ।

ਸਿੱਖ ਰਾਜ ਦੇ ਸਿੱਕੇ, ਮੁਗ਼ਲ ਕਾਲ ਦੇ ਸਿੱਕਿਆਂ ਦੀ ਬਣਤਰ ਵਾਂਗ ਹੀ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ 1710 ਈਸਵੀ ਦੇ ਸ਼ੁਰੂ ਵਿੱਚ ਸਰਹਿੰਦ ਫਤਿਹ ਕਰਕੇ ਪਹਿਲਾ ਸਿੱਕਾ ਸਿੱਖ ਰਾਜ ਦੇ ਮਖ਼ਲਸਗੜ੍ਹ ਤੋਂ ਚਾਲੂ ਕੀਤਾ, ਇਸ ਦਾ ਨਾਮ ਬਾਅਦ ਵਿੱਚ 'ਲੋਹਗੜ੍ਹ' ਰਖਿਆ ਗਿਆ। ਦੁਰਾਨੀ ਅਤੇ ਅਬਦਾਲੀ ਦੇ ਹਮਲਿਆਂ ਅਤੇ ਜ਼ੁਲਮਾਂ ਨੇ ਸਿੱਖ ਕੌਮ ਦੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਾਏ ਪੂਰਨਿਆਂ ਨੇ ਸਿੱਖ ਕੌਮ ਦੀ ਸੁੱਤੀ ਅਣਖ ਨੂੰ ਝੰਜੋੜਿਆ ਅਤੇ ਵੈਰੀ ਦੇ ਸਾਹਮਣੇ ਆਣ ਖੜ੍ਹਾ ਕੀਤਾ। ਦਸਵੇਂ ਪਾਤਸ਼ਾਹ ਦੀਆਂ ਬਖ਼ਸ਼ਿਸ਼ਾਂ ਅਤੇ ਅਸ਼ੀਰਵਾਦ ਨਾਲ 15 ਮਈ 1710 ਈਸਵੀ ਨੂੰ ਸਰਹਿੰਦ ਉੱਤੇ

ਕਬਜ਼ਾ ਕਰਕੇ ਖ਼ਾਲਸਾ ਦੇ ਫਤਿਹਯਾਬ ਹੋਣ ਦਾ ਸਿੱਕਾ ਚਾਲੂ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਜੋ ਸਿੱਖਾਂ ਦਾ ਪਹਿਲਾ ਸਿੱਕਾ ਚਾਲੂ ਕੀਤਾ, ਉਸ ਦੀ ਇਬਾਰਤ ਇਹ ਸੀ:

ਸਿੱਕੇ ਦੇ ਇੱਕ ਪਾਸੇ:

'ਸਿਕਾ ਜਦ ਬਰ ਹਰ ਦੋ ਆਲਮ
ਤੇਗ-ਏ-ਨਾਨਕ ਵਾਹਬ ਅਸਤ।
ਫ਼ਤਹ ਗੋਬਿੰਦ ਸਿੰਘ ਸ਼ਾਹ-ਏ-ਸ਼ਾਹਾਂ
ਫਜ਼ਲ ਸਚਾ ਸਾਹਿਬ ਅਸਤ।'

ਸਿੱਕੇ ਦੇ ਦੂਜੇ ਪਾਸੇ:

'ਜਰਬ-ਬਾ-ਆਮਾਨੁ ਦਹਿਰ
ਮੁਸੱਵਰਤ ਸ਼ਹਿਰ, ਜ਼ੀਨਤ ਤਖ਼ਤ, ਮੁਬਾਰਕ ਬਖ਼ਤ'

ਬਾਬਾ ਬੰਦਾ ਸਿੰਘ ਬਹਾਦਰ ਤੋਂ ਅਧੀ ਸਦੀ ਬਾਅਦ ਜਦੋਂ ਦਲ ਖ਼ਾਲਸਾ ਨੇ ਨਵੰਬਰ 1761 ਵਿੱਚ ਸ. ਜੱਸਾ ਸਿੰਘ ਆਹਲੂਵਾਲੀਆ (ਸੁਲਤਾਨੁਲ ਕੌਮ) ਦੀ ਕਮਾਨ ਹੇਠ ਲਾਹੌਰ ਨਵੰਬਰ 1761 ਵਿੱਚ ਆਰਜ਼ੀ ਤੌਰ ਤੇ ਫਤਹਿ ਕੀਤਾ ਤਾਂ ਲਾਹੌਰ ਦੀ ਟਕਸਾਲ ਤੋਂ ਉਸ ਦੇ ਨਾਮ ਦਾ ਅਧੂਰਾ ਸਿੱਕਾ ਚਲਾਇਆ ਸੀ ਜਿਸ ਉੱਪਰ ਇਹ ਸ਼ਬਦ ਉੱਕਰੇ ਹੋਏ ਸਨ:

"ਸਿੱਕਾ ਜ਼ਦ ਦਰ ਜਹਾਂ ਬਫ਼ਜ਼ਲੇ ਅਕਾਲ
ਮੁਲਕੇ ਅਹਿਮਦ ਗ੍ਰਿਫ਼ਤ ਜਸਾ ਕਲਾਲ।

ਸਿੱਖ ਸਿੱਕਾ-ਸ਼ਾਸਤਰੀ ਸ. ਮਨੋਹਰ ਸਿੰਘ ਮਾਰਕੋ ਅਨੁਸਾਰ, "ਇਹ ਵੀ ਕਿਹਾ ਜਾਂਦਾ ਹੈ ਕਿ ਉਪਰੋਕਤ ਅੱਖਰਾਂ ਵਾਲੇ ਕੇਵਲ 21 ਸਿੱਕੇ ਕਾਜ਼ੀਆਂ ਅਤੇ ਮੁਲਾਣਿਆਂ ਨੇ ਆਪ ਢਲਵਾ ਕੇ ਅਹਿਮਦਸ਼ਾਹ ਦੁਰਾਨੀ ਨੂੰ ਇਸ ਕਾਰਨ ਘਲੇ ਕਿ ਸਰਦਾਰ ਜੱਸਾ ਸਿੰਘ ਲਈ ਕਰੋਪੀ ਦਾ ਕਾਰਨ ਬਣ ਸਕਣ। ਇੱਕ ਹੋਰ ਲੇਖਕ ਖ਼ੁਸ਼ਬਖ਼ਤ ਰਾਏ ਅਨੁਸਾਰ ਇਹ ਸਿੱਕਾ ਕੁਝ ਕੁ ਦਿਨ ਹੀ ਚਲਿਆ ਬਾਅਦ ਵਿਚ ਅਧੂਰੇ ਨਾਂ ਦੀ ਵਿਰੋਧਤਾ ਕਾਰਨ ਇਹ ਸਿੱਕਾ ਬੰਦ ਕਰ ਦਿੱਤਾ ਗਿਆ।"

ਸਿੱਖਾਂ ਵਲੋਂ 1764 ਈਸਵੀ ਵਿਚ ਸਰਹੰਦ ਫ਼ਤਹਿ ਕਰਨ ਤੋਂ ਬਾਅਦ 'ਗੋਬਿੰਦ ਸ਼ਾਹੀ ਸਿੱਕਾ' ਸ਼ੁਰੂ ਕੀਤਾ ਗਿਆ। ਇਹ ਸਿੱਕਾ ਲਾਹੌਰ ਟਕਸਾਲ ਤੋਂ 1777 ਤੱਕ ਚਾਲੂ ਰਿਹਾ। ਇਸ ਦੀ ਇਬਾਰਤ ਇਹ ਸੀ:

"ਦੇਗੋ ਤੇਗੋ ਫ਼ਤਹ ਓ ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।"

ਸਿੱਕੇ ਦੇ ਦੂਜੇ ਪਾਸੇ ਇਹ ਸ਼ਬਦ ਸਨ:

'ਜ਼ਰਬ ਦਾਰੁਲ ਸਲਤਨਤ ਲਾਹੌਰ
ਸੰਮਤ 1822 ਮੈਮਨਤ ਮਾਨੂਸ'

ਇਹ ਲਫ਼ਜ਼ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਆਪਣੀ ਮੋਹਰਾਂ ਤੇ ਲਾਉਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਨੇ 1799 ਵਿੱਚ ਲਾਹੌਰ ਫ਼ਤਹਿ ਕੀਤਾ ਅਤੇ 1801 ਵਿੱਚ ਮਹਾਰਾਜੇ ਦੀ ਤਾਜਪੋਸ਼ੀ ਕੀਤੀ ਗਈ। 1801 ਈ. ਤੋਂ ਬਾਅਦ ਸਿੱਕੇ ਲਾਹੌਰ ਤੋਂ ਸ਼ੁਰੂ ਹੋਏ। 1803 ਤੋਂ 1807 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸਿੱਕੇ ਸ਼ੁਰੂ ਕੀਤੇ। ਫ਼ਾਰਸੀ ਅੱਖਰਾਂ ਵਾਲੇ ਸਿੱਕੇ ਲਾਹੌਰ ਟਕਸਾਲ ਤੋਂ 1801 ਈ. ਅਤੇ ਅੰਮ੍ਰਿਤਸਰ ਦੀ ਟਕਸਾਲ ਤੋਂ 1818 ਤੋਂ

ਬਾਅਦ ਅਤੇ ਸ੍ਰੀਨਗਰ ਕਸ਼ਮੀਰ ਤੋਂ 1819 ਤੋਂ ਬਾਅਦ ਬਣਨੇ ਸ਼ੁਰੂ ਹੋਏ। ਇਨ੍ਹਾਂ ਸਿੱਕਿਆਂ ਉਪਰ 'ਗੋਬਿੰਦਸ਼ਾਹੀ' ਸਿੱਕਿਆਂ ਵਾਲੀ ਹੀ ਇਬਾਰਤ ਉੱਕਰੀ ਹੋਈ ਸੀ, ਪਰ ਮਹਾਰਾਜਾ ਰਣਜੀਤ ਸਿੰਘ ਦੇ ਸਿੱਕਿਆਂ ਨੂੰ 'ਨਾਨਕਸ਼ਾਹੀ' ਆਖਿਆ ਜਾਂਦਾ ਸੀ।

ਅੰਮ੍ਰਿਤਸਰ ਦੀ ਟਕਸਾਲ ਤੋਂ ਸਿੱਕੇ ਸੋਨੇ ਅਤੇ ਤਾਂਬੇ ਦੇ 1777 ਤੋਂ ਬਾਅਦ ਸ਼ੁਰੂ ਹੋਏ, ਉਨ੍ਹਾਂ ਨੂੰ 'ਨਾਨਕਸ਼ਾਹੀ' ਸਿੱਕੇ ਆਖਿਆ ਜਾਂਦਾ ਸੀ। ਇੱਕ ਸਿੱਕੇ ਦੀ ਇਬਾਰਤ ਗੁਰਮੁੱਖੀ ਅੱਖਰਾਂ ਵਿੱਚ ਉੱਕਰੀ ਹੋਈ ਸੀ:

ਸਿੱਕੇ ਦੇ ਇੱਕ ਪਾਸੇ:

'ਅਕਾਲ ਸਹਾਇ ਗੁਰੂ ਨਾਨਕ ਜੀ'
ਸਿੱਕਾ ਜ਼ਦ ਬਰ ਸੀਨ ਉਜ਼ਰ, ਤੇਗ ਨਾਨਕ ਵਾਹਬ ਅਸਤ।
ਫ਼ਤਹ ਗੋਬਿੰਦ ਸ਼ਾਹੇ ਸ਼ਾਹਾਂ, ਫ਼ਜ਼ਲ ਸਚਾ ਸਾਹਿਬ ਅਸਤ।

ਸਿੱਕੇ ਦੇ ਦੂਜੇ ਪਾਸੇ:

'ਜ਼ਰਬ ਸ੍ਰੀ ਅੰਮ੍ਰਿਤਸਰ
ਜਲੂਸ ਅਕਾਲ ਤਖ਼ਤ ਸੰਮਤ 1837'

ਮਹਾਰਾਜਾ ਰਣਜੀਤ ਸਿੰਘ ਨੂੰ ਇਤਿਹਾਸ ਵਿਚ ਸ਼ਕਤੀਸ਼ਾਲੀ, ਹਰਮਨ ਪਿਆਰਾ ਅਤੇ ਅਨੋਖਾ ਰਾਜਾ ਕਰ ਕੇ ਯਾਦ ਕੀਤਾ ਜਾਂਦਾ ਹੈ। ਸ਼ੇਰੇ-ਪੰਜਾਬ ਕੋਲ ਅਜਿਹੀ ਸ਼ਕਤੀਸ਼ਾਲੀ ਅਤੇ ਵੱਡੇ ਸਲਤਨਤ ਹੋਣ ਦੇ ਬਾਵਜੂਦ ਆਪਣੇ ਨਾਂ ਦੇ ਸਿੱਕੇ ਸ਼ੁਰੂ ਨਹੀਂ ਕੀਤੇ ਸਗੋਂ ਸਿੱਕਿਆਂ ਤੇ ਆਪਣੇ ਮਹਿਬੂਬ ਗੁਰੂ ਸਾਹਿਬਾਨ ਦਾ ਨਾਂ ਹੀ ਉਕਰਾਏ। ਸ਼ੇਰੇ-ਪੰਜਾਬ ਨੇ ਸਿਰਫ਼ ਸ. ਹਰੀ ਸਿੰਘ ਨਲੂਆ ਨੂੰ ਇਹ ਮਾਣ ਬਖ਼ਸ਼ਿਆ ਕਿ ਉਹ ਆਪਣੇ ਨਾਂ ਦਾ ਸਿੱਕਾ ਚਾਲੂ ਕਰਨ।

ਮਹਾਰਾਜਾ ਰਣਜੀਤ ਸਿੰਘ ਨੇ ਬਾਅਦ ਵਿਚ ਆਪਣੇ ਬ੍ਰਾਹਮਣ ਮੰਤਰੀਆਂ ਦੇ ਕਹਿਣ ਤੇ ਆਪਣੇ ਸਿੱਕਿਆਂ ਉੱਪਰ 'ਬ੍ਰਿਛ ਦਾ ਪਤਾ' ਉਕਰਾਇਆ। ਇਸ ਤੋਂ ਬਾਅਦ 'ਮੋਰ ਪੰਖ' ਦਾ ਚਿੰਨ੍ਹ ਆਪਣੀ 'ਰਾਣੀ ਮੋਰਾਂ' ਦੇ ਨਾਂ 'ਤੇ ਚਾਲੂ ਕੀਤਾ ਜਿਨ੍ਹਾਂ ਨੂੰ 'ਮੋਰਾਂ ਸ਼ਾਹੀ' ਵੀ ਆਖਿਆ ਜਾਂਦਾ ਸੀ। ਇਸ ਨੂੰ 'ਆਰਸੀ ਦੀ ਮੋਹਰ ਵਾਲੀ' ਵੀ ਆਖਿਆ ਜਾਂਦਾ ਸੀ। ਇਹ ਸਿੱਕੇ 1806-07 ਵਿਚ ਸ਼ੁਰੂ ਹੋਏ ਅਤੇ 1827 ਈ. ਤੱਕ ਚਾਲੂ ਰਹੇ। ਸਿੱਖ ਤਵਾਰੀਖ਼ ਵਿਚ ਜ਼ਿਕਰ ਆਉਂਦਾ ਹੈ ਕਿ ਇਸ ਰੁਪਏ ਦੀ ਅਰਦਾਸ 'ਅਕਾਲ ਤਖ਼ਤ ਸਾਹਿਬ' ਤੋਂ ਪ੍ਰਵਾਨ ਨਾ ਹੋਈ। ਇਸੇ ਤਰ੍ਹਾਂ ਮਹਾਰਾਜਾ ਸ਼ੇਰ ਸਿੰਘ (1841-43) ਦੇ ਸਿੱਕੇ ਤਖ਼ਤ ਕੇਸਗੜ੍ਹ ਸਾਹਿਬ ਆਨੰਦਗੜ੍ਹ ਸਾਹਿਬ 'ਤੇ ਸਵੀਕਾਰ ਨਾ ਕੀਤੇ ਗਏ ਕਿਉਂਕਿ 'ਅਕਾਲ ਸਹਾਇ ਗੁਰੂ ਨਾਨਕ ਜੀ' ਦੀ ਥਾਂ ਉਸ ਤੇ 'ਅਕਾਲ ਸਹਾਇ ਸ਼ੇਰ ਸਿੰਘ' ਲਿਖਿਆ ਹੋਇਆ ਸੀ।

ਉਪਰੋਕਤ ਟਕਸਾਲਾਂ ਤੋਂ ਇਲਾਵਾ ਪਿੰਡ ਦਾਦਨਖਾਨ, ਝੰਗ ਅਤੇ ਪਿਸ਼ਾਵਰ ਤੋਂ ਵੀ ਸਮੇਂ ਸਮੇਂ ਸਿੱਕੇ ਚਾਲੂ ਹੁੰਦੇ ਰਹੇ ਸਨ।

1828 ਈ. ਤੋਂ ਬਾਅਦ ਲਾਹੌਰ ਟਕਸਾਲ ਤੋਂ 'ਸੋਨੇ ਦੀ ਮੋਹਰ' ਚਾਲੂ ਹੋਈ ਜੋ 'ਬੁਤਕੀ' ਕਰਕੇ ਮਕਬੂਲ ਸੀ। ਇਨ੍ਹਾਂ ਉੱਪਰ ਗੁਰਮੁਖੀ ਅੱਖਰਾਂ ਵਿਚ ਤਿੰਨ ਵਾਰ "ਵਾਹਿਗੁਰੂ ਵਾਹਿਗੁਰੂ ਵਾਹਿਗੁਰੂ" ਉੱਕਰਿਆ ਹੁੰਦਾ ਸੀ।

ਸ਼ੇਰੇ-ਪੰਜਾਬ ਨੇ ਸ. ਹਰੀ ਸਿੰਘ ਨਲੂਆ ਨੂੰ ਤਿੰਨ ਵਾਰ ਆਪਣੇ ਨਾਂ ਦੇ ਸਿੱਕੇ ਚਾਲੂ ਕਰਨ ਦੀ ਆਗਿਆ ਬਖ਼ਸ਼ੀ। ਇਹ ਵਰ੍ਹੇ ਸਨ 1821, 1831 ਅਤੇ 1834 ਵਿਚ। 'ਮੁਕੰਮਲ ਤਵਾਰੀਖ਼ ਕਸ਼ਮੀਰ' ਦਾ ਲੇਖਕ ਮੌਲਾਨਾ ਮੁਹੰਮਦ ਦੀਨ ਲਿਖਦਾ ਹੈ, "ਹਰੀ ਸਿੰਘ ਨੇ ਕਸ਼ਮੀਰ

ਮੇਂ ਆਪਨੇ ਨਾਮ ਕਾ ਸਿੱਕਾ ਭੀ ਜਾਰੀ ਕੀਆ ਜੋ ਹਰੀ ਸਿੰਘੀਆ ਪੈਸਾ ਅਖਵਾਉਂਦਾ ਸੀ। ਸਰ ਲੈਪਲ ਗ੍ਰਿਫਨ 'ਰਈਸਾਨਿ ਪੰਜਾਬ' ਵਿਚ ਲਿਖਦਾ ਹੈ, "ਹਰੀ ਸਿੰਘ ਰੁਪਿਆ ਅੱਜ ਤਕ ਕਸ਼ਮੀਰ ਵਿੱਚ ਖ਼ੂਬ ਮਸ਼ਹੂਰ ਹੈ (1890) ਅਤੇ ਇਹ ਸਿੱਕਾ ਜਿਸ ਨੂੰ ਹਰੀ ਸਿੰਘੀਆ ਕਹਿੰਦੇ ਹਨ ਜੋ ਉਸ ਨੇ ਕਸ਼ਮੀਰ ਵਿਚ ਜਾਰੀ ਕੀਤਾ ਸੀ, ਅਜੇ ਤੱਕ ਪੰਜਾਬ ਵਿੱਚ ਭੀ ਹਰ ਥਾਂ ਚਲਦਾ ਹੈ।"

ਕਸ਼ਮੀਰ ਵਿਚ ਜੋ ਸਿੱਕੇ ਚਾਲੂ ਹੋਏ, ਉਨ੍ਹਾਂ ਦੀ ਇਬਾਰਤ ਸੀ:

(ੳ) ਸਿੱਕੇ ਦੇ ਇੱਕ ਪਾਸੇ:-

ਹਰੀ ਸਿੰਘ ਯਕ ਰੁਪਿਆ

ਦੂਜੇ ਪਾਸੇ:-

ਸ੍ਰੀ ਅਕਾਲ ਸਹਾਇ ਸੰਮਤ 1878

(ਅ) ਇੱਕ ਪਾਸੇ: ਜ਼ਰਬ ਕਸ਼ਮੀਰ, 1876 ਬਿਕਰਮੀ

ਦੂਜੇ ਪਾਸੇ:-

ਦੇਗ ਤੇਗ ਫਤ੍ਹੇ ਨਸਰਤ ਬੇਦਰੰਗ,
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਸ. ਹਰੀ ਸਿੰਘ ਨਲੂਆ ਨੇ ਅਜਿਹੇ ਸਿੱਕੇ ਪਿਸ਼ਾਵਰ ਦੀ ਟਕਸਾਲ ਤੋਂ 1833 ਨੂੰ ਚਾਲੂ ਕੀਤੇ। ਉਸ 'ਤੇ ਇਹ ਇਬਾਰਤ ਲਿਖੀ ਹੋਈ ਮਿਲਦੀ ਹੈ।

ਇੱਕ ਪਾਸੇ:-

ਦੇਗ ਤੇਗ਼ ਫ਼ਤਹ ਨਸਰਤ ਬੇਦਰੰਗ,
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਸਿੱਕੇ ਦੇ ਦੂਜੇ ਪਾਸੇ:-

ਜ਼ਰਬ ਪਿਸ਼ਾਵਰ ਜਲੂਸ 1890 ਬਿਕਰਮੀ

ਸਿੱਖਾਂ ਦੀ ਸਮਕਾਲੀ ਤਵਾਰੀਖ਼ ਬਾਰੇ ਬਹੁਤ ਬਦੇਸ਼ੀ ਤਵਾਰੀਖ਼ਦਾਨ ਨੇ ਹੀ ਲਿਖਿਆ ਹੈ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੇ ਜਾਨ-ਸ਼ੀਨਾਂ ਬਾਰੇ ਖ਼ਾਸ ਤਵੱਜਾ ਦਿੱਤੀ ਹੋਈ ਹੈ। ਪਰ ਇਹ ਵੀ ਹਕੀਕਤ ਹੈ ਕਿ ਸਿੱਖ ਰਾਜ ਦੇ ਸਿੱਕਿਆਂ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ, ਜੇ ਕਿਤੇ ਮਿਲਦੀ ਵੀ ਹੈ ਤਾਂ ਬਹੁਤ ਹੀ ਸੰਕੋਚਵੇਂ ਢੰਗ ਨਾਲ ਉਪਲੱਬਧ ਹੈ।

ਸਿੱਖ ਸਿੱਕਿਆਂ ਨੂੰ ਵੱਖਰੀਆਂ ਵੱਖਰੀਆਂ ਟਕਸਾਲਾਂ ਵਿਚ ਢਾਲਿਆ ਜਾਂਦਾ ਸੀ ਅਤੇ ਉਨ੍ਹਾਂ ਉਪਰ ਬਿਕਰਮੀ ਸੰਮਤ ਸਪੱਸ਼ਟ ਉਕਰਿਆ ਮਿਲਦਾ ਹੈ। ਇਨ੍ਹਾਂ ਸੰਮਤਾਂ ਕਾਰਨ ਹੀ ਮਹਾਰਾਜਾ ਦਲੀਪ ਸਿੰਘ (ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਬੇਟਾ) ਦੇ ਸਮੇਂ ਦੇ ਸਿੱਕਿਆਂ ਦੀ ਨਿਸ਼ਾਨਦੇਹੀ ਆਸਾਨ ਹੋ ਜਾਂਦੀ ਹੈ। ਇਨ੍ਹਾਂ ਸਿੱਕਿਆਂ ਦੀ ਦਾਸਤਾਨ ਵੀ ਨਿਰਾਲੀ ਅਤੇ ਦਿਲਚਸਪ ਹੈ। ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਸਤੰਬਰ 1843 (1900 ਬਿਕਰਮੀ) ਵਿਚ ਬੁਰਛਾਗਰਦੀ ਅਤੇ ਲਹੂ ਦੇ ਛਿੱਟਿਆਂ ਵਿਚ ਬਣਾਇਆ ਗਿਆ ਜਦੋਂ ਉਹ ਕੇਵਲ ਪੰਜ ਵਰ੍ਹਿਆਂ ਦਾ ਸੀ। 1843 ਈ. ਤੋਂ ਲੈ ਕੇ 20 ਮਾਰਚ 1849 ਈ. ਤੱਕ (ਅੰਗ੍ਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਤੱਕ) ਜੋ ਸਿੱਕੇ ਪ੍ਰਚੱਲਤ ਹੋਏ, ਉਹ ਬਿਨਾਂ ਸ਼ਕ ਮਹਾਰਾਜਾ ਦਲੀਪ ਸਿੰਘ ਦੇ ਸਮੇਂ ਦੇ ਸਿੱਕੇ ਆਖੇ ਜਾ ਸਕਦੇ ਹਨ।

ਲਾਹੌਰ, ਅੰਮ੍ਰਿਤਸਰ ਅਤੇ ਮੁਲਤਾਨ ਦੀਆਂ ਟਕਸਾਲਾਂ ਵਿਚੋਂ 'ਨਾਨਕਸ਼ਾਹੀ' ਜਾਂ 'ਗੋਬਿੰਦ ਸ਼ਾਹੀ' ਸਿੱਕੇ ਹੀ ਬਣਦੇ ਸਨ। ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ 1839 ਵਿਚ ਹੋਈ ਤਾਂ 1843 ਤੋਂ ਲੈ ਕੇ ਮਹਾਰਾਜਾ ਦਲੀਪ ਸਿੰਘ ਦਾ ਪੰਜਾਬ ਦਾ ਮਹਾਰਾਜਾ ਬਣਨ ਤੱਕ ਚਾਰ ਸਾਲ ਦਾ ਸਮਾਂ ਆਉਂਦਾ ਹੈ। ਇਸ ਸਮੇਂ ਦੌਰਾਨ ਦੇ ਸਾਰੇ ਸਿੱਕੇ ਤਾਂ ਮਿਲਦੇ ਹਨ, ਪਰ ਕਿਸੇ ਖ਼ਾਸ ਸ਼ਖ਼ਸੀ ਮਹਾਰਾਜੇ ਦੇ ਨਾਂ ਨਾਲ ਨਹੀਂ ਜੁੜ ਸਕਦੇ। 1844 ਈ. ਤੋਂ 1949 ਈ. ਤੱਕ ਜੋ ਸਿੱਕੇ ਢੱਲਦੇ ਰਹੇ, ਉਹ ਬਿਨਾ ਸ਼ਕ ਮਹਾਰਾਜਾ ਦਲੀਪ ਸਿੰਘ ਦੇ ਦੌਰ ਨਾਲ ਜੋੜੇ ਜਾ ਸਕਦੇ ਹਨ। ਸਤੰਬਰ ਤੋਂ ਦਸੰਬਰ 1843 ਦੇ ਸਿੱਕੇ ਮਹਾਰਾਜਾ ਦਲੀਪ ਸਿੰਘ ਦੇ ਸਮੇਂ ਨਾਲ ਜੁੜਦੇ ਹਨ। ਇਸ ਸਮੇਂ ਦੇ ਸਿੱਕੇ ਜੋ ਵੱਖ-ਵੱਖ ਟਕਸਾਲਾਂ ਵਿਚ ਢੱਲਦੇ ਰਹੇ, ਉਹ ਇਸ ਤਰ੍ਹਾਂ ਸਨ:

ਅੰਮ੍ਰਿਤਸਰ ਟਕਸਾਲ ਤੋਂ ਮਹਾਰਾਜਾ ਦਲੀਪ ਸਿੰਘ ਦੇ ਦੌਰ ਦੇ ਜੋ ਸਿੱਕੇ ਢੱਲੇ ਸਨ, ਉਨ੍ਹਾਂ ਤੇ ਬਿਕਰਮੀ 1900, 1901, 1902, 1903 ਅਤੇ 1904 ਉੱਕਰਿਆ ਹੋਇਆ ਸੀ। ਇਹ ਸਿੱਕੇ ਨਾਨਕਸ਼ਾਹੀ ਸਨ ਅਤੇ ਨਾਨਕਸ਼ਾਹੀ ਇਬਾਰਤ ਲਿਖੀ ਹੋਈ ਸੀ ਜਿਸ ਵਿਚ ਇਕ ਪਾਸੇ ਉਰਦੂ ਅਤੇ ਦੂਜੇ ਪਾਸੇ ਗੁਰਮੁਖੀ ਅੱਖਰ ਸਨ। 1900 ਤੋਂ 1905 ਬਿਕਰਮੀ ਸੰਮਤ 1/2 ਰੁਪਏ ਤੇ ਉੱਕਰਿਆ ਸੀ। 1/4 ਰੁਪਏ ਤੇ 1901 ਤੋਂ 1904 ਬਿਕਰਮੀ ਅਤੇ 1/8 ਰੁਪਏ ਤੇ 1900 ਤੋਂ 1903 ਬਿਕਰਮੀ ਸੰਮਤ ਉੱਕਰੇ ਸਨ। ਇਸੇ ਤਰ੍ਹਾਂ ਲਾਹੌਰ ਟਕਸਾਲ ਤੋਂ ਨਾਨਕਸ਼ਾਹੀ ਸਿੱਕਿਆਂ ਤੇ 1902 ਅਤੇ 1903 ਬਿਕਰਮੀ ਸੰਮਤ ਉੱਕਰਿਆ ਸੀ। ਕਸ਼ਮੀਰ ਟਕਸਾਲ ਵਿਚ 1900, 1901, 1902 ਤੇ 1903, ਬਿਕਰਮੀ ਸੰਮਤ ਲਿਖੇ ਮਿਲਦੇ ਹਨ। ਇਨ੍ਹਾਂ ਤੇ ਵੀ 'ਨਾਨਕਸ਼ਾਹੀ' ਸਿੱਕਿਆਂ ਵਾਲੀ ਇਬਾਰਤ ਲਿਖੀ ਮਿਲਦੀ ਹੈ। ਮੁਲਤਾਨ ਟਕਸਾਲ ਦੇ ਸਿੱਕੇ ਵੀ 1900 ਤੋਂ 1905 ਬਿਕਰਮੀ ਸੰਮਤ ਵਾਲੇ ਮਿਲਦੇ ਹਨ ਜਿਨ੍ਹਾਂ ਤੇ 'ਨਾਨਕਸ਼ਾਹੀ' ਇਬਾਰਤ ਉੱਕਰੀ ਹੋਈ ਹੈ। ਡੇਰਾ ਟਕਸਾਲ ਦੇ ਸਿੱਕਿਆਂ ਤੇ 1904 ਬਿਕਰਮੀ ਸੰਮਤ ਲਿਖੀ ਮਿਲਦੀ ਹੈ। ਡੇਰਾਜਟ ਟਕਸਾਲ ਦੇ ਸਿੱਕਿਆਂ ਤੇ 1900 ਤੋਂ 1904 ਬਿਕਰਮੀ ਸੰਮਤ ਲਿਖੀ ਮਿਲਦੀ ਹੈ ਜਿਨ੍ਹਾਂ ਤੇ 'ਗੋਬਿੰਦਸ਼ਾਹੀ' ਇਬਾਰਤ ਦਸੀ ਗਈ ਹੈ। ਇਕ ਹੋਰ ਟਕਸਾਲ ਨਿੰਮਕਸ਼ਾਹੀ ਸੀ ਜਿਸ ਦੇ ਸਿੱਕੇ 1904 ਅਤੇ 1905 ਬਿਕਰਮੀ ਸੰਮਤ ਵਾਲੇ ਮਿਲਦੇ ਹਨ, ਪਰ ਇਨ੍ਹਾਂ ਤੇ ਸਿਰਫ਼ 'ਨਾਨਕਸ਼ਾਹੀ' ਇਬਾਰਤ ਛਾਪੀ ਮਿਲਦੀ ਹੈ। ਸਿੱਕਾ-ਸ਼ਾਸਤਰੀ ਇਹ ਨਿਰਣਾ ਅਜੇ ਤੱਕ ਨਹੀਂ ਦੇ ਸਕੇ ਕਿ ਇਸ ਦੇ ਅੱਖਰ ਗੁਰਮੁਖੀ ਜਾਂ ਦੇਵਨਾਗਰੀ ਲਿਪੀ ਵਾਲੇ ਹਨ।

ਇਨ੍ਹਾਂ ਉੱਪਰ ਵਰਣਨ ਸਿੱਕਿਆਂ ਤੋਂ ਇਲਾਵਾ ਕੁਝ ਸਿੱਕੇ ਰਾਜਾ ਜੋ ਸਿੰਘ ਘਨ੍ਹਿਆ, ਰਾਜਾ ਸਾਹਿਬ ਗੁਜਰਾਤ ਆਦਿ ਨੇ ਵੀ ਚਾਲੂ ਕੀਤੇ। ਇਨ੍ਹਾਂ ਵਿਚੋਂ ਬਹੁਤੇ ਸਿੱਕੇ ਪ੍ਰਸਿੱਧ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਸਿੱਖ ਅਜਾਇਬਘਰ ਲਾਹੌਰ (ਪਾਕਿਸਤਾਨ) ਅਤੇ ਬ੍ਰਿਟਿਸ਼ ਅਜਾਇਬਘਰ ਲੰਡਨ (ਇੰਗਲੈਂਡ) ਵਿਚ ਆਪ ਵੇਖੇ ਹਨ। ਪਟਿਆਲਾ, ਜੀਂਦ ਅਤੇ ਨਾਭਾ ਰਿਆਸਤਾਂ ਦੇ ਰਾਜਿਆਂ ਨੇ ਵੀ ਆਪਣੇ ਸਿੱਕੇ ਚਾਲੂ ਕੀਤੇ ਸਨ।

ਸਹਾਇਕ ਪੁਸਤਕ ਸੂਚੀ

- Baddan, Dr. Baldev Singh- Fighter for Freedom, Maharaja Duleep Singh.
- Dilgeer, Dr. Harjinder Singh- The Sikh Reference Book, Canada 1997.
- Harbans Singh (Editor-in-Chief) The Encylopaedia of Sikhism, Vol. IV, Patiala 1998.
- Rodgeja, Charles J- Coin Collection in Nothen India, 1894.
- Saran, Dr. Jasbir Singh- The Sikh Coins, World Sikh News, USA, 1997.
- Suri, Sohan Lal- Umadat-ut-Twarikh, Lahore, 1885-89.
- ਮਾਰਕੋ, ਮਨੋਹਰ ਸਿੰਘ- ਸਿੱਖ ਰਾਜ ਦੇ ਸਿੱਕੇ, ਗੁਰਦੁਆਰਾ ਗਜ਼ਟ, ਅੰਮ੍ਰਿਤਸਰ, ਸਤੰਬਰ 2001.
- ਸਰਨਾ, ਡਾ. ਜਸਬੀਰ ਸਿੰਘ- ਕਸ਼ਮੀਰ 'ਚ ਸਿੱਖ ਰਾਜ ਦੇ ਸਿੱਕੇ, 'ਸੰਤ ਸਿਪਾਹੀ', ਨਵੰਬਰ 1997.
- ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨਕੋਸ਼, ਦਿੱਲੀ, 1990.

ਇਤਿਹਾਸਕ ਸੋਮਿਆਂ ਅਨੁਸਾਰ:-

* * *

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ 'ਖੰਡੇ ਦੀ ਪਾਹੁਲ' ਲਈ

ਬੰਦਾ ਸਿੰਘ ਬਹਾਦਰ ਸੰਸਾਰ ਦੇ ਅਜਿਹੇ ਮਹਾਨ ਸੂਰਬੀਰਾਂ ਦੀ ਕਤਾਰ ਵਿਚ ਖੜ੍ਹਾ ਹੁੰਦਾ ਹੈ, ਜਿਸ ਵਿੱਚ ਮਹਾਨ ਸਿਕੰਦਰ, ਨੈਪੋਲੀਅਨ ਬੋਨਾਪਰਟ ਆਦਿ ਆਉਂਦੇ ਹਨ। ਬੰਦਾ ਸਿੰਘ ਦੇ ਸਮੇਂ ਸਿੱਖ ਫੌਜਾਂ ਦੀ ਅਲੌਕਕ ਦਲੇਰੀ ਅਤੇ ਸੂਰਬੀਰਤਾ ਸੰਸਾਰ ਦੇ ਇਤਿਹਾਸ ਵਿਚ ਅਹਿਮ ਸਫ਼ਿਆਂ ਵਾਂਙ ਸਾਂਭੀ ਪਈ ਹੈ। ਭਾਵੇਂ ਅਠਾਰਵੀਂ ਸਦੀ ਦੀਆਂ ਫ਼ਾਰਸੀ ਅਤੇ ਉਰਦੂ ਲਿਖਤਾਂ ਵਿਚ ਬਹੁਤਿਆਂ ਮੁਸਲਮਾਨਾਂ ਤਵਾਰੀਖ਼ਦਾਨਾਂ ਨੇ ਸਿੱਖਾਂ ਨੂੰ 'ਬਦਬਖ਼ਤ', ਦੋਜ਼ਖੀ, ਕਾਫ਼ਿਰ, ਜਿਹਨਮੀ, ਲੋਗੜ, ਕੁੱਤੇ, ਤਅੱਸਬੀ, ਰਾਖਸ਼ ਆਦਿ ਦੀ ਸ਼ਬਦਾਵਲੀ ਵਰਤੀ ਹੈ ਪਰ ਸਿੱਖਾਂ ਦੀ ਬੀਰਤਾ ਅਤੇ ਆਚਰਣ ਦੀ ਸਿਫ਼ਤਾਂ ਕਰਦੇ ਵੀ ਨਹੀਂ ਥੱਕਦੇ। ਬਾਅਦ ਵਿੱਚ ਹਿੰਦੂ ਇਤਿਹਾਸਕਾਰਾਂ ਨੇ ਦ੍ਵੈਸ਼-ਪ੍ਰੇਰਿਤ ਸ਼ਬਦਾਵਲੀ ਦੀ ਭੂਮਿਕਾ ਬੰਨੀ ਜਿਨ੍ਹਾਂ ਵਿਚੋਂ ਸਰ ਜਾਦੂ ਨਾਥ ਅਵਲ ਨੰਬਰ ਤੇ ਆਉਂਦਾ ਹੈ।

ਔਰੰਗਜ਼ੇਬ ਬਾਦਸ਼ਾਹ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰਾਂ ਵਿਚ ਤਖ਼ਤਨਸ਼ੀਨੀ ਦੀ ਜੰਗ ਦਾ ਆਗਾਜ਼ ਹੋ ਗਿਆ। ਉਸ ਦੇ ਵੱਡੇ ਬੇਟੇ ਸ਼ਹਿਜ਼ਾਦਾ ਮੁਅਜ਼ਮ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਜੰਗੀ ਸਹਾਇਤਾ ਲਈ ਅਰਜ਼ ਕੀਤੀ। 8 ਜੂਨ 1707 ਵਿਚ ਆਗਰੇ ਨੇੜੇ ਲੜੀ ਜੰਗ ਵਿਚ ਗੁਰੂ ਸਾਹਿਬ ਨੇ ਉਸ ਦੀ ਮਦਦ ਕੀਤੀ। ਉਹ ਜੰਗ ਵਿਚ ਜਿੱਤ ਕੇ ਸ਼ਾਹ ਆਲਮ ਬਹਾਦਰ (ਬਹਾਦਰ ਸ਼ਾਹ) ਦੇ ਰੁੱਤਬੇ ਨਾਲ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ। ਗੁਰੂ ਸਾਹਿਬ ਸ਼ਾਹੀ ਮਹਿਮਾਨ ਦੇ ਤੌਰ ਤੇ ਆਗਰੇ ਦੇ ਕਿਲ੍ਹੇ ਵਿਚ ਠਹਿਰੇ ਅਤੇ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਨਾਯਾਬ ਅਤੇ ਕੀਮਤੀ ਤੋਹਫ਼ਿਆਂ ਨਾਲ ਨਵਾਜਿਆ। ਗੌਰ ਤਲਬ ਗੱਲ ਹੈ ਕਿ ਗੁਰੂ ਸਾਹਿਬ ਨੇ ਬਹਾਦਰ ਸ਼ਾਹ ਦੀ ਮਦਦ ਇਸ ਸ਼ਰਤ ਤੇ ਕੀਤੀ ਸੀ ਕਿ ਉਹ ਹਿੰਦੁਸਤਾਨ ਦਾ ਬਾਦਸ਼ਾਹ ਬਣਨ ਉਪਰੰਤ ਸੂਬੇਦਾਰ ਵਜ਼ੀਰ ਖਾਂ ਅਤੇ ਹੋਰ ਪੰਥ ਦੋਖੀਆਂ ਨੂੰ ਸਖ਼ਤ ਸਜ਼ਾਵਾਂ ਦੇਵੇਗਾ ਜਾਂ ਉਨ੍ਹਾਂ ਦੇ ਸਪੁੱਰਦ ਕਰੇਗਾ। ਪਰ ਬਾਦਸ਼ਾਹ ਤਖ਼ਤ ਤੇ ਬੈਠਦਿਆਂ ਹੀ ਟਾਲਮਟੋਲ ਦੀ ਨੀਤੀ ਅਪਨਾਉਣ ਲਗਾ। ਗੁਰੂ ਸਾਹਿਬ ਨੇ ਬਾਦਸ਼ਾਹ ਨਾਲ ਦੱਖਣ ਵੱਲ ਇਕ ਮੁਹਿੰਮ ਤੇ ਜਾਂਦੇ ਸਮੇਂ ਅਚਾਨਕ ਉਸ ਦਾ ਸਾਥ ਨਾਦੇੜ ਲਾਗੇ ਛੱਡ ਦਿੱਤਾ। ਇਹ ਬਾਤ ਜੁਲਾਈ 1708 ਦੀ ਹੈ।

ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ 1670 ਨੂੰ ਰਾਮਦੇਵ ਰਾਜਪੂਤ ਦੇ ਘਰ ਪਿੰਡ ਪੱਜਲ, ਰਾਜੌਰੀ (ਪੁਣਛ ਕਸ਼ਮੀਰ) ਵਿਚ ਹੋਇਆ। ਇਹ ਘੋੜਸਵਾਰੀ ਅਤੇ ਤੀਰਅੰਦਾਜ਼ੀ ਵਿਚ ਬੜੀ ਮੁਹਾਰਤ ਰੱਖਦਾ ਸੀ। ਕਾਫ਼ੀ ਸਮਾਂ ਬੁਰਹਾਨਪੁਰ (ਮੱਧ ਪ੍ਰਦੇਸ਼) ਵਿਚ ਬਾਬਾ ਲੂਣੀਆਂ ਕੋਲ ਤਿੰਨ ਸਾਲ ਰਿਹਾ। ਉਸ ਸਮੇਂ ਇਸ ਦੀ ਉਮਰ 22 ਸਾਲ ਸੀ ਅਤੇ ਮਾਧੋ ਦਾਸ ਬੈਰਾਗੀ ਦੇ ਨਾਂ ਨਾਲ ਮਸ਼ਹੂਰ ਸੀ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਰਵਾਲਸਰ ਤੀਰਥ ਅਤੇ ਜੰਮੂ ਵਲ 1692 ਵਿਚ ਗਏ ਤਾਂ ਉਥੇ ਕਾਫ਼ੀ ਰਾਜੇ-ਮਹਾਰਾਜੇ ਆਏ ਹੋਏ ਸਨ ਜਿਨ੍ਹਾਂ ਵਿਚ ਰਾਜੌਰੀ, ਪੁਣੱਛ, ਕਿਸ਼ਤਵਾੜ, ਜੰਮੂ ਆਦਿ ਪ੍ਰਮੁੱਖ ਸਨ ਜਿਨ੍ਹਾਂ ਗੁਰੂ ਸਾਹਿਬ ਨੂੰ ਮਾਧੋਦਾਸ ਦੀ ਵੀਰਤਾ ਦੀਆਂ ਸਾਖੀਆਂ ਸੁਣਾਈਆਂ। 1694 ਵਿਚ ਗੁਰੂ ਸਾਹਿਬ ਨੇ ਹਰਦੁਆਰ ਅਤੇ

ਕਨਖਲ ਦਾ ਦੌਰਾ ਕੀਤਾ ਜਿਥੇ ਹੋਰ ਬੈਰਾਗੀ ਸਾਧਾਂ ਨਾਲ ਮਾਧੋ ਦਾਸ ਵੀ ਮਿਲਿਆ ਸੀ। ਗੁਰੂ ਸਾਹਿਬ ਜਦੋਂ ਨਾਰਾਇਣਾ ਨਗਰ ਰਿਆਸਤ ਜੈਪੁਰ ਵਿਚ ਦਾਦੂ-ਪੰਥੀ ਮਹੰਤ ਜੈਤ ਰਾਮ ਦੇ ਡੇਰੇ ਗਏ ਤਾਂ ਉਸ ਨੇ ਗੁਰੂ ਸਾਹਿਬ ਨੂੰ ਮਾਧੋ ਦਾਸ ਬੈਰਾਗੀ ਦੇ ਡੇਰੇ ਦੀ ਜਾਣਕਾਰੀ ਦਿੱਤੀ ਅਤੇ ਉਸ ਦੇ ਪਲੰਘ ਬਾਰੇ ਵੀ ਦਸਿਆ ਕਿ ਕਿਵੇਂ ਉਹ ਗੁਪਤ ਬੀਰਾਂ ਅਤੇ ਭੂਤ-ਪ੍ਰੇਤਾਂ ਨੂੰ ਇਸ਼ਾਰਾ ਕਰਕੇ ਪਲੰਘ ਉਲਟਾ ਦੇਂਦਾ ਹੈ ਅਤੇ ਫਿਰ ਤਾੜੀਆਂ ਮਾਰ ਕੇ ਹੱਸਦਾ ਹੈ। ਗੁਰੂ ਸਾਹਿਬ ਨੇ ਜੈਤ ਰਾਮ ਨੂੰ ਦਸਿਆ ਕਿ ਸਾਨੂੰ ਇਕ ਜ਼ਰੂਰੀ ਮਿਸ਼ਨ ਕਾਰਣ ਉਸ ਨੂੰ ਜ਼ਰੂਰ ਮਿਲਣਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ, ਆਪਣੇ ਸਿੰਘਾਂ ਸਮੇਤ ਜਦੋਂ 3 ਸਤੰਬਰ 1708 ਈ. ਨੂੰ ਬੈਰਾਗੀ ਦੇ ਡੇਰੇ ਗਏ ਤਾਂ ਸੂਰਜ ਗ੍ਰਹਿਣ ਦਾ ਮੇਲਾ ਗੋਦਾਵਰੀ ਦੇ ਕੰਢੇ ਲਗਾ ਹੋਇਆ ਸੀ ਪਰ ਮਾਧੋਦਾਸ ਡੇਰੇ ਵਿਚ ਹਾਜ਼ਰ ਨਹੀਂ ਸੀ। ਗੁਰੂ ਸਾਹਿਬ ਸਿਧਾ ਜਾ ਕੇ ਉਸ ਦੇ ਪਲੰਘ ਤੇ ਬੈਠ ਗਏ ਜਿਸ ਦਾ ਜੈਤ ਰਾਮ ਨੇ ਜ਼ਿਕਰ ਕੀਤਾ ਸੀ। ਗੁਰੂ ਸਾਹਿਬ ਇੰਤਜ਼ਾਰ ਕਰਦੇ ਰਹੇ ਪਰ ਮਾਧੋਦਾਸ ਨਾ ਆਇਆ। ਉਸ ਸਮੇਂ ਲਾਂਗਰੀ ਸਿੱਖ ਨੇ ਬੇਨਤੀ ਕੀਤੀ ਮਹਾਰਾਜ ਦਿਨ ਢੱਲਦਾ ਜਾ ਰਿਹਾ ਹੈ, ਲੰਗਰ ਤਿਆਰ ਕਰਨ ਦਾ ਕੀ ਹੁਕਮ ਹੈ ? ਗੁਰੂ ਸਾਹਿਬ ਨੇ ਬਚਨ ਕੀਤਾ ਜੋ ਕੁਝ ਇਸ ਦੇ ਡੇਰੇ ਵਿਚ ਮਿਲਦਾ ਹੈ, ਉਹ ਲੰਗਰ ਵਿਚ ਪਾ ਦਿਉ। ਲਾਂਗਰੀ ਸਿੱਖ ਨੇ ਦਸਿਆ ਮਹਾਰਾਜ ਡੇਰੇ ਵਿਚ ਇਕ ਹਿਰਨ, ਇਕ ਬੱਕਰੀ ਅਤੇ ਉਸ ਦੇ ਦੋ ਲੇਲੇ ਹਨ, ਔਰ ਕੋਈ ਵਸਤੂ ਨਹੀਂ। ਹੁਕਮ ਦੀ ਦੇਰ ਸੀ ਸਿੰਘਾਂ ਚਾਰੇ ਝੱਟਕਾ ਕੇ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਬੈਰਾਗੀ ਦੇ ਚੇਲਿਆਂ ਸ਼ੋਰ ਸ਼ਰਾਬਾ ਕੀਤਾ, ਸਿੰਘਾਂ ਫੜ ਕੇ ਇਕ ਦੋਵਾਂ ਦੀ ਚੰਗੀ ਭੁਗਤ ਸਵਾਰੀ। ਸਾਰੇ ਚੇਲੇ ਭੱਜ ਕੇ ਬੈਰਾਗੀ ਕੋਲ ਗਏ ਅਤੇ ਸਾਰੀ ਦਾਸਤਾਨ ਸੁਣਾਈ। ਮਾਧੋਦਾਸ ਨੇ ਗੁਪਤ ਬੀਰਾਂ ਨੂੰ ਹੁਕਮ ਕਰ ਕੇ ਪਲੰਘ ਉਲਟਾਉਣ ਦੀਆਂ ਹਦਾਇਤਾਂ ਕੀਤੀਆਂ ਪਰ ਉਹ ਸਾਰੇ ਨਾਕਾਮਯਾਬ ਹੋਏ। ਮਾਧੋਦਾਸ ਸੋਚਾਂ ਵਿਚ ਡੁਬਾ ਡੇਰੇ ਵੱਲ ਜਾ ਰਿਹਾ ਹੈ। ਉਸ ਨੂੰ ਆਪਣੇ ਗੁਰੂ 'ਲੂਣੀਏ ਸਿੱਧ' ਦੀ ਬਾਤ ਯਾਦ ਆਈ ਕਿ ਮਾਧੋਦਾਸ ਇਕ ਸਮਾਂ ਤੇਰੇ ਤੇ ਐਸਾ ਆਵੇਗਾ ਜਦੋਂ ਇਕ 'ਰਾਜਯੋਗੀ' ਤੇਰੀ ਸਾਰੀ ਸ਼ਕਤੀ ਖੋਹ ਲਏਗਾ ਅਤੇ ਤੈਨੂੰ ਆਪਣਾ ਮੁਰੀਦ ਬਣਾਕੇ, ਹੋਰ ਸ਼ਕਤੀ ਅੱਗੇ ਨਾਲੋਂ ਬਹੁਤੀ ਦੇਵੇਗਾ। ਮਾਧੋਦਾਸ ਸੋਚਦਾ ਟੁਰਦਾ ਜਾ ਕੇ ਪਲੰਘ ਕੋਲ ਨਿਮੋਝੂਣਾ ਹੋ ਕੇ ਖਲੋ ਗਿਆ। ਗੁਰੂ ਸਾਹਿਬ ਨਾਲ ਉਸ ਦੀ ਵਾਰਤਾਲਾਪ ਕਈ ਘੰਟੇ ਹੋਈ। ਆਖ਼ਰ ਉਹ ਗੁਰੂ ਸਾਹਿਬ ਦੇ ਪੈਰਾਂ ਵਿਚ ਢਹਿ ਗਿਆ ਅਤੇ ਆਖਿਆ, ਗਰੀਬ ਨਿਵਾਜ਼ "ਮੈਂ ਤੇਰਾ ਬੰਦਾ (ਗੁਲਾਮ) ਹਾਂ।" ਗੁਰੂ ਸਾਹਿਬ ਨੇ ਉਸ ਨੂੰ 'ਖੰਡੇ ਦੀ ਪਾਹੁਲ' ਦੇ ਕੇ ਸਿੰਘ ਬਣਾਇਆ ਅਤੇ 'ਬਹਾਦਰ' ਦਾ ਖ਼ਿਤਾਬ ਦਿੱਤਾ। ਗੁਰੂ ਸਾਹਿਬ ਨੇ ਉਸ ਦਾ ਨਾਂ 'ਬੰਦਾ ਸਿੰਘ' ਰੱਖਿਆ। ਉਸ ਨੂੰ ਖਾਲਸਾ ਪੰਥ ਦਾ ਜਥੇਦਾਰ- ਜਰਨੈਲ ਥਾਪ ਕੇ ਇਕ ਗਾਤਰੇ ਦੀ ਸ੍ਰੀ ਸਾਹਿਬ, ਇਕ ਮੋਹਰ, ਪੰਜ ਤੀਰ, ਇਕ ਨਿਸ਼ਾਨ ਸਾਹਿਬ ਅਤੇ ਇਕ ਨਗਾਰਾ ਬਖਸ਼ ਕੇ ਪੰਜਾਬ ਵੱਲ ਰਵਾਨਾ ਕੀਤਾ। ਇਸ ਨਾਲ ਗੁਰੂ ਸਾਹਿਬ ਨੇ ਪੰਜ ਸਿੰਘ ਭਾਈ ਭਗਵੰਤ ਸਿੰਘ, ਕੋਇਰ ਸਿੰਘ, ਬਾਜ਼ ਸਿੰਘ, ਬਿਨੋਦ ਸਿੰਘ ਤੇ ਕਾਨ੍ਹ ਸਿੰਘ ਵੀ ਦਿੱਤੇ ਅਤੇ ਕੁਝ ਹੁਕਮਨਾਮੇ ਲਿਖ ਕੇ ਦਿੱਤੇ। ਗੁਰੂ ਸਾਹਿਬ ਨੇ ਇਨ੍ਹਾਂ ਸਾਰਿਆਂ ਨੂੰ ਨਾਇਕ ਭਗਵੰਤ ਸਿੰਘ ਬੰਗੇਸ਼ਰੀ ਦੇ [illegible] ਰਾਹੀਂ ਨੰਦੇੜ ਤੋਂ ਦੱਖਣ ਵੱਲ ਰਵਾਨਾ ਕੀਤਾ।

ਬਹੁਤ ਸਾਰੇ ਲੇਖਕਾਂ ਅਤੇ ਇਤਿਹਾਸਕਾਰਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਕੁਰਬਾਨੀ ਅਤੇ 'ਖੰਡੇ ਦੀ ਪਾਹੁਲ' ਲੈਣ ਬਾਰੇ ਸ਼ੰਕਿਆਂ ਦੀ ਧੂੜ ਵਿਚ ਗਵਾਚਣ ਦੀ ਕੋਸ਼ਿਸ਼ ਕੀਤੀ ਹੈ। [illegible] ਕੇਵਲ ਮੈਂ ਕੁਝ ਚੋਣਵੀਆਂ ਹੱਥ-ਲਿਖਤਾਂ ਅਤੇ ਕਿਤਾਬਾਂ ਦੇ ਹਵਾਲੇ ਦੇਵਾਂਗਾ ਤਾਂ ਜੋ

ਪਾਠਕ ਅਨੁਮਾਨ ਲਾ ਸਕਣ ਕਿ ਬਾਬਾ ਬੰਦਾ ਸਿੰਘ ਬਹਾਦਰ ਤਿਆਰ-ਬਰ-ਤਿਆਰ ਸਿੰਘ ਹੀ ਨਹੀਂ ਸੀ ਸਗੋਂ ਖਾਲਸੇ ਦੀ ਰਹਿਤ ਮਰਯਾਦਾ ਨੂੰ ਲਾਗੂ ਕਰਵਾਉਣ ਵਿਚ ਵੀ ਦ੍ਰਿੜ੍ਹ ਸੀ। ਹੱਥ ਲਿਖਤ ਜਾਂ ਕਿਤਾਬ ਦੇ ਨਾਲ ਲਿਖਣ ਦੀ ਮਿਤੀ ਜਾਂ ਪ੍ਰਕਾਸ਼ਨਾਂ ਦੀ ਮਿੱਤੀ ਬ੍ਰੈਕਟਾਂ ਵਿਚ ਦਿੱਤੀ ਗਈ ਹੈ।

ਹੁਕਮਨਾਮੇ (1710 ਈ.): ਬੰਦਾ ਸਿੰਘ ਬਹਾਦਰ ਦੇ ਨਾਂ ਹੇਠ ਸਾਨੂੰ ਦੋ ਹੀ ਹੁਕਮਨਾਮੇ ਉਪਲੱਬਧ ਹਨ। ਪਹਿਲੇ ਹੁਕਮਨਾਮੇ ਤੇ ਮਿਤੀ ਦਰਜ ਨਹੀਂ ਹੈ ਅਤੇ ਦੂਜੇ ਤੇ 12 ਦਸੰਬਰ 1710 ਲਿਖਿਆ ਹੋਇਆ ਹੈ।

ਪਹਿਲਾ ਹੁਕਮਨਾਮਾ:

ਦੇਗੋ ਤੇਗੋ ਫ਼ਤਹਿ ਓ ਨਸਰਤ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ
"....... ਸਰਬਤ੍ਰ ਅਕਾਲ ਪੁਰਖ ਜੀਓ ਦਾ ਖਾਲਸਾ
ਹੈ....... ਹੁਕਮੁ ਦੇਖਦਿਆਂ ਹੀ ਪੰਜੇ ਹਥਿਆਰ ਬੱਧਿਆ ਆਵਣਾ ...."

ਇਹ ਹੁਕਮਨਾਮਾ ਬਾਬਾ ਬੰਦਾ ਸਿੰਘ ਬਹਾਦਰ ਜੀ ਵੱਲੋਂ ਭਾਈ ਧਰਮ ਸਿੰਘ ਪਰਮ ਸਿੰਘ ਵਾਸੀ ਰੂਪੇ ਕੇ ਜੋਗੁ ਲਿਖਿਆ ਗਿਆ ਸੀ।

ਦੂਜਾ ਹੁਕਮਨਾਮਾ:

ਦੇਗੋ ਤੇਗੋ ਫ਼ਤਹਿ ਓ ਨਸਰਤ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ
".........ਪੰਜ ਹਥਿਆਰ ਬੰਨ ਕੇ ਹੁਕਮ ਦੇਖਦਿਆਂ ਦਰਸ਼ਨ ਆਵਣਾ ....
ਖਾਲਸੇ ਦੀ ਰਹਤ ਰਹਣਾ ...... ਦਾਰੂ ਅਮਲੀ ਕੋਈ ਨਹੀਂ ਖਾਣਾ ....।"

ਇਹ ਹੁਕਮਨਾਮਾ ਸਰਬਤ ਖਾਲਸਾ ਜਉਨਪੁਰ ਜੋਗੁ ਲਿਖਿਆ ਗਿਆ ਹੈ। (ਪੋਹ 12 ਸੰਮਤ 1767 ਬਿ)

ਤਵਾਰੀਖਿ-ਇਰਾਦਤ ਖਾਨ (1714 ਈ.): ਇਸ ਨੂੰ ਤਾਰੀਖਿ-ਮੁਬਾਰਖੀ ਵੀ ਆਖਦੇ ਹਨ। ਇਸ ਫ਼ਾਰਸੀ ਹੱਥ-ਲਿਖਤ ਤੇ 1126 ਹਿਜਰੀ (1714 ਈ.) ਲਿਖਿਆ ਹੈ। ਇਸ ਦਾ ਲੇਖਕ ਮਿਰਜ਼ਾ ਮੁਬਾਰਿਕੁਲਾ ਇਰਾਦਤ ਖ਼ਾਨ ਹੈ। ਇਸ ਹੱਥ ਲਿਖਤ ਦੀ ਇਕ ਕਾਪੀ ਪੰਜਾਬ ਪਬਲਿਕ ਲਾਇਬਰੇਰੀ ਲਾਹੌਰ ਵਿਚ ਹੈ ਅਤੇ ਦੂਜੀ ਕਾਪੀ ਡਾ. ਗੰਡਾ ਸਿੰਘ ਦੀ ਲਾਇਬਰੇਰੀ ਵਿਚ ਮੌਜੂਦ ਹੈ। ਇਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਵਲੋਂ 'ਖੰਡੇ ਦੀ ਪਾਹੁਲ' ਲੈਣ ਦਾ ਜ਼ਿਕਰ ਆਇਆ ਹੈ।

ਪੰਜ ਸੌ ਸਾਖੀ (1734 ਈ.): ਇਹ ਸੰਪੂਰਨ ਨਹੀਂ ਮਿਲਦੀ ਅਤੇ ਅਜਕਲ 'ਸੌ ਸਾਖੀ' ਦੇ ਨਾਂ ਨਾਲ ਜਾਂ ਗਾਥਾ ਗੁਰ ਰਤਨਮਾਲ ਦੇ ਨਾਂ ਕਰਕੇ ਪ੍ਰਸਿੱਧ ਹੈ। ਇਸ ਦਾ ਲੇਖਕ ਗੁਰਬਖਸ਼ ਸਿੰਘ (ਰਾਮ ਕੁਇਰ) ਹੈ। ਡਾ: ਗੰਡਾ ਸਿੰਘ ਨੇ ਜੋ ਹੱਥ ਲਿਖਤ ਦੀ ਮਿਤੀ ਦਸੀ ਹੈ। ਉਹ 1781 ਈ. ਜਾਂ 1791 ਈ. ਹੈ। ਸੌ ਸਾਖੀ ਹੁਣ ਪ੍ਰਕਾਸ਼ਿਤ ਰੂਪ ਵਿਚ ਵੀ ਮਿਲਦੀ ਹੈ। ਸੌ ਸਾਖੀ ਵਿਚ ਨੌਵੇਂ ਅਤੇ ਦਸਵੇਂ ਪਾਤਸ਼ਾਹ ਬਾਰੇ ਲਿਖਿਆ ਹੋਇਆ ਹੈ। ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਹ ਸਾਖੀਆਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਿਸੇ ਸਿੰਘ ਨੂੰ ਸੁਣਾਈਆਂ ਸਨ ਜਿਸ ਨੂੰ ਬਾਅਦ ਵਿਚ ਸੰਪਾਦਨ ਕੀਤਾ ਗਿਆ ਸੀ। ਕੋਈ ਭਰੋਸੇਯੋਗ ਖਰੜਾ ਵੀ ਕਿਸੇ ਵਿਦਵਾਨ ਨੂੰ ਹੱਥ ਨਹੀਂ ਆਇਆ। ਕੁਝ ਸਾਖੀਆਂ 1849 ਈ. ਤੋਂ ਬਾਅਦ ਵੀ ਸ਼ਾਮਿਲ

ਕੀਤੀਆਂ ਗਈਆਂ ਹਨ ਕਿਉਂਕਿ ਇਸ ਵਿਚ ਮਹਾਰਾਜਾ ਦਲੀਪ ਸਿੰਘ ਬਾਰੇ ਵੀ ਲਿਖਿਆ ਗਿਆ ਹੈ। ਇਸ ਵਿਚ ਬੰਦਾ ਸਿੰਘ ਬਹਾਦਰ ਦਾ ਖਾਲਸੇ ਬਾਰੇ ਸੰਕੇਤ ਮਿਲਦਾ ਹੈ।

"ਸੁਨ ਬੰਦੇ ਤੁਮ ਖਾਲਸਾ ਪੰਥ
ਮਿਲੋ ਖਾਲਸਾ ਪਾਹਿਲ ਸੰਥ।
ਜੋ ਤੋ ਕੋ ਖਾਲਸਾ ਸਾਲਸ
ਤਬ ਹਮ ਖੁਸ਼ੀ ਬਖਸ਼ੀ ਸਬ ਲਾਲਸ।
ਆਪਾ ਜਬ ਹੀ ਤੋਹਨ ਹੂਆ
ਤੇਜ ਸਮਾਨ ਹੋਇ ਨ ਬੀਆ।" (ਸੌ ਸਾਖੀ)

ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (1769 ਈ.): ਇਹ ਭਾਈ ਕੇਸਰ ਸਿੰਘ ਛਿੱਬਰ ਦੀ ਲਿਖੀ ਪੁਸਤਕ ਹੈ। ਇਹ ਪਹਿਲਾਂ ਹੱਥ ਲਿਖਤ ਸੀ ਫਿਰ 'ਪਰਖ' ਪਟਿਆਲਾ ਵਿਚ ਛੱਪੀ ਅਤੇ ਉਸ ਤੋਂ ਬਾਅਦ ਫਰਵਰੀ 1997 ਵਿੱਚ ਪ੍ਰੋ. ਪਿਆਰਾ ਸਿੰਘ ਪਦਮ ਨੇ ਸੰਪਾਦਤ ਕੀਤੀ ਹੈ। ਇਸ ਵਿੱਚ ਬੰਦਾ ਸਿੰਘ ਬਹਾਦਰ ਵੱਲੋਂ 'ਖੰਡੇ ਦੀ ਪਾਹੁਲ' ਲੈਣ ਦਾ ਜ਼ਿਕਰ ਆਇਆ ਹੈ।

"ਸਾਹਿਬ, ਪਾਸੋਂ ਆਦਮੀ ਕਰਿ ਦਿਤੇ ਦੂਰ।
ਦੋਹਾਂ ਗੱਲਾਂ ਕੀਤੀਆਂ
ਆਪਸ ਵਿਚ ਬੈਠ ਕੇ ਮਸ਼ਕੂਰ।
ਆਖਰ ਸਾਧੂ ਉਠ ਕੇ, ਆ ਚਰਨੀ ਢੱਠਿਆ।
ਪਾਹੁਲ ਗੁਰੂ ਕੀ ਛਕ ਕੇ,
ਬਣਿਆ ਸਿੰਘ ਹਠੀਆ। 623 ।

ਉਨ੍ਹਾਂ ਆਖਿਆ ਸਾਹਿਬ ਨੂੰ, *"ਮੈਂ ਬੰਦਾ ਤੇਰਾ। ਤੂ ਹੈਂ ਪੂਰਣ ਸਤਿਗੁਰੂ, ਰਾਖ ਰਖੰਦਾ ਮੇਰਾ। 624 ।"*

ਤਵਾਰੀਖ-ਮੁਜ਼ੱਫਰੀ (1787-88): ਇਹ ਫ਼ਾਰਸੀ ਹੱਥ ਲਿਖਤ ਮੁਹੰਮਦ ਅਲੀ ਖ਼ਾਂ ਅਨਸਾਰੀ ਦੀ ਲਿਖੀ ਹੋਈ ਹੈ। ਜਿਸ ਤੇ 1202 ਹਿਜਰੀ (1787-88) ਦੀ ਮਿੱਤੀ ਦਰਜ ਹੈ। ਇਸ ਦੇ 85 ਸਫ਼ੇ ਤੇ ਲਿਖਿਆ ਹੈ ਕਿ ਬਾਦਸ਼ਾਹ ਨੇ ਸ਼ੱਵਾਲ ਦੇ ਮਹੀਨੇ ਅਜਮੇਰ ਵੱਲ ਨੂੰ ਕੂਚ ਕੀਤਾ, ਇਸ ਵੇਲੇ ਗੁਰੂ ਗੋਬਿੰਦ ਸਿੰਘ ਦੇ ਖਾਸ ਚੇਲਿਆਂ ਵਿਚੋਂ ਇਕ ਬੰਦਾ ਨਾਮੀ ਦੇ ਲੜਾਈ ਫ਼ਸਾਦ ਅਤੇ ਬਗ਼ਾਵਤ ਦੀ ਖ਼ਬਰ ਬਾਦਸ਼ਾਹ ਦੇ ਕੰਨੀ ਪਈ। ਅਸਲੀ ਸ਼ਬਦ ਇਉਂ ਹਨ।

"ਆਂ ਹਜ਼ਰਤ ਦਰ ਮਾਹਿ ਸ਼ਵਾਲ ਰਹਿਗਰਾਈ ਇ ਅਜਮੇਰ ਸ਼ੁਦ ਕਿ ਦਰ ਹਮੀਂ ਇਸ਼ਤਿਆਕ ਹਰਬ-ਗਾਰਤ ਵਾ ਸ਼ੋਰਸ਼ਿ ਬੰਦਾ ਕਿ ਯਕੇ ਅਜ਼ ਮੁਰੀਦਾਨਿ ਗੁਰੂ ਗੋਬਿੰਦ ਸਿੰਘ ਬ-ਸਮਾਇ ਜਾਹੋ ਜਲਾਲ ਰਸੀਦ।"

ਗੁਰੂ ਕੀਆਂ ਸਾਖੀਆ (1790): ਇਹ ਪੁਸਤਕ ਭਾਈ ਸ੍ਵਰੂਪ ਸਿੰਘ ਕੋਸ਼ਿਸ਼ ਨੇ 1790 ਵਿਚ 'ਭਟਵਹੀਆਂ' ਤੋਂ ਤਿਆਰ ਕੀਤੀਆਂ ਸੀ ਜੋ ਬਾਅਦ ਵਿਚ ਪ੍ਰੋ. ਪਦਮ ਨੇ ਸੰਪਾਦਤ ਕਰ ਕੇ ਛਾਪੀ ਹੈ। ਇਸ ਵਿੱਚ ਸਿੱਖਾਂ ਦਾ ਨਾਯਾਬ ਅਤੇ ਕੀਮਤੀ ਇਤਿਹਾਸ ਸਾਂਭਿਆ ਹੋਇਆ ਹੈ। ਇਹ ਇਸ ਲਈ ਵੀ ਅਹਿਮ ਹੈ ਕਿਉਂਕਿ ਇਹ ਭਟਵਹੀਆਂ ਗੁਰੂ ਸਾਹਿਬ ਦੇ ਸਮੇਂ ਹੀ ਲਿਖੀਆਂ ਗਈਆਂ ਸਨ। ਇਸ ਵਿਚ ਬੜੀ ਤਫ਼ਸੀਲ ਨਾਲ ਬਾਬਾ ਬੰਦਾ ਸਿੰਘ ਬਹਾਦਰ ਦਾ 'ਖੰਡੇ ਦੀ ਪਾਹੁਲ' ਲੈਣ ਦਾ ਜ਼ਿਕਰ ਆਇਆ ਹੈ। ਇਸ ਵਾਰਤਕ ਦੀ ਵੰਨਗੀ ਹਾਜ਼ਰ ਹੈ:

"............ ਗੁਰੂ ਗੋਬਿੰਦ ਸਿੰਘ ਜੀ ਮੁਸਕਰਾਏ ਤੇ ਬਚਨ ਕੀਤਾ, "ਮਾਧੋਦਾਸ ਹਮ ਤੁਮੇਂ ਮਿਲਨ ਆਏ ਹਾਂ....... ਬੈਰਾਗੀ ਨੇ ਆਂਖ ਉਠਾਇ ਕੇ ਦੇਖਾ। ਬਚਨ ਬੋਲਾ, ਮਹਾਰਾਜ। ਆਪ ਗੁਰੂ ਗੋਬਿੰਦ ਰਾਇ (ਸਿੰਘ) ਜੀ ਹੋ, ਜਿਨ ਕੇ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਮੇਂ ਜਾਇ ਆਪਨਾ ਸੀਸ ਬਲੀਦਾਨ ਦੀਆ ਥਾ ? ਸਤਿਗੁਰਾਂ ਕਹਾ- ਹਾਂ ਮਾਧੋਦਾਸ। 'ਹਾਂ' ਕੀ ਆਵਾਜ਼ ਸੁਨ ਕੇ ਆਪਣਾ ਮਸਤਕ ਗੁਰੂ ਜੀ ਕੇ ਪਾਉਂ ਮੇਂ ਰਾਖ ਖਿਮਾਂ ਕੀ ਜਾਚਨਾ ਕੀ। .... ਮਾਧੋਦਾਸ ਝੁਬਕ ਕੇ ਬੋਲਾ, ਮੈਂ ਆਜ ਸੇ ਦਿਲੋਂ ਜਾਨ ਸੇ ਤੇਰਾ ਬੰਦਾ ਹਾਂ। .... ਭਾਈ ਦਯਾ ਸਿੰਘ ਨੇ ਮਾਧੋਦਾਸ ਨੂੰ ਕਿਹਾ, ਤਿਆਰ ਹੋ ਜਾਵੋ ਤੁਸਾਂ ਨੂੰ 'ਖੰਡੇ ਦੀ ਪਾਹੁਲ' ਦੇਣੀ ਹੈ। ਗੁਰੂ ਗੋਬਿੰਦ ਸਿੰਘ ਨੇ ਆਪਣੇ ਦਸਤ ਮੁਬਰਕਾਂ ਨਾਲ ਦੇਣੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਦਸਤ ਮੁਬਰਕਾਂ ਨਾਲ ਕੰਘਾਂ, ਕਰਦ, ਕੜਾ ਤੇ ਕਛਾ ਪਹਿਨਾਏ। ਸਿਰ ਤੇ ਛੋਟੀ ਦਸਤਾਰ-ਕੇਸਰੀ ਸਜਾ ਬੈਰਾਗੀ ਸੇ ਸਿੰਘ ਰੂਪ ਮੇਂ ਲੈ ਆਂਦਾ।"

ਗੁਰੂ ਸਾਹਿਬ ਬੈਰਾਗੀ ਨੂੰ 3 ਸਤੰਬਰ 1708 ਨੂੰ ਮਿਲੇ ਸਨ ਅਤੇ ਦੂਜੇ ਦਿਨ 4 ਸਤੰਬਰ 1708 ਨੂੰ ਉਸ ਨੂੰ 'ਖੰਡੇ ਦੀ ਪਾਹੁਲ' ਦਿੱਤੀ ਸੀ। ਗੁਰੂ ਸਾਹਿਬ ਨੇ ਆਪ ਹੀ ਉਸ ਦਾ ਨਾਂ 'ਬੰਦਾ ਸਿੰਘ' ਰਖਿਆ ਅਤੇ 'ਬਹਾਦਰ' ਦਾ ਖ਼ਿਤਾਬ ਬਖ਼ਸ਼ਿਆ।

ਸੀਅਰੁ-ਲ-ਮੁਤਾਖਰੀਨ (1836 ਈ.): ਇਸ ਫ਼ਾਰਸੀ ਹੱਥ ਲਿਖਤ ਦਾ ਲੇਖਕ ਗੁਲਾਮ ਹੁਸੈਨ ਖਾਨ ਹੈ। ਇਹ ਕਿਤਾਬ 1836 ਵਿਚ ਕਲਕੱਤਾ ਤੋਂ ਅਤੇ 1897 ਕਾਨਪੁਰ ਤੋਂ ਪ੍ਰਕਾਸ਼ਿਤ ਹੋਈ। ਇਸ ਕਿਤਾਬ ਵਿਚ ਵੀ ਬੰਦਾ ਸਿੰਘ ਬਹਾਦਰ ਦਾ 'ਖੰਡੇ ਦੀ ਪਾਹੁਲ' ਲੈਣ ਦਾ ਜ਼ਿਕਰ ਆਉਂਦਾ ਹੈ।

ਸ੍ਰੀ ਗੁਰ ਪੰਥ ਪ੍ਰਕਾਸ਼ (1841 ਈ.): ਇਹ ਕਿਤਾਬ ਪ੍ਰਾਚੀਨ ਪੰਥ ਪ੍ਰਕਾਸ਼ ਦੇ ਨਾਂ ਨਾਲ ਵੀ ਪ੍ਰਸਿੱਧ ਹੈ ਜਿਸ ਦਾ ਲੇਖਕ ਭਾਈ ਰਤਨ ਸਿੰਘ ਭੰਗੂ ਹੈ। ਇਸ ਗ੍ਰੰਥ ਦੇ ਮੂਲ ਹਾਲਾਤ ਸਰ ਡੇਵਿਡ ਆਕਟਰ ਲੋਨੀ ਅਤੇ ਕਪਤਾਨ ਮਰੇ ਨੇ ਰਤਨ ਸਿੰਘ ਭੰਗੂ ਤੋਂ ਸੁਣ ਕੇ ਲੁਧਿਆਣਾ ਵਿਖੇ 1809 ਈ. ਨੂੰ ਲਿਖੇ ਸਨ। ਉਹੀ ਹਾਲਾਤ ਬਾਅਦ ਵਿਚ ਰਤਨ ਸਿੰਘ ਨੇ ਛੰਦ ਰਚਨਾ ਵਿਚ 1841 ਈ. ਵਿਚ ਲਿਖੇ। ਭਾਈ ਰਤਨ ਸਿੰਘ, ਭਾਈ ਮਹਿਤਾਬ ਸਿੰਘ ਮੀਰ ਕੋਟ ਦਾ ਪੋਤਾ ਸੀ। (ਜਿਸ 1741 ਵਿਚ ਮਸਾ ਰੰਘੜ ਨੂੰ ਸਜਾ ਦਿੱਤੀ ਸੀ।)

"ਤਬ ਉਨ ਕਹਯੋ ਮੈਂ ਬੰਦਾ ਤੇਰਾ,
ਮੈਂ ਤੁਹਿ ਸਿੰਘ ਗੁਰੂ ਤੂੰ ਮੇਰਾ।
ਪਿਛਲੀ ਬਾਤ ਮਾਫ਼ ਹਮ ਕੀਜੈ, ਅਬ ਹੁਇ ਫਿਰ
ਤੈਂ ਦੀ ਆਯੋ ਕੀਜੈ ॥ 16 ॥
ਅਬ ਮੈਂ ਭਯੋ ਤੁਮਾਰੋ ਦਾਸ,
ਸੋ ਮੈਂ ਕਰੋ ਹੁਕਮ ਹੋਇ ਖਾਸ।
ਹਮ ਕੋ ਕੀਜੈ ਆਪਨੋ ਦਾਸ,
ਜਾਨ ਜਾਨ ਰਾਖੋ ਨਿਜ ਪਾਸ ॥ 17 ॥
... ਜੋ ਆਖੀ ਸਤਿਗੁਰ ਉਸੈ ਸੋ ਉਨ ਲੀਨੀ ਮਾਨ।
ਧਰਯੋ ਸੁ 'ਬੰਦਾ' ਨਾਮ ਤਿਸ,
ਤਿਨਕਰ ਲੀਯੋ ਪ੍ਰਮਾਨ ॥ 5 ॥"

(ਸ੍ਰੀ ਗੁਰ ਪੰਥ ਪ੍ਰਕਾਸ਼, ਸਫਾ: 126)

ਇਬਰਤਨਾਮਾ (1854 ਈ.): ਇਹ ਫ਼ਾਰਸੀ ਹੱਥ ਲਿਖਤ ਅਲੀ-ਓ-ਦੀਨ ਮੁਫ਼ਤੀ ਆਫ਼ ਲਾਹੌਰ ਨੇ 13 ਸਤੰਬਰ 1854 ਈ. ਨੂੰ ਮੁਕੰਮਲ ਕੀਤੀ। ਇਸ ਕਿਤਾਬ ਵਿਚ ਪੰਜਾਬ ਦੇ ਲੋਕਾਂ ਦਾ ਇਤਿਹਾਸ, ਆਰਥਿਕ ਅਤੇ ਸਮਾਜਿਕ ਹਾਲਾਤ ਦਰਜ ਹਨ। ਇਸ ਹੱਥ ਲਿਖਤ ਤੇ ਲੇਖਕ ਦੇ ਦਸਤਖੱਤ ਹਨ ਅਤੇ ਇਸ ਦੀ ਇਕ ਕਾਪੀ ਇੰਡੀਆ ਆਫ਼ਿਸ ਲਾਇਬਰੇਰੀ ਲੰਡਨ ਵਿਚ ਮੌਜੂਦ ਹੈ। ਇਸ ਦੇ 376 ਪਤਰੇ ਹਨ ਜੋ ਮੋਟੇ ਅੱਖਰਾਂ ਨਾਲ ਲਿਖੇ ਗਏ ਹਨ। 1961 ਵਿਚ ਡਾ. ਮੁਹੰਮਦ ਬਾਕਰ ਨੇ ਸੰਪਾਦਨ ਕਰਕੇ ਪੰਜਾਬੀ ਅਦਬੀ ਅਕੈਡਮੀ, ਲਾਹੌਰ ਵਲੋਂ ਦੋ ਜਿਲਦਾਂ ਵਿਚ ਛਪੀ ਹੈ।

ਇਸ ਕਿਤਾਬ ਦੇ ਸਫ਼ਾ-39 'ਤੇ ਦਰਜ ਹੈ ਕਿ ਬੰਦਾ ਇਹ ਕੁਝ ਸੁਣ ਕੇ ਤਨਮਨ ਨਾਲ ਚੇਲਾ ਬਣ ਗਿਆ ਅਤੇ ਪਾਹੁਲ ਲੈ ਕੇ ਜੰਗ ਲਈ ਤਿਆਰ-ਬਰ-ਤਿਆਰ ਹੋ ਗਿਆ। ਅਸਲੀ ਸ਼ਬਦ ਇੰਞ ਹਨ:

ਬੰਦਾ ਬ-ਇਸਤਮਾਇ-ਈਂ ਮਾਅਨੀ ਅਜ ਦਿਲੋ
ਜਾਨ ਇਰਾਦਤਮੰਦ ਸ਼ੁਦ-ਵ-ਪਾਹੁਲ ਗਰਿਫ਼ਤਾ
ਮੁਸਤਾਦ ਹੰਗਾਮਾ ਓ ਮੁਹਾਰਕਾ ਗਰਦੀਦ।"

ਚਹਾਰ ਗੁਲਸ਼ਨਿ ਪੰਜਾਬ (1855 ਈ.): ਇਸ ਫ਼ਾਰਸੀ ਹੱਥ ਲਿਖਤ ਵਿਚ ਪੰਜਾਬ ਦੀ ਤਵਾਰੀਖ਼ ਦਰਜ ਹੈ। ਇਹ 1855 ਈ. ਨੂੰ ਮੁਕੰਮਲ ਹੋਈ ਅਤੇ ਇਸ ਦਾ ਲੇਖਕ ਗਣੇਸ਼ ਦਾਸ ਬਡੇਹਰਾ ਸੀ। ਇਸ ਕਿਤਾਬ ਨੂੰ 'ਚਹਾਰ ਬਾਗ-ਏ ਪੰਜਾਬ' ਵੀ ਆਖਦੇ ਹਨ। ਸਿੱਖਾਂ ਨਾਲ ਸਬੰਧਿਤ ਚੈਪਟਰ ਦਾ ਨਾਂ 'ਰਿਸਾਲਾ ਸਾਹਿਬ-ਨੁਮਾ' ਹੈ। ਇਸ ਵਿਚ ਭਾਵੇਂ ਸਿੱਖਾਂ ਬਾਰੇ ਕਾਫ਼ੀ ਗਲਤੀਆਂ ਹਨ। 1965 ਨੂੰ ਡਾ. ਕਿਰਪਾਲ ਸਿੰਘ ਨੇ ਸੰਪਾਦਨ ਕਰ ਕੇ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤੀ।

ਇਸ ਕਿਤਾਬ ਦੇ ਸਫ਼ਾ 186-87 ਤੇ ਲਿਖਿਆ ਹੈ ਕਿ ਰਾਹ ਵਿਚ ਇਕ ਗੁਮਨਾਮ ਤੇ ਨਾਮਾਲੂਮ ਖਾਨਦਾਨ ਦੇ ਆਦਮੀ ਨੂੰ ਆਪਣੇ ਨਾਲ ਮਿਲਾ ਕੇ ਆਪਣੇ ਧਰਮ ਵਿਚ ਲੈ ਆਂਦਾ ਅਤੇ ਆਪਣਾ ਨਾਇਬ ਬਣਾ ਕੇ ਮਾਖੋਵਾਲ (ਆਨੰਦਪੁਰ) ਵੱਲ ਨੂੰ ਭੇਜ ਦਿੱਤਾ। ਅਸਲੀ ਹਰਫ਼ ਇੰਞ ਹਨ।

"ਦਰ ਅਸਨਾਇ ਰਾਹ ਸ਼ਖਸ਼ੇ ਮਜਹੂਲ-ਲ-ਇਸਮ
ਵਾ ਨਸਬਰਾ ਮੁਸਤਮਾਲ ਬ-ਮਜ਼ਹਬਿ ਖ਼ੁਦ
ਆਵੁਰਦ ਵਾ ਬਰ ਤਰਫ਼ਿ ਮਾਖੋਵਾਲ ਬ-
ਨਿਆਬਤਿ ਖ਼ੁਦ ਰਵਾਨਾ ਕਰਦ।"

ਤਵਾਰੀਖਿ-ਪੰਜਾਬ (1881 ਈ.): ਇਸ ਉਰਦੂ ਕਿਤਾਬ ਦਾ ਲੇਖਕ ਕਨ੍ਹਈਆ ਲਾਲ ਹੈ ਜੋ 1881 ਈ. ਵਿਚ ਲਾਹੌਰ ਵਿਚ ਲਿਖੀ ਗਈ। ਇਸ ਦੇ ਸਫ਼ਾ: 56 ਤੇ ਲਿਖਿਆ ਹੈ "ਬਾਵਜੂਦ ਕਿ ਅਵੱਲ ਵੁਹ ਖਾਨਦਾਨਿ ਬੈਰਾਗ ਕਾ ਚੇਲਾ ਥਾ, ਇਸ ਸਿਲਸਿਲੇ ਸੇ ਅਲਹਿਦਾ ਹੋ ਕਰ ਗੁਰੂ ਗੋਬਿੰਦ ਸਿੰਘ ਕਾ ਚੇਲਾ ਬਨ ਗਿਆ, ਔਰ 'ਪਾਹੁਲ' ਲੈ ਕਰ ਗੁਰੂ ਕਾ ਸਿੱਖ ਹੂਆ।"

ਜ਼ਿਕਰ ਗੁਰੂਆਂ ਵਾ ਇਬਤਿਦਾਇ ਸਿੰਘਾਂ ਵਾ ਮਜ਼ਹਬਿ ਏਸ਼ਾ (1885 ਈ.): ਇਸ ਪੁਸਤਕ ਦਾ ਲੇਖਕ ਅਹਿਮਦ ਸ਼ਾਹ ਬਟਾਲੀਆ ਹੈ। ਇਹ ਫ਼ਾਰਸੀ ਹੱਥ ਲਿਖਤ 1885 ਈ. ਦੀ ਹੈ ਜਿਸ ਦੇ 468 ਸਫ਼ੇ ਹਨ ਅਤੇ ਹਰ ਸਫ਼ੇ ਤੇ 17 ਸਤਰਾਂ ਹਨ। ਬਟਾਲਾ ਨਿਵਾਸੀ ਰਜੱਬ

ਅਲੀ ਨੇ 1866 ਈ. ਵਿਚ ਤਰਤੀਬ ਦਿੱਤੀ ਸੀ। ਉਪਰ ਵਰਨਣ ਨਾਂ ਹੇਠ ਸਿੱਖਾਂ ਬਾਰੇ ਇਕੋ ਚੈਪਟਰ ਹੈ ਪਰ ਇਹ ਵੱਡੀ ਕਿਤਾਬ 'ਤਵਾਰੀਖ਼-ਏ-ਹਿੰਦ' 1233 ਹਿਜਰੀ ਦੀ ਹੈ। ਸਈਅਦ ਅਹਿਮਦ ਸ਼ਾਹ ਇਕ ਚੰਗੇ ਧਾਰਮਿਕ ਪਰਵਾਰ ਵਿਚੋਂ ਸੀ ਜੋ ਪੰਜਾਬ ਦੇ ਬਟਾਲਾ ਦਾ ਰਹਿਣ ਵਾਲਾ ਸੀ।

ਇਹ ਲਿਖਤ ਦਿਆਲ ਸਿੰਘ ਟ੍ਰਸੱਟ ਲਾਇਬਰੇਰੀ ਲਾਹੌਰ ਵਿਚ ਮੌਜੂਦ ਹੈ। ਇਸ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਬੰਦਾ ਸਿੰਘ ਬਹਾਦਰ ਬਾਰੇ ਜੋ ਵਾਰਤਾਲਾਪ ਦਿੱਤੀ ਹੈ ਉਹ ਇੰਝ ਹੈ:-

ਮਾਧੋਦਾਸ: (ਮਹਾਰਾਜ) ਆਪ ਕੌਣ ਹੋ ?

ਗੁਰੂ ਸਾਹਿਬ: ਉਹ ਜਿਸ ਨੂੰ ਤੂੰ ਜਾਣਦਾ ਹੈਂ।

ਮਾਧੋਦਾਸ: ਮੈਂ ਕੀ ਜਾਣਦਾ ਹਾਂ ?

ਗੁਰੂ ਸਾਹਿਬ: ਆਪਣੇ ਮਨ ਵਿਚ ਚੰਗੀ ਤਰ੍ਹਾਂ ਸੋਚ।

ਮਾਧੋਦਾਸ: (ਸੋਚ ਕੇ) ਆਪ ਗੁਰੂ ਗੋਬਿੰਦ ਸਿੰਘ ਹੋ।

ਗੁਰੂ ਸਾਹਿਬ: ਹਾਂ।

ਮਾਧੋਦਾਸ: ਆਪ ਇਥੇ ਕਿਸ ਤਰ੍ਹਾਂ ਪਧਾਰੇ ਹੋ ?

ਗੁਰੂ ਸਾਹਿਬ: ਮੈਂ ਏਸ ਲਈ ਆਇਆ ਹਾਂ ਕਿ ਤੈਨੂੰ ਆਪਣਾ ਸਿੰਘ ਸਜਾਵਾਂ।

ਮਾਧੋਦਾਸ: ਮੈਂ ਹਾਜ਼ਰ ਹਾਂ ਹਜ਼ੂਰ! ਮੈਂ ਆਪ ਦਾ ਬੰਦਾ (ਗੁਲਾਮ) ਹਾਂ।

ਅਹਿਮਦ ਸ਼ਾਹ ਬਟਾਲੀਏ ਨੇ ਲਿਖਿਆ ਹੈ ਕਿ ਉਸ ਨੂੰ ਉਥੇ ਹੀ ਪਾਹੁਲ ਦੇ ਕੇ ਸਿੰਘ ਬਣਾ ਦਿੱਤਾ ਅਤੇ ਆਪਣੇ ਡੇਰੇ ਲੈ ਆਂਦਾ। "ਪਸ ਹਮਾਗਾਹ ਓ ਰਾ ਪਾਹੁਲ ਦਾਦਾ ਸਿੰਘ ਕਰਦ ਦਾ ਬਾ-ਖ਼ੁਦ ਬ-ਡੇਰਾ ਆਵੁਰਦ।"

ਤਾਰੀਖਿ-ਹਿੰਦੁਸਤਾਨ (1898 ਈ.): ਇਸ ਦਾ ਲੇਖਕ ਮੌਲਵੀ ਮੁਹੰਮਦ ਜਕਾਉਲਾ ਹੈ ਜਿਸ ਨੇ ਦਿੱਲੀ ਵਿਚ ਇਹ ਤਵਾਰੀਖ 1898 ਈ. ਵਿਚ ਲਿਖੀ। ਇਸ ਦੀ ਨੌਵੀਂ ਜਿਲਦ ਦੇ 47 ਸਫ਼ੇ ਤੇ ਬੰਦਾ ਸਿੰਘ ਬਹਾਦਰ ਵਲੋਂ 'ਖੰਡੇ ਦੀ ਪਾਹੁਲ' ਲੈਣ ਦਾ ਵਰਣਨ ਹੈ।

'ਹਾਲਿ-ਮੁਖ਼ਤਿਸਰ ਇਬਤਦਾਇ ਫ਼ਿਰਕਾ ਇ ਸਿੱਖਾਂ' ਇਸ ਫ਼ਾਰਸੀ ਹੱਥ ਲਿਖਤ ਦਾ ਲੇਖਕ ਬਖ਼ਤ-ਮੱਲ ਹੈ। ਇਸ ਵਿਚ ਸਿੱਖ ਗੁਰੂ ਸਾਹਿਬਾਨ ਦਾ ਸੰਖੇਪ ਵਿਚ ਇਤਿਹਾਸ ਦਰਜ ਹੈ। ਇਸ ਦੀ ਇਕੋ ਕਾਪੀ ਡਾ. ਗੰਡਾ ਸਿੰਘ ਦੀ ਲਾਇਬਰੇਰੀ ਵਿਚ ਮੌਜੂਦ ਹੈ। ਇਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ 'ਖੰਡੇ ਦੀ ਪਾਹੁਲ' ਲੈਣ ਦਾ ਜ਼ਿਕਰ ਸਫ਼ਾ 10 'ਤੇ ਦਰਜ ਹੈ।

ਇਨ੍ਹਾਂ ਉਪਰ ਵਰਣਨ ਹੱਥ-ਲਿਖਤਾਂ ਅਤੇ ਕਿਤਾਬਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਪੁਸਤਕਾਂ ਜਿਨ੍ਹਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ 'ਖੰਡੇ ਦੀ ਪਾਹੁਲ' ਲੈ ਕੇ ਸਿੰਘ ਸਜਣ ਦਾ ਜ਼ਿਕਰ ਆਇਆ ਹੈ ਜਿਵੇਂ ਗੋਸ਼ਾਇ-ਪੰਜਾਬ (ਰਾਧਾ ਕਿਸ਼ਨ) ਸਿੱਖਾਂ ਦੇ ਰਾਜ ਦੀ ਵਿਥਿਆ (ਸ਼ਰਧਾ ਰਾਮ), ਗੁਰੂ ਗੋਬਿੰਦ ਸਿੰਘ (ਵੇਨੀ ਪ੍ਰਸ਼ਾਦ), ਗੁਰੂ ਗੋਬਿੰਦ ਸਿੰਘ (ਰਾਮ ਬ੍ਰਿਕਸਾ ਸ਼ਰਮਾ), ਸ਼ਮਸ਼ੇਰ ਖਾਲਸਾ ਉਰਦੂ (ਗਿਆਨੀ ਗਿਆਨ ਸਿੰਘ), ਪੰਥ ਪ੍ਰਕਾਸ਼ (ਗਿ. ਗਿਆਨ ਸਿੰਘ), ਬੰਦਾ ਸਿੰਘ ਬਹਾਦਰ (ਡਾ. ਗੰਡਾ ਸਿੰਘ), ਤਾਰੀਖਿ-ਪੰਜਾਬ (ਮੁਹੰਮਦ ਲਤੀਫ਼), ਗੁਰੂ ਗੋਬਿੰਦ ਸਿੰਘ (ਸੁਰਿੰਦਰ ਸ਼ਰਮਾ), ਏ ਸ਼ਾਰਟ ਹਿਸਟਰੀ ਆਫ਼ ਦੀ ਸਿਖਜ਼ (ਪਾਈਨ), ਦੀ ਸਿੱਖ ਰਿਲਿਜਨ (ਮੈਕਾਲਫ਼) ਏ ਗਲਾਸਰੀ ਆਫ਼ ਦੀ ਟ੍ਰਾਈਬਜ਼ ਐਂਡ ਕਾਸਟਜ਼ ਆਫ਼ ਦੀ ਪੰਜਾਬ (ਐਂਡ ਐਨ.ਡਬਲਿਊ.ਈ.ਪੀ. ਏਬਸਟਨ ਐਮ. ਰੋਜ਼), ਹਿਸਟਰੀ

ਆਫ਼ ਦੀ ਓਰਿਜਨ ਐਂਡ ਪ੍ਰੋਗ੍ਰੈਸ ਆਫ਼ ਦੀ ਸਿਖਜ਼ 1787-88 (ਬਰਾਊਨ), ਮੈਮੋਰੀਜ਼ ਆਫ ਦੀ ਮੁਗਲ ਐਮਪਾਇਰ (ਇਰਾਦਤ ਖਾਨ), ਇੰਡੀਆ (ਲੋਵਿਟ), ਦੀ ਸਿੱਖ ਰੈਫ਼ਰੈਂਸ ਬੁੱਕ (ਡਾ. ਹਰਜਿੰਦਰ ਸਿੰਘ ਦਿਲਗੀਰ), ਦੀ ਇਨਸਾਈਕਲੋਪੀਡੀਆ ਆਫ਼ ਸਿੱਖ ਇਜ਼ਮ (ਐਡੀਟਰ: ਹਰਬੰਸ ਸਿੰਘ), ਮੈਕਗ੍ਰੇਗਰ, ਸੀ.ਐਚ. ਪੇਨ, ਫਾਰਸਟਰ, ਜੇਮਜ਼ ਬਰਾਊਨ ਆਦਿ ਖਾਸ ਜ਼ਿਕਰ ਯੋਗ ਹਨ।

* * *

ਕੀ ਬੰਦਾ ਸਿੰਘ ਬਹਾਦਰ ਮੁਸਲਮਾਨਾਂ ਨੂੰ ਨਫ਼ਰਤ ਕਰਦਾ ਸੀ ?

ਬੰਦਾ ਸਿੰਘ ਬਹਾਦਰ, ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਬਾਅਦ ਅਜਿਹਾ ਪਹਿਲਾ ਸਿੰਘ ਸੀ ਜਿਸ ਨੇ 18ਵੀਂ ਸਦੀ ਵਿਚ ਮੁਗ਼ਲ ਹਕੂਮਤ ਦੇ ਖ਼ਿਲਾਫ਼ ਜਦੋਜਹਿਦ ਹੀ ਨਹੀਂ ਕੀਤੀ ਸਗੋਂ ਜੋ ਸੰਸਾਰ ਦੇ ਗੌਰਵਮਈ ਇਤਿਹਾਸ ਵਿਚ ਵੀਰਤਾ ਅਤੇ ਫ਼ਤਿਹਯਾਬੀਆਂ ਹਾਸਲ ਕਰ ਕੇ ਪੰਜਾਬ ਦੀ ਪਵਿੱਤਰ ਧਰਤੀ ਉੱਤੇ ਸੁਤੰਤਰ ਖ਼ਾਲਸਾ ਰਾਜ ਦਾ ਝੰਡਾ ਗੱਡਣ ਵਾਲਾ ਇਸ ਦਾ ਪਹਿਲਾ ਸੰਸਥਾਪਕ ਬਣਿਆ।

ਯੁੱਧਨੀਤੀ 'ਚ ਨਿਪੁੰਨ ਇਸ ਬਹਾਦਰ ਜਰਨੈਲ ਬਾਰੇ ਵਿਰੋਧੀਆਂ ਨੇ ਅਨੇਕਾਂ ਝੂਠੀਆਂ ਕਹਾਣੀਆਂ ਲਿਖ ਕੇ ਉਸ ਦੇ ਤੇਜ ਪ੍ਰਤਾਪ ਵਾਲੇ ਕਾਰਨਾਮਿਆਂ ਨੂੰ ਛੁਟਿਆਉਣ ਦਾ ਹਰ ਢੰਗ ਵਰਤਿਆ ਹੈ। ਗ਼ੈਰ-ਸਿੱਖ ਲੇਖਕਾਂ ਨੇ ਜਿਥੇ ਉਸ ਨੂੰ ਧਾੜਵੀ, ਕਾਫ਼ਰ, ਲੁਟੇਰਾ, ਨਰਕਾਂ ਦਾ ਭਾਗੀ, ਕਰੂਰ ਹਤਿਆਰਾ, ਧਰਮ-ਅੰਧਤਾ ਦਾ ਸ਼ਿਕਾਰ, ਜ਼ਾਲਮ ਆਦਿ ਤ੍ਰਿਸਕਾਰ ਭਰੀ ਸ਼ਬਦਾਵਲੀ ਵਰਤਣ ਤੋਂ ਗੁਰੇਜ਼ ਨਹੀਂ ਕੀਤਾ, ਉਥੇ ਅਪਣਿਆਂ ਨੇ ਵੀ ਉਸ ਦੀ ਗ਼ਲਤ ਤਸਵੀਰ ਪੇਸ਼ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਮਹਾਨ ਸਰਬਾਂਗੀ ਜਰਨੈਲ ਦੇ ਜੀਵਨ ਨੂੰ ਗ਼ੈਰ-ਸਿੱਖ ਲਿਖਾਰੀਆਂ ਨੇ ਫ਼ਿਰਕਾਪ੍ਰਸਤੀ ਦੀਆਂ ਐਨਕਾਂ ਲਾ ਕੇ ਹੀ ਵੇਖਿਆ ਹੈ।

ਮੁਸਲਮਾਨਾਂ ਦਾ ਕੱਟੜ ਵਿਰੋਧੀ ? ਬੰਦਾ ਸਿੰਘ ਬਹਾਦਰ ਬਾਰੇ ਹੋਰ ਇਲਜ਼ਾਮਾਂ ਤੋਂ ਇਲਾਵਾ ਪ੍ਰਮੁੱਖ ਇਲਜ਼ਾਮ ਇਹ ਲਾਇਆ ਜਾਂਦਾ ਹੈ ਕਿ ਉਹ ਮੁਸਲਮਾਨਾਂ ਦਾ ਕੱਟੜ ਵਿਰੋਧੀ ਸੀ। ਪਰ ਇਤਿਹਾਸ ਦੇ ਵਰਕਿਆਂ ਨੂੰ ਫਰਲੋਦਿਆਂ ਇਹ ਗੱਲ ਗ਼ਲਤ ਸਾਬਤ ਹੁੰਦੀ ਹੈ। ਮੁਸਲਮਾਨਾਂ ਦੀ ਹਕੂਮਤ ਸਮੇਂ ਰਾਜ-ਸਮਰਥਕ ਮੁਸਲਮਾਨਾਂ ਵਲੋਂ ਵਕਤ ਦੀ ਸਰਕਾਰ ਦੀ ਪ੍ਰਸੰਸਾ ਲਿਖਣੀ ਸੁਭਾਵਕ ਹੀ ਸੀ। ਇਹੋ ਕਾਰਨ ਸੀ ਕਿ ਕਈ ਫ਼ਾਰਸੀ ਇਤਿਹਾਸਕਾਰਾਂ ਨੇ ਉਸ ਨੂੰ ਮੁਸਲਮਾਨਾਂ ਦਾ ਕੱਟੜ ਵਿਰੋਧੀ ਲਿਖ ਕੇ ਘੋਰ ਅਨਿਆਇ ਕੀਤਾ ਹੈ। ਪਰ ਮੁਗ਼ਲ ਸਲਤਨਤ ਨੂੰ ਨੇਸਤੋ-ਨਾਬੂਦ ਕਰਨ ਲਈ ਉਠੀ ਲੋਕ-ਲਹਿਰ ਦੇ ਆਗੂ ਬੰਦਾ ਸਿੰਘ ਬਹਾਦਰ ਨੂੰ ਮੁਸਲਮਾਨਾਂ ਦਾ ਸਮਰਥਨ ਮਿਲਣਾ ਕੀ ਇਹ ਸਾਬਤ ਕਰਨ ਲਈ ਕਾਫ਼ੀ ਨਹੀਂ ਕਿ ਇਸ ਲਾਸਾਨੀ ਹਸਤੀ ਬਾਰੇ ਬਹੁਤਾ ਕੁੱਝ ਕਿਸੇ ਗ਼ਲਤਫ਼ਹਿਮੀ ਦਾ ਸ਼ਿਕਾਰ ਹੋ ਕੇ ਜਾਂ ਜਾਣ ਬੁੱਝ ਕੇ ਝੂਠ ਹੀ ਲਿਖਿਆ ਗਿਆ ਹੈ ? ਬੰਦਾ ਸਿੰਘ ਬਹਾਦਰ ਨੂੰ ਆਮ ਮੁਸਲਮਾਨਾਂ ਦਾ ਸਮਰਥਨ ਮਿਲਣਾ ਇਤਿਹਾਸ ਦੀਆਂ ਕਈ ਬੰਦ ਪਰਤਾਂ ਖੋਲ੍ਹਦਾ ਹੈ।

'ਜਾਮਿ-ਉ-ਤਵਾਰੀਖ਼' ਕਰਤਾ ਕਾਜ਼ੀ ਫਕੀਰ ਮੁਹੰਮਦ ਦਾ ਹਵਾਲਾ ਦੇ ਕੇ ਡਾ. ਗੰਡਾ ਸਿੰਘ ਲਿਖਦੇ ਹਨ, ... "ਉਹ ਹਰ ਕਿਸੇ ਨੂੰ ਸਿੰਘ ਪਦਵੀ ਨਾਲ ਬੁਲਾਉਂਦੇ ਸਨ। ਉਦਾਹਰਣ ਲਈ ਜੇ ਕੋਈ ਮੁਸਲਮਾਨ ਇਨ੍ਹਾਂ ਦੇ ਪੰਥ ਵਿਚ ਆ ਜਾਵੇ ਤਾਂ ਉਸ ਨੂੰ ਨਮਾਜ਼ੀ ਸਿੰਘ ਕਹਿੰਦੇ ਸਨ।" ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਸਿੱਖ, ਹਿੰਦੂ ਹੀ ਸ਼ਾਮਲ ਨਹੀਂ ਸਨ ਸਗੋਂ ਭਾਰੀ

ਗਿਣਤੀ ਵਿਚ ਮੁਸਲਮਾਨ ਵੀ ਭਰਤੀ ਹੋ ਗਏ ਸਨ। ਡਾ. ਗੰਡਾ ਸਿੰਘ ਦੇ ਕਹਿਣ ਅਨੁਸਾਰ, "ਇਹ ਉਸ ਦੇ ਖੁਲ੍ਹ-ਦਿਲੀ ਵਾਲੇ ਵਤੀਰੇ ਦਾ ਹੀ ਨਤੀਜਾ ਜਾਪਦਾ ਹੈ ਜੋ ਬੰਦਾ ਸਿੰਘ ਨੇ ਮੁਸਲਮਾਨ ਰਈਅਤ ਨਾਲ ਕੀਤਾ। ਬੰਦਾ ਸਿੰਘ ਇਸਲਾਮ ਦਾ ਵੈਰੀ ਤਾਂ ਹੈ ਹੀ ਨਹੀਂ ਸੀ ਕਿ ਅਕਾਰਣ ਹੀ ਮੁਸਲਮਾਨਾਂ ਨਾਲ ਮੁਸਲਮਾਨ ਹੋਣ ਕਰ ਕੇ ਕੋਈ ਸਖ਼ਤੀ ਕਰਦਾ। ਉਹ ਤਾਂ ਜ਼ੁਲਮੀ ਰਾਜ ਅਤੇ ਰਾਜਸੀ ਅਤਿਆਚਾਰਾਂ ਦੇ ਵਿਰੁੱਧ ਸੀ। ਇਤਫ਼ਾਕ ਨਾਲ ਇਸ ਵੇਲੇ ਰਾਜ ਮੁਸਲਮਾਨਾਂ ਦੇ ਹੱਥ ਵਿਚ ਸੀ ਅਤੇ ਉਹ ਰਾਜਸੀ ਬਲਬੂਤੇ ਉਤੇ ਰਾਜਸੀ ਅਤਿਆਚਾਰਾਂ ਦੇ ਸਾਧਨ ਬਣੇ ਹੋਏ ਸਨ।"

'ਅਖ਼ਬਾਰ-ਏ-ਦਰਬਾਰ-ਏ-ਮੌਲਾ' ਦੀ ਇਕ ਰੇਪੋਰਟ ਵਿਚ ਤਾਂ ਸਪੱਸ਼ਟ ਦਰਜ ਹੈ ਕਿ 28 ਅਪ੍ਰੈਲ 1711 (21 ਰਬੀ-ਅੱਵਲ) ਨੂੰ ਹਿਦਾਇਤੁਲਾ ਖ਼ਾਨ ਰਾਹੀਂ ਭਗਵਤੀ ਦਾਸ ਹਰਕਾਰੇ ਦਾ ਖ਼ਬਰਾਂ ਦਾ ਪਰਚਾ ਜੋ ਬਾਦਸ਼ਾਹ ਦੀ ਦ੍ਰਿਸ਼ਟੀ ਗੋਚਰ ਹੋਇਆ, ਉਸ ਵਿਚ ਲਿਖਿਆ ਹੋਇਆ ਸੀ: "ਨਾਨਕ-ਪੂਜ (ਬੰਦਾ ਸਿੰਘ) ਦਾ 19 ਤਾਰੀਖ਼ (26 ਅਪ੍ਰੈਲ) ਤਕ ਡੇਰਾ ਕਲਾਨੌਰ ਦੇ ਕਸਬੇ ਵਿਚ ਸੀ। ਉਸ ਨੇ ਬਚਨ ਦਿਤਾ ਅਤੇ ਇਕਰਾਰ ਕੀਤਾ ਹੈ ਕਿ ਉਹ ਮੁਸਲਮਾਨਾਂ ਨੂੰ ਕੋਈ ਦੁੱਖ ਨਹੀਂ ਦੇਵੇਗਾ। ਚੁਨਾਂਚਿ ਜੋ ਵੀ ਕੋਈ ਮੁਸਲਮਾਨ ਉਸ ਕੋਲ ਜਾਂਦਾ ਹੈ, ਉਹ (ਬੰਦਾ ਸਿੰਘ) ਉਸ ਦੀ ਦਿਹਾੜੀ ਤੇ ਤਨਖ਼ਾਹ ਨਿਯਤ ਕਰ ਕੇ ਉਸ ਦਾ ਪੂਰਾ ਧਿਆਨ ਰਖਦਾ ਹੈ ਅਤੇ ਉਸ ਨੇ ਆਗਿਆ ਦੇ ਦਿਤੀ ਹੋਈ ਹੈ ਕਿ ਮੁਸਲਮਾਨ ਨਮਾਜ਼ ਅਤੇ ਖ਼ੁਤਬਾ ਜਿਵੇਂ ਚਾਹੁਣ ਪੜ੍ਹਨ। ਚੁਨਾਂਚਿ ਪੰਜ ਹਜ਼ਾਰ ਮੁਸਲਮਾਨ ਉਸ ਦੇ ਸਾਥੀ ਬਣ ਗਏ ਹਨ ਅਤੇ ਸਿੰਘਾਂ ਦੀ ਫ਼ੌਜ ਵਿੱਚ ਬਾਂਗ ਅਤੇ ਨਮਾਜ਼ ਵਲੋਂ ਸੁਖ ਪਾ ਰਹੇ ਹਨ।"

'ਅਖ਼ਬਾਰ-ਏ-ਦਰਬਾਰ-ਏ-ਮੌਲਾ' ਵਿਚਲੀ ਇਕ ਖ਼ਬਰ, ਅਨੁਸਾਰ ਜੋ ਸਰਹਿੰਦ ਦੀ ਜੰਗ ਤੋਂ ਪਹਿਲਾਂ ਲਿਖੀ ਗਈ ਸੀ, ਦਸਦੀ ਹੈ ਕਿ ਬੰਦਾ ਸਿੰਘ ਬਹਾਦਰ ਦੀ ਸਰਪ੍ਰਸਤੀ ਵਿਚ ਸਿੱਖ ਸਰਹਿੰਦ ਦੇ ਫ਼ੌਜਦਾਰ ਵਜ਼ੀਰ ਖ਼ਾਨ ਨੂੰ ਬਹੁਤ ਨਫ਼ਰਤ ਕਰਦੇ ਸਨ ਜਿਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦੋ ਛੋਟੇ ਮਾਸੂਮ ਸਾਹਿਬਜ਼ਾਦਿਆਂ ਨੂੰ ਇੱਟਾਂ ਵਿਚ ਜ਼ਿੰਦਾ ਚਿਣ ਕੇ ਸ਼ਹੀਦ ਕੀਤਾ ਸੀ। ਪਰ ਬੰਦਾ ਸਿੰਘ ਆਮ ਮੁਸਲਮਾਨਾਂ ਪ੍ਰਤੀ ਬਹੁਤ ਚੰਗਾ ਰਵਈਆ ਧਾਰਨ ਕਰਨ ਵਿਚ ਵਿਸ਼ਵਾਸ ਕਰਦਾ ਸੀ। ਭਾਵੇਂ ਸਰਹਿੰਦ ਦੀ ਲੜਾਈ ਵਿਚ ਫ਼ੌਜਦਾਰ ਵਜ਼ੀਰ ਖ਼ਾਨ ਅਤੇ ਉਸ ਦੇ ਕੁੱਝ ਕਰੀਬੀ ਸਾਥੀਆਂ ਨੂੰ ਸਿੰਘਾਂ ਨੇ ਮਾਰ ਦਿਤਾ ਸੀ ਪਰ ਦੂਜੇ ਕਿਸੇ ਮੁਸਲਮਾਨ ਨੂੰ ਉਨ੍ਹਾਂ ਨੇ ਨਹੀਂ ਸੀ ਛੇੜਿਆ।

23 ਜੂਨ, 1710 ਸ਼ੁਕਰਵਾਰ ਦੀ ਖ਼ਬਰ ਅਨੁਸਾਰ, "ਗੁੱਜਰ ਅਤੇ ਹਿੰਦੂ ਆਪ ਆ ਕੇ ਉਸ ਦੀ ਫ਼ੌਜ ਵਿਚ ਭਰਤੀ ਹੋਏ। ਗੁਰੂ (ਬੰਦਾ ਸਿੰਘ) ਨੇ ਗੁਲਾਬ ਨਗਰ ਦੇ ਜ਼ਿਮੀਦਾਰ ਜਾਨ ਮੁਹੰਮਦ ਨੂੰ ਪਰਗਨੇ ਦਾ ਜ਼ਿਮੀਦਾਰ ਨਿਯੁਕਤ ਕੀਤਾ ਤੇ ਉਸ ਦੀਆਂ ਭੁੱਲਾਂ ਨੂੰ ਮੁਆਫ਼ ਕਰ ਦਿੱਤਾ ਗਿਆ:

(ਮੈਂ ਤੇਰੇ ਗੁਨਾਹ ਮਾਫ਼ ਕਰ ਦਿਤੇ ਹਨ ਅਤੇ ਤੈਨੂੰ ਸਾਰੇ ਪਰਗਨੇ ਦਾ ਜ਼ਿਮੀਦਾਰ ਨਿਯੁਕਤ ਕਰ ਦਿਤਾ ਹੈ। ਤੂੰ ਆਪਣੇ ਆਦਮੀਆਂ ਨਾਲ ਜਾ ਕੇ ਚੂੰਡਾਲੇ ਦੇ ਜ਼ਿਮੀਦਾਰ ਸਰਦਾਰ ਖ਼ਾਨ ਨੂੰ ਲਿਆ। ਫਿਰ ਅਸੀਂ ਰੱਲ ਕੇ, ਜਲਾਲ ਖ਼ਾਨ ਅਫ਼ਗਾਨ ਦੀ ਭਾਲ ਕਰਾਂਗੇ।)

ਬਹਾਦਰਸ਼ਾਹ ਬਾਦਸ਼ਾਹ ਨੇ ਦਸੰਬਰ 10, 1710 ਈ. ਨੂੰ ਆਪਣੇ ਕੈਂਪ ਨੇੜੇ ਲੋਹਗੜ੍ਹ (ਨਜ਼ਦੀਕ ਸਾਢੌਰਾ) ਤੋਂ ਸਿੱਖਾਂ ਦੇ ਖ਼ਿਲਾਫ਼ ਇਹ ਫ਼ਰਮਾਨ ਜਾਰੀ ਕੀਤਾ ਕਿ ਜਿਥੇ ਵੀ ਨਾਨਕ (ਸਿੱਖ) ਦੇ ਪੁਜਾਰੀ ਮਿਲਣ, ਮਾਰ ਦਿਤੇ ਜਾਣ।

ਭਾਵੇਂ ਇਸ ਫ਼ੁਰਮਾਨ ਰਾਹੀਂ ਸਿੱਖਾਂ ਦੇ ਲਗਾਤਾਰ ਕਤਲੇ-ਆਮ ਦੇ ਹੁਕਮ ਨਾਜ਼ਰ ਕੀਤੇ ਗਏ ਪਰ ਬੰਦਾ ਸਿੰਘ ਬਹਾਦਰ ਦੀ ਨੀਤੀ ਵਿਚ ਕੋਈ ਫ਼ਰਕ ਨਾ ਪਿਆ। ਬੰਦਾ ਸਿੰਘ ਨੇ ਆਪਣੀ ਲੜਾਈ ਨੂੰ ਫ਼ਿਰਕੂ ਲੜਾਈ ਤੋਂ ਬਚਾਈ ਰਖਿਆ। ਉਸ ਦੀ ਲੜਾਈ ਜਾਬਰ ਹਾਕਮਾਂ ਵਿਰੁੱਧ ਸੀ ਨਾਕਿ ਮੁਸਲਮਾਨਾਂ ਦੇ ਖ਼ਿਲਾਫ਼। ਉਸ ਨੇ ਮੁਸਲਮਾਨਾਂ ਉਤੇ ਕੋਈ ਧਾਰਮਕ ਰੋਕਾਂ ਨਾ ਲਾਈਆਂ। ਇਹੀ ਕਾਰਨ ਸੀ ਕਿ ਵੱਡੀ ਗਿਣਤੀ ਵਿਚ ਮੁਸਲਮਾਨ ਅਤੇ ਗੁੱਜਰ ਉਸ ਦੀ ਫ਼ੌਜ ਵਿਚ ਭਰਤੀ ਹੋ ਗਏ ਸਨ। 'ਅਖ਼ਬਾਰ-ਏ-ਦਰਬਾਰੇ-ਮੌਲਾ' ਦੀਆਂ ਮਹੱਤਵਪੂਰਣ ਸੂਚਨਾਵਾਂ ਇਸ ਦੀਆਂ ਗਵਾਹ ਹਨ:

(ੳ) "............. ਮੈਂ ਮੁਸਲਮਾਨਾਂ ਨੂੰ ਨਹੀਂ ਸਤਾਉਣਾ..........।"

(ਅ) "............. ਜੋ ਵੀ ਮੁਸਲਮਾਨ ਉਸ ਕੋਲ ਆਉਂਦਾ ਹੈ, ਉਹ ਉਸ ਲਈ ਰੋਜ਼ਾਨਾ ਭੱਤਾ ਅਤੇ ਤਨਖ਼ਾਹ ਨਿਸ਼ਚਿਤ ਕਰਦਾ ਹੈ ਅਤੇ ਉਸ ਦਾ ਖ਼ਿਆਲ ਰਖਦਾ ਹੈ। ਉਸ ਨੇ (ਮੁਸਲਮਾਨਾਂ) ਨੂੰ ਖ਼ੁਤਬਾ ਅਤੇ ਨਮਾਜ਼ ਪੜ੍ਹਨ ਦੀ ਇਜਾਜ਼ਤ ਦਿਤੀ ਹੋਈ ਹੈ। ਇਹੋ ਕਾਰਨ ਹੈ ਕਿ ਪੰਜ ਹਜ਼ਾਰ ਮੁਸਲਮਾਨ ਉਸ ਦੇ ਪਾਸ ਇਕੱਠੇ ਹੋ ਗਏ ਹਨ। ਉਸ (ਬੰਦਾ ਸਿੰਘ) ਨਾਲ ਦੋਸਤੀ ਪਾਉਣ ਮਗਰੋਂ, ਉਨ੍ਹਾਂ ਕਰਮਾਂ ਮਾਰਿਆਂ (ਸਿੱਖਾਂ) ਦੀ ਫ਼ੌਜ ਵਿਚ ਬਾਂਗ ਅਤੇ ਨਮਾਜ਼ ਪੜ੍ਹੀ ਜਾਣ ਲੱਗ ਪਈ ਹੈ।"

ਇਹੋ ਜਹੀਆਂ ਤਫ਼ਸੀਲਾਂ ਹੋਰ ਵੀ ਮਿਲਦੀਆਂ ਹਨ। 'ਅਖ਼ਬਾਰ-ਏ-ਦਰਬਾਰੇ-ਮੌਲਾ' ਦੀ 20 ਮਈ, 1711 ਦੀ ਇਕ ਹੋਰ ਰੀਪੋਰਟ ਵਿਚ ਦਰਜ ਹੈ, "ਕਰਮਾਂ ਮਾਰਿਆਂ ਦਾ ਗੁਰੂ (ਬੰਦਾ ਸਿੰਘ) ਬਟਾਲਾ ਸ਼ਹਿਰ ਤੋਂ ਦੋ ਕੋਹ ਦੀ ਵਿੱਥ ਤੇ ਠਹਿਰਿਆ ਹੈ। ਰਾਮ ਚੰਦ ਅਤੇ ਦੂਜੇ ਸਿੱਖ 700 ਘੋੜ ਸਵਾਰ ਅਤੇ ਪੈਦਲ ਫ਼ੌਜੀ ਜੰਮੂ ਦੀਆਂ ਪਹਾੜੀਆਂ ਵਲੋਂ ਆ ਕੇ ਉਸ ਨਾਲ ਮਿਲ ਗਏ ਹਨ। ਜੋ ਵੀ ਹਿੰਦੂ ਅਤੇ ਮੁਸਲਮਾਨ, ਉਸ ਕੋਲ ਨੌਕਰੀ ਲਈ ਆਉਂਦੇ ਹਨ, ਉਹ ਉਨ੍ਹਾਂ ਦੀ ਦੇਖਭਾਲ ਕਰਦਾ ਹੈ ਅਤੇ ਰੋਟੀ ਦੇਂਦਾ ਹੈ। ਉਹ (ਬੰਦਾ ਸਿੰਘ) ਉਹਨਾਂ ਨੂੰ ਲੁੱਟੇ ਗਏ ਮਾਲ 'ਚੋਂ ਵੀ ਵਸਤਾਂ ਵੰਡ ਦੇਂਦਾ ਹੈ।

ਬੰਦਾ ਸਿੰਘ ਬਹਾਦਰ ਦੇ ਸਮੇਂ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਸਿੱਖ ਧਰਮ ਵਿਚ ਸ਼ਾਮਲ ਹੋ ਗਏ ਸਨ। "Strange Conversions were noticed as a result of Banda Singh's overbearing influence. The authority of that deluded sect (of the Sikhs) has reached such extremes", wrote Aminud Daula in June 1710, 'that many Hindus and Mohammadans finding no alternative to obedience and submission, adopted their faith and rituals. Their chief (Banda Singh) captivated the hearts of all towards his inclination and, whether a Hindu or a Mohammedan whoever came in contact with him, was addressed as a Singh."

Dindar Khan, a powerful ruler of the neighbourhood, was named Dindar Singh and Mir Nasirud Din, the Official reporter of Sirhind, became Mir Nasir Singh. In the same way, a large number of Mohamedans abandoned Islam and followed the misguided path (of Sikhism) and took solemn oaths and pledges to stand by Banda."

ਇਹ ਉਹ ਸਮਾਂ ਸੀ ਜਦੋਂ ਇਕ ਸਿੱਖ ਸਿਪਾਹੀ ਘੋੜੇ ਚੜ੍ਹਾ ਕੇ, ਪੂਰੇ ਪਿੰਡ ਵਿਚ ਦਹਿਸ਼ਤ ਫੈਲਾ ਦੇਂਦਾ ਸੀ। "Either from conviction or fear or profit (or a combination of the three) a great many Hindu and Muslim peasants accepted conversion to Sikhism."

ਉਪਰ ਦਿਤੇ ਵਿਚਾਰਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਬੰਦਾ ਸਿੰਘ ਬਹਾਦਰ ਦਾ ਮੁਸਲਮਾਨਾਂ ਪ੍ਰਤੀ ਰਵਈਆ ਭਾਈਆਂ ਵਰਗਾ ਸੀ ਅਤੇ ਉਹ ਆਮ ਤੌਰ 'ਤੇ ਉਨ੍ਹਾਂ ਨੂੰ ਨਮਾਜ਼ੀ ਸਿੰਘ ਕਰ ਕੇ ਬੁਲਾਉਂਦਾ ਸੀ।

ਹਵਾਲੇ ਅਤੇ ਟਿੱਪਣੀਆਂ:-

1. ਕੁੱਝ ਕੁ ਪੁਰਾਤਨ ਸਿੱਖ-ਇਤਿਹਾਸਕ ਪਤਰੇ, ਡਾ. ਗੰਡਾ ਸਿੰਘ, 'ਫੁਲਵਾੜੀ' ਲਾਹੌਰ, ਮਾਰਚ-ਅਕਤੂਬਰ 1931, ਸਫ਼ਾ: 48
2. ਬੰਦਾ ਸਿੰਘ ਬਹਾਦਰ, ਡਾ. ਗੰਡਾ ਸਿੰਘ, ਪਟਿਆਲਾ, 1990, ਸਫ਼ਾ: 97-98
3. ਉਹੀ, ਸਫ਼ਾ: 98
4. The Punjab Past and Present, Pbi Uni., Patiala, Oct. 970, P. 227-28.
5. I bid, P: 226
6. I bid, P: 228
7. A short History of the Sikhs, Teja Singh, Ganda Singh, Vol. I, Patiala, 1989, P: 81
8. A History of the Sikhs, Khushwant Singh, Vol. I,Oxford, 1999, P: 106.

* * *

ਸਿੱਖ ਇਤਿਹਾਸ ਦਾ ਇੱਕ ਅਣਗੌਲਿਆ ਵਰਕਾ- ਰਾਣੀ ਚੰਪਾ

ਰਾਣੀ ਚੰਪਾ ਗੁਰੂ ਘਰ ਪ੍ਰਤੀ ਆਪਣੀ ਦ੍ਰਿੜ੍ਹ ਆਸਥਾ ਰੱਖਣ ਵਾਲੀ ਰਾਜਾ ਦੀਪ ਚੰਦ ਬਿਲਾਸਪੁਰ ਵਾਲੇ ਦੀ ਧਰਮਪਤਨੀ ਸੀ। ਰਾਜਾ ਦੀਪ ਚੰਦ ਦੇ ਦਾਦਾ ਕਲਿਆਣ ਚੰਦ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ 26 ਅਕਤੂਬਰ 1619 ਨੂੰ 52 ਰਾਜੇ-ਰਾਣਿਆਂ (ਭਟਵਹੀਆਂ ਅਨੁਸਾਰ 101) ਸਮੇਤ ਗਵਾਲੀਅਰ ਕਿਲ੍ਹੇ ਤੋਂ ਰਿਹਾਈ ਬਖਸ਼ੀ ਸੀ। ਰਾਜਾ ਦੀਪ ਚੰਦ ਆਪਣੇ ਪਿਤਾ ਤਾਰਾ ਚੰਦ ਨਾਲ ਜਾ ਕੇ ਕਈ ਵੇਰ ਕੀਰਤਪੁਰ ਗੁਰੂ ਨਾਨਕ ਸਾਹਿਬ ਦੀ ਜੋਤ ਦੇ ਦਰਸ਼ਨ ਕਰ ਚੁਕਿਆ ਸੀ। ਰਾਣੀ ਦੀ ਬੇਨਤੀ ਤੇ ਗੁਰੂ ਹਰਿਰਾਇ ਸਾਹਿਬ ਨੇ 1661 ਈ. ਨੂੰ ਰਾਮਰਾਇ ਨੂੰ ਬਿਲਾਸਪੁਰ ਲਈ ਰੁਵਾਨਾ ਕੀਤਾ। ਰਾਮਰਾਇ ਤਿੰਨ ਦਿਨ ਠਹਿਰ ਕੇ ਚੌਥੇ ਦਿਨ ਰਾਜੇ ਤੋਂ ਰੁਖਸੱਤ ਲਈ। ਰਾਣੀ ਚੰਪਾ ਨੇ ਬਾਬਾ ਰਾਮਰਾਇ ਜੀ ਨੂੰ ਆਕਰਸ਼ਿਤ ਸੁੰਦਰ ਬਸਤਰ ਅਤੇ ਹੋਰ ਸੁਗਾਤਾਂ ਨਾਲ ਅਲਵਿਦ੍ਹਾ ਕੀਤਾ। ਰਾਜਾ ਦੀਪ ਚੰਦ ਨੇ 'ਕੋਟਗੁਰੂ ਹਰਿ ਰਾਇ ਸਾਹਿਬ' ਨਾਲ ਲਗਦੀ ਪਿੰਡ ਚਰਨੋਜੀ ਦੀ ਸਾਰੀ ਜ਼ਮੀਨ ਘੋੜਿਆਂ ਦੀ ਚਰਾਂਗਾਹਾਂ ਲਈ ਅਰਪਿਤ ਕੀਤੀ।

27 ਅਪ੍ਰੈਲ 1665 ਈ. ਨੂੰ ਰਾਜਾ ਦੀਪ ਚੰਦ ਧਿਆਨਾ ਕਰ ਗਿਆ। ਰਾਣੀ ਚੰਪਾ ਨੇ ਗੁਰੂ ਸਾਹਿਬ ਨੂੰ 15 ਜੇਠ ਨੂੰ ਰਾਜੇ ਦੀ ਸਤਾਰਮ੍ਹੀ ਤੇ ਬਿਲਾਸਪੁਰ ਆਉਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਸਤਾਰਮ੍ਹੀ ਤੋਂ ਪਹਿਲਾਂ ਬਿਲਾਸਪੁਰ ਲਈ ਰੁਵਾਨਾ ਹੋਏ। ਗੁਰੂ ਜੀ ਨਾਲ ਮਾਤਾ ਨਾਨਕੀ ਜੀ, ਮਾਤਾ ਸੁਲਖਣੀ ਜੀ, ਮਾਤਾ ਹਰੀ ਜੀ, ਮਾਤਾ ਰੂਪ ਕੁਇਰ ਜੀ, ਦੀਵਾਨ ਦਰੱਘਾ ਮੱਲ ਜੀ, ਦੀਪ ਚੰਦ ਤੇ ਨੰਦ ਚੰਦ ਵੀ ਹਮਸਫ਼ਰ ਹੋਏ! ਆਖ਼ਰੀ ਅਰਦਾਸ ਤੋਂ ਬਾਅਦ ਰਾਣੀ ਚੰਪਾ ਨੇ ਮਾਤਾ ਨਾਨਕੀ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਸਾਹਿਬ 'ਕੋਟ ਗੁਰੂ ਹਰਿਰਾਇ ਸਾਹਿਬ' ਛੱਡ ਕੇ ਤਲਵੰਡੀ ਸਾਬੋ ਨਾ ਜਾਣ। ਰਾਣੀ ਨੇ ਗੁਰੂ ਤੇਗ ਬਹਾਦਰ ਨੂੰ ਇੱਕ ਵਧੀਆ ਤਜਵੀਜ਼ ਰੱਖੀ ਜੋ ਗੁਰੂ ਸਾਹਿਬ ਨੇ ਮਨਜ਼ੂਰ ਕਰ ਲਈ! ਰਾਣੀ ਨੇ ਮਾਤਾ ਨਾਨਕੀ ਜੀ ਰਾਹੀਂ ਇਹ ਤਜਵੀਜ਼ ਰੱਖੀ ਕਿ ਬਾਂਗਰ ਦੇਸ਼ ਦੀ ਥਾਂ ਕਹਿਲੂਰ ਰਿਆਸਤ ਵਿੱਚ ਰਹਿ ਕੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦਾ ਪ੍ਰਚਾਰ ਕੀਤਾ ਜਾ ਸਕਦਾ ਹੈ। ਸ਼ਰੀਕਾਂ ਨਾਲ ਟਕਰਾਉ ਵੀ ਘੱਟੇਗਾ ਅਤੇ ਦੂਜਾ ਕੀਰਤਪੁਰ ਵੀ ਨੇੜੇ ਹੈ। ਕੀਰਤਪੁਰ ਵਿੱਚ ਛੇਵੇਂ ਪਾਤਸ਼ਾਹ, ਸਤਵੇਂ ਅਤੇ ਅਠਵੇਂ ਪਾਤਸ਼ਾਹ ਨੇ ਵੀ ਨਿਵਾਸ ਰਖਿਆ ਸੀ! ਰਾਣੀ ਚੰਪਾ ਨੇ ਤਿੰਨ ਪਿੰਡ ਲੋਧੀਪੁਰ, ਮੀਆਂਪੁਰ ਅਤੇ ਸਹੋਟੇ (ਮਖੋਵਾਲ) ਦੀ ਜ਼ਮੀਨ ਅਰਦਾਸ ਕਰਾਉਣੀ ਚਾਹੀ ਪਰ ਗੁਰੂ ਜੀ ਨੇ 500 ਰੁਪਏ ਭੇਟਾ ਕਰਕੇ, ਰਾਣੀ ਤੋਂ ਇਹ ਜ਼ਮੀਨ ਖ੍ਰੀਦ ਲਈ। ਤਿੰਨ ਪਿੰਡਾਂ ਵਿੱਚੋਂ ਸੰਗਤਾਂ ਨੇ ਸਹੋਟੇ ਪਿੰਡ ਦੀ ਜ਼ਮੀਨ ਤੇ ਹੀ ਬਾਬਾ ਗੁਰਦਿਤਾ ਜੀ ਰੰਧਾਵਾ ਨੇ ਮਖੋਵਾਲ ਦੀ ਥੇਹ ਤੇ ਮੋੜੀ ਗੱਡੀ। ਇਹ 19 ਜੂਨ 1665 ਦੀ ਬਾਤ ਹੈ। ਪਹਿਲਾਂ ਨਾਂ 'ਚੱਕ ਨਾਨਕੀ' ਸੀ ਪਰ ਬਾਅਦ ਵਿੱਚ 'ਅਨੰਦਪੁਰ ਸਾਹਿਬ' ਪ੍ਰਸਿੱਧ ਹੋਇਆ।

ਗੁਰੂ ਤੇਗ ਬਹਾਦਰ ਸਾਹਿਬ ਨੇ ਵਿਸਾਖੀ 1672 ਈ. ਵਿੱਚ ਪਿੰਡ 'ਚੱਕ ਨਾਨਕੀ' ਮਨਾਈ। ਰਾਣੀ ਚੰਪਾ ਨੇ ਇੱਕ ਖੱਤ ਗੁਰੂ ਸਾਹਿਬ ਵੱਲ ਆਪਣੇ ਹਲਕਾਰੇ ਰਾਹੀਂ ਰੁਵਾਨਾ ਕੀਤਾ ਜਿਸ ਵਿੱਚ 'ਬਿਲਾਸਪੁਰ' ਆਉਣ ਦੀ ਬੇਨਤੀ ਕੀਤੀ ਗਈ ਸੀ। ਗੁਰੂ ਤੇਗ ਬਹਾਦਰ ਸਾਹਿਬ ਆਪਣੇ ਪ੍ਰਵਾਰ ਸਮੇਤ ਬਿਲਾਸਪੁਰ ਲਈ ਰੁਵਾਨਾ ਹੋਏ। ਸਵੇਰੇ ਦੇ ਬਬੀਹੇ ਵਾਂਗ ਰਾਣੀ ਚੰਪਾ ਗੁਰੂ ਜੀ ਦੇ ਦਰਸ਼ਨਾਂ ਦੀ ਪਿਆਸੀ ਸੀ। (ਗੁਰੂ) ਗੋਬਿੰਦ ਦਾਸ (ਸਿੰਘ) ਦੇ ਦਰਸ਼ਨ ਕਰ ਕੇ ਰਾਣੀ ਨੇ ਸਿਰਵਾਰਨਾ ਕੀਤਾ। ਗੁਰੂ ਸਾਹਿਬ ਰਾਣੀ ਦੇ ਸ਼ਾਹੀ ਮਹਿਲਾਂ ਵਿੱਚ ਤਿੰਨ ਦਿਨ ਠਹਿਰੇ ਅਤੇ ਚੌਥੇ ਦਿਨ ਰਾਣੀ ਤੋਂ ਵਿਦਾਇਗੀ ਲਈ। ਰਾਣੀ ਨੇ ਸਾਹਿਬਜ਼ਾਦੇ ਲਈ ਪਿਆਰੇ ਬਸੱਤਰ ਅਤੇ ਬੇਅੰਤ ਸੁਗਾਤਾਂ ਭੇਟ ਕੀਤੀਆਂ। ਰਾਣੀ ਚੰਪਾ ਆਪਣੇ ਬੇਟੇ ਭੀਮ ਚੰਦ ਨੂੰ ਨਾਲ ਲੈ ਕੇ ਅਪ੍ਰੈਲ 1684 ਈ. ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨਾਂ ਲਈ 'ਚੱਕ ਨਾਨਕੀ' ਆਈ। ਰਾਣੀ ਨੇ ਮਾਤਾਵਾਂ ਦੀ ਚਰਨਧੂੜ ਮਥੇ ਲਾਈ ਅਤੇ ਦੋ ਹੋਰ ਪਿੰਡ ਅੰਗਮਪੁਰਾ ਅਤੇ ਤਾਰਾਪੁਰ ਗੁਰੂ ਸਾਹਿਬ ਨੂੰ ਭੇਟ ਕੀਤੇ। ਭਾਈ ਚਉਪਤਿ ਰਾਇ ਨੇ ਅੰਨਦ ਸਾਹਿਬ ਦੀਆਂ ਪੰਜ ਪਾਉੜੀਆਂ ਪੜ੍ਹ ਕੇ ਅਰਦਾਸ ਕੀਤੀ ਅਤੇ ਨਵੇਂ ਨਗਰ ਦਾ ਨਾਂ ਗੁਰੂ ਸਾਹਿਬ ਨੇ 'ਅਨੰਦਪੁਰ ਸਾਹਿਬ' ਰਖਿਆ। ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਰਾਣੀ ਚੰਪਾ ਤਿੰਨ ਦਿਨ 'ਅਨੰਦਪੁਰ ਸਾਹਿਬ' ਰਹਿ ਕੇ ਬੇਟੇ ਭੀਮ ਚੰਦ ਨੂੰ ਲੈ ਕੇ ਵਾਪਸ ਬਿਲਾਸਪੁਰ ਆ ਗਈ! ਯਾਦ ਰਹੇ ਰਾਣੀ ਚੰਪਾ ਗੁਰੂ ਘਰ ਪ੍ਰਤੀ ਅਥਾਹ ਸ਼ਰਧਾ ਨਾਲ ਸਰਸ਼ਾਰ, ਉਮਰ ਦੇ ਆਖਰੀ ਦਿਨਾਂ ਵਿੱਚ ਅੱਠੇ ਪਹਿਰ ਆਪਣਾ ਧਿਆਨ ਗੁਰੂ ਚਰਨਾਂ ਵਿੱਚ ਜੋੜਨ ਲੱਗ ਪਈ ਸੀ। ਰਾਣੀ ਚੰਪਾ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਬਿਲਾਸਪੁਰ ਆਉਣ ਦੀ ਬੇਨਤੀ, ਇੱਕ ਚਿੱਠੀ ਭੇਜ ਕੇ ਕੀਤੀ। ਗੁਰੂ ਸਾਹਿਬ ਦੋਵੇਂ ਮਾਤਾਵਾਂ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਤੇ ਮਹਿਲਾਂ ਅਤੇ ਮੁੱਖੀ ਸਿੱਖਾਂ ਸਮੇਤ ਬਿਲਾਸਪੁਰ ਰਾਣੀ ਚੰਪਾ ਦੇ ਘਰ ਪੁੱਜੇ! ਰਾਣੀ ਨੇ ਬੇਟੇ ਸਮੇਤ ਗੁਰੂ ਸਾਹਿਬ ਅਤੇ ਪ੍ਰਵਾਰ ਦੇ ਦਰਸ਼ਨ ਕਰ ਕੇ ਨਿਹਾਲ ਹੋਈ। ਰਾਣੀ ਨੇ ਗੁਰੂ ਸਾਹਿਬ ਦੇ ਦਰਸ਼ਨ ਪੂਰੇ ਤਿੰਨ ਸਾਲਾਂ ਮਗਰੋਂ ਕੀਤੇ ਸਨ। ਦੂਰੋਂ ਨੇੜਿਆਂ ਸੰਗਤਾਂ ਬਿਲਾਸਪੁਰ ਆ ਕੇ ਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੁੰਦੀਆਂ। ਸਾਰੇ ਬਿਲਾਸਪੁਰ ਵਿੱਚ ਰਾਤ ਸਮੇਂ ਗੁਰੂ ਜੀ ਦੀ ਆਮਦ ਤੇ ਦੀਪਮਾਲਾ ਕੀਤੀ ਗਈ।

ਦੂਜੇ ਦਿਨ ਰਾਣੀ ਚੰਪਾ ਨੇ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਮਾਤਾਵਾਂ ਤੇ ਮਹਿਲਾਂ ਨੂੰ ਸਤਲੁਧਰ ਨਦੀ ਵਿੱਚ ਕਿਸ਼ਤੀ ਵਿੱਚ ਬੱਠਾ ਕੇ ਪਹਾੜਾਂ, ਨਦੀਆਂ, ਜੰਗਲਾਂ ਅਤੇ ਕੁਦਰਤੀ ਨਿਜ਼ਾਰੇ ਵਿਖਾਏ। ਗੁਰੂ ਸਾਹਿਬ ਪ੍ਰਵਾਰ ਸਮੇਤ ਪੰਜ ਦਿਨ ਠਹਿਰੇ ਅਤੇ ਛੇਵੇਂ ਦਿਨ ਅਨੰਦਪੁਰ ਸਾਹਿਬ ਵੱਲ ਰੁਖੱਸਤ ਹੋਏ। ਰਾਣੀ ਨੇ ਮਾਤਾਵਾਂ, ਮਹਿਲਾਂ ਅਤੇ ਸਾਹਿਬਜ਼ਾਦੇ ਲਈ ਸੁੰਦਰ ਬਸਤਰ, ਭੂਖਨ ਤੇ ਖਿਡੌਣੇ ਭੇਟਾ ਕਰਕੇ ਗੁਰੂ ਘਰ ਨਾਲ ਪ੍ਰਤੀਬੱਧ ਹੋਈ।

28 ਮਾਰਚ 1685 ਈ. ਨੂੰ ਰਾਣੀ ਚੰਪਾ, ਬੇਟੇ ਭੀਮ ਚੰਦ ਨੂੰ ਨਾਲ ਲੈ ਕੇ ਵਿਸਾਖੀ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਲਈ ਆਈ। ਦ੍ਰਿੜ ਇਰਾਦੇ ਵਾਲੀ, ਦੂਰ ਅੰਦੇਸ਼ੀ ਅਤੇ ਪ੍ਰਤਿਭਾਵਾਨ ਰਾਣੀ ਨੇ ਗੁਰੂ ਸਾਹਿਬ ਦੇ ਆਸ਼ਿਆਂ ਨੂੰ ਮੁੱਖ ਰੱਖ ਕੇ ਬੇਨਤੀ ਕੀਤੀ ਕਿ ਅੰਤਰਜਾਮੀ ਅਨੰਦਪੁਰ ਸਾਹਿਬ ਦੇ ਚਾਰ ਪਾਸਿਆਂ ਤੋਂ ਪੰਜ ਕਿਲੇ ਤਿਆਰ ਕਰੋ। ਰਾਣੀ ਦੀ

ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਗੁਰੂ ਸਾਹਿਬ ਨੇ ਪੰਜ ਕਿਲ੍ਹੇ ਅਨੰਦਗੜ੍ਹ, ਲੋਹਗੜ੍ਹ, ਤਾਰਾਗੜ੍ਹ, ਅਗੰਮਗੜ੍ਹ ਅਤੇ ਫ਼ਤਹਿਗੜ੍ਹ ਤਾਮੀਰ ਕੀਤੇ। ਇਨ੍ਹਾਂ ਕਿਲ੍ਹਿਆਂ ਦੀ ਨਿਰਮਾਣਕਾਰੀ ਤੋਂ ਬਾਅਦ ਗੁਰੂ ਸਾਹਿਬ ਨੇ ਛੇਵਾਂ ਅਤੇ ਸੱਤਵਾਂ ਕਿਲ੍ਹੇ ਕੇਸਗੜ੍ਹ ਅਤੇ ਹੋਲਗੜ੍ਹ 1699 ਈ. ਵਿੱਚ ਤਿਆਰ ਕੀਤੇ।

ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਨੰਦਪੁਰ ਸਾਹਿਬ ਵਿੱਚ ਆਇਆਂ ਸਵਾ ਕੁ ਸਾਲ ਹੀ ਹੋਇਆ ਸੀ ਕਿ ਰਾਜਾ ਭੀਮ ਚੰਦ ਦਾ ਹਲਕਾਰਾ ਬਿਨੈ-ਪਤਰ ਲੈ ਕੇ ਅਨੰਦਪੁਰ ਸਾਹਿਬ ਪੁੱਜਾ, ਜਿਸ ਵਿੱਚ ਲਿਖਿਆ ਸੀ "ਗਰੀਬ ਨਿਵਾਜ਼। ਲਵਪੁਰ ਕਾ ਹਾਕਮ ਹਮਾਰੇ ਤੇ ਚੜ੍ਹ ਆਇਆ ਹੈ, ਸਹਾਈ ਹੋ।" ਗੁਰੂ ਜੀ ਬਿਨੈ-ਪਤਰ ਪੜ੍ਹ ਕੇ ਰਾਜਾ ਭੀਮ ਚੰਦ ਦੀ ਸਹਾਇਤਾ ਲਈ ਬਿਲਾਸਪੁਰ ਵੱਲ ਤੁਰ ਪਏ।

"ਅਲਫ਼ ਖਾਨ ਨਾਦੌਣ ਪਠਾਵਾ। ਭੀਮ ਚੰਦ ਤਨ ਬੈਰ ਬਢਾਵਾ॥
ਜੁਧ ਕਾਜ ਨ੍ਰਿਪ ਹਮੈ ਬੁਲਾਯੋ। ਆਪਿ ਤਵਨ ਕੀ ਓਰ ਸਿਧਾਯੋ॥ (ਬਚਿਤ੍ਰ-ਨਾਟਕ)

ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਪ੍ਰਮੁੱਖ ਯੋਧੇ ਦੀਵਾਨ ਨੰਦ ਚੰਦ, ਭਾਈ ਧਰਮ ਚੰਦ ਛਿਬਰ, ਭਾਈ ਮਨੀ ਰਾਮ, ਭਾਈ ਆਲਮ ਚੰਦ ਆਦਿ ਦੇ ਹਮਰਾਹ ਸਿੱਖ ਫ਼ੌਜ ਨੂੰ ਨਾਲ ਲੈ ਕੇ ਨਦੌਣ ਵੱਲੋਂ ਆਏ ਅਲਫ਼ ਖ਼ਾਨ ਸਰਦਾਰ ਦੀ ਫ਼ੌਜ ਨੂੰ ਨਦੌਣ ਦੇ ਮੁਕਾਮ ਤੇ ਰੋਕ ਲਿਆ। ਇਸ ਤੋਂ ਪਹਿਲਾਂ ਰਾਜਾ ਭੀਮ ਚੰਦ ਵੀ ਅਗੋਂ ਮਿੱਲ ਪਿਆ ਸੀ। ਇਹ ਜੰਗ ਆਹਮੋ-ਸਾਹਮਣੇ 19 ਮਾਰਚ 1691 ਈ. ਨੂੰ ਹੋਈ। 'ਸ਼ਹੀਦ ਬਿਲਾਸ' ਦਾ ਕਰਤਾ ਭਾਈ ਸੇਵਾ ਸਿੰਘ ਇਸ ਲੜਾਈ ਦਾ ਜ਼ਿਕਰ ਇੰਞ ਕਰਦਾ ਹੈ।

"ਸਤਰਹ ਸੈ ਸੈਂਤਾਲੀਸ ਮਾਹਿ। ਚੇਤ ਮਾਸ ਕੀ ਬਾਈਸ ਆਹਿ॥
ਫਤੇ ਭਈ ਜੀਤ ਘਰ ਆਇ। ਰਾਜੇ ਅਪਨੇ ਧਾਮ ਸਿਧਾਇ॥ 65 ॥

ਅਲਫ਼ ਖ਼ਾਨ ਆਪਣੇ ਸਮਿਆਂ ਦਾ ਬੜਾ ਨਾਮੀ ਯੋਧਾ ਸੀ। ਦੋਵੇਂ ਪਾਸਿਆਂ ਤੋਂ ਚੰਗਾ ਖੰਡਾ ਖੜਕਿਆ। ਗੁਰੂ ਕੇ ਸਿੱਖ ਬੜੀ ਬਹਾਦਰੀ ਨਾਲ ਲੜੇ। ਗੁਰੂ ਸਾਹਿਬ ਨੇ ਪਹਿਲਾਂ ਤੁਪਕ ਅਤੇ ਫ਼ਿਰ ਧੁਨਖ ਸੰਭਾਲ ਲਈ ਅਤੇ ਉਹ ਵੱਰਖਾ ਤੀਰਾਂ ਦੀ ਕੀਤੀ ਕਿ ਵੱਧ ਰਹੀ ਤੁਰਕ ਫ਼ੌਜ ਨੂੰ ਠੱਲ ਪਾ ਦਿੱਤੀ। ਮੈਦਾਨੇ-ਜੰਗ ਲਹੂ-ਲੁਹਾਨ ਹੋ ਗਿਆ। ਗੁਰੂ ਜੀ ਦੇ ਸਿੱਖ ਭਾਈ ਸੋਹਨ ਚੰਦ, ਭਾਈ ਮੂਲ ਚੰਦ ਆਦਿ ਸ਼ਹੀਦੀ ਪਾ ਗਏ। ਤੁਰਕ ਫ਼ੌਜ ਮੈਦਾਨੇ-ਜੰਗ 'ਚ ਤਿੱਤਰ ਹੋਈ ਅਤੇ ਅਲਫ਼ ਖ਼ਾਨ ਬੜੀ ਫੁਰਤੀ ਨਾਲ ਘੋੜੇ ਦਾ ਮੂੰਹ ਪਿੱਛਾਂ ਕਰਕੇ ਜਾਨ ਬਚਾ ਕੇ ਭੱਜ ਗਿਆ। ਰਾਜਾ ਭੀਮ ਚੰਦ ਨੇ ਗੁਰੂ ਸਾਹਿਬ ਅੱਗੇ ਪਰਜ਼ੋਰ ਬੇਨਤੀ ਕਰ ਕੇ ਪੂਰੇ ਸੱਤ ਦਿਨ ਆਪਣੇ ਸ਼ਾਹੀ ਮਹਿਲਾਂ ਵਿੱਚ ਨਿਵਾਸ ਰਖਾਇਆ। ਅਠਵੇਂ ਦਿਨ ਰਾਜਾ ਭੀਮ ਚੰਦ ਤੋਂ ਵਿਦਾਇਗੀ ਲੈ ਕੇ ਗੁਰੂ ਸਾਹਿਬ ਰਸਤੇ ਵਿੱਚ ਆਲਸੂਨ ਦੇ ਰੰਘੜਾਂ ਦੀ ਭੁਗਤ ਸਵਾਰ ਕੇ ਅਨੰਦਪੁਰ ਸਾਹਿਬ ਵਾਪਸ ਆ ਗਏ। ਜੇਠ ਦੇ ਮਹੀਨੇ ਰਾਜਾ ਭੀਮ ਚੰਦ ਦਾ ਪ੍ਰੋਹਤ ਪਰਮਾਨੰਦ ਚਿੱਠੀ ਲੈ ਕੇ 'ਅਨੰਦਪੁਰ ਸਾਹਿਬ' ਪੁਜਾ ਜਿਸ ਵਿੱਚ ਲਿਖਿਆ ਸੀ, "ਮਹਾਰਾਜ। ਮੇਰੀ ਮਾਤਾ ਚੰਪਾ ਜੀ ਜੇਠ ਵਦੀ ਦਸਵੀਂ ਕੇ ਦਿਹੁ ਪਰਲੋਕ ਪਿਆਨਾ ਕਰ ਗਈ ਹੈ। ਉਨ ਕੀ ਸਤਾਰਮੀ

ਦਾ ਦਿਹਾੜਾ ਜੇਠ ਸੁਦੀ ਇਕਾਦਸੀ ਹੈ, ਆਪ ਬਮੈ ਪਰਿਵਾਰ ਦਰਸ਼ਨ ਦੇ ਕੇ ਨਿਵਾਜਨਾ।" (ਗੁਰੂ ਕੀਆਂ ਸਾਖੀਆਂ, ਸਰੂਪ ਸਿੰਘ ਕੌਸ਼ਿਸ਼)

ਗੁਰੂ ਸਾਹਿਬ, ਪ੍ਰਵਾਰ ਅਤੇ ਮੁਖੀ ਸਿੱਖਾਂ ਸਮੇਤ ਬਿਲਾਸਪੁਰ ਸਤਾਰ੍ਹਮੀ ਤੋਂ ਤਿੰਨ ਦਿਨ ਪਹਿਲਾਂ ਪ੍ਰੁੱਜੇ। ਗੁਰੂ ਸਾਹਿਬ ਨੇ ਭੀਮ ਚੰਦ ਨੂੰ ਅਕਾਲ ਦਾ ਭਾਣਾ ਮੰਨਣ ਦਾ ਹੁਕਮ ਕੀਤਾ। ਸਤਾਰ੍ਹਮੀ ਤੋਂ ਉਪਰੰਤ ਗੁਰੂ ਸਾਹਿਬ ਰਾਜਾ ਭੀਮ ਚੰਦ ਤੋਂ ਵਿਦਾਇਗੀ ਲੈ ਕੇ 'ਅਨੰਦਪੁਰ ਸਾਹਿਬ' ਵਾਪਸ ਆ ਗਏ।

* * *

ਕਸ਼ਮੀਰ ਅਤੇ ਸਰਦਾਰ ਹਰੀ ਸਿੰਘ ਨਲਵਾ

ਸ਼ੇਰਦਿਲ ਸਰਦਾਰ ਹਰੀ ਸਿੰਘ ਨਲਵਾ (1791-1837) ਦਾ ਨਾਮ ਜਿਵੇਂ ਸਿੱਖ ਇਤਿਹਾਸ ਵਿਚ ਸਤਿਕਾਰ ਤੇ ਪਿਆਰ ਦਾ ਮੁਕਾਮ ਰੱਖਦਾ ਹੈ ਸ਼ਾਇਦ ਹੀ ਕੋਈ ਹੋਰ ਨਾਂ ਰੱਖਦਾ ਹੋਵੇ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੇਕਰ ਨੀਤੀਆਂ ਘੜਨ ਵਾਲਾ ਚਿੰਤਕ ਸੀ, ਉਥੇ ਨਲਵਾ ਸਰਦਾਰ ਉਨ੍ਹਾਂ ਨੀਤੀਆਂ ਦੇ ਰੂਬਰੂ ਅਮਲ ਕਰਨ ਵਾਲਾ ਜਾਂਬਾਜ਼ ਜਰਨੈਲ ਸੀ। ਸਰਦਾਰ ਹਰੀ ਸਿੰਘ ਦੀ ਸੂਰਮਗਤੀ, ਜੁਰੱਅਤ, ਨਿਡਰਤਾ, ਦਲੇਰੀ ਤੇ ਬੀਰ ਬਿਰਤੀ ਬੇਮਿਸਾਲ ਸੀ।

ਸਰਦਾਰ ਨਲਵਾ ਖਾਲਸਾ ਰਾਜ ਦਾ ਅਜਿਹਾ ਸੰਗ੍ਰਾਮੀ ਸੀ ਜੋ ਦੂਰ-ਅੰਦੇਸ਼, ਅਦੁੱਤੀ ਪ੍ਰਬੰਧਕ, ਸਫਲ ਸ਼ਖਸੀਅਤ ਅਤੇ ਗੁਣਾਂ ਦਾ ਮੁਜੱਸਮਾ ਸੀ। ਇਸ ਦਾ ਸੰਗ੍ਰਾਮੀ ਬਿਰਤੀ, ਸੂਝ ਸਿਆਣਪ ਅਤੇ ਦੂਰ-ਅੰਦੇਸ਼ੀ ਨੇ ਅਫਗਾਨਾਂ ਦੇ ਲਗਾਤਾਰ ਅੱਠ ਸਦੀਆਂ ਤੋਂ ਹੋ ਰਹੇ ਹਮਲਿਆਂ ਨੂੰ ਰੋਕਿਆ। ਬੰਦੂਕ, ਤੀਰ ਕਮਾਨ, ਤਲਵਾਰ, ਨੇਜ਼ਾ, ਬੰਬ-ਬਰੂਦ, ਤੋਪ, ਸੰਗੀਨ ਅਤੇ ਘੋੜਸਵਾਰੀ ਵਿੱਚ ਇਤਨਾ ਪ੍ਰਬੀਨ ਸੀ ਕਿ ਸਿੱਖ ਰਾਜ ਵਾਸਤੇ ਫਤਹਿਯਾਬੀਆਂ ਪ੍ਰਾਪਤ ਕਰਨੀਆਂ, ਉਸ ਦੇ ਕਰਮਾਂ ਦਾ ਮੀਰੀ ਗੁਣ ਬਣ ਗਿਆ ਸੀ। ਸ਼ੇਰੇ-ਪੰਜਾਬ ਨੇ ਜਦੋਂ ਸਰਦਾਰ ਹਰੀ ਸਿੰਘ ਨੂੰ ਇੱਕ ਨਲ (ਸ਼ੇਰ) ਨੂੰ ਮਾਰਦਿਆਂ ਵੇਖਿਆ ਤਾਂ ਉਸ ਨੂੰ ਨਲਵਾ ਦੇ ਖਿਤਾਬ ਨਾਲ ਸਰਸ਼ਾਰ ਕਰ ਦਿੱਤਾ। ਕਿਲ੍ਹਾ ਅਟਕ, ਕਸ਼ਮੀਰ,ਕਸੂਰ, ਮੁਲਤਾਨ, ਹਜ਼ਾਰਾ, ਨੌਸ਼ਹਿਰਾ ਤੇ ਪਿਸ਼ਾਵਰ ਦੀਆਂ ਲੜਾਈਆਂ ਜਿਸ ਸੂਰਮਗਤੀ ਨਾਲ ਸਰਦਾਰ ਨਲਵਾ ਨੇ ਲੜੀਆਂ, ਉਹ ਸਿੱਖ ਇਤਿਹਾਸ ਦਾ ਇੱਕ ਸੁਨਹਿਰੀ ਕਾਂਡ ਹੈ। ਪਠਾਣਾਂ ਅਤੇ ਅਫਗਾਨੀਆਂ ਵਿੱਚ ਸਰਦਾਰ ਹਰੀ ਸਿੰਘ ਨਲਵਾ ਦਾ ਅਜਿਹਾ ਭੈਅ ਤੇ ਡਰ ਸੀ ਕਿ ਪਠਾਣੀਆਂ ਅੱਜ ਵੀ ਜੇਕਰ ਬੱਚੇ ਰੋਣਾ ਬੰਦ ਨਾ ਕਰਨ ਤਾਂ ਉਹ ਆਖਦੀਆਂ ਚੁੱਪ ਸਾ ਬਚਿਆ ! ਹਰੀਆ ਰਾਸੈਲ (ਅਰਥਾਤ ਪੁਤਰਾ, ਚੁੱਪ ਕਰ ਜਾ, ਹਰੀ ਸਿੰਘ ਆਉਂਦਾ ਪਿਆ ਹੈ)। ਇਸ ਦੀ ਪੁਸ਼ਟੀ ਐਲਫ ਕੈਰੋ ਨੇ ਵੀ ਆਪਣੀ ਪੁਸਤਕ ਵਿੱਚ ਕੀਤੀ ਹੈ।

ਕਸ਼ਮੀਰ ਵੱਲ ਕੂਚ: ਜਦੋਂ ਖਾਲਸਾ ਫੌਜਾਂ ਨੇ 1814 ਈ. ਵਿੱਚ ਕਸ਼ਮੀਰ ਵੱਲ ਚੜ੍ਹਾਈ ਕੀਤੀ ਤਾਂ ਸਰਦਾਰ ਹਰੀ ਸਿੰਘ ਨਲਵਾ, ਖਾਲਸਾ ਫੌਜਾਂ ਦੀ ਕਮਾਂਡ ਕਰ ਰਿਹਾ ਸੀ। ਸ਼ਾਹ ਸ਼ੁਜਾਹ ਜਦੋਂ ਆਪਣੇ ਭਰਾ ਸ਼ਾਹ ਮਹਿਮੂਦ ਕੋਲੋਂ ਹਾਰ ਕੇ ਅਟਕ ਪਹੁੰਚ ਗਿਆ, ਉਸ ਸਮੇਂ ਜ਼ਹਾਨ ਖਾਨ ਅਟਕ ਦਾ ਕਿਲ੍ਹੇਦਾਰ ਸੀ। ਉਸ ਨੇ ਸ਼ਾਹ ਸ਼ੁਜਾਹ ਨੂੰ ਕੈਦ ਕਰਕੇ ਆਪਣੇ ਭਰਾ, ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਖਾਨ ਕੋਲ ਭੇਜ ਦਿੱਤਾ। ਕਾਬਲ ਤੋਂ ਵਜ਼ੀਰ ਫਤਹਿਖਾਨ, ਸ਼ਾਹ ਸ਼ੁਜਾਹ ਦੇ ਮਗਰ ਮਗਰ ਆ ਰਿਹਾ ਸੀ। ਜਦੋਂ ਉਸ ਨੂੰ ਸੂਚਨਾ ਮਿਲੀ ਕਿ ਸ਼ਾਹ ਸ਼ੁਜਾਹ ਕਸ਼ਮੀਰ ਵਿੱਚ ਹੈ ਤਾਂ ਉਸ ਨੇ ਕਸ਼ਮੀਰ ਵੱਲ ਚੜ੍ਹਾਈ ਕਰਨ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਤੋਂ ਮਦਦ ਮੰਗੀ। ਉਸ ਭਰੋਸਾ ਦਿੱਤਾ ਕਿ ਕਸ਼ਮੀਰ ਦੀ ਲੁੱਟ ਦਾ ਅੱਧ ਅਤੇ ਨੌਂ ਲੱਖ ਰੁਪਿਆ ਖਾਲਸਾ ਫੌਜਾਂ ਨੂੰ ਦਿੱਤਾ ਜਾਵੇਗਾ। ਦੂਸਰੇ ਪਾਸੇ ਸ਼ਾਹ ਸ਼ੁਜਾਹ ਦੀ

ਬੇਗਮ ਨੇ ਸ਼ੇਰੇ-ਪੰਜਾਬ ਨੂੰ ਸੁਨੇਹਾ ਭੇਜਿਆ ਕਿ ਜੇ ਤੁਸੀਂ ਮੇਰਾ ਪਤੀ ਕਸ਼ਮੀਰ ਤੋਂ ਸਹੀ-ਸਲਾਮਤ ਲਿਆ ਦਿਓ ਤਾਂ ਉਸ ਬਦਲੇ ਉਹ 'ਕੋਹਿਨੂਰ ਹੀਰਾ' ਭੇਟਾ ਕਰੇਗੀ।

ਸ਼ੇਰੇ-ਪੰਜਾਬ ਉਪਰੋਂ ਦੋਵਾਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਅਤੇ ਨਾਲ ਹੀ ਇਹ ਵਿਚਾਰ ਕੇ ਕਿ ਖਾਲਸਾ ਫੌਜਾਂ ਕਸ਼ਮੀਰ ਦੇ ਰਸਤੇ ਤੋਂ ਵਾਕਿਫ ਹੋ ਜਾਣਗੀਆਂ, ਆਪਣੀਆਂ ਫੌਜਾਂ ਨੂੰ ਕਸ਼ਮੀਰ ਵੱਲ ਕੂਚ ਕਰਨ ਦਾ ਹੁਕਮ ਦੇ ਦਿੱਤਾ। The joint sikh-Afghan expedition to kashmir was under taken in 1812" (A History of Sikh Role in Kashmir, R.K. Parmu, 1977, p; 47)। ਇੱਕ ਪਾਸੇ ਵਜ਼ੀਰ ਫਤਹਿਖਾਨ ਆਪਣੀਆਂ ਫੌਜਾਂ ਲੈ ਕੇ ਕਸ਼ਮੀਰ ਵੱਲ ਤੁਰ ਪਿਆ ਅਤੇ ਦੂਜੇ ਪਾਸਿਓਂ ਸਰਦਾਰ ਹਰੀ ਸਿੰਘ ਨਲਵਾ, ਸ੍. ਸ਼ਾਮ ਸਿੰਘ ਅਟਾਰੀ, ਦੀਵਾਨ ਮੋਹਕਮ ਚੰਦ, ਸ੍. ਦਲ ਸਿੰਘ ਅਤੇ ਸ੍. ਜੀਵਨ ਸਿੰਘ 12,000 ਖਾਲਸਾ ਫੌਜ ਸਮੇਤ ਭਿੰਬਰ, ਰਜੌਰੀ ਤੇ ਪੀਰ ਪੰਚਾਲ ਦੇ ਰਸਤੇ ਸ੍ਰੀਨਗਰ ਪਹੁੰਚ ਗਏ ਅਤੇ ਮੁਹੰਮਦ ਖਾਨ ਦੀਆਂ ਫੌਜਾਂ ਨੇ ਖੂਬ ਮੁਕਾਬਲਾ ਕੀਤਾ। ਸ਼ੇਰਗੜ੍ਹੀ 'ਤੇ ਕਬਜ਼ਾ ਕਰਨ ਸਮੇਂ ਵੀ ਲੜਾਈ ਹੋਈ ਜਿਸ ਵਿੱਚ ਦੋਵੇਂ ਪਾਸਿਓਂ ਕੁੱਝ ਫੌਜੀ ਮਾਰੇ ਗਏ। ਖਾਲਸਾ ਫੌਜਾਂ ਨੇ ਸਿੱਖ ਸਿਪਾਹੀਆਂ ਦਾ ਸਸਕਾਰ ਸ਼ਹੀਦ-ਗੰਜ ਵਾਲੀ ਥਾਂ (ਜਿਥੇ ਅੱਜਕਲ੍ਹ ਬੁੰਗਾ ਅਕਾਲੀ ਫੂਲਾ ਸਿੰਘ ਦਾ ਗੁਰਦੁਆਰਾ ਹੈ) 'ਤੇ ਕੀਤਾ।

ਖਾਲਸਾ ਫੌਜਾਂ ਨੇ ਸ਼ੇਰਗੜ੍ਹੀ 'ਤੇ ਕਬਜ਼ਾ ਕਰਕੇ ਸ਼ਾਹ ਸ਼ੁਜਾਹ ਨੂੰ ਕੈਦ 'ਚ ਮੁਕਤ ਕਰਾ ਕੇ ਆਪਣੀ ਹਿਫਾਜ਼ਤ ਵਿੱਚ ਲੈ ਲਿਆ। ਖਾਲਸਾ ਫੌਜਾਂ ਨੇ ਵਜ਼ੀਰ ਫਤਹਿ ਖਾਨ ਕੋਲੋਂ ਵਾਅਦੇ ਮੁਤਾਬਿਕ ਲੁੱਟ ਦਾ ਅੱਧਾ ਮਾਲ ਅਤੇ ਨੌਂ ਲੱਖ ਰੁਪਿਆ ਮੰਗਿਆ ਤਾਂ ਉਹ ਟਾਲ ਮਟੋਲ ਦੀ ਨੀਤੀ ਅਪਨਾਉਣ ਲੱਗ ਪਿਆ ਤੇ ਆਪਸ ਵਿੱਚ ਗਰਮੋਂ ਗਰਮੀ ਹੋ ਗਈ। ਸ਼ਾਹ ਸ਼ੁਜਾਹ ਨੂੰ ਲੈ ਕੇ ਖਾਲਸਾ ਫੌਜਾਂ ਲਾਹੌਰ ਆ ਗਈਆਂ ਅਤੇ ਵਫਾ ਬੇਗਮ ਨੇ ਸ਼ੇਰੇ-ਪੰਜਾਬ ਨੂੰ 'ਕੋਹਿਨੂਰ ਹੀਰਾ' ਭੇਟਾ ਕਰ ਦਿੱਤਾ।

ਕਸ਼ਮੀਰ ਫਤਹਿ ਕਰਨ ਲਈ ਖਾਲਸਾ ਫੌਜਾਂ ਨੇ 20 ਅਪ੍ਰੈਲ 1819 ਈ. ਨੂੰ ਲਾਹੌਰ ਤੋਂ ਕੂਚ ਕੀਤਾ। ਇਸ ਮੁਹਿੰਮ ਵਿੱਚ ਸ਼ੇਰੇ-ਪੰਜਾਬ ਨੇ ਤਿੰਨ ਹਿੱਸਿਆਂ ਵਿੱਚ ਫੌਜ ਵੰਡ ਦਿੱਤੀ। ਪਹਿਲਾ ਹਰਾਵਲ-ਦਸਤਾ ਸਰਦਾਰ ਹਰੀ ਸਿੰਘ ਨਲਵਾ, ਸ਼ਹਿਜ਼ਾਦਾ ਖੜਕ ਸਿੰਘ ਅਤੇ ਅਕਾਲੀ ਫੂਲਾ ਸਿੰਘ ਦਾ ਸੀ। ਦੂਜੇ ਦਸਤੇ ਵਿੱਚ ਦੀਵਾਨ ਮੁਹਕਮ ਚੰਦ, ਸ੍. ਸ਼ਾਮ ਸਿੰਘ ਅਟਾਰੀ, ਸ੍. ਹੁਕਮਾ ਸਿੰਘ ਚਿਮਨੀ, ਸ੍. ਜਵਾਲਾ ਸਿੰਘ ਆਦਿ ਸਨ। ਸ਼ੇਰੇ-ਪੰਜਾਬ ਨੇ ਦਸ ਹਜ਼ਾਰ ਰਾਖਵੀਂ ਫੌਜ ਆਪਣੇ ਪਾਸ ਰਾਖਵੀਂ ਰੱਖ ਲਈ ਤਾਂ ਜੋ ਜ਼ਰੂਰਤ ਪੈਣ 'ਤੇ ਮੱਦਦ ਭੇਜੀ ਜਾਵੇ। ਵੱਖ-ਵੱਖ ਰਾਹਾਂ ਤੋਂ ਹੁੰਦੀਆਂ ਖਾਲਸਾ ਫੌਜਾਂ ਜਦੋਂ 3 ਜੁਲਾਈ 1819 ਦੀ ਸਵੇਰ ਨੂੰ ਕਸ਼ਮੀਰ ਦੇ ਹਾਕਮ ਮੁਹੰਮਦ ਜਬਾਰ ਖਾਨ ਦੀਆਂ ਫੌਜਾਂ ਤੇ ਸ਼ੁਪਈਆਂ ਦੇ ਮੈਦਾਨ ਵਿੱਚ ਬਿਜਲੀ ਦੀ ਤਰ੍ਹਾਂ ਟੁੱਟ ਪਈਆਂ ਤਾਂ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਛਾਂ ਹੇਠ ਘੁਮਸਾਨ ਦਾ ਯੁੱਧ ਹੋਇਆ। ਜਦੋਂ ਇਸ ਯੁੱਧ ਵਿੱਚ ਨਵਾਬ ਜਬਾਰ ਖਾਨ, ਸ੍. ਹਰੀ ਸਿੰਘ ਨਲਵਾ 'ਤੇ ਵਾਰ ਕਰਨ ਲੱਗਾ ਤਾਂ ਸਰਦਾਰ ਨਲਵਾ ਨੇ ਬੜੀ ਫੁਰਤੀ ਨਾਲ ਜਬਾਰ ਖਾਨ ਦਾ ਸੱਜਾ ਹੱਥ, ਆਪਣੀ ਆਬਦਾਰ ਤਲਵਾਰ ਨਾਲ ਕੱਟ ਦਿੱਤਾ। ਜ਼ਖ਼ਮੀ ਹਾਲਤ ਵਿੱਚ ਉਹ ਫੌਜਾਂ ਸਮੇਤ ਸਰਹੱਦੀ ਪਹਾੜੀ ਰਸਤਿਆਂ ਵਿੱਚੋਂ ਲੁੱਕਦਾ ਛੁੱਪਦਾ ਮੁਜ਼ਫਰਾਬਾਦ ਰਾਹੀਂ ਅਫਗਾਨਿਸਤਾਨ ਵੱਲ ਭੱਜ ਗਿਆ। ਇਸ ਤਰ੍ਹਾਂ ਤਕਰੀਬਨ ਪੰਜ ਸੌ ਸਾਲ (1325 ਈ. ਤੋਂ 1819 ਈ.) ਦੇ ਬਾਅਦ ਕਸ਼ਮੀਰ ਦੀ ਖੂਬਸੂਰਤ ਧਰਤੀ 'ਤੇ ਆਜ਼ਾਦੀ ਦੇ ਝੰਡੇ ਝੁਲਣੇ ਸ਼ੁਰੂ

ਹੋਏ। ਇਸ ਲੜਾਈ ਵਿੱਚ ਅਫਗਾਨਾਂ ਦਾ ਬਹੁਤ ਸਾਰਾ ਜੰਗੀ ਸਾਮਾਨ ਖਾਲਸੇ ਦੇ ਹੱਥ ਆਇਆ। "ਹਜ਼ਾਰਾਂ ਤਲਵਾਰਾਂ, ਬੰਦੂਕਾਂ, ਸੰਗੀਨਾਂ, ਘੋੜੇ, ਖੇਮੇ ਆਦਿ ਹੱਥ ਆਏ ਅਤੇ 22 ਤੋਪਾਂ (18 ਕੰਮ ਦੇ ਯੋਗ ਸਨ) ਖਾਲਸੇ ਦੇ ਹੱਥ ਆਈਆਂ। (ਜੀਵਨ ਬ੍ਰਿਤਾਂਤ ਸਰਦਾਰ ਹਰੀ ਸਿੰਘ ਨਲੂਆ, ਪ੍ਰੇਮ ਸਿੰਘ ਬਾਬਾ, 1937, ਸਫਾ 104) ਇਸ ਲੜਾਈ ਵਿੱਚ ਕਈ ਸੈਂਕੜੇ ਫੌਜੀ ਦੁਸ਼ਮਣ ਮਾਰੇ ਗਏ। ਉਥੇ ਖਾਲਸਾ ਫੌਜਾਂ ਦੇ ਇੱਕ ਦਰਜਨ ਸਿਪਾਹੀ ਵੀ ਸ਼ਹੀਦੀ ਜਾਮ ਪੀ ਗਏ, ਜਿਨ੍ਹਾਂ ਵਿੱਚ ਬਹਾਦਰ ਸਰਦਾਰ ਜੋਧ ਸਿੰਘ ਰੂਸਾ ਵੀ ਸ਼ਾਮਲ ਸੀ।

ਖਾਲਸਾ ਫੌਜਾਂ ਫਤਹਿਯਾਬੀ ਦੇ ਜਾਹੋਜਲਾਲ ਵਿੱਚ ਇੱਕ ਪ੍ਰਭਾਵਸ਼ਾਲੀ ਜਲੂਸ ਦੀ ਸ਼ਕਲ ਵਿੱਚ 4 ਜੁਲਾਈ 1819 ਦੀ ਦੁਪਹਿਰ ਨੂੰ ਸ੍ਰੀਨਗਰ ਸ਼ਹਿਰ ਵਿੱਚ ਦਾਖਲ ਹੋਈਆਂ। ਸ਼ਹਿਜ਼ਾਦਾ ਖੜ੍ਹਕ ਸਿੰਘ ਨੇ ਸਾਰੇ ਸ਼ਹਿਰ ਵਿੱਚ ਮੁਨਾਦੀ ਕਰਵਾਈ ਕਿ ਕਿਸੇ ਸ਼ਹਿਰੀ ਨੂੰ ਘਬਰਾਉਣ ਦੀ ਜ਼ਰੂਰਤ ਨਹੀਂ ਕਿਉਂਕਿ ਖਾਲਸਾ ਫੌਜ ਕਸ਼ਮੀਰੀਆਂ ਦੀ ਜਾਨ ਤੇ ਮਾਲ ਦੀ ਰੱਖਿਆ ਲਈ ਬੜੀਆਂ ਘਾਲਨਾਵਾਂ ਘਾਲ ਕੇ ਆਈ ਹੈ। ਕਹਿੰਦੇ ਹਨ ਜਦੋਂ ਇਹ ਜਲੂਸ ਸ਼ਹਿਰ ਵਿੱਚੋਂ ਗੁਜ਼ਰਿਆ ਤਾਂ ਲੋਕੀਂ ਖੁਸ਼ੀ ਅਤੇ ਹੈਰਾਨੀ ਨਾਲ ਅਨੋਖਾ ਨਜ਼ਾਰਾ ਵੇਖ ਰਹੇ ਸਨ। ਕਸ਼ਮੀਰੀਆਂ ਨੇ ਖਾਲਸਾ ਫੌਜਾਂ ਨੂੰ ਖੁਸ਼-ਅਮਦੀਦ ਹੀ ਨਹੀਂ ਆਖੀ, ਸਗੋਂ ਫੁੱਲਾਂ ਦੀ ਵਰਖਾ ਵੀ ਕੀਤੀ। ਸ਼ਹਿਜ਼ਾਦਾ ਖੜ੍ਹਕ ਸਿੰਘ ਨੇ ਆਪਣਾ ਨਿਵਾਸ ਸ਼ੇਰਗੜੀ ਰੱਖਿਆ ਅਤੇ ਬਾਕੀ ਸਰਦਾਰਾਂ ਤੇ ਫੌਜਾਂ ਨੂੰ ਢੁਕਵੀਆਂ ਥਾਵਾਂ 'ਤੇ ਉਤਾਰ ਦਿੱਤਾ। ਕਸ਼ਮੀਰ ਵਿੱਚ ਖਾਲਸਾ ਫੌਜਾਂ ਦੀ ਜਿੱਤ ਦੀ ਖਬਰ ਸ਼ੇਰੇ-ਪੰਜਾਬ ਨੂੰ 'ਸ਼ਾਹਆਬਾਦ' ਵਿੱਚ ਖਾਲਸੇ ਦੇ ਤੇਜ ਰਫਤਾਰੀ ਅਤੇ ਪ੍ਰਸਿੱਧ ਹਲਕਾਰੇ ਸ੍ਰ. ਜੈਮਲ ਸਿੰਘ 'ਲਮਟੰਗੇ' ਹੱਥ ਭੇਜੀ ਗਈ। ਸ਼ੇਰੇ-ਪੰਜਾਬ ਇਹ ਖਬਰ ਸੁਣ ਕੇ ਖੁਸ਼ੀ ਵਿੱਚ ਝੂਮ ਉੱਠੇ ਅਤੇ ਸ਼ੁਕਰਾਨੇ ਦੀ ਅਰਦਾਸ ਲਈ ਦਰਬਾਰ ਸਾਹਿਬ, ਅੰਮ੍ਰਿਤਸਰ ਲਈ ਇੱਕ ਲੱਖ ਪੰਜੀ ਹਜ਼ਾਰ ਰੁਪਿਆ ਭੇਟਾ ਕੀਤਾ। ਸ਼ੇਰੇ-ਪੰਜਾਬ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਹੀ ਸਖ਼ਤ ਲੜਾਈਆਂ ਬਾਅਦ ਮੁਜ਼ਫਰਾਬਾਦ ਅਤੇ ਦਰਬੰਦ ਦਾ ਇਲਾਕਾ ਖਾਲਸਾ ਰਾਜ ਵਿੱਚ ਮਿਲਾ ਲਿਆ। (ਹਿਸਟਰੀ ਆਫ ਦੀ ਪੰਜਾਬ, ਮੁਹੰਮਦ ਲਤੀਫ਼, ਸਫਾ 419)

ਕਸ਼ਮੀਰ ਵਿੱਚ ਕੁੱਝ ਹਫਤੇ ਫੌਜੀ ਪ੍ਰਬੰਧ ਰਿਹਾ, ਦੀਵਾਰ ਰਾਮ ਦਿਆਨ ਨੂੰ ਭਿੰਬਰ, ਭਾਈ ਰਾਮ ਸਿੰਘ ਨੂੰ ਦਰਿਆ ਦਾ ਪਰਗਨੇਦਾਰ, ਸ੍ਰ. ਸ਼ਾਮ ਸਿੰਘ ਅਟਾਰੀ, ਸ੍ਰ. ਜਵਾਲਾ ਸਿੰਘ ਤੇ ਮਿਸਰ ਦੀਵਾਨ ਚੰਦ ਨੂੰ ਬਾਰਾਮੂਲਾ ਤੇ ਸ੍ਰੀਨਗਰ ਦਾ ਪ੍ਰਬੰਧਕ ਮੁਕੱਰਰ ਕੀਤਾ। ਤੇਜਸਵੀ-ਸੂਰਮੇ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਨੂੰ ਸਾਰੀ ਫੌਜ ਦਾ ਨਿਗਰਾਨ ਥਾਪਿਆ ਗਿਆ। ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਪਹਿਲਾ ਗਵਰਨਰ ਥਾਪ ਕੇ, ਥੋੜ੍ਹੀ ਫੌਜ ਕਸ਼ਮੀਰ ਵਿੱਚ ਰੱਖ ਕੇ ਬਾਕੀ ਸਾਰੀ ਫੌਜ ਲਾਹੌਰ ਸ੍ਰ. ਹਰੀ ਸਿੰਘ ਨਲਵਾ ਲੈ ਗਿਆ। ਇਹ ਜੇਤੂ ਫੌਜ ਜਦੋਂ ਲਾਹੌਰ ਪੁੱਜੀ ਤਾਂ ਸ਼ੇਰੇ-ਪੰਜਾਬ ਨੇ ਸ਼ਾਹਦਰੇ ਕੋਲ ਇਸ ਫੌਜ ਦੀ ਅਗਵਾਈ ਕੀਤੀ। ਹਾਥੀਆਂ ਤੇ ਘੋੜਿਆਂ 'ਤੇ ਸਵਾਰ ਹੋ ਕੇ ਜਦੋਂ ਖਾਲਸਾ ਫੌਜਾਂ, ਲਾਹੌਰ ਪੁੱਜੀਆਂ ਤਾਂ ਇਹ ਖਾਲਸਈ ਜਾਹੋ-ਜਲਾਲ ਵਾਲਾ ਜਲੂਸ ਵੇਖਣ ਵਾਲਾ ਸੀ। ਜਦੋਂ ਸਰਦਾਰ ਨਲਵਾ ਦਾ ਹਾਥੀ ਲਾਹੌਰੀ ਦਰਵਾਜ਼ੇ ਅੰਦਰ ਗਿਆ ਤਾਂ ਘਰਾਂ ਦੀਆਂ ਛੱਤਾਂ ਤੋਂ ਲੋਕਾਂ ਗੁਲਾਬ, ਕੇਵੜਾ ਅਤੇ ਫੁੱਲਾਂ ਦਾ ਮੀਂਹ ਵਰਸਾ ਦਿੱਤਾ। ਵੱਡੀਆਂ ਤੋਪਾਂ ਨਾਲ ਸਲਾਮੀ ਦਿੱਤੀ ਗਈ ਅਤੇ ਰਾਤ ਨੂੰ ਲਾਹੌਰ ਸ਼ਹਿਰ ਵਿੱਚ ਦੀਪ-ਮਾਲਾ ਕੀਤੀ ਗਈ। ਦੂਜੇ ਦਿਨ ਸ਼ੇਰੇ-ਪੰਜਾਬ ਨੇ ਖੂਬਸੂਰਤ ਹਜ਼ੂਰੀ ਬਾਗ ਵਿੱਚ ਭਾਰੀ ਦਰਬਾਰ ਲਾ ਕੇ ਕਸ਼ਮੀਰ ਦੇ ਜੇਤੂਆਂ ਨੂੰ ਬਹੁਮੁੱਲੇ ਸਿਰੋਪੇ ਅਤੇ

ਖਿਲਤਾਂ ਨਾਲ ਨਿਵਾਜਿਆ। ਸਰਦਾਰ ਨਲਵਾ ਨੂੰ ਧੰਨੀ ਦਾ ਸਾਰਾ ਇਲਾਕਾ ਜਾਗੀਰ ਵਜੋਂ ਭੇਟਾ ਕੀਤਾ ਗਿਆ। ਇੱਕ ਵਰ੍ਹੇ ਤੋਂ ਵੀ ਘੱਟ ਸਮੇਂ ਤੀਕ ਮੋਤੀ ਰਾਮ ਗਵਰਨਰ ਦਾ ਪ੍ਰਬੰਧ ਪੂਰੀ ਤਰ੍ਹਾਂ ਨਾ ਸੰਭਾਲ ਸਕਿਆ। ਇਸ ਦੇ ਸਮੇਂ ਬਦਅਮਨੀ, ਸਰਕਾਰੀ ਹੁਕਮਾਂ ਦੀ ਉਲੰਘਣਾ, ਲੁੱਟਮਾਰ ਦੀਆਂ ਘਟਨਾਵਾਂ ਆਪਣੇ ਜੋਬਨ 'ਤੇ ਪੁੱਜ ਚੁੱਕੀਆਂ ਸਨ। ਸ਼ੇਰੇ-ਪੰਜਾਬ ਨੇ ਦੀਵਾਨ ਦੇਵੀ ਦਾਸ ਪਿਸ਼ੌਰੀਏ ਨੂੰ ਪੜਤਾਲ ਲਈ ਕਸ਼ਮੀਰ ਭੇਜਿਆ। ਦੇਵੀ ਦਾਸ ਨੇ ਇੱਕ ਰਿਪੋਰਟ ਸ਼ੇਰੇ-ਪੰਜਾਬ ਨੂੰ ਦਿੱਤੀ। ਜਦੋਂ ਸ਼ੇਰੇ-ਪੰਜਾਬ ਨੂੰ ਕਸ਼ਮੀਰ ਬਾਰੇ ਸੰਪੂਰਨ ਰਿਪੋਰਟ ਮਿਲੀ ਤਾਂ ਉਨ੍ਹਾਂ ਫੈਸਲਾ ਲੈ ਲਿਆ ਕਿ ਸਰਦਾਰ ਹਰੀ ਸਿੰਘ ਨਲਵਾ ਤੋਂ ਬਗੈਰ ਕਸ਼ਮੀਰ ਦਾ ਸੁਚੱਜਾ ਪ੍ਰਬੰਧ ਕੋਈ ਨਹੀਂ ਕਰ ਸਕਦਾ। ਇੰਞ ਸ਼ੇਰੇ-ਪੰਜਾਬ ਨੇ ਸਰਦਾਰ ਨਲਵਾ ਨੂੰ ਖਿਲਤਾਂ ਆਦਿ ਬਖਸ਼ ਕੇ ਕਸ਼ਮੀਰ ਦਾ ਗਵਰਨਰ ਥਾਪ ਕੇ ਰੁਵਾਨਾ ਕੀਤਾ।

ਗਵਰਨਰੀ ਦਾ ਪ੍ਰਬੰਧ: ਸਿੱਖ ਰਾਜ ਦਾ ਆਦਰਸ਼ਕ, ਪ੍ਰਸਿੱਧ ਜਾਂਬਾਜ ਤੇ ਖਾਲਸਈ ਸੰਘਰਸ਼ਾਂ ਦਾ ਮੀਰੇ-ਕਾਰਵਾਂ ਸਰਦਾਰ ਹਰੀ ਸਿੰਘ 24 ਅਗਸਤ 1820 ਈ. ਨੂੰ ਸ੍ਰੀਨਗਰ ਪੁੱਜਿਆ। 25 ਅਗਸਤ ਨੂੰ ਦੀਵਾਨ ਮੋਤੀ ਰਾਮ ਤੋਂ ਗਵਰਨਰ ਦਾ ਚਾਰਜ ਸੰਭਾਲ ਲਿਆ। "ਕਸ਼ਮੀਰ ਕੇ ਅਫਸੋਸਨਾਕ ਹਾਲਾਤ ਸੈ ਆਗਾਂਹ ਹੋ ਕਰ ਮਹਾਰਾਜਾ ਨੇ ਦੀਵਾਨ ਮੋਤੀ ਰਾਮ ਕੋ ਵਹਾਂ (ਕਸ਼ਮੀਰ) ਸੇ ਬੁਲਵਾ ਭੇਜਾ, ਔਰ ਕਸ਼ਮੀਰ ਕੀ ਨਿਜ਼ਾਮਤ ਪਰ ਸਰਦਾਰ ਹਰੀ ਸਿੰਘ ਨਲਵਾ ਕੋ ਨਾਮਜ਼ਦ ਕੀਆ" (ਮੁਕੰਮਲ ਤਾਰੀਖ ਕਸ਼ਮੀਰ, ਮੌਲਵੀ, ਮੁਹੰਮਦ ਦੀਨ, ਭਾਗ 3, ਸਫਾ 16) ਸ੍ਰ. ਹਰੀ ਸਿੰਘ ਨਲਵੇ ਨੇ ਸਭ ਤੋਂ ਪਹਿਲਾਂ ਖਜ਼ਾਨੇ ਦੇ ਕਾਗਜ਼ਾਤ ਚੈਕ ਕੀਤੇ ਅਤੇ ਦੇਖਿਆ ਮਾਲੀਏ ਦੀ ਵਸੂਲੀ ਅਤੇ ਫੌਜਾਂ ਦੀਆਂ ਤਨਖਾਹਾਂ ਚਾਰ ਮਹੀਨਿਆਂ ਤੋਂ ਬੰਦ ਪਈਆਂ ਸਨ। ਲੁੱਟਮਾਰ, ਡਾਕੇ, ਝਗੜੇ ਅਤੇ ਕਤਲੋ-ਗੈਰਤ ਆਪਣੇ ਸਿੱਖਰਾਂ 'ਤੇ ਸੀ ਅਤੇ ਲੋਕ ਬਗਾਵਤ ਦੀ ਸਰਦਲ ਤੱਕ ਪੁੱਜ ਚੁੱਕੇ ਸਨ।

ਐਲਾਨੇ-ਅੱਵਲ: ਸਿੱਖ ਰਾਜ ਪ੍ਰਤੀ ਦ੍ਰਿੜ੍ਹ ਸੰਗਰਾਮੀ, ਵਫਾਦਾਰ ਤੇ ਅਣਖੀਲੇ ਜਰਨੈਲ ਲਈ ਅਜਿਹੀਆਂ ਬੇਨਿਯਮੀਆਂ ਲਈ ਕੋਈ ਥਾਂ ਨਹੀਂ ਸੀ। ਦੂਜੇ ਦਿਨ ਹੀ ਸਰਦਾਰ ਨੇ ਸਾਰੇ ਸ਼ਹਿਰਾਂ ਵਿੱਚ ਲਿਖਤੀ ਅਤੇ ਐਲਾਨ ਰਾਹੀਂ ਲੋਕਾਂ ਨੂੰ ਸੂਚਤ ਕਰ ਦਿੱਤਾ ਕਿ "ਖਾਲਸੇ ਨੇ ਬੜੀਆਂ ਕੁਰਬਾਨੀਆਂ ਤੋਂ ਬਾਅਦ ਕਸ਼ਮੀਰ ਵਿੱਚ ਖਾਲਸਾ ਰਾਜ ਕਾਇਮ ਕੀਤਾ ਹੈ। ਇਸ ਲਈ ਕਸ਼ਮੀਰ ਦੀ ਪਰਜਾ ਨਾਲ ਚੰਗੇ ਅਸੂਲਾਂ ਅਨੁਸਾਰ ਵਰਤਾਉ ਕੀਤਾ ਜਾਵੇ ਅਤੇ ਲੋਕ ਸਹਿਯੋਗ ਦੇਣ। ਕੋਈ ਵੀ ਸਖ਼ਤੀ ਕਰਨ ਤੋਂ ਪਹਿਲਾਂ ਮਾਲੀਏ ਆਦਿ ਸ਼ਾਹੀ ਖਜ਼ਾਨੇ ਵਿੱਚ ਜਮ੍ਹਾਂ ਕੀਤੇ ਜਾਣ। ਜੇਕਰ ਮੁਨਾਦੀ ਤੋਂ ਬਾਅਦ ਵੀ ਹਕੂਮਤ ਨੂੰ ਪਤਾ ਚਲਿਆ ਕਿ ਕੋਈ ਇਸ ਵਿੱਚ ਰੁਕਾਵਟਾਂ ਪੈਦਾ ਕਰ ਰਿਹਾ ਹੈ ਤਾਂ ਉਹ ਲੋਕਾਂ ਦੇ ਹੱਕ ਵਿੱਚ ਚੰਗਾ ਨਹੀਂ ਹੋਵੇਗਾ। "Simultaneously he ordered renvenu: farmers to, liquidate their arreares or face dire consequences" (A History of Sikh Rule in Kashmir, op.cit, p. 121)

ਇਤਿਹਾਸਕਾਰ ਲਿਖਦੇ ਹਨ ਕਿ ਸਰਦਾਰ ਹਰੀ ਸਿੰਘ ਨਲਵਾ ਵਲੋਂ ਚੁੱਕੇ ਗਏ ਇਨ੍ਹਾਂ ਕਦਮਾਂ ਦਾ ਬੜਾ ਅਸਰ ਹੋਇਆ ਅਤੇ ਥੋੜ੍ਹੇ ਸਮੇਂ ਵਿੱਚ ਹੀ ਕਸ਼ਮੀਰ ਵਿੱਚ ਸਰਦਾਰ ਨਲਵਾ ਦੇ ਕੁਸ਼ਲ ਪ੍ਰਬੰਧਕ ਹੋਣ ਦੀ ਧਾਕ ਪੈ ਗਈ।

ਮਾਲੀਏ ਦੀ ਕਟੌਤੀ: ਸੂਝ-ਸਿਆਣਪ ਅਤੇ ਕੁਸ਼ਲ ਪ੍ਰਬੰਧਕ ਦੇ ਦਿਲ ਦਾਦਾ ਨਲਵਾ ਸਰਦਾਰ ਨੇ ਮਾਲੀਏ ਦੇ ਸਾਰੇ ਪੁਰਾਣੇ ਤੇ ਨਵੇਂ ਰਿਕਾਰਡਾਂ ਦਾ ਜਾਇਜ਼ਾ ਲਿਆ ਅਤੇ

ਮਾਲੀਏ ਦੀਆਂ ਨਵੀਆਂ ਤਜਵੀਜ਼ਾਂ ਨੂੰ ਸਾਕਾਰ ਕੀਤਾ ਜਿਸ ਕਾਰਨ ਸੰਸਾਰ ਦੇ ਇਤਿਹਾਸਕਾਰਾਂ ਨੇ ਉਸਦੀ ਯੋਗਤਾ ਤੇ ਸਿਆਣਪ ਦਾ ਲੋਹਾ ਮੰਨਿਆ ਹੈ। ਬਾਬਾ ਪ੍ਰੇਮ ਸਿੰਘ ਨੇ ਆਪਣੀ ਪੁਸਤਕ ਵਿੱਚ ਲਿਖਿਆ ਹੈ, "ਆਈਨੇ ਅਕਬਰੀ ਅਨੁਸਾਰ ਕਸ਼ਮੀਰ ਦਾ ਲਗਾਨ 3011619 ਖਰਵਾਰ ਸੀ ਜੋ ਅੰਦਾਜ਼ਨ 1552825 ਰੁਪਏ ਦੇ ਬਰਾਬਰ ਬਣਦਾ ਸੀ। ਅਫਗਾਨੀਆਂ ਦੀ ਹਕੂਮਤ ਸਮੇਂ 60,00,000 ਚਿਲਕੀ ਰੁਪਿਆ ਮਾਲੀਆ ਲਗਦਾ ਸੀ। ਖਾਲਸਾ ਰਾਜ ਦੇ ਸਮੇਂ ਦੀਵਾਨ ਮੋਤੀ ਰਾਮ ਨੇ 21,00,000 ਰੁਪਿਆ ਨਾਨਕ ਸ਼ਾਹੀ ਤਜਵੀਜ਼ ਕੀਤਾ। ਸਰਦਾਰ ਹਰੀ ਸਿੰਘ ਨਲਵਾ ਨੇ ਦੀਵਾਨ ਦੇ ਮਾਲੀਏ ਤੋਂ 8,00,000 ਹੋਰ ਰੁਪਿਆ ਘਟਾ ਕੇ ਕੇਵਲ 1300000 ਰੁਪਿਆ ਰਹਿਣ ਦਿੱਤਾ" (ਹਰੀ ਸਿੰਘ ਨਲੂਆ, ਉਹੀ, ਸਫਾ 118-119)

ਸਰਦਾਰ ਹਰੀ ਸਿੰਘ ਨੇ ਸਾਰਾ ਰਹਿੰਦਾ ਬਕਾਇਆ ਮਾਲੀਆ ਲੋਕਾਂ ਤੋਂ ਇਕੱਠਾ ਕਰਕੇ ਪੰਡਤ ਬੀਰਬਲ ਧਰ, ਪੰਡਤ ਸਾਜ਼ਰਾਮ ਧਰ, ਮਿਰਜ਼ਾ ਪੰਡਤ ਧਰ ਅਤੇ ਖ਼ੁਵਾਜ਼ਾ ਮੁਨਵਰ ਧਰ ਨੂੰ ਲਾਹੌਰ ਦਰਬਾਰ ਵੱਲ ਰਵਾਨਾ ਕੀਤਾ। ਬਦਕਿਸਮਤੀ ਸਾਰੇ ਡੈਲੀਗੇਟਜ਼ ਦੇ ਮੈਂਬਰ ਬਗੈਰ ਪੰਡਤ ਬੀਰਬਲ ਧਰ ਦੇ (ਕਾਲਰਾ ਬਿਮਾਰੀ ਕਾਰਨ) ਹਸਤ ਨਗਰ, ਰਾਵਲਪਿੰਡੀ ਲਾਗੇ ਮਰ ਗਏ। ਬੀਰਬਲ ਨੇ ਸਾਰਾ ਹਿਸਾਬ ਕਿਤਾਬ ਦਰਬਾਰ ਵਿੱਚ ਪੇਸ਼ ਕੀਤਾ ਅਤੇ ਆਪਣੀ ਪ੍ਰਤਿਸ਼ਠਾ ਸਥਾਪਿਤ ਕੀਤੀ।

ਵਗਾਰ 'ਤੇ ਪਾਬੰਦੀ: ਪੁਰਾਤਨ ਸਮਿਆਂ ਤੋਂ ਕਸ਼ਮੀਰ ਵਿੱਚ ਇਕ ਨਕਾਰਆਤਮਿਕ ਤੇ ਜ਼ਾਲਮਾਨਾ ਰੀਤ 'ਵਗਾਰ' ਪ੍ਰਚਲਿਤ ਸੀ। ਇਸ ਦਾ ਜ਼ਿਕਰ ਕਲਹਨ ਪੰਡਤ ਦੀ ਪੁਸਤਕ 'ਰਾਜਤ੍ਰਿੰਗਨੀ' ਵਿੱਚ ਵੀ ਆਇਆ ਹੈ। ਜਦੋਂ ਵੀ ਸਰਕਾਰੀ ਕੰਮ ਜਾਂ ਫੌਜੀਆਂ ਦੇ ਸਾਜੋ-ਸਾਮਾਨ ਦੀ ਇੱਕ ਥਾਂ ਤੋਂ ਦੂਜੀ ਥਾਂ 'ਤੇ ਢੋਆ-ਢੁਆਈ ਕਰਨੀ ਹੋਵੇ ਤਾਂ ਹਜ਼ਾਰਾਂ ਮਜ਼ਲੂਮ ਤੇ ਗਰੀਬ ਕਸ਼ਮੀਰੀਆਂ ਨੂੰ 'ਵਗਾਰ' ਵਿੱਚ ਫੜ ਕੇ ਕੰਮ ਲਿਆ ਜਾਂਦਾ ਸੀ। ਜਦੋਂ ਵੀ ਫਸਲਾਂ ਦੀ ਕਟਾਈ ਆਦਿ ਦਾ ਸਮਾਂ ਆਵੇ ਤਾਂ ਇਹ ਗਰੀਬ ਲੋਕ ਪਰਗਾਨੇਦਾਰਾਂ ਅਤੇ ਚੌਧਰੀਆਂ ਅੱਗੇ ਹੱਥ ਜੋੜ ਕੇ ਬੰਦਖੁਲਾਸੀ ਲਈ ਲਿੱਲਕੜੀਆਂ ਲੈਂਦੇ ਰਹਿੰਦੇ। ਉਨ੍ਹਾਂ ਦੀ ਫਰਿਆਦ ਦਰ-ਕਿਨਾਰ ਰਹੀ, ਉਲਟਾ ਖੂਬ ਮਾਰਕਟਾਈ ਕੀਤੀ ਜਾਂਦੀ। ਜਦੋਂ ਸਰਦਾਰ ਹਰੀ ਸਿੰਘ ਨੇ ਦ੍ਰਿਸ਼ ਕਈ ਥਾਂ ਆਪਣੀ ਅੱਖਾਂ ਨਾਲ ਦੇਖੇ ਤਾਂ ਪੁੱਛ-ਪੜਤਾਲ ਕਰਕੇ ਆਪਣੇ ਦੌਰੇ ਮੁਲਤਵੀ ਕਰ ਦਿੱਤੇ। ਨਲਵਾ ਸਰਦਾਰ ਨੇ ਖੱਚਰਾਂ ਦਾ ਪ੍ਰਬੰਧ ਕਰਨ ਲਈ ਤੁਰੰਤ ਹਿਦਾਇਤਾਂ ਜਾਰੀ ਕੀਤੀਆਂ ਅਤੇ ਇੱਕ ਵਿਸ਼ੇਸ਼ ਐਲਾਨ-ਨਾਮਾ ਜਾਰੀ ਕਰਕੇ ਕਸ਼ਮੀਰੀਆਂ ਨੂੰ ਵਗਾਰ ਦੀ ਬਿਮਾਰੀ ਤੋਂ ਨਜ਼ਾਤ ਬਖਸ਼ੀ! ਪ੍ਰਸਿੱਧ ਸੈਲਾਨੀ ਬਰਨੀਅਰ ਲਿਖਦਾ ਹੈ ਕਿ ਪਟਨ ਸ਼ਹਿਰ ਸ਼ੰਕਰ ਵਰਮਾ ਨੇ ਇਸੇ 'ਵਗਾਰ' ਦੇ ਸਹਾਰੇ ਵਸਾਇਆ ਸੀ। ਔਰੰਗਜ਼ੇਬ ਬਾਦਸ਼ਾਹ 1664 ਈ. ਵਿੱਚ ਜਦੋਂ ਕਸ਼ਮੀਰ ਆਇਆ ਸੀ ਤਾਂ ਉਸ ਨੇ 30000 ਕਸ਼ਮੀਰੀ 'ਵਗਾਰੀ' ਫੜ ਕੇ ਸਾਰਾ ਸ਼ਾਹੀ-ਸਾਜੋ ਸਾਮਾਨ ਕਸ਼ਮੀਰੀਆਂ ਦੀਆਂ ਪਿੱਠਾਂ ਰਾਹੀਂ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਇਆ ਸੀ।

ਖੇਤੀਬਾੜੀ, ਸ਼ਾਲਬਾਫੀ ਤੇ ਪਸ਼ਮੀਨੇ: ਸਰਦਾਰ ਹਰੀ ਸਿੰਘ ਨਲਵਾ ਦੇ ਕਸ਼ਮੀਰ ਆਉਣ ਤੋਂ ਪਹਿਲਾਂ ਹੜ੍ਹਾਂ ਅਤੇ ਨਾ-ਖ਼ੁਸ਼ਗਵਾਰ ਮੌਸਮ ਕਾਰਨ ਫਸਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਸਨ। ਕਿਸਾਨਾਂ ਕੋਲ ਬਿਜਾਈ ਦੇ ਬੀਜ ਨਾ-ਮਾਤਰ ਸਨ। ਸਰਦਾਰ ਨਲਵਾ ਨੇ ਕਸ਼ਮੀਰੀਆਂ ਦੀ ਤਰਸਯੋਗ ਹਾਲਤ ਵੇਖੀ ਤਾਂ ਤੁਰੰਤ ਰਾਜੌਰੀ, ਪੁਣਛ ਅਤੇ ਮੁਜ਼ਫਰਾਬਾਦ ਤੋਂ 2000 ਖਰਵਾਰ ਮੁੰਜੀ (ਧਾਈਂ) ਮੰਗਵਾ ਕੇ ਕਿਸਾਨਾਂ ਤੇ ਜ਼ਿਮੀਦਾਰਾਂ ਵਿੱਚ ਸਸਤੇ ਮੁੱਲ 'ਤੇ

ਵੰਡੀ। ਇਹ ਧਾਈਂ ਪਹਿਲਾ 16 ਰੁਪਏ ਪ੍ਰਤੀ ਖਰਵਾਰ ਸੀ, ਪਰ ਸਰਦਾਰ ਨਲਵਾ ਨੇ 3 ਰੁਪਏ ਪ੍ਰਤੀ ਖਰਵਾਰ ਧਾਈਂ ਦਾ ਬੀਜ ਤਕਸੀਮ ਕੀਤਾ ਅਤੇ ਨਵੀਂ ਫਸਲ 'ਤੇ ਲਗਦਾ ਵਾਧਾ ਵੀ ਮੁਆਫ ਕਰ ਦਿੱਤਾ। ਇੰਝ 1821 ਈ. ਵਿੱਚ ਧਾਈਂ ਦੀ ਫਸਲ ਪਿਛਲੇ ਬਾਰਾਂ ਸਾਲਾਂ ਤੋਂ ਵੱਧ ਹੋਈ ਅਤੇ ਸਾਲ-ਦਰ-ਸਾਲ ਇਸ ਵਿੱਚ ਹੋਰ ਇਜ਼ਾਫਾ ਹੁੰਦਾ ਗਿਆ।

ਕਸ਼ਮੀਰ ਵਿੱਚ ਸ਼ਾਲਗਾਫੀ ਦਾ ਕੰਮ ਅਫਗਾਨਾਂ ਦੇ ਸਮੇਂ ਤਕਰੀਬਨ ਬੰਦ ਹੋ ਗਿਆ ਸੀ। ਸਰਦਾਰ ਨਲਵਾ ਦੀ ਤੀਖਣ ਬੁੱਧੀ ਕਾਰਨ ਸ਼ਾਲਗਾਫੀ-ਦੁਬਾਰਾ ਆਪਣੇ ਪਹਿਲੇ ਜੋਬਨ 'ਤੇ ਆ ਗਈ। ਸ਼ਾਲਗਾਫਾਂ ਨੇ ਹਰ ਕਿਸਮ ਦੀਆਂ ਸਹੂਲਤਾਂ, ਰਿਆਇਤਾਂ ਦੇ ਕੇ ਉਨ੍ਹਾਂ ਦੇ ਹੌਂਸਲੇ ਹੀ ਨਾ ਵਧਾਏ ਸਗੋਂ ਇੱਕ ਪੁਰਖੀ ਕਿੱਤੇ ਨੂੰ ਮੁੜ ਸੁਰਜੀਤ ਕੀਤਾ। ਕਸ਼ਮੀਰੀ ਲੋਕਾਂ ਕੋਲੋਂ ਜ਼ਬਰਦਸਤੀ ਅਤੇ ਅਯੋਗ ਟੈਕਸ ਜਨਮ, ਮੰਗਣੀ ਅਤੇ ਵਿਆਹ ਸਮੇਂ ਲਿਆ ਜਾਂਦਾ ਸੀ। ਨਲਵਾ ਸਰਦਾਰ ਨੇ ਇਹ ਟੈਕਸ ਤੁਰੰਤ ਮੁਆਫ ਕਰ ਦਿੱਤਾ।

ਪਸ਼ਮੀਨੇ ਦੀ ਪਹਿਲੀ ਪੈਦਾਵਾਰ ਅਫਗਾਨ ਦੌਰ ਸਮੇਂ ਇੱਕ ਚੌਥਾਈ ਰਹਿ ਗਈ ਸੀ। ਸਰਦਾਰ ਨਲਵਾ ਨੇ ਗਲਵਾਨਾਂ, ਆਜੜੀਆਂ ਅਤੇ ਚਰਾਵਿਆਂ ਤੋਂ ਚਾਰਾਗਾਹਾਂ ਦਾ ਲਗਾਨ ਬਹੁਤ ਘੱਟ ਕਰ ਦਿੱਤਾ ਅਤੇ ਉਨ੍ਹਾਂ ਨੂੰ ਮਾਇਕ ਆਮਦਾਦ ਵੀ ਦਿੱਤੀ।

ਤੂਫਾਨ, ਜਲਤਰਨੀਆਂ, ਦਸਤਕਾਰੀਆਂ ਅਤੇ ਕੇਸਰ: ਨੌਰੋਜ਼ ਦੇ ਦਿਨਾਂ (1821 ਈ.) ਤੋਂ ਬਾਅਦ ਲਗਾਤਾਰ ਮੂਸਲੇਧਾਰ, ਬਾਰਸ਼ਾਂ ਕਾਰਨ ਕਸ਼ਮੀਰ ਵਾਦੀ ਵਿੱਚ ਹੜ੍ਹ ਆਏ, ਕਈ ਬੰਨ ਟੁੱਟੇ, ਕਈ ਪੁੱਲ ਰੁੜ੍ਹ ਗਏ ਅਤੇ ਕਈਆਂ ਥਾਵਾਂ 'ਤੇ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਖਾਸਕਰ ਖਾਨਯਾਰ ਮਹੱਲਾ, ਪਾਮਪੁਰ, ਬੀਜ ਬਿਹਾੜਾ, ਰੈਨਾਵਾੜੀ, ਕਾਵਡੋਰਾ, ਖਨਾਬੱਲ ਆਦਿ ਦੇ ਪੁੱਲ ਵੀ ਰੁੜ੍ਹ ਗਏ ਸਨ। ਸਰਦਾਰ ਹਰੀ ਸਿੰਘ ਨਲਵਾ ਨੇ ਦੁਬਾਰਾ ਨਵੇਂ ਪੁੱਲ ਹੀ ਪੁਖਤਾ ਨਾ ਬਣਾਏ ਸਗੋਂ ਨਵੇਂ ਘਰ ਉਸਾਰਨ, ਪਸ਼ੂਆਂ ਆਦਿ ਲਈ ਸ਼ਾਹੀ ਖਜ਼ਾਨੇ ਵਿੱਚੋਂ ਮਾਲੀ ਸਹਾਇਤਾ ਦੇ ਕੇ ਕਸ਼ਮੀਰੀਆਂ ਨੂੰ ਢਾਰਸ ਦਿੱਤੀ। ਅਨਾਜ ਦੀ ਕਮੀ ਨੂੰ ਪੂਰਾ ਕਰਨ ਲਈ ਪੰਜਾਬ ਤੋਂ ਹਜ਼ਾਰਾਂ ਖਰਵਾਰ ਅਨਾਜ ਮੰਗਵਾ ਕੇ ਸਸਤੇ ਭਾਅ 'ਤੇ ਲੋੜਵੰਦਾਂ ਵਿੱਚ ਵੰਡਿਆ।

ਕਸ਼ਮੀਰ ਦਾ ਦਿਲ ਫਰੇਬ ਨਜ਼ਾਰਿਆਂ ਵਿੱਚ ਜਲਤਰਨੀਆਂ ਖੇਤੀਆਂ ਦਾ ਅਹਿਮ ਮੁਕਾਮ ਰਿਹਾ ਹੈ। ਇਨ੍ਹਾਂ ਵਿੱਚ ਸਬਜ਼ੀਆਂ, ਫੁੱਲ ਅਤੇ ਫੱਲ ਉਗਾਏ ਜਾਂਦੇ ਸਨ ਜਿਨ੍ਹਾਂ 'ਤੇ ਸਰਕਾਰ ਕਾਫੀ ਟੈਕਸ ਲੈਂਦੀ ਸੀ। ਸਰਦਾਰ ਨਲਵਾ ਨੇ ਟੈਕਸ ਵਿੱਚ ਕਾਫੀ ਛੋਟ ਹੀ ਨਹੀਂ ਦਿੱਤੀ, ਸਗੋਂ ਖੇਤੀ ਕਰਨ ਵਾਲਿਆਂ ਨੂੰ ਸਰਕਾਰੀ ਖਜ਼ਾਨੇ 'ਚ ਹਜ਼ਾਰਾਂ ਰੁਪਏ ਦੀ ਸਹਾਇਤਾ ਵਜੋਂ ਦੇ ਕੇ ਇਨ੍ਹਾਂ ਦੀਆਂ ਖੇਤੀਆਂ ਦਾ ਵਿਸਥਾਰ ਕੀਤਾ।

ਕਸ਼ਮੀਰ ਦਾ ਕੇਸਰ ਸੰਸਾਰ 'ਚ ਪ੍ਰਸਿੱਧ ਮੰਨਿਆ ਜਾਂਦਾ ਸੀ। ਇਸ ਦੀ ਕਾਸ਼ਤ ਪੁਰਾਤਨ ਸਮਿਆਂ ਤੋਂ ਹੁੰਦੀ ਹੈ ਜਿਸ ਦਾ ਅਨੋਖਾ ਇਤਿਹਾਸ ਹੈ। 1800 ਈ. ਤੋਂ ਬਾਅਦ ਇਸ ਦੀ ਬਿਜਾਈ ਬਹੁਤ ਘੱਟ ਹੋ ਗਈ ਸੀ। ਇਸ ਦੀ ਬਹੁਤੀ ਖੇਤੀ ਪਾਪੁਰ ਦੇ ਇਲਾਕੇ ਵਿੱਚ ਹੁੰਦੀ ਹੈ। ਸਰਦਾਰ ਨਲਵਾ ਨੇ ਕੇਸਰ ਦੀ ਕਾਸ਼ਤ ਵੱਲ ਖਾਸ ਧਿਆਨ ਦਿੱਤਾ। ਇਸ ਇਲਾਕੇ ਦੇ ਜ਼ਿਮੀਦਾਰਾਂ ਦਾ ਇੱਕ ਭਾਰੀ ਇਕੱਠ ਕਰਕੇ ਇਸ ਦੀ ਬਿਜਾਈ ਵਿੱਚ ਆਈ ਖੜੌਤ ਬਾਰੇ ਪੜਤਾਲ ਕੀਤੀ। ਜ਼ਿਮੀਦਾਰਾਂ ਨੇ ਸਰਕਾਰੀ ਲਗਾਨ ਦੀ ਸਖ਼ਤੀ, ਬਦਅਮਨੀ, ਕੇਸਰ ਕਿਆਰੀਆਂ ਦੀ ਲੁੱਟ, ਚੋਰੀ, ਮਾਲੀ ਹਾਲਤ ਦੀ ਕਮਜ਼ੋਰੀ ਆਦਿ ਬਾਰੇ ਤਫਸ਼ੀਲ ਨਾਲ ਜ਼ਿਕਰ ਕੀਤਾ ਤਾਂ ਸਰਦਾਰ ਜੀ ਨੇ ਸਾਰੀਆਂ ਕਮਜ਼ੋਰੀਆਂ ਨੂੰ ਦੂਰ ਹੀ ਨਾ ਕੀਤਾ, ਸਗੋਂ ਕੇਸਰ

ਦੀ ਬਿਜਾਈ ਵਿੱਚ ਭਾਰੀ ਵਾਧਾ ਕਰਨ ਵਾਸਤੇ ਮਦਦ ਵੀ ਕੀਤੀ। ਇਸੇ ਤਰ੍ਹਾਂ ਕਾਗਜ਼ ਸਾਜ਼ੀ ਦੇ ਹੁਨਰ ਦੇ ਕਾਰੀਗਰਾਂ ਨੂੰ ਸ਼ਾਹੀ ਖਜ਼ਾਨੇ ਵਿੱਚੋਂ ਕਾਫੀ ਮਾਲੀ ਸਹਾਇਤਾ ਦੇ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ। ਕਸ਼ਮੀਰੀ ਕਾਗਜ਼ ਹੋਰ ਦੇਸ਼ਾਂ ਦੇ ਮੁਕਾਬਲੇ ਬਹੁਤ ਵਧੀਆ ਸੀ। ਸ਼ੇਰਜੰਗੀ, ਕਲਮਦਾਨੀ, ਹਸਤਮਸਤੀ, ਦਾਹ ਮਸਤੀ ਅਤੇ ਹਰੀ-ਰੀਆ ਕਾਗਜ਼ ਦੀਆਂ ਕਿਸਮਾਂ ਬੜੀਆਂ ਮਕਬੂਲ ਤੇ ਚੰਗੀਆਂ ਮੰਨੀਆਂ ਜਾਂਦੀਆਂ ਸਨ। ਇਸੇ ਤਰ੍ਹਾਂ ਸ਼ਾਲਾਂ, ਦੁਸ਼ਾਲੇ, ਪਸ਼ਮੀਨੇ ਅਤੇ ਰੇਸ਼ਮ ਦਾ ਵਪਾਰ ਆਪਣੇ ਸਿੱਖਰ 'ਤੇ ਆ ਗਿਆ।

ਕੁੱਝ ਸਮੇਂ ਬਾਅਦ ਜਦੋਂ ਸਰਦਾਰ ਨਲਵਾ ਕਸ਼ਮੀਰ ਦੇ ਅੰਦਰਲੇ ਪ੍ਰਬੰਧ ਤੋਂ ਵਿਹਲੇ ਹੋਏ ਤਾਂ ਉਨ੍ਹਾਂ ਪੱਖਲੀ, ਧਮਤੌੜ ਆਦਿ ਇਲਾਕਿਆਂ ਨੂੰ ਫਤਹਿ ਕਰਕੇ ਅਪ੍ਰੈਲ 1821 ਵਿੱਚ ਖਾਲਸਾ ਰਾਜ ਵਿੱਚ ਮਿਲਾ ਲਿਆ। ਮਈ 1821 ਨੂੰ ਸਰਦਾਰ ਨਲਵਾ ਨੇ ਆਪਣੀ ਗਵਰਨਰੀ ਸਮੇਂ ਦੇ ਸਾਰੇ ਹਿਸਾਬ-ਕਿਤਾਬ ਆਪਣੇ ਮੁਨਸ਼ੀਆਂ ਸਹਿਜ ਰਾਮ, ਪੰਡਤ ਮੀਰਜ਼ਾਂ, ਖੁਵਾਜਾ ਮਨੋਹਰ ਸ਼ਾਹ, ਚੰਦਰ ਭੱਟ ਆਦਿ ਰਾਹੀਂ ਸਮੇਤ ਫਰਦਾ, ਰਜਿਸ਼ਟਰਾਂ ਆਦਿ ਨੂੰ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਕੋਲ ਲਾਹੌਰ ਭੇਜ ਦਿੱਤਾ, ਤਾਂ ਜੋ ਮਹਾਰਾਜਾ ਕਸ਼ਮੀਰ ਦੀ ਤਰੱਕੀ ਨੂੰ ਵੇਖ ਸਕਣ। ਮਹਾਰਾਜਾ ਰਣਜੀਤ ਸਿੰਘ ਹਿਸਾਬ-ਕਿਤਾਬ ਦੇਖ ਕੇ ਬੜੇ ਪ੍ਰਸੰਨ ਹੋਏ ਅਤੇ ਸਰਦਾਰ ਨਲਵਾ ਦੀ ਸ਼ਲਾਘਾ ਹੀ ਨਾ ਕੀਤੀ, ਸਗੋਂ ਬਹੁਮੁੱਲੀਆਂ ਖਿਲਤਾਂ ਬਖਸ਼ ਦਿੱਤੀਆਂ। 'ਮੁਕੰਮਲ ਤਵਾਰੀਖ ਕਸ਼ਮੀਰ' ਦੇ ਕਰਤਾ ਅਨੁਸਾਰ 'ਇੱਕ ਜੰਜੀਰ ਹਾਥੀ, ਇੱਕ ਕੀਮਤੀ ਮਾਲਾ ਅਤੇ ਇੱਕ ਜੋੜਾ ਸੋਨੇ ਦੇ ਕੜਿਆਂ ਦੀ ਭੇਟਾ ਕੀਤਾ।" ਪਖੱਲੀ ਦਾ ਸਾਰਾ ਇਲਾਕਾ ਸ਼ੇਰੇ-ਪੰਜਾਬ ਨੇ ਸ੍ਰ. ਹਰੀ ਸਿੰਘ ਨੂੰ ਕਸ਼ਮੀਰ ਦੀ ਸੇਵਾ ਲਈ ਜਾਗੀਰ ਦੇ ਦਿੱਤਾ ਸੀ।

ਖੱਖੇ ਤੇ ਬੱਬਿਆਂ ਦੀ ਸੋਧਾਈ: ਸ਼ੇਰਦਿਲ, ਸਰਦਾਰ ਹਰੀ ਸਿੰਘ ਨਲਵਾ ਦੀ ਵਿਲੱਖਣਤਾ ਇਹ ਸੀ ਕਿ ਉਹ ਧਰਮ-ਯੁੱਧ ਦੇ ਚਾਅ ਨਾਲ ਮੈਦਾਨੇ-ਜੰਗ ਵਿੱਚ ਸਨਮੁੱਖ ਹੋ ਕੇ ਜੂਝਦਾ ਸੀ। ਉਸ ਦਾ ਨਾਮ ਅਫਗਾਨਾਂ ਤੇ ਪਠਾਣਾਂ ਦੀਆਂ ਸਫਾਂ ਅੰਦਰ ਹਿਲਜੁਲ ਹੀ ਨਹੀਂ ਮਚਾਉਂਦਾ ਸੀ, ਸਗੋਂ ਬਾਗੀਆਂ ਅਤੇ ਜ਼ਾਲਮਾਂ ਅੰਦਰ ਕਾਂਬਾ ਵੀ ਛੇੜ ਦਿੰਦਾ ਸੀ।

ਇਨ੍ਹਾਂ ਖੱਖੇ, ਬੱਬਿਆਂ ਦੇ ਪ੍ਰਮੁੱਖ ਆਗੂ ਤਰਬੁਲੰਦ ਖਾਨ, ਮੁਜ਼ਫਰ ਖਾਨ, ਗੁਲਾਮ ਅਲੀ ਖਾਨ, ਸ਼ਰਨਦਾਜ ਖਾਨ ਆਦਿ ਸਨ ਜੋ ਕਸ਼ਮੀਰ ਵਿੱਚ ਖਾਲਸਾ ਰਾਜ ਦੇ ਸ਼ੁਰੂ ਸਮੇਂ ਹੀ ਬੜੇ ਆਕੀ ਹੋ ਗਏ ਸਨ। ਦੀਵਾਨ ਮੋਤੀ ਰਾਮ ਦੇ ਸਮੇਂ ਇਹ ਨਾ ਸਰਕਾਰੀ ਖਜ਼ਾਨਿਆਂ ਵਿੱਚ ਮਾਲੀਆ ਭਰਦੇ ਸਨ ਅਤੇ ਨਾ ਹੀ ਸਰਕਾਰੀ ਹੁਕਮਾਂ ਦੀ ਪਾਲਣਾ ਕਰਦੇ ਸਨ। ਦੂਸਰਾ ਇਨ੍ਹਾਂ ਨੂੰ ਅਫਗਾਨੀਆਂ ਦੀ ਪੁਸ਼ਤਾ-ਪੱਨਾਹੀ ਵੀ ਹਾਸਲ ਸੀ। ਸਰਦਾਰ ਹਰੀ ਸਿੰਘ ਨਲਵਾ ਨੇ ਆ ਕੇ ਸਭ ਤੋਂ ਪਹਿਲਾਂ ਬਾਰਾਮੂਲਾ ਦੇ ਇਲਾਕੇ ਵਿੱਚ ਇਨ੍ਹਾਂ ਦੀ ਸੁਧਾਈ ਕੀਤੀ। ਇਨ੍ਹਾਂ ਤੋਂ ਕੇਵਲ ਬਕਾਇਆ ਮਾਲੀਆ ਹੀ ਨਾ ਲਿਆ, ਸਗੋਂ ਪੰਜ ਰੁਪਏ ਪ੍ਰਤੀ ਘਰ ਦੇ ਹਿਸਾਬ ਨਾਲ ਜੰਗ ਦਾ ਤਾਵਾਨ ਵੀ ਵਸੂਲ ਕੀਤਾ। ਇਸ ਤੋਂ ਬਾਅਦ ਜਿਹਲਮ ਦੇ ਦੋਵੇਂ ਪਾਸਿਆਂ 'ਤੇ ਵੱਸੇ, ਖੱਖੇ ਤੇ ਬੱਬਿਆਂ ਨੂੰ ਸੋਧਣ ਲਈ ਸਰਦਾਰ ਜੀ ਸਮੇਤ ਸ੍ਰ. ਟੇਕ ਸਿੰਘ (ਸਪੁੱਤਰ ਸ੍ਰ. ਸ਼ਾਮ ਸਿੰਘ ਅਟਾਰੀ) ਅਤੇ ਸ੍ਰ. ਹੁਕਮਾ ਸਿੰਘ ਚਿੰਮਨੀ ਇੱਕ ਪਲਟਨ ਪੈਦਲ ਸੈਨਾ ਲੈ ਕੇ, ਇੱਕ ਰਾਤ ਇਨ੍ਹਾਂ ਦੇ ਪਿੰਡਾਂ 'ਤੇ ਧਾਵਾ ਬੋਲ ਕੇ ਸਾਰੇ ਪ੍ਰਮੁੱਖ ਆਗੂ ਗ੍ਰਿਫਤਾਰ ਕਰ ਲਿਆਏ ਅਤੇ ਬਹੁਤਿਆਂ ਨੂੰ ਅਜਿਹੀਆਂ ਸਿੱਖਿਆਦਾਇਕ ਸਜ਼ਾਵਾਂ ਦਿੱਤੀਆਂ ਕਿ ਬਾਕੀ ਸਾਰੇ ਸਿੱਧੇ ਰਸਤੇ 'ਤੇ ਆ ਗਏ।" (ਦੀ ਵੈਲੀ ਆਫ ਕਸ਼ਮੀਰ, ਸਰ ਵਾਲਟਰ ਲਾਂਗਸ)

ਉਨ੍ਹਾਂ ਦੇ ਪ੍ਰਮੁੱਖ ਆਗੂ ਨੂੰ ਪੈਰਾਂ ਵਿੱਚ ਬੇੜੀਆਂ ਪਾ ਕੇ, ਵੱਡੀ ਫੌਜ ਦੀ ਨਿਗਰਾਨੀ

ਹੇਠ ਲਾਹੌਰ ਵਿੱਚ ਸ਼ੇਰੇ-ਪੰਜਾਬ ਦੇ ਕੋਲ ਭੇਜਿਆ ਗਿਆ। ਸਰਦਾਰ ਨਲਵਾ ਨੇ ਇਨ੍ਹਾਂ ਸਾਰਿਆਂ ਕੋਲੋਂ ਸਾਰਾ ਮਾਲੀਆ ਤਾਂ ਵਸੂਲ ਕੀਤਾ, ਸਗੋਂ ਦੰਡ ਵਜੋਂ ਸਾਰੇ ਜੰਗੀ ਹਥਿਆਰ ਖੋਹ ਕੇ ਜੱਬਤ ਕਰ ਲਏ। ਇਨ੍ਹਾਂ ਤੋਂ ਇਲਾਵਾ ਹੋਰ ਵੀ ਛੋਟੇ ਮੋਟੇ ਇਲਾਕਿਆਂ ਵਿੱਚ ਬਾਗੀਆਂ ਦੀ ਸੁਧਾਈ ਕੀਤੀ। ਜਦੋਂ ਇਹ ਸਾਰੀਆਂ ਖਬਰਾਂ ਲਾਹੌਰ ਦਰਬਾਰ ਵਿੱਚ ਸ਼ੇਰੇ-ਪੰਜਾਬ ਨੂੰ ਪੁੱਜੀਆਂ ਤਾਂ ਉਹ ਬੜੇ ਪ੍ਰਸੰਨ ਹੋਏ ਅਤੇ ਇੱਕ ਵਿਸ਼ੇਸ਼ ਫੁਰਮਾਨ ਰਾਹੀਂ ਸ੍ਰ. ਹਰੀ ਸਿੰਘ ਨਲਵਾ ਦੀ ਸ਼ਲਾਘਾ ਕੀਤੀ।

ਸਿੱਕਾ, ਨਾਪਤੋਲ ਤੇ ਕਚਹਿਰੀਆਂ ਦੀ ਸਥਾਪਨਾ: ਸਰਦਾਰ ਹਰੀ ਸਿੰਘ ਕਸ਼ਮੀਰ ਵਿੱਚ ਇੱਕ ਕੁਸ਼ਲ ਪ੍ਰਬੰਧਕ, ਸ਼ਕਤੀਸ਼ਾਲੀ ਉਸਾਰੀ ਦਾ ਮੁਦਈ, ਦੂਰ-ਅੰਦੇਸ਼ੀ, ਖਾਲਸਈ ਤੇਗਾਂ ਦਾ ਜਾਂਬਾਜ਼ ਅਤੇ ਸਿੱਖ ਰਾਜ ਦੇ ਗੌਰਵ ਤੋਂ ਸ਼ੇਰੇ-ਪੰਜਾਬ ਇਤਨੇ ਮੁਤਾਸਰ ਹੋਏ ਕਿ ਪਹਿਲੀ ਵੇਰ ਇੱਕ ਵਿਸ਼ੇਸ਼ ਫੁਰਮਾਨ ਦੁਆਰਾ ਕਸ਼ਮੀਰ ਵਿੱਚ ਸਰਦਾਰ ਹਰੀ ਸਿੰਘ ਨਲਵਾ ਨੂੰ ਆਪਣੇ ਨਾਮ ਦਾ ਸਿੱਕਾ ਚਾਲੂ ਕਰਨ ਦਾ ਅਧਿਕਾਰ ਬਖਸ਼ ਦਿੱਤਾ।

ਇਸ ਸਿੱਕੇ ਦੇ ਇੱਕ ਪਾਸੇ ਫ਼ਾਰਸੀ ਅੱਖਰਾਂ ਵਿੱਚ 'ਸ੍ਰੀ ਅਕਾਲ ਸਹਾਇ' ਅਤੇ 'ਸੰਗਤ 1878' ਉਕਰਿਆ ਸੀ ਅਤੇ ਦੂਜੇ ਪਾਸੇ 'ਹਰੀ ਸਿੰਘ' ਅਤੇ ਹੇਠਾਂ 'ਯਕ ਰੁਪਿਆ' ਦਰਜ ਸੀ (ਦੀ ਵੈਲੀ ਆਫ ਕਸ਼ਮੀਰ, ਉਹੀ, ਸਫਾ 905)

ਹਰੀ ਸਿੰਘ ਰੁਪਿਆ ਅੱਜ ਤੱਕ (1890 ਈ.) ਕਸ਼ਮੀਰ ਵਿੱਚ ਖੂਬ ਮਸ਼ਹੂਰ ਹੈ ਅਤੇ ਇਹ ਸਿੱਕਾ ਜਿਸ ਨੂੰ ਹਰੀ ਸਿੰਘੀਆ ਰੁਪਿਆ ਕਹਿੰਦੇ ਹਨ ਜੋ ਉਸ ਨੇ ਕਸ਼ਮੀਰ ਵਿੱਚ ਜਾਰੀ ਕੀਤਾ ਸੀ। ਅੱਜ ਤੱਕ ਪੰਜਾਬ ਵਿੱਚ ਭੀ ਹਰ ਥਾਂ ਚਲਦਾ ਹੈ। (ਰਈਸਨਿ- ਪੰਜਾਬ, ਸਫਾ 191)

ਇਸੇ ਤਰ੍ਹਾਂ ਮੌਲਾਨਾ ਮੁਹੰਮਦ ਦੀਨ ਵੀ ਆਪਣੀ ਪੁਸਤਕ ਵਿੱਚ ਲਿਖਦਾ ਹੈ, "ਹਰੀ ਸਿੰਘ ਨੇ ਕਸ਼ਮੀਰ ਮੇਂ ਆਪਨੇ ਨਾਮ ਕਾ ਸਿੱਕਾ ਭੀ ਜਾਰੀ ਕੀਆ ਜੋ ਹਰੀ ਸਿੰਘੀਆ ਰੁਪਿਆ ਕੇ ਨਾਮ ਸੇ ਮਸ਼ਹੂਰ ਹੂਆ। ਇਸ ਕੀ ਕੀਮਤ ਆਜ ਕਲ ਕੇ ਮਰਵਜ਼ਾ ਆਠ ਆਨੇ ਕੇ ਬਰਾਬਰ ਥੀ। ਹਰੀ ਸਿੰਘੀਆ ਪੈਸਾ ਔਰ ਹਰੀ ਸਿੰਘੀਆ ਰੁਪਿਆ ਕੋ ਦੇਖਨੇ ਵਾਲੇ ਅਬੀ ਤੱਕ (1912 ਈ.) ਬਹੁਤ ਲੋਕ ਮੌਜੂਦ ਹੈਂ।" ਚਾਂਦੀ ਦੇ ਸਿੱਕੇ ਵੀ ਜਾਰੀ ਕੀਤਾ ਗਿਆ ਸੀ ਜੋ ਹਰੀ ਸਿੰਘ ਸਿੰਘੀਆ ਪੈਸਾ ਅਖਵਾਉਂਦਾ ਸੀ। ਇਹ ਸਿੱਕੇ 1821 ਵਿੱਚ ਹੀ ਸ੍ਰੀਨਗਰ ਦੀ ਟਕਸਾਲ ਵਿੱਚੋਂ ਬਣਦੇ ਸਨ। ਰੁਪਏ ਵਿੱਚ ਦਸ ਮਾਸੇ ਖਾਲਸ ਚਾਂਦੀ ਸੀ।

ਨਾਪ ਅਤੇ ਤੋਲ ਕਾਰਨ ਕਈ ਦੁਕਾਨਦਾਰ ਲੋਕਾਂ ਨੂੰ ਧੋਖੇ ਦੇਂਦੇ ਸਨ ਜਿਸ ਕਾਰਨ ਨੌਬਤ ਝਗੜਿਆਂ ਤੱਕ ਆ ਜਾਂਦੀ ਸੀ। ਸਰਦਾਰ ਨਲਵਾ ਨੇ ਸਾਰੀਆਂ ਥਾਵਾਂ 'ਤੇ ਨਾਪ ਅਤੇ ਤੋਲ ਇਕੋ ਜਿਹੇ ਕਰਨ ਦਾ ਹੁਕਮ ਦਿੱਤਾ। ਤੋਲ ਆਮ ਤੌਰ 'ਤੇ ਇਸ ਪ੍ਰਕਾਰ ਸਨ: 17 ਤੋਲੇ ਦਾ ਇੱਕ ਪਾਉ, 6 ਪਾਉ ਜਾਂ ਡੇਢ ਸੇਰ ਦਾ ਮਣੋਟਾ, 4 ਮਣੋਟੇ ਜਾਂ 6 ਸੇਰ ਦਾ ਇੱਕ ਤਰਕ, 16 ਤਰਕ ਜਾਂ 96 ਸੇਰ ਦੀ ਇੱਕ ਖਰਵਾਰ। ਇਸੇ ਤਰ੍ਹਾਂ ਨਾਪਣ ਲਈ ਸੋਲਾਂ ਗਿਰਾਂ ਦਾ ਇੱਕ ਗਜ਼ ਵਰਤਣ ਦਾ ਹੁਕਮ ਹੋਇਆ। ਲੋਕਾਂ ਦੀ ਫਰਿਆਦ ਸੁਣਨ ਲਈ ਢੁਕਵੀਆਂ ਥਾਵਾਂ 'ਤੇ ਥਾਣੇ ਸਥਾਪਤ ਕੀਤੇ। ਕਚਹਿਰੀਆਂ ਸਥਾਪਤ ਕਰਕੇ ਲੋਕਾਂ ਨੂੰ ਇਨਸਾਫ ਦਿੱਤਾ ਅਤੇ ਮੁਕਦਮਿਆਂ ਦੇ ਫੈਸਲੇ ਤੁਰੰਤ ਕਰ ਦਿੱਤੇ ਜਾਂਦੇ। ਜ਼ਿਮੀਦਾਰ ਅਤੇ ਦੁਕਾਨਦਾਰ ਲਈ ਚੰਗੇ ਦਿਨ ਪਰਤ ਆਏ। ਕਸ਼ਮੀਰੀ ਜੋ ਸਮੇਂ ਦੇ ਜ਼ੁਲਮ, ਸਿਤਮ ਤੋਂ ਤੰਗ ਆ ਕੇ ਦੂਜੀਆਂ ਥਾਵਾਂ 'ਤੇ ਹਿਜ਼ਰਤ ਕਰ ਗਏ ਸਨ, ਮੁੜ ਹਜ਼ਾਰਾਂ ਦੀ ਗਿਣਤੀ ਵਿੱਚ ਪਰਤ ਆਏ।

ਸ਼ੁਧੀ ਲਹਿਰ: ਕਸ਼ਮੀਰ ਦੇ ਪੁਰਾਤਨ ਇਤਿਹਾਸ ਦੇ ਵਰਕੇ ਫਰੋਲਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ 1400 ਈ. ਤੋਂ ਪਹਿਲਾਂ ਕਸ਼ਮੀਰ ਦੇ ਬਾਸ਼ਿੰਦੇ ਸਾਰੇ ਹੀ ਹਿੰਦੂ ਸਨ। ਇੱਕ ਇਤਿਹਾਸਕਾਰ ਅਨੁਸਾਰ ਸਿੱਖ ਰਾਜ ਸਮੇਂ ਕਸ਼ਮੀਰ ਦੀ ਜਨਗਣਨਾ 12,95,201 ਸੀ, ਜਿਸ ਵਿੱਚ 93 ਫੀਸਦੀ ਮੁਸਲਮਾਨ ਅਤੇ 7 ਫੀਸਦੀ ਹਿੰਦੂ ਸਨ। ਇੱਕ ਸਦੀ ਜ਼ੁਲਮ ਤੇ ਅਤਿਆਚਾਰਾਂ ਨੂੰ ਨਾ ਸਹਾਰਦੇ 100 ਵਿੱਚੋਂ 93 ਹਿੰਦੂ ਮੁਸਲਮਾਨ ਹੋ ਗਏ। ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਨਾਉਣ ਸਬੰਧੀ ਇੱਕ ਮੁਸਲਮਾਨ ਇਤਿਹਾਸਕਾਰ ਲਿਖਦਾ ਹੈ, "ਹਾਜੀ ਖਾਨ ਤਰਫੋਂ ਹੈਦਰਸ਼ਾਹ ਸੰਨ 879 ਤੋਂ 880 ਹਿਜਰੀ ਯੇਹ ਬਾਦਸ਼ਾਹ ਇਆਇਸ ਅਵਰ ਅਰਬਾਬ ਨਿਸ਼ਾਤਕਾ (ਨਾਚ ਰੰਗ) ਕਾ ਦਿਲਦਾਦਾ ਥਾ। ਇਸੇ ਨੇ ਇਸਲਾਮੀ ਰਵਾਦਾਰੀ ਕੋ ਭੁਲਾ ਦੀਆਂ ਥਾ ਔਰ ਹਿੰਦੂਓ ਕੋ ਜ਼ਬਰਦਸਤੀ ਮੁਸਲਮਾਨ ਕਰਨਾ ਸ਼ੁਰੂ ਕੀਆ...." (ਇਸਲਾਮ ਔਰ ਕਸ਼ਮੀਰ, ਮੌਲਾਨਾ ਅਲਫਦੀਨ, ਸਫਾ 22)। ਇਨ੍ਹਾਂ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਜਾਤਾਂ ਤੇ ਗੋਤਾਂ ਅਜੇ ਤੱਕ ਸਾਂਝੀਆਂ ਹਨ ਜਿਵੇਂ ਕਿੱਚਲੂ, ਕੌਲ, ਰੈਨਾ, ਬੱਟ, ਸਪਰੂ, ਵਾਰ, ਪੋਸ਼ੂ, ਪੰਡਤ, ਨਾਇਕ, ਫੱਕਰ, ਤਾਂਤਰ, ਡਾਰ ਆਦਿ। ਸਰਦਾਰ ਹਰੀ ਸਿੰਘ ਕੋਲ ਬਹੁਤ ਸਾਰੇ ਹਿੰਦੂ ਪ੍ਰਵਾਰਾਂ ਦੇ ਮੁਖੀ ਮਿਲੇ ਜਿਨ੍ਹਾਂ ਨੇ ਸਮੇਂ ਦੇ ਹਾਕਮਾਂ ਵੱਲੋਂ ਮੁਸਲਮਾਨ ਬਣਾਏ ਜਾਣ ਦੀਆਂ ਦਾਸਤਾਨਾਂ ਸੁਣਾਈਆਂ। ਕਸ਼ਮੀਰ ਵਿੱਚ ਖਾਲਸਾ ਰਾਜ ਕਾਇਮ ਹੋਣ ਤੋਂ ਬਾਅਦ ਉਹ ਆਪਣੇ ਪਹਿਲੇ ਧਰਮ (ਹਿੰਦੂ) ਵਿੱਚ ਆਉਣਾ ਚਾਹੁੰਦੇ ਸਨ ਪਰ ਕਿਸੇ ਭੈਅ ਅਤੇ ਡਰ ਕਾਰਨ ਇਸ ਦਾ ਇਜ਼ਹਾਰ ਖੁਲ੍ਹੇਆਮ ਕਰਨ ਤੋਂ ਕੰਨੀ ਕਤਰਾਂਦੇ ਸਨ। ਸਰਦਾਰ ਨਲਵਾ ਨੇ ਇਨ੍ਹਾਂ ਦੁਖੀ ਪੰਡਤਾਂ ਦੀ ਫਰਿਆਦ ਸੁਣ ਕੇ ਸਾਰੇ ਸ਼ਹਿਰਾਂ ਵਿੱਚ ਮੁਨਾਦੀ ਕਰਵਾ ਦਿੱਤੀ, "ਜਿਹੜਾ ਕੋਈ ਪਤਿਤ ਆਪਣੇ ਪਹਿਲੇ ਧਰਮ ਵਿੱਚ ਆਉਣਾ ਚਾਹੇ, ਉਸ ਲਈ ਕੋਈ ਰੁਕਾਵਟ ਨਾ ਪੈਦਾ ਕੀਤੀ ਜਾਏ। ਜੇ ਕਿਸੇ ਬਰਾਦਰੀ ਵੱਲੋਂ ਇਸ ਕੰਮ ਵਿੱਚ ਤੰਗ ਦਿਲੀ ਵਰਤੀ ਗਈ ਤਾਂ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ।" ਇਸ ਐਲਾਨ ਦਾ ਚਮਤਕਾਰੀ ਅਸਰ ਇਹ ਹੋਇਆ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਮੁਸਲਮਾਨ, ਫਿਰ ਹਿੰਦੂ ਤੇ ਸਿੱਖ ਧਰਮ ਵਿੱਚ ਆ ਗਏ। '50000 ਦੇ ਨੇੜੇ ਮੁਸਲਮ, ਦੁਬਾਰਾ ਸਿੱਖ ਮਤ ਅਤੇ ਹਿੰਦੂ ਧਰਮ ਵਿੱਚ ਆ ਕੇ ਸ਼ੁੱਧ ਹੋਏ।' (ਹਰੀ ਸਿੰਘ ਨਲੂਆ, ਉਹੀ, ਸਫਾ 130)

ਅਫਗਾਨਾਂ ਦੇ ਸਮੇਂ ਤੋਂ ਸਮਾਜ ਵਿੱਚ ਇੱਕ ਬੜੀ ਸ਼ਰਮਨਾਕ ਰੀਤ ਪ੍ਰਚਲਤ ਸੀ ਕਿ 'ਕੋਈ ਵੀ ਹਿੰਦੂ ਸਿਰ 'ਤੇ ਨਾ ਪਗੜੀ ਬੰਨ ਸਕਦਾ ਸੀ ਅਤੇ ਨਾ ਪੈਰਾਂ ਵਿੱਚ ਜੁੱਤੀ ਪਹਿਨ ਸਕਦਾ ਸੀ।' (ਦੀ ਵੈਲੀ ਆਫ ਕਸ਼ਮੀਰ, ਸਫਾ: 108)। ਇਸੇ ਤਰ੍ਹਾਂ ਨਾ ਕੋਈ ਘੋੜੇ ਦੀ ਸਵਾਰੀ ਕਰ ਸਕਦਾ ਸੀ। ਇਹ ਕਹਾਵਤ ਕਸ਼ਮੀਰ ਵਿੱਚ ਆਮ ਸੀ "ਬੂਟਾ ਚੁੱਕ ਕੇ ਖਾਸਾ ਦਿੱਤਾ" (ਭਾਵ ਜੇ ਤੂੰ ਹਿੰਦੂ ਹੈ ਤਾਂ ਮੈਂ ਤੇਰੇ 'ਤੇ ਸਵਾਰ ਹੋਵਾਂਗਾ)। ਸਰਦਾਰ ਹਰੀ ਸਿੰਘ ਕਸ਼ਮੀਰੀ ਪੰਡਤਾਂ ਦੀ ਇਹ ਹਾਲਤ ਵੇਖ ਸੋਚੀਂ ਪੈ ਗਏ ਅਤੇ ਉਨ੍ਹਾਂ ਤੁਰੰਤ ਐਲਾਨ ਕਰ ਦਿੱਤਾ, "ਖਾਲਸਾ ਰਾਜ ਵਿੱਚ ਕਿਸੇ ਸ਼੍ਰੇਣੀ ਦੇ ਮਨੁੱਖ ਲਈ ਪੁਸ਼ਾਕ ਆਦਿ ਦੀ ਕੋਈ ਬੰਦਸ਼ ਨਹੀਂ ਅਤੇ ਹਰ ਕੋਈ ਘੋੜ ਸਵਾਰੀ ਕਰ ਸਕਦਾ ਹੈ।" ਇਸ ਐਲਾਨਨਾਮੇ ਤੋਂ ਬਾਅਦ ਹਿੰਦੂਆਂ ਦੀ ਰਹਿਣੀ-ਬਹਿਣੀ ਬਹੁਤ ਉੱਚੀ ਹੋ ਗਈ।

ਧਾਰਮਿਕ ਅਸਥਾਨਾਂ ਦਾ ਨਿਰਮਾਣ: ਸਰਦਾਰ ਨਲਵਾ ਬਚਪਨ ਤੋਂ ਹੀ ਸਿੱਖੀ ਸੰਸਕਾਰਾਂ ਨਾਲ ਸਰਸ਼ਾਰ ਸੀ। ਉਸਦਾ ਆਤਮਿਕ-ਚਾਅ ਖਾਲਸਈ ਤੇਗਾਂ ਦੇ ਪ੍ਰਛਾਵਿਆਂ ਹੇਠ ਜਵਾਨ ਹੋਇਆ ਸੀ। ਜੰਗੀ ਨੁਕਤੇ ਨਿਗਾਹ ਤੋਂ ਉਸ ਨੇ ਜਿਥੇ ਕਿਲ੍ਹਾ ਉੜੀ ਅਤੇ ਕਿਲ੍ਹਾ

ਮੁਜ਼ਫਰਾਬਾਦ ਉਸਾਰੇ, ਉਥੇ ਸ੍ਰੀਨਗਰ ਵਿੱਚ ਸ਼ਹੀਦ ਗੰਜ ਅਤੇ ਗੁਰੂ ਬਾਜ਼ਾਰ (ਨਜ਼ਦੀਕ ਕਿਲਾ ਸ਼ੇਰਗੜ੍ਹੀ) ਦੀ ਵਸੋਂ ਵਸਾਈ। ਆਰ.ਕੇ. ਪਰਮੂ ਅਨੁਸਾਰ ਸ਼ਹੀਦ ਗੰਜ ਵਿੱਚ ਅਕਾਲੀ ਅਤੇ ਨਿਹੰਗ ਸਿੰਘਾਂ ਲਈ ਜਗਾਹ ਰਾਖਵੀਂ ਸੀ ਜਦ ਕਿ ਗੁਰੂ ਬਾਜ਼ਾਰ ਵਿੱਚ ਸਿੱਖ ਗ੍ਰੰਥੀ ਅਤੇ ਸਾਧੂ ਲੋਕ ਨਿਵਾਸ ਰੱਖਦੇ ਸਨ।

ਸਰਦਾਰ ਹਰੀ ਸਿੰਘ ਨਲਵਾ ਨੇ ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਇਤਿਹਾਸਕ ਗੁਰਦੁਆਰਾ ਮਟਨ ਸਾਹਿਬ, ਗੁਰਦੁਆਰਾ ਛੇਵੀਂ ਪਾਤਸ਼ਾਹੀ ਬਾਰਾਮੂਲਾ, ਗੁਰਦੁਆਰਾ ਗੁਰੂ ਨਾਨਕ ਸਾਹਿਬ ਹਰੀ ਪਰਬਤ, ਗੁਰਦੁਆਰਾ ਛੇਵੀਂ ਪਾਤਸ਼ਾਹੀ ਕਾਠੀ ਦਰਵਾਜ਼ਾ ਸ੍ਰੀਨਗਰ ਅਤੇ ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ, ਦੇਵੀ ਅੰਗਣ (ਸ੍ਰੀਨਗਰ) ਦਾ ਨਵ-ਨਿਰਮਾਣ ਆਪਣੇ ਸਮੇਂ ਵਿੱਚ ਕਰਵਾਇਆ। ਡਾ. ਜੀ.ਐਸ.ਡੀ. ਸੂਫੀ ਨੇ ਵੀ ਲਿਖਿਆ ਹੈ, 'ਗੁਰਦੁਆਰਾ ਛੇਵੀਂ ਪਾਤਸ਼ਾਹੀ ਬਾਰਾਮੂਲਾ ਵਿੱਚ ਆ ਕੇ ਅਰਦਾਸਾ ਵੀ ਸੋਧਿਆ। ਸ੍. ਨਲਵਾ ਨੇ ਤਿੰਨ ਪਿੰਡ ਜਾਗੀਰ ਵਜੋਂ ਇਸ ਗੁਰਦੁਆਰੇ ਨਾਲ ਲਗਾਏ ਜਿਨ੍ਹਾਂ ਵਿੱਚ ਜਾਂਬਾਜ਼ਪੁਰਾ, ਨਾਦੀਹੱਲ ਅਤੇ ਵਡੋਰਾ ਸਨ।' (ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ, ਡਾ. ਜਸਬੀਰ ਸਿੰਘ ਸਰਨਾ, ਕਸ਼ਮੀਰ, 1997, ਸਫਾ: 74)

ਸਰਦਾਰ ਹਰੀ ਸਿੰਘ ਨਲਵਾ ਨੇ ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਵੀ ਕੀਤੇ ਸਨ ਜਿਸ ਦੀ ਗਵਾਹੀ ਸ੍. ਬੁੱਧ ਸਿੰਘ ਦੇਂਦੇ ਲਿਖਦੇ ਹਨ, "ਜਦ ਸ੍. ਹਰੀ ਸਿੰਘ ਨਲੂਆ ਸੰਮਤ 1877 ਬਿ. (1820 ਈ.) ਵਿੱਚ ਸੂਬਾ ਕਸ਼ਮੀਰ ਨੀਯਤ ਹੋਏ ਤਾਂ ਦੌਰਾ ਕਰਦੇ ਇਨ੍ਹਾਂ ਦੇ ਗੁਰਦੁਆਰੇ ਦੇਵੀ ਅੰਗਣ ਤੱਕ ਬਾਜ਼ਾਰ ਜਾ ਪੁੱਜੇ, ਤਾਂ ਖੁਸ਼ ਹੋ ਕੇ ਤਿੰਨ ਸੌ ਸੱਠ ਰੁਪਏ ਦੀ ਜਾਗੀਰ ਲਿਖ ਦਿੱਤੀ। ਇਹ ਪਟਾ ਭਾਈ ਸੰਤ ਸਿੰਘ ਜੀ ਪਾਸ ਮੌਜੂਦ ਹੈ ਜੋ 24 ਅੱਸੂ 1878 ਬਿ. ਨੂੰ ਲਿਖਿਆ ਗਿਆ। ਲਿਖਿਆ ਹੈ ਕਿ ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਜੀ ਦੇ ਨਾਲ ਇਹ ਥਾਂ ਤੇ ਨਕਦੀ ਧਰਮ ਅਰਥ ਜਾਗੀਰ ਵਜੋਂ ਦਿੱਤੀ ਗਈ ਹੈ ਜਿਸ ਦੇ ਮੁੰਤਬਿਨ 'ਮੁਹੀਆਲ' ਬੰਸ ਭਾ. ਹਰੀ ਸਿੰਘ ਜੀ ਹੋਣਗੇ।' (ਚੋਣਵੇਂ ਰਤਨ, 1937, ਸਫਾ: 419)। ਸ਼ਹੀਦ ਗੰਜ ਵਾਲਾ ਗੁਰਦੁਆਰਾ ਅਕਾਲੀ ਫੂਲਾ ਸਿੰਘ ਵੀ ਇਨ੍ਹਾਂ ਸਮਿਆਂ ਵਿੱਚ ਹੋਂਦ ਵਿੱਚ ਆਇਆ ਸੀ।

ਸਰਦਾਰ ਹਰੀ ਸਿੰਘ ਨਲਵਾ ਦੀ ਸਰਕਾਰੀ ਰਿਹਾਇਸ਼ ਸ਼ੇਰਗੜ੍ਹੀ ਘਾਟ ਦੇ ਸਾਹਮਣੇ ਹੋਇਆ ਕਰਦੀ ਸੀ, ਜਦਕਿ ਗਰਮੀਆਂ ਦੀ ਰਿਹਾਇਸ਼ ਲਈ ਚਿੱਟੇ ਬੁਰਜ ਵਾਲਾ ਘਰ ਦਰਿਆ ਜਿਹਲਮ ਦੇ ਕੰਢੇ ਬਣਾਇਆ ਸੀ ਜੋ ਅਜੋਕੇ ਪ੍ਰਤਾਪ ਕਾਲਜ ਅਤੇ ਨੀਡੋਜ਼ ਹੋਟਲ ਦੇ ਵਿਚਕਾਰ ਪੈਂਦਾ ਸੀ।' (ਏ ਹਿਸਟਰੀ ਆਫ਼ ਸਿੱਖ ਰੂਲ ਇੰਨ ਕਸ਼ਮੀਰ, ਪੰਨਾ 312) ਸ੍. ਹਰੀ ਸਿੰਘ ਨੇ ਜਿਹਲਮ ਦਰਿਆ ਦੇ ਕੰਢੇ 'ਤੇ ਇੱਕ ਸ਼ਾਨਦਾਰ ਬਾਗ ਵੀ ਬਣਵਾਇਆ ਸੀ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੀਆਂ ਮਸੀਤਾਂ ਅਤੇ ਮੰਦਰਾਂ ਦੇ ਨਿਰਮਾਣ ਲਈ ਸ਼ਾਹੀ ਖ਼ਜ਼ਾਨੇ ਵਿੱਚੋਂ ਆਰਥਿਕ ਸਹਾਇਤਾ ਵੀ ਦਿੱਤੀ।

ਵਿਦਾਇਗੀ: ਸ਼ੇਰੇ-ਪੰਜਾਬ ਨੇ ਖਾਲਸਾ ਰਾਜ ਦੇ ਗੌਰਵ ਤੇ ਸੁਹਿਰਦ ਸੇਵਕ ਸੰਗਰਾਮੀ ਸਰਦਾਰ ਨਲਵਾ ਪਾਸੋਂ ਅਜੇ ਹੋਰ ਇਲਾਕੇ ਫਤਹਿ ਕਰਾ ਕੇ ਖਾਲਸਾ ਰਾਜ ਵਿੱਚ ਮਿਲਾਉਣੇ ਸਨ, ਸੋ ਉਨ੍ਹਾਂ ਨੂੰ ਕਸ਼ਮੀਰ ਤੋਂ ਤੁਰੰਤ ਵਾਪਸ ਬੁਲਾ ਕੇ, ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਗਵਰਨਰ ਨਿਯੁਕਤ ਕਰ ਦਿੱਤਾ। ਵਿਦਾਇਗੀ ਤੋਂ ਪਹਿਲਾਂ ਸਰਦਾਰ ਨਲਵਾ ਨੇ ਸ੍ਰੀਨਗਰ ਵਿੱਚ ਭਾਰੀ ਦਰਬਾਰ ਆਯੋਜਿਤ ਕੀਤਾ ਜਿਸ ਵਿੱਚ ਪ੍ਰਮੁੱਖ ਹਿੰਦੂ, ਸਿੱਖ ਅਤੇ ਮੁਸਲਮਾਨ

ਇਕੱਠੇ ਹੋਏ। ਕਸ਼ਮੀਰ ਵਿੱਚ ਬਿਤਾਏ ਪਲਾਂ ਨੂੰ ਸ. ਨਲਵਾ ਨੇ ਬੜੇ ਢੁਕਵੇਂ ਸ਼ਬਦਾਂ ਵਿੱਚ ਪੇਸ਼ ਕੀਤਾ ਅਤੇ ਲੋਕਾਂ ਵੱਲੋਂ ਮਿਲੇ ਪਿਆਰ ਦਾ ਵੀ ਧੰਨਵਾਦ ਕੀਤਾ। ਦਰਬਾਰ ਵਿੱਚ ਬੈਠੇ ਹਰ ਕੌਮ ਦੇ ਮੁਖੀਏ ਨੇ ਭਾਵਪੂਰਤ ਲਫਜ਼ਾਂ ਵਿੱਚ ਨਲਵਾ ਸਰਦਾਰ ਵੱਲੋਂ ਕਸ਼ਮੀਰੀਆਂ ਲਈ ਘਾਲੀਆਂ ਘਾਲਾਂ ਦਾ ਵਿਸਥਾਰ ਪੂਰਵਕ ਜ਼ਿਕਰ ਕੀਤਾ ਅਤੇ ਸ਼ੁਭ ਕਾਮਨਾਵਾਂ ਅਤੇ ਅਸੀਸਾਂ ਦੀ ਦੁਆ ਕੀਤਾ।

ਕਸ਼ਮੀਰ ਤੋਂ ਕੂਚ ਦੀ ਤਿਆਰੀ ਸਰਦਾਰ ਸਾਹਿਬ ਨੇ 6 ਨਵੰਬਰ 1821 ਈ. ਨੂੰ ਕੀਤੀ। ਸੜਕਾਂ ਦੇ ਦੋਵੇਂ ਪਾਸਿਆਂ ਤੋਂ ਲੋਕਾਂ ਦਾ ਹਜ਼ੂਮ ਆਪਣੇ ਪਿਆਰੇ ਸਰਦਾਰ ਨਲਵਾ ਨੂੰ ਅਲਵਿਦਾ ਆਖ ਰਿਹਾ ਸੀ। ਨਲਵਾ ਸਰਦਾਰ ਸਾਰਿਆਂ ਨੂੰ 'ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥' ਦੋਵੇਂ ਹੱਥ ਜੋੜ ਕੇ ਬੁਲਾਉਂਦੇ ਜਾਂਦੇ। ਅਗੋਂ ਹਜ਼ਾਰਾਂ ਕਸ਼ਮੀਰੀਆਂ ਵਲੋਂ ਫਤਹਿ ਦੀ ਘਨਘੋਰ ਨਾਲ ਆਕਾਸ਼ ਗੂੰਜ ਉੱਠਦਾ। ਇੰਜ ਜੈਕਾਰਿਆਂ ਦੀ ਗੂੰਜ ਵਿੱਚ ਆਪ ਜੀ ਕਸ਼ਮੀਰ ਤੋਂ ਰੁਖਸਤ ਹੋਏ।

ਸਰਦਾਰ ਹਰੀ ਸਿੰਘ ਦੇ ਸਮੇਂ ਕਸ਼ਮੀਰ ਵਿੱਚ ਖੁਸ਼ਹਾਲੀ ਅਤੇ ਆਪਸੀ ਭਾਈਚਾਰਾ ਪੂਰੇ ਸਿੱਖਰਾਂ 'ਤੇ ਸੀ। ਉਹ ਲੋਕਾਂ ਦਾ ਸੁਹਿਰਦ ਸੇਵਕ ਹਰਮਨ ਪਿਆਰਾ ਅਤੇ ਕੁਸ਼ਲ ਗਵਰਨਰ ਮੰਨਿਆ ਜਾਂਦਾ ਸੀ।

* * *

ਛੋਟਾ ਘੱਲੂਘਾਰਾ

ਕਾਫੀ ਸਿੰਘ ਇਤਿਹਾਸਕ ਗੁਰਦੁਆਰਾ ਰੋੜੀ ਸਾਹਿਬ, ਐਮਨਾਬਾਦ, ਦਰਸ਼ਨਾਂ ਲਈ ਆਏ ਸਨ ਅਤੇ ਬਾਹਰਵਾਰ ਆਪਣੀਆਂ ਭੇਡਾਂ ਅਤੇ ਘੋੜਿਆਂ ਨੂੰ ਘਾਹ ਆਦਿ ਖਵਾ ਰਹੇ ਸਨ। ਸਿੰਘ ਕਈ ਦਿਨਾਂ ਦੇ ਭੁੱਖੇ ਭਾਣੇ ਸਨ। ਸਿੰਘਾਂ 'ਤੇ ਜਸਪਤ ਰਾਇ ਫੌਜਦਾਰ (ਐਮਨਾਬਾਦ ਦਾ ਦੀਵਾਨ) ਫੌਜ ਲੈ ਕੇ ਆ ਗਿਆ। ਇਸ ਨੇ ਆਉਂਦੇ ਸਾਰ ਹੀ ਸਿੰਘਾਂ ਨੂੰ ਐਮਨਾਬਾਦ 'ਚੋਂ ਚਲੇ ਜਾਣ ਦਾ ਹੁਕਮ ਦਿੱਤਾ। ਸਿੰਘਾਂ ਦੱਸਿਆ ਕਿ ਉਹ ਕਈ ਦਿਨਾਂ ਦੇ ਭੁੱਖੇ ਭਾਣੇ ਹਨ ਅਤੇ ਰਾਤ ਗੁਜ਼ਾਰ ਕੇ ਉਹ ਸਵੇਰੇ ਚਲੇ ਜਾਣਗੇ। ਇਸ 'ਤੇ ਜਸਪਤ ਰਾਇ ਆਪਣੀ ਸਾਰੀ ਫੌਜ ਲੈ ਕੇ ਸਿੰਘਾਂ ਤੇ ਟੁੱਟ ਪਿਆ ਅਤੇ ਸਿੰਘਾਂ ਨੇ ਉਸ ਦੇ ਹਮਲੇ ਨੂੰ ਰੋਕਿਆ। ਇਕ ਸਿੱਖ, ਭਾਈ ਨਿਬੋਹ (ਨਿਬਾਹ) ਸਿੰਘ ਨੇ ਤੁਰੰਤ ਜਸਪਤ ਰਾਇ ਦੇ ਹਾਥੀ ਤੇ ਚੜ੍ਹ ਕੇ ਜਸਪਤ ਦਾ ਸਿਰ ਵੱਢ ਦਿੱਤਾ। ਇਹ ਵੇਖਦੇ ਫੌਜਾਂ ਵਿੱਚ ਤਰਥੱਲੀ ਮੱਚ ਗਈ ਅਤੇ ਸਿੰਘਾਂ ਨੇ ਸਾਰਾ ਸ਼ਹਿਰ ਐਮਨਾਬਾਦ ਲੁੱਟ ਲਿਆ। ਗੋਸਾਈਂ ਕ੍ਰਿਪਾ ਰਾਮ (ਬੈਦੋਕੇ) ਨੇ 500 ਰੁਪਏ ਦੇ ਕੇ ਸਿੰਘਾਂ ਕੋਲੋਂ ਜਸਪਤ ਰਾਇ ਦਾ ਸਿਰ ਮੁੱਲ ਲੈ ਕੇ ਸਸਕਾਰ ਕੀਤਾ। ਭਾਈ ਰਤਨ ਸਿੰਘ ਭੰਗੂ ਜੀ ਨੇ ਲਿਖਿਆ ਹੈ:

ਜਿਸ ਦਿਨ ਜਸਪਤਿ ਮਾਰ ਸੁ ਲਯੋ,
ਸਿੰਘਨ ਟੂਟ ਦਰਿਦ੍ਰ ਗਯੋ।
ਇਮਨਾਬਾਦ ਭੀ ਸ਼ਹਰ ਸੁ ਟੂਟਾ,
ਉਹ ਭੀ ਖਾਲਸੇ ਅੱਛੋ ਲੂਟਾ।
ਬਦਤ ਖ਼ਜ਼ਾਨਾ ਥਾ ਤਿਸ ਸਾਥ,
ਲਾਗਯੋ ਭੂਖੇ ਸਿੰਘਨ ਹਾਥ।
ਤੌ ਫਿਰ ਰਾਜਨ ਰਾਜਾ ਜਾਪੈਂ,
ਦੀਸੈਂ ਭੂਪਤਿ ਨਾਂਹਿ ਸਿਵਾਪੈਂ।। ੨ ।। (ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੩੯੯)

ਦੀਵਾਨ ਲਖਪਤ ਰਾਇ ਨੂੰ ਜਦੋਂ ਆਪਣੇ ਛੋਟੇ ਭਰਾ ਦੀ ਮੌਤ ਦੀ ਖਬਰ ਪੁੱਜੀ ਤਾਂ ਉਹ ਗ਼ਮੀ ਵਿੱਚ ਪਾਗਲ ਹੋ ਗਿਆ। ਉਸ ਨੇ ਲਾਹੌਰ ਦੇ ਨਵਾਬ ਦੇ ਪੈਰਾਂ ਵਿੱਚ ਆਪਣੀ ਪਗੜੀ ਸੁੱਟੀ ਅਤੇ ਕਿਹਾ "ਜਦੋਂ ਤੱਕ ਮੈਂ ਸਿੱਖਾਂ ਦਾ ਖੁਰਾ-ਖੋਜ ਨਹੀਂ ਮਿਟਾਉਂਦਾ, ਸਿਰ ਤੇ ਪੱਗ ਨਹੀਂ ਬੰਨ੍ਹਣੀ।"

ਜਹੀ ਬਾਤ ਲਖਪਤਿ ਸੁਨੀ,
ਢਿਗ ਨਵਾਬ ਦਈ ਪਗ ਡਾਰ।।
ਫੇਰ ਆਨ ਮੈਂ ਬੰਧੋਗੋ,
ਸਿੰਘਨ ਕੋ ਪੰਥ ਗਾਰ।। ੪ ।।

ਯਹ ਪਰਤੱਗਯਾ ਖੱਤ੍ਰੀ ਕਰੀ,
ਮਾਰੋਂ ਸਿੰਘ ਚੜ੍ਹ ਇਤ ਹੀ ਘਰੀ।
ਐਸ ਬਚਨ ਸੁਨ ਨ੍ਹਾਬ ਉਚਾਰਾ,
ਖਰਚੋ ਦਰਬ ਲੈ ਮੇਰਾ ਸਾਰਾ। ੫ ।(ਉਹੀ)

ਲਖਪਤ ਰਾਇ ਨੇ ਲਾਹੌਰ ਦੇ ਇਲਾਕੇ ਦੇ ਸਾਰੇ ਸਿੱਖਾਂ ਨੂੰ ਫੜ ਕੇ ਉਨ੍ਹਾਂ ਨੂੰ ਸੋਮਵਾਰ ਨੂੰ ਮੱਸਿਆ ਵਾਲੇ ਦਿਨ ਕਤਲ ਕਰਾਉਣ ਦਾ ਫੈਸਲਾ ਕਰ ਲਿਆ।

ਸਿਆਣੇ ਹਿੰਦੂਆਂ ਦਾ ਇਕ ਵਫ਼ਦ ਜਿਸ ਵਿਚ ਦੀਵਾਨ ਕੌੜਾ ਮਲ, ਦੀਵਾਨ ਲੱਛੀ ਰਾਮ, ਦੀਵਾਨ ਸੂਰਤ ਸਿੰਘ, ਭਾਈ ਦੇਸਰਾਜ ਆਦਿ ਸ਼ਾਮਲ ਸਨ ਅਤੇ ਇਨ੍ਹਾਂ ਦੀ ਅਗਵਾਈ ਗੋਸਾਈਂ ਜਗਤ ਭਗਤ ਕਰ ਰਿਹਾ ਸੀ। ਇਸ ਵਫ਼ਦ ਨੇ ਲਖਪਤ ਰਾਇ ਨੂੰ ਬੇਨਤੀ ਕੀਤੀ ਕਿ ਬੇਕਸੂਰ ਸਿੱਖਾਂ ਦਾ ਖ਼ੂਨ ਨਾ ਬਹਾ, ਉਹ ਵੀ ਸੋਮਵਾਰ ਦੇ ਪਵਿੱਤਰ ਅਮਾਵਸ ਵਾਲੇ ਦਿਨ। ਪਰ ਉਸ ਨੇ ਵਫਦ ਦੀ ਇਕ ਨਾ ਸੁਣੀ।

ਨਗਾਰਾ ਵਜਾ ਕੇ ਲੋਕਾਂ ਨੂੰ ਦੱਸਿਆ ਗਿਆ ਕਿ ਕੋਈ ਵੀ 'ਗੁਰੂ' ਸ਼ਬਦ ਉਚਾਰਨ ਨਾ ਕਰੇ, ਜੋ ਅਜਿਹਾ ਕਰਦਾ ਹੈ ਉਸ ਨੂੰ ਮੌਤ ਦੇ ਘਾਟ ਉਤਾਰਿਆ ਜਾਵੇਗਾ। ਬਹੁਤ ਸਾਰੀਆਂ 'ਗੁਰੂ ਗ੍ਰੰਥ ਸਾਹਿਬ' ਦੀਆਂ ਬੀੜਾਂ ਇਕੱਠੀਆਂ ਕਰ ਕੇ ਬੇਹੁਰਮਤੀ ਕੀਤੀ ਗਈ ਅਤੇ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ ਗਿਆ। ਲਾਹੌਰ ਦੇ ਨਿਰਦਈ ਗਵਰਨਰ ਯਹੀਯਾ ਖ਼ਾਨ ਨਾਲ ਮਿਲ ਕੇ ਲਖਪਤ ਰਾਇ ਨੇ ਲਾਹੌਰ ਦੀਆਂ ਫੌਜਾਂ ਨੂੰ ਇਕੱਠਾ ਕੀਤਾ ਅਤੇ ਇਸ ਸਬੰਧ ਵਿੱਚ ਮੁਲਤਾਨ, ਜਲੰਧਰ ਅਤੇ ਬਹਾਵਲਪੁਰ ਦੇ ਹਾਕਮਾਂ ਅਤੇ ਪਹਾੜੀ ਰਾਜਿਆਂ ਸਮੇਤ ਸਾਰੇ ਲੋਕਾਂ ਨੇ ਸਿੱਖਾਂ ਦੇ ਖਿਲਾਫ 'ਜਹਾਦ' ਦਾ ਬਿਗਲ ਵਜਾ ਦਿੱਤਾ।

ਸਭ ਤੋਂ ਪਹਿਲਾਂ ਲਖਪਤ ਰਾਏ ਨੇ ਲਾਹੌਰ ਦੇ ਨਿਵਾਸੀ ਸਿੱਖਾਂ ਨੂੰ ਫੜ ਲਿਆ ਅਤੇ ਉਨ੍ਹਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ। ਇਹ ਕਤਲੇਆਮ 10 ਮਾਰਚ 1746 ਨੂੰ ਸ਼ੁਰੂ ਹੋਇਆ। ਇਸ ਤੋਂ ਬਾਅਦ ਲਖਪਤ ਰਾਇ ਭਾਰੀ ਫੌਜ, ਤੋਪਖਾਨੇ ਆਦਿ ਲੈ ਕੇ ਸਿੱਖਾਂ ਦਾ ਸ਼ਿਕਾਰ ਕਰਨ ਲਈ ਤੁਰ ਪਿਆ, ਕਾਹਨੂੰਵਾਨ ਦੇ ਛੰਭਾਂ (ਅਜੋਕੇ ਗੁਰਦਾਸਪੁਰ ਤੋਂ 15 ਕਿਲੋਮੀਟਰ ਦੂਰ) ਅਤੇ ਜੰਗਲਾਂ ਵੱਲ। ਉਸ ਨੇ ਸਾਰੇ ਕਾਹਨੂੰਵਾਲ ਦੇ ਜੰਗਲਾਂ ਨੂੰ ਘੇਰ ਕੇ ਸਿੱਖਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਸਿੱਖ ਵੀ ਆਪਣੀ ਰਣਨੀਤੀ ਨਾਲ ਉਸ ਦਾ ਮੁਕਾਬਲਾ ਕਰਦੇ ਰਹੇ ਅਤੇ ਅਖ਼ੀਰ ਉਹ ਉੱਤਰ ਦੀਆਂ ਪਹਾੜੀਆਂ ਵੱਲ ਹੋ ਤੁਰੇ। ਸਿੰਘਾਂ ਦਰਿਆ ਰਾਵੀ ਪਾਰ ਕੀਤਾ ਅਤੇ ਕਈ ਬਸੋਹਲੀ (ਜ਼ਿਲਾ ਕਠੂਆ ਜੰਮੂ-ਕਸ਼ਮੀਰ) ਦੀਆਂ ਉਚਾਈਆਂ ਵੱਲ ਹੋ ਤੁਰੇ। ਇਨ੍ਹਾਂ ਜਥਿਆਂ ਵਿੱਚ ਬਹੁਤ ਸਾਰੀਆਂ ਬੀਬੀਆਂ, ਬੱਚੇ ਅਤੇ ਬਜ਼ੁਰਗ ਸਨ ਜੋ ਵਹੀਰ ਦੀ ਸ਼ਕਲ ਵਿੱਚ ਸਨ। ਇਥੇ ਉਹ ਘੇਰੇ ਗਏ ਅਤੇ ਸਿੱਖਾਂ ਦਾ ਕਾਫੀ ਨੁਕਸਾਨ ਪੈਰੋਲ, ਕਠੂਆ, ਬਸੋਹਲੀ ਅਤੇ ਜੰਮੂ ਵਿੱਚ ਹੋਇਆ। ਕੁਝ ਸਿੰਘ ਵੈਰੀਆਂ ਨੂੰ ਕੱਟ-ਵੱਢ ਕਰਦੇ ਹੋਏ ਕੀਰਤਪੁਰ ਵੱਲ ਚਲੇ ਗਏ। ਬਿਆਸ ਅਤੇ ਸਤਲੁਜ ਦਰਿਆ ਪਾਰ ਕਰਦੇ ਕਈ ਸਿੰਘ ਮਾਲਵੇ ਪੁੱਜੇ, ਕਈਆਂ ਲੱਖੀ ਜੰਗਲ ਵਿੱਚ ਆਪਣਾ ਰੈਣ ਬਸੇਰਾ ਬਣਾ ਲਿਆ। ਤਕਰੀਬਨ 7000 ਸਿੰਘ ਇਥੇ ਸ਼ਹੀਦ ਹੋਏ ਅਤੇ 3000 ਫੜੇ ਗਏ। ਇਹ 1 ਮਈ ਅਤੇ 2 ਮਈ 1746 ਦੀ ਘਟਨਾ ਹੈ।

(ਸਾਰਾ ਮਹੀਨਾ ਹੀ ਵੱਖ-ਵੱਖ ਥਾਵਾਂ ਤੇ ਸਰਕਾਰੀ ਸੈਨਿਕ ਸਿੱਖਾਂ ਤੇ ਜ਼ੁਲਮ ਕਰਦੇ ਰਹੇ)।

ਸਿੰਘਾਂ ਦੇ ਮੁਖੀਆਂ ਨੇ ਵਿਚਾਰ ਕਰ ਕੇ ਦੋ ਜਥੇ ਬਣਾਏ। ਬਹੁਤੇ ਸਿੰਘ ਜੋ ਪੈਦਲ ਸਨ, ਕਾਂਗੜਾ, ਮੰਡੀ ਹੁੰਦੇ ਹੋਏ ਕੀਰਤਪੁਰ ਪੁੱਜੇ ਸਨ। ਇਨ੍ਹਾਂ ਦਾ ਚਾਰ ਮਹੀਨੇ ਦੇ ਸਮੇਂ ਅੰਦਰ ਭਾਰੀ ਨੁਕਸਾਨ ਹੋਇਆ। ਦੂਜੇ ਜਥੇ ਜੋ ਘੋੜਸਵਾਰ ਆਦਿ ਵਾਲੇ ਸਨ, ਦੁਸ਼ਮਣਾਂ ਦੇ ਘੇਰੇ ਚੀਰਦੇ, ਵੱਢਦੇ ਟੁੱਕਦੇ ਦਰਿਆ ਪਾਰ ਕਰਦੇ ਰਹੇ। ਸ: ਕਪੂਰ ਸਿੰਘ, ਸ: ਜੱਸਾ ਸਿੰਘ ਅਤੇ ਸ: ਸੁੱਖਾ ਸਿੰਘ ਦੇ ਜਥੇ ਲਾਹੌਰ ਦੀਆਂ ਫੌਜਾਂ ਨਾਲ ਤਲਵਾਰਾਂ ਅਤੇ ਬਰਛਿਆਂ ਨਾਲ ਲੜਦੇ ਰਹੇ। ਇਸ ਲੜਾਈ ਵਿੱਚ ਲਖਪਤ ਰਾਇ ਅਤੇ ਯਹੀਆ ਖ਼ਾਨ ਦਾ ਇਕ-ਇਕ ਲੜਕਾ ਮਾਰਿਆ ਗਿਆ। ਸ: ਸੁੱਖਾ ਸਿੰਘ ਜਦੋਂ ਲਖਪਤ ਰਾਇ ਦੇ ਹਾਥੀ ਵੱਲ ਦੌੜ ਕੇ ਗਿਆ ਤਾਂ ਜੋ ਲਖਪਤ ਰਾਇ ਦਾ ਸਿਰ ਵੱਢਿਆ ਜਾਵੇ ਤਾਂ ਅਚਾਨਕ ਤੋਪ ਦਾ ਇਕ ਗੋਲਾ ਉਸ ਦੀ ਲੱਤ ਤੇ ਆ ਕੇ ਲਗਿਆ ਜਿਸ ਕਾਰਨ ਉਸ ਆਪਣੀ ਦਸਤਾਰ 'ਚੋਂ ਲੀਰਾਂ ਪਾੜ ਕੇ ਲੱਤ ਬੰਨ੍ਹੀ ਤਾਂ ਜੋ ਹੱਡੀਆਂ ਸੁਰੱਖਿਅਤ ਰਹਿ ਸਕਣ।

ਉਸੇ ਸਮੇਂ ਸ: ਜੱਸਾ ਸਿੰਘ ਆਹਲੂਵਾਲੀਆ ਉਸ ਦੀ ਮਦਦ ਤੇ ਆ ਗਿਆ ਅਤੇ ਦੁਸ਼ਮਣਾਂ ਦੀਆਂ ਸਫਾਂ ਚੀਰਦੇ ਹੋਏ ਸੁਰੱਖਿਅਤ ਜੰਗਲਾਂ ਵੱਲ ਚਲੇ ਗਏ। ਰਾਤ ਸਮੇਂ ਸਿੰਘਾਂ ਨੂੰ ਸ: ਸੁੱਖਾ ਸਿੰਘ ਅਤੇ ਸ: ਜੱਸਾ ਸਿੰਘ ਨੇ ਵਲਵਲੇਖੇਜ਼ ਲਫ਼ਜ਼ਾਂ ਨਾਲ ਮੁਖਾਤਬ ਕੀਤਾ। ਇਹ ਸਿੰਘਾਂ ਦੀ ਨਵੀਂ ਰਣਨੀਤੀ ਸੀ ਜਿਸ ਨੇ ਭੁੱਖੇ ਭਾਣੇ ਅਤੇ ਮਾਮੂਲੀ ਹਥਿਆਰਾਂ ਨਾਲ ਲੈਸ ਸਿੰਘਾਂ ਵਿੱਚ ਨਵੀਂ ਰੂਹ ਫੂਕ ਦਿੱਤੀ। ਸਿੱਖ ਗੁਰੀਲਾ ਲੀਡਰਾਂ ਦੀ ਦੂਰ-ਦ੍ਰਿਸ਼ਟੀ ਅਤੇ ਯੁੱਧਨੀਤੀ ਦੀ ਮੁਹਾਰਤ ਦਾ ਹੀ ਸਿੱਟਾ ਸੀ। ਸਿੰਘ ਰਾਤ ਸਮੇਂ ਲਖਪਤ ਰਾਇ ਦੇ ਖੇਮੇ ਵਿੱਚ ਆਏ ਅਤੇ ਚੰਗੇ ਘੋੜੇ ਅਤੇ ਹਥਿਆਰ ਖੋਹ ਕੇ ਦੁਬਾਰਾ ਜੰਗਲਾਂ ਵਿੱਚ ਵੜ ਗਏ। ਦੂਸਰੀ ਸਵੇਰ ਅੰਮ੍ਰਿਤ ਵੇਲੇ ਉਠ ਕੇ ਦਰਿਆ ਤੇ ਜਿਥੇ ਪਾਣੀ ਘੱਟ ਸੀ, ਉਥੇ ਬੇੜੀਆਂ ਬਣਾ ਕੇ ਦਰਿਆ ਪਾਰ ਕੀਤਾ। ਹਰਿਗੋਬਿੰਦਪੁਰ ਵੱਲ ਹੋ ਤੁਰੇ ਅਤੇ ਦਰਿਆ ਬਿਆਸ ਪਾਰ ਕਰਕੇ ਦੁਆਬੇ ਪੁੱਜੇ। ਇਥੇ ਅਦੀਨਾ ਬੇਗ ਦੀਆਂ ਫੌਜਾਂ ਨਾਲ ਉਨ੍ਹਾਂ ਦੀਆਂ ਝੜਪਾਂ ਹੋਈਆਂ, ਜਿਸ ਨੂੰ ਲਾਹੌਰ ਦਰਬਾਰ ਦੀ ਪੁਸ਼ਤਪਨਾਹੀ ਹਾਸਲ ਸੀ। ਇਹ 5000 ਸਿੰਘਾਂ ਦਾ ਜਥਾ ਜੂਨ 1746 ਦੇ ਕਰੀਬ ਮਾਲਵੇ ਪੁੱਜਿਆ ਸੀ। ਇਸ ਘੱਲੂਘਾਰੇ ਵਿੱਚ 1000 ਸਿੰਘ, ਬੀਬੀਆਂ ਅਤੇ ਬੱਚੇ ਸ਼ਹੀਦ ਹੋਏ ਸਨ। ਇਨ੍ਹਾਂ ਵਿੱਚੋਂ 3000 ਕੈਦੀ ਬਣਾ ਕੇ ਲਾਹੌਰ ਦੇ ਨਖਾਸ, ਘੋੜਾ ਮੰਡੀ, ਦਿੱਲੀ ਗੇਟ ਲਾਹੌਰ ਵਿੱਚ ਕਤਲ ਕੀਤੇ ਗਏ ਸਨ। ਇਥੇ ਹੁਣ 'ਸ਼ਹੀਦ ਗੰਜ' ਉਸਾਰਿਆ ਗਿਆ ਹੈ। ਇਸ ਭਿਅੰਕਰ ਤਬਾਹੀ ਨੂੰ ਸਿੱਖ ਇਤਿਹਾਸ ਵਿੱਚ 'ਛੋਟਾ ਘੱਲੂਘਾਰਾ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। (ਵੱਡਾ ਘੱਲੂਘਾਰਾ 16 ਸਾਲ ਬਾਅਦ 5 ਫਰਵਰੀ 1762 ਨੂੰ ਹੋਇਆ ਸੀ)। ਬਚੇ ਹੋਏ 5000 ਸਿੰਘਾਂ ਦੇ ਜਥੇਦਾਰਾਂ ਨੇ ਪੂਰੇ ਪੰਜਾਬ ਵਿੱਚ ਜ਼ਿਲ੍ਹੇਵਾਰ ਸਿੰਘ ਵੰਡ ਦਿੱਤੇ ਅਤੇ ਨਵੀਂ ਭਰਤੀ ਕਰ ਕੇ ਹਜ਼ਾਰਾਂ ਸਿੰਘ ਦੁਬਾਰਾ ਇਕੱਠੇ ਹੋ ਕੇ ਨਵੀਂ ਜਦੋ-ਜਹਿਦ ਲਈ ਤਿਆਰ ਹੋ ਗਏ।

30 ਮਾਰਚ 1747 ਨੂੰ ਸਿੰਘ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ 'ਸਰਬੱਤ ਖਾਲਸਾ' ਦੇ ਰੂਪ ਵਿੱਚ ਇਕੱਠੇ ਹੋਏ। ਭਵਿੱਖ ਦੇ ਖ਼ਤਰਿਆਂ ਨੂੰ ਭਾਂਪਦਿਆਂ ਹੋਇਆਂ

ਉਨ੍ਹਾਂ ਨੇ ਕਿਲ੍ਹੇ ਉਸਾਰਨ ਦਾ 'ਗੁਰਮਤਾ' ਕੀਤਾ। ਸਭ ਤੋਂ ਪਹਿਲਾਂ 'ਰਾਮ ਰੌਣੀ' ਦਾ ਮਜ਼ਬੂਤ ਕਿਲ੍ਹਾ, ਅੰਮ੍ਰਿਤਸਰ ਵਿੱਚ ਉਸਾਰਿਆ ਗਿਆ। ਵੇਲੇ ਦੀ ਹਕੂਮਤ ਨੇ ਦਸ ਹਜ਼ਾਰ ਸਿੱਖਾਂ ਨੂੰ ਸ਼ਹੀਦ ਕਰ ਕੇ ਸਿੱਖ ਕੌਮ ਦੀ ਰੀੜ੍ਹ ਦੀ ਹੱਡੀ ਤੋੜਨੀ ਚਾਹੀ ਸੀ, ਪਰ ਸਿੱਖ ਤਾਂ ਅਜੀਬ ਮਿੱਟੀ ਦੇ ਬਣੇ ਹੋਏ ਸਨ। ਸਰਕਾਰ ਵੱਲੋਂ ਢਾਹੇ ਗਏ ਅੱਤਿਆਚਾਰਾਂ ਨੂੰ ਸਹਾਰ ਕੇ ਉਹ ਸਗੋਂ ਹੋਰ ਮਜ਼ਬੂਤ ਹੋ ਜਾਂਦੇ ਸਨ। ਛੋਟੇ ਘੱਲੂਘਾਰੇ ਮਗਰੋਂ ਕਿਲ੍ਹੇ ਬਣਾਉਣ ਦਾ ਫੈਸਲਾ ਕਰਨਾ ਅਤੇ ਸਿੱਖ-ਸ਼ਕਤੀ ਨੂੰ ਮਜ਼ਬੂਤ ਕਰਨ ਦੇ ਆਹਰਾਂ ਵਿੱਚ ਜੁਟ ਜਾਣਾ-ਸਿੱਖਾਂ ਦੀ ਨਿਆਰੀ ਮਨੋ-ਬਿਰਤੀ ਦਾ ਸਬੂਤ ਹੈ।

* * *

ਵੱਡਾ ਘੱਲੂਘਾਰਾ

ਘੱਲੂਘਾਰਾ ਸ਼ਬਦ ਅੰਗ੍ਰੇਜ਼ੀ ਦੇ Holocaust ਦਾ ਸਮਾਂਨਤਰ ਹੈ। ਇਹ ਸ਼ਬਦ ਅਸਲੋਂ ਯੂਨਾਨੀ ਭਾਸ਼ਾ ਦੇ ਸ਼ਬਦ Holocaustrum ਤੋਂ ਨਿਕਲਿਆ ਹੈ ਜਿਸ ਦੇ ਅਰਥ ਹਨ 'burnt whole' ਇੰਝ ਘੱਲੂਘਾਰਾ ਦੇ ਲਫਜ਼ੀ ਮਾਅਨੇ ਹਨ: ਸਾਰਾ ਕੁਝ ਤਬਾਹ ਜਾਂ ਸਵਾਹ ਕਰ ਦੇਣਾ।

ਸਭ ਤੋਂ ਪਹਿਲਾਂ ਇਹ ਸ਼ਬਦ ਦੂਜੇ ਸੰਸਾਰ ਯੁੱਧ ਸਮੇਂ ਹੋਂਦ ਵਿੱਚ ਆਇਆ ਜਦੋਂ ਨੌਂ ਲੱਖ ਯਹੂਦੀਆਂ ਵਿੱਚੋਂ ਛੇ ਲੱਖ ਯੂਰਪੀਨ ਯਹੂਦੀਆਂ ਨੂੰ ਨਾਜ਼ੀ ਜਰਮਨੀਆਂ ਨੇ ਖਤਮ ਕਰ ਦਿੱਤਾ ਸੀ। ਸੰਸਾਰ ਦੇ ਇਤਿਹਾਸ ਵਿੱਚ ਅਜਿਹੇ ਬਹੁਤ ਸਾਰੇ ਸਮੇਂ ਆਏ ਜਦੋਂ ਅਜਿਹੇ ਕਈ ਖਤਰਨਾਕ ਘੱਲੂਘਾਰੇ ਹੋਂਦ ਵਿੱਚ ਆਏ ਸਨ।

ਸਿੱਖ ਇਤਿਹਾਸ ਦੇ ਤਿੰਨ ਘੱਲੂਘਾਰੇ: ਸਿੱਖ ਇਤਿਹਾਸ ਵਿੱਚ ਪ੍ਰਮੁੱਖ ਤੌਰ 'ਤੇ ਤਿੰਨ ਹੀ ਘੱਲੂਘਾਰੇ ਹੋਏ ਹਨ ਜਦੋਂ ਹਜ਼ਾਰਾਂ ਤੋਂ ਲੱਖਾਂ ਸਿੰਘਾਂ ਨੂੰ ਸ਼ਹੀਦੀ ਜਾਮ ਪੀਣੇ ਪਏ। ਪਹਿਲਾ ਸਿੱਖ ਘੱਲੂਘਾਰਾ ਜੂਨ 1746 ਈਸਵੀ ਵਿੱਚ ਹੋਇਆ ਜਿਸ ਵਿੱਚ ਤਕਰੀਬਨ 10,000 ਸਿੰਘ ਸ਼ਹੀਦ ਕੀਤੇ ਗਏ। ਇਸ ਨੂੰ ਸਿੱਖ ਤਵਾਰੀਖ ਵਿੱਚ 'ਛੋਟਾ ਘੱਲੂਘਾਰਾ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਦੂਜਾ ਸਿੱਖ ਘੱਲੂਘਾਰਾ ਫਰਵਰੀ 1762 ਈਸਵੀ ਨੂੰ ਹੋਇਆ ਜਿਸ ਵਿੱਚ ਤਕਰੀਬਨ 25,000 ਤੋਂ 30,000 ਸਿੰਘ ਸ਼ਹੀਦਾ ਹੋਏ ਜਿਸ ਨੂੰ ਸਿੱਖ ਇਤਿਹਾਸ ਵਿੱਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਤੀਜਾ ਸਿੱਖ ਘੱਲੂਘਾਰਾ ਜੂਨ 1984-94 ਈਸਵੀ ਵਿਚਕਾਰ ਹੋਇਆ ਜਿਸ ਨੂੰ ਇਤਿਹਾਸ ਵਿੱਚ 'ਸਭ ਤੋਂ ਵੱਡਾ ਘੱਲੂਘਾਰਾ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਜਿਸ ਵਿੱਚ ਤਕਰੀਬਨ 2,00,000 (ਦੋ ਲੱਖ) ਸਿੰਘਾਂ ਨੂੰ ਸ਼ਹੀਦੀਆਂ ਪ੍ਰਾਪਤ ਕਰਨੀਆਂ ਪਈਆਂ।

ਘੱਲੂਘਾਰੇ ਤੋਂ ਪਹਿਲਾਂ ਦੇ ਹਾਲਾਤ: ਅਹਿਮਦ ਸ਼ਾਹ ਦੁਰਾਨੀ ਨੇ ਜਦੋਂ ਮਈ 1761 ਵਿੱਚ ਖਵਾਜ਼ਾ ਮਿਰਜ਼ਾ ਜਾਨ ਨੂੰ ਪੰਜਾਬ ਵਾਸਤੇ ਨਿਯੁਕਤ ਕੀਤਾ ਤਾਂ ਸਿੱਖਾਂ ਨੇ ਉਸ ਨੂੰ ਜੰਗ ਵਿੱਚ ਹਾਰ ਹੀ ਨਹੀਂ ਦਿੱਤੀ ਸਗੋਂ ਮੈਦਾਨੇ-ਜੰਗ ਵਿੱਚ ਹੀ ਮਾਰ ਦਿੱਤਾ। ਜਦੋਂ ਅਹਿਮਦਸ਼ਾਹ ਨੂੰ ਇਹ ਖ਼ਬਰ ਪੁੱਜੀ ਤਾਂ ਉਸ ਨੇ ਪੰਜਾਬ ਵਾਸਤੇ ਨੂਰਦੀਨ ਬਾਮਜ਼ਈ ਨੂੰ ਰਵਾਨਾ ਕੀਤਾ। ਬਾਮਜ਼ਈ ਨੇ ਅਜੇ ਦਰਿਆ ਚਿਨਾਬ ਪਾਰ ਹੀ ਕੀਤਾ ਸੀ ਕਿ ਉਸ ਦਾ ਮੁਕਾਬਲਾ ਸ. ਚੜ੍ਹਤ ਸਿੰਘ ਸ਼ੁਕਰਚਕੀਏ ਨਾਲ ਹੋ ਗਿਆ। ਬਾਮਜ਼ਈ ਨੇ ਮੁਸ਼ਕਲ ਨਾਲ ਜਾਨ ਬਚਾ ਕੇ ਸਿਆਲਕੋਟ ਕਿਲ੍ਹੇ ਵਿੱਚ ਪਨਾਹ ਲਈ। ਜਦੋਂ ਸਿੰਘਾਂ ਕਿਲ੍ਹੇ ਦਾ ਘੇਰਾ ਕਈ ਦਿਨ ਨਾ ਚੁੱਕਿਆ ਤਾਂ ਬਾਮਜ਼ਈ ਰਾਤ ਸਮੇਂ ਜੰਮੂ ਦੀਆਂ ਪਹਾੜੀਆਂ ਵੱਲ ਭੱਜ ਗਿਆ। ਅਫਗਾਨ ਫੌਜੀਆਂ ਨੇ ਸਿੱਖ ਸਰਦਾਰ ਸਾਹਮਣੇ ਆਪਣੇ ਹਥਿਆਰ ਸੁੱਟ ਦਿੱਤੇ।

ਲਾਹੌਰ ਦੇ ਗਵਰਨਰ ਖ਼ਵਾਜ਼ਾ ਉਬੈਦ ਖਾਨ ਨੇ ਜਦੋਂ ਦੁਰਾਨੀ ਜਰਨੈਲ ਬਾਮਜ਼ਈ ਬਾਰੇ ਸੁਣਿਆ ਤਾਂ ਉਹ ਅਗ-ਬਗੋਲਾ ਹੋ ਗਿਆ। ਉਸ ਨੇ ਭਾਰੀ ਫੌਜ ਇਕੱਠੇ ਕਰਕੇ ਸਿੱਖਾਂ 'ਤੇ ਹਮਲਾ ਬੋਲਿਆ ਪਰ ਖਵਾਜ਼ਾ ਦੀ ਫੌਜ ਵਿੱਚ ਭਰਤੀ ਸਿੱਖ ਫੌਜੀ ਆਪਣੇ ਗੁਰ ਭਾਈਆਂ

ਨਾਲ ਮਿਲ ਗਏ। ਇਹ ਵੇਖ ਕੇ ਉਬੇਦਖਾਨ ਭਾਰੀ ਤੋਪਖਾਨਾ ਅਤੇ ਹਥਿਆਰ ਸੁੱਟ ਕੇ ਲਾਹੌਰ ਵੱਲ ਭੱਜ ਗਿਆ। ਸਿੰਘਾਂ ਦੇ ਹੌਸਲੇ ਬੁਲੰਦ ਹੋ ਗਏ ਅਤੇ ਫਤਿਹਯਾਬੀਆਂ ਉਨ੍ਹਾਂ ਦੇ ਪੈਰ ਚੁੰਮਣ ਲੱਗ ਗਈਆ। ਸਿੰਘਾਂ ਦੀ ਇਸ ਚੜ੍ਹਤ ਨੇ ਉਨ੍ਹਾਂਨੂੰ ਲਾਹੌਰ ਵੀ ਲਿਆ ਦਿੱਤਾ। ਲਾਹੌਰ ਦੇ ਤਖ਼ਤ 'ਤੇ ਸ੍ਰ: ਜੱਸਾ ਸਿੰਘ ਨੂੰ ਲਾਹੌਰ ਦਾ ਬਾਦਸ਼ਾਹ ਬਣਾ ਕੇ 'ਸੁਲਤਾਨ-ਉਲ-ਕੌਮ' ਦੇ ਖਿਤਾਬ ਨਾਲ ਨਵਾਜਿਆ ਗਿਆ। ਇੰਝ ਸਾਰਾ ਪੰਜਾਬ ਇੰਡਸ ਤੋਂ (ਸਿੰਧ) ਤੋਂ ਸਤਲੁਜ ਤੱਕ ਕੇਸਰੀ ਝੰਡੇ ਹੇਠ ਆ ਗਿਆ।

ਜੰਡਿਆਲੇ ਦਾ ਘੇਰਾ: ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿੱਚ 27 ਅਕਤੂਬਰ 1761 ਨੂੰ ਖਾਲਸਾ ਪੰਥ ਨੇ ਦੀਵਾਲੀ ਵਾਲੇ ਦਿਨ ਗੁਰਮਤਾ ਕੀਤਾ ਕਿ ਸਿੱਖ ਕੌਮ ਦੇ ਦੁਸ਼ਮਣਾਂ ਖਾਸ ਕਰ ਅਫਗਾਨੀਆਂ ਦੇ ਪ੍ਰਤਿਨਿਧਾਂ, ਮੁਖ਼ਬਰਾਂ ਅਤੇ ਸਹਿਯੋਗੀਆਂ ਨੂੰ ਸਜ਼ਾਵਾਂ ਦੇਣਗੇ ਜਿਨ੍ਹਾਂ ਦੇ ਪ੍ਰਮੁੱਖ ਜੰਡਿਆਲੇ ਦੇ ਨਿਰੰਜਨੀਏ ਹਨ।

ਜੰਡਿਆਲੇ ਦੇ ਆਕਲ ਦਾਸ ਦੀ ਇਤਲਾਹ 'ਤੇ ਅਹਿਮਦ ਸ਼ਾਹ ਦੁਰਾਨੀ ਪੰਜਾਬ ਤੇ ਚੜ੍ਹਾਈ ਕਰਨ ਆ ਗਿਆ। ਅਸਲ ਵਿੱਚ ਅਹਿਮਦ ਸ਼ਾਹ ਦਾ ਇਹ ਹਮਲਾ ਕੇਵਲ ਸਿੱਖਾਂ ਨੂੰ ਨਾਸਤੇ-ਨਾਬੂਦ ਕਰਨ ਲਈ ਕੀਤਾ ਗਿਆ ਸੀ। ਇਹ ਉਸੇ ਫ਼ੁਰਮਾਨ ਦਾ ਦੂਜਾ ਰੰਗ ਸੀ, ਜੋ 10 ਦਸੰਬਰ 1710 ਈਸਵੀ ਨੂੰ ਬਹਾਦਰ ਸ਼ਾਹ ਬਾਦਸ਼ਾਹ ਨੇ ਜਾਰੀ ਕੀਤਾ ਸੀ ਕਿ 'ਜਿਥੇ ਵੀ (ਗੁਰੂ) ਨਾਨਕ (ਸਾਹਿਬ) ਦੇ ਪੁਜਾਰੀ (ਸਿੱਖ) ਮਿਲਣ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਵੇ।'

ਜਨਵਰੀ 1762 ਨੂੰ ਸਿੰਘਾਂ ਨੇ ਆਕਲ ਦਾਸ ਦੇ ਸ਼ਹਿਰ ਨੂੰ ਘੇਰ ਲਿਆ ਸੀ। ਉਹ ਸਾਰੇ ਦਰਵਾਜ਼ੇ ਬੰਦ ਕਰਕੇ ਕੁਝ ਸਮਾਂ ਲੁਕਿਆ ਰਿਹਾ। ਉਸ ਨੇ ਤੁਰੰਤ ਅਹਿਮਦ ਸ਼ਾਹ ਨੂੰ ਜ਼ਰੂਰੀ ਇਤਲਾਹ (ਅਪੀਲ) ਭੇਜੀ ਜਿਸ ਰਾਹੀਂ ਅਬਦਾਲੀ ਭਾਰੀ ਫੌਜ ਲੈ ਕੇ 3 ਫਰਵਰੀ, 1762 ਨੂੰ ਲਾਹੌਰ ਪੁੱਜ ਗਿਆ। ਸਿੰਘਾਂ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਉਨ੍ਹਾਂ ਘੇਰਾ ਚੁੱਕ ਲਿਆ ਅਤੇ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਮਾਲਵੇ ਵੱਲ ਹੋ ਗਏ। ਉਸ ਸਮੇਂ ਸਿੰਘਾਂ ਦੀ ਗਿਣਤੀ ਚਾਲੀ ਹਜ਼ਾਰ ਸੀ, ਜਿਸ ਵਿੱਚ 10 ਹਜ਼ਾਰ ਬੀਬੀਆਂ, ਬੱਚੇ ਅਤੇ ਬਿਰਧ ਵਹੀਰ ਦੀ ਸ਼ਕਲ ਵਿੱਚ ਸਨ ਜਿਨ੍ਹਾਂ ਨੂੰ ਸਿੰਘ ਬੀਕਾਨੇਰ ਵੱਲ ਸੁਰੱਖਿਅਤ ਲੈ ਜਾਣਾ ਚਾਹੁੰਦੇ ਸਨ।

ਸਰਹਿੰਦ ਦੇ ਹਾਕਮ ਜ਼ੈਨ ਖਾਨ ਨੇ ਅਹਿਮਦ ਸ਼ਾਹ ਨੂੰ ਪੂਰੀ ਸਥਿਤੀ ਦੀ ਇਤਲਾਹ ਭੇਜੀ। ਅਹਿਮਦਸ਼ਾਹ ਨੇ ਜ਼ੈਨ ਖਾਨ ਨੂੰ ਹਦਾਇਤ ਕੀਤੀ ਕਿ ਮੇਰੇ (ਸ਼ਾਹ ਦੇ) ਆਉਣ ਤੋਂ ਪਹਿਲਾਂ ਸਿੱਖਾਂ ਨੂੰ ਕੱਸ ਕੇ ਫੜੀ ਰੱਖਣਾ ਅਤੇ ਸਵੇਰੇ ਆਣ ਕੇ ਸਾਰਿਆਂ ਨੂੰ ਮਾਰ ਦੇਵਾਂਗੇ।

"ਔਰ ਸ਼ਾਹ ਪੈ ਗਏ ਹਲਕਾਰੇ,
ਸਿੰਘ ਆਏ ਹੈਂ ਦਾਇ ਹਮਾਰੇ।
ਹਮ ਇਤ ਵਲ ਤਹਿ ਰਾਖੈਂ ਘੇਰ,
ਤੁਮ ਇਨ ਮਾਰੋ ਹੋਤ ਸਵੇਰ।।੨੦।।

(ਸ੍ਰੀ ਗੁਰ ਪੰਥ ਪ੍ਰਕਾਸ਼, ਭਾਈ ਰਤਨ ਸਿੰਘ ਭੰਗੂ, ਛਾਪ, 1994, ਸਫਾ 451)

ਜ਼ੈਨ ਖਾਨ ਨਾਲ ਮਲੇਰਕੋਟਲੇ ਦਾ ਭੀਖਨ ਖਾਨ ਵੀ ਸ਼ਾਮਿਲ ਹੋ ਗਿਆ। ਉਸ ਸਮੇਂ ਸਿੰਘਾਂ ਦਾ ਵਹੀਰ ਬਰਨਾਲੇ ਤੋਂ ਚਾਰ ਕੁ ਕਿਲੋਮੀਟਰ ਦੂਰ ਤੁਰ ਰਿਹਾ ਸੀ।

ਬਹੀਰ ਕੋਸ ਦੁਇ ਤਿੰਨ ਗਯੋ,
ਤੌ ਆਗੇ ਪਰੇ ਰਿਪੁ ਔਰ।

ਜੈਨਾ ਅਤੇ ਮਲੇਰੀਏ
ਮਾਰੇ ਉਨੈਂ ਬਹੁ ਦੌਰ। ।। ੩੬ ।। (ਉਹੀ ਸਫਾ ੪੫੩)

ਘੱਲੂਘਾਰੇ ਵਾਲਾ ਦਿਨ: 5 ਫਰਵਰੀ 1762 ਈਸਵੀ ਦੀ ਸਵੇਰ ਨੂੰ ਜੰਗ ਦਾ ਮੈਦਾਨ ਗਰਮ ਹੋਇਆ। ਜ਼ੈਨ ਖਾਨ ਦੇ ਫੌਜੀਆਂ ਦੀ ਗਿਣਤੀ (ਤੋਪਖਾਨਾ) 20,000 ਸੀ ਜਿਸ ਨੇ ਪਹਿਲਾ ਹੱਲਾ ਕੀਤਾ। ਸਿੱਖਾਂ ਨੇ ਸੋਚਿਆ ਵੀ ਨਹੀਂ ਸੀ ਕਿ ਅਬਦਾਲੀ ਉਸ ਦੀ ਤੁਰੰਤ ਮਦਦ ਲਈ ਆ ਜਾਵੇਗਾ। ਜਦੋਂ ਅਬਦਾਲੀ ਵੀ 30,000 ਘੋੜ ਸਵਾਰਾਂ ਨੂੰ ਨਾਲ ਲੈ ਕੇ ਮੈਦਾਨ ਵਿੱਚ ਆ ਗਿਆ ਤਾਂ ਜ਼ੈਨ ਖਾਨ ਦੇ ਫੌਜੀਆਂ ਦੇ ਹੌਸਲੇ ਬੁਲੰਦ ਹੋਣੇ ਕੁਦਰਤੀ ਸਨ। ਇਸ ਸਮੇਂ ਅਬਦਾਲੀ ਸਿੱਖਾਂ ਤੋਂ ਪੁਰਾਣੇ ਬਦਲੇ ਵੀ ਲੈਣਾ ਚਾਹੁੰਦਾ ਸੀ, ਜਦੋਂ ਸਿੱਖਾਂ ਨੇ ਕਈ ਪੁਰਾਣੇ ਮੌਕਿਆਂ 'ਤੇ ਉਸ ਉਤੇ ਹਮਲੇ ਕੀਤੇ ਸਨ। ਇਸ ਵੇਰ ਅਬਦਾਲੀ ਚੰਗੇ ਤੋਪਖਾਨੇ ਅਤੇ ਹਥਿਆਰਾਂ ਨਾਲ ਲੈਸ ਹੋ ਕੇ ਆਇਆ ਸੀ।

ਸ: ਜੱਸਾ ਸਿੰਘ ਅਤੇ ਸ: ਚੜ੍ਹਤ ਸਿੰਘ ਨੇ ਸਮੇਂ ਨੂੰ ਭਾਂਪਦੇ ਹੋਏ ਆਪਣੇ ਸਿੰਘਾਂ ਨੂੰ ਹੁਕਮ ਕੀਤਾ ਕਿ ਤੁਰੰਤ ਬੀਬੀਆਂ, ਬੱਚਿਆਂ ਅਤੇ ਬਿਰਧਾਂ ਚੁਗਿਰਦੇ ਗੋਲ ਘੇਰਾ ਉਸਾਰ ਦਿਉ ਅਤੇ ਬਰਨਾਲੇ ਵੱਲ ਕੂਚ ਕਰੋ। ਸਿੰਘਾਂ ਦਾ ਇਕੋ ਮਕਸਦ ਸੀ ਕਿ ਵਹੀਰ ਨੂੰ ਬਚਾਇਆ ਜਾਵੇ ਅਤੇ ਦੁਸ਼ਮਣ ਨੂੰ ਲੜਾਈ ਕਰਕੇ ਭਾਰੀ ਨੁਕਸਾਨ ਪਹੁੰਚਾਇਆ ਜਾਵੇ ਪਰ ਦੁਸ਼ਮਣ ਦੀ ਗਿਣਤੀ ਲੱਖਾਂ ਵਿੱਚ ਸੀ ਅਤੇ ਸਿੰਘ ਤਾਂ ਆਟੇ ਵਿੱਚ ਲੂਣ ਦੇ ਬਰਾਬਰ ਸਨ।

ਤੁਰਕ ਆਟਾ ਹਮ ਲੂਣ ਸਿਵਾਪੈਂ।
ਵਹਿ ਅੰਧੇਰੀ ਹਮ ਬਰੋਲੋ ਸਿਵਾਪੈਂ।
ਤੁਰ ਤੁਰ ਲਰੇ ਔ ਲਰ ਲਰ ਤੁਰੇ।
ਵਹੀਰ ਬਚਾਵਨ ਖਾਤਰ ਅੜੇ ।।53 ।।
... ...
ਲੜੈਂ ਨਠੈਂ ਖੜ ਖੜ ਮੁੜ ਲੜੈਂ।
ਬਹੁਤੇ ਗਿਲਜੇ ਕਜਾ ਸਿੰਘ ਕਰੈਂ।।57।।
... ...
ਜਿਮ ਕਰ ਕੁਕੜੀ ਬਚਿਅੰਨ ਛੁਪਾਵੈ।
ਫਿਲਾਇ ਪੰਖ ਦੂਇ ਤਰਫ ਰਖਾਵੈ।
ਇਮ ਖਾਲਸੇ ਨੈ ਬਹੀਰ ਛਪਾਯੋ।
ਜੋ ਬਚ ਰਹਯੋ ਸੁ ਆਗੈ ਲਗਾਯੋ।।124।।

ਜਦੋਂ ਵੱਡਾ ਘੱਲੂਘਾਰਾ ਹੋਇਆ ਉਸ ਸਮੇਂ ਸਾਰੇ ਸਿੰਘ ਮਲੇਰਕੋਟਲੇ ਤੋਂ 12 ਕਿਲੋਮੀਟਰ ਦੂਰ ਉੱਤਰ ਵੱਲ ਕੁਪਰਹੀੜਾ ਵਿੱਚ ਇਕੱਠੇ ਸਨ। ਸਿੰਘ ਭਾਵੇਂ ਇਸ ਯੁੱਧ ਅਭਿਆਸ ਵਿੱਚ ਸਫਲ ਹੋਏ ਪਰ ਸ: ਚੜ੍ਹਤ ਸਿੰਘ ਸ਼ੁਕਰਚਕੀਏ ਦੀ ਬਹਾਦਰੀ ਅਤੇ ਯੁੱਧਨੀਤੀ ਕਾਰਨ ਵਹੀਰ ਵਿੱਚ ਬਹੁਤ ਸਾਰਿਆਂ ਨੂੰ ਬਚਾਇਆ ਗਿਆ। 'ਸ੍ਰੀ ਗੁਰ ਪੰਥ ਪ੍ਰਕਾਸ਼' ਵਿੱਚ ਇਸ ਲੜਾਈ ਦਾ ਚਿਤਰਣ ਬਾਖੂਬੀ ਬਿਆਨ ਕੀਤਾ ਗਿਆ ਹੈ। ਇਹ ਲਿਖਤ ਹੋਰ ਵੀ ਭਰੋਸੇਯੋਗ ਹੈ ਕਿਉਂਕਿ ਭਾਈ ਰਤਨ ਸਿੰਘ ਭੰਗੂ ਦੇ ਪਿਤਾ ਜੀ ਅਤੇ ਚਾਚਾ ਜੀ ਵੀ ਇਸ ਲੜਾਈ ਵਿੱਚ ਸ਼ਾਮਿਲ ਸਨ। ਦੋਵੇਂ ਪਾਸਿਆਂ ਤੋਂ ਫੌਜੀ ਪਾਣੀ ਪੀਣ ਲਈ ਉਤਾਵਲੇ

ਸਨ ਅਤੇ ਥਕਾਵਟ ਨਾਲ ਚੂਰ ਹੋ ਗਏ ਸਨ। ਬਕੌਲ 'ਪੰਥ ਪ੍ਰਕਾਸ਼':

"ਘੋੜੇ ਮਰਦ ਪਿਆਸੇ ਭਏ।
ਸਬਹਨ ਕੇ ਮੁਖ ਸੂਕ ਸੁ ਗਏ।
ਰਸਤੇ ਮੈਂ ਜਲ ਹੱਥ ਨਾ ਆਯੋ।
ਜੋ ਆਯੋ ਤੋ ਪੀਅਨ ਕਬ ਪਾਯੋ।੧੩੩।
ਕੋਸ ਬਾਰਾਂ ਮੈਂ ਨਹਿ ਜਲ ਲੱਭਾ।
ਪੀਤੋ ਦੁਤਰਫੀ ਚਾਹੇ ਸਭਾ।
ਸਭ ਕੋ ਜਲ ਤਹਿ ਨਦਰੀ ਆਯਾ।
ਜਨ ਮਰਤੇ ਕਿਨ ਜੀਵਨ ਪਾਯਾ।੧੩੪।
ਭਰੀ ਢਾਬ ਬਡ ਦੇਵੈ ਨੱਠ।
ਪਯਾਸੇ ਪਰੇ ਦੁਤਰਫੋਂ ਨੱਠ।
ਬਹੀਰੀਏ ਭੀ ਚਹੈਂ ਪੀਓ ਪਾਨੀ।
ਪਰਤ ਤਲਵਾਰ ਨ ਤਿਨ ਕੇ ਮਾਨੀ।੧੩੫।
ਗਿਲਜੇ ਭੀ ਲਰਨੋ ਭੂਲ ਗਏ।
ਪੀਵਨ ਪਾਨੀ ਢਾਬ ਸੁ ਪਏ।੧੩੫।
ਪਯਾਸੇ ਵਿਚਦੋਂ ਨਠ ਜਲ ਪੀਵੇਂ।
ਭਾਵੇਂ ਮਰ ਡੁਬ ਭਾਵੇਂ ਜੀਵੇ।੧੩੬।

ਸ਼ਾਮ ਸਮੇਂ ਸਿੰਘ ਬਹੁਤੇ ਸਹੀ ਸਲਾਮਤ ਬਰਨਾਲੇ ਪੁੱਜ ਗਏ। ਅਬਦਾਲੀ ਦੇ ਫੌਜੀ ਵੀ ਜਿਨ੍ਹਾਂ ਲੰਮਾ ਪੈਂਡਾ ਮਾਰ ਕੇ ਇਸ ਜੰਗ ਵਿੱਚ ਹਿੱਸਾ ਲਿਆ ਸੀ, ਥੱਕ-ਚੂਰ ਹੋ ਕੇ ਵਾਪਸ ਮੁੜ ਗਏ। ਸਿੰਘਾਂ ਦੇ ਜਜ਼ਬੇ ਨੂੰ ਇਹ ਘੱਲੂਘਾਰਾ ਚੜ੍ਹਦੀ ਕਲਾ ਦੇ ਕਲਸ ਵਾਂਗ ਪ੍ਰਦੀਪਤ ਕਰਦਾ ਹੈ।

ਸਿੱਖ ਸ਼ਹੀਦੀਆਂ ਦੀ ਗਿਣਤੀ:ਇਸ ਜੰਗ ਵਿੱਚ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਇਸ ਬਾਰੇ ਸਾਡੇ ਕੋਲ ਦੋ ਹੀ ਪ੍ਰਮੁੱਖ ਮੁੱਢਲੇ ਸੋਮੇ ਹਨ। ਸਿੱਖ ਇਤਿਹਾਸ ਵਿੱਚ ਇਹ ਗਿਣਤੀ 20,000 ਤੋਂ ਲੈ ਕੇ 50,000 ਤੱਕ ਕੀਤੀ ਗਈ ਹੈ। ਪਹਿਲਾ ਸੋਮਾ ਇਕ ਫਾਰਸੀ ਲਿਖਤ 'ਕਿਸਾ-ਏ-ਥਮਸ-ਏ-ਮਸਕੀਨ (ਥਮਸ-ਨਾਮਾ) ਹੈ ਜੋ ਅਪ੍ਰੈਲ 1782 ਨੂੰ ਥਮਸ ਖਾਨ ਨੇ ਮੁਕੰਮਲ ਕੀਤਾ। ਇਹ ਲਿਖਤ ਬੜੀ ਮਹੱਤਵਪੂਰਨ ਅਤੇ ਮੁੱਢਲਾ ਸੋਮਾ ਹੈ ਕਿਉਂਕਿ ਥਮਸ ਖਾਨ ਨੇ ਇਸ ਜੰਗ ਵਿੱਚ ਹਿੱਸਾ ਲਿਆ ਸੀ। ਉਸ ਨੇ ਸਿੱਖਾਂ ਦੀ ਚੜ੍ਹਦੀ ਕਲਾ ਅਤੇ ਯੁੱਧ ਨੀਤੀ ਪੈਂਤੜੇਬਾਜ਼ੀ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਇਹ ਭਵਿੱਖਬਾਣੀ ਕੀਤੀ ਸੀ ਕਿ ਜਲਦੀ ਸਿੱਖ ਰਾਜ ਕਾਇਮ ਹੋ ਜਾਵੇਗਾ, ਜੋ ਬਾਅਦ ਵਿੱਚ ਸੱਚ ਨਿਕਲਿਆ।

ਥਮਸ ਖਾਨ ਨੇ ਲਿਖਿਆ ਹੈ, "ਇਹ ਭਰੋਸੇਯੋਗ ਹੈ ਕਿ ਤਕਰੀਬਨ 25,000 ਸਿੱਖ ਮਾਰੇ ਗਏ ਸਨ।" ਇਹ ਇਕ ਗੈਰ-ਸਿੱਖ ਦੀ ਲਿਖਤ ਸੀ।

ਦੂਸਰਾ ਸੋਮਾ, ਸਿੱਖ ਇਤਿਹਾਸਕਾਰ ਸ. ਰਤਨ ਸਿੰਘ ਭੰਗੂ ਜੀ ਦਾ 'ਸ੍ਰੀ ਗੁਰੂ ਪੰਥ ਪ੍ਰਕਾਸ਼' ਹੈ ਜੋ 1841 ਈਸਵੀ ਦੀ ਕ੍ਰਿਤ ਹੈ। ਸ. ਰਤਨ ਸਿੰਘ ਦੇ ਪਿਤਾ ਅਤੇ ਚਾਚਾ ਜੀ ਨੇ ਇਸ ਲੜਾਈ ਵਿੱਚ ਆਪ ਹਿੱਸਾ ਲਿਆ ਸੀ, ਇਸ ਲਈ ਇਹ ਲਿਖਤ ਵੀ ਮੁੱਢਲੇ ਸਮੇਂ ਵਜੋਂ ਅਹਿਮ ਕਹੀ ਜਾ ਸਕਦੀ ਹੈ। ਇਸ ਲਿਖਤ ਵਿੱਚ ਸ਼ਹੀਦਾਂ ਦੀ ਗਿਣਤੀ ਤੀਹ ਹਜ਼ਾਰ ਦੱਸੀ ਗਈ ਹੈ। ਪਰ ਆਮ ਲੋਕਾਂ ਵਿੱਚ ਇਹ ਵਿਚਾਰ ਸੀ ਕਿ ਸਿੰਘ ਪੂਰਾ ਇਕ ਲੱਖ ਸੀ ਜਿਸ ਵਿੱਚੋਂ

ਪੰਜਾਹ ਹਜ਼ਾਰ ਮਾਰਿਆ ਗਿਆ ਅਤੇ ਪੰਜਾਹ ਹਜ਼ਾਰ ਬੱਚ ਗਿਆ।

'ਲੋਕ ਕਹੈਂ ਸਿੰਘ ਇਕ ਲੱਖ ਸਾਰਾ।
ਪੰਚਾਸ ਬਚਯੋ ਔਰ ਸਭ ਗਯੋ ਮਾਰਾ।੧੪੩।
ਪਿਤਾ ਹਮਾਰੇ ਤੀਸ ਬਤਾਏ।
ਰਹੇ ਸੁ ਮਰ ਔਰ ਬਚ ਕਰ ਆਏ।
ਪਿਤਾ ਚਾਚੇ ਦੁਇ ਹਮ ਥੇ ਸਾਥ।
ਉਨ ਤੇ ਸੁਨ ਹਮ ਆਖੀ ਬਾਤ।੧੪੪।।

ਇਸ ਜੰਗ ਵਿੱਚ ਸ: ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ 'ਤੇ 22 ਜ਼ਖਮ ਆਏ ਜਦਕਿ ਸ: ਚੜ੍ਹਤ ਸਿੰਘ ਸ਼ੁਕਰਚਕੀਏ ਨੂੰ 19 ਜ਼ਖਮ ਆਏ। ਇਨ੍ਹਾਂ ਜ਼ਖਮਾਂ ਤੋਂ ਪ੍ਰਤੱਖ ਹੈ ਕਿ ਸਾਰੇ ਸਿੱਖ ਜਰਨੈਲਾਂ ਨੇ ਲੜਾਈ ਆਪਣੇ ਮੋਢਿਆਂ 'ਤੇ ਹੰਢਾਈ ਸੀ। ਇਹ ਅਜਿਹੀ ਲੜਾਈ ਸੀ ਜਿਸ ਵਿੱਚ ਹਰ ਸਿੱਖ ਜੰਗਜੂ ਨੂੰ ਕੋਈ ਨਾ ਕੋਈ ਜ਼ਖਮ ਆਇਆ ਸੀ। ਭਾਵੇਂ ਇਸ ਲੜਾਈ ਵਿੱਚ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ ਪਰ ਫਿਰ ਵੀ ਸਿੰਘਾਂ ਵਿੱਚ ਚੜ੍ਹਦੀ ਕਲਾ ਵਾਲੀ ਸਪਿਰਿਟ ਠਾਠਾਂ ਮਾਰਦੀ ਸੀ। ਲੜਾਈ ਦੀ ਸ਼ਾਮ ਨੂੰ ਇਕ ਨਿਹੰਗ ਨੇ ਸਾਰਿਆਂ ਨੂੰ ਆਵਾਜ਼ਾ ਦਿੱਤਾ:

"ਤਤ ਖਾਲਸੋ ਸੋ ਰਹਯੋ,
ਗਯੋ ਸੁ ਖੋਟ ਗਵਾਇ।੧੪੬।।(ਪ੍ਰਾਚੀਨ ਪੰਥ ਪ੍ਰਕਾਸ਼)

ਇਸ ਘੱਲੂਘਾਰੇ ਵਿੱਚ ਸਿੰਘਾਂ ਨੇ ਉਹ ਹੀ ਯੁੱਧਨੀਤੀ ਅਪਨਾਈ ਜੋ ਛੋਟੇ ਘੱਲੂਘਾਰੇ ਸਮੇਂ ਅਪਣਾਈ ਸੀ। ਸਿੰਘ ਦੁਸ਼ਮਣਾਂ ਦੀ ਚਾਲ ਤੋਂ ਪੂਰੀ ਤਰ੍ਹਾਂ ਵਾਕਫ ਸਨ। ਉਹ ਸਿੰਘਾਂ ਨੂੰ ਨਾਸਤੇ-ਨਾਬੂਦ ਕਰਨਾ ਚਾਹੁੰਦੇ ਸਨ। ਇਸ ਘੱਲੂਘਾਰੇ ਵਿੱਚ ਦੁਸ਼ਮਣ ਜਾਨਾਂ ਬਚਾ ਕੇ ਲੜਦੇ ਸਨ ਜਦਕਿ ਸਿੰਘ ਜਾਨਾਂ ਤਲੀ 'ਤੇ ਰੱਖ ਕੇ ਮੈਦਾਨੇ-ਜੰਗ ਵਿੱਚ ਜੂਝ ਰਹੇ ਸਨ। ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚਟਾਨ ਵਾਂਗ ਅਡੋਲ ਰਹੇ। ਸਿੰਘਾਂ ਦੇ ਜੋਸ਼ ਅਤੇ ਸਿਦਕ ਵਿੱਚ ਕੋਈ ਫਰਕ ਨਾ ਆਇਆ। ਅਣਖ ਅਤੇ ਗੈਰਤ ਦੀ ਆਭਾ ਚਮਕਦੀ ਰਹੀ।

ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇਸ ਘੱਲੂਘਾਰੇ ਵਿੱਚ ਦਮਦਮੇ ਸਾਹਿਬ ਵਾਲੀ ਬੀੜ ਜਾਂਦੀ ਰਹੀ। ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ, "ਇਹ ਦਮਦਮੇ ਵਾਲੀ ਜਿਲਦ (ਗੁਰੂ ਗ੍ਰੰਥ ਸਾਹਿਬ) ਸੰਮਤ 1818 ਵਿੱਚ ਕੂਪ ਰਹੀੜੇ ਦੇ ਜੰਗ 'ਵੱਡੇ ਘੱਲੂਘਾਰੇ' ਵਿੱਚ ਖਾਲਸਾ ਦਲ ਦੇ ਹੱਥੋਂ ਜਾਂਦੀ ਰਹੀ, ਪਰ ਇਸ ਤੋਂ ਪਹਿਲਾਂ ਇਸ ਦੀਆਂ ਨਕਲਾਂ ਹੋ ਚੁੱਕੀਆਂ ਸਨ। (ਗਿਆਨੀ ਗਯਾਨ ਸਿੰਘ ਨੇ ਲਿਖਿਆ ਹੈ ਕਿ ਇਹ ਬੀੜ ਕਾਬੁਲ ਹੈ, ਪਰ ਅਸੀਂ ਗਵਰਨਮੈਂਟ ਦੀ ਮਾਰਫਤ ਅਤੇ ਖੁਦ ਕਾਬੁਲ ਜਾ ਕੇ ਪੂਰਾ ਨਿਰਣਾ ਕਰ ਲੀਤਾ ਹੈ ਕਿ ਇਹ ਬੀੜ ਉਥੇ ਕਦੀ ਨਹੀਂ ਸੀ, ਅਰ ਨਾ ਹੁਣ ਹੈ।)

(ਗੁਰਮਤਿ ਮਾਰਤੰਡ (ਭਾਗ ਪਹਿਲਾ) ਛਾਪ 1999, ਪੰਨਾ 414)

ਚਾਰ ਮਹੀਨੇ ਅਜੇ ਗੁਜ਼ਰੇ ਸਨ ਕਿ ਸਿੰਘਾਂ ਇਕੱਠੇ ਹੋ ਕੇ ਸਰਹਿੰਦ 'ਤੇ ਹਮਲਾ ਕੀਤਾ ਅਤੇ ਜੁਲਾਈ 1762 ਵਿੱਚ ਲਾਹੌਰ ਦੇ ਇਰਦ-ਗਿਰਦ ਘੇਰਾ ਪਾ ਲਿਆ।

* * *

ਪੁਰਾਤਨ 'ਨਿਹੰਗ ਸਿੰਘਾਂ' ਦੀ ਗੁਰੀਲਾ ਯੁੱਧਨੀਤੀ

'ਗੁਰੀਲਾ' ਸ਼ਬਦ ਨੂੰ ਹੋਂਦ ਵਿੱਚ ਆਇਆਂ ਭਾਵੇਂ ਕਈ ਸਦੀਆਂ ਹੋ ਗਈਆਂ ਹਨ ਪਰ ਇਹ ਸ਼ਬਦ ਹਰ ਮੁਲਕ ਤੇ ਕੌਮ ਨਾਲ ਸਿੱਧੇ ਜਾਂ ਅਸਿੱਧੇ ਢੰਗ ਨਾਲ ਜੁੜਿਆ ਹੋਇਆ ਹੈ। ਨੈਪੋਲੀਅਨ ਨੇ ਵੀ ਗੁਰੀਲਾ ਸ਼ਬਦ ਵਰਤੋਂ ਵਿੱਚ ਆਉਣ ਤੋਂ ਪਹਿਲਾਂ ਇਹ ਗੱਲ ਸਮਝ ਲਈ ਸੀ ਕਿ ਸਪੇਨ ਦੀ ਲੜਾਈ ਵਿੱਚ ਤਿੰਨ ਹਿੱਸੇ ਵਿਚਾਰਧਾਰਾ ਦਾ ਜ਼ੋਰ ਸੀ ਅਤੇ ਬਾਕੀ ਦਾ ਚੌਥਾ ਹਿੱਸਾ ਫੌਜੀ ਤਵਾਜ਼ਨ ਦਾ ਸੀ।

'ਗੁਰੀਲਾ' ਸ਼ਬਦ ਦੀ ਪ੍ਰੀਭਾਸ਼ਾ ਬਿਆਨ ਕਰਦਿਆਂ 'ਐਨ ਇੰਡੀਆ ਗੁਰੀਲਾ ਵਾਰ: ਦੀ ਸਿੱਖ ਪੀਪਲਜ਼ ਵਾਰ, ੧੬੯੯-੧੭੬੮' ਦਾ ਲੇਖਕ ਲਿਖਦਾ ਹੈ, *"Guerilla Warfare is thus not mere hit and run, it is a subtle mixture of military activity and political mobilization and the one cannot be separated from the other... Guerilla warfare is, in fact not another form of war, it is a form of armed political struggle, that is people war."*

ਸਿੱਖ ਗੁਰੀਲਾ ਯੁੱਧਨੀਤੀ ਦਾ ਆਰੰਭਕ ਕਾਲ, ਗੁਰੂ ਨਾਨਕ ਸਾਹਿਬ ਦਾ ਜੀਵਨ ਕਾਲ ਹੀ ਹੈ। ਗੁਰੂ ਨਾਨਕ ਘਰ ਦੇ ਮੁਢਲੇ ਸਮੇਂ ਤੋਂ ਹੀ ਸਮਾਜ ਦੀਆਂ ਦੁਸ਼ਮਣ ਤਾਕਤਾਂ ਦੇ ਖਿਲਾਫ ਜਿਸ ਗੁਰੀਲਾ ਸ਼ਕਤੀ ਦੀ ਵਰਤੋਂ ਕੀਤੀ, ਉਹ ਮੀਰੀ-ਪੀਰੀ ਦੀਆਂ ਤਲਵਾਰਾਂ ਅਤੇ ਸ਼ਬਦ ਗਿਆਨ ਦੇ ਖੰਡੇ ਵਿਚਕਾਰ ਪੱਕੀ ਸਾਂਝ ਦੀ ਹੀ ਸ਼ਕਤੀ ਸੀ। ਨਿਹੰਗ ਸਿੰਘਾਂ ਦੀ ਗੁਰੀਲਾ ਯੁੱਧਨੀਤੀ, ਸੈਨਿਕ ਸੁਭਾਅ ਪੱਖੋਂ ਜਿਥੇ ਤਲਵਾਰ ਦੀ ਧਾਰ 'ਤੇ ਤੁਰਨ ਜਿਹਾ ਰੂਪ ਰੱਖਦੀ ਸੀ ਉਥੇ ਸੁਭਾਅ ਦੇ ਰੂਬਰੂ ਰੁਚੀ ਪੱਖੋਂ ਮਾਨਵੀ ਅਸੂਲਾਂ ਤੇ ਸਦਾਚਾਰਕ ਕਦਰਾਂ-ਕੀਮਤਾਂ ਦੀ ਧਾਰਨੀ ਵੀ ਹੈ। ਆਦਿ ਤੋਂ ਹੀ ਸਿੱਖ ਧਰਮ ਨੇ ਜਿਥੇ ਕਿਤੇ ਸਿੱਖੀ ਦੀ ਸ਼ਮ੍ਹਾ ਨੂੰ ਬਾਲਿਆ, ਉਥੇ ਲੋਕਾਈ ਜਾਗਰੂਪ ਤਾਂ ਹੋਈ ਪਰ ਸਵੈਮਾਣ ਤੇ ਸਵੈ-ਭਰੋਸੇ ਦਾ ਮਾਰਗ-ਦਰਸ਼ਨ ਵੀ ਬਣੀ।

ਸਿੱਖ ਧਰਮ ਵਿੱਚ ਸਿੱਖ ਗੁਰੀਲਿਆਂ ਦਾ ਮੁੱਢ ਗੁਰੂ ਹਰਿਗੋਬਿੰਦ ਸਿੰਘ ਨੇ ਉਦੋਂ ਹੀ ਬੰਨ੍ਹ ਦਿੱਤਾ ਸੀ ਜਦੋਂ ਗੁਰੂ ਸਾਹਿਬ ਨੇ ਸਿੱਖ ਗੱਭਰੂਆਂ ਨੂੰ ਹਰਾਵਲ ਦਸਤਿਆਂ ਦੀ ਸ਼ਕਲ ਦੇਣੀ ਸ਼ੁਰੂ ਕਰ ਦਿੱਤੀ ਸੀ ਅਤੇ ਤਾਕੀਦ ਕੀਤੀ ਕਿ ਚੰਗੇ ਤੋਂ ਚੰਗੇ ਸ਼ਸਤਰ ਤੇ ਘੋੜੇ ਇਕੱਠੇ ਕੀਤੇ ਜਾਣ। ਗੁਰੂ ਗੋਬਿੰਦ ਸਿੰਘ ਦੇ ਕਾਲ ਵਿੱਚ ਖਾਲਸੇ ਦੇ ਸੁਭਾਅ ਦੇ ਰੂਬਰੂ ਯੁੱਧ ਦੇ ਅਮਲ-ਕਰਮ ਨੂੰ 'ਟੂ-ਇਨ-ਵਨ' ਕਰ ਦਿੱਤਾ ਸੀ। ਦਸਮੇਸ਼ ਪਿਤਾ ਜੀ ਨੇ ਖਾਲਸਾ ਪ੍ਰਗਟ ਕਰਨ ਸਮੇਂ ਇਹ ਮਹਿਸੂਸ ਕਰ ਲਿਆ ਸੀ ਕਿ ਸਮਾਜਿਕ ਰਾਜਸੀ ਪਿੜ ਅੰਦਰ ਹਥਿਆਰਬੰਦ ਰਹਿ ਕੇ ਹੀ ਜ਼ਾਲਮ ਤੇ ਲੋਕ-ਦੁਸ਼ਮਣ ਤਾਕਤਾਂ ਦਾ ਸਫਾਇਆ ਕੀਤਾ ਜਾ ਸਕਦਾ ਹੈ:

ਖਾਲਸਾ ਸੋ ਜੋ ਚੜਹਿ ਤੁਰੰਗ। ਖਾਲਸਾ ਸੋ ਜੋ ਕਰੇ ਨਿਤ ਜੰਗ।
ਖਾਲਸਾ ਸੋ ਜੋ ਸ਼ਸਤ੍ਰ ਕਉ ਧਾਰੈ। ਖਾਲਸਾ ਸੋ ਜੋ ਦੁਸ਼ਟ ਕਉ ਮਾਰੈ। (ਸਰਬਲੋਹ ਗ੍ਰੰਥ)

ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬੇਮਿਸਾਲ ਸ਼ਹਾਦਤ ਤੋਂ

ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਇਹ ਆਦਰਸ਼ਕ ਨਿਸ਼ਾਨੇ ਦੇ ਕੇ ਹਥਿਆਰਾਂ ਦੀ ਮਹੱਤਤਾ ਨੂੰ ਹੋਰ ਵੀ ਉਜਾਗਰ ਕਰ ਦਿੱਤਾ, "ਜੋ ਸਿੱਖ ਹਥਿਆਰ ਬੰਨ੍ਹ ਕੇ ਦਰਸਨਿ ਆਵਗੁ, ਜੋ ਨਿਹਾਲ ਹੋਗੁ।" ਨਿਹੰਗ ਗੁਰੀਲਿਆਂ ਦਾ ਮੁੱਢ ਤੋਂ ਹੀ ਇਹ ਕਰਤੱਵ ਰਿਹਾ ਹੈ ਕਿ ਉਹ ਸਮਾਜ ਦੀਆਂ ਜਾਬਰ ਤੇ ਦੁਸ਼ਮਣ ਤਾਕਤਾਂ ਦੇ ਖਿਲਾਫ ਲੋਹਾ ਲੈਂਦੇ ਰਹਿਣ। ਖਾਲਸੇ ਦੇ ਪ੍ਰਗਟ ਹੋਣ ਦਾ ਇਕ ਪਹਿਲੂ ਇਹ ਵੀ ਸੀ, ਬਕੌਲ ਕਵੀ ਸੈਨਾਪਤਿ:-

ਅਸੁਰ ਸਿੰਘਾਰਬੇ ਕੋ, ਦੁਰਜਨ ਕੇ ਮਾਰਬੇ ਕੋ,
ਸੰਕਟ ਨਿਵਾਰਬੇ ਕੋ, ਖਾਲਸਾ ਬਨਾਯੋ ਹੈ। *(ਸ੍ਰੀ ਗੁਰੂ ਸੋਭਾ)*

ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜਦੋਂ ਆਪਣੇ ਸਮਿਆਂ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਦੂਰ-ਦੁਰਾਡੇ ਇਲਾਕਿਆਂ ਵਿੱਚ ਪ੍ਰਚਾਰਨ ਲਈ ਜਾਂਦੇ ਤਾਂ ਆਪਣੇ ਨਾਲ ਭਾਰੀ ਗਿਣਤੀ ਵਿੱਚ ਘੋੜਸਵਾਰ ਵੀ ਰੱਖਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਦੇ ਆਲੇ-ਦੁਆਲੇ ਨੂੰ ਕਿਲ੍ਹੇਬੰਦ ਰੂਪ ਦੇਣ ਦਾ ਕਰਮ ਵੀ ਸ਼ੁਰੂ ਕਰ ਦਿੱਤਾ ਸੀ। ਨਿਹੰਗ ਸਿੰਘਾਂ ਦੇ ਲਗਾਤਾਰ ਸੰਗਰਾਮਾਂ ਤੇ ਸ਼ਹਾਦਤਾਂ ਦੇ ਸਿਲਸਿਲੇ ਨੇ ਸਿੱਖ ਧਰਮ ਦੇ ਆਦਰਸ਼ ਅਨੁਸਾਰ ਹਲੇਮੀ ਰਾਜ ਦੀ ਸਥਾਪਤੀ ਲਈ ਉਤਸ਼ਾਹਿਤ ਹੀ ਨਹੀਂ ਕੀਤਾ, ਸਗੋਂ ਅਠਾਰ੍ਹਵੀਂ ਤੇ ਉਨ੍ਹਵੀਂ ਸਦੀ ਦੌਰਾਨ 'ਖਾਲਸਾ ਜੀ ਦਾ ਬੋਲਬਾਲਾ' ਵੀ ਪੰਜਾਬ ਵਿੱਚ ਹੋਇਆ। ਅਜਿਹਾ ਸਿੰਘ ਇਨਕਲਾਬੀ ਸਪਿਰਿਟ, ਅਸੂਲਾਂ ਤੇ ਸੈਨਿਕੀ ਪੈਂਤੜਿਆਂ ਪੱਖੋਂ ਬਿਲਕੁਲ ਵਿਲੱਖਣ ਤੇ ਬਲਵਾਨ ਸੀ।

ਸਿੰਘ ਗੁਰੀਲਿਆਂ ਨੂੰ ਪੰਜ ਦੌਰਾਂ ਵਿੱਚ ਵੰਡਿਆ ਜਾ ਸਕਦਾ ਹੈ, ਜਿਵੇਂ ਸੰਸਥਾਪਨ ਦੌਰ, ਉਤਰਜੀਵਿਤਾ ਦੌਰ (ਯਾਦਗਾਰੀ), ਸੁਰੱਖਿਅਤ ਯੁੱਧ, ਗਤੀਸ਼ੀਲ ਯੁੱਧ ਅਤੇ ਸਿਧਾਂਤਕ ਯੁੱਧ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਸਿੱਖ ਗੁਰੀਲਾ-ਨੀਤੀ ਦਾ ਪਹਿਲਾ ਤੇ ਜ਼ਰੂਰੀ ਦੌਰ ਭਾਵ ਸੰਸਥਾਪਨ ਦੌਰ ਹੀ ਕਿਹਾ ਜਾ ਸਕਦਾ ਹੈ।

੧੬੯੯ ਤੋਂ ਲੈ ਕੇ ੧੭੬੯ ਈਸਵੀ ਤੱਕ ਸਿੰਘਾਂ ਦਾ ਸੰਘਰਸ਼ ਮੁਗਲਾਂ ਤੇ ਅਫਗਾਨਾਂ ਨਾਲ ਸੀ। ਇਨ੍ਹਾਂ ੬੯ ਵਰ੍ਹਿਆਂ ਵਿੱਚ ਸਿੱਖ ਗੁਰੀਲਿਆਂ ਦੇ ਕਿਰਦਾਰ ਬਾਰੇ ਆਖਿਆ ਜਾਂਦਾ ਹੈ, "ਇਸ ਸਮੇਂ ਸਿੱਖ ਗੁਰੀਲੇ ਨੇਤਾ, ਬੜੇ ਸਿਲਸਿਲੇਵਾਰ ਅਤੇ ਸੁਚੇਤ ਹੋ ਕੇ ਇੱਕੋ ਫੌਜੀ ਸਿਧਾਂਤ 'ਤੇ ਟਿਕੇ ਰਹੇ ਜੋ ਅਜੋਕੀ ਗੁਰੀਲਾ ਯੁੱਧਨੀਤੀ ਦੇ ਸਿਧਾਂਤ ਨਾਲ ਮੇਲ ਖਾਂਦੀ ਸੀ।"

ਨਿਹੰਗ ਸਿੰਘ ਗੁਰੀਲਿਆਂ ਉੱਤੇ ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਉਨ੍ਹਾਂ ਨੂੰ ਘਰ-ਘਾਟ ਛੱਡਣਾ ਪਿਆ। ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾਂ ਨੂੰ ਹੀ ਆਪਣਾ ਆਲ੍ਹਣਾ ਸਮਝਣਾ ਪਿਆ। ਰੁੱਖੀ-ਸੁੱਖੀ ਰੋਟੀ ਨੂੰ ਚੜ੍ਹਦੀ ਕਲਾ ਵਾਲੇ ਨਾਂ ਦੇ ਕੇ ਅਕਾਲ ਪੁਰਖ ਦੀ ਰਜ਼ਾ ਵਿੱਚ ਵਿਚਰਨ ਲੱਗੇ। ਭੁੱਜੇ ਛੋਲਿਆਂ ਨੂੰ 'ਬਦਾਮ' ਕਹਿਣਾ, ਇਕ ਸਿੰਘ ਨੂੰ 'ਸਵਾ ਲੱਖ' ਅਤੇ ਭੁੱਖੇ ਸਿੰਘ ਨੂੰ 'ਮਸਤਾਨਾ' ਕਹਿਣਾ ਆਦਿ ਬੋਲੇ ਸਿੰਘਾਂ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਸਨ। ਇਨ੍ਹਾਂ ਸਮਿਆਂ ਵਿੱਚ ਹੀ ਸਿੰਘਾਂ ਨੇ ਕੁੱਤੇ ਨੂੰ 'ਬਾਹਮਣ' ਤੇ ਮੁਰਗੇ ਨੂੰ 'ਕਾਜ਼ੀ' ਜਿਹੇ ਨਾਂ ਦੇ ਦਿੱਤੇ ਸਨ। ਸਿੰਘਾਂ ਦਾ ਅਜਿਹੇ ਸੰਕਟਮਈ ਸਮਿਆਂ ਵਿੱਚ ਸਭ ਤੋਂ ਹੈਰਾਨਕੁੰਨ ਮੁਕਾਮ ਇਹ ਸੀ ਕਿ 'ਖਾਲਸਾ ਰਾਜ' ਸਥਾਪਤ ਕਰਨ ਦਾ ਵਿਚਾਰ ਉਨ੍ਹਾਂ ਦੇ ਮਨ ਵਿੱਚੋਂ ਨਹੀਂ ਸੀ ਵਿਸਰਿਆ। ਸਿੰਘ ਛੋਟੇ-ਛੋਟੇ ਹਰਾਵਲ ਦਸਤੇ ਬਣਾ ਕੇ ਘਾਤ ਲਾ ਕੇ ਦੁਸ਼ਮਣ ਫੌਜੀ ਟੁਕੜੀਆਂ ਉੱਪਰ ਹਮਲੇ ਕਰਦੇ ਹੀ ਰਹਿੰਦੇ ਸਨ।

ਸਿੰਘਾਂ ਦਾ ਮੁੱਖ ਖਾਸਾ ਸੀ ਕਿ ਉਹ ਦੁਸ਼ਮਣ ਤਾਕਤਾਂ ਨਾਲ ਰਣ-ਤੱਤੇ ਵਿੱਚ ਜਾਂ ਤਾਂ ਜਿੱਤ ਪ੍ਰਾਪਤ ਕਰਨਗੇ ਤੇ ਜਾਂ ਦੁਸ਼ਮਣ ਨਾਲ ਮੁਕਾਬਲਾ ਕਰਦੇ ਸ਼ਹੀਦੀ ਪ੍ਰਾਪਤ ਕਰਨਗੇ। ਰਣ-ਤੱਤੇ ਵਿੱਚ ਹਥਿਆਰ ਸੁੱਟਣੇ ਜਾਂ ਵੈਰੀ ਦੀ ਭਾਰੀ ਸ਼ਕਤੀ ਦਾ ਡਰ ਮੰਨਣਾ ਅਤੇ ਸੈਨਿਕ ਸ਼ਕਤੀ ਦੇ ਮੁਕਾਬਲੇ ਆਪਣੇ ਆਪ ਨੂੰ ਕਮਜ਼ੋਰ ਤੇ ਨਿਤਾਨਾ ਸਮਝਣਾ ਸਿੰਘਾਂ ਦੀਆਂ ਸਿਧਾਂਤਕ ਰਵਾਇਤਾਂ ਦੇ ਉੱਕਾ ਹੀ ਉਲਟ ਸੀ। ਗੁਰੂ ਨਾਨਕ ਘਰ ਦੀ ਵੀ ਬਖਸ਼ਿਸ਼ ਹੈ ਕਿ ਸਿੰਘ ਗੁਰੀਲੇ 'ਖਾਲਸਾ ਅਕਾਲ ਪੁਰਖ ਕੀ ਫੌਜ' ਹੋਣ ਦੇ ਨਾਤੇ ਅਣਹੋਣੀ ਨੂੰ ਹੋਣੀ ਵਿੱਚ ਬਦਲਣ ਦੇ ਸਮਰੱਥ ਹੋ ਨਿੱਬੜਦੇ ਹਨ। ਸਿੰਘਾਂ ਦਾ ਮੁੱਖ ਉਦੇਸ਼ ਇਹ ਵੀ ਰਿਹਾ ਹੈ ਕਿ ਉਹ ਮੈਦਾਨੇ-ਜੰਗ ਵਿੱਚ ਦੁਸ਼ਮਣਾਂ ਉੱਪਰ ਫਤਹਿ ਪ੍ਰਾਪਤ ਕਰਕੇ, ਫਤਹਿ ਦੀ ਪ੍ਰਾਪਤੀ ਅਕਾਲ ਪੁਰਖ ਨੂੰ ਹੀ ਮੰਨਦੇ ਰਹੇ ਹਨ।

ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੰਘ ਗੁਰੀਲਿਆਂ ਉੱਪਰ ਅਜਿਹਾ ਕਾਲਾ ਯੁੱਗ ਵੀ ਆਇਆ ਕਿ ਉਨ੍ਹਾਂ ਨੂੰ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਖੂਨੀ ਤੂਫਾਨਾਂ ਦੇ ਝੱਖੜਾਂ ਨਾਲ ਟਕਰਾਉਣਾ ਪਿਆ। ਵੈਰੀਆਂ ਨੇ ਕਈ ਵਾਰ ਸਿੱਖ ਲਹਿਰ ਨੂੰ ਕੁਚਲਿਆ, ਤਬਾਹ ਕੀਤਾ ਅਤੇ ਸਿੱਖਾਂ ਨੂੰ ਉਜਾੜਿਆ-ਪੁਜਾੜਿਆ। ਲਾਹੌਰ, ਕਸੂਰ, ਪੱਟੀ, ਜਲੰਧਰ, ਜੰਮੂ-ਕਸ਼ਮੀਰ ਤੇ ਸਰਹਿੰਦ ਦਿਆਂ ਹਾਕਮਾਂ ਨੇ ਖਾਲਸੇ ਦਾ ਨਾਮੋ-ਨਿਸ਼ਾਨ ਮਿਟਾ ਦੇਣ ਲਈ ਇੱਕੋ ਸਮੇਂ ਕਈ ਸਾਂਝੀਆਂ ਮੁਹਿੰਮਾਂ ਚਲਾਈਆਂ। ਖਾਲਸਾ ਪੰਥ ਦੇ ਸੂਰਬੀਰ ਕਈ ਵਾਰ ਗਿਣਤੀ ਦੇ ਪੱਖੋਂ ਬਿਲਕੁਲ ਖਤਮ ਹੋ ਜਾਣ ਦੇ ਨੇੜੇ ਪੁੱਜ ਜਾਂਦੇ ਰਹੇ। ਫਰੁੱਖਸੀਅਰ ਬਾਦਸ਼ਾਹ ਦੇ ਦੌਰ ਵਿੱਚ ਤਾਂ ਇਕ ਵਾਰ ਐਸਾ ਸਮਾਂ ਵੀ ਆਇਆ ਜਦੋਂ ਛਾਪਾਮਾਰ ਸਿੰਘਾਂ ਦੀ ਗਿਣਤੀ ਕੇਵਲ ਦੋ ਹਜ਼ਾਰ ਦੇ ਲਪਭਗ ਰਹਿ ਗਈ ਸੀ ਪਰ ਦਸਮ ਪਿਤਾ ਦੀ ਕਿਰਪਾ ਸਦਕਾ ਮਨੁੱਖੀ ਹਿਰਦਿਆਂ ਅੰਦਰ ਜੋ ਅਣਖ ਤੇ ਸੰਗਰਾਮ ਦੀ ਜਵਾਲਾ ਬਲ ਉੱਠੀ ਸੀ, ਉਸ ਦੇ ਪ੍ਰਭਾਵ ਹੇਠ ਹੋਰ ਸੈਂਕੜੇ ਨੌਜਵਾਨ ਪਿੰਡਾਂ ਤੇ ਕਸਬਿਆਂ 'ਚੋਂ ਨਿਕਲ ਕੇ ਹਥਿਆਰਬੰਦ ਖਾਲਸਈ ਜਥਿਆਂ ਵਿੱਚ ਜਾ ਸ਼ਾਮਲ ਹੁੰਦੇ ਸਨ। *(ਖਾਲਸਾ ਪੰਥ ਅਤੇ ਯੁੱਧਨੀਤੀ, ਸਫਾ ੨੭-੨੮)*

ਸਿੱਖ ਧਰਮ ਵਿੱਚ ਸਿੰਘਾਂ ਦੀ ਗੁਰੀਲਾ ਯੁੱਧ ਨੀਤੀ ਦਾ ਪੈਂਤੜਾ ਸਿਧਾਂਤਕ ਵਿਚਾਰਧਾਰਕ ਹੁੰਦਾ ਸੀ। ਇਹ ਯੁੱਧ ਦੇ ਪੈਂਤੜੇ ਦੀ ਨਿਯੰਤਰਤਾ ਅਸਲ ਵਿੱਚ ਲਗਨ, ਲੋਅ ਅਤੇ ਸ਼ਰਧਾ ਹੁੰਦੀ ਹੈ, ਉਹ ਕਿਸੇ ਸਿਧਾਂਤ/ਵਿਚਾਰਧਾਰਾ ਦੇ ਆਸ-ਪਾਸ ਘੁੰਮਦੀ ਹੈ ਕਿ ਸਿੰਘ ਖਤਰਨਾਕ ਮੁਸ਼ਕਿਲਾਂ ਵਿੱਚੋਂ ਗੁਜ਼ਰਦਿਆਂ ਵੀ ਨਾ ਢਹਿੰਦੀ-ਕਲਾ ਵਿੱਚ ਆਪਣੇ ਆਪ ਨੂੰ ਜਾਣ ਦਿੰਦੇ ਸਨ ਅਤੇ ਨਾ ਹੀ ਮਾਨਸਿਕ ਤੌਰ 'ਤੇ ਡਾਵਾਂਡੋਲ ਹੋਣ ਦਿੰਦੇ ਸਨ। ਸਿੰਘਾਂ ਦਾ ਵਿਸ਼ੇਸ਼ ਗੁਣ ਇਹ ਸੀ ਕਿ ਉਹ ਸਮੇਂ ਦੀ ਮੰਗ ਅਤੇ ਵਕਤ ਦੀ ਲੋੜ ਅਨੁਸਾਰ ਰਣ-ਤੱਤੇ ਵਿੱਚ ਦੁਸ਼ਮਣ ਨਾਲ ਦੋ-ਦੋ ਹੱਥ ਹੁੰਦੇ। ਮੁੱਢ ਤੋਂ ਹੀ ਸਿੰਘ ਗੁਰੀਲਿਆਂ ਦੀਆਂ ਸਿਧਾਂਤਕ ਜੜ੍ਹਾਂ ਮਜ਼ਬੂਤ ਸਨ ਅਤੇ ਉਨ੍ਹਾਂ ਨੂੰ ਆਪਣੇ ਲੋਕਾਂ ਦੀ ਹਮਾਇਤ ਹਾਸਲ ਸੀ। ਇਹ ਗੁਰੀਲਾ ਜੰਗ ਅਸਲ ਵਿੱਚ ਲੋਕਾਂ ਦੀ ਜੰਗ ਸੀ, ਜਿਸ ਵਿੱਚ ਜੁਝਾਰੂ ਦਸਤੇ ਲੋਕਾਂ ਦੀ ਹਮਾਇਤ ਲੈ ਕੇ ਛੋਟੇ-ਛੋਟੇ ਹਰਾਵਲ ਦਸਤੇ ਬਣਾ ਕੇ ਹਥਿਆਰਬੰਦ ਝੜਪਾਂ ਸ਼ੁਰੂ ਕਰਦੇ ਸਨ। "ਇਨ੍ਹਾਂ ਝੜਪਾਂ ਦਾ ਮਨੋਰਥ ਦੁਸ਼ਮਣ ਨੂੰ ਕਮਜ਼ੋਰ ਕਰਨਾ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਵਲੇਟਣਾ ਹੁੰਦਾ, ਤਾਂ ਜੋ ਦੁਸ਼ਮਣ ਨੂੰ ਅਖੀਰ ਵਿੱਚ ਹਰਾਇਆ ਜਾਵੇ ਅਤੇ ਜਨਤਾ ਲਈ ਸਿਆਸੀ ਮਨੋਰਥ ਹਾਸਲ ਕੀਤੇ ਜਾਣ। ...ਖਾਲਸਾ ਗੁਰੀਲੇ ਦੋ-ਦੋ, ਤਿੰਨ-ਤਿੰਨ ਦੇ ਜਥਿਆਂ ਵਿੱਚ ਖਿੰਡ-ਪੁੰਡ ਗਏ ਸਨ। ਕਈ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ, ਕਈ ਲੱਖੀ ਜੰਗਲ ਵਿੱਚ

ਅਤੇ ਕਦੀ ਰਾਜਪੂਤਾਨੇ ਨਾਲ ਲੱਗਦੇ ਮਾਰੂਥਲਾਂ ਵਿੱਚ। ਉਨ੍ਹਾਂ ਦਾ ਨਾ ਕੋਈ ਸਾਂਝਾ ਕੇਂਦਰ ਰਿਹਾ ਅਤੇ ਨਾ ਕੋਈ ਸਾਂਝਾ ਆਗੂ। ਗੁਰੀਲਾ ਜਥਿਆਂ ਵਿੱਚ ਤਾਲਮੇਲ ਨਾ ਹੋਏ ਬਰਾਬਰ ਸੀ। ਸਾਂਝੇ ਮਿਸ਼ਨ ਦੀ ਪਕੜ ਅਤੇ ਧਰਮ ਦੀ ਡੂੰਘੀ ਲਗਨ ਹੀ ਉਨ੍ਹਾਂ ਨੂੰ ਇਕੱਠਿਆਂ ਕਰਦੀ ਅਤੇ ਸਾਂਝੀ ਕਾਰਵਾਈ ਲਈ ਅੱਗੇ ਤੋਰਦੀ ਸੀ!" *(ਸਿੱਖ ਇਨਕਲਾਬ)*

ਗੁਰੀਲਾ ਕੋਈ ਖਤਰਨਾਕ ਕਿਸਮ ਦਾ ਆਦਮੀ ਜਾਂ ਸਿਪਾਹੀ ਨਹੀਂ ਹੁੰਦਾ, ਜਿਵੇਂ ਕਿ ਆਮ ਲੋਕ ਸਮਝਦੇ ਹਨ। ਇਹ ਉਹ ਜੁਝਾਰੂ ਹੁੰਦਾ ਹੈ ਜਿਸ ਨੂੰ ਆਪਣੇ ਸਿਧਾਂਤਾਂ ਅਰਥਾਤ ਵਿਚਾਰਧਾਰਾ ਦੀ ਪਕੜ ਮਜ਼ਬੂਤ ਹੁੰਦੀ ਹੈ, ਜਿਸ ਲਈ ਉਹ ਲੜ ਰਿਹਾ ਹੁੰਦਾ ਹੈ। ਪੁਰਾਣੇ ਸਿੰਘ ਗੁਰੀਲੇ ਘੋੜਿਆਂ 'ਤੇ ਚੜ੍ਹ ਕੇ ਝੜਪਾਂ ਵਿੱਚ ਰਣ-ਤੱਤੇ ਵਿੱਚ ਜੂਝਦੇ ਸਨ। "ਗੁਰੀਲਾ ਢੰਗ ਦੀ ਲੜਾਈ ਵਿੱਚ ਤਾਂ ਵੈਸੇ ਵੀ ਘੋੜਸਵਾਰ ਸੈਨਾ ਦੀ ਜਿਆਦਾ ਜ਼ਰੂਰਤ ਪੈਂਦੀ ਹੈ। ਇਸ ਲਈ ਹਰ ਮੈਂਬਰ ਕਿਸੇ ਨਾ ਕਿਸੇ ਤਰ੍ਹਾਂ ਕਿਤੋਂ ਨਾ ਕਿਤੋਂ ਘੋੜੇ ਦਾ ਪ੍ਰਬੰਧ ਜ਼ਰੂਰ ਕਰਦਾ ਸੀ। ...ਦਲ ਖਾਲਸੇ ਦੀ ਫੌਜੀ ਤਕਨੀਕ ਆਮ ਤੌਰ 'ਤੇ ਗੁਰੀਲਾ ਕਿਸਮ ਦੀ ਹੀ ਹੁੰਦੀ ਸੀ। ਇਸ ਢੰਗ ਬਾਰੇ ਸਿੰਘਾਂ ਵਿੱਚ ਇੱਕ ਸ਼ਬਦ ਬੜਾ ਹਰਮਨ ਪਿਆਰਾ ਸੀ। ਉਹ ਸੀ 'ਢਾਈ-ਫੱਟ ਕਰਨਾ'। 'ਢਾਈ ਫੱਟ' ਦਾ ਮਤਲਬ ਸੀ ਕਿ ਦੋ ਚਾਲਾਂ ਪੂਰੀਆਂ ਅਤੇ ਇੱਕ ਚਾਲ ਅੱਧੀ ਅਖਤਿਆਰ ਕਰਨਾ। ਦੋ ਤੇ ਅੱਧਾ, ਪੰਜਾਬੀ ਬੋਲੀ ਵਿੱਚ ਢਾਈ ਬਣਦੇ ਹਨ। ਪਹਿਲੀ ਚਾਲ ਦੁਸ਼ਮਣ ਉੱਤੇ ਅਚਾਨਕ ਹਮਲਾ ਕਰ ਕੇ ਉਸ ਨੂੰ ਮਾਰਨਾ, ਦੂਸਰੀ ਚਾਲ ਸੀ ਦੁਸ਼ਮਣ ਨੂੰ ਮਾਰ ਕੇ ਵਾਪਸ ਭੱਜ ਜਾਣਾ ਅਤੇ ਹਮਲਾ ਕਰ ਕੇ ਜੇ ਦੁਸ਼ਮਣ ਵਿੱਚੋਂ ਭੱਜਿਆ ਨਾ ਜਾਵੇ ਤਾਂ ਲੜ ਕੇ ਸ਼ਹੀਦ ਹੋ ਜਾਣਾ। ਇਸ ਨੂੰ ਅੱਧਾ ਫੱਟ ਕਿਹਾ ਜਾਂਦਾ ਸੀ।" *(ਖਾਲਸਾ- ਪ੍ਰਭੂਸੱਤਾ ਸਿਧਾਂਤ)*

ਉਸ ਸਮੇਂ ਗੁਰੀਲਾ ਕਿਸਮ ਦੀ ਲੜਾਈ ਵਿੱਚ ਪੈਦਲ ਫੌਜ ਦੀ ਕੋਈ ਮਹੱਤਤਾ ਨਹੀਂ ਸੀ ਹੁੰਦੀ। 'ਸਰ ਲੈਪਨ ਗ੍ਰਿਫਨ' ਨੇ ਵੀ ਸਿੰਘ ਗੁਰੀਲਿਆਂ ਬਾਰੇ ਜਿਕਰ ਕੀਤਾ ਹੈ ਕਿ ਉਸ ਸਮੇਂ ਸਿੰਘ ਗੁਰੀਲੇ ਹਥਿਆਰ ਤੇ ਘੋੜੇ ਰੱਖਣੇ ਆਪਣਾ ਹੱਕ ਸਮਝਦੇ ਸਨ। 'ਜਾਰਜ ਥਾਮਸ' ਆਪਣੀ ਪੁਸਤਕ ਵਿੱਚ ਲਿਖਦਾ ਹੈ, "ਦਲ ਖਾਲਸਾ ਦੇ ਸਿੰਘ ਦੁਸ਼ਮਣ ਨਾਲ ਲਗਾਤਾਰ ਮੁਠਭੇੜਾਂ ਵਿੱਚ ਰੁੱਝੇ ਰਹਿੰਦੇ ਸਨ। ਉਹ ਉਦੋਂ ਤੱਕ ਹਮਲੇ ਕਰਦੇ ਅਤੇ ਦੌੜਦੇ ਰਹਿੰਦੇ ਜਦੋਂ ਤੱਕ ਉਹ ਅਤੇ ਉਨ੍ਹਾਂ ਦੇ ਘੋੜੇ ਥੱਕ ਨਹੀਂ ਜਾਂਦੇ ਸਨ। ...ਆਪਣੇ ਘੋੜੇ ਦੀ ਸਵਾਰੀ ਕਰ, ਉਹ ਵੈਰੀ ਵੱਲ ਅੱਗੇ ਵਧਦਾ। ਕਦੇ ਪਿੱਛੇ ਹਟਦਾ ਅਤੇ ਇੰਜ ਕਰੀ ਜਾਂਦਾ ਜਦੋਂ ਤੱਕ ਉਹ ਆਪ ਅਤੇ ਉਸ ਦਾ ਘੋੜਾ ਥੱਕ ਨਾ ਜਾਂਦਾ। ਫਿਰ ਉਹ ਵੈਰੀ ਤੋਂ ਥੋੜ੍ਹੀ ਦੂਰ ਜਾ ਕੇ ਜਿਥੇ ਕਿਤੇ ਕੋਈ ਹਰਾ ਖੇਤ ਵਿਖਾਈ ਦਿੰਦਾ, ਉਹ ਆਪਣੇ ਲਈ ਥੋੜ੍ਹੇ ਜਿਹੇ ਛੋਲੇ ਭੁੰਨਦਾ ਅਤੇ ਇਸ ਕਿਰਸੀ ਭੋਜਨ ਨਾਲ ਸੰਤੁਸ਼ਟ ਹੋ ਕੇ, ਜੇਕਰ ਵੈਰੀ ਚਲਾ ਗਿਆ ਹੁੰਦਾ ਤਾਂ ਸਿੱਖ ਆਪਣੇ ਜਾਨਵਰਾਂ ਲਈ ਚਾਰੇ ਦਾ ਪ੍ਰਬੰਧ ਕਰਦੇ ਅਤੇ ਆਪਣੇ ਲਈ ਰੋਟੀ ਦਾ। ਜਦੋਂ ਤੱਕ ਵੈਰੀ ਦੇ ਇਲਾਕੇ ਵਿੱਚ ਹੁੰਦੇ ਤਾਂ ਤੰਬੂ ਦਾ ਆਰਾਮ ਉਨ੍ਹਾਂ ਨੂੰ ਘੱਟ ਹੀ ਨਸੀਬ ਹੁੰਦਾ। ਇੱਕ ਸਿੱਖ ਦਾ ਭੋਜਣ ਸ਼ਾਨਦਾਰ ਜਾਂ ਸਵਾਦਿਸ਼ਟ ਨਹੀਂ ਕਿਹਾ ਜਾ ਸਕਦਾ।"

ਇੱਕ ਹੋਰ ਵਿਦੇਸ਼ੀ ਲੇਖਕ ਨੇ ਸਿੰਘਾਂ ਦੀ ਗੁਰੀਲਾ ਯੁਧਨੀਤੀ ਬਾਰੇ ਲਿਖਿਆ ਹੈ, "ਚਾਲੀ ਜਾਂ ਪੰਜਾਹ ਸਿੱਖ ਘੋੜਸਵਾਰਾਂ ਦਾ ਇੱਕੋ ਟੋਲਾ ਘੋੜਿਆਂ ਨੂੰ ਸਰਪਟ ਦੌੜਾਂਦਿਆਂ ਵੈਰੀ ਵੱਲ ਵਧਦਾ ਅਤੇ ਆਪਣੇ ਘੋੜਿਆਂ ਦੀ ਵਾਗ ਇਕਦਮ ਖਿੱਚ ਲੈਂਦੇ, ਘੋੜੇ ਇਸ ਕਿਸਮ ਦੇ ਕੰਮਾਂ ਲਈ ਚੰਗੀ ਤਰ੍ਹਾ ਸਿਖਾਏ ਹੁੰਦੇ ਸਨ ਅਤੇ ਹੱਥ ਦੀ ਥਾਪੜੀ ਨਾਲ ਹੀ ਸਰਪਟ ਦੌੜਦੇ ਜਾਂਦੇ ਇਕ ਦਮ ਖਲੋ ਜਾਂਦੇ। ਫਿਰ ਉਹ ਸਭ ਇਕੱਠੇ ਹੀ ਇਕਦਮ ਇਤਨੀ ਵਿੱਥ ਤੋਂ

ਆਪਣੀਆਂ ਬੰਦੂਕਾਂ ਦਾਗ ਦੇਂਦੇ ਕਿ ਕਿਸੇ ਵੀ ਗੋਲੀ ਦਾ ਨਿਸ਼ਾਨਾ ਨਾ ਉੱਕਦਾ। ਇਸ ਉਪਰੰਤ ਉਹ ਅਚਾਨਕ ਹੀ ਸੌ ਗਜ਼ ਤੱਕ ਪਿੱਛੇ ਮੁੜ ਜਾਂਦੇ, ਆਪਣੀਆਂ ਬੰਦੂਕਾਂ ਭਰਦੇ ਅਤੇ ਫਿਰ ਉਹੀ ਕੰਮ ਕਰਦੇ। ਇੰਜ ਵੈਰੀ ਨੂੰ ਬੜੀ ਖਿਝ ਆਉਂਦੀ, ਪਰ ਉਹ ਕਰ ਕੁਝ ਨਾ ਸਕਦਾ। ਉਨ੍ਹਾਂ ਦੀ ਸਫਲਤਾ ਦਾ ਮੂਲ ਮੁੱਦਾ ਵੈਰੀ ਨੂੰ ਇੱਕ ਝਟਕਾ ਦੇਣਾ ਹੁੰਦਾ ਸੀ। ਝਟਕਾ ਵੀ ਐਸਾ ਵੱਜਦਾ ਕਿ ਵੈਰੀ ਕੁਝ ਸਮੇਂ ਲਈ ਸੁੰਨ ਅਤੇ ਉਤਸ਼ਾਹਹੀਣ ਹੋ ਜਾਂਦਾ ਅਤੇ ਜਦ ਤਕ ਉਸ ਨੂੰ ਹੋਸ਼ ਆਉਂਦੀ ਤਾਂ ਸਿੱਖ ਮੁੜ ਆਪਣੀਆਂ ਬੰਦੂਕਾਂ ਲਈ ਉਨ੍ਹਾਂ 'ਤੇ ਤਿਆਰ ਹੁੰਦੇ, ਜਾਂ ਜੇਕਰ ਵੈਰੀ ਦੀ ਫੌਜ ਤਕੜੀ ਹੁੰਦੀ ਤਾਂ ਆਪ ਦੌੜ ਜਾਂਦੇ।"

ਸਿੰਘ ਗੁਰੀਲੇ, ਜੰਗ ਦੇ ਮੈਦਾਨ ਵਿੱਚ ਜਾਣ ਤੋਂ ਪਹਿਲਾਂ ਇਸ਼ਨਾਨ ਕਰਦੇ, ਨਿਤਨੇਮ ਕਰਕੇ, ਕੇਸ ਅਤੇ ਦਾੜ੍ਹੀ ਨੂੰ ਬੜੀ ਸੰਜੀਦਗੀ ਨਾਲ ਕੰਘਾ ਫੇਰਦੇ, ਦਸਤਾਰ ਅਤੇ ਹਥਿਆਰ ਸਜਾ ਕੇ ਤਿਆਰ-ਬਰ-ਤਿਆਰ ਰਹਿੰਦੇ।

ਸਿੰਘ ਗੁਰੀਲੇ, ਨੀਤੀ ਤੇ ਸੋਚ ਪੱਖੋਂ, ਖੁਸ਼ਹਾਲੀ, ਸ਼ਾਂਤੀ ਤੇ ਸਰਬੱਤ ਦੇ ਭਲੇ ਦੇ ਝੰਡਾ ਬਰਦਾਰ ਸਨ, ਜੰਗ ਅਤੇ ਅਸ਼ਾਂਤੀ ਦੇ ਹਰਗਿਜ਼ ਨਹੀਂ। ਜ਼ੁਲਮ-ਜਬਰ ਦੇ ਖਿਲਾਫ ਲੋਹਾ ਲੈਣਾ ਉਨ੍ਹਾਂ ਦਾ ਮੁੱਖ ਲੱਛਣ ਹੁੰਦਾ ਸੀ। ਹਰੇਕ ਸਿੰਘ 'ਅਤਿ ਹੀ ਰਣ ਮੈਂ ਤਬ ਜੂਝ ਮਰੋ'" ਦਾ ਕਰਮ ਨਿਭਾਉਣਾ ਧਰਮ ਦੀ ਸਰਦਲ 'ਤੇ ਆਪਣਾ ਮੁੱਖ ਮੰਤਵ ਸਮਝਦਾ ਸੀ। ਸ਼ਾਇਦ ਇਸੇ ਲਈ 'ਸਰ ਲੈਪਲ ਗ੍ਰਿਫਨ' ਨੇ ੧੯੯੧ ਈਸਵੀ ਵਿੱਚ ਇਹ ਲਿਖਿਆ ਸੀ, "ਕੇਵਲ ਸਿੱਖ ਹੀ ਲੰਮੀਆਂ ਲੜਾਈਆਂ ਲਈ ਲਾਭਕਾਰੀ ਸਾਬਤ ਹੋ ਸਕਦੇ ਹਨ।" 'ਕਾਜ਼ੀ ਨੂਰ ਮੁਹੰਮਦ' ਵੀ ਲਿਖਦਾ ਹੈ, "ਜੇਕਰ ਉਨ੍ਹਾਂ (ਸਿੰਘਾਂ) ਦੀ ਫੌਜ ਦੌੜੀ ਜਾਂਦੀ ਜਾਪਦੀ ਹੋਵੇ ਤਾਂ ਇਸ ਨੂੰ ਅਸਲੀਅਤ ਨਾ ਸਮਝੋ, ਕਿਉਂਕਿ ਉਹ ਉਨ੍ਹਾਂ ਦਾ ਪਿੱਛਾ ਕਰੀ ਆਉਂਦੇ ਵੈਰੀ ਉੱਤੇ ਟੁੱਟ ਪੈਣਗੇ ਅਤੇ ਪਾਣੀ ਵਿੱਚ ਵੀ ਅੱਗ ਲਾ ਦੇਣਗੇ।"

***

ਦਸਤਾਰ ਦੀ ਦਾਸਤਾਨ

ਦਸਤਾਰ ਫਾਰਸੀ ਦਾ ਲਫਜ਼ ਹੈ ਜਿਸ ਦਾ ਭਾਵ ਹੈ ਹੱਥਾਂ ਨਾਲ ਸਵਾਰ ਕੇ ਬੰਨ੍ਹਿਆ ਹੋਇਆ ਬਸਤਰ। ਪੜ੍ਹੇ ਹੋਏ ਆਦਮੀ ਲਈ ਫਾਰਸੀ ਲਫਜ਼ 'ਦਸਤਾਰਬੰਦ' ਵਰਤਿਆ ਗਿਆ ਹੈ। ਇਸੇ ਤਰ੍ਹਾਂ 'ਦਸਰਾਰਬੰਦੀ' ਵੀ ਪੱਗ ਬੰਨ੍ਹਣ ਦੀ ਰਸਮ ਹੈ ਜੋ ਕਿਸੇ ਬਜ਼ੁਰਗ ਦੇ ਅਕਾਲ ਚਲਾਣੇ ਬਾਅਦ ਉਸ ਦੇ ਉੱਤਰ-ਅਧਿਕਾਰੀ ਨੂੰ ਬੰਨ੍ਹੀ ਜਾਂਦੀ ਹੈ। ਖਾਲਸੇ ਦੇ ਬੋਲੇਵਿੱਚ ਲਫਜ਼ 'ਦਸਤਾਰਾ' ਵਰਤਿਆ ਜਾਂਦਾ ਹੈ ਦਸਤਾਰ ਲਈ।

ਦਸਤਾਰ ਸਿੱਖ ਸਭਿਆਚਾਰ ਦਾ ਕੇਂਦਰੀ ਬਾਹਰੀ ਚਿੰਨ੍ਹ ਹੈ। ਦਸਤਾਰ ਲਈ ਬਹੁਤ ਸਾਰੇ ਨਾਂ ਵੱਖ-ਵੱਖ ਜ਼ਬਾਨਾਂ ਵਿੱਚ ਵਰਤੋਂ ਵਿੱਚ ਆਉਂਦੇ ਹਨ ਜਿਵੇਂ ਇਮਾਮਾ ਪੱਗ, ਪਗੜੀ, ਚਮਲਾ, ਸਾਫਾ, ਦੁਲਬੰਦ, ਚੀਰਾ, ਉਸ਼ਣੀਕ, ਟਰਬਨ, ਤੁਰਬਾਂਤੇ ਆਦਿ।

ਦਸਤਾਰ ਦੀ ਤਵਾਰੀਖ ਬਾਰੇ ਕਿ ਇਹ ਕਦੋਂ ਤੋਂ ਕਿਥੋਂ ਸ਼ੁਰੂ ਹੋਈ ਬਜਾ ਤੌਰ 'ਤੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਅਰਬ ਅਤੇ ਈਰਾਨ ਦੇਸ਼ਾਂ ਵਿੱਚ ਦਸਤਾਰ ਨੂੰ ਵਿਸ਼ੇਸ਼ ਸਤਿਕਾਰ ਦਿੱਤਾ ਜਾਂਦਾ ਰਿਹਾ ਹੈ। ਜਾਪਦਾ ਹੈ ਦਸਤਾਰ ਸੰਸਾਰ ਦਾ ਪੁਰਾਤਨ ਇਜ਼ਤ ਆਬਰੂ ਦਾ ਪਹਿਰਾਵਾ ਹੁੰਦਾ ਹੋਵੇਗਾ ਜੋ ਮਨੁੱਖ ਦੇ ਜਾਹੋ-ਜਲਾਲ ਦੇ ਚਿੰਨ੍ਹ ਵਜੋਂ ਪੀੜ੍ਹੀਆਂ-ਦਰ-ਪੀੜ੍ਹੀਆਂ ਸਾਡੇ ਤੱਕ ਪੁੱਜਿਆ ਹੈ। ਪੰਦਰ੍ਹਵੀਂ ਸਦੀ ਤੋਂ ਪਹਿਲਾਂ ਵੀ ਯੂਰਪ ਆਦਿ ਦੇਸ਼ਾਂ ਵਿੱਚ ਦਸਤਾਰ ਦਾ ਪ੍ਰਯੋਗ ਕੀਤਾ ਜਾਂਦਾ ਸੀ। ਕਈ ਸਦੀਆਂ ਤੋਂ ਮੁਸਲਮਾਨਾਂ ਦੇ ਪੈਗੰਬਰ ਅਤੇ ਧਾਰਮਿਕ ਆਗੂ ਸਿਰ 'ਤੇ ਦਸਤਾਰ ਬੰਨਦੇ ਸਨ। ਮੁਸਲਮਾਨਾਂ ਦੇ ਸਮੇਂ ਧਰਮ ਦੇ ਨਯਾਯਕਾਰੀ ਨੂੰ ਅਹੁਦੇ 'ਤੇ ਥਾਪਣ ਸਮੇਂ ਦਸਤਾਰ ਬੰਨ੍ਹਾਉਣ ਦੀ ਰਸਮ ਹੋਇਆ ਕਰਦੀ ਸੀ। ਇਸ ਲਈ ਹਜ 'ਤੇ ਜਾਣ ਸਮੇਂ ਮੁਸਲਮਾਨਾਂ ਨੂੰ ਦਸਤਾਰ ਸਜਾਉਣ ਦੀ ਹਦਾਇਤ ਹੈ। ਲਾਹੌਰ ਦੀ ਬਾਦਸ਼ਾਹੀ ਮਸਜਿਦ ਵਿੱਚ ਮੁਸਲਮਾਨ ਪੈਗੰਬਰਾਂ ਅਤੇ ਆਗੂਆਂ ਦੇ ਇਮਾਮੇਂ ਸੰਭਾਲ ਕੇ ਰੱਖੇ ਗਏ ਹਨ ਜਿਨ੍ਹਾਂ ਵਿੱਚ ਹਜ਼ਰਤ ਮੁਹੰਮਦ ਸਾਹਿਬ ਦਾ 'ਇਮਾਮਾ ਸ਼ਰੀਫ' ਸਬਜ਼ ਰੰਗ ਦਾ, ਹਜ਼ਰਤ ਅਲੀ ਸਾਹਿਬ ਦੀਆਂ ਦੋ ਦਸਤਾਰਾਂ 'ਦਸਤਾਰ-ਏ-ਮੁਬਾਰਕ਼' ਸਾਂਦਲੀ ਰੰਗ ਦੀਆਂ, ਹਜ਼ਰਤ ਇਮਾਮ ਹੁਸੈਨ ਦੀ 'ਦਸਤਾਰ-ਏ-ਮੁਬਾਰਕ਼' ਜੋ ਤਹਿ ਕੀਤੀ ਹੋਈ ਹੈ ਅਤੇ ਅਬਦੁੱਲ ਕਾਦਰ ਜਿਲਾਨੀ (ਯਮਨ) ਦੀ ਸਿਲਕ ਦੀ ਦਸਤਾਰ, ਮੁਸਲਮਾਨਾਂ ਦੇ ਦਿਲਾਂ ਨੂੰ ਸਰਸ਼ਾਰ ਕਰਦੀਆਂ ਹਨ। ਮੁਸਲਮਾਨਾਂ ਦੀਆਂ ਦਸਤਾਰਾਂ ਦਾ ਰੰਗ ਆਮ ਤੌਰ 'ਤੇ ਸਬਜ਼, ਸਾਂਦਲੀ ਅਤੇ ਚਿੱਟਾ ਹੀ ਹੁੰਦਾ ਹੈ।

ਦਸਤਾਰ ਸਿੱਖਾਂ ਦੇ ਦਰਸ਼ਨ-ਦੀਦਾਰ ਦਾ ਕੇਂਦਰ ਬਿੰਦੂ ਹੈ ਜੋ ਹਜ਼ਾਰਾਂ ਵਿੱਚੋਂ ਹੀ ਸਞ੍ਹਪ੍ਰੀਚੇ ਕਰਾਉਂਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਦਸਤਾਰ ਦਾ ਅਹਿਮ ਰੁੱਤਬਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਤਾਂ ਸਿੱਖਾਂ ਨੂੰ ਹਦਾਇਤ ਹੈ ਕਿ ਸਾਬਤ ਸੂਰਤ ਰਹਿ ਕੇ ਸਿਰ 'ਤੇ ਦਸਤਾਰ ਸਜਾਉਣੀ ਹੈ।

"ਸਾਬਤ ਸੂਰਤਿ ਦਸਤਾਰ ਸਿਰਾ" (ਮਾਰੂ ਸੋਹਲੇ ਮ: ੫)

ਗੁਰੂ ਅਰਜਨ ਸਾਹਿਬ ਤਾਂ ਫਿਰ ਆਪਣੇ ਮੁਖਾਰਬਿੰਦ ਤੋਂ ਉਚਾਰਦੇ ਹਨ ਕਿ ਦੂਹਰਾ

ਦਸਤਾਰਾ ਦੁਮਾਲਾ ਤਾਂ ਆਪ ਜੀ ਫਤਹਿ ਦਾ ਡੰਕਾ ਵਜਾਉਣ ਦਾ ਸੰਕੇਤ ਦੇਂਦੇ ਹਨ।

ਹਉ ਗੋਸਾਈ ਦਾ ਪਹਿਲਵਾਨੜਾ।।
ਮੈ ਗੁਰਮਿਲਿ ਉਚ ਦੁਮਾਲੜਾ।।(ਪੰਨਾ ੭੪)

ਸਿੱਖ ਦੀ ਦਸਤਾਰ ਇੱਕ ਅਜਿਹੇ ਮੁਜਸਮੇਂ ਦੀ ਪ੍ਰਤੀਕ ਹੋ ਨਿੱਬੜਦੀ ਹੈ ਜਿਸ ਵਿੱਚ ਧਰਮ, ਇਜ਼ਤ ਤੇ ਅਧਿਆਤਮਕ ਲਕਸ਼ ਸਾਫ ਨਜ਼ਰੀਂ ਪੈਂਦਾ ਹੈ। ਢਾਡੀ ਅਬਦੁੱਲਾ ਅਤੇ ਨੱਥ ਮੱਲ ਨੇ ਜੋ ਅਕਾਲ ਤਖ਼ਤ ਸਾਹਿਬ ਤੋਂ ਵਾਰ ਪੜ੍ਹੀ ਸੀ ਉਸ ਵਿੱਚ ਛੇਵੇਂ ਨਾਨਕ ਗੁਰੂ ਹਰਿਗੋਬਿੰਦ ਸਾਹਿਬ ਦੀ ਦਸਤਾਰ ਦਾ ਬਾਖੂਬੀ ਜ਼ਿਕਰ ਆਉਂਦਾ ਹੈ:-

ਦੋ ਤਲਵਾਰੀ ਬਧੀਆਂ ਇਕ ਮੀਰੀ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ ਦਰਵਾਜ਼ਾ ਬਲਖ ਬਖੀਰ ਦੀ।
ਨਾਲ ਸਿਪਾਹੀ ਨੀਲ ਨਾਲ, ਮਾਰ ਦੁਸ਼ਟਾਂ ਕਰੇ ਤਗੀਰ ਦੀ
ਪਗ ਤੇਰੀ ਕੀ ਜਹਾਂਗੀਰ ਦੀ?

ਗੁਰਬਿਲਾਸ ਪਾਤਸ਼ਾਹੀ ਛੇਵੀਂ ਦਾ ਕਰਤਾ ਲਿਖਦਾ ਹੈ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਸਿਰ 'ਤੇ ਦਸਤਾਰ ਸਜਾਈ ਤਾਂ ਇੰਝ ਪ੍ਰਤੀਤ ਹੋਇਆ ਜਿਵੇਂ ਪ੍ਰਮਾਤਮਾ ਸਾਹਮਣੇ ਬੈਠਾ ਹੋਵੇ।

ਸ੍ਰੀ ਗੁਰ ਬਾਗ ਬਧੀ ਨਿਜ ਸੀਸ
ਦਿਖ ਸਭ ਹੀ ਜਾਨੈ ਨਿਜ ਈਸ।੨੭।।

ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਦੋਂ ਖਾਲਸਾ ਪ੍ਰਗਟ ਕੀਤਾ ਤਾਂ ਉਨ੍ਹਾਂ 'ਦਸਤਾਰ' ਲਾਜ਼ਮੀ ਕਰਾਰ ਦਿੱਤੀ। ਇਸ ਦੀ ਗਵਾਹੀ ਤਵਾਰੀਖ ਦੇ ਸਭ ਤੋਂ ਪੁਰਾਤਨ ਸ੍ਰੋਤ 'ਭਟ ਵਹੀਆਂ' ਵਿੱਚ ਵੀ ਆਇਆ ਹੈ। ਸਿੱਖਾਂ ਦੇ ਰਹਿਤਨਾਮਿਆਂ ਵਿੱਚ ਤਾਂ ਸਪੱਸ਼ਟ ਹੁਕਮ ਹੈ:-

*ਕੰਘਾ ਦੋਨਉ ਵਕਤ ਕਰ, ਪਾਗ ਚੁਨਹਿ ਕਰ ਬਾਂਧਈ।
(ਤਨਖਾਹਨਾਮਾ ਭਾਈ ਨੰਦ ਲਾਲ ਜੀ)

* ਨੰਗੇ ਕੇਸੀ ' ਬਾਜ਼ਾਰ ਵਿੱਚ ਬੈਠੇ, ਨੰਗੇ ਕੇਸੀਂ ਫਿਰੇ, ਨੰਗੇ ਕੇਸੀਂ ਭੋਜਨ ਕਰੇ ਸੋ ਤਨਖਾਹੀਆ

* ਕੇਸਾਧਾਰੀ ਟੋਪੀ ਰਖੇ ਸੋ ਤਨਖਾਹੀਆ

* ਜੋ ਸਿੱਖ ਦੀ ਪੱਗ ਨੂੰ ਹੱਥ ਪਾਏ ਸੋ ਪੱਕਾ ਤਨਖਾਹੀਆ।

* ਪਗੜੀ ਲਾਹਿ ਕਰ ਸਿੱਖ ਪ੍ਰਸਾਦਿ ਖਾਏ, ਸੋ ਤਨਖਾਹੀਆ

(ਤਨਖਾਹਨਾਮਾ, ਭਾਈ ਚਉਪਾ ਸਿੰਘ)

ਫਾਰਸੀ ਦੀ ਪੁਰਾਤਨ ਕਿਤਾਬ 'ਦਬਸਤਾਨਿ-ਮੁਜਾਹਬ' ਦਾ ਲੇਖਕ ਮੁਬਿੱਦ ਜ਼ੁਲਫਕਾਰ ਅਰਦਸਤਾਨੀ ਨੇ ਵੀ ਜ਼ਿਕਰ ਕੀਤਾ ਹੈ ਕਿ ਜਦੋਂ ਵੀ ਵੈਸਾਖੀ ਵਾਲੇ ਦਿਨ ਗੁਰੂ ਦਰਬਾਰ ਵਿੱਚ ਮਸੰਦ ਇਕੱਠੇ ਹੁੰਦੇ ਸਨ ਤਾਂ ਗੁਰੂ ਹਰਿਗੋਬਿੰਦ ਸਾਹਿਬ ਉਨ੍ਹਾਂ ਮਸੰਦਾਂ ਨੂੰ ਰੁਖ਼ਸਤ ਹੋਣ ਸਮੇਂ 'ਦਸਤਾਰ' ਦੇ ਰੂਪ ਵਿੱਚ ਸਿਰੋਪਾਉ ਬਖਸ਼ਸ਼ ਦੇਂਦੇ ਸਨ।

ਦਰ ਹੰਗਾਮੇ ਰੁੱਖਸਤ ਹਰ ਕਦਾਮੇਂ ਅਜ਼ ਮਸੰਦਾਂ
ਰਾ ਗੁਰੂ ਦਸਤਾਰ-ਇ-ਅਨਾਇਤ ਕੁਨੰਦ।
(ਦਬਸਤਾਨਿ-ਮੁਜਹਾਬ)

ਸਿੱਖ ਦੀ 'ਦਸਤਾਰ' ਦੀ ਸਿਫਤ ਸਾਲਾਹ ਫਾਰਸੀ, ਅੰਗਰੇਜ਼ੀ, ਉਰਦੂ, ਹਿੰਦੀ ਆਦਿ ਭਾਸ਼ਾਵਾਂ ਦੇ ਤਵਾਰੀਖਦਾਨਾਂ ਨੇ ਬੜੇ ਸੁਚੱਜੇ ਸ਼ਬਦਾਂ ਵਿੱਚ ਕਲਮਬੰਦ ਕੀਤੀ ਹੈ। ਇਸੇ ਦਸਤਾਰ ਕਾਰਨ ਦੇਸ਼ ਬਦੇਸ਼ਾਂ ਵਿੱਚ ਸਿੱਖਾਂ ਨੂੰ ਆਪਣਾ ਪ੍ਰੀਚੈ ਦੇਣ ਦੀ ਜ਼ਰੂਰਤ ਵੀ ਨਹੀਂ ਪੈਂਦੀ। ਦਸਤਾਰ ਦੇ ਜਾਹੋ-ਜਲਾਲ ਨੂੰ ਬਰਕਰਾਰ ਰੱਖਣ ਵਾਸਤੇ ਸਿੱਖਾਂ ਨੂੰ ਸੰਸਾਰ ਦੇ ਕਈ ਮੁਲਕਾਂ ਵਿੱਚ ਸੰਘਰਸ਼ ਵੀ ਕਰਨੇ ਪਏ ਅਤੇ ਅਕਾਲ ਪੁਰਖ ਦੀ ਕ੍ਰਿਪਾ ਦੁਆਰਾ ਫਤਹਿਯਾਬੀਆਂ ਵੀ ਹਾਸਲ ਹੋਈਆਂ।

ਦਸਤਾਰ ਖਾਲਸੇ ਦੀ ਸਿਰਦਾਰੀ ਹੈ। ਖੁਦਮੁਖਤਿਆਰੀ ਦਾ ਚਿੰਨ੍ਹ ਹੈ। ਇਸ ਰੂਹਾਨੀ ਸ਼ਕਤੀ ਦੇ ਤਾਜ ਦੀ ਇੱਕੀਵੀਂ ਸਦੀ ਵਿੱਚ ਹਰ ਦੋ ਆਲਮ ਵਿੱਚ ਬੜਾ ਬੋਲਬਾਲਾ ਹੋਵੇਗਾ ਇਹ ਮੇਰਾ ਕਾਮਲ ਯਕੀਨ ਹੈ!

* * *

ਸਿੰਘ ਅਤੇ ਕੌਰ

ਇਤਿਹਾਸਕ ਨੁਕਤਾ ਨਿਗਾਹ ਤੋਂ 'ਸਿੰਘ' ਪਦਵੀ ਦਾ ਧਾਰਮਕ ਆਦੇਸ਼ ਗੁਰੂ ਗੋਬਿੰਦ ਸਿੰਘ ਸਾਹਿਬ ਨੇ 30 ਮਾਰਚ 1699 ਦੀ ਵਿਸਾਖੀ ਵਾਲੇ ਦਿਨ, ਖਾਲਸਾ ਪੰਥ ਦੀ ਸਾਜਨਾ ਸਮੇਂ ਜਾਰੀ ਕੀਤਾ, ਜਦੋਂ ਗੁਰੂ ਸਾਹਿਬ ਨੇ 'ਖੰਡੇ ਦੀ ਪਾਹੁਲ' ਦਾ ਅਦੁੱਤੀ-ਕ੍ਰਿਸ਼ਮਾ ਪ੍ਰਗਟ ਕੀਤਾ। ਉਸ ਮੁਬਾਰਕ ਦਿਨ ਸੰਗਤ ਵਿੱਚੋਂ ਉੱਠ ਕੇ ਪੰਜ ਸਿੰਘਾਂ ਨੇ ਆਪਣੇ ਸੀਸ ਭੇਟ ਕੀਤੇ ਅਤੇ ਖਾਲਸੇ ਦੇ ਪ੍ਰਸ਼ਾਸਕੀ ਸੰਕਲਪ 'ਤੇ ਪੂਰੇ ਉਤਰੇ। ਇਨ੍ਹਾਂ ਨੇ ਪੰਜ ਕਕਾਰ ਧਾਰਨ ਕੀਤੇ ਅਤੇ ਆਪਣੇ ਨਾਵਾਂ ਨਾਲ 'ਸਿੰਘ' ਲਗਾ ਕੇ ਜਾਤ-ਰਹਿਤ ਕੌਮ 'ਖਾਲਸਾ' ਵਿੱਚ ਸ਼ਾਮਲ ਹੋ ਗਏ। 'ਖੰਡੇ ਦੀ ਪਾਹੁਲ' ਤੋਂ ਬਾਅਦ ਦਇਆ ਰਾਮ, ਭਾਈ ਦਇਆ ਸਿੰਘ ਹੋ ਗਿਆ। ਇਸੇ ਤਰ੍ਹਾਂ ਧਰਮ ਦਾਸ, ਮੋਹਕਮ ਚੰਦ, ਹਿੰਮਤ ਰਾਏ ਅਤੇ ਸਾਹਿਬ ਚੰਦ ਕਰਮਵਾਰ ਭਾਈ ਧਰਮ ਸਿੰਘ, ਭਾਈ ਮੋਹਕਮ ਸਿਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਦੀਆਂ ਪਦਵੀਆਂ ਨਾਲ ਸਰਸ਼ਾਰ ਹੋਏ। (ਗੁਰੂ) ਗੋਬਿੰਦ ਰਾਏ ਜੀ ਵੀ 'ਖੰਡੇ ਦੀ ਪਾਹੁਲ' ਇਨ੍ਹਾਂ ਪੰਜਾਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਹੋ ਗਏ।

ਉਸ ਸਮੇਂ ਤੋਂ ਬਾਅਦ ਹਰ ਸਿੱਖ ਆਪਣੇ ਨਾਂ ਨਾਲ 'ਸਿੰਘ' ਲਿਖਦਾ ਹੈ। ਇਹ ਪਦਵੀ ਸਿੱਖਾਂ ਵਿੱਚ ਕੌਮੀ ਜਜ਼ਬੇ ਅਤੇ ਸ਼ਕਤੀ ਦਾ ਪ੍ਰਤੀਕ ਹੈ। ਪੰਜ ਕਕਾਰਾਂ ਦੀ ਰਹਿਤ ਧਾਰਨ ਕਰਕੇ, ਸੰਤ-ਸਿਪਾਹੀ ਬਣ ਕੇ ਖੁੱਲ੍ਹੇ ਦਰਸ਼ਨੀ ਦਾੜ੍ਹੇ ਦਾ ਦੀਦਾਰ ਅਤੇ ਸਿਰ 'ਤੇ ਸਜੀਲਾ ਦਸਤਾਰਾ 'ਸਿੰਘ' ਦੀ ਰਹਿਤ-ਬਹਿਤ ਦਾ ਸੰਕੇਤ ਦੇਂਦਾ ਹੈ। ਇਹੋ ਕਾਰਨ ਹੈ ਕਿ ਸਿੰਘ ਦੁਸ਼ਮਣਾਂ ਦੀਆਂ ਸਫਾਂ ਵਿੱਚ ਵੀ 'ਹਿੰਮਤ ਅਤੇ ਬਹਾਦਰੀ' ਦੀਆਂ ਸਿਫਤਾਂ ਨਾਲ ਲਬਰੇਜ਼ ਹੋ ਨਿੱਬੜੇ। ਕਾਜ਼ੀ ਨੂਰ ਮੁਹੰਮਦ ਜੋ ਅਹਿਮਦ ਸ਼ਾਹ ਦੁਰਾਨੀ ਦੇ ਹਿੰਦੁਸਤਾਨ ਉਤੇ ਸਤਵੇਂ ਹਮਲੇ ਵਿੱਚ ਸ਼ਾਮਲ ਸੀ, ਜਿਥੇ ਸਿੱਖਾਂ ਪ੍ਰਤੀ ਬੜੀ ਉਜੱਡ ਅਤੇ ਬਦ-ਅਸੀਸ ਦੇਣ ਵਾਲੀ ਜ਼ੁਬਾਨ ਵਰਤਦਾ ਹੈ ਪਰ ਉੱਥੇ 'ਸਿੰਘਾਂ' ਦੀਆਂ ਸਿਫਤਾਂ ਕਰਦਾ ਵੀ ਨਹੀਂ ਥੱਕਦਾ। ਕਾਜ਼ੀ ਨੂਰ ਮੁਹੰਮਦ ਨੇ ਫਾਰਸੀ ਕਵਿਤਾ ਵਿੱਚ ਸਾਰਾ ਇਤਿਹਾਸ ਲਿਖਿਆ ਹੈ, ਜਿਸ ਵਿੱਚ ਉਹ ਵਾਰ-ਵਾਰ 'ਸਿੰਘ' ਸ਼ਬਦ ਦੀ ਵਰਤੋਂ ਕਰਦਾ ਹੈ।

'ਸਿੰਘ' ਸ਼ਬਦ ਦੀ ਪਰਿਭਾਸ਼ਾ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ- "ਖੰਡੇ ਦਾ ਅਮ੍ਰਿਤਧਾਰੀ ਗੁਰੂ ਨਾਨਕ ਪੰਥੀ ਖਾਲਸਾ" (ਗੁਰਸ਼ਬਦ ਰਤਨਾਗਰ ਮਹਾਨ ਕੋਸ਼, ਦਿੱਲੀ ਛਾਪ, 1990, ਸਫਾ-193)। 'ਦੀ- ਇਨਸਾਈਕਲੋਪੀਡੀਆ ਆਫ ਸਿੱਖਇਜ਼ਮ' ਅਨੁਸਾਰ (**Singh:** from Sanskrit **Sinha** for Lion is an essential component of the name for a Sikh male. Every Sikh male name must end with 'Singh' (Vol. IV, Patiala, 1998)

ਡਾ. ਹਰਜਿੰਦਰ ਸਿੰਘ ਦਿਲਗੀਰ ਆਪਣੀ ਪੁਸਤਕ ਵਿੱਚ 'ਸਿੰਘ' ਦੀ ਪਰਿਭਾਸ਼ਾ ਨੂੰ ਥੋੜ੍ਹੇ ਵਿਸਥਾਰ ਨਾਲ ਬਿਆਨ ਕਰਦੇ ਹਨ: "Singh" Literally: Lion, Singh is an inseparable part of the names of all the male Sikhs. A Sikh must use

Singh as his second name does not include the word Singh cannot claim himself to be a Sikh. Singh is not a suffix, it is an integral part of the name of a male Sikh. Adoption of the name 'Singh' also symbolises Sikh National Cohesion."

(The Sikh Reference Book, Canada, 1997, Page 64.)

'ਸਿੱਖ' ਇਕ ਰੂਹਾਨੀ ਪਦਵੀ ਦਾ ਲਖਾਇਕ ਹੈ, ਜਦ ਕਿ 'ਸਿੰਘ' ਸਮਾਜਕ, ਸਿਆਸੀ ਅਧਿਕਾਰ ਦਾ। ਦਸਤੂਰ ਮੁਤਾਬਕ ਸਾਰੇ 'ਸਿੰਘ' ਸਿੱਖ ਹੀ ਹਨ ਅਤੇ ਸਾਰੇ ਸਿੱਖਾਂ ਨੂੰ 'ਸਿੰਘ' ਵੀ ਆਖਿਆ ਜਾਂਦਾ ਹੈ। ਭਾਵਨਾਤਮਕ ਦ੍ਰਿਸ਼ਟੀਕੋਣ ਤੋਂ ਉਹ ਕੌਮ ਦੇ ਸਮੂਹ ਦੀ ਨੇੜਤਾ ਦੇ ਮੁਦਈ ਹਨ ਅਤੇ ਸਮਾਜਕ ਅਤੇ ਸਿਆਸੀ ਪੱਖੋਂ ਗਤੀਸ਼ੀਲਤਾ ਦੀ ਪੈੜ ਸਿਰਜਦੇ ਹਨ। ਉਨ੍ਹਾਂ ਦਾ ਰੁਤਬਾ-ਖਾਸ ਕਾਨੂੰਨੀ ਤੌਰ 'ਤੇ ਵੀ ਸਵੀਕਾਰ ਕੀਤਾ ਗਿਆ ਹੈ। ਸਿੱਖ ਗੁਰਦੁਆਰਾ ਐਕਟ 1925 ਅਤੇ ਦਿੱਲੀ ਸਿੱਖ ਗੁਰਦੁਆਰਾ ਐਕਟ 1971 ਹੇਠ ਸਾਰੇ ਬਾਲਗ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਇਲੈਕਸ਼ਨਾਂ ਦੀ ਵੋਟਰ ਸੂਚੀ ਵਿੱਚ ਸ਼ਾਮਲ ਕੀਤੇ ਜਾਂਦੇ ਹਨ ਪਰ ਕੇਵਲ ਅੰਮ੍ਰਿਤਧਾਰੀ ਸਿੱਖ/ਸਿੰਘ ਹੀ ਇਨ੍ਹਾਂ ਕਮੇਟੀਆਂ ਲਈ ਯੋਗਤਾ ਪ੍ਰਾਪਤ ਹੋ ਸਕਦੇ ਹਨ। ਸ਼੍ਰੋ. ਗੁ. ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਛਾਪੀ ਗਈ 'ਸਿੱਖ ਰਹਿਤ ਮਰਯਾਦਾ' ਅਨੁਸਾਰ 'ਸ਼ਖਸੀ ਰਹਿਣੀ' ਅਤੇ 'ਪੰਥਕ ਰਹਿਣੀ' ਦਿੱਤੀ ਗਈ ਹੈ। 'ਸ਼ਖਸੀ ਰਹਿਣੀ' ਸਿੱਖ ਦੇ ਨਿੱਜੀ ਜੀਵਨ 'ਤੇ ਲਾਗੂ ਹੈ ਜਦਕਿ 'ਪੰਥਕ ਰਹਿਣੀ 'ਸਿੱਖ ਦੇ ਕੌਮੀ ਮਾਰਗ-ਦਰਸ਼ਨ ਲਈ ਜ਼ਰੂਰੀ ਕਰਾਰ ਦਿੱਤੀ ਗਈ ਹੈ। ਬਹੁਤ ਸਾਰੇ ਸਿੱਖ ਕਿਸੇ ਗੁੜ੍ਹੀ ਸਾਜ਼ਿਸ਼ ਤਹਿਤ ਆਪਣੇ ਨਾਵਾਂ ਨਾਲ 'ਸਿੰਘ' ਸ਼ਬਦ ਲਿਖਦੇ ਨਹੀਂ। ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਉਹ ਆਪਣੇ ਸ਼ਾਨਦਾਰ ਵਿਰਸੇ ਦੀਆਂ ਜੜ੍ਹਾਂ ਆਪ ਹੀ ਕੱਟ ਰਹੇ ਹਨ ਅਤੇ ਸਿੱਖ-ਦੁਸ਼ਮਣਾਂ ਦੀਆਂ ਚਾਲਾਂ ਵਿੱਚ ਗਲਤਾਨ ਹੋ ਕੇ, ਭੇਡ-ਚਾਲ ਚੱਲੀ ਜਾ ਰਹੇ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਿਥੇ ਸਿੱਖ ਨੂੰ 'ਸਿੰਘ' ਦੀ ਪਦਵੀ ਦਿੱਤੀ, ਉਥੇ ਸਿੱਖਣੀ ਨੂੰ 'ਕੌਰ' ਦੀ ਉਪਾਧੀ ਬਖਸ਼ੀ। 'ਕੌਰ' ਦੀ ਪਰਿਭਾਸ਼ਾ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ "ਉਸ ਸਿੰਘਣੀ ਦੀ ਉਪਾਧਿ, ਜਿਸ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੈ, ਜੈਸੇ ਪੁਰਖ ਦੇ ਨਾਉਂ ਨਾਲ 'ਸਿੰਘ' ਸ਼ਬਦ ਜੋੜਿਆ ਜਾਂਦਾ ਹੈ ਤੈਸੇ ਸਿੰਘਣੀ ਦੇ ਨਾਉਂ ਨਾਲ 'ਕੌਰ' ਸ਼ਬਦ ਲਾਈਦਾ ਹੈ, ਅਸਲ ਵਿੱਚ ਇਹ ਸ਼ਬਦ 'ਕੁਵਰਿ' (ਕੌਰਿ) ਹੈ।"

(ਗੁਰਸ਼ਬਦ ਰਤਨਾਕਰ ਮਹਾਨਕੋਸ਼, ਉਹੀ, ਸਫਾ: 353)

'ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ' ਵਿੱਚ ਇਸ ਸ਼ਬਦ ਨੂੰ ਇੰਜ ਪਰਿਭਾਸ਼ਿਤ ਕੀਤਾ ਗਿਆ ਹੈ-

Kaur: from Sanskrit Kumar or Kunvari; meaning a princess. young girl or virgin, is a suffix, which by tradition and under stipulated code of conduct, is added to the name of all Sikh females, so that like their male countepart, Singhs, they all have a common surname.

(Vol. II, Patiala, 1996, Page 461)

ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਸਿੰਘਣੀਆਂ ਨੇ ਸਿੰਘਾਂ ਦੇ ਮੋਢੇ ਦੇ ਨਾਲ

ਮੋਢਾ ਡਾਹ ਕੇ ਭਾਰੀ ਦੁਸ਼ਮਣ ਫ਼ੌਜਾਂ ਉੱਤੇ ਫ਼ਤਹਿ-ਯਾਬੀਆਂ ਪਾਈਆਂ ਅਤੇ ਆਪਣਾ ਨਾਂ ਤਵਾਰੀਖ ਵਿੱਚ ਅਮਰ ਕਰ ਗਈਆਂ। ਸਿੱਖ ਧਰਮ ਵਿੱਚ 'ਸਿੰਘ' ਅਤੇ 'ਕੌਰ' ਦਾ ਇਕੋ ਸਨਮਾਨ ਅਤੇ ਪਦਵੀ ਹੈ। 'ਕੌਰ' ਪੰਜ ਪਿਆਰਿਆਂ ਵਿੱਚ ਵੀ ਸ਼ਾਮਲ ਹੋ ਸਕਦੀ ਹੈ, ਦਰਬਾਰ ਸਾਹਿਬ ਵਿੱਚ 'ਕੀਰਤਨ ਅਤੇ ਸੇਵਾ' ਵੀ ਕਰ ਸਕਦੀ ਹੈ। ਇਹ ਅਧਿਕਾਰ ਉਸ ਨੂੰ 'ਗੁਰੂ ਖਾਲਸਾ ਪੰਥ' ਵੱਲੋਂ ਦਿੱਤਾ ਗਿਆ ਹੈ।

'ਕੌਰ' ਬਾਰੇ ਹੋਰ ਤਫਸੀਲ ਦੇਂਦੇ ਹੋਏ ਡਾ. ਦਿਲਗੀਰ ਲਿਖਦੇ ਹਨ:

"**Kaur:** Literally means **princess.** A Sikh girl is supposed to be as brave and responsible as a male prince. This sympolises equality of women and men in Sikhism. It also represents Sikh National Cohesion."

(The Sikh Reference Book, op. cit. P. 54)

ਅਜੋਕੇ ਸਮੇਂ ਜਦੋਂ ਸੰਸਾਰ ਦੇ ਕਈ ਖਿੱਤਿਆਂ ਵਿੱਚ ਸਿੱਖਾਂ 'ਤੇ ਹਨੇਰੀਆਂ ਅਤੇ ਝੱਖੜ ਝੁੱਲ ਰਹੇ ਹਨ, ਸਾਰੇ ਸਿੱਖਾਂ ਨੂੰ ਆਪਣੇ ਨਾਵਾਂ ਨਾਲ 'ਸਿੰਘ' ਅਤੇ 'ਕੌਰ' ਲਿਖਣਾ ਚਾਹੀਦਾ ਹੈ ਅਤੇ ਸਾਬਤ-ਸੂਰਤ ਰਹਿ ਕੇ ਕੌਮੀ ਸੰਯੁਕਤ ਹੋਣ ਦੀ ਪਰਵਿਰਤੀ ਦਾ ਮੁਜ਼ਾਹਰਾ ਕਰਨਾ ਚਾਹੀਦਾ ਹੈ। ਇਸ ਵਿੱਚ ਸਿੱਖ ਕੌਮ ਦਾ ਅਤੇ ਸਿੱਖਾਂ ਦਾ ਭਲਾ ਹੈ।

* * *

ਆਪਣੇ ਵਿਰਸੇ ਪ੍ਰਤੀ ਜਾਗਰੂਕ ਹੋਵੋ

ਅੱਜ ਸਰਬ-ਸੰਸਾਰ ਗਲੋਬਲ ਪਿੰਡ ਬਣ ਚੁੱਕਾ ਹੈ। ਗਲੋਬ ਦੇ ਹਰ ਪਾਸੇ ਆਪਣੇ ਬੁਤ ਨੂੰ ਸੁਰੱਖਿਅਤ ਰੱਖਣ ਲਈ ਵੱਡੇ ਉਪਰਾਲੇ ਹੋ ਰਹੇ ਹਨ ਪਰ ਸਿੱਖ ਆਪਣੇ ਵਿਰਸੇ ਨੂੰ ਤਬਾਹ ਹੁੰਦੇ ਵੇਖ ਕੇ ਚੁੱਪ ਸਾਧ ਬੈਠੇ ਹਨ। ਅਜੋਕੇ-ਯੁਗ ਵਿੱਚ ਕਰੋੜਾਂ ਰੁਪਏ ਗੁਰਦੁਆਰਾ ਸਾਹਿਬਾਨ ਦੀਆਂ ਸ਼ਾਨਦਾਰ ਇਮਾਰਤਾਂ 'ਤੇ ਖਰਚ ਕੀਤੇ ਜਾ ਰਹੇ ਹਨ। ਹਰ ਸਾਲ ਤਕਰੀਬਨ ਦਰਜਨ-ਕੁ ਪੁਰਾਤਨ ਸ਼ਾਨਦਾਰ ਅਤੇ ਖਾਲਸੇ ਦੇ ਗੌਰਵ ਨਾਲ ਸਬੰਧਤ ਇਮਾਰਤਾਂ ਬੇਦਰਦੀ ਨਾਲ ਖਤਮ ਹੋ ਰਹੀਆਂ ਹਨ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਪਾਸੇ ਵੱਲ ਧਿਆਨ ਦੇਣ ਦੀ ਲੋੜ ਹੈ। ਸਿੱਖ ਵਿਰਸੇ ਪ੍ਰਤੀ ਜਾਗਰੂਕ ਹੋਣ ਦੀ ਫੌਰਨ ਲੋੜ ਹੈ ਤਾਂ ਜੋ ਸਿੱਖਾਂ ਦੀ ਗੌਰਵਮਈ ਤਵਾਰੀਖ ਨੂੰ ਸੰਭਾਲਿਆ ਜਾ ਸਕੇ।

ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਪਏ ਅਨੇਕਾਂ ਹੀ ਦੁਰਲੱਭ ਖਰੜੇ ਅਤੇ ਪੁਸਤਕਾਂ ਗਲ-ਲੜ ਰਹੀਆਂ ਹਨ। ਉਨ੍ਹਾਂ ਨੂੰ ਸੁਚੱਜੇ ਢੰਗ ਨਾਲ ਸੁਰੱਖਿਅਤ ਰੱਖਣ ਦੇ ਉਪਰਾਲੇ ਕਰਨੇ ਬਹੁਤ ਜ਼ਰੂਰੀ ਹਨ। ਸਾਡੇ ਕੰਧ-ਚਿੱਤਰ ਬੜੀ ਤੇਜ਼ੀ ਨਾਲ ਅਲੋਪ ਹੋ ਰਹੇ ਹਨ। ਉਨ੍ਹਾਂ ਬਾਰੇ ਅਸਾਂ ਕੀ ਕੀਤਾ ਹੈ ? ਸਾਡੀਆਂ ਤਵਾਰੀਖੀ ਬਹੁ-ਮੁੱਲੀਆਂ ਯਾਦਗਾਰਾਂ ਅੱਜ ਵੀ ਇੰਗਲੈਂਡ ਅਤੇ ਯੂਰਪ ਦੇ ਆਸ-ਪਾਸ ਬਿਖਰੀਆਂ ਪਈਆਂ ਹਨ। ਇਨ੍ਹਾਂ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ 'ਕਲਗੀ' ਵੀ ਹੈ। ਕੀ ਸਿੱਖਾਂ ਨੇ ਉਨ੍ਹਾਂ ਨੂੰ ਹਾਸਲ ਕਰਨ ਲਈ ਕੋਈ ਉਪਰਾਲਾ ਕੀਤਾ ਹੈ।

੧੯੮੪ ਵਿੱਚ ਭਾਰਤੀ ਫੌਜ ਵੱਲੋਂ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਸੈਂਕੜੇ ਦੁਰਲੱਭ ਲਿਖਤਾਂ, ਗ੍ਰੰਥ, ਪੁਸਤਕਾਂ ਆਦਿ ਨੂੰ ਚੁੱਕ ਕੇ ਲੈ ਗਏ ਸਨ ਜੋ ਅੱਜ ਵੀ ਕਿਸੇ ਭਾਰਤੀ ਫੌਜੀ ਜਰਨਲ ਦੇ ਘਰ ਸੁਰੱਖਿਅਤ ਰੱਖੇ ਗਏ ਹਨ। ਕੀ ਸਿੱਖਾਂ ਨੇ ਉਨ੍ਹਾਂ ਨੂੰ ਵਾਪਸ ਲੈਣ ਦਾ ਕੋਈ ਤਰੀਕਾ ਲੱਭਿਆ ਹੈ ?

ਪਾਉਂਟਾ ਸਾਹਿਬ ਗੁਰਦੁਆਰਾ ਸਾਹਿਬ ਅੰਦਰ ਜਾਂਦਿਆਂ ਹੀ ਸ਼ੀਸ਼ੇ ਦੇ ਬਕਸੇ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਉਹ ਇਤਿਹਾਸਕ 'ਕਲਮ' ਪਈ ਹੈ ਜਿਸ ਵੱਲ ਕਿਸੇ ਯਾਤਰੂ ਦੀ ਨਜ਼ਰ ਘੱਟ ਹੀ ਜਾਂਦੀ ਹੈ। ਕੀ ਗੁਰੂ ਸਾਹਿਬ ਨੇ ਇਸੇ ਕਲਮ ਰਾਹੀਂ ਜ਼ਫਰਨਾਮਾ ਲਿਖਿਆ ਸੀ ? ਇਹ ਨੁੱਕਤਾ ਖੋਜ ਦਾ ਮੁੱਹਤਾਜ ਹੈ। ਦਮਦਮਾ ਸਾਹਿਬ ਵਿੱਚ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ 'ਸ਼ੀਸ਼ਾ' ਵੀ ਪਿਆ ਹੈ ਜਿਸ ਨੂੰ ਹਰ ਯਾਤਰੂ ਨੂੰ ਹੱਥ ਲਾਉਣ ਦੀ ਪਿਰਤ ਪਾਈ ਜਾ ਰਹੀ ਹੈ। ਕਈ ਗੁਰਦੁਆਰਿਆਂ ਵਿੱਚ ਸਾਡੇ ਗੁਰੂ ਸਾਹਿਬਾਨ ਦੇ ਹਥਿਆਰ, ਸ਼ਸਤਰਾਂ ਨੂੰ ਰੋਜ਼ਮਰਾ ਹੱਥ ਵਿੱਚ ਫੜ ਕੇ ਦਰਸ਼ਨ ਕਰਾਏ ਜਾਂਦੇ ਹਨ। ਕਈ ਸ਼ਸਤਰਾਂ ਨੂੰ ਰੋਜ਼ ਇਸ਼ਨਾਨ ਕਰਾਇਆ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਜਦੋਂ ਪਾਉਂਟਾ ਸਾਹਿਬ ਵਿੱਚ ਦਰਬਾਰ ਲਾਉਂਦੇ ਸਨ ਤਾਂ ਉਹ ਪਿੱਪਲ ਦੇ ਦਰੱਖਤ ਹੇਠਾਂ ਹੀ ਦਰਬਾਰ ਸਜਾਉਂਦੇ ਸਨ। ਕੁਝ ਵਰ੍ਹੇ ਪਹਿਲਾਂ ਇਸ ਪਿੱਪਲ ਦੇ ਦਰੱਖਤ ਨੂੰ ਕੱਟ ਕੇ ਲੰਗਰ ਵਿੱਚ ਬਾਲਣ ਲਈ ਵਰਤਿਆ ਗਿਆ ਹੈ। ਤੁਸੀਂ ਹੈਰਾਨ ਹੋਵੋਗੇ

ਕਿ ਰੋਚਕ ਗੌਰਵਭਰੀ ਗੁਰਦੁਆਰਾ ਜੋਤੀ-ਸਰੂਪ ਸਰਹਿੰਦ ਦੀ ਇਮਾਰਤ ਹੁਣ ਨਹੀਂ ਹੈ। ਉਸ ਇਮਾਰਤ ਦੇ ਬਦਲੇ ਚਿੱਟੇ ਸੰਗਮਰਮਰ ਦੀ ਇਮਾਰਤ ਖੜ੍ਹੀ ਕਰ ਦਿੱਤੀ ਗਈ ਹੈ।

'ਗੁਰੂ ਕੇ ਮਹਿਲ' ਦਾ ਅਸਲੀ ਚੁੱਲ੍ਹਾ, ਦੀਵਾਰਾਂ ਅਤੇ ਉਹ ਕਿੱਲੀ ਜਿਸ ਨੂੰ ਫੜ ਕੇ ਗੁਰੂ ਅਮਰਦਾਸ ਸਾਹਿਬ ਇਬਾਦਤ ਦਾ ਪ੍ਰਯੋਗ ਕਰਦੇ ਸਨ, ਅਲੋਪ ਕੀਤੇ ਗਏ ਹਨ। ਇਸੇ ਤਰ੍ਹਾਂ ਬਾਰਾਮੂਲਾ ਕਸ਼ਮੀਰ ਵਿੱਚ ਉਹ ਚਿਨਾਰ ਦਾ ਦਰੱਖਤ ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਹੱਥੀਂ ਲਗਾਇਆ ਸੀ ਜੜ੍ਹੋਂ ਪੁੱਟ ਕੇ ਤਬਾਹ ਕੀਤਾ ਗਿਆ ਹੈ। ਠੰਢਾ ਬੁਰਜ ਸਰਹਿੰਦ, ਬਹਾਦਰਗੜ੍ਹ ਗੁਰਦੁਆਰਾ ਆਦਿ ਨੂੰ ਅਲੋਪ ਕਰਕੇ ਅਸੀਂ ਫਖਰ ਮਹਿਸੂਸ ਕਰ ਰਹੇ ਹਾਂ। ਹੋਰ ਵੀ ਕਿੰਨਾ ਕੁਝ ਅਸੀਂ ਗਵਾਉਂਦੇ ਜਾ ਰਹੇ ਹਾਂ। ਦੁਨੀਆਂ ਦੀ ਸਾਰੀ ਦੌਲਤ ਵੀ ਇਨ੍ਹਾਂ ਤਵਾਰੀਖੀ ਅਤੇ ਗੌਰਵਮਈ ਦੁਰਲੱਭ ਖਜ਼ਾਨੇ ਨੂੰ ਵਾਪਸ ਨਹੀਂ ਮੋੜ ਸਕਦੀ। ਹੈਰਾਨੀ ਇਹ ਹੈ ਕਿ ਇਹ ਸਾਰਾ ਕੁਝ 'ਕਾਰ ਸੇਵਾ' ਦੇ ਨਾਂ ਹੇਠ ਹੋ ਰਿਹਾ ਹੈ। ਕੀ ਸੰਸਾਰ ਦੇ ਸਿੱਖ ਇਸ ਵੱਲ ਜਾਗਰੂਕ ਹੋਣਗੇ ?

* * *

ਸ੍ਰ. ਜੱਸਾ ਸਿੰਘ ਰਾਮਗੜ੍ਹੀਆ- ਇੱਕ ਪ੍ਰੀਚੈ

ਸ੍ਰ. ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਗਿਆਨੀ ਭਗਵਾਨ ਸਿੰਘ ਦੇ ਘਰ ੨੧ ਮਈ ੧੭੨੩ ਨੂੰ ਇਛੋਗਿਲ ਪਿੰਡ ਵਿੱਚ ਹੋਇਆ ਜੋ ਲਾਹੌਰ ਤੋਂ ੨੦ ਕਿਲੋਮੀਟਰ ਦੂਰ ਹੈ। ਇਸ ਦੇ ਦਾਦੇ ਹਰਦਾਸ ਸਿੰਘ (ਮੌਤ ੧੭੧੬) ਨੇ ਗੁਰੂ ਗੋਬਿੰਦ ਸਿੰਘ ਸਾਹਿਬ ਕੋਲੋਂ ਖੰਡੇ ਬਾਟੇ ਦੀ ਪਾਹੁਲ ਲਈ ਸੀ ਅਤੇ ਬਾਅਦ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਸਮੇਂ ਲੜਾਈਆਂ ਵਿੱਚ ਸ਼ਾਮਿਲ ਰਿਹਾ ਸੀ। ਗਿਆਨੀ ਭਗਵਾਨ ਸਿੰਘ ਵੀ ਨਾਦਰ ਸ਼ਾਹ ਨਾਲ ਲੜਦੇ ਹੋਏ ੧੭੩੯ ਵਿੱਚ ਸ਼ਹੀਦ ਹੋ ਗਿਆ ਸੀ। ਛੋਟੀ ਉਮਰ ਵਿੱਚ ਹੀ ਜੱਸਾ ਸਿੰਘ ਨੇ ਨੰਦ ਸਿੰਘ ਦੇ ਜੱਥੇ ਵਿੱਚ ਸ਼ਾਮਿਲ ਹੋ ਕੇ ਸ਼ਸਤਰ ਵਿੱਦਿਆ ਦੇ ਪੈਂਤੜਿਆਂ ਦੀ ਸਿੱਖਿਆ ਲੈ ਲਈ ਸੀ।

੧੭੪੫ ਵਿੱਚ ਜੱਸਾ ਸਿੰਘ ਨੂੰ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨਾਲ ਸੌਝਤਾ ਕਰਨ ਲਈ ਨਿਯੁਕਤ ਕੀਤਾ ਗਿਆ ਜੋ ਨਵਾਬ ਜ਼ਕਰੀਆ ਖਾਨ ਲਾਹੌਰ ਦੇ ਮੁਗਲ ਗਵਰਨਰ ਦੇ ਆਦੇਸ਼ ਮੁਤਾਬਿਕ ਸਿੱਖਾਂ 'ਤੇ ਸਖਤੀਆਂ ਅਤੇ ਜ਼ੁਲਮ ਤਸ਼ੱਦਦ ਕਰਦਾ ਰਹਿੰਦਾ ਸੀ। ਚਤੁਰ ਅਦੀਨਾ ਬੇਗ ਨੇ ਜੱਸਾ ਸਿੰਘ ਨੂੰ ਇਕ ਛੋਟੀ ਜਿਹੀ ਟੁਕੜੀ ਦਾ ਕਮਾਂਡਰ ਬਣਾ ਦਿੱਤਾ ਜਿਸ ਵਿੱਚ ੧੦੦ ਸਿੱਖ ਅਤੇ ੬੦ ਹਿੰਦੂ ਸ਼ਾਮਿਲ ਸਨ। ਸਿੱਖਾਂ ਨੇ ਜੱਸਾ ਸਿੰਘ ਦੀ ਇਸ ਕਰਤੂਤ ਦਾ ਬੁਰਾ ਮਨਾਇਆ ਜਿਸ ਕਾਰਨ ਉਹ ਅਦੀਨਾ ਬੇਗ ਨਾਲ ਬਹੁਤੀ ਦੇਰ ਟਿਕ ਨਾ ਸਕਿਆ। ਅਕਤੂਬਰ ੧੭੪੮ ਨੂੰ ਜਦੋਂ ਦੀਵਾਲੀ ਦੇ ਸਮੇਂ ਸਿੱਖ ਅੰਮ੍ਰਿਤਸਰ ਇਕੱਠੇ ਹੋਏ ਸਨ ਤਾਂ ਨਵੇਂ ਗਵਰਨਰ ਮੀਰ ਮੰਨੂੰ ਨੇ ਸਿੱਖਾਂ ਨੂੰ ਅੰਮ੍ਰਿਤਸਰ ਤੋਂ ਬਾਹਰ ਕੱਢਣ ਦੀ ਹਮਲਾਵਾਰਨਾ ਕਾਰਵਾਈ ਆਰੰਭੀ। ਸਿੱਖ ਆਸ ਪਾਸ ਦੇ ਜੰਗਲਾਂ ਵੱਲ ਚਲੇ ਗਏ ਅਤੇ ਬਾਕੀ ੫੦੦ ਦੇ ਕਰੀਬ ਸਿੰਘਾਂ ਨੇ ਰਾਮ ਰੌਣੀ ਦੇ ਕਿਲ੍ਹੇ ਵਿੱਚ ਸ਼ਰਨ ਲੈ ਲਈ। ਮੁਗਲ ਫੌਜਾਂ ਨੇ ਕਿਲ੍ਹੇ ਦੀ ਘੇਰਾਬੰਦੀ ਕੀਤੀ ਅਤੇ ਮਿੱਟੀ ਦੇ ਕਿਲ੍ਹੇ ਨੂੰ ਢਾਹ ਦਿੱਤਾ ਗਿਆ। ਚਾਰ ਮਹੀਨੇ ਛੋਟੀਆਂ-ਮੋਟੀਆਂ ਝੜਪਾਂ ਹੁੰਦੀਆਂ ਰਹੀਆਂ ਜਿਨ੍ਹਾਂ ਵਿੱਚ ੨੦੦ ਸਿੱਖਾਂ ਨੇ ਸ਼ਹੀਦੀਆਂ ਪਾਈਆਂ। ਜੋ ਸਿੰਘ ਬਚੇ ਸਨ ਉਨ੍ਹਾਂ ਨੇ ਸਰਦਾਰ ਜੱਸਾ ਸਿੰਘ ਨੂੰ ਮਦਦ ਲਈ ਬੇਨਤੀ ਕੀਤੀ। ਜੱਸਾ ਸਿੰਘ ਨੇ ਅਦੀਨਾ ਬੇਗ ਨੂੰ ਛੱਡ ਦਿੱਤਾ ਅਤੇ ਕੌੜਾ ਮੱਲ (ਲਾਹੌਰ ਦਾ ਦੀਵਾਨ) ਸਹਿਜਧਾਰੀ ਸਿੱਖ ਨੂੰ ਆਖ ਕੇ ਸਿੱਖਾਂ ਦਾ ਬਚਾਅ ਕੀਤਾ। ਦੀਵਾਨ ਦੇ ਵਿੱਚ ਪੈਣ 'ਤੇ ਹੀ ਮੀਰ ਮੰਨੂੰ ਨੇ ਰਾਮ ਰੌਣੀ ਕਿਲ੍ਹੇ ਦਾ ਘੇਰਾ ਚੁੱਕਿਆ, ਜੋ ਮੁਕੰਮਲ ਤਬਾਹ ਹੋ ਗਿਆ ਸੀ। ਮੀਰ ਮੰਨੂੰ ਦੀ ਮੌਤ ਨਵੰਬਰ ੧੭੫੩ ਵਿੱਚ ਹੋਈ ਅਤੇ ਸਿੱਖ ਜੰਗਲਾਂ 'ਚੋਂ ਬਾਹਰ ਆਏ ਅਤੇ ਰਾਮ ਰੌਣੀ ਦਾ ਕਿਲ੍ਹਾ ਦੁਬਾਰਾ ਬਣਾਇਆ। ਇਹ ਸਾਰਾ ਕੰਮ ਸ੍ਰ. ਜੱਸਾ ਸਿੰਘ ਦੀ ਰੇਖ ਦੇਖ ਹੇਠ ਹੋਇਆ ਅਤੇ ਨਵੇਂ ਬਣੇ ਕਿਲ੍ਹੇ ਦਾ ਨਾਂ 'ਰਾਮਗੜ੍ਹ' ਰੱਖਿਆ ਗਿਆ। ਇਸ ਤੋਂ ਬਾਅਦ ਜੱਸਾ ਸਿੰਘ ਦੇ ਨਾਂ ਨਾਲ 'ਰਾਮਗੜ੍ਹੀਆ' ਸ਼ਬਦ ਜੁੜ ਗਿਆ।

ਸ੍ਰ. ਜੱਸਾ ਸਿੰਘ ਨੇ ਕਨੱਈਆ ਮਿਸਲ ਨਾਲ ਮਿਲ ਕੇ ਦੀਨਾ ਨਗਰ, ਬਟਾਲਾ, ਕਲਾਨੌਰ, ਸ੍ਰੀ ਹਰਿਗੋਬਿੰਦਪੁਰ, ਕਾਦੀਆਂ, ਘੁਮਾਣ, ਮੱਤੇਵਾਲ, (ਬਾੜੀ ਦੋਆਬ) ਉੜਮੁੜ ਟਾਂਡਾ, ਸਰਾਇ, ਮੋਨੀ ਗੜ੍ਹਦੀਵਾਲਾ ਅਤੇ ਜ਼ਹੂਰਾ (ਜਲੰਧਰ ਦੋਆਬ) ਫਤਹਿ ਕੀਤੇ। ਪਹਾੜੀਆਂ ਨੇ ਕਾਂਗੜਾ,

ਨੂਰਪੁਰ, ਮੰਡੀ ਅਤੇ ਚੰਬਾ ਵੱਲੋਂ ਦੋ ਲੱਖ ਰੁਪਏ ਦਾ ਨਜ਼ਰਾਨਾ ਭੇਟ ਕੀਤਾ। ਪਰ ਇਕ ਵੇਰ ਜੱਸਾ ਸਿੰਘ ਆਹਲੂਵਾਲੀਆ ਨਾਲ ਟਾਕਰਾ ਹੋਣ ਕਾਰਨ, ਇਸੇ ਨੂੰ ਸਤਲੁਜੋਂ ਪਾਰ ਹੋ ਕੇ ਸਰਸੇ ਰਹਿ ਕੇ ਦਿਨ ਕੱਟਣੇ ਪਏ। ੧੭੮੩ ਤਕ ਇਹ ਸਰਸੇ ਰਹਿ ਕੇ ਦਿੱਲੀ, ਮੇਰਠ ਤਕ ਮਾਰਾਂ ਮਾਰਦਾ ਰਿਹਾ। ਹਿਸਾਰ ਦੇ ਹਾਕਮ ਪਾਸੋਂ ਬ੍ਰਾਹਮਣ ਲੜਕੀਆਂ ਨੂੰ ਜੰਗ ਕਰ ਕੇ ਛੁਡਾਉਣ 'ਤੇ ਇਸ ਦੀ ਉਸ ਖਿੱਤੇ ਵਿੱਚ ਵੱਡੀ ਮਹਿਮਾ ਫੈਲੀ। ਇਹ ਗੁਰਬਾਣੀ ਦਾ ਗਿਆਤਾ ਅਤੇ ਵੰਡ ਦੇ ਛਕਣ ਵਾਲਾ ਜਰਨੈਲ ਸੀ। ਅਹਿਮਦ ਸ਼ਾਹ ਦੁਰਾਨੀ ਨਾਲ ਜੋ ਖਾਲਸੇ ਦੇ ਜੰਗ ਹੋਏ, ਇਹ ਉਨ੍ਹਾਂ ਵਿੱਚ ਲਗਾਤਾਰ ਸ਼ਾਮਿਲ ਹੁੰਦਾ ਰਿਹਾ ਹੈ।

ਇਕ ਸੋਮੇਂ ਅਨੁਸਾਰ ਜਦੋਂ ਸ਼ੁਰੂ ਵਿੱਚ ਪੰਥ ਨੇ ਇਸ ਨੂੰ ਕੁੜੀ ਮਾਰਨ ਦਾ ਕਲੰਕ ਲਾ ਕੇ ਸੰਗਤ ਵਿੱਚੋਂ ਛੇਕ ਦਿੱਤਾ, ਇਹ ਆਪਣੇ ਚਾਰ ਭਾਈਆਂ ਸਮੇਤ ਜਲੰਧਰ ਦੇ ਹਾਕਮ ਅਦੀਨਾ ਬੇਗ ਪਾਸ ਨੌਕਰ ਹੋ ਗਿਆ ਸੀ। ਬਾਅਦ ਵਿੱਚ ਇਸ ਨੇ ਅੰਮ੍ਰਿਤਸਰ ਜਾ ਕੇ ਖਾਲਸੇ ਕੋਲੋਂ ਮੁਆਫੀ ਮੰਗੀ ਅਤੇ ਅਦੀਨਾ ਬੇਗ ਦੀ ਨੌਕਰੀ ਛੱਡ ਦਿੱਤੀ।

ਇੱਕ ਦਹਾਕੇ ਅੰਦਰ ਜੱਸਾ ਸਿੰਘ ਦਲ ਖਾਲਸਾ ਦਾ ਸਿਰਕੱਢ ਸਿਰਲੱਥ ਯੋਧਾ ਬਣ ਗਿਆ। ਇਸ ਨੇ ਤਲਵਾੜਾ, ਬਿਆਸ ਦੇ ਖੱਬੇ ਪਾਸੇ ਕਿਲ੍ਹਾ ਬਣਾਇਆ। ਜੱਸਾ ਸਿੰਘ ਰਾਮਗੜ੍ਹੀਆ ਨੇ ਦਿੱਲੀ ਤੋਂ ਪੰਜਾਬ ਆ ਕੇ ਖੋਹੀਆਂ ਹੋਈਆਂ ਥਾਵਾਂ ਲੈ ਲਈਆਂ। ਜੱਸਾ ਸਿੰਘ ਨੇ ਸ਼ੁਕਰਚੱਕੀਆ ਮਿਸਲ ਨਾਲ ਮਿਲ ਕੇ ਆਪਣੇ ਪੁਰਾਣੇ ਦੁਸ਼ਮਣ ਜੈ ਸਿੰਘ ਕਨਿਆਂ ਨੂੰ ੧੭੮੭ ਵਿੱਚ ਬਟਾਲਾ ਵਿੱਚ ਮਾਰ ਦਿੱਤਾ ਅਤੇ ਬਟਾਲਾ ਦੇ ਇਰਦ ਗਿਰਦ ਕਿਲ੍ਹਾ ਬਣਾ ਕੇ ਰਹਿਣ ਲੱਗ ਪਿਆ।

ਜੱਸਾ ਸਿੰਘ ਦਾ ਦੇਹਾਂਤ ੨੦ ਅਪ੍ਰੈਲ ੧੮੦੩ ਨੂੰ ੮੦ ਵਰ੍ਹੇ ਦੀ ਉਮਰ ਵਿੱਚ ਹੋਇਆ। ਬਾਅਦ ਵਿੱਚ ਇਸ ਦੇ ਸਪੁੱਤਰ ਸ੍ਰ. ਜੋਧ ਸਿੰਘ ਰਾਮਗੜ੍ਹੀਆ ਨੇ ੧੮੦੮ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸ਼ਰਨ ਅੰਗੀਕਾਰ ਕੀਤੀ।

* * *

ਅਫ਼ਗਾਨਿਸਤਾਨ ਦੇ ਇਤਿਹਾਸਕ ਗੁਰਦੁਆਰੇ ਅਤੇ ਅਸਥਾਨ

ਸਿੱਖ ਤਵਾਰੀਖ ਅਨੁਸਾਰ ਕਾਬਲ ਸਿੱਖੀ ਦਾ ਵੱਡਾ ਕੇਂਦਰ ਰਿਹਾ ਸੀ। ਕਾਬਲ, ਅਫ਼ਗਾਨਿਸਤਾਨ ਦੀ ਰਾਜਧਾਨੀ ਹੈ। ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਬਗਦਾਦ ਤੋਂ ਆਉਂਦੇ ਸਮੇਂ 1520-21 ਨੂੰ ਕਾਬਲ ਆ ਕੇ ਠਹਿਰੇ ਸਨ।

ਗੁਰੂ ਨਾਨਕ ਸਾਹਿਬ ਦੀ ਯਾਦ ਵਿੱਚ ਪਾਨਚੌਂਕ, ਜਬਾ (ਕਾਬਲ) ਵਿਚ ਇਤਿਹਾਸਕ ਗੁਰਦੁਆਰਾ ਸਾਹਿਬ ਬਣਿਆ ਹੋਇਆ ਸੀ ਪਰ 1947 ਤੋਂ ਬਾਅਦ ਅਫ਼ਗਾਨਿਸਤਾਨ ਸਰਕਾਰ ਨੇ ਗੁਰਦੁਆਰਾ ਸਾਹਿਬ ਢਾਹ ਕੇ ਇਥੇ ਸੜਕ ਬਣਾ ਲਈ ਸੀ। ਨਵਾਂ ਗੁਰਦੁਆਰਾ ਸਾਹਿਬ, ਸਿੱਖਾਂ ਨੇ ਦੂਜੀ ਥਾਂ ਉਸਾਰ ਦਿੱਤਾ ਸੀ। ਕਾਬਲ, ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਸਾਹਿਬ ਦੇ ਸਮੇਂ ਪ੍ਰਮੁੱਖ ਸਿੱਖੀ ਦਾ ਸੈਂਟਰ ਮੰਨਿਆ ਜਾਂਦਾ ਸੀ। ਅਫ਼ਗਾਨਿਸਤਾਨ ਦੀ ਧਰਤੀ ਤੇ ਬਹੁਤ ਸਾਰੇ ਇਤਿਹਾਸਕ ਅਸਥਾਨ ਅਤੇ ਯਾਦ ਚਿੰਨ੍ਹ ਹਨ ਜੋ ਇਸ ਪ੍ਰਕਾਰ ਹਨ:

ਗੁਰਦੁਆਰਾ ਚੋਹਾ ਸਾਹਿਬ: ਇਹ ਇਤਿਹਾਸਕ ਅਸਥਾਨ ਜਲਾਲਾਬਾਦ ਵਿੱਚ ਹੈ ਜਿਸ ਦਾ ਅਕਸ਼ਾਂਸ 34°-26' ਅਤੇ ਰੇਖਾਂਸ਼ ਦੇਸ਼ਾਂਤਰ 70°-28' ਹੈ। ਇਹ ਅਫ਼ਗਾਨਿਸਤਾਨ ਦੀ ਪੂਰਬੀ ਦਿਸ਼ਾ ਵੱਲ ਹੈ। 'ਗੁਰਦੁਆਰਾ ਚੋਹਾ ਸਾਹਿਬ ਪਾਤਸ਼ਾਹੀ-ਪਹਿਲੀ' ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣਿਆ ਹੈ ਜਦੋਂ ਗੁਰੂ ਸਾਹਿਬ 16ਵੀਂ ਸਦੀ ਦੇ ਸ਼ੁਰੂ ਵਿਚ ਮੱਕਾ ਮਦੀਨਾ ਅਤੇ ਬਗਦਾਦ ਤੋਂ ਹੋ ਕੇ ਇਥੇ ਆਏ ਸਨ। ਗੁਰੂ ਸਾਹਿਬ ਨੇ ਸੰਗਤਾਂ ਦੀ ਪਾਣੀ ਦੀ ਘਾਟ ਨੂੰ ਮਹਿਸੂਸ ਕਰਦਿਆਂ 'ਚਿਸ਼ਮਾ' ਠੰਡੇ ਪਾਣੀ ਦਾ ਕੱਢਿਆ ਸੀ।

ਗੁਰਦੁਆਰਾ ਗੁਰੂ ਨਾਨਕ ਚਿਸ਼ਮਾ: ਇਹ ਇਤਿਹਾਸਕ ਅਸਥਾਨ ਜਲਾਲਾਬਾਦ ਕਾਬਲ ਸੜਕ ਉੱਤੇ ਆਉਂਦਾ ਹੈ। ਜਲਾਲਾਬਾਦ ਤੋਂ ਇਹ ਅੱਠ ਕਿਲੋਮੀਟਰ ਦੂਰ ਹੈ।

ਕੌਡਾ ਸਾਹਿਬ: ਇਹ ਗੁਰਦੁਆਰਾ ਅਸਕਾ ਪਿੰਡ ਵਿਚ ਹੈ। ਇਥੋਂ ਦੀ ਇੱਕ ਮਾਈ ਜਿਸ ਨੂੰ ਸਿੱਖ ਇਤਿਹਾਸ ਵਿੱਚ 'ਕਾਬਲ ਵਾਲੀ ਮਾਈ' ਕਰ ਕੇ ਲਿਖਿਆ ਹੈ, ਅੰਮ੍ਰਿਤਸਰ ਜਾ ਕੇ ਕਾਰ ਸੇਵਾ ਕਰਦੀ ਸੀ।

ਗੁਰਦੁਆਰਾ ਚੱਕੀ ਸਾਹਿਬ: ਬਾਬਰ ਨੇ ਕਾਬਲ ਵਿਚ ਬਹੁਤੇ ਪੀਰ ਫਕੀਰ ਕੈਦ ਕਰਕੇ ਚੱਕੀਆਂ ਪੀਹਣ ਲਾ ਰੱਖੇ ਸਨ। ਜਦੋਂ ਗੁਰੂ ਨਾਨਕ ਸਾਹਿਬ ਕਾਬਲ ਪੁੱਜੇ ਤਾਂ ਉਹ ਵੀ ਕੈਦ ਕਰਕੇ ਚੱਕੀ ਪੀਹਣ ਲਾ ਦਿੱਤੇ। ਗੁਰੂ ਸਾਹਿਬ ਦੀ ਚੱਕੀ ਆਪ ਮੁਹਾਰੇ ਚੱਲ ਪਈ ਤਾਂ ਜਦੋਂ ਬਾਦਸ਼ਾਹ ਨੂੰ ਇਸ ਗੱਲ ਦੀ ਖਬਰ ਹੋਈ ਤਾਂ ਉਸ ਸਾਰੇ ਫਕੀਰ ਗੁਰੂ ਸਾਹਿਬ ਦੇ ਕਹਿਣ ਤੇ ਰਿਹਾ ਕਰ ਦਿੱਤੇ। ਉਸੇ ਚੱਕੀ ਦਾ ਉਪਰਲਾ ਪੁੜ ਕਾਬਲ ਸ਼ਹਿਰ ਵਿੱਚ ਭਾਈ ਸ਼ਿਆਮ ਸਿੰਘ ਦੀ ਧਰਮਸ਼ਾਲਾ ਵਿਚ ਪਿਆ ਹੈ ਅਤੇ ਚੱਕੀ ਦਾ ਹੇਠਲਾ ਪੁੜ 'ਸ਼ਾਹੀਬਾਗ' ਵਿੱਚ ਹੈ।

ਘੜੂਕਾ ਪਹਾੜ ਟਿੱਬੀ ਸਾਹਿਬ: ਇਹ ਥਾਂ ਕਾਬਲ ਤੋਂ 22 ਕਿਲੋਮੀਟਰ ਦੂਰ ਹੈ। ਦਿਨ

ਦੇ ਸਮੇਂ ਇੱਥੇ ਰੇਤ ਇਕੱਠੀ ਹੁੰਦੀ ਹੈ ਅਤੇ ਰਾਤ ਨੂੰ ਖਿੰਡ ਜਾਂਦੀ ਹੈ। ਸਵੇਰ ਨੂੰ ਉਸ ਟਿੱਬੀ ਤੇ ਘੋੜਿਆਂ ਦੀਆਂ ਪੈੜਾਂ ਦੇ ਨਿਸ਼ਾਨ ਬਹੁਤ ਹੁੰਦੇ ਹਨ।

ਹਜ਼ਾਰਾ ਪਰਬਤ: ਇਥੇ ਇਤਿਹਾਸ ਅਸਥਾਨ 'ਕੋਠਾ ਸਾਹਿਬ' ਕਰਕੇ ਪ੍ਰਸਿੱਧ ਹੈ। ਇਥੇ ਕੜਾਹ ਪ੍ਰਸ਼ਾਦ ਵਿੱਚ 'ਪੰਜਾ' ਲੱਗਦਾ ਹੈ।

ਬਾਬੇ ਦਾ ਥੜ੍ਹਾ: ਕਾਬਲ ਤੋਂ ਤਿੰਨ ਕਿਲੋਮੀਟਰ ਦੂਰ ਪੱਛਮੀ ਦਿਸ਼ਾ ਵੱਲ ਬਾਬਰ ਦੇ ਸੰਗਮਰਮਰੀ ਮਹਿਲ ਦੇ ਨੇੜੇ 'ਬਾਬੇ ਦਾ ਥੜ੍ਹਾ' ਕਰਕੇ ਪ੍ਰਸਿੱਧ ਹੈ ਜਿੱਥੇ ਬਾਬਰ ਨੇ ਆ ਕੇ ਗੁਰੂ ਸਾਹਿਬ ਤੋਂ ਕਾਮਯਾਬੀ ਦੀ ਅਰਦਾਸ ਲਈ ਬੇਨਤੀ ਕੀਤੀ ਸੀ।

ਕਾਬਲ ਦੇ ਆਸਪਾਸ ਬਹੁਤ ਸਾਰੇ ਅਜਿਹੇ ਪਿੰਡ ਹਨ ਜਿੱਥੇ ਗੁਰੂ ਨਾਨਕ ਸਾਹਿਬ ਦੇ ਚਮਤਕਾਰ ਮੁਕਾਮੀ ਲੋਕ ਦੱਸਦੇ ਹਨ। ਇਹ ਨਗਰ ਹਨ ਦਰਗਈ ਪਿੰਡ, ਜੋ ਮਾਲਕੰਦ ਦੇ ਪਹਾੜਾਂ ਵਿੱਚ ਹੈ। ਦਰਗਈ ਪਿੰਡ ਤੋਂ 9 ਕਿਲੋਮੀਟਰ ਦੂਰ ਉੱਤਰ ਵੱਲ ਇਕ ਪਿੰਡ ਬੁਨੇਰ ਹੈ ਜੋ ਯਾਕੀ ਦੇ ਪਰਗਣੇ ਵਿਚ ਆਉਂਦਾ ਹੈ। ਅਬਲੀਸ ਜੋ ਕਾਬਲ ਦੇ ਉੱਤਰ ਵੱਲ ਦੋ ਕਿਲੋਮੀਟਰ ਦੂਰ ਹੈ। ਇਸੇ ਤਰ੍ਹਾਂ ਹੋਰ ਵੀ ਪਿੰਡ ਹਨ ਜਿਵੇਂ ਲੁਕਮਾਨ, ਘੜੂਕਾ, ਕੁਰਮ, ਗੋਰੀ, ਬੁਗਲਾਨ ਆਦਿ ਜਿਥੇ ਗੁਰੂ ਸਾਹਿਬ ਕੇ ਅਸਥਾਨ ਚਿੰਨ੍ਹ ਦੱਸੇ ਜਾਂਦੇ ਹਨ।

ਇਨ੍ਹਾਂ ਇਤਿਹਾਸਕ ਅਸਥਾਨਾਂ ਦਾ ਜ਼ਿਕਰ ਗੁਰਦੁਆਰਾ ਦਰਪਣ, ਸ੍ਰੀ ਗੁਰ ਤੀਰਥ ਸੰਗ੍ਰਹਿ, ਰਿਪੁਦਮਨ ਪ੍ਰਕਾਸ਼, ਖੁਰਸ਼ੀਦ ਖਾਲਸਾ, ਸ੍ਰੀ ਗੁਰਦੁਆਰੇ ਦਰਸ਼ਨ, ਤਵਾਰੀਖ ਗੁਰਦੁਆਰਿਆਂ ਗੁਰਸ਼ਬਦ ਰਤਨਾਕਾਰ ਮਹਾਨ ਕੋਸ਼ ਆਦਿ ਪੁਸਤਕਾਂ ਵਿੱਚ ਸੰਖੇਪ ਤੌਰ ਤੇ ਆਇਆ ਹੈ।

* * *

ਮਹਾਰਾਜਾ ਦਲੀਪ ਸਿੰਘ ਦੇ ਸਮੇਂ ਸਾਜ਼ਸ਼ਾਂ ਅਤੇ ਬੁਰਛਾਗਰਦੀ ਦੀ ਦਾਸਤਾਨ

ਪੰਜਾਬ ਦੀ ਪਵਿੱਤਰ ਧਰਤੀ 'ਤੇ ਇਕ ਸਦੀ ਦੀ ਜੱਦੋ ਜਹਿਦ ਤੋਂ ਬਾਅਦ ਸਿੱਖਾਂ ਨੇ ਆਪਣਾ ਰਾਜ ਕਾਇਮ ਕਰ ਲਿਆ। ਇਸ ਦੀਆਂ ਨੀਹਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਚਾਲੀ ਸਾਲ ਸਿੱਖ ਸੂਰਮਿਆਂ ਨੂੰ ਅਤਿ ਕਠਨ ਘਾਲਨਾਵਾਂ ਅਤੇ ਸੰਘਰਸ਼ਾਂ ਵਿੱਚੋਂ ਗੁਜ਼ਰਨਾ ਪਿਆ। ਪਰ ਡੋਗਰਿਆਂ ਦੀਆਂ ਸਾਜ਼ਸ਼ਾਂ ਅਤੇ ਬੁਰਛਾਗਰਦੀ ਕਾਰਨ ਦਸ ਵਰ੍ਹੇ ਤੋਂ ਵੀ ਘੱਟ ਸਮੇਂ ਵਿੱਚ ਸਿੱਖ ਰਾਜ ਦਾ ਸੂਰਜ ਅਲੋਪ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਦੇ ਸੱਤ ਸਪੁੱਤਰਾਂ ਨੇ ਵੱਖ-ਵੱਖ ਮਾਵਾਂ ਤੋਂ ਜਨਮ ਲਿਆ ਸੀ। ਇਹੋ ਕਾਰਨ ਹੈ ਕਿ ਅੰਦਰੂਨੀ ਪ੍ਰਵਾਰਕ ਸਾਂਝ ਤੋਂ ਸੱਖਣੇ ਵੀ ਦਿਖਾਈ ਦਿੰਦੇ ਸਨ। ਸ਼ੇਰੇ ਪੰਜਾਬ ਦਾ ਸੱਤਵਾਂ ਬੇਟਾ ਦਲੀਪ ਸਿੰਘ ਸੀ ਜਿਸ ਦਾ ਜਨਮ ਮਹਾਰਾਣੀ ਜਿੰਦ ਕੌਰ (ਮਹਾਰਾਣੀ ਜਿੰਦਾਂ) ਦੀ ਕੁੱਖੋਂ 4 ਸਤੰਬਰ 1838 ਸੀ. ਈ. ਨੂੰ ਲਾਹੌਰ ਸ਼ਹਿਰ ਵਿੱਚ ਹੋਇਆ। ਸ਼ੇਰੇ ਪੰਜਾਬ ਨੇ ਇਸ ਬੇਟੇ ਨੂੰ ਪਿਆਰ ਨਾਲ ਪਾਲਿਆ ਅਤੇ ਇਸ ਦੀ ਪਰਵਰਿਸ਼ ਲਈ ਅਹਿਮ ਬੰਦੋਬਸਤ ਕੀਤੇ।

ਸਰਕਾਰੇ-ਖਾਲਸਾ ਦੇ ਸਰਬਰਾਹ ਮਹਾਰਾਜਾ ਰਣਜੀਤ ਸਿੰਘ 27 ਜੂਨ 1839 ਸੀ. ਈ. ਨੂੰ ਸਦਾ ਦੀ ਨੀਂਦ ਸੋ ਗਿਆ। ਉਸ ਤੋਂ ਬਾਅਦ ਸ਼ਾਹੀ-ਤਖਤੋ-ਤਾਜ ਲਈ ਗੁੰਝਲਦਾਰ ਸਾਜ਼ਸ਼ਾਂ ਦਾ ਆਰੰਭ ਸ਼ੁਰੂ ਹੋ ਗਿਆ। ਬੁਰਛਾਗਰਦੀ ਆਪਣੀ ਸਿਖਰ 'ਤੇ ਪੁੱਜ ਗਈ। ਸ਼ੇਰੇ ਪੰਜਾਬ ਨੇ ਗੱਦੀ ਲਈ ਆਪਣੇ ਵੱਡੇ ਬੇਟੇ ਖੜਕ ਸਿੰਘ ਨੂੰ ਹੀ ਚੁਣਿਆ ਜੋ ਉਸ ਸਮੇਂ 37 ਵਰ੍ਹਿਆਂ ਦਾ ਸੀ। ਸ਼ੇਰੇ ਪੰਜਾਬ ਦੇ ਆਖਰੀ ਲਫ਼ਜ਼ ਸਨ, "...ਹੁਣ ਹੋਰ ਵਧੇਰੇ ਕਹਿਣ ਦਾ ਸਮਾਂ ਨਹੀਂ। ਮੈਂ ਇਸ ਵੇਲੇ ਆਪ ਸਭ ਨੂੰ ਮਹਾਰਾਜਾ ਖੜਕ ਸਿੰਘ ਦਾ ਹੱਥ ਸੌਂਪਦਾ ਹਾਂ। ਇਸ ਨੂੰ ਆਪ ਨੇ ਮੇਰੇ ਤੁੱਲ ਸਮਝਣਾ। ਇਹ ਸਭ ਤਰ੍ਹਾਂ ਆਪ ਦੀ ਭਲਿਆਈ ਦਾ ਚਾਹਵਾਨ ਰਹੇਗਾ।" ਮਹਾਰਾਜਾ ਰਣਜੀਤ ਸਿੰਘ ਦੀ ਮੌਤ 'ਤੇ ਸੋਹਣ ਸਿੰਘ ਸੀਤਲ ਲਿਖਦਾ ਹੈ:-

ਮੋਇਆ ਰਣਜੀਤ ਸਿੰਘ ਪੈ ਗਿਆ ਹਨੇਰ ਸਾਰੇ,
ਲੁੱਟਿਆ ਸੁਹਾਗ ਤੇ ਪੰਜਾਬ ਧਾਹੀਂ ਮਾਰੀਆਂ।
ਡੋਬੂ ਲੈਣ ਅੱਖੀਆਂ ਤੇ ਦਿਲਾਂ ਵਿੱਚ ਸੁੰਞ ਹੋ ਗਈ,
ਲੁੱਛ ਲੁੱਛ ਰੋਣ ਜਿੰਦਾਂ ਸੈਂਕੜੇ ਵਿਚਾਰੀਆਂ।
ਦਲਾਂ ਵਿੱਚ ਮਚ ਗਈ ਦੁਹਾਈ ਤੇ ਲੁਕਾਈ ਰੋਵੇ,
ਦਿਲਾਂ ਉਤੇ ਗ਼ਮਾਂ ਦੀਆਂ ਚਲ ਰਹੀਆਂ ਆਰੀਆਂ।
ਅੰਤ ਦਾ ਨਿਭਾਇਆ ਸਾਥ ਲੋਥ ਨਾਲ ਸਤੀ ਹੋਕੇ,
'ਸੀਤਲ' ਵਿਜੋਗ ਝਲ ਸਕੀਆਂ ਨਾ ਨਾਰੀਆਂ,

ਸ਼ੇਰੇ ਪੰਜਾਬ ਦਾ ਸਭ ਤੋਂ ਵੱਧ ਭਰੋਸੇਯੋਗ ਬੇਟਾ ਖੜਕ ਸਿੰਘ ਹੀ ਸੀ। ਭਾਵੇਂ ਬਹੁਤੇ ਇਤਿਹਾਸਕਾਰ ਖੜਕ ਸਿੰਘ ਨੂੰ ਨਾਜਾਇਜ਼ ਜਾਨਸੀਨ ਕਰਕੇ ਵੀ ਲਿਖਦੇ ਹਨ ਪਰ ਉਹ ਇੰਨਾ ਨਾ-ਕਾਬਲ ਨਹੀਂ ਸੀ ਜਿਨ੍ਹਾਂ ਉਸ ਨੂੰ ਸਮਝਿਆ ਜਾਂਦਾ ਸੀ। ਕਈ ਇਤਿਹਾਸਕਾਰ ਖੜਕ ਸਿੰਘ ਤੋਂ ਵੱਧ ਕੰਵਰ ਨੌਨਿਹਾਲ ਸਿੰਘ ਨੂੰ ਵਧੇਰੇ ਯੋਗਤਾ ਵਾਲਾ ਸਮਝਦੇ ਸੀ ਪਰ ਉਹ ਉਸ ਸਮੇਂ ਉੱਤਰ ਪੱਛਮੀ ਸਰਹੱਦਾਂ 'ਤੇ ਇਕ ਲੜਾਈ ਵਿੱਚ ਮਸ਼ਰੂਫ ਸੀ।

1822 ਸੀ. ਈ. ਨੂੰ ਡੋਗਰਾ ਗੁਲਾਬ ਸਿੰਹੁ ਦਾ ਪਿਤਾ ਕਸ਼ੋਰ ਸਿੰਹੁ ਮਰ ਗਿਆ ਅਤੇ ਉਸ ਦੀ ਥਾਂ ਗੁਲਾਬ ਸਿੰਹੁ ਨੂੰ ਜੰਮੂ ਦਾ ਰਾਜਾ ਬਣਾ ਦਿੱਤਾ ਗਿਆ। ਉਸ ਦੇ ਦੋ ਭਰਾਵਾਂ ਧਿਆਨ ਸਿੰਹੁ ਅਤੇ ਸੁਚੇਤ ਸਿੰਹੁ ਨੂੰ ਵੀ ਰਾਜੇ ਦੀ ਪਦਵੀ ਦਿੱਤੀ ਗਈ। ਇਨ੍ਹਾਂ ਡੋਗਰਿਆਂ ਨੇ ਖੁਸ਼ਾਮਦ ਪ੍ਰਸਤ ਬਣ ਕੇ ਸ਼ੇਰੇ-ਪੰਜਾਬ ਨੂੰ ਰਿਝਾ ਲਿਆ। 1828 ਸੀ.ਈ. ਨੂੰ ਰਾਜਾ ਧਿਆਨ ਸਿੰਹੁ ਨੂੰ ਪੰਜਾਬ ਦਾ ਪ੍ਰਧਾਨ ਮੰਤਰੀ ਬਣਾਇਆ ਗਿਆ ਅਤੇ ਇਸ ਦੇ ਬਾਰ੍ਹਾਂ ਵਰ੍ਹਿਆਂ ਦੇ ਪੁੱਤਰ ਹੀਰਾ ਸਿੰਹੁ ਨੂੰ ਰਾਜੇ ਦਾ ਖਿਤਾਬ ਦਿੱਤਾ ਗਿਆ। ਰਾਜਾ ਧਿਆਨ ਸਿੰਹੁ ਮਨਚਾਹੀ ਪਦਵੀ 'ਤੇ ਬੈਠ ਕੇ ਮਹਾਰਾਜਾ ਰਣਜੀਤ ਸਿੰਘ ਵਿੱਚ ਅਨੇਕਾਂ ਇਖਲਾਕੀ ਕਮਜ਼ੋਰੀਆਂ ਪੈਦਾ ਕਰਨ ਵਿੱਚ ਕਾਮਯਾਬ ਹੋ ਗਿਆ। ਨਤੀਜਾ ਇਹ ਹੋਇਆ ਕਿ ਸ਼ੇਰੇ-ਪੰਜਾਬ ਡੋਗਰਿਆਂ ਦੀਆਂ ਗਲਤੀਆਂ ਤੇ ਵਧੀਕੀਆਂ ਨੂੰ ਨਜ਼ਰ ਅੰਦਾਜ਼ ਕਰਨ ਲੱਗ ਪਿਆ। ਡੋਗਰਾ ਧਿਆਨ ਸਿੰਹੁ ਦੀ ਤਾਕਤ ਏਨੀ ਵੱਧ ਗਈ ਸੀ ਕਿ ਖੜਕ ਸਿੰਘ ਤੇ ਸ਼ੇਰ ਸਿੰਘ ਨੂੰ ਵੀ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਤਕ ਨਾ ਪਹੁੰਚਣ ਦਿੰਦਾ। ਦੂਜੇ ਪਾਸੇ ਧਿਆਨ ਸਿੰਹੁ ਆਪਣੇ ਬੇਟੇ ਰਾਜਾ ਹੀਰਾ ਸਿੰਹੁ ਨੂੰ ਹਰ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਪਾਸ ਹੀ ਰੱਖਦਾ। ਸ਼ੇਰੇ ਪੰਜਾਬ ਹਰ ਸਮੇਂ ਹੀਰਾ ਸਿੰਹੁ ਨੂੰ 'ਬਚੜੀ' ਕਹਿ ਕੇ ਮੁਖਾਤਬ ਹੁੰਦਾ ਅਤੇ ਪੁੱਤਰਾਂ ਨਾਲੋਂ ਵੱਧ ਪਿਆਰ ਕਰਦਾ।

ਦੂਜੇ ਪਾਸੇ ਸਿੱਖ ਸਰਦਾਰਾਂ ਦੇ ਸ਼ਾਹੀ ਘਰਾਣਿਆਂ ਨਾਲ ਸਬੰਧ ਰੱਖਣ ਵਾਲੇ ਤਿੰਨ ਪ੍ਰਵਾਰ ਸਨ- ਸੰਧਾਵਾਲੀਏ, ਅਟਾਰੀ ਵਾਲੇ ਤੇ ਮਜੀਠੀਏ। ਗਜ਼ਬ ਇਹ ਸੀ ਕਿ ਡੋਗਰਾ ਗੁਲਾਬ ਸਿੰਹੁ ਆਪਣੀਆਂ ਸਿਆਸੀ ਚਤੁਰਾਈਆਂ ਤੇ ਫਰੇਬੀਆਂ ਦੇ ਜਾਲ ਵਿੱਚ ਸੰਧਾਵਾਲੀਏ ਬਹਾਦਰ ਸਿੱਖ ਸਰਦਾਰਾਂ ਨੂੰ ਫਸਾਉਣ ਵਿੱਚ ਸਫਲ ਹੋ ਗਿਆ। ਸ਼ੇਰੇ-ਪੰਜਾਬ ਦੀ ਮੌਤ ਤੋਂ ਬਾਅਦ ਤਖ਼ਤ 'ਤੇ ਬੈਠਦਿਆਂ ਹੀ ਨਵੇਂ ਬਾਦਸ਼ਾਹ ਖੜਕ ਸਿੰਘ ਨੇ ਜੋ ਖਾਸ ਫੁਰਮਾਣ ਜਾਰੀ ਕੀਤਾ ਉਹ ਸੀ ਧਿਆਨ ਸਿੰਹੁ ਡੋਗਰਾ (ਪ੍ਰਧਾਨ ਮੰਤਰੀ) ਦੇ ਅਧਿਕਾਰਾਂ ਅਤੇ ਫਰਜ਼ਾਂ ਵਿਚਕਾਰ ਫਾਸਲਾ ਮੁਕਰੱਰ ਕਰਨਾ। ਰਾਜਾ ਧਿਆਨ ਸਿੰਹੁ ਨੂੰ ਰਾਣੀਆਂ ਅਤੇ ਰਾਜਕੁਮਾਰੀਆਂ ਦੇ ਮਹਿਲਾਂ ਵਿੱਚ ਬਗੈਰ ਆਗਿਆ ਜਾਣ ਤੋਂ ਰੋਕ ਦਿੱਤਾ ਗਿਆ। ਖੜਕ ਸਿੰਘ ਨੇ ਇਸ ਨਵੀਂ ਹਿੱਕਮਤ ਅਮਲੀ ਨੇ ਡੋਗਰਾ ਧਿਆਨ ਸਿੰਹੁ ਨੂੰ ਭੰਬਲ ਭੂਸਿਆਂ ਵਿੱਚ ਪਾ ਦਿੱਤਾ ਅਤੇ ਕ੍ਰੋਧ ਵਿੱਚ ਆ ਕੇ ਉਹ ਖਤਰਨਾਕ ਸਾਜ਼ਸ਼ਾਂ ਵਿੱਚ ਰੁਝ ਗਿਆ। ਵੈਸੇ ਵੀ ਕਿਸੇ ਲਹੂ ਦੀ ਆਬਸ਼ਾਰ ਤੋਂ ਬੈਗਰ ਹੀਰਾ ਸਿੰਹੁ ਲਈ ਤਾਜਪੋਸ਼ੀ ਦਾ ਰਾਹ ਸਾਫ ਧਿਆਨ ਸਿੰਹੁ ਨੂੰ ਨਜ਼ਰੀ ਨਹੀਂ ਸੀ ਪੈਂਦਾ। ਪ੍ਰਧਾਨ ਮੰਤਰੀ ਧਿਆਨ ਸਿੰਹੁ ਦਾ ਵੱਡਾ ਭਰਾ, ਗੁਲਾਬ ਸਿੰਹੁ ਸਰਕਾਰੇ-ਦਰਬਾਰੇ ਵੱਡੀ ਤਾਕਾਤ ਦਾ ਮਾਲਕ ਸੀ ਅਤੇ ਇਹ ਬਾਤਚੀਤ ਅਤੇ ਸੁਲਾਹ-ਸੁਫਾਈ ਕਰਾਉਣ ਦੀ ਕਲਾ ਵਿੱਚ ਨਿਪੁੰਨ ਸਮਝਿਆ ਜਾਂਦਾ ਸੀ। ਇਕ ਪਾਸੇ ਬਹਾਦਰ ਸਿੱਖ ਸਰਦਾਰਾਂ ਸੰਧਾਵਾਲੀਏ ਨੂੰ ਡੋਗਰਾ ਗੁਲਾਬ ਸਿੰਹੁ ਨੇ ਆਪਣੀਆਂ ਸਿਆਸੀ ਫਰੇਬੀਆਂ ਦੇ ਜਾਲ ਵਿੱਚ ਜਕੜ ਦਿੱਤਾ ਅਤੇ ਦੂਜੇ ਪਾਸੇ ਮਹਾਰਾਜਾ ਖੜਕ ਸਿੰਘ ਦੇ ਖਿਲਾਫ ਇਨ੍ਹਾਂ ਸਰਦਾਰਾਂ ਨੂੰ ਭੜਕਾਇਆ ਗਿਆ। ਇਕ ਹੋਰ

ਛੱਲ ਯੰਤਰ ਰਾਹੀਂ ਇਨ੍ਹਾਂ ਬੁੱਕਲ ਦੇ ਸੱਪਾਂ ਡੋਗਰਿਆਂ ਨੇ ਖੜਕ ਸਿੰਘ (ਪਿਤਾ) ਅਤੇ ਕੰਵਰ ਨੌਨਿਹਾਲ ਸਿੰਘ (ਪੁੱਤਰ) ਵਿਚਕਾਰ ਲੰਮੀ ਲੀਕ ਪਾ ਦਿੱਤੀ। ਇਸ ਵਿੱਚ ਸ਼ੱਕ ਨਹੀਂ ਕਿ ਮਹਾਰਾਜਾ ਰਣਜੀਤ ਸਿੰਘ ਆਪਣੇ ਪੋਤੇ ਕੰਵਰ ਨੌਨਿਹਾਲ ਸਿੰਘ ਨੂੰ ਬੜਾ ਪਿਆਰ ਕਰਦਾ ਸੀ ਅਤੇ ਉਸ ਨੂੰ 'ਕੋਕਿਬੇ ਇਕਬਾਲ' ਹੋ ਕੇ ਮੁੱਖਾਤਬ ਕਰਦਾ ਸੀ। ਸ਼ੇਰੇ-ਪੰਜਾਬ ਫਖਰ ਨਾਲ ਆਖਦੇ ਸਨ ਕਿ 'ਕੰਵਰ ਨੌਨਿਹਾਲ' ਦੀ ਹਕੂਮਤ ਦੌਰਾਨ ਖਾਲਸਾ ਫੌਜਾਂ ਕੋਹਕਾਫ ਤੋਂ ਅੱਗੇ ਵੱਧ ਜਾਣਗੀਆਂ।

ਡੋਗਰਾ ਭਰਾ ਆਪਣੇ ਸਵਾਰਥ ਲਈ ਕਿਸੇ ਹੱਦ ਤਕ ਵੀ ਜਾਣ ਲਈ ਤਿਆਰ ਸਨ। ਡੋਗਰਾ ਧਿਆਨ ਸਿਹੁੰ ਮਹਾਰਾਣੀ ਚੰਦ ਕੌਰ ਅਤੇ ਸੰਧਾਵਾਲੀਏ ਸਰਦਾਰਾਂ ਨੂੰ ਆਪਣੇ ਨਾਲ ਗੰਢਣ ਵਿੱਚ ਕਾਮਯਾਬ ਹੋ ਗਿਆ ਸੀ। ਪਰ ਕੰਵਰ ਨੌਨਿਹਾਲ ਸਿੰਘ ਦੇ ਸਾਹਮਣੇ ਇਹ ਸਾਜ਼ਸ਼ਾਂ ਸਿਰੇ ਨਹੀਂ ਸੀ ਚੜ੍ਹ ਸਕਦੀਆਂ। ਇਨ੍ਹਾਂ ਸਮਿਆਂ ਵਿੱਚ ਹੀ ਡੋਗਰਾ ਧਿਆਨ ਸਿਹੁੰ ਮਹਾਰਾਜਾ ਖੜਕ ਸਿੰਘ ਅਤੇ ਪੁੱਤਰ ਨੌਨਿਹਾਲ ਸਿੰਘ ਵਿਚਕਾਰ ਮਕਾਰੀਆਂ, ਭੁਲੇਖਿਆਂ ਤੇ ਜਾਲ-ਸਾਜ਼ੀਆਂ ਦਾ ਜਾਲ ਬੁਣਨ ਵਿੱਚ ਕਾਮਯਾਬ ਹੋ ਗਿਆ। ਇਨ੍ਹਾਂ ਦਿਨਾਂ ਵਿੱਚ ਹੀ ਇਕ ਰਾਤ ਕਾਤਲਾਂ ਦੀ ਟੋਲੀ, ਮਹਾਰਾਜੇ ਦੀ ਅਰਾਮਗਾਹ ਵਿੱਚ ਦਾਖਲ ਹੋਈ।। ਡੋਗਰਾ ਧਿਆਨ ਸਿਹੁੰ ਨੇ ਆਪਣੀ ਹੱਥੀ ਸ. ਚੇਤ ਸਿੰਘ ਬਾਜਵਾ ਨੂੰ ਮਾਰ ਦਿੱਤਾ। ਸ. ਬਾਜਵਾ ਅਜਿਹਾ ਸਿੱਖ ਸੀ ਜਿਸ ਤੋਂ ਡੋਗਰੇ ਖਤਰੇ ਖਾਂਦੇ ਸਨ। ਇਹ ਮੌਤ ਵੇਖ ਕੇ ਮਹਾਰਾਜਾ ਖੜਕ ਸਿੰਘ ਸੁੰਨ ਹੋ ਗਿਆ ਅਤੇ ਆਪਣੀ ਹਵੇਲੀ ਵਿੱਚ ਚਲਾ ਗਿਆ। ਇਸੇ ਬੁਰਛਾਗਰਦੀ ਦੌਰਾਨ ਕੰਵਰ ਨੌਨਿਹਾਲ ਸਿੰਘ ਦੀ ਸ਼ਾਹੀ ਤਾਜਪੋਸ਼ੀ ਕੀਤੀ ਗਈ।

ਮਹਾਰਾਜਾ ਖੜਕ ਸਿੰਘ ਦੀ ਜਵਾਨੀ, ਧਿਆਨ ਸਿਹੁੰ ਨੇ ਧਰੋਹ ਕਮਾ ਕੇ ਜ਼ਹਿਰ ਵਿੱਚ ਡੋਬ ਦਿੱਤੀ। ਇਹ ਜ਼ਹਿਰ ਖੜਕ ਸਿੰਘ ਨੂੰ ਧਿਆਨ ਸਿਹੁੰ ਡੋਗਰੇ ਨੇ ਹਕੀਮਾਂ ਰਾਹੀਂ ਪਿਲਾਈ ਸੀ। ਇਤਿਹਾਸਕਾਰ ਪੋਨ ਲਿਖਦਾ ਹੈ, "4 ਸਤੰਬਰ ਦੇ ਕਾਲੇ ਦਿਨ ਮਹਾਰਾਜਾ ਖੜਕ ਸਿੰਘ ਨੂੰ ਜ਼ਹਿਰੀਲੇ ਮਾਦੇ ਦੀ ਭਾਰੀ ਤੇ ਆਖਰੀ ਮਿਕਦਾਰ ਦਿੱਤੀ ਗਈ।" ਡੋਗਰਿਆਂ ਦੀਆਂ ਸਾਜ਼ਸ਼ਾਂ ਵਿੱਚ ਘਿਰਿਆ ਕੰਵਰ ਨੌਨਿਹਾਲ ਆਪਣੇ ਪਿਤਾ ਖੜਕ ਸਿੰਘ ਬਾਜਵਾ ਕੋਲ ਉਸ ਸਮੇਂ ਪੁੱਜਿਆ ਜਦੋਂ ਮਹਾਰਾਜਾ ਬੋਲਣ ਤੇ ਮਿਲਣ ਦੀ ਤਾਕਤ ਪੂਰੀ ਤਰ੍ਹਾਂ ਖੋਹ ਚੁੱਕਾ ਸੀ। ਕੰਵਰ ਆਪਣੇ ਪਿਤਾ ਦੇ ਸੀਨੇ ਨਾਲ ਲੱਗ ਕੇ ਚੀਕਾਂ ਮਾਰਨ ਲੱਗ ਪਿਆ। ਉਸ ਕਾਲੇ ਦਿਨ ਹੀ ਸ਼ਾਮ ਨੂੰ ਕੰਵਰ ਨੌਨਿਹਾਲ ਸਿੰਘ ਦੀ ਤਾਜਪੋਸ਼ੀ ਕੀਤੀ ਗਈ। ਡੋਗਰਾ ਧਿਆਨ ਸਿਹੁੰ ਹੋਣਹਾਰ ਤੇ ਗੈਰਤਮੰਦ ਨੌਨਿਹਾਲ ਸਿੰਘ ਨੂੰ ਕਿਵੇਂ ਬਰਦਾਸ਼ਤ ਕਰਦਾ।

ਸ਼ੇਰੇ-ਪੰਜਾਬ ਦੀ ਅਰਾਮਗਾਹ ਦੇ ਕੋਲ ਹੀ ਪਿਆਰੇ ਖੜਕ ਸਿੰਘ ਦਾ ਸਸਕਾਰ ਕੀਤਾ ਗਿਆ। ਕੰਵਰ ਨੌਨਿਹਾਲ ਤੇਜ਼ੀ ਨਾਲ ਸ਼ਮਸ਼ਾਨ ਘਾਟ ਦੇ ਬਗੀਚੇ ਵਲੋਂ ਟੁਰ ਗਿਆ। ਵਾਪਸੀ 'ਤੇ ਕੰਵਰ ਨਾਲ ਡੋਗਰਾ ਗੁਲਾਬ ਸਿਹੁੰ ਦਾ ਪੁੱਤਰ ਊਦਮ ਸਿਹੁੰ ਹਜ਼ੂਰੀ ਦਰਵਾਜ਼ੇ ਵਲ ਤੁਰ ਪਏ। ਕੰਵਰ ਅਜੇ ਹਜ਼ੂਰੀ ਦਰਵਾਜ਼ੇ ਕੋਲ ਪਹੁੰਚਣ ਹੀ ਵਾਲਾ ਸੀ ਕਿ ਡੋਗਰੇ ਧਿਆਨ ਸਿਹੁੰ ਨੇ ਅਪਾਣੇ ਭਰਾ ਗੁਲਾਬ ਸਿਹੁੰ ਦੇ ਮੋਢੇ 'ਤੇ ਹੱਥ ਰੱਖ ਕੇ ਕੁਝ ਘੁਸਰ ਮੁਸਰ ਕੀਤੀ। ਅਗਲੇ ਪਲ ਹੀ ਹਜ਼ੂਰੀ ਦਰਵਾਜ਼ੇ ਦੀ ਵਜ਼ਨੀ ਛੱਜਾ ਗਿੜਬੜਾ ਕੇ ਥੱਲੇ ਡਿੱਗ ਪਈ। ਚਾਰ ਚੁਫੇਰੇ ਤਰਥਲੀ ਮੱਚੀ। ਕੰਵਰ ਨੌਨਿਹਾਲ ਪੱਥਰਾਂ ਥੱਲੇ ਦਬਿਆ ਗਿਆ ਸੀ। ਮੀਆਂ ਊਦਮ ਸਿਹੁੰ ਨੇ ਅਮਰੀਕਨ ਜਰਨੈਲ ਗਾਡਨਰ ਸਿਪਾਹੀਆਂ ਨੂੰ ਇਸ਼ਾਰਾ ਕਰਕੇ ਕਿਲ੍ਹੇ ਦੇ ਦਰਵਾਜ਼ੇ ਬੰਦ ਕਰਵਾ ਦਿੱਤਾ। ਆਖਰ ਜਦੋਂ ਸੰਧਾਵਾਲੀਏ ਸਰਦਾਰਾਂ ਨੇ ਹਾਥੀਆਂ ਦੀ ਸਹਾਇਤਾ ਨਾਲ ਦਰਵਾਜ਼ੇ ਤੋੜਨ ਦੀ

ਧਮਕੀ ਦਿੱਤੀ ਤਾਂ ਡੋਗਰਿਆਂ ਨੇ ਮਜ਼ਬੂਰ ਹੋ ਕੇ ਦਰਵਾਜ਼ੇ ਖੋਲ੍ਹ ਦਿੱਤੇ। ਕੰਵਰ ਨੌਨਿਹਾਲ ਸਿੰਘ ਉਸ ਸਮੇਂ ਮੌਤ ਦੀ ਗੋਦ ਵਿੱਚ ਜਾ ਚੁੱਕਾ ਸੀ। ਇਤਿਹਾਸਕਾਰ ਪੇਨ ਲਿਖਦਾ ਹੈ, "ਜਿਥੇ ਰਾਜਾ ਧਿਆਨ ਸਿਹੁੰ ਨੂੰ ਇਕ ਖਤਰਨਾਕ ਦੁਸ਼ਮਣ ਤੋਂ ਛੁਟਕਾਰਾ ਮਿਲ ਗਿਆ ਉਥੇ ਪੰਜਾਬ ਦੀ ਸਲਤਨਤ, ਬਹਾਦਰ ਸਿੱਖ ਕੌਮ ਤੇ ਸ਼ਾਨਦਾਰ ਖਾਲਸਾ ਫੌਜ ਇਕ ਅਤਿ ਸ਼ਾਨਦਾਰ 'ਜੇਤੂ' ਤੋਂ ਮਹਿਰੂਮ ਹੋ ਗਏ।" ਸੋਹਣ ਸਿੰਘ ਸੀਤਲ ਜੀ ਨੇ ਫੱਟੜ ਮਹਾਰਾਜਾ ਕੰਵਰ ਨੌਨਿਹਾਲ ਸਿੰਘ ਬਾਰੇ ਕਾਵਿ ਟੁਕੜੀ ਲਿਖੀ ਸੀ:

ਛੱਜਾ ਡਿੱਗਿਆ ਕਿਸਮਤ ਪੰਜਾਬ ਜੀ 'ਤੇ,
ਫੱਟੜ ਮਹਾਰਾਜਾ ਨੌਨਿਹਾਲ ਹੋਇਆ।
ਬੇੜੀ ਡੁੱਬੀ ਵਜ਼ੀਰ ਧਿਆਨ ਸਿੰਘ ਦੀ,
ਲਾਗੂ ਜਾਨ ਦਾ ਜਿਹੜਾ ਚੰਡਾਲ ਹੋਇਆ।
ਘੱਟ ਪਾਲਕੀ ਕਿਲ੍ਹੇ ਦੇ ਵਿੱਚ ਲੈ ਗਏ,
ਬੂਹਾ ਬੰਦ ਬਾਹਰੋਂ ਹੁਕਮ ਨਾਲ ਹੋਇਆ।
ਅੱਗੋ ਸੁਣੋ ਕਲੇਜੇ 'ਤੇ ਹਥ ਧਰ ਕੇ,
ਜਾ ਕੇ ਵਿੱਚ ਮਹਿਲਾ ਜਿਹੜਾ ਹਾਲ ਹੋਇਆ।
ਅੰਦਰ ਇਕ ਨਵੇਕਲੇ ਵਿੱਚ ਕਮਰੇ,
ਉੱਤੇ ਪਲੰਘ ਦੇ ਕੌਰ ਲਿਟਾ ਦਿੱਤਾ।
ਫੇਰ ਅੰਦਰੋਂ ਡੋਗਰਾ ਪਾਰਟੀ ਨੇ,
ਬੂਹਾ ਭੇੜ ਕੇ ਜੰਦਰਾ ਲਾ ਦਿੱਤਾ।

ਕੰਵਰ ਨੌਨਿਹਾਲ ਸਿੰਘ ਦੀ ਮੌਤ ਤੋਂ ਬਾਅਦ ਖਾਲਸਾ ਫੌਜਾਂ ਨੇ ਸ਼ੇਰੇ-ਪੰਜਾਬ ਦੇ ਦੂਜੇ ਪੁੱਤਰ ਸ਼ੇਰ ਸਿੰਘ ਨੂੰ ਤਖ਼ਤ 'ਤੇ ਬਿਠਾਇਆ। ਮਹਾਰਾਜਾ ਸ਼ੇਰ ਸਿੰਘ ਵਧੀਆ ਬਾਦਸ਼ਾਹ ਸਾਬਤ ਨਾ ਹੋ ਸਕਿਆ। ਉਸ ਦੇ ਸਮੇਂ ਫੌਜਾਂ ਵਿੱਚ ਬੇਚੈਨੀ ਪੈਦਾ ਹੋਈ ਅਤੇ ਸ਼ੇਰ ਸਿੰਘ ਵੀ ਫੌਜਾਂ ਨੂੰ ਕਾਬੂ ਨਾ ਕਰ ਸਕਿਆ। ਕਈ ਲੋਕ ਮੌਤ ਦੇ ਘਾਟ ਉਤਾਰੇ ਗਏ, ਕਈਆਂ ਨੇ ਆਪਣੀਆਂ ਜਾਨਾਂ ਬਚਾਈਆਂ ਅਤੇ ਕਈਆਂ ਦੇ ਘਰ ਘਾਟ ਸਾੜ ਦਿੱਤੇ ਗਏ। ਇਸ ਨਾਜ਼ੁਕ ਸਮੇਂ ਫੌਜ ਵਤਨ ਪ੍ਰਸਤੀ ਦੀ ਮੁਦੱਈ ਰਹੀ ਅਤੇ 'ਖਾਲਸਾ ਪੰਚਾਇਤ' ਦੀ ਨਿਗਰਾਨੀ ਹੇਠ ਹੀ ਕੰਮ ਕਰਦੀ ਰਹੀ।

ਮਹਾਰਾਜਾ ਅਤੇ ਦੇਸ਼ ਦੇ ਅਸਲੀ ਵੈਰੀ ਵਜ਼ੀਰ ਧਿਆਨ ਸਿਹੁੰ, ਅਜੀਤ ਸਿੰਘ ਅਤੇ ਲਹਿਣਾ ਸਿੰਘ ਸੰਧੇਵਾਲੀਆ ਸਨ ਜੋ ਤਾਕਤ ਹਾਸਲ ਕਰਨ ਲਈ ਡੋਗਰਿਆਂ ਨਾਲ ਚਾਲਾਂ ਚੱਲਦੇ ਸਨ। ਉਨ੍ਹਾਂ ਨੇ ਹੀ ਮਹਾਰਾਜਾ ਸ਼ੇਰ ਸਿੰਘ ਅਤੇ ਉਸ ਦੇ ਬੇਟੇ ਨੂੰ ਬੇਰਹਿਮੀ ਨਾਲ ਮਾਰ ਦਿੱਤਾ। ਵਜ਼ੀਰ ਡੋਗਰਾ ਧਿਆਨ ਸਿਹੁੰ ਨੂੰ ਅਜੀਤ ਸਿੰਘ ਅਤੇ ਲਹਿਣਾ ਸਿੰਘ ਨੇ ਮਾਰ ਦਿੱਤਾ। ਖਾਲਸਾ ਫੌਜਾਂ ਨੇ ਬਾਅਦ ਵਿੱਚ ਇਨ੍ਹਾਂ ਦੋਵਾਂ ਨੂੰ ਮਾਰ ਦਿੱਤਾ। ਇਨ੍ਹਾਂ ਸਮਿਆਂ ਵਿੱਚ ਹੀ ਜਵਾਹਰ ਸਿੰਘ ਅਤੇ ਹੋਰਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਜਦੋਂ ਅਜੀਤ ਸਿੰਘ ਨੇ ਡੋਗਰਾ ਧਿਆਨ ਸਿਹੁੰ ਦਾ ਕਤਲ ਕੀਤਾ, ਉਸ ਬਾਰੇ ਕਵੀ ਸੀਤਲ ਜੀ ਨੇ ਖੂਬ ਲਿਖਿਆ ਹੈ:

ਨੇਕੀ ਸ਼ੇਰੇ-ਪੰਜਾਬ ਦੀ ਯਾਦ ਰੱਖਦੋਂ,
ਖੜਕ ਸਿੰਘ ਨਾਲ ਕਹਿਣ ਗੁਜ਼ਾਰਦੋਂ ਨਾ।
ਦੇ ਕੇ ਜ਼ਹਿਰ ਉਹ ਦੇ ਹੱਡ ਗਾਲਦੋਂ ਨਾ।

ਉਹ ਨੂੰ ਜਿਉਂਦੇ ਨੂੰ ਤਖ਼ਤੋਂ ਉਤਾਰਦੋਂ ਨਾ।
ਕਿਸੇ ਨਾਲ ਤਾਂ ਕਦੇ ਵਫ਼ਾ ਕਰਦੋਂ,
ਮਿੱਤਰ-ਘਾਤੀਆ! ਰੱਬ ਵਿਸਾਰਦੋਂ ਨਾ।
ਖਾਧਾ ਨਿਮਕ ਸਈ ਨਿਮਕ-ਹਲਾਲ ਰਹਿੰਦੋਂ,
ਨੌਨਿਹਾਲ ਸਿੰਘ ਨੂੰ ਜਾਨੋ ਮਾਰਦਾ ਨਾ।
ਬਦਲਾ ਤਿੰਨਾ ਦਾ ਅਜ ਲੈ ਲਿਆ ਮੈਂ,
ਕੀਤਾ ਵਾਧਾ ਜੋ, ਹੁਣੇ ਨਿਤਾਰ ਲੈ ਭਾਈ।

* * *

ਮਹਾਰਾਜਾ ਦਲੀਪ ਸਿੰਘ ਨੇ ਅਦਨ ਵਿੱਚ 'ਖੰਡੇ ਦੀ ਪਾਹੁਲ' ਪ੍ਰਾਪਤ ਕੀਤੀ

ਮਹਾਰਾਜਾ ਰਣਜੀਤ ਸਿੰਘ, ਸ਼ੇਰੇ-ਪੰਜਾਬ ਜਦੋਂ ਵੀ ਕਿਸੇ ਮੁਹਿੰਮ ਜਾਂ ਇਲਾਕੇ ਨੂੰ ਫਤਹਿ ਕਰਨ ਜਾਂਦੇ ਤਾਂ ਸਭ ਤੋਂ ਪਹਿਲਾਂ 'ਗੁਰੂ ਗ੍ਰੰਥ ਸਾਹਿਬ' ਦੀ ਓਟ ਅਤੇ ਆਸਰਾ ਲੈਂਦੇ। ਜੋ ਵੀ ਫਤਹਿਯਾਬੀ ਪਾਉਂਦੇ, ਉਹ ਅਕਾਲ ਪੁਰਖ ਦੀ ਕ੍ਰਿਪਾ ਨਾਲ ਹੀ ਨਸੀਬ ਹੁੰਦੀ। ਇਥੋਂ ਤੱਕ ਕਿ ਜਦੋਂ ਉਹ ਕਿਸੇ ਹਸਤਾਖਰ-ਪੁਸਤਕ ਵਿੱਚ ਦਸਤਖਤ ਕਰਦੇ ਤਾਂ ਇਹ ਸ਼ਬਦ ਲਿਖਦੇ "ਵਾਹਿਗੁਰੂ-ਮਦਦਗਾਰ-ਰਣਜੀਤ ਸਿੰਘ"

ਸ਼ਾਹੀ ਭੋਜ ਸ਼ਾਲੀਮਾਰ ਬਾਗ ਵਿੱਚ: ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ-ਬੇਟਾ (ਮਹਾਰਾਜਾ) ਦਲੀਪ ਸਿੰਘ ਦਾ ਜਨਮ 4 ਸਤੰਬਰ 1838 ਨੂੰ ਹੋਇਆ। ਜਦੋਂ ਦਲੀਪ ਸਿੰਘ ਪੈਦਾ ਹੋਇਆ ਤਾਂ ਉਨ੍ਹਾਂ ਸਮਿਆਂ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਤੇਜ-ਪ੍ਰਤਾਪ ਵੀ ਮੱਧਮ ਹੋਣਾ ਸ਼ੁਰੂ ਹੋ ਗਿਆ ਸੀ। ਮਹਾਰਾਜਾ ਨਵੰਬਰ 1838 ਨੂੰ ਫਿਰੋਜ਼ਪੁਰ ਵਿੱਚ ਲਾਡ ਆਕਲੈਂਡ ਨੂੰ ਮਿਲਿਆ। ਉਸ ਦੀ ਆਮਦ ਦੀ ਖੁਸ਼ੀ ਵਿੱਚ ਲਾਹੌਰ ਦੇ ਸ਼ਾਲੀਮਾਰ ਬਾਗ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਇਕ ਸ਼ਾਹੀ-ਭੋਜ ਦਾ ਇੰਤਜ਼ਾਮ ਕੀਤਾ। ਬਹੁਤੇ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਇਸੇ ਭੋਜ ਵਿੱਚ ਅੰਗਰੇਜ਼ ਅਫ਼ਸਰਾਂ ਨੇ ਮਹਾਰਾਜੇ ਨੂੰ ਕੋਈ ਜ਼ਹਿਰੀਲੀ ਚੀਜ਼ ਸ਼ਰਾਬ ਵਿੱਚ ਮਿਲਾ ਕੇ ਦਿੱਤੀ ਗਈ ਜਿਸ ਕਾਰਨ ਮਹਾਰਾਜੇ ਦੀ ਸਿਹਤ ਹੌਲੀ-ਹੌਲੀ ਵਿਗੜਦੀ ਗਈ। ਭਰੋਸੇ ਨਾਲ ਇਹ ਆਖਣਾ ਬੜਾ ਕਠਨ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਬੀਮਾਰ ਹੋਣ ਕਾਰਨ ਜਾਂ ਮਾਨਸਿਕ ਤਣਾਉ ਜਾਂ ਛੋਟੀ ਉਮਰ ਹੋਣ ਕਾਰਨ ਦਲੀਪ ਸਿੰਘ ਨੂੰ 'ਖੰਡੇ ਦੀ ਪਾਹੁਲ' ਦੀ ਰਸਮ ਤੋਂ ਦੂਰ ਕਿਉਂ ਰੱਖਿਆਂ ? ਤਵਾਰੀਖ ਦੇ ਸਫਿਆਂ ਨੂੰ ਫਰੋਲਦਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸ਼ਹਿਜ਼ਾਦੇ ਦਲੀਪ ਸਿੰਘ ਨੇ 'ਖੰਡੇ ਦੀ ਪਾਹੁਲ' ਲਾਹੌਰ ਰਹਿਣ ਸਮੇਂ ਨਹੀਂ ਲਈ। ਉਹ ਜਮਾਂਦਰੂ ਸਿੱਖ ਸੀ ਪਰ ਅੰਮ੍ਰਿਤਧਾਰੀ ਨਹੀਂ ਸੀ।

ਅਸਿੱਖ ਰਹੁ-ਰੀਤਾਂ ਦਾ ਪ੍ਰਵੇਸ਼: ਭਾਵੇਂ ਕਈ ਇਤਿਹਾਸਕਾਰ ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਰਹੁਰੀਤਾਂ ਦੀ ਪਾਲਣਾ ਦਾ ਜਿਕਰ ਕਰਦੇ ਹਨ ਪਰ ਇਨ੍ਹਾਂ ਸਮਿਆਂ ਵਿੱਚ ਹੀ ਅਸਿੱਖ ਰਹੁਰੀਤਾਂ ਦਾ ਪ੍ਰਵੇਸ਼ ਸ਼ੁਰੂ ਹੋ ਗਿਆ ਸੀ। ਕੇਸਾਂ ਦੀ ਬੇਅਦਬੀ ਸਿੱਖ ਧਰਮ ਦੀਆਂ ਚਾਰ ਕੁਰਹਿਤਾਂ ਵਿੱਚੋਂ ਇਕ ਹੈ ਪਰ ਸਿੱਖਾਂ ਵਿੱਚ ਦਾਹੜਾ ਬੰਨਣ ਦੀ ਪ੍ਰਪਾਟੀ ਵੀ ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਬੇਟੇ ਮਹਾਰਾਜਾ ਸ਼ੇਰ ਸਿੰਘ ਨੇ ਸ਼ੁਰੂ ਕੀਤੀ। ਇੰਞ ਵੱਡਾ ਭਰਾ, ਛੋਟੇ ਭਰਾਵਾਂ ਨੂੰ ਸਿੱਖ ਧਰਮ ਦੀ ਕੀ ਸਿੱਖਿਆ ਦੇਣ ਲਈ ਵਚਨਬੱਧ ਹੋਵੇਗਾ, ਇਹ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਇਨ੍ਹਾਂ ਸਮਿਆਂ ਵਿੱਚ ਹੀ ਲਾਹੌਰ ਦਰਬਾਰ ਵਿੱਚ ਯਕੇ-ਬਾਅਦ-ਦੀਗਰੇ ਕਤਲਾਂ ਦੀ ਲੜੀ ਸ਼ੁਰੂ ਹੋਈ। ਇਸ ਉੱਥਲ-ਪੁੱਥਲ ਵਿੱਚ ਮਹਾਰਾਣੀ

ਜਿੰਦ ਕੌਰ ਆਪਣੇ ਬੇਟੇ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਦੇਣ ਵਿੱਚ ਵੀ ਕੁਤਾਹੀ ਵਰਤ ਗਈ।

ਪੰਜਾਬ ਵਿੱਚ ਸਿੱਖ ਰਾਜ ਹੋਣ ਮਗਰੋਂ ਦੂਜੇ ਸੂਬਿਆਂ ਤੋਂ ਸੈਂਕੜੇ ਬ੍ਰਾਹਮਣ ਆ ਕੇ 'ਖੰਡੇ ਦੀ ਪਾਹੁਲ' ਲੈ ਕੇ ਸਿੰਘ ਸਜਦੇ ਰਹੇ। ਇਤਿਹਾਸਕਾਰ ਅਲੈਗਜ਼ੈਂਡਰ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਹਰ ਸਾਲ ਪੰਜ ਹਜ਼ਾਰ ਲੋਕੀਂ 'ਖੰਡੇ ਦੀ ਪਾਹੁਲ' ਲੈ ਕੇ ਸਿੰਘ ਸਜਦੇ ਸਨ।

ਦਲੀਪ ਸਿੰਘ ਨਾਲ ਧੋਖੇਬਾਜ਼ੀ: ਭੈਰੋਂਵਾਲ ਅਹਿਮਦਨਾਮੇ 'ਤੇ ਦਸਤਖਤ 16 ਦਸੰਬਰ 1846 ਨੂੰ ਹੋਏ ਅਤੇ ਅੰਗਰੇਜ਼ਾਂ ਨੇ ਮਾਰਚ 1849 ਨੂੰ ਪੰਜਾਬ ਆਪਣੇ ਕਬਜ਼ੇ ਵਿੱਚ ਕਰ ਲਿਆ। ਇਨ੍ਹਾਂ ਇਸਾਈ ਹੁਕਮਰਾਨਾਂ ਨੇ ਸਿੱਖਾਂ ਅਤੇ ਸਿੱਖ ਧਰਮ ਦੇ ਬਲਬੋਤੇ ਆਪਣੇ ਮਜ਼ਹੱਬ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾ ਹਮਲਾ ਅੰਗਰੇਜ਼ਾਂ ਨੇ ਮਹਾਰਾਣੀ ਜਿੰਦ ਕੌਰ ਅਤੇ ਉਸ ਦੇ ਬੇਟੇ ਦਲੀਪ ਸਿੰਘ ਵਿਚਕਾਰ, ਦੋਵਾਂ ਨੂੰ ਵੱਖ ਕਰਕੇ ਕੀਤਾ ਗਿਆ। ਇਹ ਭੜਕਾਉਣ ਵਾਲੀ ਰਿਸ਼ਤੇਦਾਰੀ 'ਤੇ ਅਹਿਮ ਆਕ੍ਰਮਣ ਸੀ। ਮਾਸੂਮ ਅਤੇ ਨਾਜ਼ਕ ਦਿਲ ਦਲੀਪ ਸਿੰਘ ਆਪਣੀ ਮਾਂ ਦੀ ਤਰਸਯੋਗ ਹਾਲਤ ਅਤੇ ਸਮੇਂ ਦਾ ਅਨੁਮਾਨ ਕੀ ਲਾਉਂਦਾ? ਦੂਜਾ ਹਮਲਾ ਦਲੀਪ ਸਿੰਘ ਨੂੰ ਪੰਜਾਬੀਆਂ, ਸਿੱਖਾਂ, ਸਿੱਖ ਧਰਮ ਅਤੇ ਆਪਣੀ ਮਾਤ-ਭੂਮੀ ਤੋਂ ਦੂਰ ਰੱਖ ਕੇ ਕੀਤਾ ਗਿਆ। ਦਲੀਪ ਸਿੰਘ ਦਾ ਸਰਪ੍ਰਸਤ ਡਾ. ਲਾਗਨ ਬਣ ਕੇ ਫਤਹਿਗੜ੍ਹ ਵੱਲ 21 ਦਸੰਬਰ 1849 ਨੂੰ ਰਵਾਨਾ ਕੀਤਾ ਗਿਆ। ਮਹਾਰਾਜਾ ਦਲੀਪ ਸਿੰਘ ਨਾਲ ਕੇਵਲ ਉਹ ਹੀ ਪਰਖੇ ਆਦਮੀ ਭੇਜੇ ਗਏ ਜਿਨ੍ਹਾਂ ਦੀ ਵਫਾਦਾਰੀ ਪਹਿਲਾਂ ਹੀ ਪਰਖੀ ਗਈ ਸੀ। ਮਾਸੂਮ ਮਹਾਰਾਜੇ ਨਾਲ ਕੋਈ ਪਹਿਲਾਂ ਜਾਣ ਲਈ ਤਿਆਰ ਨਾ ਹੋਇਆ। ਆਖਰ ਇਕ ਬ੍ਰਾਹਮਣ ਜਾਣ ਲਈ ਤਿਆਰ ਹੋ ਗਿਆ ਜੋ ਜਾਣਦਾ ਸੀ ਕਿ ਛੇ ਮਹੀਨੇ ਬਾਅਦ ਹੀ ਘਰ ਮੁੜਾਂਗਾ। ਮਹਾਰਾਜੇ ਨਾਲ ਬਹੁਤ ਮੁਸਲਮਾਨ ਹੀ ਜਾਣ ਲਈ ਤਿਆਰ ਹੋਏ। ਮਹਾਰਾਜੇ ਨਾਲ ਨਾ ਕੋਈ ਗ੍ਰੰਥੀ ਸਿੰਘ ਅਤੇ ਨਾ ਹੀ 'ਗੁਰੂ ਗ੍ਰੰਥ ਸਾਹਿਬ ਦੀ ਬੀੜ' ਰਵਾਨਾ ਹੋਣ ਸਮੇਂ ਦਿੱਤੀ ਗਈ। ਇਕ ਬ੍ਰਾਹਮਣ ਭਜਨ ਲਾਲ ਨੂੰ ਮਹਾਰਾਜੇ ਦਾ ਟੀਚਰ ਨਿਯੁਕਤ ਕੀਤਾ ਗਿਆ। ਜੋ ਪੁਰਾਣਾ ਮਿਸ਼ਨ ਸਕੂਲ ਦਾ ਵਿਦਿਆਰਥੀ ਸੀ ਪਰ ਅੰਦਰੋਂ ਉਹ ਪੱਕਾ ਇਸਾਈ ਸੀ। ਇਹ ਨਵਾਂ ਬਣਿਆ ਉਸਤਾਦ ਆਪਣੇ ਸ਼ਾਹਿਗਿਰਦ (ਮਹਾਰਾਜੇ) ਨੂੰ ਇਸਾਈ ਧਰਮ ਵੱਲ ਪ੍ਰੇਰਿਤ ਕਰਨ ਦਾ ਢੋਂਗ ਰਚਾਉਂਦਾ ਸੀ। ਬ੍ਰਾਹਮਣ ਹੋਣ ਦੇ ਨਾਤੇ, ਉਸ ਕੋਲ ਸਿੱਖ ਧਰਮ ਦਾ ਕੋਈ ਗਿਆਨ, ਇਤਿਹਾਸ, ਰਹੁਰੀਤਾਂ ਅਤੇ ਮਰਯਾਦਾ ਦੀ ਜਾਣਕਾਰੀ ਨਫੀ ਬਰਾਬਰ ਸੀ।

ਇੰਗਲੈਂਡ ਵੱਲ ਤਿਆਰ: ਲਾਰਡ ਡਲਹੌਜ਼ੀ, ਮਹਾਰਾਜਾ ਦਲੀਪ ਸਿੰਘ ਨੂੰ ਦੋ ਸਾਲਾਂ ਦੇ ਅੰਦਰ-ਅੰਦਰ ਇੰਗਲੈਂਡ ਭੇਜਣਾ ਚਾਹੁੰਦਾ ਸੀ ਤਾਂ ਜੋ ਲਾਹੌਰ ਰਹਿ ਕੇ ਉਹ ਪੰਜਾਬ ਵਿੱਚ ਸਿੱਖ ਰਾਜ ਹਥਿਆਉਣ ਲਈ ਕੋਈ ਯੋਜਨਾ ਸਾਕਾਰ ਨਾ ਕਰ ਸਕੇ। ਇਨ੍ਹਾਂ ਸਮਿਆਂ ਵਿਚ ਹੀ ਮਹਾਰਾਜੇ ਨੂੰ ਜਿਸਮਾਨੀ ਤੌਰ 'ਤੇ ਸਿੱਖਾਂ ਤੋਂ ਵੱਖ ਕੀਤਾ ਗਿਆ। ਲਾਰਡ ਡਲਹੌਜ਼ੀ ਚਾਹੁੰਦਾ ਸੀ ਕਿ ਇਸ ਨੂੰ ਆਪਣੇ ਭਾਈਚਾਰੇ ਅਤੇ ਧਰਮ ਨਾਲੋਂ ਬਿਲਕੁਲ ਵੱਖ ਕੀਤਾ ਜਾਵੇ, ਇਸ ਲਈ ਮਹਾਰਾਜੇ ਦੀ 'ਦਸਤਾਰ' ਨੂੰ ਲਾਰਡ ਪ੍ਰਮੁੱਖ ਕੌਮੀ ਨਿਸ਼ਾਨੀ ਸਮਝਦਾ ਸੀ। ਲਾਰਡ ਨੇ ਜਾਰਜ ਕੂਪਰ ਨੂੰ 4 ਅਗਸਤ 1852 ਵਿੱਚ ਹਦਾਇਤ ਦਿੱਤੀ ਕਿ ਮਹਾਰਾਜੇ ਦੀ ਬਾਹਰ ਦੀ ਤੇਜਪ੍ਰਤਾਪੀ ਦਿੱਖ (ਦਸਤਾਰ) ਨੂੰ ਸਮਾਪਤ ਕੀਤਾ ਜਾਵੇ ਤਾਂ ਜੋ ਸਿੱਖੀ-ਨਿਸ਼ਾਨੀ ਹੀ ਮਿੱਟ ਜਾਵੇ। ਮਹਾਰਾਜੇ ਦੀ ਮੰਗਣੀ ਤਾਂ ਪਹਿਲਾਂ ਸ੍ਰ. ਚਤਰ ਸਿੰਘ ਅਟਾਰੀ ਦੀ ਬੇਟੀ ਨਾਲ ਹੋ ਚੁੱਕੀ

ਸੀ। ਲਾਰਡ ਡਲਹੌਜ਼ੀ ਮਹਾਰਾਜੇ ਦੀ ਇਸ ਮੰਗਣੀ ਨੂੰ ਆਪਣੇ ਲਈ ਮੁਸ਼ਕਲਾਂ ਦਾ ਚੱਕਰਵਿਊ ਸਮਝਦੇ ਸਨ। ਇਸੇ ਲਈ ਅੰਗਰੇਜ਼ ਇਸ ਰਿਸ਼ਤੇ ਨੂੰ ਹਰ ਹਾਲਤ ਵਿੱਚ ਤੋੜਨਾ ਚਾਹੁੰਦੇ ਸਨ। ਲਾਰਡ ਡਲਹੌਜ਼ੀ ਨੇ ਡਾ. ਲਾਂਗਨ ਨੂੰ ਲਿਖਿਆ ਹੈ ਕਿ, "ਮਹਾਰਾਜਾ ਦਾ ਵਿਵਾਹ ਕਰਨਾ ਸਾਡੇ ਲਈ ਸਭ ਤੋਂ ਵੱਧ ਮੁਸ਼ਕਲ ਪ੍ਰਕ੍ਰਿਆ ਹੈ। ਮੈਂ ਨਹੀਂ ਚਾਹੁੰਦਾ ਕਿ ਉਸ ਦਾ ਵਿਵਾਹ ਸਿੱਖ ਪ੍ਰਵਾਰ ਵਿੱਚ ਹੋਵੇ।" ਆਖਰ ਉਹ ਇਸ ਮਿਸ਼ਨ ਵਿੱਚ ਕਾਮਯਾਬ ਹੋਵੇ। ਆਖਰ 12 ਜੂਨ 1864 ਨੂੰ ਮਹਾਰਾਜਾ ਦਲੀਪ ਸਿੰਘ ਦਾ ਵਿਵਾਹ ਮਿਸ਼ਨ ਸਕੂਲ ਦੀ ਵਿਦਿਆਰਥਣ ਮਿਸ ਬੰਬਾ ਮੂਲਰ ਨਾਲ ਹੋਇਆ। ਇੰਝ ਮਹਾਰਾਜੇ ਦੀ ਰਿਸ਼ਤੇਦਾਰੀ ਇਸਾਈਆਂ ਨਾਲ ਹੋ ਗਈ ਜਿਵੇਂ ਲਾਰਡ ਡਲਹੌਜ਼ੀ ਚਾਹੁੰਦਾ ਸੀ।

ਇਸਾਈ ਧਰਮ ਗ੍ਰਹਿ ਕਰਨਾ: ਲਾਡਰ ਡਲਹੌਜ਼ੀ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਵਿੱਚ ਇਸਾਈ ਬਣਾ ਕੇ ਭੇਜਣਾ ਚਾਹੁੰਦਾ ਸੀ। ਲਾਰਡ ਨੇ ਡਾ. ਲਾਂਗਨ ਨੂੰ ਹਦਾਇਤ ਕੀਤੀ ਕਿ ਅਗਰ ਦਲੀਪ (ਸਿੰਘ) ਇੰਗਲੈਂਡ ਜਾਵੇਗਾ, ਚੁਪਚਪੀਤੇ ਉਸ ਨੂੰ ਇਸਾਈ ਬਣਾਇਆ ਜਾਵੇ ਅਤੇ ਉਸ ਦਾ ਨਾਂ ਦਲੀਪ ਸਿੰਘ ਹੀ ਰਹਿਣ ਦਿੱਤਾ ਜਾਵੇ। ਮਹਾਰਾਜਾ ਹੁਣ ਉਸਤਾਦ ਭਜਨ ਲਾਲ ਬ੍ਰਾਹਮਣ ਅਤੇ ਆਪਣੇ ਇਸਾਈ ਦੋਸਤਾਂ ਦੇ ਆਸਪਾਸ ਰਹਿਣ ਲੱਗ ਪਿਆ। ਮਹਾਰਾਜੇ ਨੂੰ ਆਪਣੇ ਪੁਰਖੀ ਧਰਮ 'ਸਿੱਖ ਧਰਮ' ਤੋਂ ਮੋੜ ਕੇ ਇਸਾਈ ਧਰਮ ਵੱਲ ਲਿਆਉਣ ਵਿੱਚ ਬ੍ਰਾਹਮਣ ਭਜਨ ਲਾਲ ਦੀ ਅਹਿਮ ਭੂਮਿਕਾ ਰਹੀ ਹੈ। ਭਜਨ ਲਾਲ ਇਸ ਨੂੰ ਰੋਜ਼ ਬਾਈਬਲ ਦਾ ਚੈਪਟਰ ਪੜਾਉਣ ਲੱਗ ਪਿਆ ਸੀ। ਅੰਗਰੇਜ਼ ਭਾਵੇਂ ਇਤਿਹਾਸਕ ਤੌਰ 'ਤੇ ਇਹ ਸਾਬਤ ਕਰਦੇ ਹਨ ਕਿ ਮਹਾਰਾਜਾ ਦਲੀਪ ਸਿੰਘ ਆਪਣੇ ਆਪ ਇਸਾਈ ਬਣਨ ਲਈ ਤਿਅਰ ਹੋਇਆ ਪਰ ਇਹ ਯਕੀਨ ਕਰਨਾ ਬੜਾ ਕਠਨ ਹੈ ਕਿ 12 ਸਾਲ ਦਾ ਮਾਸੂਮ ਬੱਚਾ ਆਪਣੇ ਆਪ ਖੁਦ-ਮੁਖਤਿਆਰ ਫੈਸਲਾ ਲੈ ਸਕਦਾ ਹੈ ਕਿ ਮੈਂ ਇਸਾਈ ਬਣਾਂਗਾ? ਮੈਂ ਸਮਝਦਾ ਹਾਂ ਕਿ ਲਾਰਡ ਡਲਹੌਜ਼ੀ, ਹੈਨਰੀ ਲਾਂਰਸ ਅਤੇ ਸਰ ਡਾ. ਜਾਨ ਲਾਂਗਨ ਦੇ ਪਾਠਾਤਰਾਂ ਦਾ ਇਤਿਹਾਸਕਾਰਾਂ ਨੂੰ ਚੰਗੀ ਤਰ੍ਹਾਂ ਨਿਰੀਖਣ ਕਰਨਾ ਪਵੇਗਾ, ਸੱਚ ਨੂੰ ਭਾਲਣ ਲਈ। ਇਹ ਵੀ ਹਕੀਕਤ ਹੈ ਕਿ ਅੰਗਰੇਜ਼ਾਂ ਨੇ ਦਲੀਪ ਸਿੰਘ ਦੀ ਕਿਸੇ ਚੰਗੇ ਸਕੂਲ ਜਾਂ ਯੂਨੀਵਰਸਿਟੀ ਵਿੱਚ ਤਾਲੀਮ ਦੇਣ ਤੋਂ ਦੂਰ ਰੱਖਿਆ ਤਾਂ ਜੋ ਉਸ ਦਾ ਮਨ ਵਿਕਸਤ ਨਾ ਹੋ ਜਾਵੇ। ਉਸ ਨੂੰ ਚੰਗੇ ਅਤੇ ਬੁੱਧੀਜੀਵੀਆਂ ਨਾਲ ਮਿਲਣ ਦੀ ਆਗਿਆ ਨਹੀਂ ਸੀ। ਉਸ ਨੂੰ ਕੇਵਲ ਮਹਾਰਾਣੀ ਵਿਕਟੋਰੀਆ ਸ਼ਾਹੀ ਖਾਨਦਾਨ ਨਾਲ ਹੀ ਸੰਪਰਕ ਰੱਖਣ ਦੀ ਇਜਾਜ਼ਤ ਮਿਲੀ ਹੋਈ ਸੀ। ਮਹਾਰਾਜੇ ਦੇ ਮਨੋਵੇਗਾਂ ਦੁਆਲੇ ਚਾਰ ਦੀਵਾਰੀ ਉਸਾਰ ਕੇ ਅੰਗਰੇਜ਼ਾਂ ਨੇ ਉਸ ਦਾ ਚੰਗੀ ਤਰ੍ਹਾਂ ਸ਼ਿਕਾਰ ਕੀਤਾ ਜਿਵੇਂ ਉਹ ਕਰ ਸਕਦੇ ਸਨ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇਕ ਦਿਨ ਮਿਸਟਰ ਕੈਂਪਬਿਲ ਨੂੰ ਮਾਸਟਰ ਥਾਮਸ ਸਕਾਟ ਰਾਹੀਂ 8 ਦਸੰਬਰ 1850 ਨੂੰ ਇਹ ਖਬਰ ਮਿਲੀ ਕਿ ਮਹਾਰਾਜਾ ਇਸਾਈ ਬਣਨਾ ਚਾਹੁੰਦਾ ਹੈ। ਇਹ ਖਬਰ ਜਦੋਂ ਲਾਰਡ ਡਲਹੌਜ਼ੀ ਨੂੰ ਮਿਲੀ ਤਾਂ ਉ੍ਹ ਬਹੁਤ ਖੁਸ਼ ਹੋਇਆ। ਭਜਨ ਲਾਲ ਨੇ ਇਕ ਕਾਪੀ ਬਾਈਬਲ ਦੀ ਮਹਾਰਾਜੇ ਨੂੰ ਭੇਟਾ ਕੀਤੀ। ਹੁਣ ਮਹਾਰਾਜਾ ਆਪਣੇ ਦੋਸਤਾਂ (ਇਸਾਈਆਂ) ਨਾਲ ਖਾਣ-ਪੀਣ ਵੀ ਲੱਗ ਪਿਆ ਸੀ। ਭਾਵੇਂ ਮਹਾਰਾਜਾ 1850 ਤੋਂ ਹੀ ਯੂਰਪੀ ਅਤੇ ਇਸਾਈ ਲੋਕਾਂ ਵਿਚਕਾਰ ਰਹਿ ਰਿਹਾ ਸੀ ਪਰ ਫਿਰ ਵੀ ਉਸ ਨੇ ਆਪਣੀ ਸਿੱਖੀ ਦਿੱਖ ਅਤੇ ਖਾਣ-ਪੀਣ ਦੀਆਂ ਆਦਤਾਂ ਪੰਜਾਬੀ ਸੁਭਾਅ ਅਨੁਸਾਰ ਹੀ ਰੱਖਿਆ ਪਰ ਪਹਿਲੀ ਵੇਰ ਫਤਹਿਗੜ੍ਹ ਵਿੱਚ 1851 ਦੀ ਕ੍ਰਿਸਮਿਸ ਨੂੰ ਮਹਾਰਾਜੇ ਨੇ ਖਾਣਾ

ਲਾਰਡ ਡਲਹੌਜ਼ੀ ਅਤੇ ਉਸ ਦੀ ਬੀਵੀ ਨਾਲ ਇਕੋ ਮੇਜ਼ 'ਤੇ ਖਾਂਦਾ। ਇਹ ਪਹਿਲਾਂ ਹੀ ਲਾਰਡ ਡਲਹੌਜ਼ੀ ਨੇ ਤਹਿ ਕੀਤਾ ਹੋਇਆ ਸੀ, ਮਿਸਟਰ ਕੂਪਰ ਨਾਲ ਕਿ ਮਹਾਰਾਜੇ ਨਾਲ ਖਾਣਾ ਖਾਣਾ ਹੈ ਕ੍ਰਿਸਮਿਸ ਨੂੰ।

ਮਹਾਰਾਜਾ ਦਲੀਪ ਸਿੰਘ ਦੇ ਲੰਮੇ ਅਤੇ ਖ਼ੂਬਸੂਰਤ ਕੇਸ ਸਨ। ਇਕ ਸਮਾਂ ਉਹ ਵੀ ਆਇਆ ਜਦੋਂ ਉਸ ਨੂੰ ਕੇਸਾਂ ਰਹਿਤ ਕੀਤਾ ਗਿਆ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਉਸ ਨੇ ਆਪਣੇ ਕੇਸ ਲੇਡੀ ਲਾਂਗਨ ਨੂੰ ਤੋਹਫੇ ਵਜੋਂ ਭੇਟਾ ਕਰ ਦਿੱਤੇ। ਮਹਾਰਾਜਾ 8 ਮਾਰਚ 1853 ਨੂੰ ਇਸਾਈ ਬਣ ਗਿਆ। ਧਰਮ ਪਰਿਵਰਤਨ ਦੀ ਰਸਮ ਬੜੇ ਸਾਦੇ ਅਤੇ ਸੰਪੂਰਨ ਢੰਗ ਨਾਲ ਹੋਈ ਜਿਵੇਂ ਲਾਰਡ ਡਲਹੌਜ਼ੀ ਦੀ ਹਦਾਇਤ ਸੀ। ਇਸ ਰਸਮ ਨੂੰ ਅਜਿਹਾ ਗੁਪਤ ਰੱਖਿਆ ਗਿਆ। ਆਸਪਾਸ ਅਤੇ ਗੁਆਂਢੀਆਂ ਨੂੰ ਇਸ ਖਬਰ ਦੀ ਭਿਣਕ ਤੱਕ ਨਾ ਪੈਣ ਦਿੱਤੀ। ਇਸ ਤਰ੍ਹਾਂ ਇਸ ਰਸਮ ਨੂੰ ਰਜਿਸਟਰ ਕੀਤਾ ਗਿਆ। ਇਸ ਤੇ ਦਸਤਖਤ ਕਰਨਲ ਅਲੈਗਜੈਂਡਰ, ਲੇਡੀ ਲਾਂਗਨ ਅਤੇ ਮਿਸਟਰ ਮਾਇਸ ਨੇ ਕੀਤੇ। ਮਹਾਰਾਜੇ ਦੇ ਪਿਆਰੇ ਸਿੱਖ ਸੇਵਕ ਜਿਵੰਦ ਸਿੰਘ ਦੇ ਦਸਤਖਤ ਵੀ ਕਰਾਏ ਗਏ। ਇਸ ਧਰਮਬਦਲੀ 'ਤੇ ਮਹਾਰਾਜੇ ਨੂੰ ਬਹੁਤਿਆਂ ਨੇ ਮੁਬਾਰਕਾਂ ਦਿੱਤੀਆਂ ਜਿਨ੍ਹਾਂ ਵਿੱਚ ਫਰੈਡਰਿਕ ਕੂਰੀ ਵੀ ਸੀ।

ਇੰਗਲੈਂਡ ਪੁੱਜਣਾ: ਮਹਾਰਾਜਾ ਦਲੀਪ ਸਿੰਘ ਨੇ 4 ਸਤੰਬਰ 1854 ਨੂੰ ਬਾਲਗ ਹੋਣਾ ਸੀ ਅਤੇ ਲਾਰਡ ਡਲਹੌਜ਼ੀ ਉਸ ਤੋਂ ਪਹਿਲਾਂ ਉਸ ਨੂੰ ਇੰਗਲੈਂਡ ਭੇਜਣ ਲਈ ਉਤਾਵਲਾ ਸੀ। ਮਹਾਰਾਜਾ ਵੀ ਇੰਗਲੈਂਡ ਜਾ ਕੇ ਕਿਸੇ ਚੰਗੇ ਸਕੂਲ ਜਾਂ ਯੂਨੀਵਰਸਿਟੀ ਵਿੱਚ ਪੜ੍ਹਾਈ ਕਰਨਾ ਚਾਹੁੰਦਾ ਸੀ। ਜਦੋਂ ਮਹਾਰਾਜਾ ਇੰਗਲੈਂਡ ਵੱਲ ਰਵਾਨਾ ਹੋਣ ਲੱਗਾ ਤਾਂ ਲਾਰਡ ਡਲਹੌਜ਼ੀ ਨੇ ਉਸ ਨੂੰ 'ਬਾਈਬਲ' ਦੀ ਇਕ ਕਾਪੀ ਭੇਟਾ ਕੀਤੀ ਅਤੇ ਕਿਹਾ, "ਇਹ ਤੋਹਫ਼ਾ ਸਾਰਿਆਂ ਤੋਹਫਿਆਂ ਤੋਂ ਉਤਮ ਹੈ ਅਤੇ ਮੈਂ ਇਹ ਤੋਹਫ਼ਾ ਆਪਣੇ ਬੱਚਿਆਂ ਨੂੰ ਭੇਟਾ ਕੀਤਾ ਹੈ। ਇਹ ਹੀ ਅਸਲੀ ਸਾਰੀਆਂ ਖੁਸ਼ੀਆਂ ਦਾ ਭੇਤ ਹੈ, ਇਸ ਜਹਾਨ ਅਤੇ ਅਗਲੇ ਆਉਣ ਵਾਲੇ ਸਮਿਆਂ ਵਿੱਚ।" ਮਹਾਰਾਜਾ 19 ਅਪਰੈਲ 1854 ਨੂੰ ਇੰਗਲੈਂਡ ਵੱਲ ਰਵਾਨਾ ਹੋਇਆ ਅਤੇ ਮਈ ਦੇ ਅਖੀਰ ਵਿੱਚ ਉਥੇ ਪੁੱਜਿਆ। ਉਥੇ ਉਸ ਨੂੰ ਏਜਵਨ-ਅਸਟੇਟ ਵਿੱਚ ਰੱਖਿਆ ਗਿਆ। ਇੰਗਲੈਂਡ ਜਾ ਕੇ ਉਸ ਨੂੰ ਕਿਸੇ ਸਕੂਲ ਅਤੇ ਯੂਨੀਵਰਸਿਟੀ ਵਿੱਚ ਦਾਖਲਾ ਨਾ ਮਿਲਿਆ ਅਤੇ ਨਾ ਹੀ ਚੰਗੇ ਮਨੁੱਖਾਂ ਦੀ ਸਹਿਰਦਤਾ ਨਸੀਬ ਹੋਈ। ਇੰਗਲੈਂਡ ਵਿੱਚ ਉਸ ਨੂੰ ਅਜਿਹਾ ਨਮੋਸ਼ੀ ਭਰਿਆ ਵਿਹਾਰ ਮਿਲਿਆ ਕਿ ਉਹ 1883 ਅਗਸਤ ਤੋਂ ਬਾਅਦ ਅੰਗਰੇਜ਼ਾਂ ਅਤੇ ਇਸਾਈਆਂ ਤੋਂ ਬਾਗੀ ਹੋ ਗਿਆ।

ਸਿੱਖ ਧਰਮ ਵੱਲ ਜਾਗਰੂਕ ਹੋਣਾ: ਮਹਾਰਾਜਾ ਦਲੀਪ ਸਿੰਘ ਅੰਗਰੇਜ਼ਾਂ ਅਤੇ ਇਸਾਈਆਂ ਨੂੰ ਹੁਣ ਆਪਣਾ ਦੁਸ਼ਮਣ ਸਮਝਣ ਲੱਗ ਪਿਆ। ਉਸ ਨੂੰ ਬਚਪਨ ਵਿੱਚ ਇਸਾਈ ਧਰਮ ਗ੍ਰਹਿਣ ਕਰਨ ਦੀ ਗਲਤੀ ਦਾ ਅਹਿਸਾਸ ਹੋਇਆ। ਭਾਵੇਂ ਅੰਗਰੇਜ਼ ਮਹਾਰਾਜੇ ਨੂੰ ਬਚਪਨ ਵਿੱਚ ਇਸਾਈ ਬਣਾਉਣ ਵਿੱਚ ਕਾਮਯਾਬ ਹੋਏ ਪਰ ਫਿਰ ਵੀ ਉਸ ਨੂੰ ਆਪਣੇ ਸ਼ਾਨਦਾਰ ਗੌਰਵ ਅਤੇ ਵਿਰਸੇ ਤੋਂ ਦੂਰ ਲੈ ਜਾਣ ਵਿੱਚ ਕਾਮਯਾਬ ਨਾ ਹੋ ਸਕੇ। ਮਹਾਰਾਜਾ ਸਾਬਤ ਸੂਰਤ, ਦਸਤਾਰ ਸਜਾ ਕੇ ਪੰਜਾਬ ਅਤੇ ਦਿੱਲੀ ਵਿੱਚ ਆਪਣੇ ਲੋਕਾਂ ਵਿੱਚ ਵਿਚਰਨਾ ਚਾਹੁੰਦਾ ਸੀ। ਮਹਾਰਾਜੇ ਦੀ ਰੂਹ ਲਾਹੌਰ ਕਿਲ੍ਹੇ ਦੇ ਸੁਮਨ-ਬੁਰਜ ਦੇ ਸ਼ੀਸ਼ ਮਹਿਲਾਂ ਨੂੰ ਭਾਲਦੀ ਰਹੀ ਜਿਥੇ ਉਸ ਨੇ ਜ਼ਿੰਦਗੀ ਦੇ ਹੁਸੀਨ ਪਲਾਂ ਨੂੰ ਗੁਜ਼ਾਰਿਆ ਸੀ। ਇੰਗਲੈਂਡ

ਰਹਿੰਦਿਆਂ ਹੀ ਉਸ ਨੇ ਲਾਹੌਰ ਕਿਲ੍ਹੇ ਤੋਂ ਕਾਫੀ ਚਿੱਤਰ ਮੰਗਵਾ ਕੇ ਆਪਣੇ ਕਮਰੇ ਦੀ ਜੀਨਤ ਬਣਨ ਲਈ ਸੋਚਦਾ ? ਮਹਾਰਾਜਾ ਇਹ ਬਿਲਕੁਲ ਭੁਲਿਆ ਨਹੀਂ ਸੀ ਕਿ ਉਹ ਹਿੰਦੁਸਤਾਨ ਦੇ ਮਹਾਰਾਜਿਆਂ 'ਚੋਂ ਇੱਕ ਤਾਕਤਵਰ ਮਹਾਰਾਜੇ ਦਾ ਬੇਟਾ ਹੈ। ਮਹਾਰਾਜਾ ਦਲੀਪ ਸਿੰਘ ਦੀ ਮਾਂ ਮਹਾਰਾਣੀ ਜਿੰਦ ਕੌਰ ਇੰਗਲੈਂਡ ਵਿੱਚ ਦੋ ਸਾਲ ਭਾਵ 1861 ਤੋਂ 1863 ਤੱਕ ਆਪਣੇ ਬੇਟੇ ਕੋਲ ਰਹੀ। ਉਸ ਨੇ ਦੋ ਸਾਲਾਂ ਵਿੱਚ ਆਪਣੇ ਬੇਟੇ ਨੂੰ ਸਿੱਖ ਧਰਮ ਦੇ ਗੌਰਵਮਈ ਵਿਰਸੇ ਅਤੇ ਇਤਿਹਾਸ ਪ੍ਰਤੀ ਅਜਿਹਾ ਸੁਚੇਤ ਕੀਤਾ ਕਿ ਉਹ ਆਪਣੇ ਪੁਰਖਿਆਂ ਦੇ ਧਰਮ ਵੱਲ ਆਉਣ ਦਾ ਨਿਸ਼ਚਾ ਕਰ ਬੈਠਾ। ਸ੍ਰ. ਠਾਕਰ ਸਿੰਘ, ਦਲੀਪ ਸਿੰਘ ਦਾ ਚਚੇਰਾ ਭਰਾ ਵੀ ਲੱਗਦਾ ਸੀ। ਸ੍ਰ. ਠਾਕਰ ਸਿੰਘ ਰੋਜ਼ ਮਹਾਰਾਜੇ ਨੂੰ 'ਗੁਰੂ ਗ੍ਰੰਥ ਸਾਹਿਬ' ਤੋਂ ਪਾਠ ਸੁਣਾਉਂਦਾ ਅਤੇ ਨਾਲੇ ਆਪਣੇ ਇਤਿਹਾਸ ਪ੍ਰਤੀ ਜਾਗਰੂਕ ਕਰਦਾ ਰਹਿੰਦਾ। ਠਾਕਰ ਸਿੰਘ ਨੇ ਮਹਾਰਾਜੇ ਦੇ ਕੰਨਾਂ ਵਿੱਚ ਇਹ ਕਹਿ ਦਿੱਤਾ ਸੀ, "ਉਹ ਇਕ ਬਾਦਸ਼ਾਹ ਸੀ ਅਤੇ ਬਾਦਸ਼ਾਹ ਰਹੇਗਾ।" ਠਾਕਰ ਸਿੰਘ ਨੇ ਇਹ ਵੀ ਵਿਸ਼ਵਾਸ ਦਵਾਇਆ ਸੀ ਕਿ ਉਹ, ਉਸ ਨੂੰ ਆਪਣੀ ਭਾਈਚਾਰੇ ਨਾਲ ਮਿਲਾ ਦੇਵੇਗਾ ਅਤੇ ਸਾਰਾ ਪੰਜਾਬ ਉਸ ਨੂੰ ਚਾਹੁੰਦਾ ਹੈ। ਉਸ ਨੇ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਉਚ ਗ੍ਰੰਥੀਆਂ ਤੋਂ ਵੀ ਇਜਾਜ਼ਤ ਲੈ ਲਈ ਹੈ ਕਿ ਦਲੀਪ ਸਿੰਘ ਦੁਬਾਰਾ ਆਪਣੇ ਪੁਰਖਿਆਂ ਦੇ ਧਰਮ ਵਿੱਚ ਆ ਜਾਵੇ। ਇਕ ਸਵੇਰ ਜਦੋਂ ਮਹਾਰਾਜਾ ਦਲੀਪ ਸਿੰਘ ਆਪਣੇ ਬਿਸਤਰੇ ਵਿੱਚੋਂ ਉਠਿਆ ਤਾਂ ਉਸ ਨੇ ਠਾਕਰ ਸਿੰਘ ਨੂੰ ਕਿਹਾ ਕਿ, "ਮੈਨੂੰ ਅੰਮ੍ਰਿਤ ਛਕਾ ਕੇ ਸਿੰਘ ਬਣਾਉ ਕਿਉਂਕਿ ਮੈਨੂੰ ਰਾਤੀਂ ਗੁਰੂ ਗੋਬਿੰਦ ਸਿੰਘ ਦੇ ਦੀਦਾਰ ਹੋਏ ਅਤੇ ਹੁਕਮ ਹੋਇਆ, ਤਿਆਰ-ਬਰ-ਤਿਆਰ ਹੋ ਜਾਉ।"

ਖਤੋ-ਕਿਤਾਬਤ ਕਰਨੀ: ਮਹਾਰਾਜਾ ਦਲੀਪ ਸਿੰਘ ਨੇ ਦੇਸ਼ਵਾਸੀਆਂ ਅਤੇ ਸਿੱਖਾਂ ਨਾਲ ਵੀ ਖਤੋ-ਕਿਤਾਬਤ ਕਰਨੀ ਸ਼ੁਰੂ ਕਰ ਦਿੱਤੀ। ਇਨ੍ਹਾਂ ਸਾਰੀਆਂ ਚਿੱਠੀਆਂ ਦਾ ਸਾਰ ਇਹੋ ਸੀ ਕਿ ਮੈਂ ਆਪਣੇ ਪੁਰਖਿਆਂ ਦੇ ਧਰਮ (ਸਿੱਖ ਧਰਮ) ਵੱਲ ਆ ਗਿਆ ਹਾਂ, 'ਖੰਡੇ ਦੀ ਪਾਹੁਲ' ਲੈਣ ਦਾ ਜ਼ਿਕਰ ਕੀਤਾ ਗਿਆ ਸੀ। ਅਜਿਹੀਆਂ ਚਿੱਠੀਆਂ ਸ੍ਰ. ਸੰਤ ਸਿੰਘ, ਭਾਈ ਗੁਰਮੁਖ ਸਿੰਘ ਐਸਟੇਂਟ ਪ੍ਰੋਫੈਸਰ ਓਰੀਐਂਟ ਕਾਲਜ, ਲਾਹੌਰ ਆਦਿ ਕੋਲ ਵੀ ਪੁੱਜੀਆਂ। 17 ਅਪ੍ਰੈਲ 1886 ਦੇ ਟ੍ਰਿਬਿਊਨ, ਲਾਹੌਰ ਵਿੱਚ ਅਜਿਹੀਆਂ ਖਬਰਾਂ ਛੱਪੀਆਂ।

ਅਦੀਨ ਵਿੱਚ ਗ੍ਰਿਫਤਾਰ: 21 ਅਪ੍ਰੈਲ 1886 ਨੂੰ ਮਹਾਰਾਜਾ ਦਲੀਪ ਸਿੰਘ ਪ੍ਰਵਾਰ ਸਮੇਤ ਅਦੀਨ ਪੁੱਜਿਆ। ਉਨ੍ਹਾਂ ਸਾਰਿਆਂ ਨੂੰ ਸਰਕਾਰ ਨੇ ਗ੍ਰਿਫਤਾਰ ਕਰ ਲਿਆ। ਸ੍ਰ. ਠਾਕਰ ਸਿੰਘ ਸੰਧੇ ਵਾਲੀਆ, ਇਕ ਸਿੰਘ ਸਮੇਤ ਪਹਿਲਾਂ ਹੀ ਅਦੀਨ ਪੁੱਜ ਚੁੱਕੇ ਸਨ। ਜਦੋਂ ਮਹਾਰਾਜਾ ਦਲੀਪ ਸਿੰਘ ਨੂੰ ਠਾਕਰ ਸਿੰਘ ਦੇ ਪੁੱਜਣ ਦੀ ਖਬਰ ਮਿਲੀ ਤਾਂ ਉਹ 'ਖੰਡੇ ਦੀ ਪਾਹੁਲ' ਲੈਣ ਲਈ ਤੱਤਪਰ ਹੋ ਗਿਆ। ਪਰ ਬਰਤਾਨਵੀ ਰੇਜ਼ੀਡੈਂਟ ਨੇ ਉਨ੍ਹਾਂ ਤਿੰਨਾਂ ਦੀ ਮੁਲਾਕਾਤ ਨਾ ਹੋਣ ਦਿੱਤੀ। ਜਦੋਂ ਮਹਾਰਾਜੇ ਨੇ ਗਵਰਨਰ ਜਨਰਲ ਨੂੰ ਦਰਖਾਸਤ ਦਿੱਤੀ ਤਾਂ ਉਨ੍ਹਾਂ ਨੂੰ ਮੁਲਾਕਾਤ ਦੀ ਇਜ਼ਾਜ਼ਤ ਮਿਲੀ। ਸਰਕਾਰ ਧਾਰਮਿਕ-ਮਾਮਲੇ ਵਿੱਚ ਦਖਲ ਨਹੀਂ ਦੇਣਾ ਚਾਹੁੰਦੀ ਸੀ ਕਿਉਂਕਿ 1858 ਵਿੱਚ ਮੱਲਕਾ ਵਿਕਟੋਰੀਆ ਨੇ 'ਸੰਪੂਰਨ ਧਾਰਮਿਕ ਆਜ਼ਾਦੀ' ਦਾ ਫੁਰਮਾਨ ਜਾਰੀ ਕੀਤਾ ਸੀ। ਪਰ ਸਰਕਾਰ ਮਹਾਰਾਜੇ ਦੀ ਹਰ ਗਲ ਨੂੰ ਸਿਆਸੀ ਨੁਕਤੇ-ਨਿਗਾਹ ਤੋਂ ਵੇਖਦੀ ਸੀ ਕਿਉਂਕਿ 1883 ਵਿੱਚ ਮਹਾਰਾਜੇ ਵੱਲੋਂ ਆਪਣੇ ਪ੍ਰੋਹਿਤ ਹੱਥ ਭੇਜੀ ਅਰਦਾਸੇ ਦੀ ਮਾਇਆ ਨੂੰ ਸਰਕਾਰ ਨੇ ਹਿੰਦੁਸਤਾਨ ਭੇਜਣ ਦੀ ਇਜ਼ਾਜ਼ਤ ਨਹੀਂ ਦਿੱਤੀ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ: ਜਦੋਂ ਗਵਰਨਰ ਜਨਰਲ ਨੂੰ ਇਹ ਪੱਕਾ ਯਕੀਨ ਹੋਇਆ ਕਿ ਇਹ ਸਿਰਫ ਧਾਰਮਿਕ ਨੁਕਤਾ ਹੈ ਤਾਂ ਉਸ ਨੇ ਅਕਾਲ ਤਖ਼ਤ ਸਾਹਿਬ, ਦਰਬਾਰ ਸਾਹਿਬ ਅੰਮ੍ਰਿਤਸਰ, ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਮਾਂਹ ਸਿੰਘ (ਦੀਆਂ ਸਮਾਧਾਂ, ਲਾਹੌਰ ਅਤੇ ਗੁਜ਼ਰਾਂਵਾਲ) ਲਈ ਮਾਇਆ ਭੇਜਣ ਦੀ ਇਜਾਜ਼ਤ ਦਿੱਤੀ। ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਗਈ, "ਮਹਾਰਾਜਾ ਦਲੀਪ ਸਿੰਘ ਨੇ ਜੋ ਕੜਾਹ ਪ੍ਰਸ਼ਾਦ ਲਈ ਮਾਇਆ ਭੇਜੀ ਹੈ, ਵਾਹਿਗੁਰੂ ਸਹਿਤਯਾਬੀ ਅਤੇ ਸਿੱਖੀ ਦਾਨ ਬਖਸ਼ੇ।" ਇਸ ਖਬਰ ਨੇ ਸਿੱਖਾਂ ਵਿੱਚ ਖੁਸ਼ੀ ਦੀ ਲਹਿਰ ਦੌੜਾ ਦਿੱਤੀ। ਪੰਜਾਬ ਵਿੱਚ ਬਹੁਤ ਸਾਰੀਆਂ ਅਫ਼ਵਾਵਾਂ ਫੈਲ ਗਈਆਂ। ਐਬਸਟ੍ਰੈਕਟ ਸਿਆਸੀ ਖੁਫੀਆ ਰਿਪੋਰਟਾਂ ਜੋ 24 ਅਪ੍ਰੈਲ 1886 ਵਿੱਚ ਸਰਕਾਰ ਨੂੰ ਭੇਜੀ ਗਈ, ਉਸ ਵਿੱਚ ਲਿਖਿਆ ਸੀ ਕਿ ਮਹਾਰਾਜੇ ਦੀ 'ਖੰਡੇ ਦੀ ਪਾਹੁਲ' ਰਸਮ ਵਿੱਚ ਸ਼ਾਮਲ ਹੋਣ ਲਈ ਬਾਬਾ ਖੇਮ ਸਿੰਘ (ਰਾਵਲਪਿੰਡੀ) ਅਤੇ ਬਾਬਾ ਸੁਜਾਨ ਸਿੰਘ ਊਨਾ (ਹੁਸ਼ਿਆਰਪੁਰ) ਹਾਜ਼ਰ ਹੋਣ ਗਏ। ਪੰਜਾਬ ਦੇ ਬਹੁਤ ਸਾਰੇ ਸਿੰਘਾਂ ਇਹ ਪਤਾ ਕਰਨ ਵਿੱਚ ਸਰਗਰਮ ਸਨ ਕਿ ਮਹਾਰਾਜਾ 'ਖੰਡੇ ਦੀ ਪਾਹੁਲ' ਅੰਮ੍ਰਿਤਸਰ ਅਬਿਚਲ ਨਗਰ ਜਾਂ ਆਨੰਦਪੁਰ ਸਾਹਿਬ ਲੈਣਗੇ? ਬਹੁਤ ਸਾਰੇ ਸਿੰਘ ਇਸ ਅਵਸਰ 'ਤੇ ਹਾਜ਼ਰ ਹੋਣਾ ਚਾਹੁੰਦੇ ਸਨ। ਫਿਰੋਜ਼ਪੁਰ ਦੇ ਸਿੱਖ ਮਹਾਰਾਜੇ ਦਾ 'ਅੰਮ੍ਰਿਤਸਰ' ਆਉਣਾ ਦਸਦੇ ਸਨ। ਇਹ ਸਾਰਾ ਕੁਝ ਖੁਫੀਆ ਰਿਪੋਰਟਾਂ ਵਿੱਚ ਦਰਜ ਸੀ।

'ਖੰਡੇ ਦੀ ਪਾਹੁਲ' ਲੈਣੀ: ਅਦੀਨ ਵਿੱਚ ਹੀ 25 ਮਈ 1886 ਨੂੰ ਮਹਾਰਾਜਾ ਦਲੀਪ ਸਿੰਘ ਨੇ 'ਖੰਡੇ ਦੀ ਪਾਹੁਲ' ਲਈ ਅਤੇ ਸਿੰਘ ਸੱਜ ਗਿਆ। ਇਸ ਅਵਸਰ 'ਤੇ ਸ੍ਰ. ਠਾਕਰ ਸਿੰਘ ਸੰਧੇਵਾਲੀਆ ਅਤੇ ਉਸ ਦੇ ਸਾਥੀ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਸ੍ਰ. ਠਾਕਰ ਸਿੰਘ ਨਾਲ ਸ੍ਰ. ਰੂੜ ਸਿੰਘ ਜੱਟ, ਕੁਹਾਲੀ (ਅੰਮ੍ਰਿਤਸਰ) ਅਤੇ ਸ੍ਰ. ਜਵੰਦ ਸਿੰਘ ਬੁਰਕੀ (ਲਾਹੌਰ) ਵੀ ਹਾਜ਼ਰ ਸਨ। ਦੋ ਹੋਰ ਸਿੰਘਾਂ ਦੀਆਂ ਸੇਵਾਵਾਂ ਵੀ ਇਸ ਰਸਮ ਲਈ ਸਹਾਈ ਹੋਈਆਂ ਜੋ ਇਕ ਟਰਾਂਸਪੋਰਟ ਜਹਾਜ਼ ਰਾਹੀਂ ਅਦੀਨ ਵਿੱਚ ਪੁੱਜੇ ਸਨ। ਰੇਜੀਡੈਂਟ ਨੇ ਇਸ ਰਸਮ ਤੋਂ ਆਪਣੇ ਆਪ ਨੂੰ ਵੱਖ ਰੱਖਿਆ ਅਤੇ ਪੰਜਾਂ ਸਿੰਘ ਵੱਲੋਂ ਮਹਾਰਾਜਾ ਦਲੀਪ ਸਿੰਘ ਨੂੰ 'ਖੰਡੇ ਦੀ ਪਾਹੁਲ' ਦੀ ਰਸਮ ਵਿੱਚ ਕੋਈ ਰੁਕਾਵਟ ਨਾ ਕੀਤੀ। ਮਹਾਰਾਜਾ ਦਾ ਤਿਆਰ-ਬਰ-ਤਿਆਰ ਸਿੰਘ ਸੱਜਦੇ ਹੀ ਉਸ ਦੀਆਂ ਕੁਦਰਤੀ ਲੋੜਾਂ ਵੀ ਵੱਧ ਗਈਆਂ। ਮਹਾਰਾਜਾ ਦਲੀਪ ਸਿੰਘ ਨੇ ਰੇਜ਼ੀਡੈਂਟ ਨੂੰ ਇਕ ਮੈਮੋਰੈਂਡਮ ਪੇਸ਼ ਕੀਤਾ ਜਿਸ ਵਿੱਚ ਇਨ੍ਹਾਂ ਲੋੜਾਂ ਬਾਰੇ ਤਫਸ਼ੀਲ ਦਿੱਤੀ ਹੋਈ ਸੀ। ਇਕ ਸਿੱਖ ਗ੍ਰੰਥੀ, ਇਕ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਈ ਸੇਵਾਦਾਰ, ਦੋ ਬਾਵਰਚੀ, ਚਾਰ ਪਾਣੀ ਭਰਨ ਵਾਲੇ, ਦੋ ਹੋਟਲ ਦੇ ਬਹਿਰੇ, ਤਿੰਨ ਧੋਬੀ, ਇਕ ਦਰਜ਼ੀ, ਇਕ ਝਾੜੂ ਦੇਣ ਵਾਲਾ ਅਤੇ ਅੱਠ ਬੰਦੂਕਚੀ। ਰੇਜ਼ੀਡੈਂਟ ਜਾਣਦਾ ਸੀ ਕਿ ਮਹਾਰਾਜੇ ਨੂੰ ਧੋਬੀ, ਦਰਜ਼ੀ ਅਤੇ ਝਾੜੂ ਦੇਣ ਵਾਲੇ ਤਾਂ ਘਰੇਲੂ ਹੀ ਮਿਲ ਸਕਦੇ ਹਨ ਪਰ ਬਾਕੀ ਸਾਰੇ ਬੰਬਈ ਤੋਂ ਲਏ ਜਾ ਸਕਦੇ ਹਨ। ਸਰਕਾਰ ਨੇ ਇਹ ਫੈਸਲਾ ਕਰਨਾ ਸੀ ਕਿ ਮਹਾਰਾਜੇ ਨੂੰ ਗ੍ਰੰਥੀ ਸਿੰਘ ਅਤੇ ਸੇਵਾਦਾਰ ਚਾਹੀਦਾ ਹੈ। ਸਰਕਾਰ ਇਹ ਵੀ ਜਾਣਦੀ ਸੀ ਕਿ ਗ੍ਰੰਥੀ ਅਤੇ ਸੇਵਾਦਾਰ ਮਹਾਰਾਜੇ ਦਾ ਨਿੱਜੀ ਮਾਮਲਾ ਹੈ। ਸਰਕਾਰ ਚਾਹੁੰਦੀ ਸੀ ਮਹਾਰਾਜਾ ਆਪਣੇ ਮਨਪਸੰਦ ਸਿੱਖ ਤਾਂ ਰੱਖ ਸਕਦਾ ਹੈ ਪਰ ਉਹ ਸਰਕਾਰ ਦੀ ਇਜਾਜ਼ਤ ਬਗੈਰ ਕਿਤੇ ਨਹੀਂ ਜਾ ਸਕਦੇ। ਸਰਕਾਰ ਮਹਾਰਾਜੇ ਨੂੰ ਬਹੁਤੀ ਦੇਰ ਲਈ ਅਦੀਨ ਠਹਿਰਨ ਲਈ ਰਜ਼ਾਮੰਦ ਨਹੀਂ ਸੀ। ਮਹਾਰਾਜੇ ਨੂੰ ਫੁਰਤੀ ਨਾਲ ਵਾਪਸ ਕਿਸੇ ਤਰ੍ਹਾਂ ਇੰਗਲੈਂਡ ਭੇਜਣਾ ਚਾਹੁੰਦੀ ਸੀ ਸਰਕਾਰ।

ਮਹਾਰਾਜੇ ਦੀ ਜ਼ਮੀਰ ਇੰਗਲੈਂਡ ਜਾਣ ਨੂੰ ਤਿਆਰ ਨਹੀਂ ਸੀ, ਇਸ ਲਈ ਮਹਾਰਾਜੇ ਨੇ ਫਰਾਂਸ ਜਾਣਾ ਹੀ ਚੰਗਾ ਸਮਝਿਆ।

ਮਹਾਰਾਜਾ ਦਲੀਪ ਸਿੰਘ ਨੇ ਆਪਣਾ ਹੈਡ ਕਵਾਟਰ ਪੈਰਿਸ ਵਿੱਚ ਰੱਖਿਆ ਅਤੇ ਆਪਣੀ ਬਰਤਾਨਵੀ ਸ਼ੈਹਰੀਅਤ ਛੱਡ ਦਿੱਤੀ। 10 ਜਨਵਰੀ 1887 ਨੂੰ ਮਹਾਰਾਜਾ ਦਲੀਪ ਸਿੰਘ ਨੇ ਪਾਂਡੇਚੇਰੀ ਵਿੱਚ ਪਰਵਾਸੀ ਸਰਕਾਰ ਦਾ ਐਲਾਨਨਾਮਾ ਜਾਰੀ ਕੀਤਾ ਜਿਸ ਦਾ ਮੁੱਖ ਮੰਤਰੀ ਸ੍ਰ. ਠਾਕਰ ਸਿੰਘ ਸੰਧੇਵਾਲੀਆ ਨੂੰ ਬਣਾਇਆ ਗਿਆ। ਇਸ ਤੋਂ ਬਾਅਦ ਠਾਕਰ ਸਿੰਘ ਆਪਣਾ ਪ੍ਰਵਾਰ ਅਤੇ ਵਿਸ਼ਵਾਸ ਪਾਤਰ ਛੱਡ ਕੇ ਕਾਮਯਾਬੀ ਨਾਲ ਪਾਂਡੇਚੇਰੀ ਪ੍ਰੁੱਜਿਆ ਜਿਥੇ ਉਹ ਮਹਾਰਾਜਾ ਦਲੀਪ ਸਿੰਘ ਨਾਲ ਸੰਪਰਕ ਰੱਖ ਸਕਦਾ ਸੀ। ਪਾਂਡੇਚੇਰੀ ਉਸ ਸਮੇਂ ਫਰਾਂਸ ਦੀ ਬਸਤੀ ਸੀ ਅਤੇ ਬਰਤਾਨਵੀ ਸਰਕਾਰ ਦੇ ਹੇਠ ਨਹੀਂ ਸੀ ਆਉਂਦੀ। ਸ੍ਰ. ਠਾਕਰ ਸਿੰਘ ਦੀ ਮਹਾਰਾਜਾ ਦਲੀਪ ਸਿੰਘ ਨਾਲ ਸੰਪਰਕ ਨੂੰ ਅੰਗਰੇਜ਼ ਖਤਰਨਾਕ ਸੰਕੇਤ ਸਮਝਦੇ ਸਨ। ਸੈਕਟਰੀ ਆਫ ਸਟੇਟ ਆਫ ਇੰਡੀਆ ਲਾਰਡ ਕਰਾਸ ਨੇ ਵੈਸਰਾਏ ਆਫ ਇੰਡੀਆ ਲਾਰਡ ਡਫਰੈਨ ਨੂੰ ਸੰਧੇਵਾਲੀਆ ਸਰਦਾਰ 'ਤੇ ਸਖਤ ਨਜ਼ਰ ਰੱਖਣ ਦੀ ਹਦਾਇਤ ਕੀਤੀ। ਉਹ ਆਪਣੀ ਚਿੱਠੀ ਮਾਰਚ 9, 1887 ਵਿੱਚ ਲਿਖਦਾ ਹੈ,"ਮੈਂ ਦਲੀਪ ਸਿੰਘ ਤੋਂ ਪਰੇਸ਼ਾਨ ਨਹੀਂ ਹਾਂ। ਅਸੀਂ ਉਸ ਦੇ ਕਰਤਵਾਂ 'ਤੇ ਚੰਗੀ ਤਰ੍ਹਾਂ ਨਿਗਾਹ ਰੱਖ ਰਹੇ ਹਾਂ ਜਿੰਨਾ ਕੁ ਅਸੀਂ ਰੱਖ ਸਕਦੇ ਹਾਂ·ਪਰ ਮੈਂ ਪਾਂਡੇਚੇਰੀ ਵਾਲੇ ਆਦਮੀ ਨੂੰ ਚੰਗਾ ਨਹੀਂ ਸਮਝਦਾ। ਉਸ ਨੂੰ ਦਲੀਪ ਸਿੰਘ ਨਾਲ ਮਿਲਾਪ ਤੋਂ ਨਹੀਂ ਰੋਕ ਸਕਦੇ, ਜੇਕਰ ਉਹ ਮਿਲਣਾ ਚਾਹਵੇ।' ਪੈਰਿਸ ਵਿੱਚ ਹੀ ਮਹਾਰਾਜਾ ਦਲੀਪ ਸਿੰਘ ਨੇ ਸਿੱਖਾਂ ਅਤੇ ਦੇਸ਼ਵਾਸੀਆਂ ਲਈ ਕਈ ਮਹੱਤਵਪੂਰਨ ਤਖ਼ਤ-ਨਸ਼ੀਨੀ ਦੇ ਐਲਾਨਨਾਮੇ ਜਾਰੀ ਕੀਤੇ।

ਰੂਸ ਦਾ ਸਫਰ: ਮਹਾਰਾਜਾ ਦਲੀਪ ਸਿੰਘ ਦਾ 'ਅੰਮ੍ਰਿਤਧਾਰੀ' ਹੋਣਾ ਸਿੱਖਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਪੰਜਾਬ ਵਿੱਚ ਬੈਠਾ ਹਰ ਸਿੱਖ ਮਹਾਰਾਜਾ ਨੂੰ ਸੱਚਾ ਸਿੱਖ ਸਮਝਦਾ ਸੀ ਅਤੇ ਗੁਰੂ ਗੋਬਿੰਦ ਸਿੰਘ ਦੀ ਭਵਿੱਖਬਾਣੀ ਕਾਰਨ, ਮਹਾਰਾਜੇ ਨੂੰ ਸੱਚਾ ਲੀਡਰ ਸਮਝਣ ਲੱਗ ਪਏ ਸਨ। ਮਹਾਰਾਜਾ ਦਲੀਪ ਸਿੰਘ ਆਪਣੇ ਮਿਸ਼ਨ ਦੀ ਪੂਰਤੀ ਲਈ 18 ਸਤੰਬਰ 1887 ਨੂੰ ਰੂਸ ਗਿਆ। ਮਹਾਰਾਜਾ ਰੂਸ ਦੀ ਧਰਤੀ 'ਤੇ ਇਕ ਸਾਲ ਅੱਠ ਮਹੀਨੇ ਰਿਹਾ। ਰੂਸ ਦੇ ਮਿਸ਼ਨ ਵਿੱਚ ਮਹਾਰਾਜਾ ਕਾਮਯਾਬ ਨਾ ਹੋਇਆ ਕਿਉਂਕਿ ਉਸ ਦੇ ਦੋ ਖਾਸ ਮਿੱਤਰ ਮਿਸਟਰ ਮੈਟਕਾਫ ਅਤੇ ਠਾਕਰ ਸਿੰਘ ਸੰਧੇਵਾਲੀਆ, ਇਨ੍ਹਾਂ ਸਮਿਆਂ ਵਿੱਚ ਹੀ ਗੁਰਪੁਰੀ ਸਿਧਾਰ ਗਏ ਸਨ। ਮਹਾਰਾਜਾ ਰੂਸ ਰਾਹੀਂ ਪੰਜਾਬ ਵਿੱਚ ਦਾਖਲ ਹੋਣਾ ਚਾਹੁੰਦਾ ਸੀ ਪਰ ਇਹ ਯੋਜਨਾ ਵੀ ਸਿਰੇ ਨਾ ਚੜ੍ਹੀ। ਆਖਰ ਮਹਾਰਾਜਾ ਜਨੇਵਾ ਮੁੜ ਗਿਆ ਜਿਥੋਂ ਉਸ ਨੇ ਸਿੱਖਾਂ ਅਤੇ ਦੇਸ਼ਵਾਸੀਆਂ ਦੇ ਨਾਂ ਕਈ ਚਿੱਠੀਆਂ ਲਿਖੀਆਂ ਜਿਨ੍ਹਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੀ ਭਵਿੱਖਬਾਣੀ, ਸ੍ਰੀ ਖਾਲਸਾ ਜੀਓ, ਸਾਡਾ ਨਿਸ਼ਾਨਾ ਕੌਮੀ ਹੀ ਨਹੀਂ ਧਾਰਮਿਕ ਵੀ ਹੈ ਆਦਿ ਸੰਕੇਤ ਦਿੱਤੇ ਹੋਏ ਸਨ। ਮਹਾਰਾਜਾ ਦਲੀਪ ਸਿੰਘ ਯਕੀਨ ਰੱਖਦਾ ਸੀ ਕਿ ਦਸਵੇਂ ਪਾਤਸ਼ਾਹ ਵੱਲੋਂ ਕੀਤੀ ਭਵਿੱਖਬਾਣੀ ਰਾਹੀਂ ਸੱਚਾਈ ਦਾ ਪੁਨਰ-ਸਥਾਪਨ ਹੋਵੇਗਾ। ਰੂਸ ਦੇ ਜ਼ਾਰ ਨੂੰ ਜੋ ਅਰਜ਼ੀ ਮਹਾਰਾਜੇ ਨੇ ਪੇਸ਼ ਕੀਤੀ, ਉਸ ਵਿੱਚ ਪੰਜਾਬ ਵਿੱਚ ਰਾਜਭਾਗ ਦੇ ਸਿਆਸੀ ਨੁਕਤੇ-ਨਿਗਾਹ ਦਾ ਵਰਣਨ ਸਪੱਸ਼ਟ ਮੂਰਤੀਮਾਨ ਹੁੰਦਾ ਹੈ। ਰੂਸ ਦੇ ਪੁਰਾ-ਲੇਖ ਵਿਭਾਗ ਵਿੱਚ ਮਹਾਰਾਜਾ ਦਲੀਪ ਸਿੰਘ ਦੀਆਂ ਅਹਿਮ ਦਸਤਾਵੇਜ਼ਾਂ ਅੱਜ ਵੀ ਸਾਂਭੀਆਂ ਹੋਈਆਂ ਹਨ।

ਆਖਰੀ ਆਰਾਮਗਾਹ: ਮਹਾਰਾਜਾ ਦਲੀਪ ਸਿੰਘ ਸੰਘਰਸ਼ ਕਰਦਾ ਹੋਇਆ, ਆਖਰ ਬੀਮਾਰ ਹੋ ਗਿਆ। ਅਧਰੰਗ ਦੇ ਰੋਗ ਕਾਰਨ ਉਸ ਦੀ ਸਿਹਤ ਦਿਨ-ਬ-ਦਿਨ ਖਰਾਬ ਹੁੰਦੀ ਗਈ। ਆਖਰ 23 ਅਕਤੂਬਰ 1893 ਨੂੰ ਪੈਰਿਸ ਦੇ ਗ੍ਰੇਂਟ ਹੋਟਲ ਵਿੱਚ ਉਸ ਦਾ ਦੇਹਾਂਤ ਹੋ ਗਿਆ। ਉਹ ਜਮਾਂਦਰੂ ਸਿੱਖ ਸੀ ਅਤੇ ਗੁਜ਼ਰਿਆ ਵੀ ਸਿੱਖ ਸੀ ਪਰ ਉਹ ਬੇਗਾਨੀ ਧਰਤੀ 'ਤੇ ਲਾਵਾਰਸਾਂ ਵਾਂਗ ਗੂੜ੍ਹੀ ਨੀਂਦ ਸੌਂ ਗਿਆ। ਆਪਣੇ ਦੇਸ਼ ਵਿੱਚ ਉਸ ਨੂੰ ਇਕ ਟੁਕੜਾ ਜ਼ਮੀਨ ਵੀ ਨਸੀਬ ਨਾ ਹੋਈ। ਉਸ ਦੇ ਬੇਟੇ ਨੇ ਉਸ ਨੂੰ ਪ੍ਰਵਾਰ ਦੇ ਦੂਜੇ ਮੈਂਬਰਾਂ ਦੇ ਕੋਲ ਹੀ ਗਿਰਜੇ ਦੇ ਅਹਾਤੇ ਵਿੱਚ ਦਫਨਾ ਦਿੱਤਾ। ਲਾਹੌਰ ਦੇ ਟ੍ਰਿਬਿਊਨ ਨੇ ਲਿਖਿਆ ਸੀ, "ਸਾਡੇ ਦਲੀਪ ਸਿੰਘ, ਤੇਰਾ ਦੇਸ਼ ਤੇਰੇ 'ਤੇ ਸਿਰਫ ਵਿਰਲਾਪ ਹੀ ਕਰ ਸਕਦਾ ਹੈ।"

* * *

ਮੁਸਲਮਾਨਾਂ ਦੇ ਪਵਿੱਤਰ ਤਬੱਰੁਕਾਤ ਅਤੇ ਸਿੱਖ

ਮੁਸਲਮਾਨਾਂ ਦੀ ਕੀਮਤੀ ਤਬੱਰੁਕਾਤ ਦੀ ਇਕ ਫ਼ਰਿਸਤ ਅੰਮ੍ਰਿਤਸਰ ਦੇ ਖਾਲਸਾ ਕਾਲਸ ਵਿੱਚ ਪਈ ਹੈ। ਇਸੇ ਫ਼ਰਿਸਤ ਦੀ ਇਕ ਕਾਪੀ ਗੁਰੂ ਰਾਮਦਾਸ ਲਾਇਬਰੇਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਵੀ ਸੀ। ਇਹ ਸੂਚੀ ਸਿੱਖਾਂ ਦੇ ਮਸ਼ਹੂਰ ਤਵਾਰੀਖਦਾਨ ਡਾ; ਗੰਡਾ ਸਿੰਘ ਜੀ ਨੇ ੧੯੪੨ ਵਿਚ ਤਿਆਰ ਕੀਤੀ ਸੀ। ਉਨ੍ਹਾਂ ਨੇ ਫ਼ਾਰਸੀ ਦੀਆਂ ਸਾਰੀਆਂ ਸੂਚੀਆਂ ਨੂੰ ਇਕੱਠਾ ਕੀਤਾ ਸੀ ਜਿਨ੍ਹਾਂ ਵਿਚ ਸਈਦ ਫ਼ਕੀਰ ਨੂਰ-ਉ-ਦੀਨ ਮੁਹੰਮਦ ਬੁਖਾਰੀ (੮ ਜੂਨ ੧੯੪੯); ਬਦਰੋ ਦੀਨ (੮ ਜੂਨ ੧੯੪੯); ਚੰਦਰ ਗੁਲਾਮ ਮੁਹੰਮਦ ਪੁੱਤਰ ਜਾਨ ਮੁਹੰਮਦ (੨੮ ਜੂਨ ੧੯੪੯); ਸ਼ੇਖ ਨੂਰ ਅਤੇ ਸ਼ੇਖ ਫਜ਼ਲ ਇਲਾਹੀ, ਫ਼ਰਿਸਤ ਤੱਬਰੁਕਾਤ, ਹਜ਼ਰਤ ਉਵਾਸ ਕੁਰਾਨੀ ਅਤੇ ਸਈਦ ਅਬੁੱਦਲ ਕਾਦਰ ਜਲਾਨੀ ਆਦਿ ਦੀਆਂ ਸੂਚੀਆਂ ਦੇ ਹਵਾਲੇ ਨਾਲ ਤਿਆਰ ਕੀਤਾ ਸੀ।

ਡਾ. ਗੰਡਾ ਸਿੰਘ ਜੀ ਨੇ ਜੋ ਲਿਸਟ ਤੱਬਰੁਕਾਤ ਦੀ ਤਿਆਰ ਕੀਤੀ ਸੀ ਉਹ ਇਸ ਪ੍ਰਕਾਰ ਹੈ।

ਤਬੱਰੁਕਾਤਾਂ ਦੀ ਸੂਚੀ

(ੳ) ਹਜ਼ਰਤ ਮੁਹੰਮਦ ਸਾਹਿਬ ਦੇ ਅੱਠ ਤੱਬਰੁਕਾਤ

੧. ਇਮਾਮਾ ਸ਼ਰੀਫ

੨. ਜੁਬ-ਏ-ਮੁਬਾਰਖ

੩. ਦਲਿੱਕ

੪. ਚਿੱਟਾ ਪਾਜਾਮਾ

੫. ਕਦਮ-ਮੁਬਾਰਖ

੬. ਨਾਲਿਮ-ਮੁਬਾਰਖ

੭. ਅੱਸਾ

੮. ਨਿਸ਼ਾਨ-ਮੁਬਾਰਖ

(ਅ) ਹਜ਼ਰਤ ਅਲੀ ਦੇ ਤਿੰਨ ਤਬੱਰੁਕਾਤ

੯. ਪਹਿਲਾ ਸੁਪਾਰਾ

੧੦. ਦਸਤਾਰ-ਏ-ਮੁਬਾਰਖ

੧੧. ਤਾਵੀਜ਼

(ੲ) ਹਜ਼ਰਤ ਫ਼ਾਤਮਾ ਦੇ ਦੋ ਤਬੱਰੁਕਾਤ

੧੨. ਰੁਮਾਲ

੧੩. ਜਾਏ-ਨਿਮਾਜ਼

(ਸ) ਹਜ਼ਰਤ ਇਮਾਮ ਹੱਸਨ ਦੇ ਦੋ ਤਬੱਰੁਕਾਤ

੧੪. ਦਸਤਾਰ-ਏ-ਮੁਬਾਰਕ

੧੫. ਸੂਰਤੇ-ਏ-ਯਾਸੀਨ, ਸੂਰਤੇ-ਏ-ਵਸਾਫ਼ਿਤ

(ਹ) ਹਜ਼ਰਤ ਇਮਾਮ ਹੁਸੈਨ ਦੇ ਪੰਜ ਤਬੱਰੂਕਾਤ

੧੬. ਸਪਾਰਾ-ਏ-ਤਿਲਕ-ਉਰ-ਮਸਲ

੧੭. ਦਸਤਾਰ-ਏ- ਮੁਬਾਰਖ

੧੮. ਤਾਜ-ਮੁਬਾਰਖ

੧੯. ਨਿਸ਼ਾਨ-ਏ-ਮੁਬਾਰਖ

੨੦. ਰੁਮਾਲ

(ਕ) ਅਬਦੁਲ ਕਾਦਰ ਜਾਲਾਨੀ ਦੇ ਤਿੰਨ ਤਬੱਰੂਕਾਤ

੨੧. ਸਿੱਲਕ ਦੀ ਪਗੜੀ

੨੨. ਰਜ਼ਾਈ

੧੩. ਨਮਾਜ਼ ਵਾਲੀ ਦਰੀ

(ਖ) ਹਜ਼ਰਤ ਉਵਾਸ ਕੁਰਾਨੀ

੨੪. ਇਕ ਡੱਬੇ ਵਿਚ ਦੰਦ

(ਗ) ਫੁੱਟਕਲ

੨੫. ਇਕ ਡੱਬਾ ਟੁੱਟਿਆ ਹੋਇਆ

੨੬. ਗਿਲਾਫ਼-ਏ-ਬਾਇਤ-ਏ-ਅੱਲਾ

(ਕਾਬੇ ਦੀ ਚਾਦਰ, ਛੇ ਟੁੱਕੜੇ)

੩੨. ਪੈਗੰਬਰ ਦੇ ਮੱਕਬਰੇ ਦੀ ਚਾਦਰ

੩੩-੩੪. ਹਜ਼ਰਤ ਹੱਸਨ, ਹੁਸੈਨ ਦੇ ਮੱਕਬਰੇ ਦੀਆਂ ਚਾਦਰਾਂ (੨ ਟੁੱਕੜੇ)

੩੫. ਅਬਦੁਲ ਕਾਦਰ ਜਾਲਾਨੀ ਦੇ ਮੱਕਬਰੇ ਦੀ ਚਾਦਰ ਜਿਸ 'ਤੇ ਕੁਰਾਨ ਸ਼ਰੀਫ ਦੀਆਂ ਆਇਤਾਂ ਲਿਖੀਆਂ ਹੋਈਆਂ ਹਨ।

੩੬. ਖਾਕ-ਏ-ਪਾਕਿ-ਏ-ਕਰਬਲਾ

੩੭. ਕਿਸੇ ਪੁਰਾਣੇ ਕਾਗਜ਼ 'ਤੇ ਪੈਰਾਂ ਦੇ ਨਿਸ਼ਾਨ

੩੮. ਕਿਸੇ ਪਾਕ ਮੱਕਬਰੇ ਦੀ ਇਕ ਇੱਟ

ਇਹ ਦਸਤਾਵੇਜ਼ ਅਸਲੋਂ ਜਾਨ-ਲਾਰੰਸ ਦੇ ਕਹਿਣ 'ਤੇ ੨੩ ਮਈ ੧੮੪੯ ਨੂੰ ਫ਼ਕੀਰ ਸਈਦ ਨੂਰ-ਉ-ਦੀਨ ਮੁਹੰਮਦ ਬੁਖਾਰੀ ਨੇ ਤਰਤੀਬ ਦਿੱਤੀ ਸੀ, ਜਦੋਂ ਪੰਜਾਬ ਅੰਗਰੇਜ਼ਾਂ ਦੇ ਅਧਿਕਾਰ ਵਿਚ ਆ ਗਿਆ ਸੀ। ਅਸਲੀ ਸੂਚੀ ੨੮ ਜੂਨ ੧੮੪੯ ਨੂੰ ਪੂਰੀ ਕੀਤੀ ਗਈ ਸੀ।

ਇਹ ਤਬੱਰੂਕਾਤ ਅਸਲੋਂ ਅਰਬ, ਡੈਮਸਕੱਸ, ਕੰਨਸਟਇਨਪੋਲ, ਦੇ ਸਈਦਾਂ ਦੇ ਕੋਲ ਸਨ। ਤੈਮੂਰ ਨੇ ਡੈਮਸੱਕਸ ੯ ਜਨਵਰੀ ੧੪੦੧ ਨੂੰ ਫ਼ਤਹਿ ਕੀਤਾ। ਇਹ ਨਾਯਾਬ ਅਤੇ ਕੀਮਤੀ ਤਬੱਰੂਕਾਤ ਸਈਦਾਂ ਅਤੇ ਕਾਜ਼ੀਆਂ ਆਦਿ ਨੇ ਤੈਮੂਰ ਬਾਦਸ਼ਾਹ ਨੂੰ ੨੭ ਨਵੰਬਰ ੧੪੦੨ ਨੂੰ ਭੇਟਾ ਕੀਤੇ। ਇਹ ਸਾਰੇ ਤਬੱਰੂਕਾਤ ਆਖਰ ਜ਼ਹੂਰ-ਦੀਨ ਬਾਬਰ (੧੪੮੩-੧੫੩੦) ਦੇ ਹੱਥ ਆਏ ਜੋ ਹਿੰਦੁਸਤਾਨ ਦਾ ਪਹਿਲਾ ਮੁਗਲ ਬਾਦਸ਼ਾਹ ਸੀ। ਬਾਬਰ ਨੇ ਆਪਣੇ ਆਖਰੀ ਹਮਲੇ ਦੌਰਾਨ ਅਪਰੈਲ ੧੫੨੬ ਵਿਚ ਇਹ ਤਬੱਰੂਕਾਤ ਹਿੰਦੁਸਤਾਨ ਲੈ ਆਦੇਂ। ਯਾਦ ਰਹੇ ਬਾਬਰ ਦੇ ਪਿਤਾ ਉਮਰ ਸ਼ੇਖ, ਫਰਗਾਨੇ ਦਾ ਰਾਜਾ ਸੀ ਜੋ ਤੈਮੂਰ ਦੀ ਔਲਾਦ ਸੀ। ਇਹ ਕੀਮਤੀ ਤਬੱਰੂਕਾਤ ੨੩੦ ਵਰ੍ਹੇ ਮੁਗਲ ਬਾਦਸ਼ਾਹਾਂ ਕੋਲ ਹੀ ਰਹੇ।

੧੭੫੬ ਵਿਚ ਅਹਿਮਦਸ਼ਾਹ ਦੁਰਾਨੀ ਨੇ ਹਿੰਦੁਸਤਾਨ 'ਤੇ ਚੌਥੀ ਵਾਰ ਹਮਲਾ ਕੀਤਾ ਅਤੇ ਮੁਗਲ ਸਲਤਨਤ ਨੂੰ ਹਿਲਾ ਦਿੱਤਾ। ਉਸ ਨੇ ਆਲਮਗੀਰ ਦੂਜੇ ਨੂੰ ਦਿੱਲੀ ਦੇ ਤਖ਼ਤ 'ਤੇ ਬਿਠਾ ਦਿੱਤਾ ਅਤੇ ਸ਼ਾਹੀ ਘਰ ਦੀਆਂ ਦੋ ਸ਼ਹਿਜ਼ਾਦੀਆਂ ਨਾਲ ਵਿਵਾਹ ਕਰ ਦਿੱਤਾ। ਇੱਕ ਹਜ਼ਰਤ ਬੇਗਮ (ਜੋ ਮੁਹੰਮਦ ਸ਼ਾਹ ਬਾਦਸ਼ਾਹ ਦੀ ਲੜਕੀ ਸੀ) ਆਪਣੇ ਲਈ ਰੱਖ ਲਈ ਅਤੇ ਦੂਜੀ ਜ਼ਹੂਰਾ ਬੇਗਮ (ਜਿਸ ਦਾ ਦੂਜਾ ਨਾਂ ਗਹੂਰ ਅਫ਼ਰੋਜ ਜਾਂ ਮੁਹੰਮਦੀ-ਬੇਗਮ ਸੀ) ਆਲਮਗੀਰ ਦੂਜੇ ਦੀ ਲੜਕੀ ਆਪਣੇ ਪੁੱਤਰ ਲਈ ਰੱਖ ਲਈ। ਬਾਦਸ਼ਾਹ ਮੁਹੰਮਦ ਸ਼ਾਹ ਦੀ ਬੇਵਾ ਆਪਣੀ ਜ਼ਿੰਦਗੀ ਦਿੱਲੀ ਵਿਚ ਸੁਖਦਾਈ ਨਾ ਸਮਝ ਕੇ ਆਪਣੀ ਲੜਕੀ ਹਜ਼ਰਤ ਬੇਗਮ ਨਾਲ ਹੀ ਅਫ਼ਗਾਨਿਸਤਾਨ ਵੱਲ ਤੁਰ ਗਈ। ਉਹ ਆਪਣਾ ਸਾਰਾ ਸਾਮਾਨ ਸਮੇਤ ਕੀਮਤੀ ਤਬੱਰੁਕਾਤ ਅਫ਼ਗਾਨਿਸਤਾਨ ਲੈ ਗਈ।

ਦੁਰਾਨੀ ਘੋੜਸਵਾਰਾਂ ਦਾ ਦਸਤਾ ਅਫ਼ਗਾਨਿਸਤਾਨ ਵੱਲ ਤੁਰ ਪਿਆ। ਮਲਕਾ ਜ਼ਾਮਨੀ (ਮੁਹੰਮਦ ਸ਼ਾਹ ਦੀ ਬੇਵਾ) ਜੰਮੂ ਠਹਿਰ ਗਈ ਜਿਥੇ ਉਹ ਜੰਮੂ ਦੇ ਰਾਜਾ ਰਣਜੀਤ ਦੇਵ ਦੀ ਹਿਫ਼ਾਜ਼ਤ ਵਿਚ ਰਹਿ ਪਈ। ਜੰਮੂ ਵਿੱਚ ਮਲਕਾ ਜ਼ਾਮਨੀ ਨੂੰ ਕਾਫੀ ਆਰਥਿਕ ਤੰਗੀ ਦਾ ਸਾਹਮਣਾ ਕਰਨਾ ਪਿਆ। ਉਸ ਨੇ ਇਹ ਕੀਮਤੀ ਤਬੱਰੁਕਾਤ ਕਿਸੇ ਮੁਕਾਮੀ ਸ਼ਾਹੂਕਾਰ ਕੋਲ ਜ਼ਮਾਨਤੀ ਰੱਖ ਦਿੱਤੇ ਤਾਂ ਜੋ ਬਾਅਦ ਵਿੱਚ ਵਾਪਸ ਲੈ ਸਕਾਂ। ਕੁਝ ਸਮੇਂ ਬਾਅਦ ਉਸ ਦੀ ਲੜਕੀ ਦੀ ਮੌਤ ਦੀ ਖ਼ਬਰ ਆਈ ਅਤੇ ਬਾਅਦ ਵਿੱਚ ਉਸ ਦਾ ਮ੍ਰਿਤਕ ਸਰੀਰ ਵੀ ਆ ਗਿਆ। ਮਲਕਾ ਜ਼ਾਮਨੀ ਦਿੱਲੀ ਵੱਲ ਰਵਾਨਾ ਹੋਣ ਤੋਂ ਪਹਿਲਾਂ ਸ਼ਾਹੂਕਾਰ ਕੋਲੋਂ ਤਬੱਰੁਕਾਤ ਲੈਣਾ ਚਾਹੁੰਦੀ ਸੀ ਪਰ ਆਰਥਿਕ ਮੰਦਹਾਲੀ ਕਾਰਨ ਉਹ ਕਰਜ਼ਾ ਨਾ ਉਤਾਰ ਸਕੀ।

ਇਨ੍ਹਾਂ ਸਮਿਆਂ ਵਿਚ ਹੀ ਦੋ ਮੁਸਲਮਾਨ ਸ਼ੇਖ਼ ਸੰਧਾਂ (ਪੁੱਤਰ ਸ਼ਾਹ ਮੁਹੰਮਦ ਰਜ਼ਾ ਆਫ ਚੱਠੀ ਜੋ ਸ਼ੇਖ਼ ਫ਼ਰੀਦ ਸ਼ਕਰਗੰਜ ਪਾਕਪਟਨ ਦਾ ਵਾਰਸ ਸੀ) ਅਤੇ ਗੁਲਾਮ ਮੁਹੰਮਦ (ਪੁੱਤਰ ਚੌਦਰੀ ਪੀਰ ਮੁਹੰਮਦ ਚੱਠਾ, ਰਸੂਲ ਨਗਰ, ਗੁਜਰਾਂਵਾਲਾ ਪਾਕਿਸਤਾਨ) ਜੰਮੂ ਆਏ। ਇਹ ਦੋਵੇਂ ਮੁਸਲਮਾਨ ਉੱਚ ਕੋਟੀ ਦੇ ਮੰਨੇ ਜਾਂਦੇ ਹਨ। ਇਨ੍ਹਾਂ ਦੋਵਾਂ ਨੌਜਵਾਨ ਗੱਭਰੂਆਂ ਨੇ ਆਪਣੇ ਪਿਤਾ ਸਾਹਮਣੇ ੨੫,੦੦੦ ਰੁਪਏ ਮਲਕਾ ਜ਼ਾਮਨੀ ਦੀ ਨਜ਼ਰ ਕੀਤੇ ਤਾਂ ਜੋ ਤਬੱਰੁਕਾਤ ਉਨ੍ਹਾਂ ਦੇ ਹਵਾਲੇ ਕਰ ਸਕੇ। ਪਰ ਚੌਦਰੀ ਗੁਲਾਮ ਕਾਦਰ ਚੱਠਾ ਦੇ ਕਹਿਣ ਅਨੁਸਾਰ ਮਲਕਾ ਜ਼ਾਮਨੀ ਨੂੰ ਤਬੱਰੁਕਾਤ ਲੈਣ ਵੇਲੇ ੮੦,੦੦੦ ਰੁਪਏ ਦਿੱਤੇ ਸਨ। ਮਲਕਾ ਜ਼ਾਮਨੀ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ।

ਇਨ੍ਹਾਂ ਦੋਵਾਂ ਨੌਜਵਾਨਾਂ ਨੇ ਇਹ ਤਬੱਰੁਕਾਤ ਆਪਣੇ ਸਹਾਇਤਾ ਮੁਤਾਬਕ ਵੰਡ ਲਏ। ਕੁਝ ਸਮੇਂ ਬਾਅਦ ਸ਼ਾਹ ਮੁਹੰਮਦ ਰਜ਼ਾ ਪੱਕੇ ਤੌਰ 'ਤੇ ਪਾਕਪਟਨ ਚਲਾ ਗਿਆ। ਪੀਰ ਮੁਹੰਮਦ ਚੱਠਾ ਆਪਣੇ ਹਿੱਸੇ ਦੇ ਤਬੱਰੁਕਾਤ ਆਪਣੇ ਘਰ ਰਸੂਲ ਨਗਰ ਲੈ ਗਿਆ ਜਿਥੇ ਉਸ ਨੇ ਇਹ ਰਸੂਲ ਨਗਰ ਕਿਲ੍ਹੇ ਦੇ ਬੁਰਜ ਵਿਚ ਰੱਖ ਲਏ।

੧੭੭੩ ਵਿਚ ਮਹਾਂ ਸਿੰਘ ਸ਼ੁਕਰਚਕੀਆ (੧੭੬੦-੧੭੯੦) ਨੇ ਆਪਣੀ ਮਸ਼ਹੂਰ ਚੜ੍ਹਾਈ (ਮੁਹਿੰਮ) ਚਠਿੱਆਂ ਉਪਰ ਕੀਤੀ।

ਯਾਦ ਰਹੇ ਸ਼ੁਕਰਚਕੀਆ ਮਿਸਲ ਉਨ੍ਹਾਂ ੧੧ ਸਿੱਖ ਮਿਸਲਾਂ ਵਿਚੋਂ ਇਕ ਸੀ ਜੋ ੨੯ ਮਾਰਚ, ੧੭੪੮ ਨੂੰ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਚ ਬਣੀਆਂ ਸਨ। ਸ. ਮਹਾਂ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸਨ।

ਸ. ਮਹਾਂ ਸਿੰਘ ਸ਼ੁਕਰਚਕੀਆ ਨੇ ਪੀਰ ਮੁਹੰਮਦ ਚੱਠਾ ਨੂੰ ਸ਼ਿਕਸਤ ਦਿੱਤੀ ਅਤੇ

ਰਸੂਲ ਨਗਰ ਸਿੱਖਾਂ ਦੇ ਕਬਜ਼ੇ ਵਿੱਚ ਆ ਗਿਆ। ਸ. ਮਹਾਂ ਸਿੰਘ ਬੜਾ ਦੂਰ ਅੰਦੇਸ਼ੀ ਬਹਾਦਰ ਜਰਨੈਲ ਸੀ। ਉਹ ਆਪਣੇ ਬਹਾਦਰ ਦੁਸ਼ਮਣ ਨੂੰ ਮਾਰਨ ਤੋਂ ਗੁਰੇਜ਼ ਕਰਦਾ ਸੀ। ਉਸ ਨੇ ਪੀਰ ਮੁਹੰਮਦ ਨੂੰ ਮਾਨਚਰ ਵਿੱਚ ਘਰ ਵਸਾਉਣ ਦੀ ਇਜ਼ਾਜ਼ਤ ਦਿੱਤੀ। ਪੀਰ ਮੁਹੰਮਦ ਇਹ ਸਾਰੇ ਤਬੱਰੂਕਾਤ ਮਾਨਚਰ ਲੈ ਗਿਆ। ਪਰ ਚਠਿੱਆਂ ਦੀ ਸਾਜ਼ਸ ਦਾ ਸ. ਮਹਾਂ ਸਿੰਘ ਨੂੰ ਪਤਾ ਚੱਲ ਗਿਆ। ਉਨ੍ਹਾਂ ਪੀਰ ਮੁਹੰਮਦ ਨੂੰ ਮਾਨਚਰ ਵਿੱਚੋਂ ਕੱਢ ਦਿੱਤਾ। ਉਸ ਦੀ ਸਾਰੀ ਜਾਇਦਾਦ ਸਮੇਤ ਤਬੱਰੂਕਾਤ ਸ. ਮਹਾਂ ਸਿੰਘ ਦੇ ਹੱਥ ਆ ਗਈ। ਸ. ਮਹਾਂ ਸਿੰਘ ਇਹ ਕੀਮਤੀ ਤਬੱਰੂਕਾਤ ਆਪਣੇ ਗੁਜ਼ਰਾਂ ਵਾਲੇ ਹੈੱਡਕਵਾਟਰ ਵਿੱਚ ਲੈ ਗਿਆ। ਇਨ੍ਹਾਂ ਤਬੱਰੂਕਾਤ ਨੂੰ ਸ. ਮਹਾਂ ਸਿੰਘ ਨੇ ਬੜੇ ਸਤਿਕਾਰ ਤੇ ਪਿਆਰ ਨਾਲ ਗੁਜ਼ਰਾਂਵਾਲੇ ਦੀ ਹਵੇਲੀ ਵਿੱਚ ਰੱਖਿਆ। ਜਿਵੇਂ ਕਿ ਤਾਰੀਖ ਦੱਸਦੀ ਹੈ ਸ. ਮਹਾਂ ਸਿੰਘ ਧਾਰਮਿਕ ਤੌਰ 'ਤੇ ਬੜਾ ਦੂਰਅੰਦੇਸ਼ੀ ਜਰਨੈਲ ਸੀ। ਉਸ ਨੇ ਖੁੱਲ੍ਹਦਿਲੀ ਨਾਲ ਮਸਜਿਦਾਂ ਅਤੇ ਮੰਦਰਾਂ ਲਈ ਪੈਸੇ ਅਤੇ ਜ਼ਮੀਨਾਂ ਦਿੱਤੀਆਂ ਸਨ। ਉਨ੍ਹਾਂ ਜ਼ਮੀਨਾਂ ਆਦਿ ਦੇ ਪਟੇ ਤੇ ਸਨਦਾਂ ਅੱਜ ਵੀ ਉਨ੍ਹਾਂ ਦੇ ਅਜੋਕੇ ਨਿਗਰਾਨਾਂ ਕੋਲ ਵੇਖੇ ਜਾ ਸਕਦੇ ਹਨ। ਇਹੋ ਵਜ੍ਹਾ ਹੈ ਕਿ ਸ. ਮਹਾਂ ਸਿੰਘ ਨੇ ਪਵਿੱਤਰ ਮੁਸਲਿਮ ਤਬੱਰੂਕਾਤ ਦੀ ਯੋਗ ਨਿਗਰਾਨੀ ਤੇ ਸੰਭਾਲ ਵੱਲ ਖਾਸ ਧਿਆਨ ਦਿੱਤਾ।

ਸ. ਮਹਾਂ ਸਿੰਘ ਸ਼ੁਕਰਚੱਕੀਆ ਦੀ ਮੌਤ ਅਪਰੈਲ ੧੭੯੦ ਵਿਚ ਹੋਈ। ਉਹ ਕੁਝ ਦੇਰ ਬਿਮਾਰ ਰਿਹਾ। ਇਹ ਤਬੱਰੂਕਾਤ ਉਸ ਦੇ ਪੁੱਤਰ ਮਹਾਰਾਜਾ ਰਣਜੀਤ ਸਿੰਘ ਕੋਲ ਆਏ ਜਿਸ ਨੇ ਬੜੇ ਸਤਿਕਾਰ ਤੇ ਪਿਆਰ ਨਾਲ ਗੁਜਰਾਂ ਵਾਲੇ ਦੀ ਪੁਰਾਣੀ ਹਵੇਲੀ ਵਿੱਚ ਇਨ੍ਹਾਂ ਨੂੰ ਰੱਖਿਆ। ੧੭੦੭ ਵਿੱਚ ਇਨ੍ਹਾਂ ਤਬੱਰੂਕਾਤ ਨੂੰ ਖਾਸ ਜਗ੍ਹਾ 'ਤੇ ਰੱਖਣ ਦਾ ਮਹਾਰਾਜਾ ਰਣਜੀਤ ਸਿੰਘ ਨੇ ਸੋਚਿਆ। ਕਿਉਂਕਿ ਸ਼ਾਹ ਜ਼ੁਮਾਨ ਦੁਰਾਨੀ ਆਫ ਕਾਬਲ ਨੇ ਪੰਜਾਬ 'ਤੇ ਪਹਿਲੀ ਵਾਰ ਹਮਲਾ ਕਰਨਾ ਸੀ ਕਿਉਂਕਿ ਉਸ ਦੇ ਦਾਦੇ ਨੇ ਉਸ ਨੂੰ ਦੱਸ ਦਿੱਤਾ ਸੀ ਕਿ ਉਹ ਸਿੱਖਾਂ ਕੋਲ ਕੁਝ ਗਵਾ ਆਇਆ ਹੈ। ਲਾਹੌਰ ਕਿਉਂਕਿ ਕਾਬਲ ਦੀ ਮੁੱਖ-ਸ਼ਾਹ ਰਾਹ ਵੱਲ ਹੀ ਪੈਂਦਾ ਸੀ ਅਤੇ ਤਬੱਰੂਕਾਤ ਲਈ ਮਹਿਫੂਜ਼ ਜਗ੍ਹਾ ਨਹੀਂ ਸੀ। ਇਹ ਮੁਮਕਨ ਸੀ ਕਿ ਸ਼ਾਹ ਜ਼ਮਾਨ (ਜਿਸ ਨੂੰ ਸਿੱਖ ਤਵਾਰੀਖ ਵਿੱਚ ਅਬਦਾਲੀ ਆਖਿਆ ਜਾਂਦਾ ਹੈ) ਤਬੱਰੂਕਾਤ ਨੂੰ ਲੈਣ ਵਾਸਤੇ ਗੁਜ਼ਰਾਂਵਾਲਾ 'ਤੇ ਹਮਲਾ ਕਰ ਸਕਦਾ ਹੈ।

ਮਹਾਰਾਜਾ ਰਣਜੀਤ ਸਿੰਘ ਬੜਾ ਚੌਕਸ (ਹੁਸ਼ਿਆਰ) ਜਰਨੈਲ ਸੀ। ਉਸ ਨੇ ਇਨ੍ਹਾਂ ਤਬੱਰੂਕਾਤ ਨੂੰ ਮਹਿਫੂਜ਼ ਜਗ੍ਹਾ 'ਤੇ ਲੈ ਜਾਣ ਦੀ ਸੋਚੀ। ਮਹਾਰਾਜਾ ਰਣਜੀਤ ਸਿੰਘ ਦਾ ਵਿਵਾਹ ਮਹਿਤਾਬ ਕੌਰ ਨਾਲ ੧੭੯੫ ਵਿਚ ਹੋਇਆ। ਮਹਿਤਾਬ ਕੌਰ, ਸਦਾ ਕੌਰ ਦੀ ਸਪੁੱਤਰੀ ਸੀ ਜਿਸ ਨੇ ੧੭੯੯ ਵਿਚ ਲਾਹੌਰ ਜਿੱਤਣ ਲਈ ਮਹਾਰਾਜਾ ਰਣਜੀਤ ਸਿੰਘ ਦੀ ਮੱਦਦ ਕੀਤੀ ਸੀ। ਸਦਾ ਕੌਰ ਦਾ ਕਿਲ੍ਹਾ ਮੁਕੇਰੀਆਂ (ਹੁਸ਼ਿਆਰਪੁਰ) ਵਿੱਚ ਸੀ। ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਤਬੱਰੂਕਾਤ ਰੱਖਣ ਲਈ ਮਹਿਫੂਜ਼ ਜਗ੍ਹਾ ਸਮਝੀ। ਮਹਾਰਾਜਾ ਰਣਜੀਤ ਸਿੰਘ ਨੇ ਇਹ ਕੀਮਤੀ ਤਬੱਰੂਕਾਤ ਅਤੇ ਇਨਾਮੀ ਚੱਠਿਆਂ ਵਾਲੀ ਬੰਦੂਕ ਵੀ ਮੁਕੇਰੀਆਂ ਕਿਲ੍ਹੇ ਵਿੱਚ ਭੇਜ ਦਿੱਤੀ।

ਕਹਿੰਦੇ ਹਨ ਕਿ ਇਥੇ ਹੀ ਬਾਰੂਦ-ਖਾਨੇ ਦੀ ਉੱਪਰਲੀ ਮੰਜਿਲ ਵਿੱਚ ਅੱਗ ਲੱਗ ਗਈ। ਜਦੋਂ ਹੀ ਇਹ ਅੱਗ ਦਰਵਾਜ਼ੇ ਕੋਲ ਪੁੱਜੀ ਤਾਂ ਬੜੀ ਫੁਰਤੀ ਨਾਲ ਇਸ 'ਤੇ ਕਾਬੂ ਪਾ ਦਿੱਤਾ ਗਿਆ। ਬਹੁਤੇ ਲੋਕਾਂ ਨੇ ਇਸ ਨੂੰ ਤਬੱਰੂਕਾਤ ਦਾ ਕ੍ਰਿਸ਼ਮਾ ਹੀ ਸਮਝਿਆ। ਉਸ ਦਿਨ ਤੋਂ ਬਾਅਦ ਇਹ ਤਬੱਰੂਕਾਤ ਮੁਕੇਰੀਆਂ, ਚਿਵਿੰਡਾਂ ਅਤੇ ਬਟਾਲਾ ਵਿੱਚ ਰੱਖੇ ਗਏ ਜਿਥੇ

ਹਜ਼ਾਰਾਂ ਲੋਕ ਦਰਸ਼ਨ ਕਰਕੇ ਫ਼ੈਜ਼ਯਾਬ ਹੋਏ। ਸਦਾ ਕੌਰ ਦੇ ਗੁਰਪੁਰੀ ਸਿਧਾਰਨ ਤੋਂ ਬਾਅਦ ਇਹ ਤਬੱਰੁਕਾਤ ਕੰਵਰ ਸ਼ੇਰ ਸਿੰਘ (ਮਹਾਰਾਜਾ ਰਣਜੀਤ ਸਿੰਘ ਦਾ ਦੂਜਾ ਪੁੱਤਰ) ਦੀ ਨਿਗਰਾਨੀ ਵਿੱਚ ਰਹੇ ਜੋ ਬਟਾਲਾ ਵਿਚ ਰਹਿੰਦਾ ਸੀ।

ਮਹਾਰਾਜਾ ਰਣਜੀਤ ਸਿੰਘ ਇਨ੍ਹਾਂ ਤਬੱਰੁਕਾਤ ਦੀ ਹਿਫਾਜ਼ਿਤ ਆਪਣੇ ਮੁਸਲਮਾਨ ਦੋਸਤਾਂ ਰਾਹੀਂ ਲਗਾਤਾਰ ਕਰਦੇ ਸਨ। ਇੱਕ ਵੇਰਾਂ ਬਹਾਵਲਪੁਰ ਦੇ ਨਵਾਬ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਬੂਟ ਦੇ ਇਵਜ਼ ਵਜੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਲੱਖ ਰੁਪਿਆ ਦੇਣਾ ਚਾਹਿਆ ਸੀ ਪਰ ਸ਼ੇਰੇ ਪੰਜਾਬ ਨੇ ਪਿਆਰ ਨਾਲ ਇਹ ਬੇਨਤੀ ਅਸਵੀਕਾਰ ਕਰ ਦਿੱਤੀ।

ਮਹਾਰਾਜਾ ਸ਼ੇਰ ਸਿੰਘ (੧੮੦੭-੧੮੪੩) ਨੇ ਇਹ ਤਬੱਰੁਕਾਤ ਲਾਹੌਰ ਵਿੱਚ ਰੱਖ ਦਿੱਤੇ ਸਨ। ਫਿਰ ਬੁਰਛਾਗਰਦੀ ਕਾਰਨ ਕਤਲਾਂ ਦਾ ਸਿਲਸਿਲਾ ਜਾਰੀ ਰਿਹਾ ਅਤੇ ਇਹ ਤਬੱਰੁਕਾਤ ਵੀ ਕਈ ਹੱਥਾਂ ਵਿੱਚ ਆਉਂਦੇ ਰਹੇ। ਮਹਾਰਾਜਾ ਸ਼ੇਰ ਸਿੰਘ ਦੇ (੧੫ ਸਤੰਬਰ ੧੮੪੩) ਕਤਲ ਤੋਂ ਬਾਅਦ ਇਹ ਤਬੱਰੁਕਾਤ ਰਾਜਾ ਹੀਰਾ ਸਿਹੁੰ ਡੋਗਰਾ (ਪੁੱਤਰ ਧਿਆਨ ਸਿਹੁੰ ਡੋਗਰਾ) ਦੇ ਹੱਥ ਆਏ ਜਿਸ ਨੇ ਇਹ ਆਪਣੇ ਤਾਂਤਰਿਕ ਗੁਰੂ ਪੰਡਤ ਜਲਾ ਦੀ ਨਿਗਰਾਨੀ ਵਿੱਚ ਰੱਖੇ। ਜਦੋਂ ਰਾਜਾ ਹੀਰਾ ਸਿਹੁੰ ਅਤੇ ਜਲਾ ਨੂੰ ਖਾਲਸੇ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਤਾਂ ਦੋਵਾਂ ਨੂੰ ੨੧ ਦਸੰਬਰ ੧੮੪੪ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਤਾਂ ਇਨ੍ਹਾਂ ਤਬੱਰੁਕਾਤ ਨੂੰ ਨਵੇਂ ਮੁੱਖ ਮੰਤਰੀ ਜਵਾਹਰ ਸਿੰਘ (ਮਹਾਰਾਣੀ ਜਿੰਦਾਂ ਦਾ ਭਰਾ) ਨੇ ਆਪਣੀ ਹਵੇਲੀ ਵਿੱਚ ਰੱਖਿਆ। ਸ. ਜਵਾਹਰ ਸਿੰਘ ਦੀ ੨੧ ਦਸੰਬਰ ੧੮੪੫ ਵਿਚ ਹੋਈ ਮੌਤ ਬਾਅਦ ਮਹਾਰਾਣੀ ਜਿੰਦ ਕੌਰ ਨੇ ਇਨ੍ਹਾਂ ਤਬੱਰੁਕਾਤ ਨੂੰ ਆਪਣੇ ਤੋਸ਼ੇਖਾਨੇ ਦੇ ਖਵਾਬ ਗਾਹ ਵਿੱਚ ਸਰਦਾਰ ਜੀਵਨ ਸਿੰਘ ਤੋਸ਼ਾਖਾਨੀਏ ਦੀ ਨਿਗਰਾਨੀ ਹੇਠ ਰੱਖਿਆ। ਇੱਕ ਕਸ਼ਮੀਰੀ ਮੁਸਲਮਾਨ 'ਰਸੂਲ ਜੂਹ' ਜੋ ਸਰਦਾਰ ਦਾ ਮੁਖਤਾਰ ਸੀ ਇਸ ਤਬੱਰੁਕਾਤ ਸੈਕਸ਼ਨ ਦਾ ਇਨਚਾਰਜ ਸੀ। ਹਫ਼ੀਜ਼ ਬਦਰੋ-ਉ-ਦੀਨ ਇਨ੍ਹਾਂ ਤਬੱਰੁਕਾਤ ਕੋਲ ਦੀਵਾ ਬਾਲਦਾ ਸੀ ਅਤੇ ਫ਼ੁੱਲ ਆਦਿ ਰੱਖਦਾ ਸੀ ਅਤੇ ਬਾਹਰੋਂ ਆਏ ਸੈਲਾਨੀਆਂ ਲਈ ਗਾਈਡ ਦਾ ਕੰਮ ਕਰਦਾ ਸੀ।

ਜਦੋਂ ਪੰਜਾਬ ਅੰਗਰੇਜ਼ਾਂ ਦੇ ਅਧਿਕਾਰ ਵਿੱਚ ਆਇਆ ਤਾਂ ਇਹ ਤਬੱਰੁਕਾਤ ਅੰਗਰੇਜ਼ਾਂ ਦੇ ਹੱਥ ਆ ਗਏ ਜਿਨ੍ਹਾਂ ਇਨ੍ਹਾਂ ਨੂੰ ਲਾਹੌਰ ਕਿਲ੍ਹੇ ਵਿੱਚ ਰੱਖਿਆ।

ਜਦੋਂ ਹਿੰਦੁਸਤਾਨ ਦੇ ਵਾਇਸਰਾਇ (੧੮੫੬-੧੮੬੨) ਲਾਰਡ ਕੇਨੰਗ ਨੇ ਪੰਜਾਬ ਦਾ ਦੌਰਾ ਕੀਤਾ ਤਾਂ ਉਸ ਨੇ ਇਨ੍ਹਾਂ ਤਬੱਰੁਕਾਤ ਦੇ ਦਰਸ਼ਨ ਕੀਤੇ। ਇਸ ਸਮੇਂ ਦੌਰਾਨ ਹੀ ਇਨ੍ਹਾਂ ਤਬੱਰੁਕਾਤ ਨੇ ਯੂਰਪੀਨ ਅਤੇ ਹਿੰਦੁਸਤਾਨ ਦੇ ਦੂਜੇ ਉੱਚ ਅਧਿਕਾਰੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਅੱਜ-ਕੱਲ੍ਹ ਇਹ ਪਵਿੱਤਰ ਤਬੱਰੁਕਾਤ ਲਾਹੌਰ (ਪਾਕਿਸਤਾਨ) ਦੀ ਬਾਦਸ਼ਾਹੀ ਮਸੀਤ ਵਿੱਚ ਰੱਖੇ ਗਏ ਹਨ।

* * *

ਕੁੱਝ ਸਿੱਖ ਝਟਕਾ ਮਾਸ ਖਾਣ ਤੋਂ ਕਿਉਂ ਡਰਦੇ ਹਨ ?

ਸਿੱਖਾਂ ਵਿਚ ਇਹ ਵਾਦ-ਵਿਵਾਦ ਕਾਫ਼ੀ ਸਮੇਂ ਤੋਂ ਚੱਲ ਰਿਹਾ ਹੈ ਕਿ ਸਿੱਖ ਮਾਸ ਖਾ ਸਕਦਾ ਹੈ ਜਾਂ ਨਹੀਂ ? ਕਈ ਸਿੱਖ ਤਾਂ 'ਮਾਸ ਖਾਣ' ਨੂੰ ਸਿੱਖਾਂ ਦੀ ਰੂਹਾਨੀ ਚੜ੍ਹਤ ਵਿਚ ਰੁਕਾਵਟ ਸਮਝ ਬੈਠੇ ਹਨ। ਅਸਲ ਵਿਚ ਸ਼ਾਕਾਹਾਰੀ ਵਰਤਾਰਾ ਅਹਿੰਸਾ ਪੁਜਾਰੀਆਂ ਦੀ ਕਾਢ ਹੈ ਜੋ ਆਮ ਸਿੱਖਾਂ ਨੂੰ ਜੰਗਜੂ ਸੁਭਾਅ ਤੋਂ ਵੱਖ ਕਰਨਾ ਲੋਚਦੇ ਹਨ। ਇਸੇ ਰੀਤ ਨੇ ਵਿਹਲੜ ਬਾਬਿਆਂ/ਸਾਧਾਂ ਦੀ ਲੰਮੀ ਚੌੜੀ ਫ਼ੌਜ ਤਿਆਰ ਕਰ ਦਿੱਤੀ ਹੈ ਜੋ ਭੋਲੇ ਭਾਲੇ ਸਿੱਖਾਂ ਨੂੰ ਆਪਣੇ ਜਾਲ ਵਿਚ ਫਸਾ ਲੈਂਦੇ ਹਨ। ਕਈ ਵੇਰਾਂ ਮਾਸ 'ਖੰਡੇ ਦੀ ਪਾਹੁਲ' ਲੈਣ ਵਾਲੇ ਅਭਿਲਾਖੀਆਂ ਦੇ ਰਾਹ ਵਿਚ ਵੀ ਵੱਡੀ ਰੁਕਾਵਟ ਆ ਬਣਦੀ ਹੈ।

ਮਾਸ ਖਾਣਾ ਸ਼ੁਰੂ ਤੋਂ ਪ੍ਰਾਣੀਆਂ ਦੇ ਕੁਦਰਤੀ ਸੁਭਾਅ ਦਾ ਅਨਿਖੜਵਾਂ ਅੰਗ ਰਿਹਾ ਹੈ। ਉੱਤਰੀ ਅਤੇ ਦੱਖਣੀ ਧਰੂ ਵਾਲੇ ਪਾਸੇ ਰਹਿਣ ਵਾਲੇ ਲੋਕਾਂ ਲਈ 'ਮਾਸ' ਖਾਣ ਬਗ਼ੈਰ ਜੀਣਾ ਹੀ ਨਾ-ਮੁਮਕਿਨ ਹੈ। ਮਨੁੱਖ ਜ਼ਮਾਨੇ-ਕਦੀਮ ਤੋਂ ਹੀ ਮਾਸ ਖਾਂਦਾ ਆ ਰਿਹਾ ਹੈ। ਪਹਿਲਾਂ ਕੱਚਾ ਮਾਸ ਖਾਂਦਾ ਸੀ, ਫਿਰ ਜਿਵੇਂ ਜਿਵੇਂ ਮਨੁੱਖੀ ਵਿਕਾਸ ਹੋਇਆ, ਉਸ ਨੇ ਮਾਸ ਭੁੰਨ ਕੇ ਖਾਣਾ ਸ਼ੁਰੂ ਕਰ ਦਿੱਤਾ। ਅਕਾਲ ਪੁਰਖ ਨੇ ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਬਣਾਈਆਂ ਹਨ ਪਰ ਮਨੁੱਖ ਨੂੰ ਸਰਦਾਰੀ ਬਖ਼ਸ਼ ਕੇ ਨਿਹਾਲ ਕੀਤਾ ਹੈ। ਕੁਦਰਤ ਨੇ ਹਰ ਜੀਵ ਜੰਤੂ ਲਈ ਆਪਣੀ ਵਿਸ਼ੇਸ਼ ਰਿਜ਼ਕ (ਖੁਰਾਕ) ਮੁਕਰਰ ਕੀਤੀ ਹੈ ਤੇ ਉਹ ਬਾਕੀ ਦੀ ਖੁਰਾਕ ਨਹੀਂ ਖਾ ਸਕਦਾ। ਗਾਂ, ਮੱਝ ਆਦਿ ਜਾਨਵਰ ਘਾਹ, ਪੱਤੇ, ਵੰਡ ਵੜੇਵਾਂ ਅਤੇ ਚਾਰਾ ਖਾਂਦੇ ਹਨ ਪਰ ਇਨ੍ਹਾਂ ਜਾਨਵਰਾਂ ਦਾ ਦੁੱਧ ਪੀਣ ਵਾਲਾ ਮਨੁੱਖ ਇਹ 'ਸ਼ਾਕਾਹਾਰੀ' ਵਸਤਾਂ ਵੀ ਨਹੀਂ ਖਾ ਜਾਂ ਹਜ਼ਮ ਕਰ ਸਕਦਾ।

ਸਰਵਰ ਅੰਦਰਿ ਹੀਰਾ ਮੋਤੀ ਜੋ ਹੋਵੈ ਸੋ ਹੰਸਾ ਕਾ ਖਾਣਾ
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ
ਓਨਾ ਰਿਜਕੁ ਨ ਪਇਓ ਓਥੈ ਓਨ੍ਹਾ ਹੋਰੋ ਖਾਣਾ *(ਪੰਨਾ: 956)*

ਸਿੱਖਾਂ ਦੀਆਂ ਕਈ ਪੁਰਾਤਨ ਪੁਸਤਕਾਂ ਜਿਵੇਂ ਸੌ ਸਾਖੀਆਂ, ਗੁਰ ਬਿਲਾਸ, ਸੂਰਜ ਪ੍ਰਕਾਸ਼ ਆਦਿ ਵਿਚ ਸਿੱਖ ਧਰਮ ਉਤੇ ਬ੍ਰਾਹਮਣੀ ਪਾਣ ਚਾੜ੍ਹਨ ਦੀ ਉਸਤਾਦੀ ਵਰਤੀ ਗਈ ਹੈ ਜਿਸ ਬਾਰੇ ਵਿਦਵਾਨਾਂ ਨੇ ਸਿੱਖਾਂ ਨੂੰ ਮਗਰੋਂ ਚੇਤੰਨ ਕੀਤਾ।

ਮਾਸ ਹੈ ਕੀ ?

ਪੁਰਾਣੇ ਸਮੇਂ ਮਾਸ ਬਿਨਾ ਸੰਕੋਚ ਖਾਧਾ ਜਾਂਦਾ ਸੀ ਅਤੇ ਵਰਤੀਂਦਾ ਸੀ। ਦੇਖੋ: ਵਿਸ਼ਨੂ ਪੁਰਾਣ ਅੰਸ 3, ਅ: 16, ਵਸਿਸ਼ਟ ਸਿਮ੍ਰਿਤੀ ਅ: 4, ਮਨੂ ਸਿਮ੍ਰਿਤੀ ਅ: 3, ਸਲੋਕ 268 ਤੋਂ 271।

ਯਜੁਰਵੇਦ ਦੀ ਬ੍ਰਿਹਦਾਰਣਯਕ ਉਪਨਿਸ਼ਦ ਵਿੱਚ ਪੁੱਤਰ ਦੇ ਇੱਛਾਵਾਨ ਇਸਤਰੀ ਪੁਰਖ ਨੂੰ ਮਾਸ ਤੇ ਚਾਵਲ ਪਕਾ ਕੇ ਖਾਣੇ ਦੱਸੇ ਹਨ। ਜੈਮਿਨੀ ਅਸ਼ਵਮੇਧ ਵਿਚ ਅਨੇਕ ਪ੍ਰਕਾਰ ਦੇ ਮਾਸ, ਜੋ ਕ੍ਰਿਸ਼ਨ ਜੀ ਨੇ ਖਾਧੇ ਸਨ, ਉਨ੍ਹਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਹੈ।

ਮਨੂ ਨੇ ਸ਼ਰਾਧ ਯੱਗ ਆਦਿ ਵਿਚ ਤਿਆਰ ਕੀਤੇ ਮਾਸ ਨੂੰ ਨਾ ਖਾਣ ਵਾਲੇ ਲਈ 21 ਜਨਮ ਪਸ਼ੂ ਦੇ ਪ੍ਰਾਪਤ ਹੋਣੇ ਦੱਸੇ ਹਨ।

ਭਾਰਤ ਵਿਚ ਮਾਸ ਦਾ ਤਿਆਗ ਬੁੱਧ ਧਰਮ ਦੇ ਪ੍ਰਚਾਰ ਤੋਂ ਸ਼ੁਰੂ ਹੋਇਆ ਹੈ। ਇਸ ਤੋਂ ਪਹਿਲਾਂ ਹਰੇਕ ਮਤ ਦੇ ਲੋਕ ਮਾਸਾਹਾਰੀ ਸਨ। ਸਿੱਖ ਧਰਮ ਵਿਚ ਮਾਸ ਦਾ ਖਾਣਾ ਹਿੰਦੂ ਧਰਮ ਸ਼ਾਸਤਰਾਂ ਵਾਂਗ ਵਿਧਾਨ ਨਹੀਂ ਅਰ ਨਾ ਹੀ ਬੋਧੀਆਂ, ਜੈਨੀਆਂ ਵਾਂਗ ਇਸ ਦਾ ਤਿਆਗ ਹੈ। *(ਮਹਾਨ ਕੋਸ਼, ਛਾਪ ਦਿੱਲੀ 1990, ਪੰਨਾ 959)*

ਇਹੋ ਜਿਹੇ ਵਿਚਾਰ ਹੀ, ਉਨ੍ਹਾਂ ਆਪਣੀ ਪੁਸਤਕ 'ਹਮ ਹਿੰਦੂ ਨਹੀਂ' ਵਿਚ ਦਿੱਤੇ ਹਨ।

'ਗੁਰੂ ਗ੍ਰੰਥ ਸਾਹਿਬ' ਵਿਚ

'ਗੁਰੂ ਗ੍ਰੰਥ ਸਾਹਿਬ' ਵਿਚ 'ਮਾਸ ਖਾਣ' ਬਾਰੇ ਕੋਈ 'ਹਾਂ' ਜਾਂ 'ਨਾਂਹ' ਦੇ ਰੂਪ ਵਿਚ ਉੱਤਰ ਨਹੀਂ ਮਿਲਦਾ। ਅਸਲ ਵਿਚ ਬਾਣੀ ਵਿਚ ਖਾਣ ਪੀਣ ਦੀ ਸਮੱਸਿਆ ਬਾਰੇ ਸੁਤੰਤਰ ਵਿਧਾਨ ਪੇਸ਼ ਕੀਤਾ ਗਿਆ ਹੈ। ਭੋਜਨ ਕੇਵਲ ਸਰੀਰ ਦੀ ਸੁਰੱਖਿਆ ਲਈ ਜ਼ਰੂਰੀ ਹੈ, ਇਸ ਲਈ ਕੀ ਖਾਣਾ ਹੈ ਤੇ ਕੀ ਨਹੀਂ ਖਾਣਾ, ਇਸ ਪ੍ਰਸ਼ਨ ਦਾ ਉੱਤਰ 'ਇਹ ਨਹੀਂ ਖਾਣਾ' ਤੇ 'ਔਹ ਜ਼ਰੂਰ ਖਾਣਾ ਹੈ' ਦੇ ਰੂਪ ਵਿਚ ਨਹੀਂ ਦਿੱਤਾ ਗਿਆ ਸਗੋਂ ਵਿਗਿਆਨਿਕ ਢੰਗ ਨਾਲ ਨਸੀਹਤ ਕੀਤੀ ਗਈ ਹੈ ਕਿ ਅਜਿਹੀ ਕੋਈ ਵੀ ਵਸਤੂ, ਜਿਸ ਨੂੰ ਖਾਣ ਨਾਲ ਸਰੀਰ ਪੀੜਤ ਹੋਵੇ ਤੇ ਬੁੱਧੀ ਵਿਕਾਰ-ਗ੍ਰਸਤ ਹੋਵੇ, ਤਿਆਗਣ-ਯੋਗ ਸਮਝੀ ਜਾਣੀ ਚਾਹੀਦੀ ਹੈ:

ਬਾਬਾ ਹੋਰੁ ਖਾਣਾ ਖੁਸ਼ੀ ਖੁਆਰ ॥
ਜਿਤੁ ਖਾਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ।(ਗੁ.ਗ੍ਰੰ. ਸਾਹਿਬ, ਪੰਨਾ: 16)

ਅਕਾਲ ਪੁਰਖ ਦੀ ਪ੍ਰਾਪਤੀ ਦੇ ਮਾਰਗ ਵਿਚ ਅਸਲ ਵਿਘਨਕਾਰੀ ਚੀਜ਼ ਮਾਸ ਨਹੀਂ ਸਗੋਂ ਮਨ ਦੀਆਂ ਬੁਰੀਆਂ ਬਿਰਤੀਆਂ ਹਨ ਜਿਨ੍ਹਾਂ ਤੋਂ ਸੁਰੱਖਿਅਤ ਰਹਿਣ ਲਈ 'ਅਕਾਲ ਪੁਰਖ' ਦੇ ਨਾਮ ਅਤੇ ਹੁਕਮ ਦੀ ਪਛਾਣ ਕਰਨੀ ਉਚਿਤ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਸਪੱਸ਼ਟ ਸਮਝਾਉਂਦੇ ਹਨ ਕਿ ਸਮਾਜਕ ਵਿਅਕਤੀਆਂ ਦੀ ਉਤਪਤੀ, ਵਿਕਾਸ, ਪੋਸ਼ਣ ਅਤੇ ਸੰਭਾਲ ਮਾਸ ਨਾਲ ਹੀ ਸੰਭਵ ਹਨ:

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁਕਹਾਵੈ ਪਾਂਡੇ।
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ।
ਜੀਆ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ (ਪੰਨਾ: 1290)

ਗੁਰੂ ਸਾਹਿਬ ਫਰਮਾਉਂਦੇ ਹਨ ਕਿ ਪੁਰਾਣਾਂ, ਮੁਸਲਮਾਨੀ ਮਜ਼ਹਬੀ ਕਿਤਾਬਾਂ ਵਿਚ ਮਾਸ ਖਾਣ ਦੀ ਆਗਿਆ ਹੈ ਅਤੇ ਚਾਰਾਂ ਹੀ ਯੁਗਾਂ ਅੰਦਰ ਮਾਸ ਵਰਤਿਆ ਜਾਂਦਾ ਰਿਹਾ ਹੈ। ਨਾਰੀ, ਨਰ, ਰਾਜੇ ਤੇ ਮਹਾਰਾਜੇ ਸਾਰੇ ਮਾਸ ਤੋਂ ਹੀ ਉਤਪਨ ਹੁੰਦੇ ਹਨ:

ਮਾਸੁ ਪੁਰਾਣੀਂ ਮਾਸੁ ਕਤੇਬੀਂ ਚਹੁ ਜੁਗ ਮਾਸੁ ਕਮਾਣਾ ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥ *(ਪੰਨਾ: 1290)*

'ਮਾਸ-ਆਹਾਰ' ਦਾ ਵਿਰੋਧ ਕਰਨ ਵਾਲੇ ਪੰਡਤ ਨੂੰ, ਉਸ ਦੀ ਖੁਦਗਰਜ਼ੀ ਅਤੇ

ਆਧਾਰਹੀਣ ਪ੍ਰਚਾਰ ਲਈ, ਗੁਰੂ ਸਾਹਿਬ ਉਸ ਨੂੰ ਝਾੜ ਪਾਉਂਦੇ ਹੋਏ ਆਖਦੇ ਹਨ:

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੇ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥

ਭਗਤ ਕਬੀਰ ਆਦਿ ਬਾਣੀਕਾਰਾਂ ਦੇ ਕੁੱਝ ਸ਼ਬਦਾਂ ਵਿਚ ਮਾਸ ਖਾਣ ਦਾ ਪ੍ਰਤੱਖ ਵਿਰੋਧ ਨਜ਼ਰ ਆਉਂਦਾ ਹੈ, ਪਰ ਉਹ ਵਿਸ਼ੇਸ਼ ਪ੍ਰਸੰਗਾਂ ਅਤੇ ਪਰਿਸਥਿਤੀਆਂ ਦੀ ਗੱਲ ਕਰ ਰਹੇ ਹੁੰਦੇ ਹਨ।

ਗੁਰੂ ਨਾਨਕ ਸਾਹਿਬ ਦੇ ਸਮੇਂ ਗ਼ੈਰ-ਮੁਸਲਮਾਨਾਂ ਨੂੰ ਸੁਤੰਤਰ ਤਰੀਕੇ ਨਾਲ ਮਾਸ ਬਣਾਉਣ ਦੀ ਮਨਾਹੀ ਸੀ। ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾਂ 'ਕੁੱਠਾ' (ਹਲਾਲ) ਸਿੱਖਾਂ ਲਈ ਵਰਜਿਤ ਕੀਤਾ ਜਿਸ ਨੂੰ 'ਆਸਾ ਦੀ ਵਾਰ' ਵਿਚ ਇਉਂ ਦਰਜ ਕੀਤਾ:

ਅਭਾਖਿਆ ਕਾ ਕੁਠਾ ਬਕਰਾ ਖਾਣਾ।
ਚਉਕੇ ਉਪਰਿ ਕਿਸੈ ਨਾ ਜਾਣਾ...।

ਗੁਰੂ ਗ੍ਰੰਥ ਸਾਹਿਬ ਵਿਚ 'ਮਾਸ' ਸਬੰਧੀ ਕਾਫੀ ਵਾਰ ਜ਼ਿਕਰ ਆਇਆ ਹੈ:

ਇਕ ਮਾਸਹਾਰੀ ਇਕਿ ਤ੍ਰਿਣੁ ਖਾਹਿ ॥
ਇਕਨਾ ਛਤੀਹ ਅੰਮ੍ਰਿਤ ਪਾਹਿ ॥ (ਪੰਨਾ: 144)

ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ ਵਿਚ ਸਪੱਸ਼ਟ ਕਰਦੇ ਹਨ:

ਮਰਣੇ ਪਰਣੇ ਮੰਨੀਐ, ਜਗਿ ਪਰਵਾਣ ਕਰਾਈ
ਮਾਸ ਪਵਿੱਤਰ ਗ੍ਰਹਸਤ ਨੋ ॥ (13-23, ਵਾਰ)

ਗੁਰੂ ਨਾਨਕ ਸਾਹਿਬ ਜਦੋਂ ਸੂਰਜ ਗ੍ਰਹਿਣ ਸਮੇਂ ਕੁਰੂਕਸ਼ੇਤਰ ਗਏ ਤਾਂ ਉਨ੍ਹਾਂ ਉਥੇ ਇਕ ਸਿੱਖ ਵੱਲੋਂ ਭੇਟਾ ਕੀਤਾ ਹਿਰਨ ਦਾ ਮਾਸ ਰਿਨ੍ਹਣਾ ਸ਼ੁਰੂ ਕੀਤਾ। ਲੋਕੀ ਇਕੱਠੇ ਹੋ ਕੇ ਗੁਰੂ ਸਾਹਿਬ ਨੂੰ ਆਖਣ ਲੱਗੇ ਕਿ "ਮਾਸ ਰਿਨ੍ਹ ਕੇ, ਪਵਿੱਤਰ ਥਾਂ ਤੇ ਆ ਕੇ ਤੁਸਾਂ ਮਰਿਆਦਾ ਭੰਗ ਕੀਤੀ ਹੈ" ਤਾਂ ਗੁਰੂ ਸਾਹਿਬ ਨੇ ਉਥੇ ਹੀ 'ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ' ਵਾਲਾ ਸ਼ਬਦ ਉਚਾਰ ਕੇ ਪਾਂਡਿਆਂ ਦੇ ਕਪਾਟ ਖੋਲ੍ਹੇ ਸਨ।

ਝਟਕਾ ਕੀ ਹੈ?

'ਝਟਕਾ' ਤੋਂ ਅਰਥ ਉਸ ਮਾਸ ਦਾ ਹੈ ਜੋ ਤੁਰੰਤ ਜਾਂ ਇਕਦਮ (ਬਿਨਾਂ ਦੇਰੀ ਦੇ) ਤਿਆਰ ਕੀਤਾ ਹੋਵੇ। ਸਿੱਖਾਂ ਵਿਚ ਝਟਕਾ ਕਰਨ ਜਾਂ ਝਟਕਾ ਖਾਣ ਦਾ ਅਰਥ ਹੈ ਕਿਸੇ ਵੀ ਹਥਿਆਰ ਨਾਲ ਬਕਰੇ ਆਦਿ ਦਾ ਸਿਰ ਵਢਣਾ ਜਾਂ ਬੰਦੂਕ ਨਾਲ ਮਾਰਨਾ ਜਾ ਬਿਜਲੀ ਦੇ ਝਟਕੇ ਨਾਲ ਮਾਰਨਾ। ਸਿੱਖ ਇਤਿਹਾਸ ਵਿਚ ਝਟਕਾ ਮਾਸ ਖਾਣ ਦੀ ਸ਼ੁਰੂਆਤ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਸ਼ੁਰੂ ਹੋਈ ਮੰਨੀ ਜਾਂਦੀ ਹੈ।

ਮੁਸਲਮਾਨੀ ਤਰੀਕੇ ਨਾਲ ਪਸ਼ੂ ਜਾਂ ਪੰਛੀ ਨੂੰ ਮਾਰਨ ਲਗਿਆਂ 'ਕਲਮਾ' ਪੜ੍ਹ ਕੇ ਮਾਰਿਆ ਜਾਂਦਾ ਹੈ ਜਿਸ ਨੂੰ ਉਹ ਹਲਾਲ ਜਾਂ ਕੋਸ਼ਰ ਮਾਸ ਆਖਦੇ ਹਨ। 'ਕੁੱਠਾ' ਲਫ਼ਜ਼ ਕੋਹਣਾ ਤੋਂ ਨਿਕਲਿਆ ਹੈ ਜਿਸ ਦਾ ਅਰਥ ਜ਼ਿਬ੍ਹਾ ਕਰਨਾ ਹੈ। ਜਿਥੇ ਉਹ ਪਸ਼ੂ ਆਦਿ ਮਾਰਦੇ ਹਨ, ਉਸ ਨੂੰ ਜ਼ਿਬ੍ਹਾਖਾਨਾ ਆਖਦੇ ਹਨ। ਗੁਰੂ ਨਾਨਕ ਸਾਹਿਬ ਨੇ 'ਕੁੱਠਾ' ਆਪਣੇ ਸਿੱਖਾਂ

ਲਈ ਕਿਉਂ ਵਰਜਿਤ ਕੀਤਾ, ਧਾਰਮਿਕ ਨੁਕਤਾ ਨਿਗਾਹ ਤੋਂ ਇਸ ਦੀ ਸਪੱਸ਼ਟ ਵਿਆਖਿਆ ਨਹੀਂ ਕੀਤੀ ਜਾ ਸਕਦੀ। ਗੁਰੂ ਸਾਹਿਬ ਨੇ ਸਭਿਆਚਾਰਕ ਅਤੇ ਸਿਆਸੀ ਸਰਦਾਰੀ ਦੇ ਚਿੰਨ੍ਹ ਵਜੋਂ 'ਆਸਾ ਦੀ ਵਾਰ' ਵਿਚ 'ਮਾਸ' ਨੂੰ ਵਰਤਿਆ ਹੈ।

ਸਿੱਖ 'ਝਟਕਾ' ਕਰਨ ਸਮੇਂ 'ਸਤਿ ਸ੍ਰੀ ਅਕਾਲ' ਦਾ ਉਚਾਰਨ ਕਰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਸ਼ਸਤਰਧਾਰੀ ਹੋ ਕੇ ਸ਼ਿਕਾਰ ਖੇਡਣ ਲੱਗ ਪਏ ਸਨ। ਗੁਰੂ ਹਰਿ ਰਾਇ ਸਾਹਿਬ ਦੇ ਸਮੇਂ ਵੀ ਸਿੱਖ ਸ਼ਿਕਾਰ ਖੇਡਦੇ ਤੇ ਖਾਂਦੇ ਸਨ। ਫ਼ਾਰਸੀ ਦੀ ਇਕ ਪੁਰਾਣੀ ਪੁਸਤਕ 'ਦਬਿਸਤਾਨੇ-ਮੁਜ਼ਾਹਿਬ ਦਾ ਲੇਖਕ ਜ਼ੁਲਫ਼ਕਾਰ ਅਰਦਸਤਾਨੀ ਲਿਖਦਾ ਹੈ, "...ਸਿੱਖਾਂ ਵਿਚ ਹਿੰਦੂਆਂ ਜੇਹਾ ਖਾਣ ਪੀਣ ਦਾ ਬੰਧਨ ਨਹੀਂ... ਕੁੱਝ ਚਿਰ ਪਿੱਛੋਂ ਉਨ੍ਹਾਂ ਦੇ ਸਿੱਖ ਮਾਸ ਖਾਣ ਲੱਗ ਪਏ। ... ਪਿੱਛੋਂ (ਗੁਰੂ) ਅਰਜਨ ਮਲ ਦਾ ਪੁੱਤਰ ਗੁਰੂ ਹਰਿਗੋਬਿੰਦ (ਸਾਹਿਬ) ਮਾਸ ਖਾਂਦਾ ਤੇ ਸ਼ਿਕਾਰ ਕਰਦਾ ਸੀ, ਜਿਸ ਕਰ ਕੇ ਉਨ੍ਹਾਂ ਦੇ ਬਹੁਤ ਸਾਰੇ ਸਿੱਖਾਂ ਵਿਚ ਇਹ ਹੀ ਰੀਤ ਪੈ ਗਈ।"

ਜ਼ੁਲਫ਼ਕਾਰ ਆਪ ਲਿਖਦਾ ਹੈ ਕਿ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਹਿੱਜਰੀ ਸੰਨ ਇਕ ਹਜ਼ਾਰ ਪਚਵੰਜਾ (1055) ਵਿਚ ਕੀਤੇ ਅਤੇ ਗੁਰੂ ਸਾਹਿਬ ਨਾਲ ਉਸ ਦਾ ਖ਼ਤੋ-ਕਿਤਾਬਤ ਵੀ ਰਿਹਾ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ 1699 ਦੀ ਵਿਸਾਖੀ ਸਮੇਂ 'ਖਾਲਸਾ ਪੰਥ' ਪ੍ਰਗਟ ਕਰਨ ਲਗਿਆਂ, ਸਿੱਖਾਂ ਲਈ 'ਝਟਕਾ ਮਾਸ' ਖਾਣਾ ਜ਼ਰੂਰੀ ਕਰਾਰ ਦਿੱਤਾ। ਚਾਰ ਕੁਰਹਿਤਾਂ ਵਿਚ 'ਕੁੱਠਾ ਖਾਣ' ਦੀ ਕੁਰਹਿਤ ਗੁਰੂ ਸਾਹਿਬ ਨੇ ਦੂਜੇ ਨੰਬਰ 'ਤੇ ਰੱਖੀ। ਭਾਵੇਂ ਉਸ ਸਮੇਂ ਬਹੁਤੇ ਸਿੱਖਾਂ ਦੀ ਖੁਰਾਕ ਮਾਸ ਨਹੀਂ ਸੀ ਸਗੋਂ ਦਾਣੇ, ਦਾਲਾਂ, ਸਬਜ਼ੀਆਂ, ਦੁੱਧ ਆਦਿ ਹੀ ਮਨ-ਭਾਉਂਦੀ ਖੁਰਾਕ ਰਹੀ ਹੈ ਪਰ ਸਿੱਖ ਧਰਮ ਵਿਚ ਮਾਸ ਖਾਣ ਜਾਂ ਨਾ-ਖਾਣ ਵਿਚ ਕੋਈ ਵਿਤਕਰਾ ਨਹੀਂ। ਸਿੱਖ ਰਾਜ ਸਮੇਂ ਮਾਸ (ਝਟਕਾ) ਸਿੱਖਾਂ ਦੀ ਖੁਰਾਕ ਵਿਚ ਸ਼ਾਮਲ ਸੀ। ਯਹੂਦੀ ਅਤੇ ਇਸਲਾਮ ਧਰਮਾਂ ਵਿਚ ਮਾਸ ਭਾਵੇਂ ਜ਼ਰੂਰੀ ਧਾਰਮਿਕ ਰੀਤੀ ਵਜੋਂ ਕਬੂਲ ਕੀਤਾ ਗਿਆ ਹੈ ਪਰ ਸਿੱਖਾਂ ਨੂੰ ਗੁਰੂ ਸਾਹਿਬਾਂ ਨੇ ਕੇਵਲ 'ਕੁੱਠਾ' ਮਾਸ ਵਰਜਿਤ ਕਰਾਰ ਦਿੱਤਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਰੀ ਸਵੈਮਾਣ ਨੂੰ ਜਗਾਉਣ ਲਈ ਅਤੇ ਹੁਕਮਰਾਨਾਂ ਦੀ ਗੁਲਾਮੀ ਨੂੰ ਪਰਾਂ ਸੁੱਟ ਕੇ 'ਕੁੱਠਾ' ਬਜਰ ਕੁਰਹਿਤ ਕਰਾਰ ਦਿੱਤਾ। ਇੰਝ ਲੋਕ 'ਝਟਕਾ' ਕਰਨ ਵਿਚ ਆਜ਼ਾਦ ਹੋਏ। ਗੁਰੂ ਜੀ ਨੇ ਸਿੱਖਾਂ ਨੂੰ ਕਿਸੇ ਵੀ ਡਰ, ਸਹਿਮ, ਦਾਬੇ ਤੋਂ ਛੁਟਕਾਰਾ ਪਾਉਣ ਲਈ 'ਸੰਤ ਸਿਪਾਹੀ' ਬਣਾ ਕੇ ਜ਼ੁਲਮ ਨੂੰ ਪਾਸ਼ ਪਾਸ਼ ਹੀ ਨਹੀਂ ਕੀਤਾ ਸਗੋਂ 'ਖਾਲਸਾ ਕੌਮ' ਨੂੰ ਖੁਦਮੁਖਤਿਆਰ ਬਣਾ ਦਿੱਤਾ:

ਭਾਂਤਿ ਭਾਂਤਿ ਬਨ ਖੇਲ ਸ਼ਿਕਾਰਾ
ਮਾਰੇ ਰੀਛ ਰੋਝ ਝੰਕਾਰਾ।

ਇਤਿਹਾਸਕ ਸੋਮੇ

ਕੁੱਝ ਮਹੱਤਵਪੂਰਨ ਇਤਿਹਾਸਕ ਸੋਮੇ ਅਜਿਹੇ ਹਨ ਜਿਨ੍ਹਾਂ ਵਿਚ 'ਮਾਸ' ਦਾ ਸਪੱਸ਼ਟ ਜ਼ਿਕਰ ਆਇਆ ਹੈ।

(ੳ) ਗੁਰੂ ਕੀਆਂ ਸਾਖੀਆਂ: ਇਹ ਪੁਸਤਕ ਭਾਈ ਸਰੂਪ ਸਿੰਘ ਕੌਸ਼ਿਸ਼ ਦੀ ਲਿਖੀ ਹੋਈ ਹੈ ਜਿਸ ਨੇ ਸਾਖੀ ਨੰਬਰ 110 ਵਿਚ ਲਿਖਿਆ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ, ਮਾਧੋਦਾਸ ਦੇ ਡੇਰੇ ਗਏ ਤਾਂ ਉਥੇ 'ਮਾਸ' ਪਕਾਇਆ ਗਿਆ... ਜੋ ਕੁੱਝ ਇਸ ਦੇ ਡੇਰੇ

ਮੇਂ ਮਿਲਤਾ ਹੈ, ਵੋਹ ਲੰਗਰ ਮੇਂ ਪਾਇ ਲੀਆ ਜਾਏ। ਲਾਂਗਰੀ ਨੇ ਕਹਾ, ਮਹਾਰਾਜ, ਡੇਰੇ ਮੇਂ ਏਕ ਹਰਨ, ਇਕ ਬਕਰੀ ਤੇ ਦੋ ਉਸ ਕੇ ਲੇਲੇ ਹੈਂ, ਔਰ ਕੋਈ ਵਸਤੂ ਨਹੀਂ। ਬਸ ਹੁਕਮ ਹੋਨੇ ਕੀ ਦੇਰ ਸੀ- ਸਿੰਘਾਂ ਚਾਰੇ ਝਟਕਾਇ ਕਰ ਲੰਗਰ ਤਿਆਰ ਕਰਨਾ ਸ਼ੁਰੂ ਕੀਤਾ।"

(ਅ) 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ': ਇਹ ਪੁਸਤਕ ਭਾਈ ਕੇਸਰ ਸਿੰਘ ਛਿੱਬਰ ਦੀ ਹੈ ਜਿਸ ਦੇ ਪੁਰਖੇ ਗੁਰੂ ਸਾਹਿਬ ਦੇ ਦੀਵਾਨ ਰਹੇ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬ੍ਰਾਹਮਣਾਂ ਦੀ ਸੋਧ ਕਰਨ ਵਾਸਤੇ ਪਹਿਲਾਂ ਬ੍ਰਾਹਮਣਾਂ ਨੂੰ ਝਟਕਾ ਮਾਸ ਖਵਾਇਆ। 18ਵੀਂ ਸਦੀਂ ਸਮੇਂ ਬਹੁਤਾ ਸਾਹਿਤ ਗੁਰੂਆਂ ਬਾਰੇ ਬੜਾ ਮਾੜਾ ਪ੍ਰਭਾਅ ਕਾਇਮ ਕਰਦਾ ਹੈ। ਲੋੜ ਹੈ ਅਜਿਹੇ ਸਾਹਿਤ ਬਾਰੇ ਸਾਰੇ ਵਿਦਵਾਨ ਅਧਿਐਨ ਅਤੇ ਪੁੱਣਛਾਣ ਕਰਕੇ ਕੋਈ ਅੰਤਮ ਨਿਰਣਾ ਸਰਬ ਸੰਮਤੀ ਨਾਲ ਲੈਣ ਅਤੇ ਦੁੱਧ ਤੇ ਪਾਣੀ ਨੂੰ ਵੱਖ ਕੀਤਾ ਜਾਵੇ। ਇਸੇ ਪੁਸਤਕ ਦੇ ਸਫ਼ਾ 128-129 ਦੀ ਵਾਰਤਾ ਸੁਣੋ:

"ਸਾਹਿਬ ਬ੍ਰਹਮ-ਭੋਜ ਕਰਾਇਆ। ਨਾਲੇ ਲੁੱਚੀ-ਸੀਰਾ, ਨਾਲੇ ਮਾਸ ਪਕਾਇਆ
ਜੋ ਮਾਸ ਖਾਏ ਦਿਜ, ਤਿਸ ਦੱਖਣਾ ਦੇਣੀ ਰੁਪਯਾ।
ਜੋ ਲੁੱਚੀ ਕਚਉਰੀ ਖਾਏ ਤਿਸ ਟਕਾ ਦਿਵਯਾ। ੩੭।
ਜੋ ਮਾਸ ਖਾਏ, ਸੋ ਦਸ ਰੁਪਯੇ ਦੱਖਣਾ ਪਾਏ।
ਚਾਰ ਆਨੇ ਤਿਸ ਨੂੰ ਦਖਣਾ, ਜੋ ਲੁੱਚੀ ਕਚਉਰੀ ਖਾਏ।
ਫੇਰ ਦੋਨੋ ਕਾਗਤ ਦੱਖਣਾ ਵਾਲੇ ਸਾਹਿਬ ਪਾਸ ਆਏ
ਮਾਸ ਵਾਲਾ ਛਡਿਆ ਫਾੜ, ਲੁੱਚੀ ਕਚਉਰੀ ਵਾਲਾ ਲਿਆ ਬੋਝੇ ਪਾਏ। ੩੯।
ਜੋ ਬ੍ਰਹਮਣ ਹੋਇ ਕੇ ਮਾਸ ਖਾਏ, ਸੋ ਰੁਪਯਾ ਸਉ ਦਖਣਾ ਪਾਏ।
ਜੋ ਲੁੱਚੀ ਕਚਉਰੀ ਪਾਏ, ਸੋ ਇਕ ਰੁਪਯਾ ਪਾਏ।।੪੧।
ਗੁਰੂ ਸਾਹਿਬ ਨੇ ਬ੍ਰਾਹਮਣਾਂ ਨੂੰ ਸੰਬੋਧਨ ਕਰ ਕੇ ਕਿਹਾ:
"ਬਚਨ ਕਹਿਆ: "ਅਸੀ ਤੁਸਾ ਨੂੰ ਮਾਸ ਹੈ ਖਵਾਣਾ।"
ਤਿਨ ਕਹਿਆ: "ਜੀ ਭਲਾ ਤੁਸਾਂ ਸਾਨੂੰ ਮਾਸ ਕਿਉਂ ਹੈ ਖਵਾਂਦੇ ?"
ਬਚਨ ਕਹਿਆ: "ਅਸੀ ਬਚਨ ਸ਼ਾਸਤਰ ਦੇ ਹਾਂ ਕਮਾਂਦੇ"।।੪੪।।

ਜਦੋਂ ਦਸਮੇਸ਼ ਪਿਤਾ ਸਾਹਮਣੇ ਤਿੰਨ ਬ੍ਰਾਹਮਣਾਂ ਹਰਿਭਗਵਾਨ, ਲਛਮੀ ਰਾਮ ਅਤੇ ਹਰਿਦਾਸ ਨੇ ਮਾਸ ਖਾਣ ਤੋਂ ਇਨਕਾਰ ਕੀਤਾ ਤਾਂ ਸਾਹਿਬਾਂ ਨੇ ਬਚਨ ਉਚਾਰੇ:

"ਬਚਨ ਕੀਤਾ: "ਇਕੇ ਤਾਂ ਮਾਸ ਖਾਉ, ਨਹੀਂ ਤਾਂ ਪ੍ਰਾਨ ਗਵਾਉ। ਪਕੜੋ ਇਨ੍ਹਾਂ ਨੂੰ ਦਿਉ ਫਾਂਸੀ ਜਾਉ।"

ਡਾ: ਕੁਲਵਿੰਦਰ ਸਿੰਘ ਬਾਜਵਾ ਵੱਲੋਂ ਸੰਪਾਦਨਾਂ ਕੀਤੀ ਮਹਿਮਾ ਪ੍ਰਕਾਸ਼ (ਵਾਰਤਕ) ਜੋ 1776 ਈ. ਤੋਂ ਪਹਿਲਾਂ ਦੀ ਰਚਨਾ ਆਖੀ ਜਾਂਦੀ ਹੈ, ਵਿੱਚ ਸਾਖੀ ਨੰਬਰ 102 ਵਿੱਚ ਮਾਸ ਬਾਰੇ ਸਪੱਸ਼ਟ ਲਿਖਿਆ ਹੈ, "...ਤਬ ਆਗਿਆ ਹੋਈ-- ਸੋ ਮੇਰਾ ਸਿੱਖ ਹੈ। ਸੋ ਮਾਸ ਕਾ ਭੋਜਨ ਕਰੇ ਅਰ ਦਾਨ ਇਸਨਾਨ ਕਾ। ਸ੍ਰੀ ਮੁਖ ਉਪਦੇਸ ਹੂਆ। ਸੰਗਤ ਨੋ ਨਿਹਾਲ ਕੀਆ।" (ਪੰਨਾ: ੧੮੭)

(ੲ) ਤਸ਼ਰੀਹ-ਉਲ-ਐਕਵਾਮ: ਇਹ ਫ਼ਾਰਸੀ ਲਿਖਤ ਬ੍ਰਿਟਿਸ਼ ਲਾਇਬ੍ਰੇਰੀ ਵਿਚ ਨੰਬਰ 2755 (FF1599-1606) ਹੇਠ ਪਈ ਹੈ ਜਿਸ ਵਿਚ ਝਟਕਾ ਖਾਣ ਬਾਰੇ ਦਰਜ ਹੈ, "ਉਹ (ਸਿੱਖ) ਹਲਾਲੀ ਮਾਸ ਨੂੰ ਘ੍ਰਿਣਾਯੋਗ ਅਤੇ ਵਰਜਿਤ ਸਮਝਦੇ ਹਨ ਅਤੇ ਝਟਕਾ ਮਾਸ ਛਕਦੇ ਹਨ ਅਰਥਾਤ ਕਿਸੇ ਵੀ ਜਾਨਵਰ ਦਾ ਮਾਸ ਜੋ ਉਹ ਤਲਵਾਰ ਨਾਲ ਝਟਕਾਉਂਦੇ ਹਨ।"

(ਸ) ਸਈਆਰੁਲ-ਮੁਤਖ਼ਰੀਨ: ਇਸ ਫ਼ਾਰਸੀ ਲਿਖਤ ਦਾ ਕਰਤਾ ਮੁਨਸ਼ੀ ਮੀਰ ਗੁਲਾਮ ਹੁਸੈਨ ਖਾਨ ਹੈ। ਗੜ੍ਹੀ ਵਿਚ ਘਿਰੇ ਹੋਏ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਲਿਖਦਾ ਹੈ, "ਅਬਦੁਲ ਸਮੱਦ ਖਾਨ ਬਾਹਰੋਂ ਘੇਰਾ ਪਾਉਣ ਵਿਚ ਜੁਟਿਆ ਹੋਇਆ ਸੀ ਤੇ ਅਨਾਜ ਦਾ ਇਕ ਦਾਣਾ ਵੀ ਕਿਲ੍ਹੇ ਅੰਦਰ ਨਹੀਂ ਸੀ ਜਾਣ ਦਿੰਦਾ। ਜਦ ਘੇਰਾ ਬਹੁਤ ਦੇਰ ਲੰਮਾ ਹੋ ਗਿਆ, ਦਾਣਿਆਂ ਦੇ ਕੋਠੇ ਮੁੱਕ ਗਏ, ਖਾਣ ਪੀਣ ਨੂੰ ਕੁੱਝ ਨਹੀਂ ਰਿਹਾ ਤੇ ਘਿਰੇ ਹੋਏ ਆਦਮੀ ਬਹੁਤ ਸਨ ਤਾਂ ਉਨ੍ਹਾਂ ਨੇ ਮਜਬੂਰ ਹੋ ਕੇ ਗਊਆਂ, ਘੋੜੇ ਤੇ ਗਧੇ ਮਾਰ ਕੇ ਖਾ ਲਏ ਸਨ।"

ਅਠਾਰਵੀਂ ਸਦੀ ਦੇ ਰਹਿਤਨਾਮੇ

ਸਿੱਖ ਪ੍ਰਤੀਭਾਸ਼ਾ ਅਸਲੋਂ ਜੀਵਨ-ਮਰਿਆਦਾ (ਚੱਜ-ਅਚਾਰ) ਹੀ ਹੈ ਜਿਸ ਅਨੁਸਾਰ ਸਿੱਖ ਨੇ ਆਪਣਾ ਜੀਵਨ ਗੁਜ਼ਾਰਨਾ ਹੈ। ਸਿੱਖ ਧਰਮ ਸਰੀਰਕ ਤੇ ਰੂਹਾਨੀ ਰੁਹਰੀਤ ਦਾ ਸੰਗਮ ਹੈ। ਸਿੱਖ ਨੇ ਆਪਣੀ ਜ਼ਿੰਦਗੀ ਵਿਚ ਉਹ ਹੀ ਕਰਮ ਕਰਨੇ ਹਨ ਜਿਨ੍ਹਾਂ ਅਨੁਸਾਰ ਆਤਮਿਕ, ਮਾਨਸਕ ਤੇ ਸਰੀਰਕ ਵਿਕਾਸ ਹੁੰਦਾ ਹੋਵੇ। ਇਕ ਅੰਦਰਲੀ ਰਹਿਤ ਹੈ, ਦੂਜੀ ਬਾਹਰਲੀ। ਅੰਦਰਲੀ ਰਹਿਤ ਦਾ ਸੋਮਾ 'ਗੁਰੂ ਗ੍ਰੰਥ ਸਾਹਿਬ' ਹੈ। ਬਾਹਰਲੀ ਰਹਿਤ ਦੇ ਦੋ ਅੰਗ ਹਨ। ਪਹਿਲਾ ਇਹ ਕਰਨਾ ਹੈ (ਰਹਿਤ) ਅਤੇ ਦੂਜਾ ਇਹ ਨਹੀਂ ਕਰਨਾ (ਕੁਰਹਿਤ)।

ਝਟਕਾ (ਮਾਸ) ਸਿੱਖਾਂ ਲਈ ਕੇਵਲ ਹਿੰਮਤ ਕਾਇਮ ਰੱਖਣ ਵਜੋਂ ਲੋੜੀਂਦੀ ਖ਼ੁਰਾਕ ਵਿਚ ਸ਼ਾਮਲ ਹੈ। ਲੰਗਰ ਵਿਚ ਮਾਸ ਨਹੀਂ ਬਣਦਾ ਕਿਉਂਕਿ ਉਥੇ ਸ਼ਾਕਾਹਾਰੀ ਵੀ ਲੰਗਰ ਛਕਦੇ ਹਨ, ਜਿਨ੍ਹਾਂ ਵਿਚ ਬਹੁਤੇ ਲੋਕ ਦੂਜੇ ਧਰਮਾਂ ਨੂੰ ਮੰਨਣ ਵਾਲੇ ਹੁੰਦੇ ਹਨ ਜਿਵੇਂ ਹਿੰਦੂ, ਮੁਸਲਮਾਨ, ਬੋਧੀ, ਜੈਨੀ ਆਦਿ। ਗੁਰੂ ਸਾਹਿਬ ਨੇ ਤਾਂ ਸਪੱਸ਼ਟ ਕਰ ਦਿੱਤਾ ਹੈ ਕਿ 'ਜੀਆਂ ਕਾ ਆਹਾਰ ਜੀਆਂ ਖਾਣਾ'।

ਤਨਖਾਹਨਾਮਾ (ਭਾਈ ਨੰਦ ਲਾਲ ਜੀ)

-"ਲੇ ਤੁਰਕਨ ਤੇ ਮਾਸ ਜੋ ਖਾਵਹਿ, ਬਿਨ ਗੁਰ ਸ਼ਬਦ ਬਚਨ ਜੋ ਗਾਵਹਿ, ਤ੍ਰਿਯਾ ਰਾਗ ਸੁਨਣਿ ਚਿਤ ਲਾਇ, ਸੁਨ ਲਾਲ ਜੀ, ਸੋ ਜਮਪੁਰ ਜਾਇ"।

ਰਹਿਤਨਾਮਾ (ਭਾਈ ਦਯਾ ਸਿੰਘ ਜੀ)

-"ਜੋ ਤੁਰਕ ਸੇ ਮਾਸ ਲੈਇਕੇ ਖਾਵੇ, ਸੋ ਬੜਾ ਤਨਖਾਹੀਆ"।

- "ਕੁੱਠਾ ਔਰ ਸੂਰ ਪਾਲਿਆ ਨਾ ਖਾਇ ਖੋਤੇ ਆਦਿ ਨ ਛੂਵੇ"।

"ਕਰ ਝਟਕੇ ਬਕਰਨ ਜੋ ਖੈਸੋ। ਮੁਰਦੇ ਕੁੱਠੇ ਨਿਕਟ ਨ ਜੈਸੋ"।

-"ਬਕਰਾ ਝਟਕਾ ਛਕੇ ਤਾਂ ਛਕੇ। ਔਰ ਮਾਸ ਵਲ ਕਬੀ ਨਾ ਤਕੇ"

-"ਬਕਰਾ ਝਟਕਾ ਬੀਚ ਨ ਕਰੇ। ਅਵਰ ਮਾਸ ਨਹਿ ਲੰਗਰ ਧਰੇ"

ਜੋ ਸਨਹੋਇਅ ਤ ਦੂਰ ਕਰਾਵੇ, ਨਿਜ ਬਰਤਾਰਾ ਤਹਾਂ ਲੈ ਜਾਵੇ (੧੦੫)

ਰਹਿਤਨਾਮਾ ਹਜ਼ੂਰੀ (ਭਾਈ ਚਉਪਾ ਸਿੰਘ ਛਿੱਬਰ)

-"ਜੋ ਕੁੱਠਾ ਖਾਏ, ਸੋ ਨੀਚ ਤਨਖਾਹੀਆ"।

ਮੁਕਤਿਨਾਮਾ (ਭਾਈ ਸਾਹਿਬ ਸਿੰਘ)

-"ਕੁਸਿਆ ਮਾਸ ਨ ਖਾਈਐ, ਪਾਲਿਆ ਖਾਇ ਨ ਸੂਰ"

ਸਿੱਖ ਧਰਮ ਬੁਨਿਆਦੀ ਤੌਰ 'ਤੇ ਮਾਰਸ਼ਲ ਕੌਮ ਹੈ ਜੋ ਸੰਸਾਰੀ ਅਤੇ ਆਤਮਕ ਤੌਰ 'ਤੇ ਰੂਹਾਨੀਅਤ ਦੀ ਸਿਖਰ ਮੰਨੀ ਜਾਂਦੀ ਹੈ। ਚੰਗੀ ਸਿਹਤ ਵਾਸਤੇ ਚੰਗੀ ਖ਼ੁਰਾਕ ਦਾ ਹੋਣਾ

ਜ਼ਰੂਰੀ ਹੈ। ਚੰਗੀ ਖੁਰਾਕ ਵਿਚ ਵਧੀਆ ਪ੍ਰੋਟੀਨ ਹੋਣੀ ਲਾਭਦਾਇਕ ਹੈ। ਮਾਸ ਵਿਚ ਪ੍ਰੋਟੀਨ ਸਬਜ਼ੀਆਂ ਤੋਂ ਵੀ ਵਧੀਕ ਹੈ। ਅਜੋਕੇ ਵਿਗਿਆਨੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਹਰ ਜੀਵ ਵਿਚ RNA ਅਤੇ DNA ਮੌਜੂਦ ਹਨ ਭਾਵੇਂ ਉਹ ਪਸ਼ੂ ਹਨ ਜਾ ਸਬਜ਼ੀਆਂ।

ਅਸੀਂ ਹਰ ਰੋਜ਼ ਦੁੱਧ, ਦਹੀਂ, ਪਾਣੀ, ਸਬਜ਼ੀਆਂ ਆਦਿ ਇਹ ਕਹਿ ਕੇ ਖਾਂਦੇ ਹਾਂ ਕਿ ਉਨ੍ਹਾਂ ਵਿਚ ਜ਼ਿੰਦਗੀ ਨਹੀਂ। ਕਈ ਲੋਕ ਆਖਦੇ ਹਨ ਕਿ ਜੀਵ ਹਤਿਆ ਕਰਨਾ ਪਾਪ ਹੈ। ਗੁਰੂ ਸਾਹਿਬ ਤਾਂ ਸਪੱਸ਼ਟ ਫਰਮਾਉਂਦੇ ਹਨ:

ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ (ਪੰਨਾ: ੪੭੨)

ਮਾਸ ਜਾਂ ਸਬਜ਼ੀ ਬਣਾਉਣ ਵਾਸਤੇ ਲਕੜੀ ਅਤੇ ਗੋਹੇ ਦੀਆਂ ਪਾਥੀਆਂ ਦਾ ਪ੍ਰਯੋਗ ਹਰ ਰੋਜ਼ ਕਰਦੇ ਹਾਂ। ਕੀ ਅਸੀਂ ਇਨ੍ਹਾਂ ਵਿਚ ਕੀੜੇ, ਪਤੰਗੇ ਮਾਰਨ ਦੇ ਦੋਸ਼ੀ ਨਹੀਂ ਬਣਦੇ?

ਮੁੱਢ ਤੋਂ ਹੀ ਪਸ਼ੂ ਦੀ ਬਲੀ ਧਾਰਮਕ ਰਸਮਾਂ ਦੇ ਭਾਗ ਵਜੋਂ ਦਿੱਤੀ ਜਾਂਦੀ ਰਹੀ ਹੈ (ਕਬਾਇਲੀ ਯੁਗ ਵਿਚ ਦੇਵਤੇ ਨੂੰ ਖੁਸ਼ ਕਰਨ ਲਈ ਮਨੁੱਖ ਦੀ 'ਬਲੀ' ਦੇਣ ਦਾ ਰਿਵਾਜ ਵੀ ਸੀ)। ਸਿੱਖਾਂ ਅੰਦਰ, ਹੋਰ ਧਰਮਾਂ ਵਾਂਗੂੰ, ਧਾਰਮਕ ਰੀਤੀ ਦੇ ਭਾਗ ਵਜੋਂ ਪਸ਼ੂ ਦੀ ਕੁਰਬਾਨੀ ਦੇਣ ਲਈ ਕੋਈ ਥਾਂ ਨਹੀਂ। ਅੱਜ-ਕੱਲ੍ਹ ਵੀ ਨਿਹੰਗ ਸਿੰਘਾਂ ਵਿਚ 'ਬਕਰਾ ਝਟਕਾਉਣ' ਦੀ ਰੀਤ ਬਰਕਰਾਰ ਹੈ ਜੋ ਪੁਰਾਤਨ ਸਿੰਘਾਂ ਦੇ 'ਝਟਕਾ ਮਾਸ' ਖਾਣ ਦੀ ਰੀਤ ਦੀ ਪ੍ਰਤੱਖ ਗਵਾਹੀ ਹੈ।

* * *

ਕਸ਼ਮੀਰ 'ਚ ਸਿੱਖ ਰਾਜ ਦੇ ਸਿੱਕੇ

ਸਿੱਕੇ ਕਿਸੇ ਵੀ ਸੁਤੰਤਰ ਰਾਜ ਦੇ ਚਿੰਨ੍ਹ ਦੀ ਨਿਸ਼ਾਨੀ ਹੁੰਦੇ ਹਨ। ਖਾਲਸਾ ਪੰਥ ਨੇ ੧੭੬੫ ਵਿੱਚ ਅੰਮ੍ਰਿਤਸਰ ਵਿੱਚ ਇੱਕ ਸਿੱਕਾ ਸ਼ੁਰੂ ਕੀਤਾ ਜਿਸ ਦਾ ਨਾਂ 'ਨਾਨਕ ਸ਼ਾਹੀ' ਸੀ। ਮਹਾਰਾਜਾ ਰਣਜੀਤ ਸਿੰਘ ਜੀ ਨੇ ਵੀ ਆਪਣੇ ਰਾਜ ਵਿੱਚ ਇਹੀ ਸਿੱਕਾ ਜਾਰੀ ਰਖਿਆ ਜੋ ਅੰਮ੍ਰਿਤਸਰ ਦੀ ਟਕਸਾਲ ਵਿੱਚ ਬਣਦਾ ਸੀ।

੧੮੧੯ ਵਿੱਚ ਕਸ਼ਮੀਰ ਨੂੰ ਖਾਲਸਾ ਰਾਜ ਵਿੱਚ ਸ਼ਾਮਲ ਕਰ ਲਿਆ ਗਿਆ। ਉਸ ਸਮੇਂ ਕਸ਼ਮੀਰ ਵਿੱਚ ਕਈ ਦੇਸ਼ਾਂ ਅਤੇ ਬਾਦਸ਼ਾਹਾਂ ਦੇ ਸਿੱਕੇ ਪ੍ਰਚਲਤ ਸਨ। ਕਈ ਸਿੱਕੇ ਢੇਰ ਪੁਰਾਣੇ ਸਨ ਅਤੇ ਲੈਣ ਦੇਣ ਸਮੇਂ ਨਜ਼ਰੀ ਪੈਂਦੇ ਸਨ ਉਨ੍ਹਾਂ ਵਿੱਚ ਦੀਨਾਰ, ਮੁਹੰਮਦਸ਼ਾਹੀ ਰੁਪਏ, ਕਾਬਲੀ ਰੁਪਏ ਅਤੇ ਅਸਕਰਦੂ ਦੇ 'ਹੁਨ' ਵੀ ਸ਼ਾਮਲ ਸਨ।

ਕਸ਼ਮੀਰ ਇੱਕ ਵੱਡਾ ਤਜਾਰਤੀ ਮਰਕਜ਼ ਹੋਣ ਕਾਰਨ ਵੱਖ ਵੱਖਰੇ ਸਿੱਕੇ ਆਮ ਪ੍ਰਚਲਤ ਸਨ ਅਤੇ ਦੂਰ ਦੁਰਾਡੇ ਤੋਂ ਸੁਦਾਗਰ ਮਾਲ ਲੈਣ ਦੇਣ ਆਉਂਦੇ ਸਨ। ਕਸ਼ਮੀਰ ਵਿੱਚ ਸਿੱਖ ਰਾਜ ਸਮੇਂ ਸਿੱਖਾਂ ਨੇ ਆਪਣਾ ਸਿੱਕਾ ਸ਼ੁਰੂ ਕੀਤਾ ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ 'ਸੋਨੇ ਦੀ ਮੋਹਰ' ਵੀ ਸ਼ਾਮਲ ਸੀ ਜਿਸ ਵਿਚ ੧੦ ਮਾਸੇ ੬ ਰੱਤੀ ਖਾਲਸ ਸੋਨਾ ਹੁੰਦਾ ਸੀ। ਜਿਨ੍ਹਾਂ ਤੇ ਸਾਹਮਣੇ ਵਾਲੀ ਲਿਖਤ ਤਾਂ ਰੁਪਏ ਵਾਲੀ ਸੀ ਤੇ ਅੱਖਰ ਗੁਰਮੁਖੀ ਸਨ ਪਰ ਦੂਜੇ ਪਾਸੇ ਤਿੰਨ ਵਾਰੀ 'ਵਾਹਿਗੁਰੂ ਜੀ' 'ਵਾਹਿਗੁਰੂ ਜੀ' 'ਵਾਹਿਗੁਰੂ ਜੀ' ਲਿਖਿਆ ਹੋਇਆ ਸੀ। ਤਾਂਬੇ ਦੇ ਸਿੱਕੇ ਜਿਹੜੇ ਨਾਨਕਸ਼ਾਹੀ ਪੈਸਿਆਂ ਦੇ ਨਾਂ ਨਾਲ ਮਕਬੂਲ ਸਨ ਅੱਜ ਵੀ ਲਾਹੌਰ ਅਤੇ ਲੰਡਨ ਦੇ ਅਜਾਇਬ ਘਰਾਂ ਵਿੱਚ ਮੌਜੂਦ ਹਨ। 'ਨਾਨਕ ਸ਼ਾਹੀ' ਰੁਪਏ ਨੂੰ ਕਸ਼ਮੀਰ ਵਿੱਚ 'ਨਾਨਕੀ ਰੁਪਿਆ' ਵੀ ਆਖਿਆ ਜਾਂਦਾ ਸੀ। ਸੋਨੇ ਦੀ ਮੋਹਰ ਅੰਮ੍ਰਿਤਸਰ ਦੀ ਟਕਸਾਲ ਵਿੱਚ ਬਣਾਈ ਸੀ ਜਿਸ ਦੀ ਕੀਮਤ 'ਨਾਨਕਸ਼ਾਹੀ' ਪੰਦਰਾਂ ਰੁਪਏ ਬਰਾਬਰ ਸੀ। 'ਨਾਨਕਸ਼ਾਹੀ' ਰੁਪਿਆ ਵੈਸੇ ਤਾਂ ਅੰਮ੍ਰਿਤਸਰ ਦੀ ਟਕਸਾਲ ਵਿੱਚ ਬਣਦਾ ਸੀ। ਪਰ ੧੮੧੯ ਤੋਂ ਕਸ਼ਮੀਰ ਦੀ ਟਕਸਾਲ ਤੋਂ ਬਣਨਾ ਸ਼ੁਰੂ ਹੋਇਆ। 'ਨਾਨਕਸ਼ਾਹੀ' ਰੁਪਿਆ ਸਿੱਖ ਰਾਜ ਦਾ ਅਹਿਮ ਸਿੱਕਾ ਸੀ। ਇਹੋ ਜਿਹਾ ਇੱਕ ਸਿੱਕਾ ਅੱਜ ਵੀ ਸ੍ਰੀਨਗਰ ਕਸ਼ਮੀਰ ਦੇ ਪ੍ਰਤਾਪ ਅਜਾਇਬਘਰ ਵਿੱਚ ਮੌਜੂਦ ਹੈ। ਅਜਿਹੇ ਅਨੇਕਾਂ ਸਿੱਕੇ ਹੋਰ ਵੀ ਹਨ, ਜਿਨ੍ਹਾਂ ਤੱਕ ਰਸਾਈ ਲਈ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ। ਫ਼ਾਰਸੀ ਵਿੱਚ ਇਸ ਦੇ ਇੱਕ ਪਾਸੇ ਇਹ ਸ਼ਬਦ ਉੱਕਰੇ ਹੋਏ ਹਨ:

ਜ਼ਰਬ ਕਸ਼ਮੀਰ, ੧੮੭੬ ਬਿਕਰਮੀ

ਦੂਜੇ ਪਾਸੇ ਇਹ ਸ਼ਬਦ ਉੱਕਰੇ ਹੋਏ ਹਨ:

ਦੇਗ ਵ ਤੇਗ ਫਤੇ ਵ ਨਸਰਤ ਬੇਦਰੰਗ, ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਆਮ ਤੌਰ 'ਤੇ ਸਿੱਕਿਆਂ ਤੇ ਫ਼ਾਰਸੀ ਭਾਸ਼ਾ ਹੀ ਹੁੰਦੀ ਸੀ ਪਰ ਹੁਗਲ ਅੰਗਰੇਜ਼ ਨੇ ਇੱਕ ਅਜਿਹੇ ਸਿੱਕੇ ਦੀ ਵੀ ਦਸ ਪਾਈ ਹੈ ਜਿਸ ਦੇ ਦੋਵੇਂ ਪਾਸਿਆਂ 'ਤੇ ਪੰਜਾਬੀ ਭਾਸ਼ਾ ਲਿਖੀ ਗਈ ਹੈ। ਮਹਾਰਾਜਾ ਰਣਜੀਤ ਸਿੰਘ, ਸ੍ਰ. ਹਰੀ ਸਿੰਘ ਨਲੂਆ ਦੇ ਕਸ਼ਮੀਰ ਫ਼ਤਹਿ ਕਰਨ

ਵਿੱਚ ਏਨੇ ਪ੍ਰਸੰਨ ਹੋਏ ਕਿ ਇੱਕ ਵਿਸ਼ੇਸ਼ ਫ਼ੁਰਮਾਨ ਰਾਹੀਂ ਸ੍. ਨਲੂਆ ਨੂੰ ਕਸ਼ਮੀਰ ਵਿੱਚ ਆਪਣੇ ਨਾਮ ਦਾ ਸਿੱਕਾ ਚਲਾਣ ਦਾ ਮਹਾਨ ਅਧਿਕਾਰ ਬਖ਼ਸ਼ ਦਿੱਤਾ। ਇਸ ਹੁਕਮ ਅਨੁਸਾਰ ਸ੍. ਹਰੀ ਸਿੰਘ ਨਲੂਆ ਨੇ ੧੮੨੧ ਵਿੱਚ ਆਪਣੇ ਨਾਮ ਦਾ ਸਿੱਕਾ ਜਾਰੀ ਕੀਤਾ ਜੋ ਸ੍ਰੀਨਗਰ ਦੀ ਟਕਸਾਲ ਵਿੱਚ ਬਣਦਾ ਸੀ। ਇਸ ਸਿੱਕੇ ਦੇ ਇੱਕ ਪਾਸੇ ਫ਼ਾਰਸੀ ਅੱਖਰਾਂ ਵਿੱਚ 'ਸ੍ਰੀ ਅਕਾਲ ਸਹਾਇ' ਅਤੇ 'ਸੰਮਤ ੧੮੭੮' ਉਕਰਿਆ ਹੋਇਆ ਸੀ ਅਤੇ ਦੂਜੇ ਪਾਸੇ 'ਹਰੀ ਸਿੰਘ' 'ਯਕ ਰੁਪਿਆ', ਹੇਠਾਂ ਦਰਜ ਸੀ। (ਤਫ਼ਸੀਲ ਲਈ ਵੇਖੋ, ਤਵਾਰੀਖ ਪਿਸ਼ਾਵਰ, ਸਫ਼ਾ ੯੦੫; ਸਰ ਵਾਲਟਰ ਲਾਰੰਸ 'ਦੀ ਵੈਲੀ ਆਫ ਕਸ਼ਮੀਰ' ਸਫ਼ਾ ੨੩੫) ਕਸ਼ਮੀਰ ਵਿੱਚ ਇਸ ਨੂੰ 'ਹਰੀ ਸਿੰਘੀਆ' ਰੁਪਿਆ ਆਖਿਆ ਜਾਂਦਾ ਸੀ। ਸਰ ਲੈਪਲ ਗ੍ਰਿਫਲ ੧੮੯੦ ਵਿਚ 'ਰਈਸਾਨਿ ਪੰਜਾਬ' ਦੇ ਸਫ਼ਾ ੧੬੧ 'ਤੇ ਲਿਖਦਾ ਹੈ "ਹਰੀ ਸਿੰਘ ਰੁਪਿਆ ਅੱਜ ਤਕ ਕਸ਼ਮੀਰ ਵਿੱਚ ਖੂਬ ਮਸ਼ਹੂਰ ਹੈ ਅਤੇ ਇਹ ਸਿੱਕਾ ਜਿਸ ਨੂੰ ਹਰੀ ਸਿੰਘੀਆ (ਰੁਪਿਆ) ਕਹਿੰਦੇ ਹਨ ਜੋ ਉਸ ਨੇ ਕਸ਼ਮੀਰ ਵਿੱਚ ਜਾਰੀ ਕੀਤਾ ਸੀ, ਅਜੇ ਤਕ ਪੰਜਾਬ ਵਿੱਚ ਵੀ ਹਰ ਥਾਂ ਚਲਦਾ ਹੈ।" ਇਸ ਰੁਪਏ ਦਾ ਵਜ਼ਨ ਕੁੱਲ ਇਕ ਤੋਲਾ ਸੀ।

'ਮੁਕੰਮਲ ਤਵਾਰੀਖ ਕਸ਼ਮੀਰ' ਦਾ ਕਰਤਾ ਮੌਲਾਨਾ ਮੁਹੰਮਦ ਦੀਨ ਜਿਲਦ ੨, ਸਫ਼ਾ: ੧੭ 'ਤੇ ਲਿਖਦਾ ਹੈ, "ਹਰੀ ਸਿੰਘ ਨੇ ਕਸ਼ਮੀਰ ਮੇਂ ਆਪਨੇ ਨਾਮ ਕਾ ਸਿੱਕਾ ਭੀ ਜਾਰੀ ਕੀਆ ਜੋ ਹਰੀ ਸਿੰਘੀਆ ਰੁਪਿਆ ਕੇ ਨਾਮ ਸੇ ਮਸ਼ਹੂਰ ਹੂਆ। ਇਸ ਕੀ ਕੀਮਤ ਆਜ ਕਲ ਕੇ ਮੁਰੱਵਜਾ ਆਠ ਆਨੇ ਕੇ ਬਰਾਬਰ ਥੀ। ਹਰੀ ਸਿੰਘੀਆ ਪੈਸਾ ਔਰ ਹਰੀ ਸਿੰਘੀਆ ਰੁਪਿਆ ਕੋ ਦੇਖਨੇ ਵਾਲੇ ਅਭੀ ਤਕ (੧੯੧੨) ਬਹੁਤ ਲੋਕ ਮੌਜੂਦ ਹੈਂ।" ਚਾਂਦੀ ਦੇ ਸਿੱਕੇ ਤੋਂ ਇਲਾਵਾ ਕਸ਼ਮੀਰ ਵਿੱਚ ਤਾਂਬੇ ਦਾ ਸਿੱਕਾ ਭੀ ਜਾਰੀ ਕੀਤਾ ਗਿਆ ਸੀ ਜੋ ਹਰੀ ਸਿੰਘੀਆ ਪੈਸਾ ਅਖਵਾਉਂਦਾ ਸੀ।

ਸਿੱਖ ਗਵਰਨਰ ਕਰਨਲ ਮੀਆਂ ਸਿੰਘ (੧੮੩੫-੪੧) ਨੇ ਪੁਰਾਣੇ ਹਰੀ ਸਿੰਘ ਰੁਪਏ ਨੂੰ ਛੱਡ ਕੇ ਨਵੇਂ ਹਰੀ ਸਿੰਘ ਰੁਪਇਆ ਜਾਰੀ ਕੀਤਾ ਜੋ ੧੬ ਆਨਿਆ ਦਾ ਸੀ। ਹਰ ਆਨਾ ਚਾਰ ਪੈਸੇ ਦਾ ਹੋਇਆ ਕਰਦਾ ਸੀ ਅਤੇ ਹਰ ਪੈਸਾ ਤਿੰਨ ਪੈਸੀ ਦਾ। ਇਹ ਰੁਪਿਆ ਹੀ ਕਸ਼ਮੀਰ ਵਿੱਚ ਸਿੱਖ ਰਾਜ ਦੇ ਅਖ਼ੀਰ ਤਕ ਜਾਰੀ ਰਿਹਾ। ਕਈ ਦੁਕਾਨਦਾਰ ਵਾਪਾਰ ਆਦਿ ਕਾਬਲੀ ਰੁਪਏ ਵਿੱਚ ਵੀ ਕਰਦੇ ਸਨ। ਪਿੰਡਾਂ ਵਿੱਚ ਵੀ ਬਹੁਤਾ ਲੈਣ ਦੇਣ ਇਸੇ ਨਾਲ ਹੁੰਦਾ ਸੀ।

***

ਕੋਹਿਨੂਰ ਹੀਰਾ ਸਿੱਖਾਂ ਕੋਲ ਕਿਵੇਂ ਆਇਆ ?

'ਕੋਹਿਨੂਰ ਹੀਰਾ' ਸੰਸਾਰ ਦਾ ਸਭ ਤੋਂ ਵੱਧ ਚਰਚਿਤ ਅਤੇ ਵੱਡਮੁੱਲਾ ਹੀਰਾ ਹੈ। ਕੋਹਿਨੂਰ ਦੇ ਲਫਜ਼ੀ ਅਰਥ ਹਨ 'ਰੌਸ਼ਨੀ ਦਾ ਪਹਾੜ'। ਇਸ ਪ੍ਰਸਿੱਧੀ ਪ੍ਰਾਪਤ ਹੀਰੇ ਦੀ ਤਵਾਰੀਖ਼ ਕਲਪਿਤ ਕਥਾਵਾਂ ਵਿਚ ਦੱਬੀ ਪਈ ਹੈ। ਹਿੰਦੂ ਪੌਰਾਣਿਕ ਕਥਾਵਾਂ ਅਨੁਸਾਰ ਅੰਗਾ ਦੇ ਬਾਦਸ਼ਾਹ 'ਕਰਨ' ਨਾਲ ਵੀ ਇਹ ਹੀਰਾ ਸਬੰਧਤ ਰਿਹਾ ਹੈ ਜੋ ਈਸਾ ਤੋਂ 3000 ਸਾਲ ਪਹਿਲਾਂ ਹੋਇਆ ਸੀ।

ਇਹ ਹੀਰਾ ਕਾਫੀ ਸਮਾਂ ਗੁਮਨਾਮੀ ਦੀ ਹਾਲਤ ਵਿਚ ਰਹਿ ਕੇ ਆਖਰ ਗਵਾਲੀਅਰ ਦੇ ਹਿੰਦੂ ਰਾਜੇ ਬਿਕਰਮਾਜੀਤ ਦੇ ਹੱਥ ਆਇਆ। ਬਿਕਰਮਾਜੀਤ ਨੇ ਸੁਲਤਾਨ ਇਬਰਾਹੀਮ ਲੋਧੀ ਵੱਲੋਂ ਪਾਣੀਪਤ ਦੀ ਲੜਾਈ ਵਿਚ ਹਿੱਸਾ ਲਿਆ ਸੀ। ਪਾਣੀਪਤ ਦੀ ਲੜਾਈ ਜਿੱਤਣ ਵਾਲੇ ਦਿਨ ਹੀ ਜ਼ਹੀਰ-ਉਲ-ਦੀਨ ਮੁਹੰਮਦ ਬਾਬਰ ਨੇ ਆਪਣੇ ਬੇਟੇ ਸ਼ਹਿਜ਼ਾਦਾ ਹਮਾਯੂੰ ਨੂੰ ਆਗਰੇ (ਲੋਧੀਆਂ ਦੀ ਰਾਜਧਾਨੀ) ਵੱਲ ਫੌਜਾਂ ਸਮੇਤ ਭੇਜਿਆ। ਆਗਰੇ ਪਹੁੰਚਦਿਆਂ ਹੀ ਹਮਾਯੂੰ ਨੇ ਸਾਰੇ ਆਗਰਾ ਸ਼ਹਿਰ ਨੂੰ ਘੇਰ ਲਿਆ।

ਇਬਰਾਹੀਮ ਲੋਧੀ ਤਾਂ ਪਹਿਲਾਂ ਹੀ ਪਾਣੀਪਤ ਦੀ ਲੜਾਈ ਵਿਚ ਮਾਰਿਆ ਗਿਆ ਸੀ, ਇਸ ਲਈ ਹਮਾਯੂੰ ਕਿਸੇ ਲੜਾਈ ਦਾ ਸਾਹਮਣਾ ਕੀਤਾ ਬਗੈਰ ਹੀ ਆਗਰੇ ਵਿਚ ਆਪਣੀਆਂ ਜੇਤੂ ਫੌਜਾਂ ਸਮੇਤ ਦਾਖਲ ਹੋ ਗਿਆ ਸੀ। ਜਦੋਂ ਆਗਰੇ ਦੇ ਕਿਲ੍ਹੇ ਅੰਦਰ ਸ਼ਹਿਜ਼ਾਦਾ ਹਮਾਯੂੰ ਆਪਣੀਆਂ ਜੇਤੂ ਫੌਜਾਂ ਨਾਲ ਦਾਖਲ ਹੋ ਗਿਆ ਸੀ ਤਾਂ ਉਸ ਨੂੰ ਬਹੁਤ ਸਾਰੇ ਹੀਰੇ ਜਵਾਹਰਾਤ, ਸ਼ਾਹੀ ਘਰਾਣੇ ਦੀਆਂ ਔਰਤਾਂ ਨੇ ਭੇਟਾ ਕਰ ਕੇ ਆਪਣੀ ਜ਼ਿੰਦਗੀ ਦੀ ਖ਼ੈਰ ਮੰਗੀ! ਇਥੇ ਹੀ ਸ਼ਾਹੀ ਘਰਾਣੇ ਦੀ ਇਕ ਬਜ਼ੁਰਗ ਔਰਤ ਨੇ ਇਕ ਡੱਬੀ ਫੜਾ ਕੇ ਆਪਣੀ ਜਾਨ ਬਖ਼ਸ਼ ਦੇਣ ਲਈ ਬੇਨਤੀ ਕੀਤੀ। ਜਦੋਂ ਸ਼ਹਿਜ਼ਾਦੇ ਨੇ ਡੱਬੀ ਖੋਹਲੀ ਤਾਂ ਸੰਸਾਰ ਦਾ ਬੇਮਿਸਾਲ ਅਤੇ ਵੱਡਮੁੱਲਾ 'ਕੋਹਿਨੂਰ ਹੀਰਾ' ਜਗਮਗਾਂਦਾ ਹੋਇਆ ਉਸ ਨੂੰ ਨਜ਼ਰੀਂ ਪਿਆ।

ਮੁਗਲਾਂ ਦੇ ਅਹਿਦ ਵਿਚ: ਬਾਬਰ ਦਿੱਲੀ ਵਿਚ ਫੌਜੀ ਪ੍ਰਬੰਧ ਸਥਾਪਤ ਕਰ ਕੇ 1526 ਵਿਚ ਆਗਰੇ ਪੁਜਿਆ। ਆਗਰੇ ਪੁਜਦਿਆਂ ਹੀ ਹਮਾਯੂੰ ਨੇ ਆਪਣੇ ਪਿਤਾ ਦੇ ਹਜ਼ੂਰ ਪੇਸ਼ ਹੁੰਦਿਆਂ ਇਹ ਕੋਹਿਨੂਰ ਹੀਰਾ 'ਪੇਸ਼ਕਸ਼' ਵਜੋਂ ਭੇਟਾ ਕੀਤਾ ਪਰ ਬਾਬਰ ਨੇ ਪ੍ਰਸੰਨ ਹੋ ਕੇ ਬੇਟੇ ਨੂੰ ਤੋਹਫੇ ਵਜੋਂ ਵਾਪਸ ਦੇ ਦਿੱਤਾ। ਹਮਾਯੂੰ ਦੇ ਹੱਥਾਂ ਵਿਚ ਆਉਣ ਤੋਂ ਪਹਿਲਾਂ ਇਸ ਹੀਰੇ ਦਾ ਇਤਿਹਾਸ ਕਲਮਬੰਦ ਹੋ ਚੁੱਕਾ ਸੀ। ਇਤਿਹਾਸ ਵਿਚ ਜਿਕਰ ਆਉਂਦਾ ਹੈ ਕਿ 1304 ਵਿਚ ਇਹ ਹੀਰਾ ਸੁਲਤਾਨ ਅਲਾਉਦੀਨ ਖਿਲਜੀ ਨੇ 'ਮਾਲਵਾ ਦੇ ਰਾਜੇ' ਕੋਲੋਂ ਪ੍ਰਾਪਤ ਕੀਤਾ ਸੀ। ਮੁਸਲਮਾਨ ਅਧਿਕਾਰੀਆਂ ਤੋਂ ਦੁਬਾਰਾ ਗਵਾਲੀਅਰ ਦੇ ਹਿੰਦੂ ਰਾਜਿਆਂ ਕੋਲ ਇਹ ਕਿਵੇਂ ਪੁੱਜਾ, ਇਸ ਬਾਰੇ ਇਤਿਹਾਸ ਖਾਮੋਸ਼ ਹੈ।

1526 ਦੀ ਪਾਣੀਪਤ ਦੀ ਪਹਿਲੀ ਲੜਾਈ ਤੋਂ ਬਾਅਦ ਹਿੰਦੁਸਤਾਨ ਵਿਚ ਮੁਗ਼ਲ ਰਾਜ ਅਤੇ ਸ਼ਕਤੀ ਸਥਾਪਤ ਹੋਣ ਮਗਰੋਂ ਇਹ 'ਕੋਹਿਨੂਰ ਹੀਰਾ' ਅਫ਼ਗਾਨ ਧਾੜਵੀ, ਕਾਬਲ

ਦੇ ਬਾਦਸ਼ਾਹ ਜ਼ਹੀਰ-ਉਲ-ਦੀਨ-ਮੁਹੰਮਦ ਬਾਬਰ ਕੋਲ ਆਇਆ। ਦੋ ਸ਼ਤਾਬਦੀਆਂ ਤਕ ਇਹ ਕੀਮਤੀ ਹੀਰਾ ਮੁਗਲ ਖਾਨਦਾਨਾਂ ਦੇ ਹਮਾਯੂੰ, ਅਕਬਰ, ਜਹਾਂਗੀਰ ਅਤੇ ਸ਼ਾਹ ਜਹਾਨ ਆਦਿ ਸ਼ਾਹੀ ਖਾਨਦਾਨ ਦੇ ਵਾਰਸਾਂ ਕੋਲ ਰਿਹਾ। ਤਵਾਰੀਖ ਵਿਚ ਇਹ ਵੀ ਜ਼ਿਕਰ ਆਇਆ ਹੈ ਕਿ ਸ਼ਾਹ ਜਹਾਨ ਦੀ ਬੇਗਮ 'ਮੁਮਤਾਜ਼' ਕੋਲ ਵੀ ਕੁੱਝ ਦੇਰ ਰਿਹਾ।

1739 ਵਿਚ ਪਰਸ਼ੀਆ ਦੇ ਮਸ਼ਹੂਰ ਧਾੜਵੀ ਨਾਦਰਸ਼ਾਹ ਨੇ ਦਿੱਲੀ ਨੂੰ ਤਬਾਹ ਕੀਤਾ ਤਾਂ ਉਸ ਨੇ ਔਰੰਗਜ਼ੇਬ ਦੇ ਕਮਜ਼ੋਰ ਵਾਰਸ ਮੁਹੰਮਦ ਸ਼ਾਹ ਤੋਂ ਸਾਰੇ ਹੀਰੇ-ਜਵਾਹਰਾਤ ਖੋਹ ਲਏ। ਉਨ੍ਹਾਂ ਵਿਚ 'ਕੋਹਿਨੂਰ ਹੀਰਾ' ਵੀ ਸੀ। ਨਾਦਰਸ਼ਾਹ ਇਸ ਨੂੰ ਆਪਣੇ ਨਾਲ ਅਫਗਾਨਿਸਤਾਨ ਲੈ ਗਿਆ। ਨਾਦਰਸ਼ਾਹ ਨੇ ਹੀ ਇਸ ਹੀਰੇ ਨੂੰ 'ਕੋਹਿਨੂਰ' ਆਖਿਆ ਜੋ ਸਭ ਤੋਂ ਵੱਧ ਪ੍ਰਮਾਣਿਕ ਨਾਂ ਹੈ ਜਿਸ ਨੂੰ ਬਾਬਰ ਅਤੇ ਟ੍ਰੈਵਰਨਿਰ ਨੇ ਹੋਰ ਨਾਂ ਦਿੱਤੇ ਸਨ। ਤਵਾਰੀਖ ਵਿਚ ਇਹ ਪਹਿਲੀ ਵਾਰ ਸੀ ਕਿ ਕਿਸੇ ਹੀਰੇ ਨੂੰ ਇਕ ਖਾਸ ਉਪਾਧੀ ਜਾਂ ਵਿਸ਼ੇਸ਼ਣ ਨਾਲ ਨਿਵਾਜਿਆ ਗਿਆ ਸੀ।

ਨਾਦਰਸ਼ਾਹ ਦੀ ਮੌਤ ਤੋਂ ਬਾਅਦ: ਨਾਦਰਸ਼ਾਹ ਨੂੰ 1747 ਵਿਚ ਫ਼ਤਿਹਬਾਦ (ਖੁਰਾਸਨ) ਵਿਚ ਕਤਲ ਕਰ ਦਿੱਤਾ ਗਿਆ। ਉਸ ਦੇ ਕਤਲ ਮਗਰੋਂ ਤਖ਼ਤ ਤੇ ਉਸ ਦੇ ਭਤੀਜੇ ਅਲੀ-ਕੁਲੀ-ਖਾਨ (ਜਾਂ ਅਲੀ ਸ਼ਾਹ)ਨੂੰ ਬਿਠਾਇਆ ਗਿਆ, ਜਿਸ ਨੂੰ ਇਹ ਹੀਰਾ ਪ੍ਰਾਪਤ ਹੋਇਆ। ਅਲੀ ਸ਼ਾਹ ਨੂੰ ਬਾਅਦ ਵਿਚ ਅੰਨ੍ਹਾ ਕਰ ਕੇ ਮੌਤ ਦੇ ਘਾਟ ਉਤਾਰਿਆ ਗਿਆ ਅਤੇ ਇਸ ਤਰ੍ਹਾਂ ਇਹ 'ਹੀਰਾ' ਉਸ ਦੇ ਜਾਨਸ਼ੀਨ ਸ਼ਾਹ ਰੁਖ ਨੂੰ ਬਾਅਦ ਵਿਚ ਆਗਾ ਮੁਹੰਮਦ ਨੇ ਬੰਦੀ ਬਣਾ ਕੇ ਖੂਬ ਸਰੀਰਕ ਕਸ਼ਟ ਦਿੱਤੇ ਅਤੇ 'ਕੋਹਿਨੂਰ ਹੀਰੇ' ਦੀ ਮੰਗ ਕੀਤੀ। ਸ਼ਾਹ ਰੁਖ ਮਿਰਜ਼ਾ ਨੇ 1751 ਵਿਚ ਇਹ ਕੀਮਤੀ ਹੀਰਾ ਅਹਿਮਦ ਸ਼ਾਹ ਦੁਰਾਨੀ ਨੂੰ ਉਸ ਦੀਆਂ ਸੇਵਾਵਾਂ ਬਦਲੇ ਭੇਟਾ ਕੀਤਾ। ਅਹਿਮਦ ਸ਼ਾਹ ਦੀ ਮੌਤ ਬਾਅਦ ਉਸ ਦੇ ਪੁੱਤਰ ਅਤੇ ਜਾਨਸ਼ੀਨ ਤੈਮੂਰਸ਼ਾਹ ਕੋਲ ਆਇਆ। 1793 ਵਿਚ ਤੈਮੂਰਸ਼ਾਹ ਦੀ ਮੌਤ ਹੋਈ ਅਤੇ ਇਹ ਹੀਰਾ ਉਸ ਦੇ ਵੱਡੇ ਬੇਟੇ ਸ਼ਾਹ ਜ਼ਮਾਨ ਦੇ ਹੱਥ ਆਇਆ। ਸ਼ਾਹ ਮਹਿਮੂਦ ਨੇ ਇਸ ਹੀਰੇ ਨੂੰ ਹਾਸਲ ਕਰਨ ਲਈ ਆਪਣੇ ਭਰਾ ਸ਼ਾਹ ਜ਼ਮਾਨ ਨੂੰ ਅੰਨ੍ਹਾ ਕਰ ਕੇ ਰਾਜ-ਗੱਦੀ ਤੋਂ ਵਾਂਝਿਆਂ ਕੀਤਾ ਪਰ ਉਸ ਨੇ ਹੀਰਾ ਆਪਣੇ ਕੋਲ ਹੀ ਸੁਰੱਖਿਅਤ ਰਖਿਆ। ਫਿਰ ਇਹ ਕੀਮਤੀ ਹੀਰਾ ਉਸ ਦੇ ਤੀਜੇ ਭਰਾ ਸ਼ਾਹ ਸ਼ੁਜਾਹ ਕੋਲ ਪੁੱਜਾ।

ਹੀਰੇ ਦਾ ਵਜ਼ਨ: ਕਈ ਸਦੀਆਂ ਅਨੇਕਾਂ ਰਾਜਿਆਂ ਮਹਾਰਾਜਿਆਂ, ਵਿਦੇਸ਼ੀ ਹਮਲਾਵਰਾਂ ਅਤੇ ਸ਼ਹਿਨਸ਼ਾਹਾਂ ਦੇ ਹੱਥਾਂ ਵਿਚੋਂ ਗੁਜ਼ਰਨ ਤੋਂ ਪਹਿਲਾਂ ਇਸ ਹੀਰੇ ਦਾ ਵਜ਼ਨ 1000 ਕੈਰੇਟ ਸੀ। 1665 ਵਿਚ ਫ਼ਰਾਂਸ ਦੇ ਸੌਦਾਗਰ ਅਤੇ ਜੋਹਰੀ ਟ੍ਰੈਵਰਨਿਰ ਨੇ ਇਸ ਦਾ ਵਜ਼ਨ 279/9/16 ਕੈਰੇਟ ਕੀਤਾ ਸੀ। ਇਹ ਵਜ਼ਨ ਬਾਦਸ਼ਾਹ ਔਰੰਗਜ਼ੇਬ ਦੇ ਸਾਹਮਣੇ ਕੀਤਾ ਗਿਆ ਸੀ। ਟ੍ਰੈਵਰਨਿਰ ਨੇ ਇਸ ਹੀਰੇ ਨੂੰ 'ਦੀ ਗ੍ਰੇਟ ਮੁਗਲ ਡਾਇਮੰਡ' ਦਾ ਨਾਂ ਦਿੱਤਾ। ਕਦੀ ਇਸ ਨੂੰ 'ਮੈਚਲੈਸ' ਜਾਂ 'ਬਾਬਰ ਡਾਇਮੰਡ' ਵੀ ਆਖਿਆ ਜਾਂਦਾ ਰਿਹਾ ਹੈ ਜਿਸ ਦਾ ਜ਼ਿਕਰ 'ਤੌਜ਼ਕੇ-ਬਾਬਰੀ' ਵਿਚ ਵੀ ਆਇਆ ਹੈ।

1852 ਵਿਚ ਇਸ ਹੀਰੇ ਨੂੰ ਲੰਡਨ ਵਿਚ ਦੁਬਾਰਾ ਕਟਿਆ ਗਿਆ। ਇਸ ਦੇ ਕੱਟਣ ਦੀ ਕੀਮਤ 8,000 ਪੌਂਡ ਅਦਾ ਕੀਤੀ ਗਈ। ਐਮਸਟਰਡਮ ਤੋਂ ਇਕ ਪ੍ਰਸਿੱਧ ਹੀਰਾ ਤਰਾਸ਼ ਵੂਰਸਾਂਗਰ ਨੂੰ ਇਸ ਕਾਰਜ ਲਈ ਬੁਲਾਇਆ ਗਿਆ ਜਿਸ ਨੇ ਇਸ ਨੂੰ ਤਰਾਸ਼ਣ ਲਈ 38 ਦਿਨ ਲਾਏ ਅਤੇ ਇਹ ਹੀਰਾ 106/1/16 ਕੈਰੇਟ ਦਾ ਰਹਿ ਗਿਆ। ਲੰਡਨ ਦੇ ਇਕ ਜੋਹਰੀ

ਗੇਰਾਲਡ ਨੇ 186 ਕੇਰੇਟ ਤੋਂ ਤਰਾਸ਼ ਕੇ ਅਜੋਕਾ 108.93 ਕੈਰੇਟ ਵਾਲਾ ਕੋਹਿਨੂਰ ਹੀਰਾ ਮੂਰਤੀਮਾਨ ਕੀਤਾ।

ਸਿੱਖਾਂ ਕੋਲ ਕਿਵੇਂ ਆਇਆ: ਜਦੋਂ ਸਤਿਗੁਰੂ ਦੀ ਕ੍ਰਿਪਾ ਦੁਆਰਾ ਖਾਲਸਾ ਪੰਥ ਦੀ ਲਗਾਤਾਰ ਜਦੋਜਹਿਦ ਰਾਹੀਂ 'ਸਰਕਾਰ-ਏ-ਖਾਲਸਾ' ਪੰਜਾਬ ਵਿਚ ਸਥਾਪਤ ਹੋਈ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨਿਸਤਾਨ ਦੇ ਸ਼ਹਿਰ ਕਾਬੁਲ ਕੰਧਾਰ ਆਦਿ ਨੂੰ ਵੀ ਆਪਣੇ ਅਧੀਨ ਕਰ ਲਿਆ! ਅਹਿਮਦਸ਼ਾਹ ਦੁਰਾਨੀ ਦੇ ਵਾਰਸ ਸ਼ਾਹ-ਸ਼ੁਜਾਹ ਨੇ ਈਨ ਮੰਨ ਲਈ। ਇਸ ਸਾਬਕਾ ਬਾਦਸ਼ਾਹ ਕਾਬੁਲ ਨੂੰ ਦੀਵਾਨ ਮੁਹਕਮ ਚੰਦ ਮਾਰਚ 1813 ਵਿਚ ਲਾਹੌਰ ਲੈ ਆਇਆ। ਉਸ ਦੇ ਰੁਤਬੇ ਕਾਰਨ ਕੰਵਰ ਖੜਕ ਸਿੰਘ ਨੂੰ ਸ਼ਾਹਦਰੇ ਉਸ ਦੇ ਸਵਾਗਤ ਲਈ ਭੇਜਿਆ ਗਿਆ।

ਲਾਹੌਰ ਵਿਚ ਮੁਬਾਰਕ ਹਵੇਲੀ ਸ਼ਾਹ ਸ਼ੁਜਾਹ ਲਈ ਰਾਖਵੀਂ ਰੱਖੀ ਗਈ। ਪਹਿਲਾਂ ਸ਼ਾਹ ਨਾਂਹ-ਨੁੱਕਰ ਕਰਦਾ ਰਿਹਾ ਪਰ ਉਸ ਦੀ ਬੇਗਮ 'ਵਫ਼ਾ-ਬੇਗਮ' ਨੇ ਇਹ ਕੀਮਤੀ ਹੀਰਾ ਦੇਣ ਲਈ ਇਕਰਾਰ ਕੀਤਾ। ਕੁੱਝ ਸਮੇਂ ਫਿਰ ਸ਼ਾਹ ਨੇ ਹੀਰਾ ਦੇਣ ਤੋਂ ਘੇਸਲ ਮਾਰ ਛੱਡੀ। ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸ਼ੁਜਾਹ ਨੂੰ ਕਈ ਤਕਲੀਫ਼ਾ ਦਿੱਤੀਆਂ ਅਤੇ ਉਸ ਨੂੰ ਚਿਤਾਵਨੀ ਦਿੱਤੀ ਕਿ ਪ੍ਰਵਾਰ ਨਾਲੋਂ ਵੱਖ ਕਰ ਕੇ ਅੰਮ੍ਰਿਤਸਰ ਤੋਂ ਗੋਬਿੰਦਗੜ੍ਹ ਕਿਲ੍ਹੇ ਵਿਚ ਕੈਦ ਕਰ ਦਿੱਤਾ ਜਾਵੇਗਾ। ਸ਼ਾਹ ਸ਼ੁਜਾਹ ਦੀ ਬੇਗਮ ਨੇ ਆਪਣੇ ਪਤੀ ਦੀ ਜ਼ਿੰਦਗੀ ਬਦਲੇ ਮਹਾਰਾਜਾ ਨੂੰ ਕੋਹਿਨੂਰ ਹੀਰਾ ਦੇਣ ਦਾ ਬਚਨ ਦਿੱਤਾ ਸੀ।

ਪਹਿਲੀ ਜੂਨ, 1813 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਭਾਈ ਗੁਰਮੁਖ ਸਿੰਘ, ਫ਼ਕੀਰ ਅਜ਼ੀਜ਼ੁ-ਦੀਨ ਅਤੇ ਜਮਾਦਾਰ ਖੁਸ਼ਹਾਲ ਸਿੰਹ ਨੂੰ ਸ਼ਾਹ ਸ਼ੁਜਾਹ ਕੋਲ ਇਹ ਨਾਯਾਬ ਹੀਰਾ ਲਿਆਉਣ ਲਈ ਭੇਜਿਆ। ਸ਼ਾਹ ਨੇ ਤਿੰਨਾਂ ਨੂੰ ਇਹ ਕਹਿ ਕੇ ਵਾਪਸ ਮੋੜ ਦਿੱਤਾ ਕਿ ਮਹਾਰਾਜਾ ਆਪ ਆ ਕੇ ਹੀਰਾ ਲਵੇ। ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਖਬਰ ਮਿਲੀ ਤਾਂ ਉਸ ਨੇ ਖੁਸ਼ੀ-ਖੁਸ਼ੀ ਘੋੜ ਸਵਾਰ ਹੋ ਕੇ, ਆਪਣੀਆਂ ਫੌਜਾਂ ਸਮੇਤ, ਇਕ ਹਜ਼ਾਰ ਰੁਪਿਆ ਨਕਦ ਚੁੱਕ ਕੇ ਮੁਬਾਰਕ ਹਵੇਲੀ ਵਲ ਕੂਚ ਕੀਤਾ। ਅਫ਼ਗਾਨੀ ਸ਼ਹਿਨਸ਼ਾਹ ਨੇ ਮਹਾਰਾਜਾ ਰਣਜੀਤ ਸਿੰਘ ਦਾ ਖੂਬ ਸਤਿਕਾਰ ਕੀਤਾ ਅਤੇ ਖੁਸ਼ ਆਮਦੀਦ ਆਖੀ। ਇਕ ਘੰਟਾ ਦੋਹਾਂ ਵਿਚਕਾਰ ਵਿਚਾਰਾਂ ਹੁੰਦੀਆਂ ਰਹੀਆਂ। ਆਖਰ ਸ਼ਾਹ ਨੇ 'ਕੋਹਿਨੂਰ ਹੀਰਾ' ਲਿਆ ਕੇ ਮਹਾਰਾਜਾ ਰਣਜੀਤ ਸਿੰਘ ਦੇ ਅੱਗੇ ਰਖਿਆ। ਆਪਸੀ ਦੋਸਤੀ ਦਾ ਐਲਾਨ ਕੀਤਾ ਗਿਆ। ਮਹਾਰਾਜਾ ਸਾਹਿਬ ਨੇ ਸ਼ਾਹ ਨੂੰ ਇਸ ਦੀ ਕੀਮਤ ਪੁੱਛੀ ਤਾਂ ਸ਼ਾਹ ਨੇ ਆਖਿਆ, "ਇਸ ਦੀ ਕੀਮਤ ਲਾਠੀ ਹੈ। ਮੇਰੇ ਪੁਰਖਿਆਂ ਨੇ ਇਸ ਨੂੰ ਇਸੇ ਤਰ੍ਹਾਂ ਹਾਸਲ ਕੀਤਾ ਸੀ। ਤੁਸਾਂ ਇਸ ਨੂੰ ਮਰੇ ਤੋਂ ਘਸੁੰਨਾਂ-ਮੁੱਕਿਆਂ ਨਾਲ ਹਾਸਲ ਕੀਤਾ ਹੈ। ਜਦੋਂ ਤੁਹਾਡੇ ਤੋਂ ਵੀ ਤਾਕਤਵਰ ਰਾਜ ਆਇਆ, ਉਹ ਵੀ ਇਸੇ ਢੰਗ-ਤਰੀਕੇ ਨਾਲ ਤੁਹਾਡੇ ਤੋਂ ਲੈ ਲਵੇਗਾ।" ਮਹਾਰਾਜਾ ਇਹ ਸੁਣ ਕੇ ਨਿਰਾਸ਼ ਨਹੀਂ ਹੋਇਆ ਅਤੇ 'ਕੋਹਿਨੂਰ ਹੀਰਾ' ਆਪਣੀ ਜੇਬ ਵਿਚ ਪਾ ਕੇ ਚਲਾ ਗਿਆ। ਮਹਾਰਾਜਾ ਨੇ ਸ਼ਾਹੀ ਮਹਿਲਾਂ ਵਿਚ ਪੁੱਜ ਕੇ ਇਕ ਵੱਡਾ ਦਰਬਾਰ ਬੁਲਾਇਆ ਅਤੇ ਇਸ ਵੱਡਮੁੱਲੇ ਹੀਰੇ ਦੀ ਪ੍ਰਾਪਤੀ ਦੀ ਖੁਸ਼ੀ ਵਿਚ ਸਾਰਾ ਸ਼ਹਿਰ ਰੌਸ਼ਨੀਆਂ ਨਾਲ ਰੋਸ਼ਨ ਕੀਤਾ ਗਿਆ। ਮਹਾਰਾਜਾ ਇਸ ਹੀਰੇ ਨੂੰ ਦੋ ਹੋਰ ਕੀਮਤੀ ਹੀਰਿਆਂ ਨਾਲ ਜੜ ਕੇ ਖਾਸ ਮੌਕਿਆਂ ਤੇ ਆਪਣੀ ਬਾਂਹ ਨਾਲ ਬੰਨ੍ਹਦਾ ਸੀ।

ਇਹ ਹੀਰਾ ਲਾਹੌਰ ਦੇ ਸ਼ਾਹੀ ਖਜ਼ਾਨੇ ਵਿੱਚ 1849 ਤੱਕ ਰਿਹਾ। ਮਹਾਰਾਜਾ ਰਣਜੀਤ

ਸਿੰਘ ਦੀ ਮੌਤ ਤੋਂ ਬਾਅਦ ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਨੂੰ ਜਦੋਂ ਇਕ ਖਾਸ ਸਾਜ਼ਿਸ਼ ਤਹਿਤ ਗੂੜ੍ਹੀ ਨੀਂਦ ਸੁਆ ਦਿੱਤਾ ਗਿਆ ਤਾਂ ਚੰਦ ਕੌਰ ਦੇ ਦਾਅਵੇ ਇਕ ਪਾਸੇ ਰੱਖ ਕੇ, ਸ਼ੇਰ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਬਣਾਇਆ ਗਿਆ ਤੇ ਇਹ ਨਾਯਾਬ ਤੋਹਫਾ ਉਸ ਦੇ ਹੱਥ ਆਇਆ।

ਇੰਗਲੈਂਡ ਵਿਚ ਪੁੱਜਣਾ: ਜਦੋਂ ਅੰਗਰੇਜ਼ਾਂ ਨੇ ਆਪਣੇ ਸਾਮਰਾਜ ਵਿੱਚ ਖਾਸ ਸਾਜ਼ਿਸ਼ਾਂ ਤਹਿਤ ਪੰਜਾਬ ਨੂੰ ਮਿਲਾਉਣ ਦਾ ਸਫਲ ਕੂਟ-ਨੀਤੀ ਵੇਤਾ ਕਾਰਜ ਕੀਤਾ ਤਾਂ ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ 18 ਵਰ੍ਹੇ ਦਾ ਹੋਣ ਤੇ ਲਾਹੌਰ ਦਾ ਮਹਾਰਾਜਾ ਬਣਾਉਣ ਦਾ ਬਹਾਨਾ ਵੀ ਕੀਤਾ ਗਿਆ। ਉਸ ਸਮੇਂ ਲਾਹੌਰ ਦੇ ਸ਼ਾਹੀ ਖਜ਼ਾਨੇ ਦੇ ਰੂਬਰੂ ਮਹਾਰਾਜਾ ਦਲੀਪ ਸਿੰਘ ਨੂੰ ਧੋਖੇਬਾਜ਼ੀ ਨਾਲ ਅੰਗਰੇਜ਼ ਇੰਗਲੈਂਡ ਲੈ ਗਏ। ਲਾਹੌਰ ਦੇ ਸਿੱਖ ਦਰਬਾਰ ਵਿੱਚ ਕੋਹਿਨੂਰ ਹੀਰਾ, ਤਖ਼ਤ-ਕੁਰਸੀ ਅਤੇ ਸਿੱਖ ਰਾਜ ਸਬੰਧਤ ਅਨੇਕਾਂ ਕਲਾਕ੍ਰਿਤੀਆਂ ਵੀ ਇੰਗਲੈਂਡ ਪੁੱਜੀਆਂ। ਇੰਗਲੈਂਡ ਪੁੱਜਣ ਤੋਂ ਪਹਿਲਾਂ ਇਹ ਸਾਰਾ ਖਜ਼ਾਨਾ ਗਵਰਨਰ ਜਨਰਲ 1850 ਵਿੱਚ ਬੰਬਈ ਲੈ ਗਿਆ ਜਿੱਥੇ ਉਸ ਨੇ ਲੈਟ. ਕਰਨਲ ਸੀ.ਬੀ. ਮੇਕਸਨ ਅਤੇ ਕੈਪਟਨ ਰਾਮਸੇ ਦੇ ਹਵਾਲੇ ਕੀਤਾ ਜਿੱਥੋਂ ਉਹ ਯੂਰਪ ਲੈ ਗਏ। ਯੂਰਪ ਪੁੱਜ ਕੇ ਉਨ੍ਹਾਂ ਇਹ ਸਿੱਖ ਖਜ਼ਾਨਾ ਬੋਰਡ ਆਫ ਡਾਇਰੈਕਟਰਜ਼ ਦੇ ਹਵਾਲੇ ਕੀਤਾ ਅਤੇ ਆਖਰ ਉਨ੍ਹਾਂ 3 ਜੁਲਾਈ 1850 ਨੂੰ ਇਹ ਦੁਨੀਆਂ ਦਾ ਕੀਮਤੀ ਹੀਰਾ 'ਮਹਾਰਾਣੀ' ਨੂੰ ਭੇਟ ਕੀਤਾ। ਪਹਿਲੀ ਵੇਰ 1851 ਵਿੱਚ ਲੰਡਨ ਵਿੱਚ ਹੋਈ ਪਹਿਲੀ ਵੱਡੀ ਪ੍ਰਦਰਸ਼ਨੀ ਵਿੱਚ ਇਸ ਨੂੰ ਪ੍ਰਦਰਸ਼ਤ ਕੀਤਾ ਗਿਆ ਸੀ।

ਇਸ ਸਮੇਂ ਕਿੱਥੇ ਹੈ: ਇਹ ਹੀਰਾ ਪਹਿਲਾਂ ਬਰਤਾਨੀਆ ਦੀ ਰਾਣੀ ਮੇਰੀ ਦੀ ਸ਼ਾਹੀ ਤਕਤਪੋਸ਼ੀ ਲਈ ਤਿਆਰ ਕੀਤਾ ਗਿਆ ਸੀ। ਦੁਬਾਰਾ 1937 ਵਿੱਚ ਜਾਰਜ ਛੇਵੇਂ ਦੀ ਤਾਜਪੋਸ਼ੀ ਸਮੇਂ ਇਸ ਹੀਰੇ ਨੂੰ 2800 ਹੋਰ ਹੀਰਿਆਂ ਨਾਲ ਅਜੋਕੀ ਮਲਕਾ ਐਲਿਜ਼ਾਬੈਥ (ਦੂਜੀ) ਦੀ ਮਾਂ, ਰਾਜਮਾਤਾ ਐਲਿਜ਼ਬੈਥ ਦੇ ਸ਼ਾਹੀ ਤਾਜ ਵਿੱਚ ਜੜਿਆ ਗਿਆ। ਅੱਜ-ਕੱਲ੍ਹ ਇੰਗਲੈਂਡ ਦੇ 'ਟਾਵਰ ਆਫ ਲੰਡਨ' ਵਿੱਚ ਸਖਤ ਹਿਫਾਜ਼ਤ ਅਧੀਨ ਪ੍ਰਦਰਸ਼ਨ ਹੈ। ਇਸ ਹੀਰੇ ਦੇ ਆਸ-ਪਾਸ ਸ਼ਾਹੀ ਘਰਾਣੇ ਦੇ ਹੋਰ ਸ਼ਾਹੀ ਤਾਜ ਵੀ ਰੱਖੇ ਗਏ ਹਨ। ਕੁਝ ਵਰ੍ਹੇ ਪਹਿਲਾਂ ਇਸ ਕੀਮਤੀ ਹੀਰੇ ਨੂੰ 'ਕਰਿਸਟਲ ਮਹੱਲ' ਵਿੱਚ ਪ੍ਰਦਰਸ਼ਤ ਕੀਤਾ ਗਿਆ ਸੀ। ਇਸ ਹੀਰੇ ਨੂੰ 2800 ਛੋਟੇ-ਛੋਟੇ ਹੀਰਿਆਂ ਦੇ ਕੇਂਦਰ ਵਿੱਚ ਜੜ ਕੇ ਰੱਖਿਆ ਗਿਆ ਹੈ ਤੇ ਇਸ ਦੀ ਖਾਸ ਅਤੇ ਪ੍ਰਭਾਵਸ਼ਾਲੀ ਅਕਾਸੀ ਦਿਲਫਰੇਬ ਨਜ਼ਾਰਾ ਪੇਸ਼ ਕਰਦੀ ਹੈ।

ਵਾਪਸੀ ਦੀ ਮੰਗ: ਬਰਤਾਨਵੀ ਸਰਕਾਰ ਕੋਲ ਸਮੇਂ-ਸਮੇਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਸ ਕੋਹਿਨੂਰ ਹੀਰੇ, ਸ਼ਾਹੀ ਸਿੱਖ ਖਜ਼ਾਨੇ ਅਤੇ ਹੋਰ ਕਲਾ ਕ੍ਰਿਤੀਆਂ ਦੀ ਵਾਪਸੀ ਦੀ ਮੰਗ ਹੁੰਦੀ ਰਹਿੰਦੀ ਹੈ। ਪਿਛਲੇ ਕੁਝ ਵਰ੍ਹਿਆਂ ਵਿੱਚ ਭਾਰਤ ਦਾ ਸੰਸਦ ਮੈਂਬਰਾਂ ਨੇ ਵੀ ਇਸ ਅਹਿਮ ਸਿੱਖ ਖਜ਼ਾਨੇ ਨੂੰ ਵਾਪਸ ਕਰਨ ਦੀ ਮੰਗ ਰੱਖੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਤਾਜਪੋਸ਼ੀ ਦੇ 200 ਸਾਲਾ ਦਿਵਸ 'ਤੇ ਇਹ ਨੁਕਤਾ ਹੋਰ ਵੀ ਸੁਚੱਜੇ ਢੰਗ ਨਾਲ ਅਖਬਾਰਾਂ ਦੀ ਜ਼ੀਨਤ ਬਣਿਆ ਹੈ ਪਰ ਬਰਤਾਨਵੀ ਸਰਕਰ ਇਸ ਖਜ਼ਾਨੇ ਨੂੰ ਵਾਪਸ ਕਰਨ ਦੀ ਮੰਗ 'ਤੇ ਘੇਸਲ ਮਾਰ ਛੱਡਣ ਦੀ ਉਸਤਾਦੀ ਵਰਤ ਜਾਂਦੀ ਹੈ।

* * *

ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਸਮਕਾਲੀ ਇਤਿਹਾਸਕ ਸ੍ਰੋਤ: ਦਬਿਸਤਾਨੇ-ਮੁਜ਼ਾਹਿਬ

ਸ੍ਰੋਤਾਂ ਦੀ ਆਮ ਤੌਰ 'ਤੇ ਦੋ ਅੱਡ ਅੱਡ ਧਾਰਾਂ ਵਿੱਚ ਵੰਡ ਕੀਤੀ ਜਾਂਦੀ ਹੈ। ਇੱਕ ਧਾਰਾ 'ਮੌਖਿਕ' (ਜ਼ਬਾਨੀ-ਕਲਾਮੀ) ਅਤੇ 'ਦੂਜੀ ਲਿਖਤੀ' ਵਰਨਣ ਯੋਗ ਹੈ। ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਸਮਕਾਲੀ ਸ੍ਰੋਤਾਂ ਦੀ ਗਿਣਤੀ ਨਾ-ਮਾਤਰ ਹੈ। 'ਗੁਰੂ ਗ੍ਰੰਥ ਸਾਹਿਬ' ਵਿੱਚ ਜ਼ਿਕਰ ਆਉਂਦਾ ਹੈ ਕਿ ਕਿਵੇਂ ਦੋਖੀਆਂ ਨੇ ਬਾਲਕ ਹਰਿਗੋਬਿੰਦ ਉੱਤੇ ਹਮਲੇ ਕੀਤੇ, ਚੰਦੂ ਅਤੇ ਪ੍ਰਿਥੀਏ ਦੀਆਂ ਜ਼ਿਆਦਤੀਆਂ ਦੀ ਤਸਵੀਰ ਮੌਜੂਦ ਹੈ। ਇਹ ਹੀ ਗੁਰੂ ਹਰਿਗੋਬਿੰਦ ਸਾਹਿਬ ਦਾ ਪਹਿਲਾ ਇਤਿਹਾਸਕ ਸ੍ਰੋਤ ਆਖਿਆ ਜਾ ਸਕਦਾ ਹੈ। ਗੁਰੂ ਸਾਹਿਬ ਬਾਰੇ ਦੂਜਾ ਸ੍ਰੋਤ ਭਾਈ ਗੁਰਦਾਸ ਜੀ ਦੀ ਰਚਨਾ ਹੈ ਜਿਸ ਨੂੰ 'ਗੁਰਬਾਣੀ ਦੀ ਕੁੰਜੀ' ਦਾ ਰੁਤਬਾ ਹਾਸਿਲ ਹੈ।

ਤੀਜਾ ਪ੍ਰਮੁੱਖ ਸ੍ਰੋਤ ਸਮਕਾਲੀ 'ਦਾਬਿਸਤਾਨੇ ਮੁਜ਼ਾਹਿਬ' ਦਾ ਹੈ ਜੋ ਫ਼ਾਰਸੀ ਦੀ ਪਹਿਲੀ ਹੱਥ-ਲਿਖਤ (ਬਾਅਦ ਵਿੱਚ ਪ੍ਰਕਾਸ਼ਿਤ) ਹੈ ਜੋ ਇੱਕ ਗੈਰ-ਸਿੱਖ ਨੇ ਲਿੱਖੀ ਹੈ। ਇਸ ਵਿੱਚ ਸਿੱਖਾਂ ਬਾਰੇ ਕਈ ਬੁਨਿਆਦੀ ਅਸੂਲਾਂ ਦੇ ਰੂਬਰੂ ਇਤਿਹਾਸ ਦਾ ਜ਼ਿਕਰ ਕੀਤਾ ਗਿਆ ਹੈ। ਦਾਬਿਸਤਾਨੇ ਮੁਜ਼ਾਹਿਬ (ਭਾਵ: ਧਰਮਾਂ ਦਾ ਸਕੂਲ) ਬਾਰਾਂ ਖੰਡਾ ਵਿੱਚ ਵੰਡੀ ਹੋਈ ਹੈ ਜਿਸ ਵਿੱਚ ਬਹੁਤ ਸਾਰੇ ਧਰਮਾਂ ਦੀ ਫ਼ਿਲਾਸਫ਼ੀ ਅਤੇ ਇਤਿਹਾਸ ਦਾ ਵਰਣਨ ਮਿਲਦਾ ਹੈ ਜੋ 17ਵੀਂ ਸਦੀ ਵਿੱਚੋਂ ਉਪਮਹਾਂਦੀਪ ਵਿੱਚ ਪ੍ਰਚਿਲੱਤ ਸਨ। ਇਸ ਕਿਤਾਬ ਵਿੱਚ ਚੋਦਾਂ ਧਰਮਾਂ ਅਤੇ ਫ਼ਿਰਕਿਆਂ ਦੀ ਭੂਮਿਕਾ ਅਤੇ ਪ੍ਰਮੁੱਖ ਪਹਿਲੂ ਦਰਜ ਮਿਲਦੇ ਹਨ ਜਿਵੇਂ ਪਾਰਸੀ, ਹਿੰਦੂ ਤਿੱਬਤੀ, ਯਹੂਦੀ, ਨਾਨਕਪੰਥੀ (ਸਿੱਖ), ਮੁਸਲਮਾਨ, ਸਾਂਚਕੀਆ, ਬੋਧੀਆਂ, ਰੋਸ਼ਨੀਆਂ, ਇਲਾਹੀਆਂ, ਹਕੀਮਾਂ, ਸੂਫ਼ੀਆਂ, ਕਬੀਰ ਪੰਥੀਆਂ ਆਦਿ।

ਬਹੁਤ ਸਾਰੇ ਵਿਦਵਾਨ ਲੇਖਕਾਂ ਨੇ ਆਪਣੀਆਂ ਲਿਖਤਾਂ ਵਿੱਚ 'ਦਬਿਸਤਾਨੇ-ਮੁਜ਼ਾਹਿਬ' ਦਾ ਲੇਖਕ ਮੁਲਾ ਮੋਹਸਨ ਫ਼ਾਨੀ ਕਸ਼ਮੀਰੀ[1] ਲਿਖਿਆ ਹੈ। ਪਰ ਜਦੋਂ ਇਸ ਕਿਤਾਬ ਦਾ ਅਧਿਐਨ ਕਰਦੇ ਹਾਂ ਤਾਂ ਇਸ ਦਾ ਲੇਖਕ ਮੁਹਸਨ ਫ਼ਾਨੀ ਨਹੀਂ ਕਿਹਾ ਜਾ ਸਕਦਾ। ਬਹੁਤ ਸਾਰੇ ਜੀਵਨੀ ਲੇਖਕਾਂ ਨੇ ਫ਼ਾਨੀ ਦਾ ਜ਼ਿਕਰ ਕੀਤਾ ਹੈ ਪਰ ਕਿਸੇ ਇੱਕ ਇਤਿਹਾਸਕਾਰ ਨੇ ਦਬਿਸਤਾਨ ਦੇ ਲੇਖਕ[2] ਉਸ ਨੂੰ ਨਹੀਂ ਮੰਨਿਆ।

'ਦਬਿਸਤਾਨੇ-ਮੁਜ਼ਾਹਿਬ' ਦਾ ਮੋਹਸਨ ਫ਼ਾਨੀ ਕਸ਼ਮੀਰੀ ਨਾਲ ਨੇੜੇ ਦਾ ਸੰਬੰਧ ਵੀ ਨਹੀਂ ਸੀ। ਇਸ ਦਲੀਲ ਦੇ ਬਹੁਤ ਸਾਰੇ ਕਾਰਨ ਹਨ। ਫ਼ਾਨੀ ਦੀ ਵਾਰਤਕ ਵਨੰਗੀ ਦਬਿਸਤਾਨ ਤੋਂ ਬਿਲਕੁੱਲ ਵੱਖ ਹੈ। ਦਬਿਸਤਾਨ ਦੇ 395 ਸਫ਼ੇ ਹਨ ਜਿਨ੍ਹਾਂ ਵਿੱਚੋਂ 134 ਸਫ਼ੇ ਕੇਵਲ ਇਰਾਨ ਦੇ ਧਾਰਮਿਕ ਫ਼ਿਰਕਿਆਂ ਬਾਰੇ ਹਨ ਜਿਨ੍ਹਾਂ 'ਚ ਵਿਸ਼ੇਸ਼ ਥਾਂ ਪਾਰਸੀ ਅਤੇ

ਸਾਪਾਸੀ ਲਈ ਰਾਖਵੀਂ ਰੱਖੀ ਗਈ ਹੈ। ਇਸਲਾਮ ਬਾਰੇ ਕੇਵਲ 38 ਪੰਨੇ ਰਾਖਵੇਂ ਰੱਖੇ ਗਏ ਹਨ ਜਿਸ ਦੀ ਜਾਣਕਾਰੀ ਦੂਜੇ ਸੋਮਿਆਂ ਤੋਂ ਇੱਕਤਰ ਕੀਤੀ ਗਈ ਹੈ ਅਤੇ ਘੱਟ ਮਹੱਤਵ ਵਾਲੀ ਹੈ।

ਪ੍ਰਮੁੱਖ ਕਾਰਣ ਜੋ ਤਵਾਰੀਖ਼ ਵਿੱਚ ਘਰ ਕਰ ਗਏ ਹਨ ਉਹ ਇਹ ਕਿ ਮੁਹਸਨ ਫ਼ਾਨੀ 'ਦਬਿਸਤਾਨ'[3] ਦਾ ਲੇਖਕ ਹੈ ਕਿਉਂਕਿ ਬਹੁਤਿਆਂ 'ਦਬਿਸਤਾਨ' ਦੀਆਂ ਹੱਥ ਲਿਖਤਾਂ ਵਿੱਚ ਸ਼ੁਰੂ 'ਚ ਇੰਝ ਲਿਖਿਆ ਮਿਲਦਾ ਹੈ, "ਮੋਹਸਨ ਫ਼ਾਨੀ ਨੇ ਕਿਹਾ' ਅਤੇ ਉਸ ਤੋਂ ਬਾਅਦ ਉਸ ਦੇ ਦੋ ਬੈਂਤ ਦਰਜ ਹਨ। ਇਸ ਨੁਕਤੇ ਨੂੰ ਸਪਸ਼ਟ ਕਰਦਿਆਂ ਹੋਇਆਂ ਮੁੱਲਾਂ ਫਿਰੋਜ਼ ਵਿਦਵਾਨ ਨੇ ਲਿਖਿਆ, "ਇੱਕ ਲਾਪਰਵਾਹ ਜਾਂ ਅਗਿਆਨੀ ਪੜ੍ਹਾਕੂ ਨੇ ਇਨ੍ਹਾਂ ਸ਼ਬਦਾਂ ਵੱਲ ਖਾਸ ਧਿਆਨ ਦੇ ਦਿੱਤਾ। ਇਸ ਸਤਰ ਨੂੰ ਕਿਤਾਬ ਦਾ ਲੇਖਕ ਸਮਝਣ ਦੀ ਸ਼ੁਰੂਆਤ ਹੋ ਗਈ। ਬਹੁਤਿਆਂ ਨੇ ਕਿਤਾਬ ਦਾ ਲੇਖਕ ਹੀ ਫ਼ਾਨੀ ਨੂੰ ਸਮਝ ਲਿਆ ਜਦਕਿ ਅਸਲੀਅਤ ਵਿੱਚ ਮੋਹਸਨ ਫ਼ਾਨੀ ਦੋ ਬੈਤਾਂ ਦਾ ਲੇਖਕ ਸੀ। ਡਾਕਟਰ ਐਸ.ਏ.ਐੱਚ. ਆਬਾਦੀ ਨੇ ਸਪਸ਼ਟ ਲਿਖਿਆ ਹੈ, "ਸਰ ਵਿਲਅਮ ਜੋਨਸ' ਨੂੰ ਵੀ ਭੁਲੇਖਾ ਲੱਗਾ ਸੀ।

ਜਿਥੋਂ ਤੱਕ ਮੁਲਾ ਮੋਹਸਨ ਫ਼ਾਨੀ ਦਾ ਸੰਬੰਧ ਹੈ ਉਹ ਸਚ ਮੁੱਚ ਕਸ਼ਮੀਰ ਦਾ ਰਹਿਣ ਵਾਲਾ ਸੀ ਅਤੇ 'ਫ਼ਾਨੀ' ਉਸ ਦਾ ਕਲਮੀ ਨਾਂ ਸੀ। ਇਹ ਮੁੱਲਾ ਯਾਕੂਬ ਸਫ਼ਰੀ (ਦੇਹਾਂਤ: 1605 ਈ.) ਅਤੇ ਮੋਹਬੁਲਾ ਅਹਲਾਬਾਦੀ (ਦੇਹਾਂਤ: 1648-49ਈ.) ਦਾ ਸ਼ਾਗਿਰਦ ਸੀ। ਮੁੱਲਾ ਫ਼ਾਨੀ ਦੇ ਦੋ ਪ੍ਰਮੁੱਖ ਸ਼ਾਗਿਰਦ ਸਨ ਉਨ੍ਹਾਂ ਵਿੱਚ ਗੁਨੀ ਕਸ਼ਮੀਰੀ (ਦੇਹਾਂਤ 1668-69 ਈ.) ਅਤੇ ਸਲੀਮ ਕਸ਼ਮੀਰੀ (ਦੇਹਾਂਤ: 1707 ਈ.) ਵਰਨਣ ਯੋਗ ਹਨ। ਬਾਦਸ਼ਾਹ ਸ਼ਾਹ ਜਹਾਨ ਦੇ ਅਹਿਦ ਵਿੱਚ ਫ਼ਾਨੀ ਨੇ ਨੌਕਰੀ ਕੀਤੀ ਅਤੇ ਚੀਫ਼-ਜੱਜ ਦੇ ਅੱਹੁਦੇ ਤੱਕ ਪੁਜਾ। ਜਦੋਂ ਮੁਰਾਦ ਬਖਸ਼ ਨੇ ਨਾਜ਼ਰ ਮੁਹੰਮਦ ਨੂੰ ਜੰਗ ਵਿੱਚ ਹਾਰ ਦਿੱਤੀ ਤਾਂ ਉਸ ਨੇ ਫ਼ਾਨੀ ਦੇ ਦੀਵਾਨ ਦੀ ਇੱਕ ਕਾਪੀ ਲਾਇਬਰੇਰੀ ਵਿੱਚੋਂ ਲੱਭੀ ਜਿਸ ਵਿੱਚ ਨਾਜ਼ਰ ਮੁਹੰਮਦ ਦੀ ਤਾਰੀਫ ਵਿੱਚ ਕਸੀਦੇ ਲਿਖੇ ਹੋਏ ਸਨ। ਫ਼ਾਨੀ ਨੂੰ ਤੁਰੰਤ ਚੀਫ਼ ਜੱਜ ਦੇ ਅਹੁਦੇ ਤੋਂ ਬਰਤਰਫ ਕਰਕੇ ਉਸ ਨੂੰ ਗੁਜ਼ਾਰੇ ਵਾਸਤੇ ਥੋੜੀ ਜਿਹੀ ਪਿੰਨਸ਼ਨ ਦਿੱਤੀ ਗਈ। ਨੌਕਰੀ ਤੋਂ ਮਗਰੋਂ ਮੋਹਸਨ ਫ਼ਾਨੀ ਨੇ ਬਾਕੀ ਜ਼ਿੰਦਗੀ ਆਪਣੇ ਆਬਾਈ ਘਰ ਕਸ਼ਮੀਰ ਵਿੱਚ ਗੁਜ਼ਾਰੀ। ਇਨ੍ਹਾਂ ਸਮਿਆਂ ਵਿੱਚ ਫ਼ਾਨੀ ਨੇ ਬਹੁਤ ਸਾਰੇ ਲੋਕਾਂ, ਲੇਖਕਾਂ ਅਤੇ ਬੁਧੀ ਜੀਵੀਆਂ ਨੂੰ ਪੜਾਉਣ ਦਾ ਕੰਮ ਕੀਤਾ ਜੋ ਉਸ ਨੂੰ ਲਗਾਤਾਰ ਮਿਲਣ ਆਉਂਦੇ ਸਨ।

ਮੁਹਸਨ ਫਾਨੀ ਦੀ ਯਾਦਗਾਰੀ ਰਚਨਾ 'ਕੁਲਿਆਤ-ਏ-ਫ਼ਾਨੀ' (ਹੱਥ ਲਿਖਤ ਨੰ: 3565, ਰਾਮਪੁਰ) ਹੈ ਜਿਸ ਵਿੱਚ 5000 ਤੋਂ 7000 ਬੰਦ ਦਰਜ ਹਨ। ਮੁਹਸਨ ਫਾਨੀ ਦੀਆਂ ਮਸਨਵੀਆਂ ਇਸ ਪ੍ਰਕਾਰ ਹਨ: ਨਾਜ਼-ਓ-ਨੀਵਾ (ਇਤਿਹਾਸਕ ਪਿਆਰ ਕਹਾਣੀ), ਮਹਿਖਾਨੇ (ਕਸ਼ਮੀਰ ਦੇ ਬਾਗਾਂ, ਨਦੀਆਂ ਦਰਿਆਵਾਂ ਅਤੇ ਖੂਬਸੂਰਤ ਥਾਵਾਂ ਦਾ ਵਰਨਣ), ਮੁਸਦਾਰੁਲ-ਅੱਤਰ (ਸ਼ਾਹ ਜਹਾਂ ਦੀ ਸਿਫਤ), ਹਫਤ-ਅਖੱਤਰ (ਆਲਮਗੀਰ ਬਾਰੇ) ਆਦਿ। ਇਸ ਤੋਂ ਇਲਾਵਾ ਉਸ ਨੇ ਬਹੁਤ ਸਾਰੇ ਕਸੀਦੇ, ਗ਼ਜ਼ਲਾਂ ਅਤੇ ਚਉਪਦੇ ਲਿਖੇ। ਫਾਨੀ ਨੇ ਅਰਬੀ ਵਿੱਚ 'ਸ਼ਾਹ-ਏ-ਅਕੈਦ' ਵਾਰਤਕ ਲਿਖੀ ਜਿਸ ਦੀ ਹੱਥ ਲਿਖਤ ਇਸਲਾਮੀਆਂ ਕਾਲਜ, ਪਿਸ਼ੌਰ ਵਿੱਚ ਮ: ਨੰ: 794 ਹੇਠ ਸਾਂਭੀ ਪਈ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੁੱਲਾ ਮੋਹਸਨ ਫਾਨੀ ਕਸ਼ਮੀਰੀ ਆਪਣੇ ਸਮੇਂ ਦਾ ਇਕ ਵੱਡਾ ਕਵੀ ਤੇ ਵਿਦਵਾਨ ਸੀ। ਉਸ

ਦੀ 'ਮਸਵਰੁਲ ਅਥਰ' ਕਿਤਾਬ ਇਸ ਗਲ ਦੀ ਪੁਸ਼ਟੀ ਕਰਦੀ ਹੈ ਕਿ ਉਸ ਨੂੰ ਇਸਲਾਮ ਦਾ ਡੂੰਘਾ ਗਿਆਨ ਸੀ। ਫਾਨੀ ਦਾ ਦੇਹਾਂਤ[7] ਕਸ਼ਮੀਰ ਵਿੱਚ ਹੋਇਆ।

ਅਜੋਕੀ ਖੋਜ ਅਨੁਸਾਰ ਹੁਣ ਇਹ ਗਲ ਸਪਸ਼ਟ ਹੋ ਚੁੱਕੀ ਹੈ ਕਿ ਦਬਿਸਤਾਨੇ-ਮੁਜ਼ਾਹਿਬ ਦਾ ਲੇਖਕ ਮੋਬਿੰਦ ਜ਼ੁਲਫਕਾਰ ਅਰਦਸਤਾਨੀ ਸਾਸਨੀ (1615-1670 ਈ.) ਸੀ ਜੋ ਇਰਾਨ ਦੇ ਸਾਸੂਨ ਇਲਾਕੇ ਦਾ ਪਾਰਸੀ ਪਾਦਰੀ ਸੀ। ਉਸ ਨੇ ਆਪਣੀ ਬਹੁਤੀ ਜ਼ਿੰਦਗੀ ਆਪਣੇ ਪ੍ਰਮੁੱਖ ਪਾਰਸੀ ਪਾਦਰੀ ਅਜ਼ਹਰ ਪਹਿਵਾਨ (ਦੇਹਾਂਤ 1618) ਦੇ ਹੇਠ ਗੁਜ਼ਾਰੀ ਸੀ ਜੋ ਅਕਬਰ ਬਾਦਸ਼ਾਹ (1542-1605 ਈ.) ਦੇ ਸਮੇਂ ਇਰਾਨ ਤੋਂ ਹਿੰਦੁਸਤਾਨ ਆਇਆ ਅਤੇ ਪਟਨੇ ਨੂੰ ਆਪਣਾ ਦੂਜਾ ਘਰ ਬਣਾ ਲਿਆ ਸੀ। ਜ਼ੁਲਫਕਾਰ ਇਕ ਧਾਰਮਿਕ ਵਿਚਾਰਾਂ ਵਾਲਾ ਨੌਜਵਾਨ ਸੀ ਜੋ ਬੜਾ ਉਦਾਰਚਿੱਤ ਦ੍ਰਿਸ਼ਟੀਕੋਣ ਦਾ ਮਾਲਕ ਸੀ। ਉਹ ਕਸ਼ਮੀਰ ਵਿੱਚ ਵੀ ਕਾਫੀ ਦੇਰ ਰਿਹਾ।[7] ਕਈਆਂ ਨੇ ਉਸ ਨੂੰ ਅਜ਼ਰ ਕਹਿਵਾਨ ਦਾ ਪੋਤਾ[8] ਕਰਕੇ ਵੀ ਲਿਖਿਆ ਹੈ।

'ਦਬਿਸਤਾਨੇ-ਮੁਜ਼ਾਹਿਬ' ਦੀ ਹੱਥ-ਲਿਖਤ ਪ੍ਰੋ: ਸਈਦ ਹਸਨ ਅਸਕਾਰੀ ਨੇ ਸ਼ਹਿਰ ਵਿੱਚ 1930 ਈ. ਵਿੱਚ ਲਭੀ ਜੋ ਇਰਾਨ ਦੇ ਇੱਕ ਮੁਸਲਮਾਨ ਪ੍ਰਵਾਰ ਕੋਲੋਂ ਬੜੀ ਮਿਹਨਤ ਨਾਲ ਹਾਸਿਲ ਕੀਤੀ। ਉਸ ਹੱਥ ਲਿਖਤ ਦੇ ਆਰੰਭਕ ਵਰਕੇ 'ਤੇ ਲਾਪਰਵਾਹੀ ਤੇ ਆਲੋਚਨਾਤਮਿਕ ਟਿੱਪਣੀਆਂ ਦਰਜ ਕੀਤੀਆਂ ਗਈਆਂ ਸਨ ਜਿਨ੍ਹਾਂ ਵਿੱਚ ਲੇਖਕ ਬਾਰੇ ਮਹੱਤਵਪੂਰਨ ਜਾਣਕਾਰੀ ਦਰਜ ਕੀਤੀ ਗਈ ਸੀ। ਇਹ ਜਾਣਕਾਰੀ ਅੰਗ੍ਰੇਜ਼ ਵਿਦਵਾਨਾਂ ਡੇਵਿਡ ਸ਼ੀਹਾ ਅਤੇ ਐਨਥੋਨੀ ਟਰੋਇਰ ਨੂੰ ਨਹੀਂ ਸੀ ਮਿਲ ਸਕੀ।

ਇੱਕ ਹੋਰ ਹੱਥ-ਲਿਖਤ ਮੁਸਲਿਮ ਅਲੀਗੜ੍ਹ ਲਾਇਬਰੇਰੀ, ਅਲੀਗੜ੍ਹ ਵਿੱਚ ਪਈ ਹੈ।[9]

ਸਿੱਖ ਧਰਮ ਬਾਰੇ ਜੋ ਇਸ ਵਿੱਚ ਜਾਣਕਾਰੀ ਆਈ ਹੈ ਉਹ ਸਿੱਖ ਫ਼ਿਲਾਸਫ਼ੀ ਅਤੇ ਇਤਿਹਾਸ ਦੇ ਕਈ ਬੁਨਿਆਦੀ ਅਸੂਲਾਂ 'ਤੇ ਚਾਨਣਾ ਪਾਉਂਦਾ ਹੈ ਜੋ 17ਵੀਂ ਸਦੀ ਵਿੱਚ ਪ੍ਰਚਿਲਤ ਸਨ। ਡਾ: ਦਿਲਗੀਰ ਅਨੁਸਾਰ "ਭਾਵੇਂ ਇਸ ਵਿੱਚ ਕਈ ਥਾਂ ਗਲਤ-ਸਮਿਗਰੀ ਅਤੇ ਛੋਟੀਆਂ ਮੋਟੀਆਂ ਗਲਤੀਆਂ ਵੀ ਸ਼ਾਮਲ ਕਰ ਗਿਆ ਹੈ ਪਰ, ਫਿਰ ਵੀ ਇਸ ਵਿਚਲਾ ਚਿਤਰਣ ਸਚਾਈ ਦੇ ਨੇੜੇ ਢੁੱਕਦਾ ਹੈ।"[10] ਦਬਿਸਤਾਨੇ-ਮੁਜ਼ਾਹਿਬ ਦਾ ਲੇਖਕ ਲਿਖਦਾ ਹੈ ਕਿ ਉਹ ਗੁਰੂ ਹਰਿਗੋਬਿੰਦ ਸਾਹਿਬ (1590-1644) ਅਤੇ ਗੁਰੂ ਹਰਿ ਰਾਇ ਸਹਿਬ (1630-61) ਨੂੰ ਨਿੱਜੀ ਤੌਰ 'ਤੇ ਜਾਣਦਾ ਸੀ ਅਤੇ ਉਨ੍ਹਾਂ ਨਾਲ ਖਤੋ-ਕਿਤਾਬਤ ਵੀ ਕਰਦਾ ਸੀ। ਉਹ ਕੀਰਤਪੁਰ ਵਿੱਚ ਕਈ ਮਹੀਨੇ ਠਹਿਰਿਆ[11] ਸੀ।

ਦਬਿਸਤਾਨ ਵਿੱਚ ਜੋ ਸਿੱਖ ਇਤਿਹਾਸ ਅਤੇ ਧਰਮ ਬਾਰੇ ਬੁਨਿਆਦੀ ਅਸੂਲ ਦਰਜ ਮਿਲਦੇ ਹਨ ਉਹ ਇਸ ਪ੍ਰਕਾਰ ਹਨ:-

(ੳ) ਸਿੱਖ ਵਿਸ਼ਵਾਸ ਕਰਦੇ ਹਨ ਕਿ ਸਾਰੇ ਗੁਰੂ ਸਾਹਿਬਾਨ ਨਾਨਕ ਦੀ ਹੀ ਰੂਹ ਹਨ, ਜੋ ਇਹ ਵਿਸ਼ਵਾਸ ਨਹੀਂ ਕਰਦੇ, ਉਨ੍ਹਾਂ ਨੂੰ ਧਰਮ-ਵਿਰੋਧੀ ਠਹਿਰਾਉਂਦੇ ਹਨ।

(ਅ) ਸਿੱਖ ਇੱਕ ਅਕਾਲ ਪੁਰਖ 'ਤੇ ਵਿਸ਼ਵਾਸ ਰੱਖਦੇ ਹਨ ਅਤੇ ਗੁਰੂ ਨਾਨਕ ਦੇ ਸਿੱਖ 'ਮੂਰਤੀ ਪੂਜਾ' ਦਾ ਖੰਡਨ ਕਰਦੇ ਹਨ ਅਤੇ ਹਿੰਦੂ ਮੰਤਰਾਂ ਨੂੰ ਨਹੀਂ ਮੰਨਦੇ।

(ੲ) ਉਹ ਹਿੰਦੂਆਂ ਦੀ ਪਵਿੱਤਰ 'ਸਾਂਸਕ੍ਰਿਤ' ਭਾਸ਼ਾ ਨੂੰ ਕੋਈ ਸਤਿਕਾਰ ਨਹੀਂ ਦੇਂਦੇ। ਆਪਣੇ ਧਰਮ (ਸਿੱਖ) ਦੇ ਪ੍ਰਚਾਰ ਵਾਸਤੇ ਲੋਕ ਭਾਸ਼ਾ (ਪੰਜਾਬੀ) ਦੀ ਵਰਤੋਂ ਕਰਦੇ ਹਨ।

(ਸ) ਸਿੱਖ ਹਰ ਥਾਂ 'ਤੇ ਮੌਜੂਦ ਹਨ।

(ਹ) ਦਸਵੰਧ ਅਤੇ ਮਸੰਦਾ ਬਾਰੇ ਵਿਸਥਾਰ ਨਾਲ ਜ਼ਿਕਰ ਮਿਲਦਾ ਹੈ। ਮਸੰਦਾਂ ਨੂੰ ਰੁਖ਼ਸਤ ਕਰਨ ਸਮੇਂ ਗੁਰੂ ਸਾਹਿਬ 'ਦਸਤਾਰ' ਭੇਟ ਕਰਦੇ ਸਨ।

(ਕ) ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਸਾਹਿਬ ਬਾਰੇ ਕਿਤੇ ਸਕੋਂਚਵੇਂ ਅਤੇ ਕਿੱਤੇ ਵਿਸਥਾਰ ਨਾਲ ਜ਼ਿਕਰ ਕੀਤਾ ਹੈ।

(ਖ) ਗੁਰੂ ਹਰਿਗੋਬਿੰਦ ਸਾਹਿਬ ਦੇ 700 ਘੋੜਿਆਂ 300 ਘੋੜਸਵਾਰਾਂ ਅਤੇ 60 ਤੋਪਚੀਆਂ ਦਾ ਵਰਨਣ ਵੀ ਇਸ ਪੁਸਤਕ ਵਿੱਚ ਆਉਂਦਾ ਹੈ। ਗੁਰੂ ਸਾਹਿਬ ਦੀਆਂ ਜੰਗਾਂ ਦਾ ਜ਼ਿਕਰ ਵੀ ਆਇਆ ਹੈ।

(ਗ) ਗੁਰੂ ਸਾਹਿਬ ਦੇ ਚੋਣਵੇਂ ਅਤੇ ਮੁੱਖੀ ਮਸੰਦਾ ਦਾ ਵੀ ਵਿਸਥਾਰ ਨਾਲ ਉਲੇਖ ਕੀਤਾ ਮਿਲਦਾ ਹੈ।

(ਘ) ਵਿਧਾਂਤੀਆਂ ਦੇ ਖੰਡ ਵਿੱਚ ਸਫਾ: 137 'ਤੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਦਾ ਉਲੇਖ ਮਿਲਦਾ ਹੈ ਜੋ ਡਾ: ਗੰਡਾ ਸਿੰਘ ਜੀ ਦੇ ਨਜ਼ਰੀ ਨਹੀਂ ਸੀ ਪਿਆ।

'ਦਬਿਸਤਾਨੇ ਮੁਜ਼ਾਹਿਬ' ਦੇ ਕਈ ਅਨੁਵਾਦ ਹੋਏ ਹਨ। ਅੰਗ੍ਰੇਜ਼ੀ ਵਿੱਚ ਪਹਿਲਾ ਅਨੁਵਾਦ ਡੇਵਿਡ ਸ਼ੀਅ ਅਤੇ ਐਨਥਾਨੀ ਟ੍ਰਾਇਰ ਨੇ ਕੀਤਾ ਸੀ ਜੋ ਲੰਡਨ ਵਿੱਚ 1843 ਨੂੰ ਛਪਿਆ। ਇਸ ਅਨੁਵਾਦ ਬਾਰੇ ਡਾ: ਗੰਡਾ ਸਿੰਘ ਜੀ ਲਿਖਦੇ ਹਨ, "ਵੱਡੀ ਮੁਸ਼ਕਲ ਇਹ ਹੈ ਕਿ ਇਸ ਵਿੱਚ ਮੁੱਢ ਤੋਂ ਅਖੀਰ ਤਕ Punctuation ਦਾ ਕੋਈ ਨਿਸ਼ਾਨ ਕਿਧਰੇ ਭੀ ਨਹੀਂ ਲਗਾਇਆ ਹੋਇਆ। ਇਹ ਹੀ ਕਾਰਣ ਹੈ ਕਿ ਵਿਚਾਰੇ ਡੇਵਿਡ ਸ਼ੀਅ ਤੇ ਟ੍ਰੋਇਰ ਵਰਗੇ ਫਾਰਸੀ ਦੇ ਪ੍ਰਸਿੱਧ ਵਿਦਵਾਨਾਂ ਵਲੋਂ ਕੀਤੇ ਇਸ ਪੁਸਤਕ ਦੇ ਅੰਗ੍ਰੇਜ਼ੀ ਉੱਲਥੇ ਵਿੱਚ- ਜੋ ਸੰਨ 1843 ਵਿੱਚ ਪੈਰਿਸ ਵਿੱਚ ਛਪਿਆ ਸੀ- ਭੀ ਕਈ ਸਾਰੀਆਂ ਗਲਤੀਆਂ ਹੋ ਗਈਆਂ ਹੋਈਆਂ ਹਨ।"[12]

ਡਾ. ਗੰਡਾ ਸਿੰਘ ਨੇ 'ਖਾਲਸਾ' ਲਾਹੌਰ ਦੇ ਜਨਵਰੀ 1930 ਵਿੱਚ ਇਸ ਦਾ ਅੰਗ੍ਰੇਜ਼ੀ ਅਨੁਵਾਦ ਕਰ ਕੇ ਛਾਪਿਆ ਸੀ। ਸ੍ਰ: ਉਮਰੋ ਸਿੰਘ ਮਜੀਠੀਆ ਨੇ ਵੀ "ਖਾਲਸਾ ਰੀਵੀਊ" ਜੂਨ 1930 ਵਿੱਚ ਇਸ ਦਾ ਅਨੁਵਾਦ ਕਰਕੇ ਛਾਪਿਆ। ਡਾ. ਗੰਡਾ ਸਿੰਘ ਵਾਲਾ ਅਨੁਵਾਦ ਅਗਸਤ 1940 ਵਿੱਚ "Journal of Indian History", Annamalai University ਅਤੇ ਬਾਅਦ The Punjab Past and Present' Vol-I (Past I & II) Pbi. Uni. Patiala, April-Oct. 1967 (P: 47-71) ਅਤੇ Vol. III, 1969 (Part I & II) P: 45-53 ਵਿੱਚ ਛਪਿਆ ਸੀ। ਪੰਜਾਬੀ ਅਨੁਵਾਦ 'ਫੁਲਵਾੜੀ ਲਾਹੌਰ' ਮਾਰਚ-ਅਕਤੂਬਰ 1931 ਵਿੱਚ 'ਕੁੱਝ ਕੁ ਪੁਰਾਤਨ ਸਿੱਖ-ਇਤਿਹਾਸਕ ਪਤ੍ਰੇ' ਸਿਰਲੇਖ ਹੇਠ ਛਪਿਆ। ਇਸ ਦਾ ਇੱਕ ਹੋਰ ਪੰਜਾਬੀ ਅਨੁਵਾਦ "ਮਸਤੀ ਦਾ ਨਮਾਜ਼ੀ ਗੁਰੂ ਬਾਬਾ ਨਾਨਕ" (ਅਨੁਵਾਦਕ ਅਤੇ ਸੰਪਾਦਕ ਗੁਰਬਖ਼ਸ਼ ਸਿੰਘ) ਪੰਜਾਬੀ ਯੂਨੀਵਰਸਿਟੀ, ਪਟਿਆਲਾ

ਨੇ 1999 ਵਿੱਚ ਪ੍ਰਕਾਸ਼ਿਤ ਕੀਤਾ। ਅੰਗ੍ਰੇਜ਼ੀ ਦਾ ਇੱਕ ਹੋਰ ਚੰਗਾ ਅਨੁਵਾਦ ਇਰਫ਼ਾਨ ਹਬੀਬ ਨੇ ਪਿੱਛੇ ਜਿਹੇ ਹੀ ਕੀਤਾ ਜੋ 'Sikh History from Persian Sources' ਪੁਸਤਕ 'ਚ 2001 ਵਿੱਚ ਅਲੀਗੜ੍ਹ ਤੋਂ ਛਪਿਆ ਹੈ। ਕਿਤਾਬੀ ਰੂਪ ਵਿੱਚ ਦਬਿਸਤਾਨ 1904 ਵਿੱਚ ਨਵਲ ਕਸ਼ੋਰ ਪ੍ਰੈਸ, ਕਾਨਪੁਰ ਨੇ ਚੰਗੀ ਜਿਲਦ ਕਰ ਕੇ ਛਾਪੀ।

ਪੰਜਾਬੀ ਦੀਆ ਟਾਕਰੀ ਅਤੇ ਨਾਗਰੀ ਲਿਪੀਆਂ ਵਿੱਚ ਵੀ ਦਬਿਸਤਾਨ ਦੇ ਅਨੁਵਾਦ ਹੋਏ ਹਨ। ਟਾਕਰੀ ਲਿੱਪੀ ਵਾਲੀ ਹੱਥ-ਲਿੱਖਤ ਅਜਕਲ੍ਹ ਡੋਗਰੀ ਵਿਭਾਗ ਜੰਮੂ ਯੂਨੀਵਰਸਿਟੀ, ਜੰਮੂ ਵਿੱਚ ਨੰਬਰ 380/156 ਹੇਠ ਇਨ੍ਹਾਂ ਸਤਰਾਂ ਦੇ ਲੇਖਕ ਨੇ ਆਪ ਵੇਖੀ ਹੈ। ਇਸ ਦੇ ਪਤਰੇ ਹੁਣ ਮਾਮੂਲੀ ਜਿਹੇ ਖਰਾਬ ਹੋਏ ਹਨ ਅਤੇ ਇਹ ਹੱਥੋ-ਲਿੱਖਤ 1980 ਵਿੱਚ ਸ੍ਰੀਨਗਰ ਯੂਨੀਵਰਸਿਟੀ ਕਸ਼ਮੀਰ ਤੋਂ ਜੰਮੂ ਭੇਜੀ ਗਈ ਸੀ। ਇਸ ਦੇ ਪਹਿਲੇ ਸਫ਼ੇ 'ਤੇ ਫ਼ਾਰਸੀ ਅੱਖਰਾਂ ਵਿੱਚ "ਸ੍ਰੀ ਵਾਹਿਗੁਰੂ ਸਾਹਿਬ" ਲਿਖਿਆ ਮਿੱਲਦਾ ਹੈ। ਇਸ ਦੇ ਸਫ਼ਿਆਂ ਤੇ 250 ਨੰਬਰ ਲਿੱਖੇ ਹਨ! ਨਾਗਰੀ ਲਿਪੀ ਵਾਲੀ ਹੱਥ-ਲਿੱਖਤ ਕਸ਼ਮੀਰ ਯੂਨੀਵਰਸਿਟੀ, ਸ੍ਰੀਨਗਰ ਵਿੱਚ ਪਈ ਹੈ। ਇਸ ਦੇ 519 ਸਫ਼ੇ ਹਨ ਅਤੇ ਲਿਖਾਈ ਖ਼ੂਬਸੂਰਤ ਹੈ। ਇਕ ਅਨੁਵਾਦ ਉਰਦੂ[13] ਦਾ ਵੀ ਹੋਇਆ ਦੱਸਿਆ ਜਾਂਦਾ ਹੈ।

ਇਹ ਇੱਕ ਗੈਰ-ਸਿੱਖ ਵਲੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਾਰੇ ਚਾਨਣਾ ਪਾਉਂਦਾ ਪਹਿਲਾ ਸ੍ਰੋਤ ਹੈ ਜੋ ਫ਼ਾਰਸੀ ਭਾਸ਼ਾ ਵਿੱਚ ਹੈ। ਨਾਨਕ ਪੰਥੀਆਂ ਦਾ ਵੇਰਵਾ 223 ਤੋਂ 240 ਪੰਨਿਆਂ ਤੱਕ ਦਰਜ ਹੈ। ਇਸ ਵਿੱਚ ਲੇਖਕ ਨੇ ਨਿਰਪੱਖ ਅਤੇ ਅੱਖੀ ਡਿੱਠੀ ਘਟਨਾਵਾਂ ਨੂੰ ਕਲਮਬੰਦ ਕੀਤਾ ਹੈ।

ਟਿੱਪਣੀਆਂ ਅਤੇ ਹਵਾਲੇ

1. "ਦਬਿਸਤਾਨਿ-ਮੁਜ਼ਾਹਿਬ' ਦਾ ਲੇਖਕ ਮੋਹਸਨ ਫ਼ਾਨੀ ਸ੍ਰੀ ਗੁਰੂ ਹਰਿਗੋਬਿੰਦ ਜੀ ਤੇ ਗੁਰੂ ਹਰਰਾਇ ਜੀ ਦੇ ਸਮੇਂ ਹੋਇਆ ਹੈ।"
   - ਕੁੱਝ ਕੁ ਪੁਰਾਤਨ ਸਿੱਖ-ਇਤਿਹਾਸਕ ਪਤ੍ਰੇ- ਗੰਡਾ ਸਿੰਘ, ਫੁਲਵਾੜੀ, ਲਾਹੌਰ, ਮਾਰਚ-ਅਕਤੂਬਰ, 1931, ਸਫ਼ਾ: ।
2. "The author in his work does not give his name but only the poetic title 'Mobad' (Parsi Priest). The Attribution to Muhsin Fani has no Justification in the text, nor has the one to Mirza Zulfiqar."
   - Sikh History from Persian Sources (Editor: J.S. Grewal and Irfan Habib, New Delhi, 2001, Page: 59)
3. "There has been a good deal of controversy about the authorship of Dabistan-i-Mazahib. The writer himself has no where in the book mentioned his name, parentage or date of

birth. Earlier, Mohsin-i-Fani Kashmiri was commonly known to be the author of the book, but the work is non attributed by scholars to an Iranian named Maubad zulfiqar Ardastani (1615c-70). Maubad was a general term for a member or leader of the priestly order of the Zoroastrians."

4. The Encyclopeadia of Sikhism (Ed.) Harbans Singh, Pbi. Uni. Patiala, Vol I, 1998, p: 484. "Sir William Jones thought that the book was composed by Muhsin Fani, and his Judgement gave weight to the idea of somehow or other, linking the book with the name of Fani Kashmiri."

   ...And then Troyer says, "Erskine... concludes that It seems improbable that Mohsin Fani and the author of the Dabistan were the same person... he coincides with... Vans Kennedy."

5. Mathnawiyyat-i-Fani Kashmiri, Editor Dr. S.A.H. Abidi, Srinagar, 1964, P: 16.

6. "ਫ਼ਾਨੀ ਦਾ ਦੇਹਾਂਤ 1671 ਈ. ਵਿੱਚ ਕਸ਼ਮੀਰ ਵਿੱਚ ਹੋਇਆ। ਇਸ ਨੂੰ ਗੱਗਰੀ ਮਹੱਲਾ, ਮੁਸਾਫ਼ਰ ਮਜ਼ਾਰ ਵਿੱਚ ਦਫ਼ਨ ਕੀਤਾ ਗਿਆ ਜਿਸ ਨੂੰ ਪੁਰਾਤਨ ਸਮਿਆਂ ਵਿੱਚ ਕੁਤਬਦੀਨ ਪੁਰਾ ਆਖਿਆ ਜਾਂਦਾ ਸੀ।

   – ਕੋਸ਼ਰ ਇਨਸਾਨੀ ਕਲੋਪੀਡੀਆ (ਕਸ਼ਮੀਰੀ) ਜੰਮੂ ਕਸ਼ਮੀਰ ਕਲੱਚਰਲ ਅਕੈਡਮੀ, ਸ੍ਰੀਨਗਰ, ਜਿਲਦ ਦੂਜੀ, 1989, ਸਫ਼ਾ: 196

7. "He devoted himself to the comparative study of religions and travelled extensively to this end, visiting farflung places such as Gujrat, Hyderabad (1643-49 A.D.) Orissa and Coromandal Coast (1651-53 A.D.). He also spent many years in Kashmir and Lahore (1631-42 A.D.). Returning to Patna, he settled down in the sector now known as Gulzarbagh. There he started compiling from his notes the book which has become famous as 'Dabistan-i-Mazahib."

8. " The author was possibly a grandson of Azar Kaiwan himself (a recent identification with Azars son Kaikhusran Isfandyar Seems improbable, owing to Azar Kaiwan having died at the age of eighty five while the author was yet an infant. The facts that the author gives for himself show that he was born C. 1615 and in the 1630's lived mostly in Kashmir, though he then probably also visites Lahore and

other places in the Punjab."

- Sikh history from persian Sources, Ibid, p: 59-60.

9. " Ms: University Library coll., Box 2, No. 2 (Trancribed,1792); Farsiya 2001. Shuba-i-Ami, (Transcribed in 1763) and M.A.O. Coll. collection F. Akhbar 18 (Trancribed, 1829).
10. The Sikh Reference Book, Dr. H.S. Dilgeer, Canada, 1997, p: 266.
11. "In 1642-44 he was at Lahore and from there he travelled to Guru Hargobinds seat in Kiratpur in 1643-44."

- Sikh History from persian sources, Ibid. P: 60.

12. ਕੁੱਝ ਕੁ ਪੁਰਾਤਨ ਸਿੱਖ ਇਤਿਹਾਸਕ ਪਤ੍ਰੇ- ਉਹੀ, ਸਫਾ: 3
13. "ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਸਾਹਿਬ ਦੀ ਇਛਾ ਅਨੁਸਾਰ ਪੰਡਿਤ ਜੀ ਨੇ ਫ਼ਾਰਸੀ ਦੀ ਕਿਤਾਬ ਦਬਿਸਤਾਨਿ-ਮੁਜ਼ਾਹਿਬ' ਦਾ ਉਰਦੂ ਅਨੁਵਾਦ 1880 ਵਿੱਚ ਕੀਤਾ।1881 ਵਿੱਚ ਕਿਤਾਬ ਲਾਹੌਰ ਵਿੱਚ ਕਾਤਿਬਾਂ ਨੂੰ ਖ਼ੁਸ਼ਖ਼ਤ ਲਿਖਣ ਲਈ ਦਿੱਤੀ ਹੋਈ ਸੀ ਕਿ ਪੰਡਿਤ ਜੀ ਦਾ ਦੇਹਾਂਤ ਹੋ ਗਿਆ। ...ਇਸ ਦੀ ਇਕ ਕਾਪੀ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿੱਚ ਪਈ ਹੋਈ ਹੈ।
ਸਿੱਖਾਂ ਦੇ ਰਾਜ ਦੀ ਵਿਥਿਆ- ਪੰਡਿਤ ਸ਼ਰਮਾ ਰਾਮ ਫਲੌਰੀ, 1868 ਈ. ਜਲੰਧਰ ਛਾਪ 1956 ਸਫਾ 82-83.

* * *

ਜੰਮੂ ਵਿੱਚ ਸਿੱਖ ਰਾਜ ਦਾ ਯਾਦ ਚਿੰਨ੍ਹ... !

ਸਮਾਧ ਮਹਾਰਾਣੀ ਚੰਦ ਕੌਰ

ਘਨੱਈਆ ਮਿਸਲ ਦੇ ਰਈਸ ਸ੍ਰ. ਜੈਮਲ ਸਿੰਘ ਦੇ ਘਰ ਪਿੰਡ ਫਤਹਿਗੜ੍ਹ, ਗੁਰਦਾਸਪੁਰ (ਪੰਜਾਬ) ਵਿੱਚ ਚੰਦ ਕੌਰ ਦਾ ਜਨਮ ੧੮੦੨ ਸੀ. ਈ. ਵਿੱਚ ਹੋਇਆ। ਅਜੇ ਚੰਦ ਕੌਰ ਦਸ ਵਰ੍ਹੇ ਦੀ ਹੀ ਸੀ ਕਿ ਉਸ ਦਾ ਵਿਆਹ ਫਰਵਰੀ ੧੮੧੨ ਸੀ.ਈ. ਵਿੱਚ ਸ਼ਹਿਜਾਦਾ ਖੜਕ ਸਿੰਘ (ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਬੇਟਾ) ਨਾਲ ਹੋਇਆ। ੧੮੨੧ ਸੀ.ਈ. ਇਸੇ ਚੰਦ ਕੌਰ ਦੀ ਕੁੱਖੋਂ ਕੰਵਰ ਨੌਨਿਹਾਲ ਸਿੰਘ ਦਾ ਜਨਮ ਹੋਇਆ।

੪ ਨਵੰਬਰ ੧੮੫੦ ਨੂੰ ਸ਼ਹਿਜ਼ਾਦਾ ਖੜਕ ਸਿੰਘ ਅਤੇ ੫ ਨਵੰਬਰ ੧੮੪੦ ਨੂੰ ਕੰਵਰ ਨੌਨਿਹਾਲ ਸਿੰਘ ਡੋਗਰਿਆਂ ਦੀਆਂ ਸਾਜਿਸ਼ਾਂ ਦਾ ਸ਼ਿਕਾਰ ਹੋਣਾ ਪਿਆ। ਡੋਗਰਾ ਧਿਆਨ ਸਿਹੁੰ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਰਾਜ-ਭਾਗ ਦਾ ਮਾਲਕ ਬਣਾਉਣਾ ਚਾਹੁੰਦਾ ਸੀ ਪਰ ਉਸ ਦੇ ਅਸਲੀ ਇਰਾਦੇ ਕੁਝ ਹੋਰ ਸਨ। ਉਸ ਨੇ ਕੰਵਰ ਨੌਨਿਹਾਲ ਸਿੰਘ ਦੀ ਮੌਤ ਨੂੰ ਤਿੰਨ ਦਿਨਾਂ ਤੱਕ ਗੁਪਤਾ ਰੱਖਿਆ ਤਾਂ ਜੋ ਉਸ ਦੇ ਭੇਜੇ ਸੁਨੇਹੇ 'ਤੇ ਸ਼ੇਰ ਸਿੰਘ ਲਾਹੌਰ ਆ ਜਾਵੇ। ਪਰ ਡੋਗਰਾ ਧਿਆਨ ਸਿਹੁੰ ਦੇ ਇਸ ਮਨਸੂਬੇ ਨੂੰ ਉਸ ਦੇ ਵਿਰੋਧੀ ਸੰਧਾਵਾਲੀਏ ਸਰਦਾਰਾਂ ਨੇ ਕਾਮਯਾਬ ਨਾ ਹੋਣ ਦਿੱਤਾ। ਸੰਧੇਵਾਲੀਆ ਸਰਦਾਰ ਖੜਕ ਸਿੰਘ ਦੀ ਵਿਧਵਾ ਚੰਦ ਕੌਰ ਨੂੰ ਨੌਨਿਹਾਲ ਸਿੰਘ ਦੇ ਹੋਣ ਵਾਲੇ ਬੱਚੇ ਦੀ ਖਾਤਰ ਸ਼ਾਹੀ-ਪ੍ਰਤੀਨਿਧ ਵਜੋਂ ਮਾਨਤਾ ਦਿੰਦੇ ਸਨ।

ਡੋਗਰਾ ਧਿਆਨ ਸਿਹੁੰ ਚਾਹੁੰਦਾ ਸੀ ਕਿ ਮਹਾਰਾਣੀ ਚੰਦ ਕੌਰ ਉਸ ਦੇ ਲੜਕੇ ਹੀਰਾ ਸਿਹੁੰ ਨੂੰ ਤਖ਼ਤ ਦਾ ਮਾਲਕ ਬਣਾਵੇ। ਪਰ ਜਦੋਂ ਧਿਆਨ ਸਿਹੁੰ ਨੇ ਆਪਣੀ ਇੱਛਾ ਪੂਰੀ ਨਾ ਹੁੰਦੀ ਵੇਖੀ ਤਾਂ ਉਹ ਮਹਾਰਾਣੀ ਚੰਦ ਕੌਰ ਨਾਲ ਨਾਰਾਜ਼ਗੀ ਦੀਆਂ ਦਹਿਲੀਜ਼ਾਂ ਟੱਪਣ ਲੱਗਾ। ਹੀਰਾ ਸਿਹੁੰ ਦੇ ਤਖ਼ਤ ਦੀ ਖਾਹਿਸ਼ ਬਾਰੇ Major, Hugh Pears, 1896 ਵਿੱਚ, 'Memoirs of Alexander Gardner ਵਿੱਚ ਲਿਖਦਾ ਹੈ, "This dream was that Hira Singh, the heir to their family, or at least the most promising of its rising generation, might eventually succeed to the throne of Ranjit Sirigh. Those to be swept away were the male members of the Maharaja's family, and all those ministers, advisors and chiefs who would not join the Dogra party.... All these murders were brought about directly or indiretly by the Dogra brothers, Dhian Singh and Gulab Singh, for the eventual aggrandizement of their family in the person of Hira Singh." (Memoirs, pp: 212-13)

ਇਸੇ ਨੁਕਤੇ ਨੂੰ ਹਰੀ ਰਾਮ ਗੁਪਤਾ ਆਪਣੀ ਪੁਸਤਕ ਦੇ ਸਫਾ: ੬੦-੬੧ 'ਤੇ ਸਪੱਸ਼ਟ ਕਰਦਾ ਹੈ।

The personal of these news letters (Abstracts of intelligence from the Punjab, Lahore, Dec. 1843-Oct. 1844, about 300 reports in all) discloses a well-laid out plot to seize the Sikh Empire on the part of the Jammu Rajahs, in Particular by Gulab Singh. During the later years of Ranjit Singh's rule, Dhian Singh had been almost a dictator .... was it then too bold on ambition to hope that same day he (Hira Singh) might rule the Punjab as king, with Dhian Singh, his father as Prime Minister and chief Advisor.)

ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਵਿਰੋਧੀ ਧੜਿਆਂ ਦੇ ਕਈ ਹਿੱਸਿਆਂ ਦੀ ਹਮਾਇਤ ਹਾਸਿਲ ਸੀ। ਉਹ ਸਿੱਖ ਫੌਜਾਂ ਵਿੱਚ ਵੀ ਹਰਮਨ ਪਿਆਰਾ ਸੀ ਪਰ ਦੋਹਾਂ ਧੜਿਆਂ ਵਿੱਚ ਇੱਕ ਸਮਝੌਤਾ ਹੋਇਆ ਜਿਸ ਵਿੱਚ ਮਹਾਰਾਣੀ ਚੰਦ ਕੌਰ ਨੂੰ ਰਜਿੰਟ (ਸ਼ਾਹੀ-ਪ੍ਰਤੀਨਿਧ) ਬਣਾਇਆ ਗਿਆ ਅਤੇ ਡੋਗਰਾ ਧਿਆਨ ਸਿਹੁੰ ਮੁੱਖ ਮੰਤਰੀ। ੨ ਦਸੰਬਰ ੧੮੪੦ ਨੂੰ ਚੰਦ ਕੌਰ ਨੂੰ ਮਹਾਰਾਣੀ ਬਣਾਇਆ ਗਿਆ। ਮਹਾਰਾਣੀ ਦੀ ਇੱਛਾ ਉਸ ਦੇ ਹਿੰਮਤੀ ਜਜ਼ਬੇ ਦੀ ਮੂੰਹ ਬੋਲਦੀ ਤਸਵੀਰ ਸੀ। ਉਸ ਦੀ ਬਹਾਦਰੀ ਇਸ ਗੱਲੋਂ ਵੀ ਪ੍ਰਤੱਖ ਸੀ ਕਿ ਉਸ ਨੇ ਔਰਤਾਂ ਵਾਲੇ ਲਿਬਾਸ ਤਿਆਗ ਕੇ ਸਿਰ 'ਤੇ ਸਿਰਦਾਰਾਂ ਵਾਂਗ ਦਸਤਾਰ ਸਜਾ ਲਈ ਅਤੇ ਫੌਜੀ ਟੁਕੜੀਆਂ ਦੀ ਸਲਾਮੀ ਲੈਣ ਲੱਗ ਪਈ ਸੀ। ਉਹ ਆਖਦੀ ਸੀ "ਜੇਕਰ ਮਹਾਰਾਣੀ ਵਿਕਟੋਰੀਆ ਇੰਗਲੈਂਡ ਵਿੱਚ ਕਰ ਸਕਦੀ ਹੈ ਤਾਂ ਮੈਂ ਕਿਉਂ ਨਹੀਂ ਕਰ ਸਕਦੀ ?"

ਡੋਗਰਾ ਧਿਆਨ ਸਿਹੁੰ ਨੇ ਜਦੋਂ ਆਪਣੀਆਂ ਸਾਜ਼ਸ਼ਾਂ ਪੂਰੀਆਂ ਨਾ ਹੁੰਦੀਆਂ ਵੇਖੀਆਂ ਤਾਂ ਉਸ ਨੇ ਖੁਲ੍ਹੇ ਤੌਰ 'ਤੇ ਜਨਵਰੀ ੧੮੪੧ ਵਿੱਚ ਸ਼ੇਰ ਸਿੰਘ ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ। ਖਾਲਸਾ ਫੌਜਾਂ ਨੇ ਵੀ ਪੰਜਾਬ ਦਾ ਮੁੱਖ ਮੁਖਤਿਆਰ ਮਹਾਰਾਜਾ ਸ਼ੇਰ ਸਿੰਘ ਨੂੰ ਬਣਾਉਣ ਦਾ ਐਲਾਨਨਾਮਾ ਜਾਰੀ ਕਰ ਦਿੱਤਾ ਸੀ। ਆਖਰ ਮਹਾਰਾਣੀ ਚੰਦ ਕੌਰ ਰਜ਼ਾਮੰਦੀ ਕਾਰਨ ਬਰਖਾਸਤ ਹੋ ਗਈ ਅਤੇ ਸ਼ੇਰ ਸਿੰਘ ਨੂੰ ਪੰਜਾਬ ਦਾ ਮਹਾਰਾਜਾ ੧੮ ਜਨਵਰੀ ੧੮੪੧ ਨੂੰ ਬਣਾਇਆ ਗਿਆ। ਮਹਾਰਾਜਾ ਸ਼ੇਰ ਸਿੰਘ ਨੇ ਆਪਣੀ ਵੱਡੀ ਭਰਜਾਈ ਚੰਦ ਕੌਰ ਨੂੰ ਜੰਮੂ ਵਿਖੇ ਜਾਗੀਰ ਦੇ ਦਿੱਤੀ।

੧੮੪੧ ਵਿੱਚ ਡੋਗਰਾ ਗੁਲਾਬ ਸਿਹੁੰ ਨੇ ਚੰਦ ਕੌਰ ਦੀ ਜਾਗੀਰ ਦਾ ਨਿਗਰਾਨ ਬਣ ਕੇ ਮਹਾਰਾਣੀ ਚੰਦ ਕੌਰ ਦੇ ਕੀਮਤੀ ਜੇਵਰ, ਗਹਿਣੇ ਅਤੇ ਹੋਰ ਕੀਮਤੀ ਸੋਨੇ, ਚਾਂਦੀ ਅਤੇ ਹੀਰਿਆਂ ਨੂੰ ਖੁਰਦ-ਬੁਰਦ ਕਰ ਦਿੱਤਾ। ਯਾਦ ਰਹੇ ਕਿ ਮਹਾਰਾਣੀ ਦੀ ਸਾਲਾਨਾ ਜਾਗੀਰ ੯,੦੦,੦੦੦ ਰੁਪਏ ਸੀ। ਚੰਦ ਕੌਰ ਦੇ ਸ਼ੁਭਚਿੰਤਕ ਸੰਧੇਵਾਲੀਆ ਸਰਦਾਰ ਸਤਲੁਜ ਤੋਂ ਪਾਰ ਅੰਗ੍ਰੇਜ਼ਾਂ ਦੀ ਹਦੂਦ ਅੰਦਰ ਚਲੇ ਗਏ ਸਨ। ਚੰਦ ਕੌਰ ਵਿਯੋਗ ਵਿੱਚ ਆ ਕੇ ਆਪਣੇ ਸਵਰਗਵਾਸੀ ਬੇਟੇ ਦੀ ਪੈਲਸ ਲਾਹੌਰ ਸ਼ਹਿਰ ਨੂੰ ਛੱਡ ਕੇ ਜੰਮੂ ਆ ਗਈ ਸੀ। ਯਾਦ ਰਹੇ ਕਿ ਡੋਗਰਾ ਧਿਆਨ ਸਿਹੁੰ ਦਾ ਵੱਡਾ ਭਰਾ ਡੋਗਰਾ ਗੁਲਾਬ ਸਿਹੁੰ ਜਿਸ ਦੀ ਜ਼ਿੰਮੇਵਾਰੀ ਮਹਾਰਾਣੀ ਚੰਦ ਕੌਰ ਦੀ ਜਾਇਦਾਦ ਦੀ ਦੇਖਭਾਲ ਕਰਨਾ ਸੀ, ਸੋਨੇ ਤੇ ਚਾਂਦੀ ਦੇ ਗੱਫੇ ਭਰ ਕੇ ਰਾਤ ਸਮੇਂ ਕਿਲ੍ਹੇ ਵਿੱਚੋਂ ਫਰਾਰ ਹੋ ਗਿਆ ਸੀ। ਜੁਲਾਈ ੧੮੪੧ ਵਿੱਚ ਕੰਵਰ ਨੌਨਿਹਾਲ ਸਿੰਘ ਦੀ ਬੇਵਾ ਸਾਹਿਬ ਕੌਰ ਦਾ ਗਰਭਪਾਤ ਡੋਗਰਿਆਂ ਦੀ ਸਾਜ਼ਿਸ਼ ਤਹਿਤ ਹੋ ਗਿਆ। ਇਸ ਨਾਲ ਚੰਦ

ਕੌਰ ਦੀਆਂ ਸਾਰੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ ਅਤੇ ਉਸ ਦਾ ਹੱਕ ਪੁਨਰ ਜੀਵਿਤ ਨਾ ਹੋ ਸਕਿਆ। ਪਰ ਸ਼ਾਹੀ ਦਰਬਾਰ ਦੀ ਲੁਕਵੀਂ ਯਾਰੀ ਅਜੇ ਕਰਵਟਾਂ ਲੈ ਰਹੀ ਸੀ।

ਜੰਮੂ ਵਿੱਚ ਡੋਗਰਾ ਧਿਆਨ ਸਿਹੁੰ ਨੇ ਮਹਾਰਾਣੀ ਦੀਆਂ ਸਾਰੀਆਂ ਨੌਕਰ-ਰਾਣੀਆਂ ਬਦਲ ਕੇ ਪਹਾੜੀ ਔਰਤਾਂ ਰੱਖ ਲਈਆਂ। ਧਿਆਨ ਸਿਹੁੰ ਨੇ ਚੰਦ ਕੌਰ ਦੀ ਰੋਟੀ ਵਿੱਚ ਜ਼ਹਿਰ ਦੇਣੀ ਸ਼ੁਰੂ ਕਰ ਦਿੱਤੀ ਅਤੇ ਅਖੀਰ ੧੧ ਜੂਨ ੧੮੪੨ ਨੂੰ ਪਹਾੜੀ ਔਰਤਾਂ ਕੋਲੋਂ ਮਹਾਰਾਣੀ ਦੇ ਸਿਰ 'ਤੇ ਲੱਕੜੀ ਦੇ ਡੰਡੇ ਮਰਵਾ ਮਰਵਾ ਕੇ ਉਸ ਨੂੰ ਸਦਾ ਦੀ ਨੀਂਦ ਸੁਆ ਦਿੱਤਾ। ਪਰ ਚਤੁਰ ਡੋਗਰਾ ਧਿਆਨ ਸਿਹੁੰ ਨੇ ਉਨ੍ਹਾਂ ਪਹਾੜੀ ਔਰਤਾਂ ਦੀਆਂ ਜ਼ੁਬਾਨਾਂ ਵੀ ਕੱਟ ਦਿੱਤੀਆਂ ਅਤੇ ਉਨ੍ਹਾਂ ਨੂੰ ਅਖੀਰ ਮਾਰ ਵੀ ਦਿੱਤਾ ਤਾਂ ਜੋ ਇਸ ਸਾਰੀ ਸਾਜ਼ਿਸ਼ ਦਾ ਭੇਤ ਖੁੱਲ੍ਹ ਨਾ ਜਾਵੇ।

ਡੋਗਰਾ ਧਿਆਨ ਸਿਹੁੰ ਦੀ ਲਾਹੌਰ ਸਰਕਾਰ ਦੀ ਲੁਕਵੀਂ ਯਾਰੀ ਨੇ ਖਾਲਸਾ ਫੌਜਾਂ ਨੂੰ ਝੁੰਜਲਾਹਟ ਵਿੱਚ ਪਾ ਦਿੱਤਾ ਅਤੇ ੧੮੪੫ ਵਿੱਚ ੩੫,੦੦੦ ਖਾਲਸਾ ਫੌਜਾਂ ਨੂੰ ਜੰਮੂ ਵੱਲ ਰਵਾਨਾ ਹੋਣਾ ਪਿਆ ਅਤੇ ਬੰਦੀ ਬਣਾ ਕੇ ਧਿਆਨ ਸਿਹੁੰ ਨੂੰ ਲਾਹੌਰ ਲਿਆਂਦਾ ਗਿਆ। ਉਸ ਹਾਲਤ ਵਿੱਚ ਵਾਪਿਸ ਆਉਣ ਦਿੱਤਾ ਜਦੋਂ ਉਸ ਨੇ ੬੮,੦੦,੦੦੦ ਰੁਪਏ ਜੁਰਮਾਨਾ ਭਰਨ ਦਾ ਇਕਰਾਰ ਕੀਤਾ ਅਤੇ ਅੱਗੇ ਤੋਂ ਚਤੁਰਾਈਆਂ ਨੂੰ ਤਿਆਗਣ ਦਾ ਵਾਅਦਾ ਕੀਤਾ।

ਡੋਗਰਾ ਗੁਲਾਬ ਸਿਹੁੰ ਦੇ ਅੰਗਰੇਜ਼ਾਂ ਨਾਲ ਨਾਜਾਇਜ਼ ਸੰਬੰਧ ਹੋਣ ਕਾਰਨ, ਉਸ ਨੇ ਲੁਧਿਆਣਾ ਵਿੱਚ ਬ੍ਰਗੇਡੀਰ ਵੀਲਰ ਨੂੰ ਸਾਰੇ ਫੌਜੀ ਭੇਤ ਪਹਿਲੀ ਐਂਗਲੋ-ਸਿੱਖ ਲੜਾਈ (੧੮੪੫-੪੬) ਦੀ ਸ਼ਾਮ ਸਮੇਂ ਦੇ ਦਿੱਤੇ ਸਨ। ਅੰਗਰੇਜ਼ਾਂ ਨੇ ਉਸ ਨੂੰ ਇਨ੍ਹਾਂ ਗੁਪਤ ਭੇਤਾਂ ਕਾਰਨ ਕਾਫੀ ਸਾਰੇ ਇਨਾਮ ਅਤੇ "੧੬ ਮਾਰਚ ੧੮੪੬ ਦਾ ਅਹਿਦਨਾਮਾ ਅੰਮ੍ਰਿਤਸਰ" ਦੇ ਦਿੱਤੇ।

ਮਹਾਰਾਣੀ ਚੰਦ ਕੌਰ ਜੰਮੂ ਵਿੱਚ ਹੀ ਡੋਗਰਿਆਂ ਵੱਲੋਂ ਮਾਰੀ ਗਈ ਅਤੇ ਇਥੇ ਹੀ ਉਸ ਦਾ ਸੰਸਕਾਰ ਆਪਣੀ ਜਾਗੀਰ ਵਿੱਚ ਕੀਤਾ ਗਿਆ। ਬਾਅਦ ਵਿੱਚ ਜੰਮੂ ਦੇ ਨਿਵਾਸੀਆਂ ਨੇ ਸਮਾਧ ਬਣਾਈ ਜਿਸ ਵਿੱਚ ਕੁਝ ਸਮੇਂ ਬਾਅਦ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਹੋਣਾ ਸ਼ੁਰੂ ਹੋ ਗਿਆ ਸੀ ਜਦੋਂ ਕਿ ਇਸ ਸਮੇਂ ਗੁਰਦੁਆਰੇ ਦੇ ਰੂਪ ਵਿੱਚ ਹੈ। ਬਹੁਤੀ ਆਬਾਦੀ ਹੋਣ ਉਪਰ ਇਸ ਨੂੰ 'ਚਾਂਦ ਨਗਰ' ਦਾ ਨਾਂ ਦਿੱਤਾ ਗਿਆ ਹੈ। ੧੯੬੦ ਵਿੱਚ ਜੰਮੂ ਕਸ਼ਮੀਰ ਦੇ ਕੁੱਝ ਸੂਝਵਾਨ ਸਿੱਖਾਂ ਨੇ ਮਹਾਰਾਣੀ ਚੰਦ ਕੌਰ ਖਾਲਸਾ ਹਾਈ ਸਕੂਲ ਖੋਲ੍ਹਿਆ ਜੋ ਬਾਅਦ ਵਿੱਚ ਵਧਾ ਕੇ ੧੯੯੯ ਵਿੱਚ ਕਾਲਜ ਬਣਾ ਦਿੱਤਾ ਗਿਆ ਹੈ। ਜੰਮੂ ਦੀਆਂ ਸਿੱਖ ਸੰਗਤਾਂ ਵੱਡੇ ਗੁਰਪੁਰਬ ਅਤੇ ਤਿਉਹਾਰ ਇਕੱਠ ਹੋ ਕੇ ਹਰ ਸਾਲ ਮਨਾਉਂਦੀਆਂ ਹਨ। ਅਜ ਕਲ੍ਹ ਇਥੇ ਵੱਡਾ ਗੁਰਦੁਆਰਾ ਸਾਹਿਬ ਅਤੇ ਕਾਲਜ ਦਾ ਨਿਰਮਾਣ ਹੋ ਰਿਹਾ ਹੈ।

ਸਹਾਇਕ ਪੁਸਤਕ ਸੂਚੀ

* The Encyclopaedia of Sikhism (Harbans Singh, Chief Editor)
* The Sikh Reference Book (Dr. H.S. Dilgeer)
* Punjab on the Eve of First Sikh War (Hari Ram Gupta).

* History of the Freedom Movement in the Punjab (Ganda Singh)
* Sikhism- Its Philosophy and History (Daljeet Singh, Kharak Singh).
* Mahan Kosh (Bhai kahn Singh Nabha).
* A History of Sikh Rule in Kashmir (R.K. Parmu)

* * *

ਨੀਲੀ ਦਸਤਾਰ ਵਾਲਾ ਸ਼ੇਰੇ-ਕਸ਼ਮੀਰ 'ਸੰਤ ਸਿਘ ਤੇ.ਗ'

ਕੁਰਬਾਨੀ ਦਾ ਮੁਜੱਸਮਾ, ਦੇਸ਼ ਭਗਤ, ਕੁਸ਼ਲ ਨੇਤਾ, ਵਿਦਵਾਨ ਸਿਆਸਤਦਾਨ, ਜੰਮੂ ਕਸ਼ਮੀਰ ਦੇ ਸਿੱਖਾਂ ਦਾ ਚਲਦਾ ਫਿਰਦਾ ਟਕਸਾਲੀ ਵਿਸ਼ਵ ਵਿਦਿਆਲਾ ਅਤੇ ਨਿਧੜਕ ਸਿੱਖ ਆਗੂ, ਮਰਦਾਨਗੀ ਦਾ ਮੁਜੱਸਮਾ, ਜਿਸ ਨੂੰ ਰਿਆਸਤ ਤੋਂ ਬਾਹਰ ਵੀ ਬੜਾ ਸਨਮਾਨ ਮਿਲਿਆ ਹੈ, ਉਹ ਹੈ ਸ਼ੇਰੇ-ਕਸ਼ਮੀਰ ਸ੍ਰ: ਸੰਤ ਸਿੰਘ ਤੇਗ। ਕਈ ਮੁਹਾਜ਼ਾਂ ਤੇ ਮੁਸਲਮਾਨਾਂ ਨੇ ਉਸ ਦਾ ਮਿਲਵਰਤਣ ਹਾਸਲ ਕੀਤਾ, ਹਿੰਦੂਆਂ ਨੇ ਸਹਾਇਤਾ ਪ੍ਰਾਪਤ ਕੀਤੀ ਅਤੇ ਰਿਆਸਤੀ ਸਿੱਖਾਂ ਦਾ ਤਾਂ ਉਹ ਮਸੀਹਾ ਬਣ ਕੇ ਵਿਚਰਿਆ।

ਮੁਢਲੇ ਵਰ੍ਹੇ ਅਤੇ ਵਿਦਿਆ: ਸ: ਸੰਤ ਸਿੰਘ ਤੇਗ ਦਾ ਜਨਮ 13 ਅਪ੍ਰੈਲ 1909 ਨੂੰ ਮੁਜ਼ੱਫਰਾਬਾਦ (ਹੁਣ ਪਾਕਿਸਤਾਨ ਵਿਚਲਾ ਕਸ਼ਮੀਰ) ਦੇ ਇਕ ਪਿੰਡ ਹੱਟੀਆਂ-ਦੁਪੱਟਾ ਵਿੱਚ ਪਿਤਾ ਸ. ਨਿਹਾਲ ਸਿੰਘ ਅਤੇ ਮਾਤਾ ਹਸ਼ਨਾਕ ਕੌਰ ਦੇ ਘਰ ਹੋਇਆ। ਮੁਢਲੀ ਵਿਦਿਆ ਉਨ੍ਹਾਂ ਆਪਣੇ ਗ੍ਰੰਥੀ ਪਿਤਾ ਤੋਂ ਹਾਸਲ ਕੀਤੀ। ਮੁਜ਼ੱਫਰਾਬਾਦ ਦੇ ਸਕੂਲ ਵਿੱਚ ਦਸਵੀਂ ਦਾ ਇਮਤਿਹਾਨ ਪਾਸ ਕਰਨ ਉਪਰੰਤ ਹੀ ਆਪ ਜੀ ਨੂੰ ਪੰਜਾਬੀ, ਉਰਦੂ, ਅੰਗਰੇਜ਼ੀ ਆਦਿ ਜ਼ੁਬਾਨਾਂ 'ਤੇ ਅਬੂਰ ਹਾਸਲ ਹੋਇਆ। ਜਲਿਆਂਵਾਲੇ ਬਾਗ ਦਾ ਖ਼ੂਨੀ ਦ੍ਰਿਸ਼ ਉਨ੍ਹਾਂ ਆਪਣੀਆਂ ਅੱਖਾਂ ਸਾਹਮਣੇ ਵੇਖਿਆ ਸੀ। ਧਾਰਮਕ ਵਿਦਿਆ ਆਪਣੇ ਪਿਤਾ ਤੋਂ ਗ੍ਰਹਿਣ ਕੀਤੀ। ਸ: ਤੇਗ ਦਾ ਪਹਿਲਾ ਵਿਆਹ 1928 ਵਿੱਚ ਬੀਬੀ ਲਖਵਿੰਦਰ (ਲਖਸ਼ਮੀ) ਕੌਰ ਨਾਲ ਹੋਇਆ ਅਤੇ ਦੂਜਾ ਵਿਆਹ ਤੀਰਥ ਕੌਰ ਨਾਲ 1945 ਵਿੱਚ ਹੋਇਆ।

ਪੰਥਕ ਮੁਹਾਜ਼ ਵਲ: ਸ: ਸੰਤ ਸਿੰਘ ਤੇਗ ਬਚਪਨ ਤੋਂ ਹੀ ਧਾਰਮਕ ਵਿਚਾਰਾਂ ਦਾ ਅਜਿਹਾ ਗੁਲਦਸਤਾ ਸੀ ਜਿਸ ਦੇ ਰੋਮ ਰੋਮ ਵਿੱਚੋਂ ਪੰਥਕ ਜਜ਼ਬਾ ਡੁਲ੍ਹ ਡੁਲ੍ਹ ਪੈਂਦਾ ਸੀ। ਪਿੰਡ ਹੱਟੀਆਂ-ਦੁਪੱਟਾ, ਦੋਮੇਲ-ਸ੍ਰੀਨਗਰ ਮੁੱਖ ਸੜਕ ਦੇ ਨੇੜੇ ਹੋਣ ਕਾਰਨ, ਪਹਿਲੀ ਉਮਰੇ ਹੀ ਆਪ ਨੇ ਡਰਾਇਵਰੀ ਦਾ ਕਿੱਤਾ ਸਿਖ ਲਿਆ। ਇਕ ਮੁਲਾਕਾਤ ਵਿੱਚ ਉਨ੍ਹਾਂ ਦੱਸਿਆ ਕਿ ਉਹ ਸ੍ਰੀਨਗਰ-ਰਾਵਲਪਿੰਡੀ ਸੜਕ ਉਤੇ ਕਈ ਵਰ੍ਹੇ ਟਰੱਕ ਚਲਾਉਂਦੇ ਰਹੇ ਜਿਸ ਕਾਰਨ ਉਨ੍ਹਾਂ ਦਾ ਸੰਪਰਕ ਹਰ ਵਰਗ ਦੇ ਲੋਕਾਂ ਨਾਲ ਗੂੜ੍ਹਾ ਹੁੰਦਾ ਗਿਆ। ਉਹ 1934 ਵਿੱਚ ਗੁਰਦੁਆਰਾ ਛੇਵੀਂ ਪਾਤਸ਼ਾਹੀ ਨਲੂਛੀ ਦੇ ਪ੍ਰਧਾਨ ਬਣੇ। ਪੰਥਕ ਸਫ਼ਾਂ ਵਿੱਚ ਉਹ ਦਿਨ-ਬ-ਦਿਨ ਮਕਬੂਲ ਹੁੰਦੇ ਗਏ ਅਤੇ ਲੋਕ ਭਲਾਈ ਦੇ ਕੰਮਾਂ ਵਿੱਚ ਪੇਸ਼ ਪੇਸ਼ ਰਹੇ। 1950 ਵਿੱਚ ਉਹ ਰਿਆਸਤੀ ਅਕਾਲੀ ਦਲ ਦੇ ਪ੍ਰਧਾਨ ਰਹੇ ਅਤੇ ਇਸੇ ਅਹੁਦੇ 'ਤੇ 1957 ਤਕ ਰਹੇ। 1990 ਵਿੱਚ ਅਕਾਲੀ ਦਲ (ਮਾਨ) ਦੇ ਰਿਆਸਤੀ ਪ੍ਰਧਾਨ ਰਹੇ। 1947 ਤੋਂ ਪਹਿਲਾਂ ਸ: ਤੇਗ ਸ਼੍ਰੋਮਣੀ ਖਾਲਸਾ ਦਰਬਾਰ ਜੰਮੂ-ਕਸ਼ਮੀਰ ਦੇ ਆਰਗੇਨਾਈਜ਼ਰ ਵੀ ਰਹੇ। 1945 ਵਿੱਚ ਨਲੂਛੀ ਦੇ ਇਤਿਹਾਸਕ ਗੁਰਦੁਆਰੇ ਦੇ ਜਨਰਲ ਸਕੱਤਰ ਦੀ ਸੇਵਾ ਵੀ ਆਪ ਨੇ ਬਾ-ਖ਼ੂਬੀ ਨਿਭਾਈ। ਪੰਜਾਬ ਵਿੱਚ ਜਾ ਕੇ 'ਪੰਜਾਬੀ ਸੂਬਾ ਮੋਰਚਾ' ਵਿੱਚ ਹੋਰ ਰਿਆਸਤੀ ਸਿੰਘਾਂ,

ਸਿੰਘਣੀਆਂ ਦੇ ਵੱਡੇ ਵੱਡੇ ਜਥੇ ਲੈ ਕੇ ਗ੍ਰਿਫ਼ਤਾਰੀਆਂ ਦਿੱਤੀਆਂ। ਜਦੋਂ ਆਪ ਜੀ ਵਾਪਸ ਜੇਲ੍ਹ ਤੋਂ ਰਿਹਾ ਹੋ ਕੇ ਬਾਰਾਮੂਲਾ ਆਏ ਤਾਂ ਉਥੋਂ ਦੇ ਸਿੰਘਾਂ ਨੇ ਖੋਜਾ ਬਾਗ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਬਾਰਾਮੂਲਾ ਤਕ 150 ਕਿਸ਼ਤੀਆਂ, ਜਿਨ੍ਹਾਂ ਵਿੱਚ ਸਿੱਖ ਸੰਗਤਾਂ ਬੈਠੀਆਂ ਸਨ, ਦਾ ਭਾਰੀ ਜਲੂਸ ਕੇਸਰੀ-ਨਿਸ਼ਾਨ ਲਾ ਕੇ ਦਰਿਆ ਜਿਹਲਮ ਵਿੱਚ ਕਢਿਆ ਜੋ ਬੜਾ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਸੀ।

ਸਰਦਾਰ ਸੰਤ ਸਿੰਘ ਤੇਗ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸ: ਈਸ਼ਰ ਸਿੰਘ ਮਝੈਲ, ਸ: ਗਿਆਨ ਸਿੰਘ ਰਾੜੇਵਾਲੇ ਆਦਿ ਲੀਡਰਾਂ ਨਾਲ ਬੜੀ ਨੇੜਤਾ ਰੱਖਦੇ ਸਨ। ਰਿਆਸਤੀ ਅਕਾਲੀ ਦਲ ਦੀ ਪ੍ਰਧਾਨਗੀ ਸਮੇਂ ਰਿਆਸਤ ਵਿੱਚ ਅਨੇਕਾਂ ਅਕਾਲੀ ਕਾਨਫਰੰਸਾਂ ਕਰ ਕੇ ਆਪ ਨੇ ਪੰਥਕ ਸਫ਼ਾਂ ਵਿੱਚ ਨਵੀਂ ਰੂਹ ਫੂਕੀ। ਆਪ ਕਾਫ਼ੀ ਸਮਾਂ ਸ਼੍ਰੋ: ਅਕਾਲੀ ਦਲ ਦੇ ਮੈਂਬਰ ਵੀ ਰਹੇ। ਆਪ ਦੀ ਨਿਗਰਾਨੀ ਹੇਠ ਹੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਤਾਬਦੀ ਮਨਾਈ ਗਈ ਸੀ ਜਿਸ ਦੇ ਕਨਵੀਨਰ ਬ੍ਰਿਗੇਡੀਅਰ ਰਾਜਿੰਦਰ ਸਿੰਘ ਸਨ।

ਅਕਤੂਬਰ 1947 ਦੇ ਕਬਾਇਲੀ ਹਮਲੇ ਦੌਰਾਨ ਆਪਣੇ ਪ੍ਰਭਾਵਸ਼ਾਲੀ ਅਸਰ ਰਸੂਖ ਰਾਹੀਂ ਆਪ ਨੇ ਟਰੱਕਾਂ, ਬਸਾਂ ਤੇ ਟਾਂਗਿਆਂ ਰਾਹੀਂ ਬਾਰਾਮੂਲਾ, ਕੁਪਵਾੜਾ ਆਦਿ ਇਲਾਕਿਆਂ ਤੋਂ ਸਿੱਖ-ਹਿੰਦੂ ਪ੍ਰਵਾਰਾਂ ਨੂੰ ਸ੍ਰੀਨਗਰ ਪਹੁੰਚਾ ਕੇ ਜੋ ਅਨੋਖਾ ਕਾਰਨਾਮਾ ਸਰ-ਅੰਜਾਮ ਦਿੱਤਾ, ਉਹ ਅਜ ਵੀ ਲੋਕਾਂ ਦੀਆਂ ਯਾਦਾਂ ਵਿੱਚ ਸਾਂਭਿਆ ਹੋਇਆ ਹੈ ਅਤੇ ਇਤਿਹਾਸ ਦੇ ਵਰਕਿਆਂ 'ਤੇ ਸੁਨਹਿਰੀ ਹਰਫ਼ਾਂ ਨਾਲ ਲਿਖਿਆ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਵਿੱਚ: ਜਿਥੇ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤਰਿੰਗ ਮੈਂਬਰ ਵੀ ਰਹੇ, ਉਥੇ ਆਪ ਨੇ ਅਕਾਲ ਸੈਨਾ ਦੇ ਮੁਖੀ ਦੀ ਸੇਵਾ ਵੀ ਨਿਭਾਈ। ਸਰਬ ਹਿੰਦ ਅਕਾਲੀ ਕਾਨਫਰੰਸਾਂ ਪਟਿਆਲਾ, ਅੰਮ੍ਰਿਤਸਰ ਤੇ ਲੁਧਿਆਣਾ ਵਿੱਚ ਵੱਡੇ ਜਥੇ ਲੈ ਕੇ ਵੀ ਆਪ ਸ਼ਾਮਲ ਹੁੰਦੇ ਰਹੇ। 1947 ਵਿੱਚ ਜਦੋਂ ਤਕਰੀਬਨ 60 ਹਜ਼ਾਰ ਸਿੱਖ-ਹਿੰਦੂ ਸ਼ਰਨਾਰਥੀ ਪੁਣਛ ਵਿੱਚ ਇਕੱਠੇ ਹੋ ਗਏ ਸਨ ਤਾਂ ਤੇਗ ਸਾਹਿਬ ਉਸ ਵਫ਼ਦ ਵਿੱਚ ਸ਼ਾਮਲ ਸਨ ਜੋ ਜਹਾਜ਼ ਰਾਹੀਂ ਦਿੱਲੀ ਜਾ ਕੇ ਸ਼ਰਨਾਰਥੀਆਂ ਨੂੰ ਸੁਰੱਖਿਅਤ ਜੰਮੂ ਲਿਆਉਣਾ ਚਾਹੁੰਦਾ ਸੀ। ਭਾਰਤੀ ਫੌਜਾਂ ਦੇ ਜਰਨੈਲਾਂ ਜਿਵੇਂ ਲੈਫ. ਜਨਰਲ ਤਾਰਾ ਸਿੰਘ ਬਲ, ਮੇਜਰ ਜਨਰਲ ਕੁਲਵੰਤ ਸਿੰਘ, ਮੇਜਰ ਆਤਮਾ ਸਿੰਘ, ਬ੍ਰਿਗੇਡੀਅਰ ਪ੍ਰੀਤਮ ਸਿੰਘ ਆਦਿ ਨਾਲ ਆਪ ਦੇ ਨੇੜਲੇ ਸਬੰਧ ਕਾਇਮ ਹੋ ਗਏ।

1954 ਈ. ਵਿੱਚ ਆਪ ਨੇ ਗੁਰਦੁਆਰਾ ਨਾਨਕਸਰ ਮਟਨ, ਕਸ਼ਮੀਰ ਵਿੱਚ ਭਾਰੀ ਦੀਵਾਨ ਕੀਤੇ ਅਤੇ ਡੋਗਰਾ ਹਕੂਮਤ ਦੀ ਸ਼ਹਿ ਨਾਲ ਕਸ਼ਮੀਰੀ ਪੰਡਤਾਂ ਵੱਲੋਂ ਗੁਰਦੁਆਰਿਆਂ ਉਤੇ ਕੀਤੇ ਨਾਜਾਇਜ਼ ਕਬਜ਼ੇ ਹਟਾਉਣ ਲਈ ਅਤੇ ਸਿੱਖ ਰਾਜ ਸਮੇਂ ਲਗੀਆਂ ਜਾਗੀਰਾਂ ਨੂੰ ਮੁੜ ਬਹਾਲ ਕਰਨ ਲਈ ਜੰਮੂ ਕਸ਼ਮੀਰ ਸਰਕਾਰ ਨੂੰ ਮੈਮੋਰੰਡਮ ਪੇਸ਼ ਕੀਤੇ ਜਿਨ੍ਹਾਂ ਵਿੱਚ ਸ਼ਰਨਾਰਥੀਆਂ ਦੇ ਮੁੜ ਵਸੇਬੇ, ਸਰਕਾਰੀ ਨੌਕਰੀਆਂ ਵਿੱਚ ਸਿੱਖ ਘੱਟ ਗਿਣਤੀ ਨੂੰ ਥਾਂ ਆਦਿ ਦੇਣ ਬਾਰੇ ਪ੍ਰਸ਼ਨ ਉਠਾਏ ਗਏ ਸਨ। ਅਜੋਕੇ ਸੰਕਟ ਸਮੇਂ ਵੀ ਉਹ ਕਸ਼ਮੀਰ ਦੇ ਪਿੰਡ ਪਿੰਡ ਜਾ ਕੇ ਸਿੱਖਾਂ ਨੂੰ ਢਾਰਸ ਦੇਂਦੇ ਰਹੇ ਅਤੇ ਕਸ਼ਮੀਰ ਵਿੱਚ ਹੀ ਡਟੇ ਰਹਿਣ ਦੀ ਤਾਕੀਦ ਕਰਦੇ ਰਹੇ।

ਸਿਆਸੀ ਮੁਹਾਜ਼ ਵਲ: ਸਰਦਾਰ ਤੇਗ ਨੇ ਆਪਣੀ ਜਵਾਨੀ ਸਮੇਂ ਤੋਂ ਹੀ ਸਿਆਸੀ ਮੁਹਾਜ਼ ਵਲ ਸਫਰ ਸ਼ੁਰੂ ਕਰ ਦਿੱਤਾ ਸੀ। ਉਹ ਕਿਸਾਨਾਂ ਦੇ ਹਕੂਕ ਲਈ ਜਦੋ-ਜਹਿਦ ਵਿੱਚ ਅਹਿਮ ਹਿੱਸਾ ਪਾਉਣ ਲੱਗ ਪਏ ਸਨ। ਇਹੋ ਕਾਰਨ ਸੀ ਕਿ 1933 ਵਿੱਚ ਮੁਜ਼ੱਫਰਾਬਾਦ ਦੀ ਕਿਸਾਨ ਸਭਾ ਦਾ ਉਨ੍ਹਾਂ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ।

ਕਸ਼ਮੀਰ ਛੋੜੋ ਅੰਦੋਲਨ:-

1942 ਈ. ਦੇ ਆਸਪਾਸ ਜਦੋਂ ਸ਼ਖਸੀ ਹਕੂਮਤ ਦੇ ਵਿਰੁਧ ਨੈਸ਼ਨਲ ਕਾਨਫਰੰਸ ਜਥੇਬੰਦੀ ਵੱਲੋਂ 'ਕਸ਼ਮੀਰ ਛੋੜੋ' ਅੰਦੋਲਨ ਸ਼ੇਖ ਅਬਦੁੱਲਾ ਦੀ ਅਗਵਾਈ ਹੇਠ ਸ਼ੁਰੂ ਹੋਇਆ ਤਾਂ ਸ: ਤੇਗ ਵੀ ਘਰੇਲੂ ਕੰਮ ਛੱਡ ਕੇ ਇਸ ਲੋਕ ਲਹਿਰ ਵਿੱਚ ਬੜੀ ਸਰਗਰਮੀ ਨਾਲ ਸ਼ਾਮਲ ਹੋ ਗਏ। ਆਪ ਸ਼ੇਖ ਸਾਹਿਬ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੇ ਰਹੇ। ਸ: ਤੇਗ ਦੀ ਦੂਰ ਦ੍ਰਿਸ਼ਟੀ ਅਤੇ ਸੁਚੱਜੀ ਲਗਨ ਨੇ ਇਸ ਜਦੋ ਜਹਿਦ ਨੂੰ ਚੰਗੀ ਤਾਕਤ ਬਖ਼ਸ਼ੀ। ਉਨ੍ਹਾਂ ਦੇ ਜੋਸ਼ੀਲੇ ਅਤੇ ਪ੍ਰਭਾਵਸ਼ਾਲੀ ਭਾਸ਼ਨ ਲੋਕਾਂ 'ਤੇ ਜਾਦੂਈ ਅਸਰ ਕਰਦੇ ਸਨ। ਇਹੋ ਮੁੱਖ ਕਾਰਨ ਸੀ ਕਿ ਜਦੋਂ ਸ਼ੇਖ ਸਾਹਿਬ ਜਲਸੇ ਜਲੂਸਾਂ ਵਿੱਚ ਭਾਗ ਲੈਂਦੇ ਤਾਂ ਤੇਗ ਸਾਹਿਬ ਨੂੰ ਹਮੇਸ਼ਾ ਨਾਲ ਰਖਦੇ। ਉਨ੍ਹਾਂ ਦੀਆਂ ਕਵਿਤਾਵਾਂ ਨਾਲ ਭਾਸ਼ਨ ਸ਼ੁਰੂ ਹੁੰਦੇ ਅਤੇ ਲੋਕੀ ਅੱਸ਼ ਅੱਸ਼ ਕਰ ਉਠਦੇ। ਸਰਦਾਰ ਤੇਗ ਨੂੰ ਬਾਅਦ ਵਿੱਚ ਨੈਸ਼ਨਲ ਕਾਨਫਰੰਸ ਦੀ ਜਨਰਲ ਕੌਂਸਲ ਦਾ 1938-1950 ਤਕ ਮੈਂਬਰ ਨਾਮਜ਼ਦ ਕੀਤਾ ਗਿਆ। ਉਹ ਕਿਸੇ ਸਮੇਂ ਸ਼ੇਖ ਸਾਹਿਬ ਦੇ ਸੱਜੇ ਹੱਥ ਮੰਨੇ ਜਾਂਦੇ ਸਨ।

ਮੁਕੰਮਲ ਆਜ਼ਾਦੀ :-

1964 ਵਿੱਚ ਮੁਜਾਹਿਦ ਮੰਜ਼ਲ ਦੀ ਇਕ ਅਹਿਮ ਮੀਟਿੰਗ ਵਿੱਚ ਜੰਮੂ ਕਸ਼ਮੀਰ ਦੀ ਆਜ਼ਾਦੀ ਲਈ ਜਦੋਜਹਿਦ ਕਰਨ ਦੀ ਵਚਨਬੱਧਤਾ ਦੁਹਰਾਈ ਗਈ। ਇਹੋ ਕਾਰਨ ਸੀ ਕਿ ਉਨ੍ਹਾਂ ਨੇ ਸ਼ੁਰੂ ਵਿੱਚ Plebiscite Front (ਜਨਮਤ ਸੰਗ੍ਰਹਿ) ਵਿੱਚ ਬੜਾ ਕੰਮ ਕੀਤਾ। 1955 ਵਿੱਚ ਆਦੂਜ਼ ਹੋਟਲ ਵਿੱਚ ਇਕ ਪ੍ਰੈਸ ਕਾਨਫਰੰਸ ਵਿੱਚ ਉਨ੍ਹਾਂ ਜ਼ੋਰ ਦੇ ਕੇ ਕਿਹਾ ਸੀ ਕਿ ਕਸ਼ਮੀਰ ਦਾ ਮਸਲਾ ਲੋਕਾਂ ਦੀ ਮਰਜ਼ੀ ਅਨੁਸਾਰ ਹੱਲ ਕੀਤਾ ਜਾਵੇ। ਉਹ ਦੱਸਦੇ ਹਨ ਕਿ 1964 ਵਿੱਚ ਸ਼ੇਖ ਸਾਹਿਬ ਨੇ ਇਕ ਸਟੈਂਡਿੰਗ ਕਮੇਟੀ ਬਣਾਈ ਸੀ ਤਾਕਿ 'ਕਸ਼ਮੀਰ ਦੀ ਆਜ਼ਾਦੀ' ਲਈ ਜਦੋਜਹਿਦ ਸ਼ੁਰੂ ਕੀਤੀ ਜਾਵੇ। ਸ: ਤੇਗ ਦਸਦੇ ਹਨ ਕਿ ਜਦੋਂ ਸ੍ਰੀਨਗਰ ਦੇ ਲਾਲ ਚੌਕ ਵਿੱਚ ਪੰਡਤ ਜਵਾਹਰ ਲਾਲ ਨਹਿਰੂ ਨੇ ਭਾਸ਼ਣ ਦਿੱਤਾ ਤਾਂ ਬਾਅਦ ਵਿੱਚ ਉਹ ਨਹਿਰੂ ਨੂੰ ਮਿਲੇ ਅਤੇ ਲੋਕਾਂ ਦੀਆਂ ਆਕਾਂਖਿਆਵਾਂ ਬਾਰੇ ਪੁਛਿਆ। ਨਹਿਰੂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਹਰ ਹਾਲਤ ਵਿੱਚ ਉਨ੍ਹਾਂ (ਲੋਕਾਂ) ਦੇ ਹਕੂਕ ਦਿਵਾਵੇਗਾ।

ਸ਼ੇਖ ਅਬਦੁੱਲਾ ਨਾਲ ਨੇੜਤਾ ਤੇ ਜੇਲ੍ਹ ਵਿੱਚ ਬਿਤਾਏ 20 ਸਾਲ:-

ਸਰਦਾਰ ਸੰਤ ਸਿੰਘ ਤੇਗ ਦੇ ਦਿਲ ਵਿੱਚ ਸ਼ੇਖ ਮੁਹੰਮਦ ਅਬਦੁੱਲਾ ਸਾਹਿਬ ਦੀ ਬੜੀ ਇੱਜ਼ਤ ਹੈ ਅਤੇ ਅਜ ਵੀ ਕਹਿੰਦੇ ਹਨ ਕਿ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਸ਼ੇਖ ਸਾਹਿਬ ਦੀਆਂ ਕੁਰਬਾਨੀਆਂ ਨਹੀਂ ਭੁਲਣੀਆਂ ਚਾਹੀਦੀਆਂ। ਸ: ਤੇਗ ਨੇ ਨੈਸ਼ਨਲ ਕਾਨਫਰੰਸ ਦੇ ਪ੍ਰਮੁੱਖ ਲੀਡਰਾਂ ਜਿਵੇਂ ਸ਼ੇਖ ਸਾਹਿਬ, ਸ: ਬੁਧ ਸਿੰਘ ਤਿਆਗੀ, ਮਿਰਜ਼ਾ ਅਫ਼ਜ਼ਲ ਬੇਗ, ਬਖ਼ਸ਼ੀ ਗੁਲਾਮ ਮੁਹੰਮਦ, ਪੰਡਤ ਸ਼ਾਮ ਲਾਲ ਸਰਾਫ਼, ਗਿਰਧਾਰੀ ਲਾਲ ਡੋਗਰਾ, ਖ਼ਵਾਜਾ ਗੁਲਾਮ

ਮੁਹੰਮਦ ਸਾਦਕ, ਸ: ਸਰਦਾਰਾ ਸਿੰਘ ਮੀਰਪੁਰੀ ਆਦਿ ਨਾਲ ਮਿਲ ਕੇ ਰਿਆਸਤੀ ਲੋਕਾਂ ਨੂੰ ਸਮਾਜਕ, ਰਾਜਨੀਤਕ ਅਤੇ ਆਰਥਕ ਆਜ਼ਾਦੀ ਦਿਵਾਉਣ ਵਿੱਚ ਖ਼ਾਸ ਭੂਮਿਕਾ ਨਿਭਾਈ। ਰਿਆਸਤ ਵਿੱਚ ਰਾਜਨੀਤਕ ਆਜ਼ਾਦੀ ਹਾਸਲ ਕਰਨ ਲਈ ਡੋਗਰਾ ਹਕੂਮਤ ਦੇ ਬਰਖਿਲਾਫ ਜੋ ਸੰਘਰਸ਼ ਚਲਿਆ, ਤੇਗ ਸਾਹਿਬ ਇਕ ਸਰਗਰਮ ਨੇਤਾ ਵਜੋਂ ਉਸ ਵਿੱਚ ਪੇਸ਼ ਪੇਸ਼ ਰਹੇ। ਉਹ ਤਕਰੀਬਨ 18-20 ਵਰ੍ਹੇ ਜੇਲ੍ਹਾਂ ਵਿੱਚ ਰਹੇ ਜਿਵੇਂ ਮੁਜ਼ੱਫਰਾਬਾਦ, ਕਿਲ੍ਹਾ ਹਰੀ ਪਰਬਤ, ਸ੍ਰੀਨਗਰ ਆਦਿ ਵਿੱਚ।

ਮੰਤਰੀ ਬਨਾਉਣ ਦੀ ਪੇਸ਼ਕਸ਼:-

ਜਦੋਂ 1953 ਈ. ਵਿੱਚ ਸ਼ੇਖ ਸਾਹਿਬ ਨੂੰ ਭਦਰਵਾਹ ਜੇਲ੍ਹ ਭੇਜ ਦਿੱਤਾ ਗਿਆ ਤਾਂ ਉਨ੍ਹਾਂ ਬੇਗਮ ਅਬਦੁੱਲਾ ਦੀਆਂ ਚਿੱਠੀਆਂ ਭੇਸ ਬਦਲ ਕੇ ਜੇਲ੍ਹਾਂ ਵਿੱਚ ਪਹੁੰਚਾਉਣ ਦਾ ਕੰਮ ਸਰ-ਅੰਜ਼ਾਮ ਦਿੱਤਾ। ਤੇਗ ਸਾਹਿਬ ਦੱਸਦੇ ਹਨ ਕਿ ਜਦੋਂ 1962 ਵਿੱਚ ਉਹ ਅਬਦੁਲ ਕਯੂਮ ਦੀ ਦਾਅਵਤ 'ਤੇ ਮੁਜ਼ੱਫਰਾਬਾਦ ਗਏ ਤਾਂ ਉਨ੍ਹਾਂ ਦਾ ਹਰ ਥਾਂ ਬੜੀ ਗਰਮਜੋਸ਼ੀ ਨਾਲ ਇਸਤਕਬਾਲ ਕੀਤਾ ਗਿਆ। ਉਹ ਉਥੇ ਉਸ ਸਮੇਂ ਦੇ ਰਾਸ਼ਟਰਪਤੀ ਸਰਦਾਰ ਅਯੂਬ ਖਾਨ ਅਤੇ ਆਜ਼ਾਦ ਕਸ਼ਮੀਰ ਦੇ ਪ੍ਰਧਾਨ ਮੰਤਰੀ ਅਬਦੁਲ ਹਮੀਦ ਖਾਨ ਨੂੰ ਵੀ ਮਿਲੇ ਸਨ। ਉਹ ਦੱਸਦੇ ਹਨ ਕਿ ਇਕ ਵੇਰ ਸ਼ੇਖ ਸਾਹਿਬ ਨੇ ਉਨ੍ਹਾਂ ਨੂੰ ਰਿਆਸਤ ਦਾ ਮੰਤਰੀ ਬਣਾਉਣ ਦੀ ਪੇਸ਼ਕਸ਼ ਕੀਤੀ ਸੀ ਪਰ ਤੇਗ ਸਾਹਿਬ ਨੇ ਇਹ ਪੇਸ਼ਕਸ਼ ਪ੍ਰਵਾਨ ਨਾ ਕੀਤੀ। ਜਦੋਂ ਸ਼ੇਖ ਸਾਹਿਬ ਭਦਰਵਾਹ ਜੇਲ੍ਹ ਤੋਂ ਰਿਹਾ ਹੋ ਕੇ ਆਏ ਤਾਂ ਸ: ਤੇਗ ਵਾਦੀ ਤਕ ਉਸ ਦੇ ਮਾਰਗ-ਰਖਿਅਕ ਬਣ ਕੇ ਆਏ। ਤੇਗ ਜੀ ਨੇ ਕਈ ਦੇਸ਼ਾਂ ਦਾ ਭ੍ਰਮਣ ਕੀਤਾ ਜਿਨ੍ਹਾਂ ਵਿੱਚ ਪਾਕਿਸਤਾਨ, ਅਫ਼ਗਾਨਿਸਤਾਨ, ਤੁਰਕਿਸਤਾਨ, ਇਰਾਨ ਆਦਿ ਸ਼ਾਮਲ ਹਨ। ਰਿਆਸਤ ਵਿੱਚ ਚਲੀ ਲਹਿਰ 'ਮਹੰਤਸ਼ਾਹੀ ਖਤਮ ਕਰੋ' ਵਿੱਚ ਪੇਸ਼ ਪੇਸ਼ ਰਹੇ ਅਤੇ ਇਸ ਸੰਦਰਭ ਵਿੱਚ ਕਈ ਵੇਰਾਂ ਮਹੰਤਾਂ ਦੇ ਹਮਾਇਤੀਆਂ ਨੇ ਉਨ੍ਹਾਂ ਨੂੰ ਜ਼ਖਮੀ ਵੀ ਕੀਤਾ।

ਇਹ ਨਿਪੁੰਨ, ਵਿਦਵਾਨ, ਸਿਆਸਤਦਾਨ ਅਤੇ ਦੇਸ਼ ਭਗਤ ਅਜ ਅਣਗੌਲੀ ਜਹੀ ਜ਼ਿੰਦਗੀ ਬਸਰ ਕਰ ਰਿਹਾ ਹੈ। ਮੇਰਾ ਇਹ ਕਾਮਲ ਯਕੀਨ ਹੈ ਕਿ ਜੇਕਰ ਤੇਗ ਸਾਹਿਬ ਸਿਆਸੀ ਮੈਦਾਨ ਵਿੱਚ ਆਪਣੇ ਲਈ ਕੁਝ ਹਾਸਲ ਕਰਨ ਦੀ ਨੀਅਤ ਨਾਲ ਕੰਮ ਕਰਦੇ ਤਾਂ ਇਹ ਬਹੁਤ ਦੂਰ ਦੀ ਮੰਜ਼ਲ 'ਤੇ ਪਹੁੰਚੇ ਹੁੰਦੇ। ਫ਼ਕੀਰੀ ਨੂੰ ਗਲ ਨਾਲ ਲਾਉਣ ਵਾਲਾ ਅਤੇ ਲੋਕ-ਸੇਵਾ ਲਈ ਆਪਣਾ ਜੀਵਨ ਸਮਰਪਿਤ ਕਰਨ ਵਾਲਾ ਇਹ ਬੁਢਾ ਜਰਨੈਲ, ਸ਼ੇਰੇ-ਕਸ਼ਮੀਰ, ਰਿਆਸਤੀ ਲੋਕਾਂ ਲਈ ਅੱਜ ਕੋਹਿਨੂਰ ਹੋ ਨਿਬੜਿਆ ਹੈ। ਇਹ 2008 ਵਿੱਚ ਗੁਰਪੁਰੀ ਸਿਧਾਰ ਗਏ ਹਨ।

* * *

ਰਿਸਾਲਦਾਰ ਮੇਜਰ ਤੋਂ ਸਰਬਰਾਹ ਦਰਬਾਰ ਸਾਹਿਬ

ਸਰਦਾਰ ਬਹਾਦਰ ਮਾਨ ਸਿੰਘ ਰਿਸਾਲਦਾਰ ਮੇਜਰ ਹੁੱਡਸਨ ਹਾਰਸ (ਹੁਣ ਚਾਰ ਹਾਰਸ ਰੈਜੀਮੈਂਟ) ਦੇ ਬਾਨੀ ਸਨ। ਇਸ ਬਹਾਦਰ, ਧਰਮੀ, ਅਣਖੀ ਅਤੇ ਸਿੱਖੀ ਦੀ ਸੂਰਤ ਨੂੰ ਸਿੱਖ ਤਵਾਰੀਖ ਨੇ ਸਾਂਭਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਪਰ ਅੱਜ ਵੀ ਅੰਗਰੇਜ਼ਾਂ ਨੇ ਇਸ ਦੀ ਅਨੋਖੀ ਸੂਰਮਗਤੀ ਦੀ ਦਾਸਤਾਨ ਨੂੰ ਆਪਣੀਆਂ ਪੁਸਤਕਾਂ ਅਤੇ ਖਤੋ-ਕਿਤਾਬਤ ਵਿੱਚ ਸਾਂਭ ਕੇ ਰੱਖਿਆ ਹੋਇਆ ਹੈ।

ਸਰਦਾਰ ਬਹਾਦਰ ਮਾਨ ਸਿੰਘ ਦੇ ਘਰਾਣੇ ਦੀ ਤਵਾਰੀਖ ਵੱਲ ਨਜ਼ਰ ਮਾਰਿਆਂ ਪਤਾ ਚੱਲਦਾ ਹੈ ਕਿ ਇਨ੍ਹਾਂ ਦੇ ਬਜ਼ੁਰਗ ਚੌਧਰੀ ਤੇਜ ਨੇ ਗਜ਼ਨੀ ਤੋਂ ਆ ਕੇ ਰੋੜੀਆਲਾ (ਜ਼ਿਲਾ ਗੁੱਜਰਾਂਵਾਲਾ) ਦੀ ਨੀਂਹ ਰੱਖੀ ਸੀ। 1759 ਨੂੰ ਮਾਨ ਸਿੰਘ ਦੇ ਦਾਦਾ ਭਗਤ ਸਿੰਘ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਉਨ੍ਹਾਂ ਦੇ ਦੋ ਸਪੁੱਤਰ ਸ੍ਰ: ਸੇਵਾ ਸਿੰਘ, ਸ੍ਰ: ਦੇਵਾ ਸਿੰਘ ਅਤੇ ਇਕ ਲੜਕੀ ਦੇਵੀ ਹੋਏ। ਇਹ ਦੇਵੀ ਸ੍ਰ: ਗੁਜਰ ਸਿੰਘ (ਜੋ ਭੰਗੀ ਮਿਸਲ ਦਾ ਤਾਕਤਵਰ ਮੁਖੀ ਸੀ) ਨਾਲ ਵਿਆਹੀ ਗਈ। ਦੋਵਾਂ ਪੁੱਤਰ ਨੂੰ ਲੋਸਿਹਰਾ (ਜ਼ਿਲਾ ਗੁਜਰਾਤ) ਵਿੱਚ ਕਾਫੀ ਜਾਗੀਰ ਮਿਲੀ ਸੀ ਸ੍ਰ: ਜੈਲ ਸਿੰਘ ਸੈਣੀ ਵਾਲਾ ਦਾ ਵਿਆਹ ਸ੍ਰ: ਦੇਵਾ ਸਿੰਘ ਦੀ ਪੁੱਤਰੀ ਨਾਲ ਹੋਇਆ। ਸ੍ਰ: ਜੋਧ ਸਿੰਘ (ਸਪੁੱਤਰ ਦੇਵਾ ਸਿੰਘ) ਨੇ ਸਰਦਾਰ ਦੇ ਘੋੜਚੜੇ ਦੀ ਨੌਕਰੀ 1813 ਵਿੱਚ ਭਾਵ 15 ਵਰ੍ਹੇ ਦੀ ਉਮਰ ਵਿੱਚ ਕੀਤੀ। 1825 ਵਿੱਚ ਸ਼ਾਹਜ਼ਾਦਾ ਸ਼ੇਰ ਸਿੰਘ ਦੀ ਫੌਜ ਵਿੱਚ ਆ ਗਏ। ਇਸੇ ਟੁਕੜੀ ਦੀ ਕਮਾਨ ਹੇਠ 1831 ਵਿੱਚ ਸ਼ਾਇਦ ਅਹਿਮਦ ਖਾਨ ਖਿਲਾਫ ਫਤਹਿਯਾਬੀ ਸੰਘਰਸ਼ ਕੀਤਾ ਗਿਆ ਸੀ। 1834-1848 ਤਕ ਸ੍ਰ: ਜੋਧ ਸਿੰਘ ਰਾਜਾ ਹੀਰਾ ਸਿਹੁੰ ਦੇ ਡੇਰੇ ਵਿੱਚ ਕਮਾਂਡਰ ਰਹੇ ਅਤੇ ਬਾਅਦ ਵਿੱਚ ਦੀਵਾਨ ਹੁਕਮ ਰਾਇ ਨਾਲ ਮਮਦੋਟ ਅਤੇ ਮੁਕਤਸਰ ਵਿੱਚ ਰਿਹਾ। ਸਾਦ ਵਿੱਚ ਇਨ੍ਹਾਂ ਨੂੰ ਲੁਟੇਰਿਆਂ ਦਾ ਸਫਾਇਆ ਕਰਨ ਲਈ ਮਾਝੇ ਭੇਜਿਆ ਗਿਆ। ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਉਨ੍ਹਾਂ ਨੂੰ ਮਾਝੇ ਵਿੱਚ 300 ਘੋੜ ਸਵਾਰਾਂ ਦੀ ਕਮਾਨ ਦਖਾ ਮੁਖੀ ਮੁਕੱਰਰ ਕੀਤਾ। ਸਤਲੁਜ ਦੀ ਫੌਜੀ ਕਾਰਵਾਈ ਮਗਰੋਂ ਸਰਦਾਰ ਨੂੰ ਅੰਮ੍ਰਿਤਸਰ ਵਿੱਚ ਅਦਾਲਤੀ (3000 ਰੁਪਏ) ਮੁਕੱਰਰ ਕੀਤਾ ਗਿਆ। 1862 ਵਿੱਚ ਹਰਿਮੰਦਰ ਸਾਹਿਬ ਦੇ ਸਰਬਰਾਹ ਬਣਾਏ ਗਏ।

ਸਰਦਾਰ ਬਹਾਦਰ ਮਾਨ ਸਿੰਘ ਵੜੈਚ ਘਰਾਣੇ ਦੇ ਜੰਮਪਲ ਸਨ, ਜਿਨ੍ਹਾਂ ਦੇ ਪਿਤਾ ਦਾ ਨਾਮ ਦੇਵਾ ਸਿੰਘ ਸੀ। ਸ੍ਰ: ਮਾਨ ਸਿੰਘ ਜਿਥੇ ਖੂਬਸੂਰਤ, ਬਲਵਾਨ, ਸੂਝਵਾਨ, ਉਤਸ਼ਾਹੀ, ਹਿੰਮਤੀ ਸਨ ਉਥੇ ਉਨ੍ਹਾਂ ਦਾ ਜੋਸ਼ੀਲਾ ਅਮਲੀ ਜੀਵਨ ਅਨੇਕਾਂ ਮੁਹਿੰਮਾਂ ਦਾ ਸੁਮੇਲ ਆਖਿਆ ਜਾ ਸਕਦਾ ਹੈ। ਉਹ ਜਿਥੇ ਇਕ ਕੁਸ਼ਲ ਪ੍ਰਬੰਧਕ ਸਨ ਉਥੇ ਆਪਣੀ ਜਾਗੀਰ ਦੀ ਦੇਖਭਾਲ ਕਰਨ ਵਿੱਚ ਵੀ ਬੜੇ ਨਿਪੁੰਨ ਸਨ। ਉਨ੍ਹਾਂ ਦੇ ਸਮਿਆਂ ਵਿੱਚ ਸਿੱਖ ਛੋਟੀ ਉਮਰੇ ਹੀ ਹਥਿਆਰਾਂ ਅਤੇ ਘੋੜਸਵਾਰੀ ਦੀ ਸਿਖਲਾਈ ਲੈ ਲੈਂਦੇ ਸਨ। ਘੋੜਚੜਾ ਫੌਜ ਦਾ ਇਕ ਅਜਿਹਾ ਦਸਤਾ ਸੀ ਜੋ ਲੜਾਈਆਂ ਵਿੱਚ ਅਹਿਮ ਮੁਕਾਮ ਰੱਖਦਾ ਸੀ।

ਇਕ ਅੰਗਰੇਜ਼ ਸੈਲਾਨੀ ਬਾਰਨ ਹੁਗਲ ਨੇ ਆਪਣੀ ਪੁਸਤਕ (ਟਰੈਵਲਵਜ਼ ਇਨ

ਕਸ਼ਮੀਰ ਐਂਡ ਪੰਜਾਬ, ਸਫਾ 33) ਵਿੱਚ ਲਿਖਦਾ ਹੈ ਕਿ ਨੱਬੇ ਫੀਸਦੀ ਘੋੜਚੜੇ ਸਿੱਖ ਹੁੰਦੇ ਸਨ। ਇਨ੍ਹਾਂ ਘੋੜਚੜ੍ਹਿਆਂ ਦੀ ਅੱਖੀਂ ਦੇਖੀ ਪਰੇਡ ਅਤੇ ਜੰਗੀ ਪੈਂਤੜਿਆਂ ਬਾਰੇ ਜੀ.ਐਸ. ਬਾਰਨ ਜੂਨ 1838 ਦੀ ਪਰੇਡ ਵੇਖ ਕੇ ਲਿਖਦਾ ਹੈ ਕਿ " 1 ਜੂਨ 1838 ਦੀ ਸਵੇਰ ਨੂੰ ਮਹਾਰਾਜ ਅਤੇ ਉਸ ਦੀ ਫੌਜ ਦੀ ਪਰੇਡ ਦੇਖਣ ਦਾ ਮੌਕਾ ਮਿਲਿਆ। ਅਸਾਂ 2,000 ਆਦਮੀ ਆਪਣੇ ਹਥਿਆਰਾਂ ਨਾਲ ਲੈਸ ਅਤੇ ਪੈਦਲ ਫੌਜ ਵੇਖੀ। ਉਹ ਬਹੁਤ ਹੀ ਸੁੰਦਰ ਲੱਗ ਰਹੇ ਸਨ। ਸਫੈਦ ਰੰਗ ਦੀਆਂ ਜੈਕਟਾਂ ਅਤੇ ਪਤਲੂਨਾਂ ਨਾਲ ਅਤੇ ਕਾਲੀ ਪੇਟੀ ਅਤੇ ਪਾਊਰਾਂ ਪਾਈਆਂ ਹੋਈਆਂ ਸਨ। ਕੇਸਰੀ ਰੰਗ ਦੀਆਂ ਦਸਤਾਰਾਂ ਨਾਲ ਸਿੰਘ ਸਜ ਰਹੇ ਸਨ। ਸਿੱਖਾਂ ਦੀ ਲੰਮੀ ਕਾਲੀ ਦਾੜ੍ਹੀ ਇਕ ਅਨੋਖਾ ਨਜ਼ਾਰਾ ਪੇਸ਼ ਕਰ ਰਹੀ ਸੀ ਅਤੇ ਉਨ੍ਹਾਂ ਦੀ ਨੁਹਾਰ ਯਹੂਦੀਆਂ ਨਾਲ ਮਿਲਦੀ ਸੀ। ਇਹ ਸਿਪਾਹੀ ਬਹੁਤ ਹੀ ਸੋਹਣੇ, ਬਲਵਾਨ ਤੇ ਪ੍ਰਭਾਵਸ਼ਾਲੀ ਹਨ।"

1822 ਵਿੱਚ 25 ਵਰ੍ਹੇ ਦੀ ਉਮਰ ਵਿੱਚ ਮਾਨ ਸਿੰਘ ਘੋੜਚੜਾ ਫੌਜ ਦਾ ਅਫਸਰ ਭਰਤੀ ਹੋਇਆ ਜੋ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫੌਜ ਦਾ ਸ੍ਰੇਸ਼ਟ ਭਾਗ ਸਮਝਿਆ ਜਾਂਦਾ ਸੀ। ਸਰਦਾਰ ਮਾਨ ਸਿੰਘ ਨੇ ਸਿੱਖ ਰਾਜ ਸਮੇਂ ਅਫਗਾਨਿਸਤਾਨ ਦੀ ਲੜਾਈ, ਪਿਸ਼ਾਵਰ ਦੀ ਫਤਿਹ ਅਤੇ ਹੋਰ ਲੜਾਈਆਂ ਵਿੱਚ ਨਿਪੁੰਨਤਾ ਹਾਸਲ ਕੀਤੀ। 'ਪੰਜਾਬ ਦਾ ਰਾਜਾ' ਪੁਸਤਕ ਵਿੱਚ ਵੀ ਉਸ ਨੂੰ ਮਾਣਯੋਗ ਥਾਂ ਦਿੱਤੀ ਗਈ ਹੈ। ਫਿਰੋਜ਼ਸ਼ਾਹ, ਸਭਰਾਓਂ ਤੇ ਮੁਦਕੀ ਦੀਆਂ ਲੜਾਈਆਂ ਵਿੱਚ ਅੰਗਰੇਜ਼ਾਂ ਨਾਲ ਡਟ ਕੇ ਲੜੇ ਪਰ ਜਿੱਤ ਕੇ ਵੀ ਆਪਣੇ ਕਮਾਂਡਰ ਤੇਜ ਸਿੰਘ ਦੇ ਹੁਕਮ ਨਾਲ ਪਿਛਾਂਹ ਮੁੜ ਗਏ।

ਸਿੱਖ ਰਾਜ ਦੇ ਪਤਨ ਸਮੇਂ ਸ੍ਰ: ਮਾਨ ਸਿੰਘ ਲਾਹੌਰ ਵਿੱਚ 50 ਹਾਰਸ ਟੁਕੜੀ ਦੀ ਕਮਾਂਡ ਕਰ ਰਿਹਾ ਸੀ। 1848 ਵਿੱਚ ਉਸ ਨੂੰ ਅੰਮ੍ਰਿਤਸਰ ਭੇਜਿਆ ਗਿਆ ਜਿਥੇ ਉਹ ਆਪਣੇ ਤਾਏ ਦੇ ਪੁੱਤਰ ਸ੍ਰ: ਜੋਧ ਸਿੰਘ ਕੋਲ ਹੀ ਰਹਿ ਗਿਆ। ਸ਼ਾਂਤੀ ਹੁੰਦੇ ਸਾਰ ਹੀ ਉਸ ਨੂੰ 1849 ਵਿੱਚ 52 ਵਰ੍ਹੇ ਦੀ ਉਮਰ ਵਿੱਚ ਪੈਨਸ਼ਨ ਭੇਜ ਦਿੱਤਾ ਗਿਆ। ਉਹ ਦੁਬਾਰਾ ਪੁਲੀਸ ਵਿੱਚ ਭਰਤੀ ਹੋ ਕੇ (ਪੰਜਾਬ ਮਾਊਨਟਿਡ ਪੁਲੀਸ) 1857 ਤਕ ਕਰਨਲ ਰਿਚਰਡ ਲਾਰੰਸ ਦੀ ਪੁਲੀਸ ਵਿੱਚ ਰਿਹਾ।

ਜਦੋਂ ਅੰਗਰੇਜ਼ਾਂ ਨੇ ਹੁਡਸਨ ਹਾਰਸ ਰੈਜੀਮੈਂਡ ਨੂੰ ਤਰਤੀਬ ਦੇਣ ਬਾਰੇ ਸੋਚ ਵਿਚਾਰ ਕੀਤੀ ਤਾਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਰਾਬਰਟ ਮਿੰਟਗੁਮਰੀ ਦੀ ਪਹਿਲੀ ਸਲਾਹ ਖਾਲਸਾ ਫੌਜ ਵੱਲ ਕੇਂਦਰਿਤ ਹੋਈ। ਰੈਜੀਮੈਂਟ ਦੇ ਇਕ ਤਵਾਰੀਖੀ ਦਸਤਾਵੇਜ਼ ਵਿੱਚ ਇੰਝ ਲਿਖਿਆ ਹੈ:-

"ਅੰਗਰੇਜ਼ ਅਫਸਰ ਖਾਲਸਾ ਫੌਜ ਦੀ ਬੜੀ ਇੱਜ਼ਤ ਕਰਦਾ ਸੀ। ਕੁਦਰਤੀ ਹੈ ਕਿ ਰੋਬਰਡ ਮਿੰਟਗੁਮਰੀ ਦੀ ਪਹਿਲੀ ਚੋਣ ਇਹੋ ਸੀ ਕਿ ਉਹ ਖਾਲਸਾ ਫੌਜ ਦੀ ਇਸ ਮਕਸਦ ਲਈ ਮਦਦ ਮੰਗੇ। ਮਿੰਟਗੁਮਰੀ ਨੂੰ ਇਸ ਗੱਲ ਦਾ ਪਤਾ ਸੀ ਕਿ ਸ੍ਰ: ਮਾਨ ਸਿੰਘ (ਪੁੱਤਰ ਦੇਵਾ ਸਿੰਘ ਰੁੜਿਆਲਾ) ਨੂੰ ਸਿੱਖ ਫੌਜ ਦੇ ਅਫਸਰ ਵਜੋਂ ਯੁੱਧ ਦਾ ਕਾਫੀ ਤਜਰਬਾ ਸੀ ਅਤੇ ਉਸ ਨੇ ਸਿੱਖ ਯੁੱਧ ਵਿੱਚ ਅੰਗਰੇਜ਼ਾਂ ਵਿਰੁੱਧ ਅਤੇ ਪਿਸ਼ਾਵਰ ਵਿੱਚ ਅਫਗਾਨਾਂ ਵਿਰੁੱਧ ਲੜਾਈ ਲੜੀ। ਇਸ ਕਰ ਕੇ ਮਿੰਟਗੁਮਰੀ ਨੇ ਉਸ ਕੋਲੋਂ ਫੌਜ ਬਣਾਉਣ ਲਈ ਮਦਦ ਮੰਗੀ। ਸਾਰਿਆਂ ਦਾ ਪਹਿਲਾ ਦਸਤਾ ਮਿੰਟਗੁਮਰੀ ਨੇ ਸਰਦਾਰ ਮਾਨ ਸਿੰਘ ਦੀ ਮਦਦ ਨਾਲ ਹੀ ਬਣਾਇਆ।"

23 ਜੂਨ 1857 ਨੂੰ ਤਿੰਨ ਰਸਾਲੇ ਤਿਆਰ ਕਰ ਕੇ ਮਾਨ ਸਿੰਘ ਦਿੱਲੀ ਲੈ ਆਏ।

ਇਕ ਰਸਾਲੇ (ਪਹਿਲੀ ਟੁਕੜੀ, ਪਹਿਲੀ ਹਡਸਨ ਹਾਰਸ ਰੇਜੀਮੈਂਟ) ਦਾ ਕਮਾਂਡਰ ਸਰਦਾਰ ਮਾਨ ਸਿੰਘ ਆਪ ਸੀ ਜਿਸ ਨੂੰ 'ਮਿੰਟਗੁਮਰੀ ਸਾਹਿਬ ਦਾ ਰਿਸਾਲਾ' ਦਾ ਨਾਂ ਦਿੱਤਾ ਗਿਆ। ਹੌਲੀ ਹੌਲੀ ਇਹ ਹਡਸਨ ਹਾਰਸ ਕਹਾਣ ਲੱਗ ਪਈ। ਹੁਡਸਨ ਹਾਰਸ ਦੀ ਤਵਾਰੀਖ ਵਿੱਚ ਸਿੱਖ ਫੌਜੀਆਂ ਦੀ ਖੂਬਸੂਰਤ ਵਰਦੀ, ਦਸਤਾਰਾਂ, ਦਰਸ਼ਨੀ ਦਾੜ੍ਹੀਆਂ, ਤਲਵਾਰਾਂ, ਨੇਜ਼ਿਆਂ ਅਤੇ ਫੌਜੀ ਪੈਂਤੜਿਆਂ ਦੇ ਰੂਬਰੂ ਬਲਵਾਨ ਅਤੇ ਮਨਮੋਹਕ ਸੁਭਾਅ ਅਤੇ ਆਚਰਨ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ ਗਏ ਹਨ।

ਮਾਨ ਸਿੰਘ ਦੇ ਰਸਾਲਿਆਂ ਨਾਲ ਦਿੱਲੀ ਪਹੁੰਚਣ ਦੇ 2 ਦਿਨ ਬਾਅਦ 14 ਜੁਲਾਈ ਨੂੰ ਲੜਾਈ ਹੋਈ। ਉਸ ਸਮੇਂ ਮਾਨ ਸਿੰਘ ਹੁਡਸਨ ਦੇ ਨਾਲ ਨਾਲ ਸੀ। ਮਾਨ ਸਿੰਘ ਨੇ ਦਿੱਲੀ ਦੇ ਬਾਦਸ਼ਾਹ ਅਤੇ ਉਸ ਦੇ ਸ਼ਾਹਜ਼ਾਦਿਆਂ ਨੂੰ ਫੜਵਾਉਣ ਵਿੱਚ ਜੋ ਫੁਰਤੀ ਅਤੇ ਦਲੇਰੀ ਕੀਤੀ ਉਹ ਅੱਜ ਹੁਡਸਨ ਹਾਰਸ ਰੇਜੀਮੈਂਟ ਦੀ ਤਵਾਰੀਖ ਦਾ ਇਕ ਅਹਿਮ ਵਰਕਾ ਹੈ। ਉਸ ਸਮੇਂ ਉਸ ਦੀ ਬਹਾਦਰੀ ਦੂਜਿਆਂ ਕਮਾਂਡਰਾਂ ਨੂੰ ਹੈਰਾਨ ਕਰਨ ਵਾਲੀ ਸੀ। ਦਿੱਲੀ ਦੀ ਲੜਾਈ ਤੋਂ ਬਾਅਦ ਮਾਨ ਸਿੰਘ ਨੂੰ ਨਵੀਆਂ ਫੌਜੀ ਟੁਕੜੀਆਂ ਨੂੰ ਤਰਤੀਬ ਦੇਣ ਵਾਸਤੇ ਲਾਹੌਰ ਭੇਜਿਆ। ਉਸ ਨੇ ਚਾਰ ਮਹੀਨਿਆਂ ਵਿੱਚ 500 ਫੌਜੀ ਭਰਤੀ ਕਰ ਲਏ। ਅਵਧ ਦੀ ਲੜਾਈ ਜੋ 1858-59 ਨੂੰ ਹੋਈ ਅਤੇ ਮਾਨ ਸਿੰਘ ਨੇ ਆਪਣੀਆਂ ਟੁਕੜੀਆਂ ਸਮੇਤ ਇਸ ਵਿੱਚ ਹਿੱਸਾ ਲਿਆ। ਉਸ ਸਮੇਂ ਉਸ ਦੀ ਉਮਰ 60 ਵਰ੍ਹੇ ਸੀ ਪਰ ਉਹ ਚੁਸਤ, ਤਾਕਤਵਰ, ਨਿਡਰ ਅਤੇ ਆਪਣੇ ਨਿਸ਼ਾਨੇ ਲਈ ਵਚਨਬੱਧ ਸੀ। ਉਹ ਘੋੜੇ 'ਤੇ ਸਵਾਰ ਹੋ ਕੇ ਲਾਹੌਰ ਤੋਂ ਦਿੱਲੀ ਤੋਂ ਲਖਨਊ ਘੋੜਾ ਸਰਪਟ ਦੌੜਾ ਕੇ ਆਏ ਸੀ। ਉਹ ਲੜਾਈ ਵਿੱਚ 13 ਮਾਰਚ 1858 ਨੂੰ ਉਸ ਸਮੇਂ ਪੁੱਜਿਆ ਜਦੋਂ ਇਕ ਦਿਨ ਪਹਿਲਾਂ ਹੁਡਸਨ ਮਰ ਚੁੱਕਾ ਸੀ। ਬਹੁਤ ਅਫਸਰ ਅਤੇ ਆਦਮੀ ਇਸ ਲੜਾਈ ਵਿੱਚ ਮਰ ਚੁੱਕੇ ਸਨ। ਉਸ ਸਮੇਂ ਮਾਨ ਸਿੰਘ ਨੇ ਫੌਜ ਦੀ ਕਮਾਂਡ ਸੰਭਾਲੀ ਅਤੇ ਬਹਾਦਰੀ ਨਾਲ ਲੜ ਕੇ ਲੜਾਈ ਦਾ ਮੂੰਹ ਹੀ ਮੋੜ ਦਿੱਤਾ। ਉਨ੍ਹਾਂ ਨੂੰ ਫਿਰ ਹਿੰਦੁਸਤਾਨ ਦਾ ਪਹਿਲਾ ਰਿਸਾਲਦਾਰ ਮੇਜਰ (ਨੌਂਵੀਂ ਬੰਗਾਲ ਕਵੈਲਰੀ ਦਾ) 9 ਮਾਰਚ 1866 ਨੂੰ ਥਾਪਿਆ ਗਿਆ।

ਮਾਨ ਸਿੰਘ 1877 ਵਿੱਚ ਪੈਨਸ਼ਨ ਹੋ ਕੇ ਆ ਗਏ, ਉਦੋਂ ਉਹ 80 ਵਰ੍ਹੇ ਦੇ ਸਨ। ਉਨ੍ਹਾਂ ਦੇ ਸਰੀਰ 'ਤੇ ਅਨੇਕਾਂ ਲੜਾਈ ਦੇ ਜ਼ਖਮ ਰਿਸਦੇ ਹੋਏ ਆਪ ਮੁਹਾਰੇ ਉਨ੍ਹਾਂ ਦੀ ਸੂਰਮਗਤੀ ਦੀ ਦਾਸਤਾਨ ਬੋਲਦੇ ਸਨ। ਕਦੀ ਉਹ ਮੁਸਕਰਾ ਕੇ ਆਖ ਛੱਡਦੇ ਕਿ ਇਹ ਜ਼ਖਮ ਪਸੀਨਾ ਛੱਡ ਰਹੇ ਹਨ।

ਪੈਨਸ਼ਨ ਤੋਂ ਬਾਅਦ ਉਨ੍ਹਾਂ ਪੱਕੇ ਤੌਰ 'ਤੇ ਅੰਮ੍ਰਿਤਸਰ ਵਿੱਚ ਆਪਣਾ ਨਿਵਾਸ ਰੱਖਿਆ। ਇਥੇ ਹੀ ਉਨ੍ਹਾਂ ਕਾਰਜਸ਼ੀਲ ਅਤੇ ਮਾਣਯੋਗ ਜ਼ਿੰਦਗੀ ਦੀ ਸ਼ੁਰੂਆਤ ਕੀਤੀ ਅਤੇ ਸਾਰਾ ਸਮਾਂ ਤੇ ਮਾਇਆ ਸਿੱਖ ਧਰਮ ਦੀ ਦੇਖਭਾਲ ਲਈ ਅਰਪਣ ਕਰ ਦਿੱਤੀ। 1879 ਵਿੱਚ ਉਨ੍ਹਾਂ ਨੂੰ ਆਦਰਣੀਯ-ਮੈਜਿਸਟਰੇਟ ਬਣਾਇਆ ਗਿਆ ਅਤੇ ਉਸ ਵਰ੍ਹੇ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਸਰਬਰਾਹ ਨਿਯੁਕਤ ਕੀਤਾ ਗਿਆ। ਉਹ ਅੰਮ੍ਰਿਤਸਰ ਨਗਰਪਾਲਿਕਾ ਕਮੇਟੀ ਦੇ ਮੈਂਬਰ ਵੀ ਰਹੇ। ਉਨ੍ਹਾਂ ਦੇ ਸਰਬਰਾਹ ਦੌਰਾਨ ਹੀ ਇਕ ਹਿੰਦੂ ਨੇਤਾ ਨੇ ਸਿੱਖ ਗੁਰੂ ਸਾਹਿਬਾਨ ਬਾਰੇ ਦੁਰਭਾਸ਼ੀ ਬੋਲ ਬੋਲੇ ਤਾਂ ਇਸ ਦੌਰਾਨ ਸਿੱਖਾਂ ਨੇ ਅਨੇਕਾਂ ਰੋਸ ਮਾਰਚ ਅਤੇ ਅਹਿਮ ਮੀਟਿੰਗਾਂ ਕੀਤੀਆਂ। ਇਨ੍ਹਾਂ ਰੋਸ ਮਾਰਚਾਂ ਨੇ ਹੀ ਫਿਰ ਸਿੰਘ ਸਭਾ ਨੂੰ 1873 ਵਿੱਚ ਅੰਮ੍ਰਿਤਸਰ ਤੋਂ ਸ਼ੁਰੂ ਕੀਤਾ।

ਉਦੋਂ ਸਿੰਘ ਸਭਾ ਦਾ ਪ੍ਰਧਾਨ ਸ੍ਰ: ਠਾਕਰ ਸਿੰਘ ਸੰਧੇਵਾਲੀਆ ਅਤੇ ਸਕੱਤਰ ਗਿਆਨੀ ਗਿਆਨ ਸਿੰਘ ਸਨ। ਮਾਨ ਸਿੰਘ ਦਾ ਕਿਉਂਕਿ ਅੰਗਰੇਜ਼ ਬੜਾ ਸਤਿਕਾਰ ਕਰਦੇ ਸਨ ਇਸ ਲਈ ਉਨ੍ਹਾਂ ਨੂੰ ਅੰਗਰੇਜ਼ ਅਧਿਕਾਰੀਆਂ ਵੱਲੋਂ ਵੀ ਸਿੱਖਾਂ ਦੇ ਤਾਲੀਮੀ ਪ੍ਰੋਗਰਾਮਾਂ ਵਾਸਤੇ ਸਹਿਯੋਗ ਦੇਣ ਦਾ ਵਚਨ ਦਿੱਤਾ ਗਿਆ। ਸ੍ਰ: ਮਾਨ ਸਿੰਘ ਨੇ ਸਰਬਰਾਹ ਹੋਣ ਦੇ ਨਾਤੇ ਆਪਣਾ ਅਸਰ-ਰਸੂਖ ਵਰਤ ਕੇ ਸਰਕਾਰ ਤੋਂ ਸਹਾਇਤਾ ਲਈ।

ਸਭਾ ਨੇ ਇਕ ਕਾਲਜ ਖੋਲ੍ਹਣ ਦਾ ਨਿਸ਼ਚਾ ਕੀਤਾ। ਇਸ ਸਬੰਧੀ ਪਹਿਲੀ ਮੀਟਿੰਗ ਅੰਮ੍ਰਿਤਸਰ ਵਿੱਚ ਲਾਲਾ ਸੰਤ ਰਾਮ ਦੀ ਕੋਠੀ 'ਤੇ 1833 ਵਿੱਚ ਹੋਈ। ਦੂਜੀ ਮੀਟਿੰਗ ਕੁਝ ਹੀ ਸਮੇਂ ਬਾਅਦ ਲਾਹੌਰ ਦੇ ਲਾਰੰਸ ਹਾਲ ਵਿੱਚ ਹੋਈ ਜਿਸ ਵਿੱਚ ਸਾਰੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਹਿੱਸਾ ਲਿਆ ਜਿਨ੍ਹਾਂ ਵਿੱਚ ਸਰਦਾਰ ਮਾਨ ਸਿੰਘ ਵੀ ਹਾਜ਼ਰ ਸਨ। 5 ਮਾਰਚ 1892 ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਦੀ ਸ਼ੁਰੂਆਤ ਕੀਤੀ ਗਈ। ਸਰਦਾਰ ਮਾਨ ਸਿੰਘ ਕੁਝ ਦਿਨ ਬਾਅਦ ਹੀ 16 ਮਾਰਚ 1892 ਨੂੰ 95 ਵਰ੍ਹੇ ਉਮਰ ਭੋਗ ਕੇ ਗੁਰਪੁਰੀ ਸਿਧਾਰ ਗਏ ਸਨ।

ਉਨ੍ਹਾਂ ਨੂੰ ਕਈ ਮਾਨਾਂ-ਸਨਮਾਨਾਂ ਤੋਂ ਇਲਾਵਾ ਕਈ ਮੁਰੱਬੇ ਜ਼ਮੀਨ ਗੁੱਜਰਾਂਵਾਲਾ, ਲਾਹੌਰ, ਸਿਆਲਕੋਟ, ਸ਼ੇਖੂਪੁਰਾ, ਮਿੰਟਗੁਮਰੀ ਅਤੇ ਲਾਇਲਪੁਰ ਜ਼ਿਲਿਆਂ ਵਿੱਚ ਮਿਲੀ ਸੀ। ਅਵਧ (ਲਖਨਊ) ਵਿੱਚ ਸੱਤ ਪਿੰਡਾਂ ਦੀ ਜਾਗੀਰ ਵੀ ਮਿਲੀ ਸੀ। ਉਨ੍ਹਾਂ ਦੀ ਹਵੇਲੀ ਅਤੇ ਦੁਕਾਨਾਂ ਗੁੱਜਰਾਂਵਾਲਾ ਸ਼ਹਿਰ ਵਿੱਚ ਮੌਜੂਦ ਸਨ। ਦਰਬਾਰ ਸਾਹਿਬ, ਅੰਮ੍ਰਿਤਸਰ ਕੋਲ ਹੀ ਹਵੇਲੀ ਅਤੇ ਦੁਕਾਨਾਂ ਸਨ। ਬੁੰਗਾ-ਗੁੜਿਆਲਾ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਸਥਿਤ ਹੈ। ਇਨ੍ਹਾਂ ਦੇ ਪ੍ਰਵਾਰ ਵਿਚੋਂ ਹੀ ਮੇਜਰ (ਡਾ.) ਬੀ.ਕੇ. ਸੋਹੀ (ਚੰਡੀਗੜ੍ਹ) ਹਨ।

* * *

ਬੇਦਾਵੇ ਤੋਂ ਲੈ ਕੇ ਖਿਦਰਾਣੇ ਦੀ ਢਾਬ ਤੀਕ

ਮਾਝੇ ਦੇ ਨਗਰ ਪੱਟੀ ਵਿੱਚ ਕਾਫੀ ਸਿੱਖ ਚੌਧਰੀ ਦੇਸ ਰਾਜ ਵੜੈਚ ਦੇ ਅਕਾਲ ਚਲਾਣੇ ਦੇ ਸੰਬੰਧਤ ਵਿੱਚ ਸਤਾਰਮੀ ਦੇ ਦਿਨ ਦੂਰੋਂ-ਨੇੜਿਓਂ ਆ ਕੇ ਇਕੱਠੇ ਹੋਏ ਸਨ। ਚੌਧਰੀ, ਭਾਈ ਸੁਲਤਾਨ ਸਿੰਘ ਦਾ ਪਿਤਾ ਸੀ। ਇਸ ਇਕੱਠ ਵਿੱਚ ਕਿਸੇ ਸਿੰਘ ਨੇ ਸੰਗਤਾਂ ਨੂੰ ਆਨੰਦਪੁਰ ਸਾਹਿਬ ਦੇ ਹਾਲਾਤ ਤੋਂ ਜਾਣੂ ਕਰਾਇਆ। ਉਸ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਆਨੰਦਪੁਰ ਸਾਹਿਬ ਛੱਡ ਕੇ ਮਾਲਵਾ ਦੇਸ਼ ਚਲੇ ਗਏ ਹਨ। ਗੁਰੂ ਸਾਹਿਬ ਦੀ ਬਿਰਧ ਮਾਤਾ, ਚਾਰ ਸਾਹਿਬਜ਼ਾਦੇ, ਭਾਈ ਉਦੇ ਸਿੰਘ ਆਦਿ ਮੈਦਾਨੇ-ਜੰਗ ਵਿੱਚ ਲੜ ਕੇ ਸ਼ਹੀਦ ਹੋ ਚੁਕੇ ਹਨ ਅਤੇ ਅਸੀਂ ਨਿਮਾਣੇ ਤੇ ਨਿਭਾਗੇ ਸਿੱਖਾਂ ਅਜਿਹੇ ਸੰਕਟਮਈ ਸਮੇਂ ਆਨੰਦਪੁਰ ਪਹੁੰਚ ਕੇ ਗੁਰੂ ਸਾਹਿਬ ਦਾ ਸਾਥ ਨਹੀਂ ਦਿਤਾ। ਉਸ ਸਿੰਘ ਨੇ ਇਹ ਵੀ ਆਖਿਆ ਕਿ ਮਾਝੇ ਦੇ ਮੁਖੀਏ ਦੁਨੀ ਚੰਦ (ਭਾਈ ਸਾਲੋਂ ਦਾ ਪੋਤਾ), ਚਾਰ ਪੰਜ ਮਝੈਲ ਸਿੰਘਾਂ ਨੂੰ ਨਾਲ ਲੈ ਕੇ ਆਨੰਦਗੜ੍ਹ ਕਿਲ੍ਹੇ ਤੋਂ ਰੱਸਾ ਬੰਨ੍ਹ ਕੇ ਰਾਤ ਸਮੇਂ ਭੱਜ ਆਇਆ ਸੀ। ਇਸ ਵੱਡੇ ਕਲੰਕ ਨੂੰ ਧੋਹਣ ਲਈ ਉਸ ਦੇ ਦੋਵੇਂ ਪੋਤਿਆਂ ਭਾਈ ਅਨੂਪ ਸਿੰਘ ਤੇ ਭਾਈ ਸਰੂਪ ਸਿੰਘ ਨੇ ਨਿਰਮੋਹਗੜ੍ਹ ਦੀ ਜੰਗ ਵਿੱਚ ਜਾਮੇ-ਸ਼ਹਾਦਤ ਪੀ ਲਏ ਸਨ।

ਇਹ ਸਾਰੀ ਵਾਰਤਾ ਸੁਣ ਕੇ ਸਿੱਖਾਂ ਇਸ ਇਕੱਠ ਵਿੱਚ ਸਰਬ ਸੰਮਤੀ ਨਾਲ ਫੈਸਲਾ ਲਿਆ ਕਿ ਮਾਲਵਾ ਦੇਸ਼ ਵਿੱਚ ਗੁਰੂ ਸਾਹਿਬ ਦੀਨਾਂ ਕਾਂਗੜ ਦੇ ਆਸ ਪਾਸ ਹੀ ਹਨ। ਸਾਨੂੰ ਗੁਰੂ ਸਾਹਿਬ ਦੇ ਪ੍ਰਵਾਰ ਅਤੇ ਸਿੱਖਾਂ ਦੀ ਸ਼ਹੀਦੀ ਦੀ ਸਾਰ ਲਈ ਜਾਣਾ ਚਾਹੀਦਾ ਹੈ। ਗੁਰੂ ਸਾਹਿਬ ਨੂੰ ਮਾਝਾ ਦੇਸ਼ ਆਉਣ ਦੀ ਬੇਨਤੀ ਵੀ ਕਰਨੀ ਚਾਹੀਦੀ ਹੈ। ਕਿਸੇ ਸਿੱਖ ਨੇ ਆਖਿਆ ਕਿ ਭਾਗ ਸਿੰਘ ਝਬਾਲ ਇਥੇ ਬੈਠੇ ਹਨ। ਉਹ ਆਪਣਾ ਅਸਰ-ਰਸੂਖ ਨਾਲ ਦਿੱਲੀ ਸਰਕਾਰ ਨਾਲ ਸਲਾਹ ਕਰ ਸਕਦੇ ਹਨ। ਆਖਰ "ਜੈਕਾਰਾ" ਵਜਿਆ ਤੇ ਸਿੱਖ ਗੁਰੂ ਸਾਹਿਬ ਵੱਲ ਤੁਰ ਪਏ।

ਪੱਟੀ ਨਗਰ ਤੋਂ ਇਹ ਜਥਾ ਭਾਈ ਭਾਗ ਸਿੰਘ ਝਬਾਲੀਏ ਭਾਈ ਸੁਲਤਾਨ ਸਿੰਘ ਆਦਿ ਚਾਲੀ ਸਿੱਖਾਂ ਅਤੇ ਇਕੱਤਾਲਵੀਂ ਮਾਤਾ ਭਾਗ ਕੌਰ ਸਣੇ ਰਵਾਨਾ ਹੋਇਆ। ਇਹ ਸ਼ਰਧਾਲੂ ਸਿੰਘਾਂ ਦਾ ਜਥਾ ਬਿਆਸ ਤੇ ਸਤਲੁਜਧਰ ਨਦੀ ਪਾਰ ਕਰਕੇ ਜ਼ੀਰਾ ਨਗਰ ਪੁੱਜਾ। ਫਿਰ ਇਹ ਜਥਾ ਅਜੇ ਮੋਗੇ ਪੁੱਜਿਆ ਹੀ ਸੀ ਕਿ ਕਿਸੇ ਸਿੱਖ ਨੇ ਖ਼ਬਰ ਦਿੱਤੀ ਗੁਰੂ ਸਾਹਿਬ ਦੀਨਾਂ ਕਾਂਗੜ ਛੱਡ ਕੇ ਲੱਖੀ ਜੰਗਲ ਦੇਸ਼ ਵੱਲ ਤੁਰ ਗਏ ਹਨ। ਇਹ ਜਥਾ ਗੁਰੂ ਸਾਹਿਬ ਦੇ ਪਤਾ ਪੁੱਛਦਾ ਪੁੱਛਦਾ ਰੁਪੇਆਣੇ ਦੇ ਕੋਲ ਰੋਹੀ ਤੇ ਗੁਰੂ ਸਾਹਿਬ ਨੂੰ ਜਾ ਮਿਲਿਆ। ਬਾਦਸ਼ਾਹ-ਦਰਵੇਸ਼ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਈ ਮਾਨ ਸਿੰਘ ਨੂੰ ਹੁਕਮ ਕੀਤਾ ਕਿ ਘੋੜੇ ਤੋਂ ਉਤਰ ਕੇ ਚਾਦਰਾ ਵਿਛਾ ਦਏ ਤਾਂ ਜੋ ਇਨ੍ਹਾਂ ਸਿੱਖਾਂ ਨਾਲ ਬਾਤਚੀਤ ਕਰੀਏ।

ਭਾਗ ਸਿੰਘ ਆਦਿ ਸਿੱਖਾਂ ਸਭ ਤੋਂ ਪਹਿਲਾਂ ਗੁਰੂ ਸਾਹਿਬ ਨੂੰ ਪ੍ਰਵਾਰ ਅਤੇ ਸ਼ਹੀਦ ਸਿੱਖਾਂ ਬਾਰੇ ਪੁੱਛਿਆ। ਭਾਗ ਸਿੰਘ ਨੇ ਆਖਿਆ ਮਹਾਰਾਜ! ਅਸੀਂ ਸਾਰੇ ਮਿਲ ਕੇ ਮਾਝੇ ਦੇਸ਼ ਵੱਲੋਂ ਦਿੱਲੀ ਸਰਕਾਰ ਨਾਲ ਤੁਹਾਡੀ ਸੁਲਹ ਕਰਾ ਛਡਦੇ ਹਾਂ। ਤੁਸੀਂ ਅੱਗੇ ਤੋਂ ਬਾਕੀ ਦੀ ਜ਼ਿੰਦਗੀ

ਚੰਗੀ ਤਰ੍ਹਾਂ ਬਤੀਤ ਕਰ ਸਕੇ ਤਾਂ ਅਸੀਂ ਵੀ ਤੁਹਾਡੇ ਸੇਵਕ ਬਣੇ ਰਵਾਂਗੇ। ਗੁਰੂ ਸਾਹਿਬ ਨੇ ਇਨ੍ਹਾਂ ਮਝੈਲੀਏ ਸਿੱਖਾਂ ਨੂੰ ਕਿਹਾ- ਤੁਸੀਂ ਕੌਣ ਹੁੰਦੇ ਹੋ ਸੁਲਹ ਸਮਝੌਤੇ ਕਰਾਉਣ ਵਾਲੇ। ਤੁਹਾਡੇ ਵਡੇਰੇ ਪੰਜਵੇਂ ਗੁਰੂ ਸਾਹਿਬ ਵੇਲੇ ਕਿਧਰ ਚਲੇ ਗਏ ਸਨ ? ਛੇਵੇਂ ਗੁਰੂ ਸਾਹਿਬ ਸਮੇਂ ਮਝੈਲ ਸਿੱਖ ਕਿਥੇ ਸਨ ? ਜਦੋਂ ਨੌਂਵੇਂ ਗੁਰੂ ਜੀ ਨੂੰ ਦਿੱਲੀ ਵਿੱਚ ਲੈ ਜਾ ਕੇ ਸ਼ਹੀਦ ਕੀਤਾ ਗਿਆ ਤਾਂ ਕਿਸੇ ਸਿੱਖ ਨੇ ਨਾਮ ਤੱਕ ਨਹੀਂ ਸੀ ਲਿਆ ? ਆਨੰਦਪੁਰ ਕਈ ਮਹੀਨੇ ਘੇਰਾ ਪਿਆ ਰਿਹਾ ਦੁਸ਼ਮਣਾਂ ਦਾ ਤੁਸੀਂ ਨਹੀਂ ਆਏ। ਹੁਣ ਕੀ ਲੈਣ ਆਏ ਹੋ ?

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਹ ਸ਼ਬਦ ਸੁਣ ਕੇ ਸਾਰੇ ਸਿੱਖਾਂ ਨੇ ਸਿਰ ਨੀਵੇਂ ਪਾ ਕੇ ਸੋਚਣ ਲੱਗੇ। ਆਖਰ ਭਾਗ ਸਿੰਘ ਝਬਾਲੀਏ ਨੇ ਆਖਿਆ। - ਗਰੀਬ ਨਿਵਾਜ਼! ਜੇ ਤੁਸਾਂ ਇਸੇ ਤਰ੍ਹਾਂ ਰਹਿਣਾ ਹੈ ਤਾਂ ਸਾਡੇ ਤੋਂ ਤੁਹਾਡੀ ਸਿੱਖੀ ਨਹੀਂ ਨਿਭ ਸਕਦੀ। ਅਸੀਂ ਵਾਪਸ ਤੁਰਦੇ ਹਾਂ। ਗੁਰੂ ਸਾਹਿਬ ਨੇ ਫਿਰ ਆਖਿਆ- "ਭਾਗ ਸਿੰਘ ! ਅਸਾਂ ਤੁਮੇਂ ਬੁਲਾਇਆ ਨਹੀਂ ? ਜੇ ਤੁਮ ਆਏ ਹੋ ਤਾਂ ਲਿਖ ਕੇ ਦੇ ਦਿਉ ਕਿ ਅੱਜ ਤੋਂ ਮਾਝਾ ਦੇਸ਼ ਵਿੱਚ ਗੁਰੂ ਕਾ ਸਿੱਖ ਨਹੀਂ ਰਿਹਾ। ਗੁਰੂ ਸਾਹਿਬ ਨੇ ਮਾਨ ਸਿੰਘ ਨੂੰ ਹੁਕਮ ਕੀਤਾ ਖੁਰਜੀ ਤੋਂ ਕਾਗਜ਼, ਕਲਮ ਦੇ ਦਵਾਤ ਲਿਆ ਕੇ ਇਨ੍ਹਾਂ ਸਿੱਖਾਂ ਨੂੰ ਦੇ।"

ਗੁਰੂ ਸਾਹਿਬ ਨੇ ਕਾਗਜ਼, ਕਲਮ ਤੇ ਦਵਾਤ ਭਾਈ ਭਾਗ ਸਿੰਘ ਆਦਿ ਸਿੱਖਾਂ ਅੱਗੇ ਰੱਖ ਦਿੱਤੀ। ਸਭ ਤੋਂ ਪਹਿਲਾਂ ਭਾਗ ਸਿੰਘ ਝਬਾਲੀਏ ਲਿਖਿਆ ਤੇ ਉਸ ਤੋਂ ਬਾਅਦ ਦਿਲਬਾਗ ਸਿੰਘ, ਘਰਬਾਗ ਸਿੰਘ ਤੇ ਗੰਡਾ ਸਿੰਘ ਨੇ ਕਲਮ ਨਾਲ ਦਸਖਤ ਕਰ ਦਿੱਤੇ। ਬਾਕੀ ਪੈਂਤੀ ਸਿੱਖ ਨਿਮੋਝੂਣੇ ਹੋ ਕੇ ਸੋਚਣ ਲੱਗ ਪਏ। ਇਨ੍ਹਾਂ ਪੈਂਤੀ ਸਿੱਖਾਂ ਪੰਚਾਇਤੀ ਕਾਗਜ਼ 'ਤੇ ਦਸਤਖਤ ਨਹੀਂ ਸਨ ਕੀਤੇ। ਇਹ ਸਾਰੇ ਸਿੱਖ ਸੋਚਾਂ ਵਿੱਚ ਡੁੱਬੇ ਆਪਣੇ ਦਿਲਾਂ ਨਾਲ ਵਿਚਾਰਾਂ ਕਰਨ ਲੱਗੇ। ਹੁਣ ਕੀ ਕੀਤਾ ਜਾਵੇ। ਉਸ ਸਮੇਂ ਇਕ ਸੂਹੀਏ ਸਿੱਖ ਨੇ ਗੁਰੂ ਜੀ ਕੋਲ ਆ ਕੇ ਪਤਾ ਦਿੱਤਾ, ਮਹਾਰਾਜ ਤੁਰਕ ਫੌਜ ਨੇੜੇ ਆ ਰਹੀ ਹੈ ਸਾਨੂੰ ਇਥੋਂ ਤੁਰਨਾ ਚਾਹੀਦਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਜਦੋਂ ਆਪਣੇ ਸਿੱਖਾਂ ਸਮੇਤ ਇਥੋਂ ਤੁਰ ਗਏ ਤਾਂ ਬਾਅਦ ਵਿੱਚ ਨਿਧਾਨ ਸਿੰਘ ਵੜੈਚ ਦੀ ਪਤਨੀ ਅਤੇ ਭਾਗ ਸਿੰਘ ਤੇ ਦਿਲਬਾਗ ਸਿੰਘ ਦੀ ਵੱਡੀ ਭੈਣ ਮਾਤਾ ਭਾਗ ਕੌਰ ਨੇ ਗਰਜਵੀਂ ਆਵਾਜ਼ ਵਿੱਚ ਆਖਿਆ। ਅੱਗੇ ਤਾਂ ਰੱਸਾ ਬੰਨ੍ਹ ਕੇ ਦੀਵਾਰ ਤੋਂ ਦੁਨੀ ਚੰਦ ਚਾਰ ਪੰਜ ਮਝੈਲ ਸਿੱਖਾਂ ਨੂੰ ਲੈ ਕੇ ਆਨੰਦਗੜ੍ਹ ਕਿਲ੍ਹੇ 'ਚੋਂ ਭੱਜ ਆਇਆ ਸੀ ਅਤੇ ਉਹ ਕਲੰਕ ਅਜੇ ਤੱਕ ਮਝੈਲ ਸਿੱਖਾਂ 'ਤੇ ਲੱਗਿਆ ਹੋਇਆ ਹੈ। ਅਜੇ ਉਹ ਭੁਲਿਆ ਨਹੀਂ ਤਾਂ ਅੱਜ ਤੁਸੀਂ ਸਤਿਗੁਰਾਂ ਨੂੰ ਸਾਹਮਣੇ ਲਿਖ ਦਿੱਤਾ ਹੈ। ਹੁਣ ਕਿਹੜਾ ਮੂੰਹ ਲੈ ਕੇ ਵਾਪਸ ਵਤਨਾਂ ਨੂੰ ਜਾਉਗੇ ?

ਮਾਤਾ ਭਾਗ ਕੌਰ ਦੀ ਇਸ ਅਣਖੀ ਲਲਕਾਰ ਨੇ ਬੇਦਾਵਾ ਦੇ ਚੁੱਕੇ ਸਿੱਖਾਂ ਅੰਦਰ ਨਵੀਂ ਰੂਹ ਫੂਕ ਦਿੱਤੀ। ਭਾਈ ਭਾਗ ਸਿੰਘ ਆਦਿ ਚਾਲੀ ਸਿੱਖਾਂ ਕਮਰਕੱਸੇ ਕਰਕੇ ਗੁਰੂ ਜੀ ਦੇ ਪਿੱਛੇ ਜਾਣ ਦਾ ਫੈਸਲਾ ਕਰ ਲਿਆ। 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡਦੇ ਘੋੜਿਆਂ 'ਤੇ ਸਵਾਰ ਹੌਲੀ-ਹੌਲੀ ਇਹ ਸਿੱਖ ਖਿਦਰਾਣੇ ਨਗਰ ਦੀ ਢਾਬ ਦੇ ਕੰਢੇ ਆ ਕੇ ਰੁਕੇ। ਇਹ ਸਾਰੇ ਪੂਰਬ ਦਿਸ਼ਾ ਵੱਲ ਜਿਧਰੋਂ ਤੁਰਕ ਫੌਜ ਆ ਰਹੀ ਸੀ ਪੂਰੀ ਤਿਆਰੀ ਨਾਲ ਦੁਸ਼ਮਣ ਦਾ ਇੰਤਜ਼ਾਰ ਕਰਨ ਲੱਗ ਪਏ। ਉਧਰ ਗੁਰੂ ਸਾਹਿਬ ਢਾਬ ਤੋਂ ਅੱਗੇ ਇਕ ਟਿੱਬੀ 'ਤੇ ਜਾਇ ਠਹਿਰੇ।

ਸੂਬਾ ਸਰਹੰਦ ਦਾ ਇਕ ਸੂਹੀਆ ਗੁਰੂ ਜੀ ਦਾ ਪਤਾ ਕਰਨ ਆਇਆ ਅਤੇ ਇਕ ਝਾੜੀ ਦੇ ਪਿੱਛੇ ਲੁਕ ਕੇ ਗੁਰੂ ਜੀ ਨੂੰ ਵੇਖਣ ਲੱਗਾ। ਜਾਣੀ ਜਾਣ ਪਾਤਸ਼ਾਹ ਨੇ ਇਸ ਨੂੰ ਵੇਖ

ਲਿਆ ਅਤੇ ਇਕ ਤੀਰ ਮਾਰ ਕੇ ਸਦਾ ਦੀ ਨੀਂਦ ਸਵਾ ਦਿੱਤਾ। ਸੂਬਾ ਸਰਹੰਦ ਵਜ਼ੀਰ ਖਾਂ ਫੌਜ ਲੈ ਕੇ ਢਾਬ ਦੇ ਨਜ਼ਦੀਕ ਪੁੱਜਾ। ਅਗੋਂ ਸਿੱਖਾਂ ਤੀਰਾਂ, ਤਫੰਗਾਂ ਨਾਲ ਅਜਿਹਾ ਵਾਰ ਕੀਤਾ, ਵੱਧ ਰਹੀ ਤੁਰਕ ਫੌਜ ਇਕ ਵੇਰ ਉਥੇ ਹੀ ਰੁਕ ਗਈ। ਦੋਵਾਂ ਪਾਸਿਆਂ ਤੋਂ ਦੋ ਘੜ੍ਹੀਆਂ ਤੀਕ ਤੀਰਾਂ ਤੇ ਗੋਲੀਆਂ ਦਾ ਬੜਾ ਮੀਂਹ ਵਰਸਿਆ। ਜਦੋਂ ਸਿੱਖਾਂ ਕੋਲੋਂ ਤੀਰ ਤੇ ਗੋਲੀਆਂ ਖਤਮ ਹੋਈਆਂ ਤਾਂ ਉਹ ਮਿਆਨਾਂ 'ਚੋਂ ਖੰਡੇ ਕ੍ਰਿਪਾਨਾਂ ਧੂਹ ਕੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਂਦੇ ਹੋਏ ਵੈਰੀਆਂ 'ਤੇ ਟੁੱਟ ਪਏ। ਦੋਵਾਂ ਪਾਸਿਆਂ ਤੋਂ ਫਿਰ ਲੋਹੇ ਨਾਲ ਲੋਹਾ ਖੜਕਿਆ। ਸਿੱਖ ਨੇ ਦੁਸ਼ਮਣਾਂ ਨੂੰ ਭਗੌਤੀਆਂ (ਸ਼ਮਸ਼ੀਰਾਂ) ਨਾਲ ਉਹ ਕੱਟ ਵੱਢ ਕੀਤੀ ਕਿ ਇਕ ਵੇਰਾਂ ਉਨ੍ਹਾਂ ਨੂੰ "ਅੱਲ੍ਹਾ" ਯਾਦ ਕਰਾ ਦਿੱਤਾ। ਨਾਲ ਲੋਹਾ ਖੜਕਦਾ ਰਿਹਾ। ਜਦੋਂ ਸੂਬਾ ਸਰਹੰਦ ਨੇ ਵੇਖਿਆ ਕਿ ਅਗੋਂ ਲੜਨ ਵਾਲਾ ਕੋਈ ਸਿੱਖ ਨਜ਼ਰ ਨਹੀਂ ਆਉਂਦਾ ਤਾਂ ਉਸ ਫੌਜ ਨੂੰ ਪਿੱਛੇ ਹੱਟ ਜਾਣ ਦਾ ਹੁਕਮ ਦਿੱਤਾ। ਸੂਰਜ ਗਰੂਬ ਹੋ ਚੁੱਕਾ ਸੀ। ਇਧਰ ਗੁਰੂ ਸਾਹਿਬ ਭਾਈ ਮਾਨ ਸਿੰਘ ਆਦਿ ਸਿੱਖਾਂ ਸਮੇਤ 'ਈਸਰਸਰ ਤਾਲ' ਦੇ ਕਿਨਾਰੇ ਆ ਗਏ। ਹੁਕਮ ਕੀਤਾ ਭਾਈ ਮਾਨ ਸਿੰਘ ਸ਼ਹੀਦ ਹੋਏ ਸਿੱਖਾਂ ਦੀਆਂ ਲਾਸ਼ਾਂ ਉਠਾਇ ਕੇ ਲਿਆਉ। ਭਾਈ ਮਾਨ ਸਿੰਘ ਸਭ ਤੋਂ ਅੱਗੇ ਸ਼ਹੀਦ ਹੋ ਕੇ ਪਿਆ ਸੀ।

ਗੁਰੂ ਗੋਬਿੰਦ ਸਿੰਘ ਨੇ ਆਪਣੇ ਰੁਮਾਲ ਨਾਲ ਭਾਈ ਮਾਨ ਸਿੰਘ ਦਾ ਮੁੱਖ ਸਾਫ ਕੀਤਾ ਅਤੇ ਬਚਨ ਕੀਤਾ ਇਹ ਮੇਰਾ ਸਵਾ ਲੱਖੀ ਹੈ। ਇਸੇ ਤਰ੍ਹਾਂ ਬਾਕੀ ਦੇ ਸਾਰੇ ਸਿੱਖਾਂ ਨੂੰ ਉਠਾ ਕੇ ਲਿਆਂਦਾ ਗਿਆ। ਗੁਰੂ ਜੀ ਨੇ ਕਿਸੇ ਨੂੰ ਦਸ ਹਜ਼ਾਰੀ, ਕਿਸੇ ਨੂੰ ਤੀਸ ਹਜ਼ਾਰੀ ਤੇ ਕਿਸੇ ਨੂੰ ਪੰਜ ਹਜ਼ਾਰੀ ਦਾ ਵਰ ਦੇ ਕੇ ਨਿਵਾਜਿਆ। ਇਨ੍ਹਾਂ ਚਾਲੀ ਸਿੱਖਾਂ ਵਿੱਚੋਂ ਭਾਈ ਰਾਇ ਸਿੰਘ, ਭਾਈ ਸੁੰਦਰ ਸਿੰਘਾਂ ਅਤੇ ਭਾਈ ਮਹਾਂ ਸਿੰਘ ਅਜੇ ਸਹਿਕਦੇ ਸਨ। ਸਤਿਗੁਰਾਂ ਇਨ੍ਹਾਂ ਦੇ ਮੁੱਖ ਰੁਮਾਲ ਨਾਲ ਝਾੜੇ ਅਤੇ ਅੰਤਮ ਸਮੇਂ ਪਾਣੀ ਮੂੰਹ ਵਿੱਚ ਪਾਇਆ। ਇਨ੍ਹਾਂ ਤਿੰਨ ਸਿੱਖਾਂ ਤੋਂ ਇਲਾਵਾ ਮਾਤਾ ਭਾਗ ਕੌਰ ਜ਼ਖਮੀ ਹੋਈ ਇਕ ਕਰੀਰ ਦੇ ਦਰੱਖਤ ਹੇਠਾਂ 'ਸ੍ਰੀ ਵਾਹਿਗੁਰੂ' ਦਾ ਜਾਪ ਜਪ ਰਹੀ ਸੀ। ਇਹ ਵੀ ਗੋਲੀ ਲਗਣ ਨਾਲ ਜ਼ਖਮੀ ਸੀ। ਇਸ ਨੂੰ ਵੀ ਜਦੋਂ ਮਾਨ ਸਿੰਘ ਆਦਿ ਸਿੱਖਾਂ ਗੁਰੂ ਜੀ ਕੋਲ ਉਠਾ ਕੇ ਲਿਆਂਦਾ ਤਾਂ ਗੁਰੂ ਸਾਹਿਬ ਪੁਛਿਆ ਬੇਟੀ ਤੇਰੀ ਕੀ ਹਾਲਤ ਹੈ ? ਇਸ ਨੇ ਆਖਿਆ ਮਹਾਰਾਜ ! ਤੇਰੀ ਮਹਿਰ ਨਾਲ ਮੈਂ ਠੀਕ ਹਾਂ, ਕੇਵਲ ਇਕ ਹੀ ਜ਼ਖਮ ਹੈ ਹੋਰ ਕੋਈ ਨਹੀਂ। ਸਤਿਗੁਰਾਂ ਰਾਇ ਸਿੰਘ ਆਦਿ ਸਹਿਕਦੇ ਤਿੰਨ ਸਿੱਖਾਂ ਵੱਲ ਵੇਖ ਕੇ ਪੁੱਛਿਆ ਤੁਸੀਂ ਕਿ ਚਾਹੁੰਦੇ ਹੋ ? ਇਨ੍ਹਾਂ ਵਿੱਚੋਂ ਰਾਇ ਸਿੰਘ ਬੋਲਿਆ ਗਰੀਬ ਨਿਵਾਜ ! ਜੇਕਰ ਤੁਸੀਂ ਸਾਡੇ ਤੇ ਤਰੁਠੇ ਹੋ ਤਾਂ ਆਪ ਅਸਾਂ ਦਾ ਲਿਖਿਆ ਪੰਚਾਇਤੀ ਬੇਦਾਵਾ ਪਾੜ੍ਹ ਕੇ ਸਿੱਖੀ ਦਾਨ ਬਖਸ਼ੋ। ਗੁਰੂ ਸਾਹਿਬ ਨੇ ਤਿੰਨ ਵੇਰਾਂ ਆਪਣੇ ਮੁਖਾਰਬਿੰਦ ਤੋਂ "ਧੰਨ ਸਿੱਖੀ ! ਧੰਨ ਸਿੱਖੀ ! ਧੰਨ ਸਿੱਖੀ" ਕਹਿ ਕੇ ਖੀਸੇ 'ਚੋਂ ਬੇਦਾਵੇ ਵਾਲਾ ਕਾਗਜ਼ ਕੱਢ ਕੇ ਲੀਰੋ-ਲੀਰ ਕਰ ਦਿੱਤਾ। ਗੁਰੂ ਸਾਹਿਬ ਦੇਰ ਰਾਤ ਤੱਕ ਇਨ੍ਹਾਂ ਸਿੱਖਾਂ ਨਾਲ ਬਚਨ ਬਿਲਾਸ ਕਰਦੇ ਰਹੇ। ਪਹਿਲਾਂ ਭਾਈ ਸੁੰਦਰ ਸਿੰਘ ਝੱਲੀਆਂ ਵਾਲ ਅਤੇ ਬਾਅਦ ਵਿੱਚ ਦੋਹਾਂ ਸਿੱਖਾਂ ਪ੍ਰਾਣ ਤਿਆਗ ਦਿੱਤੇ। ਇਹ ਘਟਨਾ ਸੰਮਤ ੧੭੬੨, ੩੦ ਪੋਹ ਨੂੰ ਰਵੀਵਾਰ (ਐਤਵਾਰ) ਨੂੰ ਹੋਈ। ਗੁਰੂ ਜੀ ਨੇ ਇਨ੍ਹਾਂ ਚਾਲੀ ਸਿੱਖਾਂ ਨੂੰ ਮੁਕਤਿਆਂ ਦਾ ਵਰ ਦਿੱਤਾ। ਗੁਰੂ ਜੀ ਨੇ ਇਸ ਢਾਬ ਦਾ ਨਾਂ "ਈਸ਼ਰਸਰ ਮੁਕਤਸਰ" ਰਖਿਆ। ੩੦ ਪੋਹ ਦੀ ਰਾਤ ਬੀਤ ਗਈ। ਸਵੇਰ ਹੋਈ ਤਾਂ "ਸ੍ਰੀ ਆਸਾ ਦੀ ਵਾਰ" ਦਾ ਕੀਰਤਨ ਹੋਇਆ ਅਤੇ ਫਿਰ ਭੋਗ ਪਾਇਆ ਗਿਆ। ਗੁਰੂ ਸਾਹਿਬ ਨੇ ਭਾਈ ਦਾਨ ਸਿੰਘ ਨੂੰ ਖਿਦਰਾਣੇ ਪਿੰਡ ਤੋਂ ਘੀ, ਮੈਦਾ ਤੇ ਖੰਡ ਮੰਗਵਾਉਣ ਲਈ ਭੇਜਿਆ ਤਾਂ ਜੋ

ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਵਾਈ ਜਾਵੇ।

ਸ਼ਹੀਦ ਸਿੰਘਾਂ ਦਾ ਅੰਤਮ ਇਸ਼ਨਾਨ ਗੁਰੂ ਸਾਹਿਬ ਨੇ ਆਪ ਕਰਾਇਆ ਅਤੇ ਫਿਰ ਦੇਹਾਂ ਇਕ ਲਕੜੀ ਦੇ ਢੇਰ 'ਤੇ ਰੱਖੀਆਂ। ਗੁਰੂ ਸਾਹਿਬ ਨੇ ਆਪ 'ਸੋਹਿਲੇ' ਦਾ ਪਾਠ ਕੀਤਾ ਫਿਰ ਖੜੇ ਹੋ ਕੇ ਅਰਦਾਸ ਕੀਤੀ। ਸਿੱਖਾਂ 'ਸਤਿ ਸ੍ਰੀ ਅਕਾਲ' ਦਾ ਜੈਕਾਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਗੁਰੂ ਸਾਹਿਬ "ਸ੍ਰੀ ਵਾਹਿਗੁਰੂ" ਆਖ ਆਪਣੇ ਹਸਤ ਕਮਲਾਂ ਨਾਲ ਅੰਗੀਠੇ ਨੂੰ ਅੱਗ ਦਿੱਤੀ। ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਅੰਗੀਠੇ ਦੇ ਨਾਲ ਹੀ ਮਾਲ੍ਹ ਦੇ ਬਿਰਛ ਹੇਠ ਗੁਰੂ ਸਾਹਿਬ ਨੇ ਦੀਵਾਨ ਸਜਾਇਆ। ਗੁਰੂ ਸਾਹਿਬ ਨੇ ਆਪਣੇ ਮੁਖਾਰਬਿੰਦ ਤੋਂ ਆਖਿਆ- "ਭਾਈ ਸਿਖੋ! ਇਨ ਚਾਲੀ ਮੁਕਤਿਆਂ ਧਰਮ ਹੇਤ ਸੀਸ ਦੀਏ ਹੈਂ, ਇਨ੍ਹਾਂ ਸਭਨਾਂ ਉੱਚ ਪਦਵੀ ਪਾਈ ਹੈ। ਆਜ ਮਾਘ ਕੀ ਸੰਕਰਾਂਤ ਕਾ ਦਿਹੁੰ ਹੈ, ਜਿਹੜਾ ਸਿੱਖ ਸਿਖਣੀ ਏਸ ਦਿਨ ਏਸ ਮੁਕਤ ਸਰੋਵਰ ਮੇਂ ਇਸ਼ਨਾਨ ਕਰੇ, ਉਸੇ ਅਠਾਹਟ ਤੀਰਥੋਂ ਕਾ ਫਲ ਪ੍ਰਾਪਤ ਹੋਗਾ।" ਇੰਝ ਗੁਰੂ ਸਾਹਿਬ ਬਚਨ ਬਿਲਾਸ ਕਰਦੇ ਸਾਰਾ ਦਿਨ ਬੀਤ ਗਿਆ। ਰਾਤ ਸਮੇਂ ਸਿੱਖਾਂ ਗੁਰੂ ਜੀ ਦਾ ਹੁਕਮ ਸੁਣ ਕੇ ਅੰਗੀਠੇ ਦੇ ਚਾਰ ਪਾਸਿਆਂ ਆਸਨ ਲਗਾਏ।

ਅੰਮ੍ਰਿਤ ਵੇਲੇ 'ਸ੍ਰੀ ਆਸਾ ਦੀ ਵਾਰ' ਦੇ ਕੀਰਤਨ ਉਪਰੰਤ ਭਾਈ ਦਾਨ ਸਿੰਘ ਆਦਿ ਸਿੱਖਾਂ ਗੁਰੂ ਜੀ ਦਾ ਬਚਨ ਸੁਣ ਕੇ ਅੰਗੀਠੇ ਉੱਪਰ ਮਿੱਟੀ ਪਾਈ। ਫਿਰ ਤਿਆਰੀ ਦਾ ਹੁਕਮ ਹੋਇਆ। ਖਿਦਰਾਣਾ ਵਾਸੀ ਸਿੱਖ ਸੰਗਤਾਂ ਬੇਨਤੀ ਕਰ ਕੇ ਗੁਰੂ ਸਾਹਿਬ ਨੂੰ ਆਪਣੇ ਪਿੰਡ ਲੈ ਗਈਆਂ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਬਚਨ ਕੀਤਾ- ਭਾਈ ਸਿੱਖੋ! ਸਾਡੇ ਪਿੱਛੋਂ ਅੰਗੀਠਾ ਫੋਲਨਾ ਨਹੀਂ। ਇਸ 'ਤੇ ਹੋਰ ਮਿੱਟੀ ਪਾ ਕੇ ਥੜਾ ਬਣਾ ਦੇਣਾ। ਇਸ ਵਿੱਚ ਤੁਹਾਡੀ ਮੁਕਤੀ ਹੈ। ਸਮਾਂ ਪਾ ਕੇ ਮੇਰਾ ਇਕ ਸਿੱਖ ਆਏਗਾ ਜੋ ਇਨ੍ਹਾਂ ਸ਼ਹੀਦਾਂ ਦਾ ਅਸਥਾਨ ਬਣਾਏਗਾ। ਅੱਜ ਤੋਂ ਸਿੱਖ ਸੰਗਤਾਂ ਚਾਲੀ ਮੁਕਤਿਆਂ ਦਾ ਨਾਂ ਦੋਵੇਂ ਵੇਲੇ ਦੀ ਅਰਦਾਸ ਵਿੱਚ ਲਵੇਗੀ।"

ਸਮਾਂ ਗੁਜ਼ਰਨ ਤੋਂ ਬਾਅਦ ਭਾਈ ਲੰਗਰ ਸਿੰਘ ਹਰੀਕੇ ਕਲਾਂ ਨੇ ਇਹ ਸ਼ਹੀਦੀ ਅਸਥਾਨ ਬਣਾਇਆ। ਦਸੰਬਰ ੧੭੨੫ ਈ. ਤੋਂ ਅੰਮ੍ਰਿਤਸਰ ਵਾਸੀ ਸੰਗਤ ਦੇ ਉੱਦਮ ਨਾਲ ਮਾਘੀ ਦੇ ਦੀਵਾਨ ਮਨਾਉਣ ਦੀ ਸ਼ੁਰੂਆਤ ਹੋਈ। ਇਹ ਸੀ ਸਿੱਖ ਤਵਾਰੀਖ ਦਾ ਲਹੂ ਨਾਲ ਲਬਰੇਜ਼ ਵਰਕਾ, ਜੋ ਚਾਲੀ ਮੁਕਤਿਆਂ ਦੀ ਸੁਰਮਗਤੀ ਦੀ ਦਾਸਤਾਨ ਪੇਸ਼ ਕਰਦਾ ਹੈ।

"ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਿਆਤ ਹੈ"

***

ਭਾਗ-3

ਸਾਹਿਤਕ ਪੈੜਾਂ

ਜੰਮੂ ਕਸ਼ਮੀਰ ਦਾ ਪੰਜਾਬੀ ਜੀਵਨੀ ਸਾਹਿਤ

ਆਧੁਨਿਕ ਪੰਜਾਬੀ ਵਾਰਤਕ ਕਈ ਰੂਪਾਂ ਵਿੱਚ ਦ੍ਰਿਸ਼ਟੀਗੋਚਰ ਹੋਈ ਹੈ ਜਿਵੇਂ ਲੇਖ, ਨਾਵਲ, ਕਹਾਣੀ, ਨਾਟਕ, ਜੀਵਨੀ, ਸਵੈਜੀਵਨੀ ਅਤੇ ਸਫ਼ਰਨਾਮਾ ਆਦਿ। "ਜੀਵਨੀ ਅਸੀਂ ਉਸ ਸਾਹਿਤਕ ਰੂਪ ਨੂੰ ਕਹਿੰਦੇ ਹਾਂ, ਜਿਸ ਵਿੱਚ ਕਿਸੇ ਮਹਾਂਪੁਰਖ ਦਾ ਜੀਵਨ ਬਿਆਨ ਕੀਤਾ ਜਾਏ। .... ਜੀਵਨੀ ਦੀਆਂ ਸਾਰੀਆਂ ਘਟਨਾਵਾਂ ਸੱਚੀਆਂ ਹੋਣੀਆਂ ਚਾਹੀਦੀਆਂ ਹਨ। ਜੀਵਨੀ ਦੀਆਂ ਪ੍ਰਮੁੱਖ ਦੋ ਹੀ ਕਿਸਮਾਂ ਹਨ:

1. ਉਹ ਜੀਵਨੀ, ਜਿਸ ਵਿੱਚ ਕਿਸੇ ਮਹਾਂਪੁਖ ਦਾ ਜੀਵਨ ਕੋਈ ਹੋਰ ਬਿਆਨ ਕਰੇ।
2. ਉਹ ਜੀਵਨੀ ਜਿਸ ਵਿੱਚ ਮਹਾਂਪੁਰਖ ਆਪਣਾ ਜੀਵਨ ਆਪ ਬਿਆਨ ਕਰੇ। ਇਸ ਨੂੰ ਸਵੈ-ਜੀਵਨੀ ਕਹਿੰਦੇ ਹਨ।[1]

ਅੰਗ੍ਰੇਜ਼ ਵਿਦਵਾਨਾਂ ਨੇ ਜੀਵਨੀ ਦੀ ਪ੍ਰੀਭਾਸ਼ਾ ਨੂੰ ਵੀ ਸਪਸ਼ਟ ਕੀਤਾ ਹੈ। "Biography is an account of someone's life that has been written by some one else. It is the branch of literature which deals with accounts of people's lines."[2]

ਸਾਧਾਰਨ ਜੀਵਨੀ ਨੂੰ ਕਲਮਬੱਧ ਕਰਨਾ ਤੇ ਉੱਚੇ ਮਿਆਰੀ ਸਾਹਿਤਕ ਗੁਣਾਂ ਨਾਲ ਭਰਪੂਰ ਜੀਵਨੀ ਵਿੱਚ ਵੱਡਾ ਫ਼ਰਕ ਹੁੰਦਾ ਹੈ। ਸਾਧਾਰਣ ਜੀਵਨੀ ਵਿੱਚ ਉਪਯੋਗੀ ਢੰਗ ਨਾਲ ਜਾਣਕਾਰੀ ਮੁਹਈਆ ਕਰਾਉਣੀ ਪੈਂਦੀ ਹੈ। ਜਦਕਿ ਉੱਚ ਮਿਆਰ ਦੀ ਸਾਹਿਤਕ ਗੁਣਾਂ ਦੇ ਸੁਹਜ ਸਵਾਦ ਨੂੰ ਮੁੱਖ ਰੱਖਣਾ ਯਕੀਨੀ ਹੋ ਜਾਂਦਾ ਹੈ। ਕ੍ਰਿਪਾਲ ਸਿੰਘ ਕਸੇਲ ਇਸ ਨੁਕਤੇ ਨੂੰ ਸਪਸ਼ਟ ਕਰਦਿਆਂ ਲਿਖਦੇ ਹਨ, "ਭਾਵੇਂ ਰਚਨਾ ਜੀਵਨੀ ਹੋਵੇ ਜਾਂ ਸਵੈ-ਜੀਵਨੀ। ਉਸਦਾ ਮਹੱਤਵ ਇੱਕ ਬੰਨੇ ਵਿਸ਼ੇ ਵਸਤੂ ਭਾਵ ਨਾਇਕ ਦੇ ਵਿਅੱਕਤੀਤਵ ਦੀ ਵਚਿਰਤਾ ਉੱਤੇ ਆਧਾਰਤ ਹੁੰਦਾ ਹੈ ਅਤੇ ਦੂਜੇ ਬੰਨੇ ਜੀਵਨੀਕਾਰ ਦੇ ਨਿਭਾ ਜਾਂ ਲਿਖਣ ਸ਼ੈਲੀ ਕਾਰਨ।[3]

ਜੀਵਨੀ ਸਾਹਿਤ ਦਾ ਆਰੰਭ ਭਾਵੇਂ ਪੰਜਾਬੀ ਸਾਹਿਤ ਵਿੱਚ 1900 ਈ. ਤੋਂ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ। ਪਰ ਗੁਰੂ ਨਾਨਕ ਸਾਹਿਬ ਬਾਰੇ ਜੋ ਜਨਮਸਾਖੀਆਂ ਸਮੇਂ-ਸਮੇਂ ਦ੍ਰਿਸ਼ਟੀਗੋਚਰ ਹੋਈਆਂ ਉਨ੍ਹਾਂ ਵਿੱਚ ਕਈ ਅਜਿਹੀਆਂ ਘਟਨਾਵਾਂ ਆਣ ਜੁੜੀਆਂ ਜਾਂ ਜੋੜੀਆਂ ਗਈਆਂ ਹਨ ਜੋ ਚੰਗੇ ਗੁਣਾਂ ਕਾਰਨ ਸਫ਼ਲ ਨਹੀਂ ਕਹੀਆਂ ਜਾ ਸਕਦੀਆਂ। ਵੀਹਵੀਂ ਸਦੀ ਵਿੱਚ ਜੀਵਨੀ ਸਾਹਿਤ ਆਪਣੇ ਪੂਰੇ ਜੋਬਨ ਵਿੱਚ ਸਫ਼ਲਤਾ ਦੀਆਂ ਮੰਜ਼ਿਲਾਂ ਵੱਲ ਪੁਲਾਘਾਂ ਪੁਟਦਾ ਨਜ਼ਰੀ ਆਇਆ। ਇਸੇ ਸਦੀ ਵਿੱਚ ਗੁਰੂ ਨਾਨਕ ਚਮਤਕਾਰ, ਗੁਰੂ ਕਲਗੀਧਰ ਚਮਤਕਾਰ (ਭਾਈ ਵੀਰ ਸਿੰਘ), ਮਹਾਰਾਜਾ ਰਣਜੀਤ ਸਿੰਘ, ਕੰਵਰ ਨੋਨਿਹਾਲ ਸਿੰਘ, ਨਵਾਬ ਕਪੂਰ ਸਿੰਘ, ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ (ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ) ਆਦਿ ਜੀਵਨੀਆਂ ਲਿੱਖੀਆਂ ਗਈਆਂ। ਭਾਂਵੇ ਇਨ੍ਹਾਂ ਜੀਵਨੀਆਂ ਉੱਤੇ ਇਤਿਹਾਸ ਦਾ ਅੰਸ਼ ਆਪ ਮੁਹਾਰੇ ਨਜ਼ਰੀ ਪੈਂਦਾ ਹੈ। ਜੀਵਨੀ ਉੱਤੇ ਜਦੋਂ ਇਤਿਹਾਸ ਦਾ ਰੰਗ ਗੂੜਾ ਚਾੜਿਆ ਜਾਂਦਾ ਹੈ ਤਾਂ ਅਸਲੋਂ ਜੀਵਨੀ ਦਾ ਰੰਗ ਮਦਮ ਪੈ ਜਾਂਦਾ ਹੈ। ਸਾਹਿਤਕ

ਜੀਵਨੀਆਂ ਦਾ ਇੱਕ ਵੱਡਾ ਕਾਫ਼ਲਾ ਵੀ ਇਸੇ ਸਦੀ ਦੀ ਪ੍ਰਾਪਤੀ ਆਖਿਆ ਜਾ ਸਕਦਾ ਹੈ।

ਵਿਦਵਾਨ ਲੇਖਕਾਂ ਨੇ ਜੀਵਨ ਅਤੇ ਸਵੈ-ਜੀਵਨੀ ਦਾ ਨਿਖੇੜ ਇਸ ਤਰ੍ਹਾਂ ਕੀਤਾ ਹੈ "Biography is that art of making art out of life. Autobiography is the way of getting outside the self, of striving to be objective. Biography or autobiography is the history of an individual becoming collective and inclusive of others experience.

A biographer or an autobiographer uses imagination to mediate between the self and history, he seeks analogues between individual and communal experience and while presenting them he offers a new vision to the reader..... Autobiography is turning self knowledge into art as much as biography is making art out of someone's life."[4]

ਮਿਸਟਰ ਮੋਰਿਲ ਡਾਨਾ ਕੌਸਮੈਨ ਜੀਵਨੀ ਦੀ ਪ੍ਰੀਭਾਸ਼ਾ ਨੂੰ ਹੋਰ ਸਪਸ਼ਟ ਕਰ ਕੇ ਲਿੱਖਦਾ ਹੈ "The three cardinal virtues of a superior biography are its truth, vitality and style... the elementary function of biography is to creat a life as it was lived and to make clear an individuality as it was constituted."[5]

ਜੰਮੂ ਕਸ਼ਮੀਰ ਵਿੱਚ ਜੀਵਨੀ ਸਾਹਿਤ ਪਿੱਛਲੇ ਸੱਤਰ (70) ਵਰ੍ਹਿਆਂ ਤੋਂ ਲਿਖਿਆ ਜਾ ਰਿਹਾ ਹੈ। ਇਸ ਦੌਰਾਨ ਕਰੀਬ ਦਰਜਨ ਕੁ ਜੀਵਨੀਕਾਰਾਂ ਨੇ ਆਪਣਾ ਯੋਗਦਾਨ ਪਾਇਆ ਹੈ। ਇਸ ਜ਼ੁਮਰੇ ਵਿੱਚ ਜੋ ਜੀਵਨੀਕਾਰ ਆਉਂਦੇ ਹਨ ਉਨ੍ਹਾਂ ਵਿੱਚ ਵਿਸ਼ੇਸ਼ ਹਨ ਬੁੱਧ ਸਿੰਘ ਗਿਆਨੀ, ਬਿਸ਼ਨ ਸਿੰਘ ਕ੍ਰੀਟ, ਗਿਆਨੀ ਤਾਰਾ ਸਿੰਘ ਸ਼ਾਤ, ਭਾਗਵੰਤ ਅਤਰ ਸਿੰਘ, ਪ੍ਰੀਤਮ ਸਿੰਘ ਗਿਆਨ, ਸੁਰਜੀਤ ਸਿੰਘ ਰਾਠੀ, ਗਿਆਨੀ ਈਸ਼ਰ ਸਿੰਘ ਬਖਸ਼, ਹਿੰਮਤ ਸਿੰਘ, ਬੀਕਮ ਸਿੰਘ ਰਾਹੀ ਅਤੇ ਡਾ. ਜਸਬੀਰ ਸਿੰਘ ਸਰਨਾ।

ਬੁੱਧ ਸਿੰਘ ਗਿਆਨੀ (1892-1952 ਈ.):-

ਗਿਆਨੀ ਬੁੱਧ ਸਿੰਘ ਦਾ ਜਨਮ ਪਿੰਡ ਥੜ੍ਹਾ-ਭੰਗੋ, ਸੁਧਨੂਤੀ ਵਿੱਚ 1892 ਈਸਵੀਂ ਨੂੰ ਹੋਇਆ। ਗਿਆਨੀ ਜੀ ਦੀ ਵਾਰਤਕ ਗੁਰਮਤਿ ਧਾਰਾ ਨਾਲ ਔਤਪੋਤ ਹੋਈ ਹੈ। ਆਪ ਜਿਥੇ ਸੂਝਵਾਨ ਕਵੀ ਸਨ ਉਥੇ ਜੀਵਨੀਕਾਰ ਅਤੇ ਇਤਿਹਾਸਕਾਰ ਵੀ ਸਨ। ਆਪ ਜੀ ਦੀਆਂ ਪੁਸਤਕਾਂ 'ਗੁੱਝੇ ਹੀਰੇ' ਅਤੇ 'ਚੋਣਵੇਂ ਰਤਨ' ਕਾਫੀ ਪ੍ਰਸਿੱਧ ਹੋਈਆਂ। ਇਨ੍ਹਾਂ ਦੋਵਾਂ ਪੁਸਤਕਾਂ ਵਿੱਚ ਢੇਰ ਸਾਰੀ ਕਵਿਤਾ ਸ਼ਾਮਲ ਕੀਤੀ ਗਈ ਹੈ ਜਿਸ ਤੋਂ ਬੁਧ ਸਿੰਘ 'ਬੁਧ ਹਰਿ' ਦਾ ਚੰਗਾ ਕਵੀ ਹੋਣ ਦੀ ਗਵਾਹੀ ਪ੍ਰਤੱਖ ਨਜ਼ਰੀ ਪੈਂਦੀ ਹੈ।

ਗਿਆਨੀ ਬੁੱਧ ਸਿੰਘ ਨੇ ਹੀ ਜੰਮੂ ਕਸ਼ਮੀਰ ਵਿੱਚ ਵਾਰਤਕ ਦੇ ਰੂਪ ਜੀਵਨੀ ਦਾ ਮੁੱਢ ਬੰਨਿਆ ਹੈ। 'ਗੁੱਝੇ ਹੀਰੇ' 1928 ਈਸਵੀ ਵਿੱਚ ਪ੍ਰਕਾਸ਼ਤ ਹੋਈ। ਜਿਸ ਵਿੱਚ ਕਈ ਸੰਤਾਂ/ ਮਹੰਤਾਂ ਦੇ ਜੀਵਨ ਤੇ ਚਾਨਣਾ ਪਾਇਆ ਗਿਆ ਹੈ। ਇਹ ਸਾਰੇ ਡੇਰਾ ਨੰਗਾਲੀ ਸਾਹਿਬ ਪੁਣਛ, ਡੇਰਾ ਗੁਫ਼ਾ ਮੁਜ਼ਫਰਾਬਾਦ, ਡੇਰਾ ਭੇਠ ਭਾਈਆ ਪੁਣਛ, ਡੇਰਾ ਪਰਲ, ਭਾਨਤੀਨ, ਡੇਰਾ ਖੜੀ ਧਰਮਸ਼ਾਲ ਪੁਣਛ, ਡੇਰਾ ਡੰਨਾ ਮੁਜ਼ਫਰਾਬਾਦ ਅਤੇ ਡੇਰਾ ਬਸਨਾੜਾ ਨਾਲ ਸੰਬੰਧਤ

ਸਨ। ਇਹ ਜੀਵਨੀਆਂ ਭਾਂਵੇ ਜੀਵਨੀ ਪ੍ਰੀਭਾਸ਼ਾ ਦੀਆਂ ਪੂਰਤੀ ਨਹੀਂ ਕਰਦੀਆਂ ਪਰ ਫਿਰ ਵੀ ਸ਼ਰਧਾ ਰੂਪੀ ਰੰਗਤ ਨਾਲ ਨਿਖਾਰ ਲਿਆਂਦਾ ਗਿਆ ਹੈ। ਗਿਆਨੀ ਜੀ ਨੇ ਸੰਤਾਂ/ਮਹੰਤਾਂ ਦੇ ਜਮਾ ਵਾਲੇ ਨੁੱਕਤੇ ਤਾਂ ਉਭਾਰੇ ਹਨ ਪਰ ਨਫ਼ੀ ਵਾਲੇ ਨੁਕਤਿਆਂ ਨੂੰ ਉਜਾਗਰ ਕਰਨ ਤੋਂ ਘੁਸੇਲ ਮਾਰ ਛੱਡੀ ਹੈ। ਗਿਆਨੀ ਜੀ ਦੀ ਦੂਜੀ ਪੁਸਤਕ 'ਚੋਣਵੇਂ ਰਤਨ' ਹੈ। ਜੋ 1994 ਬਿਕਰਮੀ (1937 ਈ.) ਨੂੰ ਪ੍ਰਕਾਸ਼ਿਤ ਹੋਈ ਜਿਸ ਦੇ ਕੁੱਲ ਪੰਨੇ 608 ਹਨ। ਇਸ ਪੁਸਤਕ ਵਿੱਚ ਦਸ ਸਿੱਖ ਗੁਰੂ ਸਾਹਿਬਾਨ ਤੋਂ ਛੁੱਟ ਕਈ ਦਰਜਨ ਗੁਰਮੁਖਾਂ, ਸੰਤਾਂ, ਮਹੰਤਾਂ, ਸਿੱਖ ਜਰਨੈਲਾਂ, ਰਾਜਿਆਂ, ਮਹਾਰਾਜਿਆਂ ਅਤੇ ਵਿਸ਼ੇਸ਼ ਵਿਅਕਤੀਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਦੀ ਗਿਣਤੀ ਤਕਰੀਬਨ 350 ਦੇ ਕਰੀਬ ਆਉਂਦੀ ਹੈ। ਇਨ੍ਹਾਂ ਵਿਸ਼ੇਸ਼ ਵਿਅਕਤੀਆਂ ਵਿੱਚ ਕਈ ਚੰਗੇ ਗੁਣਾਂ ਦੇ ਮੁਜਸਮੇਂ ਸਨ। ਇਹ ਪੁਸਤਕ ਜੰਮੂ ਕਸ਼ਮੀਰ ਦੇ ਸਿੱਖਾਂ ਦਾ ਮੁੱਢਲੇ ਇਤਿਹਾਸ ਨੂੰ ਵੀ ਸਮੇਟੀ ਬੈਠੀ ਹੈ। ਜੰਮੂ ਕਸ਼ਮੀਰ ਦੇ ਡੇਰਿਆਂ ਨਾਲ ਸੰਬੰਧਿਤ ਸੰਤਾਂ/ਮਹੰਤਾਂ ਨੇ ਬਿੱਖੜੇ ਅਤੇ ਪਹਾੜੀ ਇਲਾਕਿਆਂ ਵਿੱਚ ਗੁਰਮਤਿ-ਪ੍ਰਚਾਰ ਅਤੇ ਪਾਸਾਰ ਲਈ ਅਹਿਮ ਭੂਮਿਕਾ ਨਿਭਾਈ ਹੈ ਜਿਸ ਤੇ ਬਜਾ ਤੌਰ ਤੇ ਮਾਣ ਕੀਤਾ ਜਾ ਸਕਦਾ ਹੈ। ਸਮੇਂ-ਸਮੇਂ ਸਿੱਖ ਸਮਾਜ ਵਿੱਚ ਆਈਆਂ ਕਈ ਕੁਰੀਤੀਆਂ ਨੂੰ ਦੂਰ ਕਰਨ ਵਿੱਚ ਆਪਣਾ ਯੋਗਦਾਨ ਪਾਇਆ ਹੈ। ਕਈ ਸਮਾਜਿਕ, ਧਾਰਮਿਕ, ਸਿਆਸੀ ਨੇਤਾਵਾਂ ਬਾਰੇ ਚੰਗੀ ਜਾਣਕਾਰੀ ਇਸ ਪੁਸਤਕ ਵਿੱਚ ਦਿੱਤੀ ਹੈ। ਗਿਆਨੀ ਜੀ ਵੱਲੋਂ ਵਰਤੀ ਭਾਸ਼ਾ ਸਰਲ, ਰੋਚਿਕ ਅਤੇ ਪਾਠਕਾਂ ਨੂੰ ਮੋਹ ਲੈਣ ਵਾਲੀ ਹੈ।

ਵਾਰਤਕ ਦ੍ਰਿਸ਼ਟਾਂਤ:-

"ਇਹ ਪਿੰਡ ਮਟਨ ਦੇ ਚੜ੍ਹਦੇ ਪਾਸੇ ਦੋ ਢਾਈ ਮੀਲ ਦੀ ਵਿੱਥ ਪਰ ਆਬਾਦ ਹੈ। ਇਸ ਤੋਂ ਪਰ੍ਹੇ ਸਿੱਖ ਆਬਾਦੀ ਨਹੀਂ, ਮੁਸਲਮਾਨ ਹੀ ਰਹਿੰਦੇ ਹਨ। ਇਸ ਪਿੰਡ ਵਿੱਚ ਤਿੰਨ ਚਾਰ ਘਰਾਣੇ ਦੇ ਗੁਰਸਿੱਖ ਨਿਵਾਸ ਰੱਖਦੇ ਹਨ। ਇਹ ਭੀ ਸਿੱਖ ਰਾਜ ਵੇਲੇ ਫੌਜੀ ਸਿਪਾਹੀ ਸਨ ਤੇ ਮਗਰੋਂ ਮਹਾਰਾਜਾ ਰਣਬੀਰ ਸਿੰਘ ਜੀ ਦੀ ਮੁਲਾਜ਼ਮਤ ਕਰਦੇ ਹੋਏ ਗਿਲਗਿਤ ਦੀ ਲੜਾਈ ਵਿੱਚ ਕੁੱਝ ਪਕੜੇ ਗਏ ਸਨ ਜੋ ਕਈ ਸਾਲਾਂ ਮਗਰੋਂ ਕਈ ਦਾਅ ਲਾ ਕੇ ਘਰ (ਕਸ਼ਮੀਰ) ਆ ਗਏ ਸਨ।"

(ਗੁੱਝੇ ਹੀਰੇ, ਸਫ਼ਾ: 522)

"ਸੰਤ ਰੋਚਾ ਸਿੰਘ ਜੀ ਵੈਰੀਆਂ ਨੂੰ ਜਬਰਦਸਤ ਭਾਜੜਾਂ ਦੇ ਤੇ ਉਨ੍ਹਾਂ ਦੇ ਦੰਦ ਖੱਟੇ ਕਰਕੇ ਸਾਰੇ ਕਸ਼ਮੀਰ ਦਾ ਦੌਰਾ ਕੀਤਾ, ਫਿਰ ਸ਼ਾਲਕੋਟ ਪਹੁੰਚੇ, ਇਸ ਨਗਰ ਦੇ ਪਿਛੇ ਤੇ 'ਕਾਜ਼ੀ ਨਾਗ' ਦੇ ਹੇਠਾਂ ਇਕ ਬੜਾ ਭਾਰੀ ਜੰਗਲ ਹੈ। ਇਥੇ ਹੀ ਜਾ ਕੇ ਤਪ ਕਰਨ ਦੀ ਜਗ੍ਹਾ ਪਸੰਦ ਕੀਤੀ। ਚੁਪ ਚੁਪੀ-ਤੇ ਹੀ ਕਿਸੇ ਨੂੰ ਖ਼ਬਰ ਦਿਤੇ ਬਗੈਰ ਆਪ ਜੰਗਲ ਵਿੱਚ ਚਲੇ ਆਏ ਅਤੇ ਇਕ ਦਿਆਰ ਦੇ ਬੜੇ ਭਾਰੇ ਰੁਖ ਹੇਠਾਂ ਬੈਠ ਕੇ ਤਪ ਕਰਨਾ ਸ਼ੁਰੂ ਕੀਤਾ। ਅਜੇਹਾ ਕਠਨ ਤਪ ਕੀਤਾ ਕਿ ਜਿਸਦਾ ਕੋਈ ਹੱਦ ਬੰਨਾ ਨਾ ਰਿਹਾ। ਆਪ ਜੰਗਲ ਵਿੱਚ ਗੁਪਤ ਹੀ ਰਹਿੰਦੇ, ਜੰਗਲ ਦੇ ਫਲ ਫੁਲ ਖਾ ਕੇ ਹੀ ਨਿਰਬਾਹ ਕਰ ਲੈਂਦੇ ਤੇ ਵਾਹਿਗੁਰੂ ਦੀ ਬੰਦਗੀ ਵਿੱਚ ਮਗਨ ਰਹਿੰਦੇ। (ਚੋਣਵੇਂ ਰਤਨ, ਸਫ਼ਾ: 79)

ਬਿਸ਼ਨ ਸਿੰਘ ਕ੍ਰੀਟ (1894 ਈ.-1996 ਈ.) :-

ਬਿਸ਼ਨ ਸਿੰਘ ਕ੍ਰੀਟ ਦਾ ਜਨਮ 1894 ਈ. ਵਿੱਚ ਸ੍ਰ. ਮੰਗਲ ਸਿੰਘ ਸਤਵਾਦੀ ਦੇ ਘਰ ਮਾਤਾ ਕਰਤਾਰ ਕੌਰ ਦੀ ਕੁਖੋਂ ਪੁਣਛ ਕਸ਼ਮੀਰ ਵਿੱਚ ਹੋਇਆ। ਕ੍ਰੀਟ ਜੀ ਮੁੱਖ ਤੌਰ ਤੇ ਕਵੀ

ਸਨ। ਜਿਨ੍ਹਾਂ ਦੇ ਅੱਠ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਹਨਾਂ ਦੀ ਜੀਵਨੀ ਸਾਹਿਤ ਨਾਲ ਸੰਬੰਧਤ ਇਕੋ ਪੁਸਤਕ 'ਅੰਮ੍ਰਿਤ ਬਚਨ ਤੇ ਸੰਤ ਦਰਸ਼ਨ' ਛਪੀ ਹੈ। ਜਿਸ ਬਾਰੇ ਡਾ. ਗੁਲਸ਼ਨ ਲਿਖਦੇ ਹਨ, "ਅੰਮ੍ਰਿਤ ਬਚਨ ਤੇ ਸੰਤ ਦਰਸ਼ਨ" ਨਾਂ ਦੀ ਇਹ ਪੁਸਤਕ, ਜੋ ਬਿਸ਼ਨ ਸਿੰਘ ਕ੍ਰੀਟ ਦੀ ਰਚੀ ਹੋਈ ਹੈ, ਜੀਵਨੀ ਸਾਹਿਤ ਰੂਪ ਅਧੀਨ ਨਹੀਂ ਆਉਂਦੀ ਜਿਥੋਂ ਤੱਕ ਜੀਵਨੀ ਦੀ ਪ੍ਰੀਭਾਸ਼ਾ ਦਾ ਸੰਬੰਧ ਹੈ। ਪਰ ਕੁਝ ਕੁ ਲਛਣ ਮੌਜੂਦ ਹਨ ਜੀਵਨੀ ਸਾਹਿਤ ਰੂਪ ਦੇ। ਇਸ ਪੁਸਤਕ ਵਿੱਚ ਗੁਰੂ ਸਾਹਿਬਾਨ, ਮਹੰਤਾਂ ਅਤੇ ਸੰਤਾਂ ਤੋਂ ਛੁਟ ਢੇਰ ਸਾਰੇ ਹੋਣ ਵਾਲੇ ਵਿਅਕਤੀਆਂ ਬਾਰੇ ਜਾਣਕਾਰੀ ਉਪੱਲਬਧ ਕਰਵਾਈ ਗਈ ਹੈ, ਭਾਵੇਂ ਸੰਖੇਪ ਰੂਪ ਵਿੱਚ ਹੀ, ਜਿਸ ਕਾਰਣ ਮੈਂ ਇਹ ਪੁਸਤਕ ਜੀਵਨੀ ਸਾਹਿਤ ਅਧੀਨ ਰੱਖੀ ਹੈ।[8]

ਵਾਰਤਕ ਦ੍ਰਿਸ਼ਟਾਂਤ:-

"ਡੇਰਾ ਬਾਬਾ ਮਹਿਤਾਬ ਸਿੰਘ ਜੀ ਸ਼ਾਹਦਰਾ ਦੇ ਸੰਤ ਗਿਆਨੀ ਉਤਮ ਸਿੰਘ ਜੀ ਸੁਹਾਵੇ ਜਿਲਾ ਗੁਜਰਾਤ ਦੇ ਸਤਿਸੰਗੀ ਸ੍ਰੀ ਸੰਤ ਦਰਸ਼ਨ ਸਿੰਘ ਜੀ ਗਿਆਨੀ ਆਪ ਪਾਕਿਸਤਾਨ ਬਨਣ ਮਗਰੋਂ ਜਲੰਧਰ ਗੋਬਿੰਦਗੜ੍ਹ ਨੰ. 4 ਵਿੱਚ ਆ ਕੇ ਟਿਕੇ। ਇਥੇ ਹੀ ਆਪ ਨੇ ਨਿਰਮਲ ਕੁਟੀਆ ਨਾਮ ਦਾ ਅਸਥਾਨ ਬਣਾਇਆ, ਜਿਸ ਦਾ ਏਰੀਆ ਚੰਗਾ ਖੁਲਾ ਹੈ। ਕਈ ਕਮਰੇ ਪ੍ਰਕਾਸ਼ ਅਸਥਾਨ ਸਾਹਿਬ ਤਿਆਰ ਕਰਵਾਇਆ, ਕਈ ਸਾਧੂ ਆਪ ਪਾਸ ਰਹਿੰਦੇ ਸਨ। ਧਰਮ ਪ੍ਰਚਾਰ ਕਥਾ ਕੀਰਤਨ ਆਦਿ ਕਰਦੇ ਸਨ।"

(ਅੰਮ੍ਰਿਤ ਬਚਨ ਤੇ ਸੰਤ ਦਰਸ਼ਨ)

ਇਸ ਪੁਸਤਕ ਦੀ ਵਾਰਤਕ ਸਾਧਾਰਨ ਪੱਧਰ ਦੀ ਹੈ ਪਰ ਕਈ ਵਿਅੱਕਤੀਆਂ ਬਾਰੇ ਵੱਡ-ਮੁੱਲੀ ਜਾਣਕਾਰੀ ਮੁਹਈਆ ਕਰਾਈ ਗਈ ਹੈ ਜੋ ਮੂਲਵਾਨ ਆਖੀ ਜਾ ਸਕਦੀ ਹੈ।

ਗਿਆਨੀ ਤਾਰਾ ਸਿੰਘ ਸ਼ਾਤ (1908ਈ.- 6 ਫਰਵਰੀ 1993) :-

ਗਿਆਨੀ ਤਾਰਾ ਸਿੰਘ ਸ਼ਾਤ ਦਾ ਜਨਮ 1908 ਈਸਵੀ ਨੂੰ ਭਾਈ ਰਵੇਲ ਸਿੰਘ ਜਾਗੀਰਦਾਰ ਅਤੇ ਮਾਤਾ ਰੁਕਮਣੀ ਕੌਰ ਦੇ ਘਰ ਪਿੰਡ ਦਰੋੜਾਂ ਧਮਨੀ, ਤਹਿਸੀਲ ਸੁਧਨਤੀ (ਪੁਣਛ) ਵਿੱਚ ਹੋਇਆ।

ਗਿਆਨੀ ਜੀ ਦੀ ਪੁਸਤਕ 'ਸੰਤ ਰਤਨ ਮਾਲਾ' ਜੋ ਡੇਰਾ ਨੰਗਾਲੀ ਸਾਹਿਬ ਦਾ ਇਤਿਹਾਸ ਨਾਲ ਸੰਬੰਧਿਤ ਹੈ ਜੁਲਾਈ 1973 ਈ. ਵਿੱਚ ਗੁਰਮਤਿ ਸਾਹਿਤ ਪ੍ਰਕਾਸ਼ਨ ਜੰਮੂ ਤੋਂ ਪ੍ਰਕਾਸ਼ਿਤ ਹੋਈ ਜਿਸ ਦਾ ਕੁੱਲ ੳ ਤੋ ਣ + 464 ਪੰਨੇ ਹਨ। ਇਸ ਵੱਡ ਆਕਾਰੀ ਪੁਸਤਕ ਵਿੱਚ ਗਿਆਨੀ ਜੀ ਨੇ ਡੇਰੇ ਨਾਲ ਸੰਬੰਧਿਤ ਸਾਰੇ ਸੰਤਾਂ/ਮਹੰਤਾਂ ਦੀਆਂ ਜੀਵਨੀਆਂ ਤੇ ਕਈ ਪੱਖਾਂ ਤੇ ਝਾਤ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਸੰਤ/ਮਹੰਤਾਂ ਵਿੱਚ ਜਿਨ੍ਹਾਂ ਦਾ ਜ਼ਿਕਰ ਆਇਆ ਹੈ। ਉਹ ਹਨ ਸੰਤ ਬਾਬਾ ਫੇਰੂ ਸਿੰਘ ਜੀ (1-25 ਪੰਨੇ) ਸੰਤ ਭਾਈ ਪੰਜਾਬ ਸਿੰਘ ਜੀ (27 ਤੋਂ 41 ਪੰਨੇ), ਸੰਤ ਭਾਈ ਰੌਚਾ ਸਿੰਘ ਜੀ (43 ਤੋਂ 144 ਪੰਨੇ), ਸੰਤ ਭਾਈ ਮੇਲਾ ਸਿੰਘ ਜੀ (145 ਤੋਂ 213 ਪੰਨੇ), ਸੰਤ ਭਾਈ ਮੰਨਾ ਸਿੰਘ ਜੀ (214 ਤੋਂ 254 ਪੰਨੇ), ਸੰਤ ਭਾਈ ਅਵਤਾਰ ਸਿੰਘ ਜੀ (255 ਤੋਂ 278 ਪੰਨੇ), ਸੰਤ ਭਾਈ ਮੋਹਰ ਸਿੰਘ ਜੀ (279 ਤੋਂ 347 ਪੰਨੇ), ਸੰਤ ਭਾਈ ਮੰਗਲ ਸਿੰਘ ਜੀ ਸਾਸਨ (349 ਤੋਂ 385 ਪੰਨੇ) ਅਤੇ ਮਹੰਤ ਭਾਈ ਬਚਿੱਤਰ ਸਿੰਘ ਜੀ (386 ਤੋਂ 460 ਪੰਨੇ) ਤੱਕ ਅੰਕਿਤ ਜੀਵਨੀਆਂ ਕੀਤੀਆਂ ਗਈਆਂ ਹਨ। ਇਸ ਪੁਸਤਕ ਦੀ ਸਹਾਇਤਾ ਗਿਆਨੀ ਜੀ ਨੇ ਗੁੱਝੇ ਹੀਰੇ ਅਤੇ ਇੱਕ ਹੋਰ ਪੁਸਤਕ ਤੋਂ

ਲਈ ਹੈ ਜਿਵੇਂ ਗਿਆਨੀ ਜੀ ਆਪ ਲਿਖਦੇ ਹਨ, "ਇਸ ਦੀ ਸਾਮਗਰੀ ਨ੍ਰਿਮਲ ਸੰਪਰਦਾ ਦੀ ਮਹਾਨ ਪੁਸਤਕ... ਤੇ "ਗੁੱਝੇ ਹੀਰੇ" ਕਰਤਾ ਸਵਰਗੀ ਗਿ. ਬੁੱਧ ਸਿੰਘ ਜੀ ਤੋਂ ਲਈ ਗਈ।"

(ਸੰਤ ਰਤਨ ਮਾਲਾ, ਪੰਨਾ: 461)

ਇਹ ਪੁਸਤਕ ਇਸ ਲੇਖ ਦੇ ਲੇਖਕ ਵੱਲੋਂ ਪੜ੍ਹੀ ਗਈ ਹੈ ਅਤੇ ਇਸ ਵਿੱਚੋਂ ਹੀ ਗਿਆਨੀ ਜੀ ਨੇ ਕਾਫੀ ਸਾਮਿਗਰੀ ਲਈ ਹੈ। ਇਹ ਪੁਸਤਕ ਮਹੰਤ ਦਿਆਲ ਸਿੰਘ ਦੀ ਹੈ ਜਿਸ ਦਾ ਨਾਂ 'ਨਿਰਮਲ ਪੰਥ ਦਰਸ਼ਨ' ਤਿੰਨ ਭਾਗਾਂ ਵਿੱਚ ਹੈ।

ਇਸ ਪੁਸਤਕ ਦੀ ਵਾਰਤਕ ਸਰਲ ਹੈ। ਸੰਤਾਂ/ਮਹੰਤਾਂ ਬਾਰੇ ਸ਼ਰਧਾ ਭਾਵਨਾਂ ਉਜਾਗਰ ਹੁੰਦੀ ਹੈ ਪਰ ਫ਼ਿਰ ਵੀ ਗੁਰਮੁਖਾਂ ਦੇ ਜੀਵਨ ਦੇ ਕਈ ਕਾਰਨਾਮਿਆਂ ਨੂੰ ਅੰਕਿਤ ਕੀਤਾ ਗਿਆ ਹੈ। ਇਨ੍ਹਾਂ ਸਾਰੇ ਮਹਾਂਪੁਰਸ਼ਾਂ ਨੇ ਕਾਬਲ, ਹਜ਼ਾਰਾ, ਪੁਠੋਹਾਰ, ਪਿਸ਼ਾਵਰ, ਧੰਮਧੌੜ, ਮੁਜ਼ਫਰਾਬਾਦ, ਪੁਣਛ, ਜੰਮੂ, ਕਸ਼ਮੀਰ ਅਤੇ ਦੂਰਦੁਰਾਡੇ ਬਿਖੱੜੇ ਪੈਂਡੇਂ ਤਹਿ ਕਰ ਕੇ ਲੋਕਾਂ ਨੂੰ ਖਾਲਸਾ ਪੰਥ ਵਿੱਚ ਮਿਲਾਇਆ ਜਿਸ ਦੇ ਫਲਸਰੂਪ ਖਾਲਸਈ ਰਹਿਤ ਮਰਯਾਦਾ ਵਾਲਾ ਸਾਬਤ ਸੂਰਤ ਦਸਤਾਰ ਸਿਰਾ ਖਾਲਸਾ ਸਾਨੂੰ ਨਜ਼ਰੀ ਆਉਂਦਾ ਹੈ।

ਡੇਰਾ ਨੰਗਾਲੀ ਸਾਹਿਬ ਦੀ ਬਾਕੀ ਡੇਰਿਆਂ ਤੋਂ ਵਿਲੱਖਣਤਾ ਅਸਲੋਂ ਇਹ ਹੀ ਹੈ ਕਿ ਇਹ ਡੇਰਾ ਕੇਵਲ ਗੁਰਮਤਿ ਦੀਆਂ ਲੀਹਾਂ ਤੇ ਚਲ੍ਹਾ ਆ ਰਿਹਾ ਹੈ। ਜਿਸ ਕਾਰਣ ਇਸ ਦਾ ਸਿੱਖ ਜਗਤ ਵਿੱਚ ਮਹੱਤਵਪੂਰਣ ਸਥਾਨ ਮਿਥਿਆ ਗਿਆ ਹੈ। ਇਸ ਡੇਰੇ ਨੇ ਜਿਥੇ ਲੋਕਾਂ ਵਿੱਚ ਕਈ ਕੁਰੀਤੀਆਂ ਨੂੰ ਹਟਾਇਆ ਹੈ ਉੱਥੇ ਸਮਾਜ ਦੀ ਭਲਾਈ ਲਈ ਵੀ ਪ੍ਰਸ਼ੰਸਾ ਯੋਗ ਕੰਮ ਕੀਤਾ ਹੈ। ਸਾਰਿਆਂ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਵੀ ਨਾਲ ਨਾਲ ਦਿੱਤੀਆਂ ਹਨ। ਗਿਆਨੀ ਜੀ ਜੇਕਰ ਪੁਸਤਕ ਦੇ ਅੰਦਰ ਸਾਰਥਕ ਟਿੱਪਣੀਆਂ ਅਤੇ ਹਵਾਲੇ ਦੇਂਦੇ ਤਾਂ ਗਲ ਹੋਰ ਵਜ਼ਨਦਾਰ ਬਣਨੀ ਸੀ। ਪਰ ਫਿਰ ਵੀ ਪੁਸਤਕ ਉਪਯੋਗੀ ਅਤੇ ਗੁਣਾਤਮਕ ਪੱਖੋਂ ਵਾਧਾ ਕਰਦੀ ਹੈ।

ਵਾਰਤਕ ਦਾ ਨਮੂਨਾ:-

"ਸ਼ੇਰਿ ਪੰਜਾਬ ਨੇ ਐਲਾਨ ਕਰ ਦਿੱਤਾ ਕਿ ਪੰਜਾਬ ਸਰਕਾਰ ਖਾਲਸਾ ਦੀ ਇਹ ਮੁਹਿੰਮ ਵਾਪਸ ਲਾਹੌਰ ਜਾਵੇਗੀ ਤੇ ਇਕ ਦਿਨ ਸ਼ੇਰਾਂ ਦਾ ਸ਼ਿਕਾਰ ਖੇਡਣ, ਉਪ੍ਰੰਤ ਦੋ ਦਿਨ ਹੋਰ ਇਥੇ ਹੀ ਠਹਿਰ ਕੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੰਤਾਂ ਦੀ ਸੰਗਤ ਕੀਤੀ ਅੰਤਮ ਉਪਦੇਸ਼ ਦੀ ਪ੍ਰਾਪਤੀ ਤੇ ਗੁਰਮਤਿ ਦਾ ਜੀਵਨ ਜੀਉਣ ਦੀ ਪ੍ਰੇਰਣਾ ਲਈ ਤੇ ਬੜੀ ਹੀ ਪ੍ਰਸੰਨਤਾ ਪ੍ਰਗਟ ਕਰਦਿਆਂ ਸੰਤ ਜੀ ਤੋਂ ਪੁਛ ਕੀਤੀ ਕਿ ਮਹਾਰਾਜ ਅਜ ਤਿੰਨ ਦਿਨ ਤੋਂ ਅਸੀਂ ਦੇਖ ਰਹੇ ਹਾਂ ਕਿ ਗੁਰੂ ਦਾ ਅਤੁਟ ਲੰਗਰ ਚਲ ਰਿਹਾ ਹੈ। ਜੰਗਲ ਵਿੱਚ ਮੰਗਲ ਬਣਿਆ ਪਿਆ ਹੈ। ਅਜਾਂ ਡੇਰਾ ਵੀ ਨਵਾਂ ਨਵਾਂ ਹੀ ਅਸਥਾਪਨ ਹੋਇਆ ਜਾਪਦਾ ਹੈ। ਤਾਂ ਇਹ ਸਾਰਾ ਖ਼ਰਚ ਪੁਰਚ ਕਿਥੋਂ ਨਿਭਦਾ ਹੈ। ਤਾਂ ਸੰਤ ਜੀ ਨੇ ਉਤਰ ਵਿੱਚ ਕਿਹਾ ਕਿ ਸਾਡੀ ਤਾਂ ਸੇਵਾ ਹੀ ਹੈ ਬਾਕੀ ਦਾਨਾਂ ਪਾਣੀ ਗੁਰੂ ਦਾ ਹੈ ਲੰਗਰ ਗੁਰੂ ਦਾ ਚਲਦਾ ਹੈ ਜੋ ਉਹ ਆਪ ਚਲਾ ਰਹੇ ਹਨ। ... ਤਾਂ ਮੁਨਸ਼ੀ ਮੱਸਦੀ ਬੁਲ੍ਹਾ ਕੇ ਮਹਾਰਾਜਾ ਰਣਜੀਤ ਸਿੰਘ ਨੇ ਡੇਰੇ ਦੇ ਨਾਂ ਜਾਗੀਰ ਲਗਾ ਦਿੱਤੀ।

(ਸੰਤ ਰਤਨ ਮਾਲਾ, ਪੰਨਾ: 169-70)

ਭਾਗਵੰਤ ਅਵਤਰ ਸਿੰਘ (10 ਸਤੰਬਰ 1911 ਈਸਵੀ) :-

ਭਾਗਵੰਤ ਅਤਰ ਸਿੰਘ ਜੀ ਦਾ ਜਨਮ 10 ਸਤੰਬਰ 1911 ਨੂੰ ਸ੍ਰ. ਹਰੀ ਸਿੰਘ ਦੇ ਘਰ

ਮਾਤਾ ਬਿਸ਼ਨ ਕੌਰ ਦੀ ਕੁਖੋਂ ਕਾਲਾਬਾਗ ਛਾਉਣੀ (ਮੁਜ਼ਫਰਾਬਾਦ) ਕਸ਼ਮੀਰ ਵਿੱਚ ਹੋਇਆ।[10] ਅਤਰ ਸਿੰਘ ਜੀ ਇੱਕ ਕਾਰੋਬਾਰੀ ਵਿਅਕਤੀ ਹਨ ਜਿਨ੍ਹਾਂ ਕਾਫ਼ੀ ਸਮਾਂ ਅਕਾਲੀ ਕੌਰ ਸਿੰਘ ਜੀ ਦੀ ਸੰਗਤ ਕੀਤੀ। ਇਨ੍ਹਾਂ ਦੀ ਜੀਵਨ ਸਾਥਣ ਭਾਗਵੰਤ ਕੌਰ ਬੜੇ ਸਿੱਖੀ ਜਜ਼ਬੇ ਨਾਲ ਲਬਰੇਜ਼ ਸ਼ਖਸੀਅਤ ਸਨ ਜਿਨ੍ਹਾਂ ਧਾਰਮਿਕ ਅਤੇ ਸਮਾਜਕ ਲੀਹਾਂ ਤੇ ਸਿੱਖੀ ਭਾਈਚਾਰੇ (ਕਸ਼ਮੀਰ) ਵਿੱਚ ਪਹਿਲੀ ਸਫ਼ ਵਿੱਚ ਵਿਚਰ ਕੇ ਕੰਮ ਕੀਤਾ ਅਤੇ ਪੰਜਾਬੀ ਸੂਬੇ ਸਮੇਂ ਜੇਲ੍ਹ ਵਿੱਚ ਵੱਡਾ ਜੱਥਾ ਲੈ ਕੇ ਗਏ।

ਸ੍. ਅਤਰ ਸਿੰਘ ਜੀ ਨੇ 'ਅਕਾਲੀ ਕੌਰ ਸਿੰਘ ਜੀ ਦਾ ਜੀਵਨ ਬਿਰਤਾਂਤ' 1969 ਵਿੱਚ ਪ੍ਰਕਾਸ਼ਿਤ ਕੀਤਾ ਸੀ। ਜਿਸ ਦੀ ਨਵੀਂ ਛਾਪ ਅਪ੍ਰੈਲ 2005 ਵਿੱਚ ਛਪੀ ਹੈ ਚੰਡੀਗੜ੍ਹ ਤੋਂ। ਇਸ ਪੁਸਤਕ ਦੇ ਕੁੱਲ ਪੰਨੇ VIII+164 ਹਨ। ਇਸ ਪੁਸਤਕ ਵਿੱਚ ਅਕਾਲੀ ਕੌਰ ਸਿੰਘ ਜੀ ਦੇ ਜੀਵਨ ਦੇ ਬਹੁਰੰਗੀ ਪਾਸਾਰਾਂ ਤੇ ਮਹੱਤਵਪੂਰਨ ਸੂਚਨਾਵਾਂ ਦਰਜ ਕੀਤੀਆਂ ਗਈਆਂ ਹਨ। ਅਕਾਲੀ ਜੀ ਦੇ ਧਾਰਮਿਕ, ਸਮਾਜਕ, ਰਾਜਨੀਤਕ ਸੂਝ-ਬੂਝ ਦੇ ਦਰਸ਼ਨ ਕਰਾਏ ਗਏ ਹਨ। ਅਕਾਲੀ ਜੀ ਵੱਲੋਂ ਚਲਾਏ ਜਾ ਰਹੇ 'ਗੁਰੂ ਨਾਨਕ ਆਸ਼ਰਮ, ਚਕਾਰ (ਕਸ਼ਮੀਰ) ਬਾਰੇ ਚੰਗੀ ਜਾਣਕਾਰੀ ਮੁਹਈਆ ਕਰਾਈ ਗਈ ਹੈ। 1947 ਵਿੱਚ ਬੇਘਰ ਹੋਇਆਂ ਦੀ ਸਹਾਇਤਾ, ਅੰਮ੍ਰਿਤ ਸੰਚਾਰ ਕਰਾਉਣਾ, ਲਾਵਾਰਸ ਬਚਿਆਂ ਲਈ ਕੈਂਪ ਦੀ ਅਰੰਭਤਾ ਆਦਿ ਕਾਫ਼ੀ ਭਰੋਸੇ ਯੋਗ ਸਮਿਗਰੀ ਇਕੱਤਰ ਕੀਤੀ ਗਈ ਹੈ। ਪੰਨਾਂ 113 ਤੋਂ ਬਾਅਦ ਅਕਾਲੀ ਜੀ ਦੇ ਅਕਾਲ ਚਲਾਣੇ ਤੇ ਪੰਥ ਵੱਲੋਂ ਸ਼ੋਕ ਮਤੇ ਦਿੱਤੇ ਹਨ ਉੱਥੇ ਪੰਨਾ 141 ਤੋਂ ਅਕਾਲੀ ਜੀ ਦਾ ਸਾਹਿਤ ਸਿਰਲੇਖ ਹੇਠ ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਗੁਰਸ਼ਬਦ ਰਤਨ ਪ੍ਰਕਾਸ਼, ਭਾਈ ਗੁਰਦਾਸ ਜੀ ਦੇ ਕਥਿਤ ਸਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ, ਇਸਤ੍ਰੀ ਸੰਕਟ ਮੋਚਨ, ਹਜ਼ੂਰੀ ਸਾਖੀ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਦੱਖਣ ਪ੍ਰਵੇਸ਼, ਗੁਟਕਾ ਪ੍ਰਮਾਣੀਕ ਨਿਤਨੇਮ ਸਿੱਖਾਂ ਦਾ ਨਿਤਨੇਮ ਕੀ ਹੈ ?, ਆਦਿ ਪੁਸਤਕਾਂ ਅਤੇ ਲੇਖਾਂ ਬਾਰੇ ਜ਼ਿਕਰ ਕੀਤਾ ਹੈ। ਇਸ ਪੁਸਤਕ ਵਿੱਚ ਸ੍. ਅਤਰ ਸਿੰਘ ਜੀ ਨੇ ਕੁੱਝ ਦੁਰਲੱਭ ਤਸਵੀਰਾਂ ਵੀ ਦਿਤੀਆਂ ਹਨ ਜੋ ਪਹਿਲਾਂ ਚਾਨਣ ਵਿੱਚ ਨਹੀਂ ਆਈਆਂ ਸਨ। ਇਸ ਪੁਸਤਕ ਵਿੱਚ ਅਕਾਲੀ ਜੀ ਵੱਲੋਂ ਸਾਂਭ ਕੇ ਰੱਖੇ ਕੁੱਝ ਦਸਤਾਵੇਜ਼ਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਅਜਿਹੀ ਅਨਮੋਲ ਸਾਮਿਗਰੀ ਅਕਾਲੀ ਜੀ ਬਾਰੇ ਆਈ ਹੈ, ਜੋ ਗਿਆਨ ਭਰਪੂਰ ਤਾਂ ਹੈ ਹੀ ਪਰ ਸੱਚ ਦੇ ਨੇੜੇ ਪੁੱਜਦੀ ਹੈ ਜੋ ਜੀਵਨੀ ਸਾਹਿਤ ਦਾ ਲਕਸ਼ ਹੈ। ਭਾਸ਼ਾ ਬੜੀ ਸਰਲ, ਰੋਚਿਕ ਅਤੇ ਮਨਭਾਉਂਦੀ ਵਰਤੀ ਗਈ ਹੈ।

ਵਾਰਤਕ ਦੀ ਉਦਾਹਰਣ:-

"ਇਸ ਵਕਤ ਜੰਮੂ ਕਸ਼ਮੀਰ ਸਟੇਟ ਵਿੱਚ ਸਿੰਘਾਂ ਦੀ ਅਗਵਾਈ ਤੇ ਲੋਕਲ ਮਸਲਿਆਂ ਨੂੰ ਪ੍ਰਗਟਾਉਣ ਵਾਲਾ ਕੋਈ ਅਖ਼ਬਾਰ ਨਹੀਂ ਸੀ। ਆਪ ਜੀ ਨੇ ਚਕਾਰ ਆਸ਼ਰਮ ਤੋਂ ਇਕ ਅਖ਼ਬਾਰ ਪਹਿਲੇ 'ਆਸ਼੍ਰਮ ਜਗਤ ਸਮਾਚਾਰ' (ਚਕਾਰ) ਨਾਮੀ ਜਾਰੀ ਕੀਤਾ। ਕੁਝ ਦੇਰ ਬਾਅਦ ਇਸ ਦਾ ਨਾਮ 'ਕਸ਼ਮੀਰ ਸਿੱਖ ਸਮਾਚਾਰ' ਬਦਲ ਦਿਤਾ ਜੋ 1947 ਦੇ ਘਲੂਘਾਰੇ ਤਕ ਜਾਰੀ ਰਿਹਾ। ਪਹਿਲਾਂ ਇਹ ਅਖ਼ਬਾਰ ਬਾਹਰ ਛਪਦਾ ਸੀ, ਬਿਗਾਨਿਆਂ ਪ੍ਰੈਸਾਂ ਵਿੱਚ ਦੂਰੋਂ ਛਪ ਕੇ ਆਉਣਾ ਤੇ ਏਥੋਂ ਜਾਰੀ ਹੁੰਦਾ। ਇਸ ਵਿੱਚ ਕਈ ਦਿਕਤਾਂ ਸਨ। ਡਾਕ ਰਾਹੀਂ ਪ੍ਰੈਸ ਨੂੰ ਮੈਟਰ ਘਲਣ ਨਾਲ ਜਾਂ ਤਾਂ ਕਦੀ ਕਦੀ ਮੈਟਰ ਹੀ ਗੁੰਮ ਹੋ ਜਾਂਦਾ ਸੀ ਤੇ ਕਦੀ ਕਦੀ ਪ੍ਰੈਸ

ਵਿੱਚ ਦੇਰੀ ਨਾਲ ਪੁਜਦਾ ਸੀ। ਅਗੋਂ ਪ੍ਰੈਸਾਂ ਵਾਲਿਆਂ ਕੋਲ ਕਈ ਕਈ ਕਿਸਮਾਂ ਦੇ ਕੰਮ ਹੁੰਦੇ ਸਨ, ਗਲ ਕੀ ਹਰ ਤਰ੍ਹਾਂ ਦਿੱਕਤ ਹੀ ਦਿੱਕਤ ਸੀ।"

(ਅਕਾਲੀ ਕੌਰ ਸਿੰਘ ਜੀ ਦਾ ਜੀਵਨ ਬਿਰਤਾਂਤ, ਪੰਨਾ 73)

ਗਿਆਨੀ ਈਸ਼ਰ ਸਿੰਘ ਬਖ਼ਸ਼ (1917 ਈ.- 1999 ਈ.) :-

ਗਿਆਨੀ ਈਸ਼ਰ ਸਿੰਘ ਜੀ ਦਾ ਜਨਮ 1917 ਈ. ਪਿੰਡ ਖਾਦ ਨਿਯਾਰ (ਕਸ਼ਮੀਰ) ਵਿੱਚ ਹੋਇਆ। ਗਿਆਨੀ ਜੀ ਪ੍ਰਮੁੱਖ ਤੌਰ ਤੇ ਧਾਰਮਿਕ ਟੀਚਰ ਸਨ ਅਤੇ ਗੁਰੂ ਘਰ ਦੇ ਚੰਗੀ ਕੀਰਤਨੀਏ ਵੀ ਸਨ। ਜੀਵਨੀ ਸਾਹਿਤ ਵਿੱਚ ਉਨ੍ਹਾਂ ਨੇ ਇੱਕ ਕਿਤਾਬ 'ਚਾਰ ਯਾਰ' 1995 ਵਿੱਚ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤੀ। ਇਸ ਦੇ ਕੁੱਲ ਪੰਨੇ 64 ਹਨ। ਗਿਆਨੀ ਜੀ ਨੇ ਆਪਣੇ ਬਾਲ ਸਖਾਈ ਮਿਤ੍ਰਾਂ (ਚਾਰ ਯਾਰ) ਦੀਆਂ ਜੀਵਨੀਆਂ ਦੇ ਕੁੱਝ ਅੰਸ਼ ਬਿਆਨ ਕੀਤੇ ਹਨ ਜੋ ਸਰਲ ਤੇ ਰੋਚਿਕ ਹਨ। ਇਨ੍ਹਾਂ ਚਾਰ ਯਾਰਾਂ ਵਿੱਚ ਮਹੰਤ ਬਚਿਤ੍ਰ ਸਿੰਘ (ਨੰਗਾਲੀ ਸਾਹਿਬ ਪੁਣਛ), ਗਿਆਨੀ ਸੰਤ ਸਿੰਘ ਭਟਪੁਰੀ, ਭਾਈ ਸਾਧੂ ਸਿੰਘ ਨਿਹੰਗ ਅਤੇ ਭਾਈ ਕਪੂਰ ਸਿੰਘ ਘੁੰਡੀ ਹਮਾਦੁਬ ਸ਼ਾਮਲ ਹਨ। ਗਿਆਨੀ ਜੀ ਮੁੱਖ ਤੌਰ ਤੇ ਕਵੀ ਸਨ ਜਿਸ ਕਾਰਣ ਇਨ੍ਹਾਂ ਜੀਵਨੀਆਂ ਵਿੱਚ ਕਿਤੇ ਕਿਤੇ ਰੁਬਾਈਆਂ ਵੀ ਦਿੱਤੀਆਂ ਹੋਈਆਂ ਹਨ। ਪੰਨਾ 46 ਤੋਂ ਲੈ ਕੇ 64 ਤੱਕ ਆਪਣੇ ਕੁੰਬੇ ਤੇ ਸਬੰਧੀਆਂ ਬਾਰੇ ਰੁਬਾਈਆਂ ਅਤੇ ਜਾਣਕਾਰੀ ਜੁਟਾਈ ਗਈ ਹੈ। ਚਾਰ ਯਾਰਾਂ ਦੇ ਜੀਵਨ ਦੇ ਕਈ ਪਖੋਂ ਤੋਂ ਚਾਨਣਾ ਪਾਇਆ ਗਿਆ ਹੈ, ਜੋ ਇਤਿਹਾਸ ਨਾਲ ਔਤਪੋਤ ਹੋ ਗਿਆ ਹੈ। ਇਨ੍ਹਾਂ ਯਾਰਾਂ ਦੀਆਂ ਨਾਲ-ਨਾਲ ਫੋਟੋਆਂ ਵੀ ਦਿੱਤੀਆਂ ਹੋਈਆਂ ਹਨ। ਵਾਰਤਕ ਸਧਾਰਨ ਪੱਧਰ ਦੀ ਹੈ।

ਵਾਰਤਕ ਦਾ ਨਮੂਨਾ:-

"ਇਸ ਸਮੇਂ ਪਿੰਡ ਹੱਫੂ ਤਰਾਲ ਸ੍ਰ. ਸੁਖਾ ਸਿੰਘ ਦੇ ਘਰ ਸਵੇਰੇ ਚਾਹ ਪੀਂਦਿਆਂ ਇਕ ਸ਼ੁਗਲ (ਹਾਸਰਸ) ਹੋਇਆ। ਉਹ ਇਸ ਤਰ੍ਹਾਂ ਕਿ ਜਦ ਕਮਰੇ ਵਿੱਚ ਬੈਠਿਆਂ ਚਾਹ ਦਿਆਂ ਕੱਪਾਂ ਵਿੱਚ ਤਰਾਲ ਕਸ਼ਮੀਰ ਅਲਾਕੇ ਦਾ ਗਿਫ਼ਟ ਤੋਹਫਾ ਗਨਹਾਰ ਦੇ ਫੁਲਾਂ ਦੀ ਇਕ-ਇਕ ਮੁਠ ਭਰਕੇ ਪਾਈ ਗਈ ਅਤੇ ਇਨ੍ਹਾਂ ਨੂੰ ਚਾਹ ਵਿੱਚ ਮਿਕਸ ਕਰਨ ਲਈ ਚਮਚਿਆਂ ਦੀ ਥਾਂ ਕਣਕ ਦੇ ਤੀਲੇ ਭੀ ਦਿਤੇ ਗਏ ਤਾਂ ਵਕਤ ਦੇ ਨਜ਼ਾਕਤ ਨੂੰ ਪਛਾਣਦਿਆਂ ਹੋਇਆ ਕਿਸੇ ਮੌਕੇ ਮੇਲ ਵਿੱਚ ਆ ਕੇ ਮਹੰਤ ਜੀ ਨੇ ਕੋਲ ਬੈਠੇ ਨਿਹੰਗ ਸਿੰਘ ਨੂੰ ਕਿਹਾ ਕਿ ਨਿਹੰਗ ਜੀ, ਇਸ ਪਿੰਡ ਦਾ ਕੀ ਨਾਂ ਹੈ? ਤਾਂ ਨਿਹੰਗ ਜੀ ਨੇ ਝਟ ਜ਼ੋਰ ਨਾਲ ਕਿਹਾ ਮਹਾਰਾਜ ਇਸ ਪਿੰਡ ਦਾ ਨਾਂ "ਹਾਫੂ" ਹੈ। ਬਸ ਇਹ ਕਹਿਣ ਦੀ ਦੇਰ ਸੀ ਜੋ ਉਸਦੇ ਕੋਲ ਕਪ ਵਿੱਚ ਪਏ ਗਨਹਾਰ ਦੇ ਫੁੱਲ ਜੋ ਹਾਲੀ ਚਾਹ ਉੱਤੇ ਹੀ ਢਿੱਕੇ ਹੋਏ ਸਨ ਸਾਰੇ ਉਡ ਕੇ ਨਾਲ ਦੇ ਪ੍ਰੇਮੀਆਂ ਦੇ ਮੂੰਹ ਤੇ ਆ ਪਏ ਅਤੇ ਕਈਆਂ ਦੀਆਂ ਅੱਖਾਂ ਦਾ ਸੁਰਮਾ ਭੀ ਬਣ ਗਏ। (ਚਾਰ ਯਾਰ, ਪੰਨਾ: 28)

ਸੁਰਜੀਤ ਸਿੰਘ ਰਾਠੀ (13 ਸਤੰਬਰ 1920)[11] :-

ਸ੍ਰ. ਸੁਰਜੀਤ ਸਿੰਘ ਰਾਠੀ ਦਾ ਜਨਮ ਪਿੰਡ ਬਗਲਾ ਸਿੱਖਾਂ, ਮੁਜ਼ਫਰਾਬਾਦ (ਕਸ਼ਮੀਰ) ਵਿੱਚ ਸ੍ਰ. ਹੀਰਾ ਸਿੰਘ ਦੇ ਘਰ ਹੋਇਆ। ਇਨ੍ਹਾਂ ਨੇ ਪੁਸਤਕ 'ਜੰਮੂ ਕਸ਼ਮੀਰ ਦੇ ਸੰਘਰਸ਼ੀ ਸੰਤ ਡੰਨਾ" 1990 ਵਿੱਚ ਜੰਮੂ ਤੋਂ ਪ੍ਰਕਾਸ਼ਿਤ ਕਰਾਈ। ਇਸ ਪੁਸਤਕ ਦੇ ਕੁੱਲ ਪੰਨੇ 132 ਹਨ ਜਿਸ ਵਿੱਚ ਸੰਤ ਗੁਰਬਖਸ਼ ਸਿੰਘ ਡੰਨਾਂ ਦੀ ਜੀਵਨੀ ਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਰਾਹੀਂ ਉਨ੍ਹਾਂ

ਦੇ ਸੰਘਰਸ਼ ਦੀਆਂ ਪਰਤਾਂ ਨੂੰ ਖੋਲਣ ਦਾ ਯਤਨ ਕੀਤਾ ਗਿਆ ਹੈ। ਇਸ ਜੀਵਨੀ ਵਿੱਚ ਰਿਆਸਤੀ ਸਿੱਖਾਂ ਦੇ ਧਾਰਮਿਕ, ਸਿਆਸੀ, ਸਮਾਜਿਕ ਅਤੇ ਇਤਿਹਾਸਕ ਕੁੱਝ ਕੁ ਪੱਖਾਂ ਨੂੰ ਚਾਨਣ ਵਿੱਚ ਲਿਆਇਆ ਗਿਆ ਹੈ। ਸਿਰਜਣਾਤਮਕ ਬਹੁਪਖੀ ਜੀਵਨੀ (ਸੰਤ ਡੰਨਾ) ਦਾ ਪੈਰਾਡਾਇਮ ਪੇਸ਼ ਕੀਤਾ ਗਿਆ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਾਉਣ ਦਾ ਨਿਮਾਣਾ ਜਿਹਾ ਯਤਨ ਵੀ ਹੈ।

ਵਾਰਤਕ ਦੀ ਉਦਾਹਰਣ:-

"ਕੁਹਾਲੇ ਤੋਂ ਅਗੇ ਇਹ ਸੜ੍ਹਕ ਜਿਹਲਮ ਨਦੀ ਦੇ ਕਿਨਾਰੇ-ਕਿਨਾਰੇ ਮੁਜ਼ਫਰਾਬਾਦ ਵਲ ਵਧਦੀ ਸੀ। ਛੜ੍ਹ-ਕਲਾਸ ਜਿਸ ਨੂੰ ਮੋੜ੍ਹਾਂ-ਵਾਲਾ-ਛੜ੍ਹ ਵੀ ਆਖਦੇ ਸਨ, ਕੋਹਾਲੇ ਤੋਂ ਅਠ ਮੀਲ ਦੀ ਦੂਰੀ ਉਤੇ ਸੀ। ਇਥੇ ਹੀ ਨਦੀ ਜਿਹਲਮ ਦੇ ਕਿਨਾਰੇ ਉੱਤੇ ਗੁਫ਼ਾਵਾਂ ਸਨ। ਇਨ੍ਹਾਂ ਗੁਫ਼ਾਵਾਂ ਵਿੱਚ ਇਕ ਮਹਾਂਪੁਰਖ ਭਾਈ ਪੰਜਾਬ ਸਿੰਘ ਜੀ ਆ ਕੇ ਤਪਸਿਆ ਕਰਦੇ ਸਨ ਤੇ ਸਿਖੀ ਦਾ ਪ੍ਰਚਾਰ ਵੀ ਕਰਿਆ ਕਰਦੇ ਸਨ। ਸਿੱਖ ਸਭਾ ਸਮੇਂ ਤੇ ਪਿਛੋਂ ਡੋਗਰਾ ਹਕੂਮਤ ਸਮੇਂ ਇਸ ਇਲਾਕੇ ਅੰਦਰ ਆਪਸੀ ਪਿਆਰ ਤੇ ਭਾਈ ਚਾਰੇ ਦੇ ਚੰਗੇ ਸੁਖਾਵੇਂ ਸੰਬੰਧ ਸਨ। ਭਾਵੇਂ ਲੜਾਈਆਂ ਝਗੜੇ ਹੁੰਦੇ ਰਹਿੰਦੇ ਸਨ ਪਰ ਇਹ ਝਗੜੇ ਹਿੰਦੂ, ਮੁਸਲਮਾਨਾਂ ਦੇ ਝਗੜੇ ਨਹੀਂ ਸਨ ਬਣਾਏ ਜਾਂਦੇ। ਇਲਾਕੇ ਦੀ ਸਾਰੀ ਵਸੋਂ ਭਾਵੇਂ ਹਿੰਦੂ ਸੀ, ਭਾਵੇਂ ਮੁਸਲਮਾਨ, ਸੰਤਾਂ ਫ਼ਕੀਰਾ ਦਾ ਬੜਾ ਸਤਿਕਾਰ ਕਰਦਾ ਸੀ।"

(ਜੰਮੂ ਕਸ਼ਮੀਰ ਦੇ ਸੰਘਰਸ਼ੀ ਸੰਤ ਡੰਨਾ, ਪੰਨਾ: 10)

ਪ੍ਰੀਤਮ ਸਿੰਘ ਗਿਆਨੀ (ਜਨਮ: 15 ਅਕਤੂਬਰ 1925):-

ਗਿਆਨੀ ਪ੍ਰੀਤਮ ਸਿੰਘ ਦਾ ਜਨਮ ਭਾਈ ਕਲਿਆਣ ਸਿੰਘ ਮਾਤਾ ਕਰਤਾਰ ਕੌਰ ਦੇ ਘਰ 15 ਅਕਤੂਬਰ 1925[12] ਵਿੱਚ ਪਿੰਡ ਪਿੜ ਕੋਟ, ਤਹਿਸੀਲ ਸੁਧਨੂਤੀ (ਪਲੰਦਰੀ) ਪੁਣਛ ਵਿੱਚ ਹੋਇਆ। ਗਿਆਨੀ ਜੀ ਕਹਾਣੀਕਾਰ ਤੋਂ ਛੁੱਟ ਇੱਕ ਚੰਗਾ ਜੀਵਨੀਕਾਰ ਵੀ ਹੈ ਜਿਨ੍ਹਾਂ ਨੇ ਇਸ ਪਖੋਂ ਗਿਣਾਤਮਿਕ ਪੁਲਾਘਾਂ ਪੁਟੀਆਂ ਹਨ। ਗਿਆਨੀ ਜੀ ਫ਼ੌਜ ਵਿੱਚ ਧਾਰਮਿਕ ਟੀਚਰ ਦੀ ਹੈਸੀਅਤ ਵਿੱਚ ਕੰਮ ਕਰਦੇ ਸਨ ਅਤੇ 1980 ਵਿੱਚ ਕੈਪਟਨ ਰੈਂਕ ਦੀ ਪੈਨਸ਼ਨ ਲੈ ਕੇ ਗੁਰਮਤਿ ਪ੍ਰਚਾਰ ਵਿੱਚ ਰੁੱਝੇ ਰਹੇ। ਗਿਆਨੀ ਜੀ ਦੀਆਂ ਤਕਰੀਬਨ ਇੱਕ ਦਰਜਨ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਜੀਵਨੀ ਸਾਹਿਤ ਨਾਲ ਸੰਬੰਧਤ ਇਨ੍ਹਾਂ ਦੀਆਂ ਚਾਰ ਪੁਸਤਕਾਂ ਛੱਪ ਚੁਕੀਆਂ ਹਨ ਜਿਨ੍ਹਾਂ ਵਿੱਚ ਕਰਮਵਾਰ ਸੰਤ ਦਰਸ਼ਨ (1971) ਰਤਨ ਗਾਥਾ (1997), ਮਾਣਸਰੋਵਰ (1991) ਅਤੇ ਤਿੰਨ ਅਨਮੋਲ ਰਤਨ (1983) ਵਰਨਣਯੋਗ ਹਨ।

'ਸੰਤ ਦਰਸ਼ਨ' ਦੇ ਕੁੱਲ ਪੰਨੇ 136 ਹਨ ਅਤੇ ਇਸ ਵਿੱਚ ਭਾਈ ਮੇਲਾ ਸਿੰਘ ਨੰਗਾਲੀ ਸਾਹਿਬ, ਪੁਣਛ ਦੀ ਜੀਵਨੀ ਅੰਕਿਤ ਕੀਤੀ ਗਈ ਹੈ। ਇਸ ਵਿੱਚ 16 ਸਿਰਲੇਖ ਹਨ ਜੋ ਭਾਈ ਮੇਲਾ ਸਿੰਘ ਜੀ ਦੀ ਬਹੁ-ਪਰਤੀ ਅਤੇ ਬਹੁ-ਰੰਗੀ ਜੀਵਨ ਤੇ ਕੇਂਦਰਿਤ ਹਨ। ਦੂਜੀ ਪੁਸਤਕ 'ਰਤਨ ਗਾਥਾ' ਹੈ ਜਿਸ ਦੇ 95 ਪੰਨੇ ਹਨ। ਇਸ ਵਿੱਚ ਬਾਰਾਂ ਸਿਰਲੇਖ ਹਨ ਜੋ ਸੰਤ ਭਾਈ ਰਤਨ ਸਿੰਘ ਜੀ ਦੇ ਜੀਵਨ ਬਾਰੇ ਚਾਨਣਾ ਪਾਉਂਦੇ ਹਨ। ਤੀਜੀ ਪੁਸਤਕ 'ਮਾਨ ਸਰੋਵਰ' ਹੈ ਜੋ 176 ਪੰਨਿਆਂ ਤੇ ਫੈਲੀ ਹੈ। ਇਸ ਵਿੱਚ 108 ਮਹੰਤ ਮਾਨ ਸਿੰਘ ਜੀ, ਵਰਿੰਦਰ ਨਗਰ, ਨਵੀਂ ਦਿੱਲੀ ਦੀ ਜੀਵਨੀ ਅੰਕਿਤ ਕੀਤੀ ਗਈ ਹੈ। ਇਹ ਡੇਰਾ ਵੀ ਨਿਰਮਲੇ

ਸੰਪਰਦਾ ਨਾਲ ਸੰਬੰਧਤ ਰਿਹਾ ਹੈ। ਭਾਵੇਂ ਇਸ ਪੁਸਤਕ ਦੀ ਸ਼ੈਲੀ ਵਾਰਤਲਾਪ ਨਾਲ ਪਸੀਜੀ ਹੋਈ ਹੈ ਪਰ ਗਿਆਨ ਮਈ ਰੋਚਕ ਵਿਧੀ ਅਪਨਾਈ ਗਈ ਹੈ। ਪੁਸਤਕ ਵਿੱਚ ਮਾਨ ਸਿੰਘ ਦਾ ਪਿਛੋਕੜ, ਪ੍ਰੀਚੇ, ਸੰਸਕ੍ਰਿਤ ਵਿਦਿਆ ਅਤੇ ਸਫ਼ਰਾਂ ਤੇ ਚਾਨਣਾ ਪਾਇਆ ਗਿਆ ਹੈ। ਕੁੱਲ ਮਿਲਾ ਕੇ ਇਸ ਪੁਸਤਕ ਦੇ ਤੇਰਾਂ ਸਿਰਲੇਖ ਹਨ। ਗਿਆਨੀ ਜੀ ਦੀ ਚੌਥੀ ਪੁਸਤਕ 'ਤਿੰਨ ਅਨਮੋਲ ਰਤਨ' ਹੈ ਜੋ ਗੁਰਮਤਿ ਸਾਹਿਤ ਪ੍ਰਕਾਸ਼ਨ, ਡਿਗਿਆਨਾ ਆਸ਼ਰਮ ਜੰਮੂ ਤੋਂ 1983 ਵਿੱਚ ਛੱਪੀ ਹੈ। ਇਸ ਦੇ 183 ਪੰਨੇ ਹਨ। ਇਸ ਵਿੱਚ ਨੰਗਾਲੀ ਸਾਹਿਬ ਪੁਣਛ ਦੇ ਤਿੰਨ ਮਹਾਂਪੁਰਖਾਂ ਦਾ ਜੀਵਨ ਦਰਜ ਹੈ। ਜਿਨ੍ਹਾਂ ਵਿੱਚ ਸੰਤ ਭਾਈ ਮੰਨਾ ਸਿੰਘ, ਭਾਈ ਮੰਗਲ ਸਿੰਘ ਅਤੇ ਭਾਈ ਅਵਤਾਰ ਸਿੰਘ ਸ਼ਾਮਲ ਹਨ। ਪਹਿਲੇ ਭਾਗ ਵਿੱਚ ਭਾਈ ਮੰਨਾ ਸਿੰਘ ਦਾ ਜੀਵਨ ਪੰਨਾ 1 ਤੋਂ 99 ਤੱਕ ਦਰਜ ਹੈ। ਦੂਜੇ ਭਾਗ ਵਿੱਚ ਭਾਈ ਮੰਗਲ ਸਿੰਘ ਦੱਤ ਬਾਰੇ 100 ਤੋਂ 146 ਪੰਨੇ ਸਰਫ਼ ਕੀਤੇ ਗਏ ਹਨ। ਤੀਜੇ ਭਾਗ ਵਿੱਚ ਸੰਤ ਭਾਈ ਅਵਤਾਰ ਸਿੰਘ ਬਾਰੇ 147 ਤੋਂ 182 ਪੰਨੇ ਪੰਨੇ ਅੰਕਿਤ ਕੀਤੇ ਗਏ ਹਨ। ਇਹ ਤਿੰਨੇ ਮਹਾਂਪੁਰਖ ਦੱਤ ਖਾਨਦਾਨ ਨਾਲ ਸੰਬੰਧਤ ਸਨ। ਇਨ੍ਹਾਂ ਸਾਰੀਆਂ ਪੁਸਤਕਾਂ ਦੀ ਭਾਸ਼ਾ ਸਰਲ, ਰੋਚਿਕ, ਸੁਹਜ ਸਵਾਦ ਦੇ ਲਫ਼ਣਾਂ ਨਾਲ ਭਰਪੂਰ ਹੈ ਜੋ ਪਾਠਕ ਨੂੰ ਬੰਨ ਕੇ ਰੱਖਦੀ ਹੈ। ਸ਼ੈਲੀ ਪਿਆਰੀ ਤੇ ਦਿਲ ਖਿੱਚਵੀਂ ਜੋ ਪਾਠਕ ਦੇ ਮਨ ਤੇ ਜਾਦੂਮਈ ਅਸਰ ਕਰਦੀ ਹੈ। ਭਾਵੇਂ ਪੁਸਤਕ ਵਿੱਚ ਕਈ ਥਾਂ ਭਾਵਕ-ਅੰਸ਼ ਵੀ ਪ੍ਰਧਾਨ ਹੈ ਪਰ ਇਤਿਹਾਸਕਤਾ ਦੀ ਮੋਹਰ ਵੀ ਪਾਈ ਗਈ ਹੈ। ਸ਼੍ਰੋਮਣੀ ਡੇਰਾ ਨੰਗਾਲੀ ਸਾਹਿਬ ਦੇ ਸੰਤਾਂ/ਮਹੰਤਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਚਨਾਂ ਨੂੰ ਸਵੀਕਾਰ ਕਰਦੇ ਹੋਏ ਕਸ਼ਮੀਰ, ਹਜ਼ਾਰਾ, ਪੁਠੋਹਾਰ ਅਤੇ ਪਹਾੜ ਦੇਸ਼ ਲਈ ਪ੍ਰਚਾਰ ਪ੍ਰਨਾਲੀ ਦੇ ਮੋਢੀ ਸੰਤ ਭਾਈ ਫੇਰੂ ਸਿੰਘ ਜੀ ਨੂੰ ਖੰਡਾ ਬਾਟਾ ਦੇ ਕੇ ਰਵਾਨਾ ਕੀਤਾ ਤਾਂ ਜੋ ਸਿੱਖੀ ਦਾ ਪ੍ਰਚਾਰ ਤੇ ਪਾਸਾਰ ਕਰ ਸਕਣ। ਇਸ ਡੇਰੇ ਨੇ ਸਮਾਜ ਸੁਧਾਰ ਅਤੇ ਕਈ ਭਰਮ ਭੁਲੇਖਿਆਂ ਨੂੰ ਦੂਰ ਕਰਕੇ ਸਿੱਖਾਂ ਨੂੰ ਅਕਾਲਪੁਰਖ ਦੀ ਬੰਦਗੀ ਵੱਲ ਪ੍ਰੇਰਿਆ।

ਵਾਰਤਕ ਦ੍ਰਿਸ਼ਟਾਂਤ:-

1. "ਕਸ਼ਮੀਰ ਦੀ ਜਾਦੂ ਭਰੀ ਖਿਚ ਨੇ ਸ਼ੇਰਿ ਪੰਜਾਬ ਦਾ ਦਿਲ ਵੀ ਕਈ ਵਾਰ ਆਪਣੇ ਵੱਲ ਖਿਚਿਆ। ...ਉਸੀ ਸਮੇਂ ਆਪ ਸ੍ਰੀ ਠਾਕਰ ਭਾਈ ਮੇਲਾ ਸਿੰਘ ਜੀ ਦੇ ਦਰਸ਼ਨ ਕਰਨ ਲਈ ਪੁਣਛ ਪੁੱਜੇ। ...ਉਹ ਸਾਧੂ ਸੰਤਾ ਅਤੇ ਮਹਾਂਪੁਰਸ਼ ਦਾ ਚੰਗਾ ਮੇਲੀ ਤੇ ਸਤਿਕਾਰ ਕਰਨ ਵਾਲਾ ਸੀ। ਸਰਦੀ ਦੀ ਰੁੱਤ ਪਾਲਾ ਆਪਣੇ ਪੂਰੇ ਜੋਬਨ ਵਿੱਚ ਅਤੇ 11 ਪੋਹ ਦਾ ਦਿਨ ਸੀ ਜਦੋਂ ਉਸਨੇ ਨੰਗਾਲੀ ਸਾਹਿਬ ਪੁੱਜ ਸ੍ਰੀ ਠਾਕਰ ਜੀ ਦੇ ਪਾਵਨ ਦਰਸ਼ਨ ਕੀਤੇ। ਮਨ ਕੰਵਲ ਫੁੱਲ ਵਾਂਗੂ ਖਿੜ ਗਿਆ ਉਸਦਾ ਪਹਾੜਾਂ ਦੀ ਨਿਵਾਨ 'ਚ ਸਮੁੰਦਰ ਤੋਂ 3300 ਫੁੱਟ ਦੀ ਉਚਾਈ ਤੇ ਵਸਦੀ ਪੁਣਛ, ਕੋਸੇ ਕੋਸੇ ਪਾਨੀ ਦੇ ਸੁੰਦਰ ਚਸ਼ਮੇ ਅਤੇ ਦੂਰ ਦੂਰ ਪਹਾੜੀਆਂ ਤੇ ਚਾਂਦੀ ਬਿਖਰੀ ਹੋਈ ਵੇਖ ਕੇ ਉਹ ਬਹੁਤ ਅਕ੍ਰਸ਼ਿਤ ਹੋਇਆ।

(ਸੰਤ ਦਰਸ਼ਨ, ਪੰਨਾ: 38)

2. "ਜੰਗਲ-ਬੇਲਿਆਂ ਵਿੱਚ ਖੜੇ ਦਰਖ਼ਤਾਂ ਦੀਆਂ ਕੋਂਪਲਾਂ ਫੁੱਟ ਰਹੀਆਂ ਸਨ। ਧਰਤੀ ਦਾ ਸਬਜ਼ਾ-ਜ਼ਾਰ ਵੇਖ ਕੇ ਇਵੇਂ ਲਗ ਰਿਹਾ ਸੀ ਕਿ ਧਰਤੀ ਨੇ ਹਰਿਆਲੀ ਚੱਕਰ ਲਪੇਟੀ ਹੋਈ ਹੈ। ਨਵ-ਉਗੇ ਸਾਵਿਆਂ ਪਤਿਆਂ ਚੋਂ ਫੁੱਲ ਭਿੰਨੀ-ਭਿੰਨੀ ਵਾਸ਼ਨਾਂ ਖਿਲਾਰਦੇ ਧਰਤੀ ਦੇ ਕਣ ਕਣ ਨੂੰ ਮੁੱਅਤਰ ਕਰ ਰਹੇ ਸਨ। ਜਿਸ ਤੋਂ ਹਰ ਬਸ਼ਰ ਮੁਗਧ ਹੋ ਰਿਹਾ ਸੀ। ਨਵ-ਖਿਲੇ

ਫੁੱਲਾਂ ਨੂੰ ਭੌਰੇ ਚੁੰਮਦੇ ਤੇ ਪਿਆਰਦੇ ਬਹੁਤ ਚੰਗੇ ਲਗ ਰਹੇ ਸਨ। ਪੰਛੀ-ਮਿੱਠ ਪਿਆਰੜੀਆਂ ਬੋਲੀਆਂ ਬੋਲ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰ ਰਹੇ ਸਨ। ਕੁਦਰਤ ਹਰ ਥਾਂ ਮੁਸਕਾਨ ਬਖੇਰਦੀ ਪ੍ਰਤੀਤ ਹੋ ਰਹੀ ਸੀ।

(ਰਤਨ ਗਾਥਾ, ਪੰਨਾ: 1)

3. "ਗਲਵਾਨੀ ਨਦੀ ਗੰਗਾ ਚੋਟੀ ਵਲੋਂ ਦੌੜ ਲਾਉਂਦੀ ਬੜੀ ਬੇਰਹਿਮੀ ਨਾਲ ਇਸ ਇਲਾਕੇ ਨੂੰ ਲਤਾੜਦੀ ਸਜੇ ਪਾਸਿਉ ਬਾਗ਼ ਵਲ ਚਲੀ ਜਾਂਦੀ ਹੈ ਅਤੇ ਮਾਹਲ ਨਦੀ ਵੀ ਢੁਲੀ ਨਾੜ ਸ਼ੇਰ ਅਲੀ ਖਾਂ ਤੇ ਨਿਕਲ ਕੇ ਇਸ ਇਲਾਕੇ ਵਿੱਚ ਦਾਖਲ ਹੋ ਕੇ ਠੰਢ ਵਰਤਾਉਂਦੀ ਖੱਬੇ ਪਾਸਿਉ ਬਾਗ਼ ਪੁੱਜਕੇ ਨਾਲਾ ਬ੍ਰੀਹਨੀ ਨੂੰ ਨਾਲ ਲੈ ਕੇ ਪਸਾਰੀ ਦੇ ਸਾਹਮਣੇ ਜਾ ਕੇ ਜਿਹਲਮ ਵਿੱਚ ਮਿਲ ਜਾਂਦੀ ਹੈ।

ਪੁਰਾਣੇ ਬਜ਼ੁਰਗ ਦਸਦੇ ਨੇ ਕਿ ਬਾਗ਼ ਅਤੇ ਪੁਣਛ ਦੀ ਸ਼ਕਲੋ-ਸ਼ਬਾਹਤ, ਜਲਵਾਯੂ, ਉਪਜ ਅਤੇ ਇਕਸਾਰਤਾ ਵਿੱਚ ਰਤਾ ਫ਼ਰਕ ਨਹੀਂ ਸੀ। ਕੁਦਰਤ ਨੇ ਹੂਬਹੂ ਬਣਤਰ ਇਥੋਂ ਤੱਕ ਬਣਾਈ ਹੈ ਕਿ ਦੋਹਾਂ ਦੇ ਸੱਜੇ ਖੱਬੇ ਦਰਿਆ ਵਗਦੇ ਹਨ।"

(ਮਾਨ ਸਰੋਵਰ, ਪੰਨਾ: 36-37)

4. "ਤਬੀਤ ਅਤੇ ਧਾਗੇ ਦਾ ਵਿਸ਼ਵਾਸ ਅਜੇ ਤਕ ਉਹਨਾਂ ਵਿੱਚ ਕਾਇਮ ਸੀ। ਪਿੰਡ, ਪਤਲ, ਕਿਰਿਆ ਤੇ ਦੀਵੇ ਦਾ ਭੀ ਪੂਰੀ ਤਰ੍ਹਾਂ ਤਿਆਗ ਨਹੀਂ ਸੀ ਹੋਇਆ। ਇਕਾਦਸ਼ੀ ਅਤੇ ਪੂਰਨਮਾਸ਼ੀ ਆਦਿਕ ਦੇ ਵਰਤ ਰਖਣੇ ਉਹਨਾਂ ਦੀਆਂ ਰੀਤਾਂ ਦਾ ਇਕ ਜ਼ਰੂਰੀ ਅੰਗ ਬਣਿਆ ਹੋਇਆ ਸੀ। ਯਾਰਵੀ ਦੇਵੀ, ਰੋਜ਼ਾ ਮੰਨਣਾ, ਸਿਮਵੀ ਦੇਣੀ, ਸਹਾਵਾ ਤੇ ਖ਼ਵਾਜਾ ਖਿਜ਼ਰ ਦੀ ਮੰਨਤ ਕਰਣੀ ਅਤੇ ਜੁੰਮਾ ਰਖਣਾ ਮਾਨੋ ਉਹਨਾਂ ਦੀ ਸ਼ਰਧਾ ਦਾ ਪ੍ਰਗਟਾਵਾ ਸੀ। ਸ੍ਰੀ ਠਾਕਰ ਮੇਲਾ ਸਿੰਘ ਨੇ ਆਪਣੇ ਕਾਲ ਵਿੱਚ ਗੁਰਮਤਿ ਵਿਰੁਧ ਰਸਮਾਂ ਨੂੰ ਰੋਕਣ ਦਾ ਕਾਫ਼ੀ ਯਤਨ ਕੀਤਾ। ਢੇਰ ਚਿਰ ਤੋਂ ਕਬੂਲਿਆ ਅਸਰ ਭਾਵੇਂ ਇਤਨੀ ਜਲਦੀ ਦੂਰ ਨਾ ਹੋ ਸਕਿਆ ਪਰ ਸ੍ਰੀ ਠਾਕਰ ਜੀ ਨੇ ਇਹਨਾਂ ਨੂੰ ਖਤਮ ਕਰਨ ਦਾ ਰਾਹ ਦਿਖਾ ਦਿਤਾ ਅਤੇ ਸਿੱਖ ਹੋਲੀ ਹੋਲੀ ਨਿਆਰੇਪਨ ਦੇ ਖੁਲ੍ਹੇ, ਡੁਲ੍ਹੇ, ਰਾਹ ਤੇ ਪੈਣ ਲਗ ਪਏ।"

(ਤਿੰਨ ਅਨਮੋਲ ਰਤਨ, ਪੰਨਾ: 61-62)

ਹਿੰਮਤ ਸਿੰਘ (ਜਨਮ: 3 ਜੂਨ 1939)[13]

ਸ੍ਰ. ਹਿੰਮਤ ਸਿੰਘ ਦਾ ਜਨਮ ਮਾਤਾ ਨਾਮੋ ਕੌਰ ਅਤੇ ਪਿਤਾ ਹਰਨਾਮ ਸਿੰਘ ਦੇ ਘਰ ਪਿੰਡ ਪਾਜ਼ਲਾ (ਬਾਰਾਮੂਲਾ) ਵਿੱਚ 3 ਜੂਨ 1939 ਨੂੰ ਹੋਇਆ। ਇਨ੍ਹਾਂ ਦੀ ਪੁਸਤਕ 'ਅਕਾਲੀ ਕੌਰ ਸਿੰਘ' ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 1979 ਵਿੱਚ ਛਾਪੀ ਜਿਥੇ ਇਹ ਕੰਮ ਕਰਦੇ ਸਨ। ਅਸਲ ਵਿੱਚ ਇਸ ਪੁਸਤਕ ਵਿੱਚ ਜਿਨੀ ਵੀ ਸਾਮਿਗਰੀ ਆਈ ਹੈ ਉਸ ਦੇ ਮੂਲ ਸੋਮੇਂ ਪ੍ਰੇਮ ਸਿੰਘ ਚੱਕਾਰਵੀ ਅਤੇ ਭਾਗਵੰਤ ਅਤਰ ਸਿੰਘ ਦੀਆਂ ਪੁਸਤਕਾਂ/ਲਿਖਤੀ ਆਦਿ ਹਨ। ਇਸ ਪੁਸਤਕ ਦੇ ਭੂਮਿਕਾ ਵਿੱਚ ਪ੍ਰੋ. ਤਾਰਨ ਸਿੰਘ ਲਿੱਖਦੇ ਹਨ, "ਖੇਮ ਸਿੰਘ ਚਕਾਰਵੀ (ਅਕਾਲੀ ਕੌਰ ਸਿੰਘ ਜੀ ਦੇ ਭਾਣਜੇ ਹਨ) ਆਪ ਚਕਾਰ (ਕਸ਼ਮੀਰ) ਆਸ਼੍ਰਮ ਦੇ ਸੁਪਰਿੰਟੈਂਡੈਂਟ ਵੀ ਰਹੇ ਹਨ। ਆਪ ਨੇਂ ਆਪਣੇਂ ਉਤਸ਼ਾਹ ਨਾਲ ਅਕਾਲੀ ਜੀ ਦੀ ਜੀਵਨੀ ਲਿਖੀ। ਆਪ ਨੇ ਜੀਵਨੀ ਦਾ ਖਰੜਾ ਪੰਜਾਬੀ ਯੂਨੀਵਰਸਿਟੀ ਨੂੰ ਪੇਸ਼ ਕੀਤਾ ਅਤੇ ਛਾਪਣ ਤੇ ਪ੍ਰਕਾਸ਼ਤ ਕਰਨ ਲਈ, ਬੇਨਤੀ ਕੀਤੀ। ਉਸ ਖਰੜੇ ਵਿੱਚ ਬੜੀ ਅਮੋਲਕ ਸਾਮਗ੍ਰੀ ਸੀ। (ਪੰਨਾ: 4) ਜਿਨ੍ਹਾਂ

ਪੁਸਤਕਾਂ 'ਚ ਮੁੱਖ ਸਹਾਇਤਾ ਲੇਖਕ ਨੂੰ ਮਿਲੀ ਹੈ ਉਹ ਪੰਨਾ 14 ਤੇ ਦਰਜ ਕੀਤੀ ਗਈ ਹੈ।

ਯੂਨੀਵਰਸਿਟੀ ਦੇ ਪੱਖ ਤੋਂ ਇਸ ਨੂੰ ਹਿੰਮਤ ਸਿੰਘ ਨੇ ਤਰਤੀਬ ਵਾਰ, ਭਾਸ਼ਾ ਨੂੰ ਢੁੱਕਵੀਂ ਅਤੇ ਲੱਚਕਦਾਰ ਬਣਾਇਆ ਹੈ। ਇਸ ਨੂੰ ਪ੍ਰਮੁੱਖ ਤੌਰ ਤੇ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ ਜਿਵੇਂ ਜੀਵਨ, ਵਿਅਕਤ੍ਰਿਤਵ, ਸਾਹਿਤ ਰਚਨਾ ਅਤੇ ਅੰਤਕਾ/ਅਖ਼ੀਰ ਤੇ ਤਤਕਰਾ ਵੀ ਦਿਤਾ ਹੈ। ਪੁਸਤਕ ਦੇ ਕੁੱਲ ਪੰਨੇ 15+154 ਹਨ।

ਵਾਰਤਕ ਦਾ ਨਮੂਨਾ:-

"ਅਕਾਲੀ ਜੀ 'ਸਰਲਤਾ' ਅਤੇ 'ਸ਼ੁਧਤਾ' ਦੇ ਪ੍ਰਮਾਣ ਸਨ। ਉਨ੍ਹਾਂ ਦੇ ਸੁਭਾਵ ਦੀ ਸਰਲਤਾ ਤੇ ਸ਼ੁੱਧਤਾ ਸਿਰਫ਼ ਮੰਤਕੀ ਸੰਕਲਪ-ਸਿੱਧੀ ਦਾ ਸਿੱਟਾ ਨਹੀਂ ਸੀ; ਇਹ ਸਰਲਤਾ ਤੇ ਸ਼ੁਧਤਾ ਗੁਰਬਾਣੀ ਅਤੇ ਗੁਰਸਿੱਖੀ ਅਨੁਸਾਰ ਕੀਤੇ ਨਿਤ-ਵਿਉਹਾਰ ਅਤੇ ਨਿੱਜੀ-ਤਜਰਬੇ ਦੀ ਕੁਠਾਲੀ ਵਿੱਚੋਂ ਢਲ-ਨਿਤਰ ਕੇ ਸਾਖਿਆਤਕਾਰ ਹੋਈ ਸੀ। ਇਹ ਸਰਲ-ਸ਼ੁੱਧ ਸੁਭਾਵ ਦਾ ਆਨੰਦ ਅਤੇ ਵਿਸਮਾਦ ਉਹ ਆਪ ਹੀ ਜਾਣ ਸਕਦੇ ਸਨ। ਆਪ ਦੇ ਪ੍ਰੇਮੀਆਂ ਨੂੰ ਆਪ ਦੀ ਇਸ ਰਹਿਣੀ ਅਤੇ ਵਿਸਮਾਦ ਦਾ ਕੁਝ ਕੁ ਆਭਾਸ ਨਿਸਚੇ ਹੀ ਉਦੋਂ ਹੁੰਦਾ ਜਦ ਆਪ ਦੇ ਸੰਪਰਕ ਵਿੱਚ ਆ ਕੇ ਕੁਝ ਅਮੋਲਕ ਸ਼ਬਦ ਪ੍ਰਾਪਤ ਹੁੰਦੇ ਜਿਸ ਕਾਰਨ ਪਲ-ਛਿਨ ਲਈ ਮਨ ਇਕ ਹੁਲਾਸ ਤੇ ਹਿਲੋਰੇ ਵਿੱਚ ਟਹਿਕ ਪੈਂਦਾ। ਅਕਾਲੀ ਜੀ ਅਗੰਮੀ ਮਸਤੀ ਅਤੇ ਗੈਬੀ ਛਹਿਬਰ ਦੇ ਨਿਰੰਤਰ ਰਸੀਏ ਸਨ।"

(ਅਕਾਲੀ ਕੌਰ ਸਿੰਘ, ਪੰਨਾ: 30)

ਬੀਕਮ ਸਿੰਘ ਰਾਹੀ (27 ਜੁਲਾਈ 1939)[14] :=

ਬੀਕਮ ਸਿੰਘ ਰਾਹੀ ਦਾ ਜਨਮ 27 ਜੁਲਾਈ 1939 ਨੂੰ ਦੁਰਗੋ ਕੌਰ ਅਤੇ ਪਿਤਾ ਮੰਗਤ ਸਿੰਘ ਦੇ ਘਰ ਪਿੰਡ ਪਾਤੂਸਾ, ਰਫ਼ੀਆਬਾਦ (ਬਾਰਾਮੂਲਾ) ਵਿੱਚ ਹੋਇਆ। ਬੀਕਮ ਸਿੰਘ ਦੀ ਇੱਕ ਪੁਸਤਕ ਜੀਵਨੀ-ਸਾਹਿਤ ਨਾਲ ਸੰਬੰਧਤ ਰੱਖਦੀ ਹੈ ਉਹ ਹੈ 'ਜੀਵਨੀ ਮਹੰਤ ਬਚਿਤ੍ਰ ਸਿੰਘ', ਜੋ ਜੰਮੂ ਤੋਂ 1998 ਵਿੱਚ ਪ੍ਰਕਾਸ਼ਿਤ ਹੋਈ ਹੈ ਅਤੇ ਕੁੱਲ ਪੰਨੇ 97 ਹਨ। ਇਸ ਤੋਂ ਪਹਿਲਾਂ ਵੀ ਮਹੰਤ ਸਾਹਿਬ ਦੇ ਜੀਵਨ ਬਾਰੇ ਬਹੁਤ ਸਾਰੇ ਸਰੋਤਾਂ ਵਿੱਚ ਜ਼ਿਕਰ ਆ ਚੁੱਕਾ ਹੈ। ਛੋਟੇ-ਛੋਟੇ ਸਿਰਲੇਖਾਂ ਰਾਹੀਂ ਮਹੰਤ ਜੀ ਦੇ ਕਈ ਪੱਖਾਂ ਤੇ ਰੋਸ਼ਨੀ ਪਾਈ ਗਈ ਹੈ ਜੋ ਪੁਸਤਕਾਂ ਵਿੱਚ ਆਮ ਵੇਖੀ ਜਾ ਸਕਦੀ ਹੈ। ਜੀਵਨੀ ਵਿੱਚ ਸ਼ਰਧਾ ਪੂਰਕ ਸ਼ਬਦਾਵਲੀ ਦੀ ਭਰਮਾਰ ਪ੍ਰਤੱਖ ਪ੍ਰਗਟ ਹੁੰਦੀ ਹੈ ਅਤੇ ਕਿਤੇ ਇਤਿਹਾਸ ਦਾ ਅੰਸ਼ ਵੀ ਸਮਾਇਆ ਹੋਇਆ ਹੈ। ਇਹ ਪੁਸਤਕ ਜੀਵਨੀ ਸਾਹਿਤ ਦੇ ਲਕਸ਼ ਨੂੰ ਪੂਰਣ ਬਗੈਰ ਹੀ ਘਟਨਾਵਾਂ ਦੀ ਸੂਚਨਾ ਦੇਣੀ ਬਰਕਰਾਰ ਰੱਖਦੀ ਹੈ।

ਵਾਰਤਕ ਦੀ ਮਿਸਾਲ :-

"ਤਿੰਨ ਵਜੇ ਤੋਂ ਛੇ ਵਜੇ ਤੱਕ ਭਗਤੀ ਦੇ ਨਿਤਨੇਮ ਵਿੱਚ ਜੁੜੇ ਰਹਿੰਦੇ, ਮਹੰਤ ਸਾਹਿਬ ਦਾ ਭਜਨ ਦਾ ਤਰੀਕਾ ਨਵੇਕਲਾ ਸੀ। ਗੁਰਬਾਣੀ ਜ਼ੁਬਾਨੀ ਯਾਦ ਹੋਣ ਕਾਰਨ ਬੁਕਲ ਮਾਰ ਚੌਕੜਾਮਾਰ ਢਾਈ ਤਿੰਨ ਘੰਟੇ ਰੱਬ ਦੀ ਭਗਤੀ ਵਿੱਚ ਜੁੜੇ ਰਹਿੰਦੇ ਤੇ ਕਈ ਸੇਵਾਦਾਰ ਸ਼ਰਧਾਲੂ ਜਾਂ ਦਰਸ਼ਕ ਸੱਭ ਤੋਂ ਪਹਿਲਾਂ ਦਰਸ਼ਨ ਲੋਚਦੇ। ਦਾਸ ਨੇ ਵੀ ਕਈ ਵਾਰ ਅਜਿਹਾ ਸੰਭਾਗੀ ਮੌਕਾ ਪ੍ਰਾਪਤ ਕੀਤਾ ਜਦ ਕੇ ਇਕ ਤਪੱਸਵੀ ਭਜਨੀਕ ਦੇ ਅਜਿਹੇ ਸਮੇਂ ਦਰਸ਼ਨ

ਹੋਇ। ਮਹੰਤ ਸਾਹਿਬ ਹਰ ਰੋਜ਼ ਨਿਤਨੇਮ ਤੋਂ ਉਪਰੰਤ ਪਹਿਰਾਵੇ ਬਦਲਦੇ ਤੇ ਇਸ ਤਰ੍ਹਾਂ ਇਕ ਰੂਹਾਨੀਅਤ ਦਾ ਜਲਾਲ ਜਿਹਾ ਟਪੱਕਣ ਲਗਦਾ।" (ਜੀਵਨੀ ਮਹੰਤ ਬਚਿਤ੍ਰ ਸਿੰਘ, ਪੰਨਾ 37-38)

ਡਾ. ਜਸਬੀਰ ਸਿੰਘ ਸਰਨਾ (2 ਜੁਲਾਈ 1956)[15]:-

ਡਾ. ਜਸਬੀਰ ਸਿੰਘ ਸਰਨਾ ਦਾ ਜਨਮ ਪਿੰਡ ਟਾਂਡਾ (ਤਹਿਸੀਲ ਸਾਂਬਾ, ਜੰਮੂ) ਦਾ ਹੈ। ਜਦ ਕਿ ਜੱਦੀ ਪਿੰਡ ਭਟਪੁਰਾ ਹੈ। ਇਸ ਦਾ ਜਨਮ 2 ਜੁਲਾਈ 1956 ਨੂੰ ਸੁਸ਼ੀਲ ਕੌਰ ਮਾਤਾ ਅਤੇ ਪਿਤਾ ਗਿਆਨੀ ਸੰਤ ਸਿੰਘ ਭਟਪੁਰੀ ਦੇ ਘਰ ਹੋਇਆ। ਇਸ ਦੀਆਂ ਦੋ ਦਰਜਨ ਕਿਤਾਬਾਂ ਛੱਪ ਚੁੱਕੀਆਂ ਹਨ ਜਿਨ੍ਹਾਂ ਵਿੱਚ ਬਹੁਤੀਆਂ ਇਤਿਹਾਸ ਅਤੇ ਕਾਵਿ ਸੰਗ੍ਰਹਿ ਦੇ ਜ਼ੁਮਰੇ ਵਿੱਚ ਆਉਂਦੀਆਂ ਹਨ। ਤਿੰਨ ਪੁਸਤਕਾਂ ਜੀਵਨੀ ਸਾਹਿਤ ਨਾਲ ਸੰਬੰਧਤ ਰੱਖਦੀਆਂ ਹਨ ਜਿਵੇਂ 'ਤੇਗਜ਼ਨ ਗੁਰੂ ਹਰਿਗੋਬਿੰਦ ਸਾਹਿਬ' (2001), 'ਗੁਰੂ ਹਰਿਰਾਇ ਸਾਹਿਬ' (2002) ਅਤੇ 'ਗੁਰੂ ਹਰਿਕ੍ਰਿਸ਼ਨ ਸਾਹਿਬ' (2003)।

'ਤੇਗਜ਼ਨ ਗੁਰੂ ਹਰਿਗੋਬਿੰਦ ਸਾਹਿਬ' ਪੁਸਤਕ ਕੁੱਲ ਪੰਨੇ: 10+120 ਹਨ ਵਿੱਚ ਗੁਰੂ ਸਾਹਿਬ ਦੀ ਸਮੁੱਚੀ ਜੀਵਨੀ ਤੇ ਹਰ ਪੱਖੋਂ ਝਾਤ ਮਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੇ ਸਿਰਲੇਖਾਂ ਵਿੱਚ ਗੁਰੂ ਸਾਹਿਬ ਦਾ ਮੁੱਢਲਾ ਜੀਵਨ, ਸਿੱਖ ਫ਼ੌਜ ਦੇ ਐਲਾਨਾਮੇ ਦੀ ਸ਼ੁਰੂਆਤ, ਅਕਾਲ ਤਖ਼ਤ ਸਾਹਿਬ ਦਾ ਪ੍ਰਗਟ ਹੋਣਾ, ਗਵਾਲੀਅਰ ਕਿਲ੍ਹੇ ਵਿੱਚ ਨਜ਼ਰਬੰਦੀ ਤੇ ਰਿਹਾਈ, ਸਫ਼ਰ, ਸਮੇਂ ਦੀਆਂ ਅਹਿਮ ਦਾਸਤਾਨਾਂ, ਜੰਗਾਂ, ਨੀਸਾਣ ਅਤੇ ਹੁਕਮਨਾਮੇ, ਲਾਸਾਨੀ ਸੇਵਕ ਅਤੇ ਗੁਰਦੁਆਰੇ, ਅਸਥਾਨ ਤੇ ਯਾਦ ਚਿੰਨ੍ਹ ਬਾਖ਼ੂਬੀ ਬਿਆਨ ਕੀਤੇ ਗਏ ਹਨ। ਇਸ ਪੁਸਤਕ ਨੂੰ ਬਹੁਤਾ ਚਾਨਣ ਵਿੱਚ ਆਏ ਨਵੇਂ ਸੋਮੇਂ 'ਭੱਟ ਵਹੀਆਂ' ਦੀ ਬਹੁਤੀ ਵਰਤੋਂ ਹੋਈ ਹੈ। ਭਾਸ਼ਾ ਸਰਲ, ਰੋਚਿਕ ਅਤੇ ਮਨ ਨੂੰ ਮੁਹੰਦੀ ਵਰਤੀ ਗਈ ਹੈ। 'ਗੁਰੂ' ਹਰਿ ਰਾਇ ਸਾਹਿਬ' ਦੇ ਕੁੱਲ ਪੰਨੇ: 48 ਹਨ ਅਤੇ ਇਸ ਦੇ ਸਿਰਲੇਖਾਂ ਦੀ ਗਿਣਤੀ ਅੱਠ ਹੈ। ਇਸ ਪੁਸਤਕ ਵਿੱਚ ਗੁਰੂ ਸਾਹਿਬ ਦੇ ਸਮੁੱਚੇ ਜੀਵਨ ਘਟਨਾਵਾਂ ਨੂੰ ਸਰਲ ਭਾਸ਼ਾ ਵਿੱਚ ਅੰਕਿਤ ਕੀਤਾ ਗਿਆ ਹੈ। ਤੀਜੀ ਪੁਸਤਕ 'ਗੁਰੂ ਹਰਿਕ੍ਰਿਸ਼ਨ ਸਾਹਿਬ' ਬਾਰੇ ਹੈ ਜਿਸ ਦੇ ਕੁੱਲ ਸਫ਼ੇ: 42 ਹਨ ਅਤੇ ਸਿਰਲੇਖਾਂ ਦੀ ਗਿਣਤੀ ਨੌ ਹੈ। ਇਹ ਪੁਸਤਕ ਬਾਲਾਂ ਲਈ ਬੜੀ ਉਪਯੋਗੀ ਹੈ ਅਤੇ ਉਨ੍ਹਾਂ ਦੇ ਪੱਧਰ ਨੂੰ ਮੁੱਖ ਰੱਖ ਕੇ ਲਿੱਖੀ ਗਈ ਹੈ। ਗੁਰੂ ਸਾਹਿਬਾਨ ਬਾਰੇ ਇਨ੍ਹਾਂ ਤਿੰਨਾਂ ਪੁਸਤਕਾਂ ਵਿੱਚ ਨਵੀਂ ਜਾਣਕਾਰੀ ਆਈ ਹੈ ਜੋ ਦੂਜੀਆਂ ਪੁਸਤਕਾਂ ਵਿੱਚ ਗਾਇਬ ਹੈ। ਜੀਵਨੀ ਮੂਲਕ ਵੇਰਵਿਆਂ ਦੇ ਸਰੋਤਾਂ ਰਾਹੀਂ ਇਕੱਠੀ ਕੀਤੀ ਜਾਣਕਾਰੀ ਉਪਯੋਗੀ ਅਤੇ ਵਿਲੱਖਣਤਾ ਦਾ ਲਕਸ਼ ਹੁੰਦੀ ਹੈ ਜੋ ਇਨ੍ਹਾਂ ਪੁਸਤਕਾਂ ਵਿੱਚ ਸਾਂਭਿਆ ਗਿਆ ਹੈ।

ਵਾਰਤਕ ਦੇ ਨਮੂਨੇ:-

"ਮੀਰੀ ਸੰਸਾਰਕ ਖੇਤਰ ਦੀ ਸਿਖਰ ਹੈ ਤੇ ਪੀਰੀ ਰੂਹਾਨੀਅਤ ਖੇਤਰ ਦੀ। ਮੀਰੀ ਪੀਰੀ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਇਹ ਇਕ ਅਜਿਹਾ ਵਿਗਿਆਨਕ Symbiosis process ਹੈ, ਜੋ ਇਕ ਦੂਜੇ ਬਗ਼ੈਰ ਅਸੰਪੂਰਨ ਹੈ। ਇਹ ਕਲਤਮੁੱਖੀ ਤੇ ਪਲੱਤਮੁਖੀ ਦਾ ਸੰਤੁਲਨ ਹੈ। ਇਹ ਮਾਲਾ ਦੇ ਰੂਬਰੂ ਤਲਵਾਰ, ਸੰਤ ਦੇ ਰੂਬਰੂ ਸਿਪਾਹੀ, ਸੰਗਤ ਦੇ ਰੂਬਰੂ ਪੰਗਤ, ਦੇਗ ਕੇ ਰੂਬਰੂ ਤੇਗ, ਗੁਰਗੱਦੀ ਦੇ ਰੂਬਰੂ ਅਕਾਲ ਤਖ਼ਤ, ਇਲਾਹੀ ਕੀਰਤਨ ਦੇ ਰੂਬਰੂ ਵਾਰਾਂ ਦਾ

ਗੁੰਜਾਰਾ, ਫ਼ਕੀਰੀ ਦੇ ਰੂਬਰੂ ਸ਼ਾਹੀ ਜਹੋ-ਜਲਾਲ ਦਾ ਅਲੌਕਿਕ ਸੁਮੇਲ ਹੀ ਮੀਰੀ ਪੀਰੀ ਦਾ ਅਨੋਖਾ ਚਮਤਕਾਰ ਹੈ।'

(ਤੇਗਜਨ ਗੁਰੂ ਹਰਿਗੋਬਿੰਦ ਸਾਹਿਬ, ਪੰਨਾ: 21)

"ਅੱਠ ਅਪ੍ਰੈਲ 1660 ਵਿੱਚ ਭਾਈ ਮੱਖਣ ਸ਼ਾਹ ਵਣਜਾਰਾ ਵੀ ਆਪਣੇ ਟਾਂਡੇ ਸਮੇਤ ਸਿਆਲ ਕੋਟ ਸ਼ਹਿਰ ਵਿੱਚ ਆਇਆ। ਉਸ ਨੇ ਗੁਰੂ ਸਾਹਿਬ ਨੂੰ ਸ੍ਰੀਨਗਰ (ਕਸ਼ਮੀਰ) ਦੀਆਂ ਸਿੱਖ ਸੰਗਤਾਂ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਉਸ ਦੀ ਬੇਨਤੀ ਪਰਵਾਨ ਕੀਤੀ ਅਤੇ ਉਸ ਦੇ ਟਾਂਡੇ ਨਾਲ ਸ੍ਰੀਨਗਰ ਵੱਲ ਤੁਰ ਪਏ। ਗੁਰੂ ਹਰਿ ਰਾਇ ਸਾਹਿਬ ਦੀ ਕਸ਼ਮੀਰ ਯਾਤਰਾ ਦਾ ਜ਼ਿਕਰ ਭੱਟ ਵਹੀ ਤਕਾਊਂਢਾ, ਪਰਗਣਾ ਜੀਂਦ ਵਿੱਚ ਵੀ ਆਇਆ ਹੈ।"

(ਗੁਰੂ ਹਰਿਰਾਇ ਸਾਹਿਬ, ਪੰਨਾ: 23)

"ਜਾਤ-ਅਭਿਮਾਨੀ ਬ੍ਰਾਹਮਣ, ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਗੁਰੂ ਘਰ ਨਾਲ ਖਾਰ ਖਾਂਦੇ ਸਨ। ਉਹ ਸੋਚਣ ਲੱਗੇ ਕਿ ਬ੍ਰਾਹਮਣ ਦੀ ਪੂਜਾ-ਮਾਨਤਾ ਫਿਰ ਆਪਣੇ ਸਿਖਰ ਤੇ ਆਵੇਗੀ। ਬਾਬਾ ਰਾਮ ਰਾਇ ਨੂੰ ਜਾਗੀਰ ਮਿਲਿਆ ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ। ਔਰੰਗਜ਼ੇਬ ਬਾਬਾ ਰਾਮ ਰਾਇ ਨੂੰ ਸਿੱਖ ਧਰਮ ਨਾਲੋਂ ਨਿਖੇੜ ਕੇ ਸਿੱਖ ਕੌਮ ਉਤੇ ਅਸਰ ਪਾਉਣ ਦੀ ਉਡੀਕ ਕਰਨ ਲੱਗਾ।"

(ਗੁਰੂ ਹਰਿ ਕ੍ਰਿਸ਼ਨ ਸਾਹਿਬ, ਪੰਨਾ: 9)

ਇਨ੍ਹਾਂ ਪੁਸਤਕਾਂ ਤੋਂ ਛੁੱਟ ਕੁੱਝ ਹੋਰ ਵੀ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ ਜਿਨ੍ਹਾਂ ਵਿੱਚ ਜੀਵਨੀ ਦੇ ਕੁੱਝ ਅੰਸ਼ ਮੌਜੂਦ ਹਨ ਜਿਵੇਂ ਹਰਨਾਮ ਸਿੰਘ ਦੁਖੀਆ ਦੀਆਂ ਪੁਸਤਕਾਂ ਪਹਾੜੀ ਲੋਕ ਜੀਵਨ (1979 ਈ.), ਪਹਾੜਾਂ ਵਿੱਚ ਸਿੱਖੀ ਜੀਵਨ (1981 ਈ.), ਡਾ. ਜਸਬੀਰ ਸਿੰਘ ਸਰਨਾ ਦੀ ਪੁਸਤਕ 'ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ' (1997 ਈ.), ਅਮਰੀਕ ਸਿੰਘ (ਸੰਪਾਦਕ) ਸਾਡਾ ਸਾਹਿਤ ਦਾ ਸ਼ਖ਼ਸੀਅਤ ਅੰਕ (1988-89) ਆਦਿ।

ਪਿੱਛੇ ਜਿਹੇ ਹੀ ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦੇ (ਭਾਗ ਤੀਜਾ) ਵਿੱਚ ਬਹੁਤ ਸਾਰੀਆਂ ਜੀਵਨੀ ਸਾਹਿਤ ਨਾਲ ਸੰਬੰਧਤ ਪੁਸਤਕਾਂ ਦਾ ਜ਼ਿਕਰ ਕਰਨੋਂ ਕੁਸੋਲ ਮਾਰੀ ਗਈ। ਅਕਾਦਮਿਕ ਦਿਆਨਤਦਾਰੀ ਇਸੇ ਵਿੱਚ ਹੈ ਕਿ ਪੁਸਤਕਾਂ ਦਾ ਹਵਾਲਾ ਕਿਸੇ ਪੱਖਪਾਤ ਜਾਂ ਵਿੱਤਕਰੇ ਦੇ ਹੋਣਾ ਚਾਹੀਦਾ ਹੈ।

ਟਿੱਪਣੀਆਂ ਅਤੇ ਹਵਾਲੇ

1. ਪੰਜਾਬੀ ਸਾਹਿਤ ਦਾ ਇਤਿਹਾਸ- ਪ੍ਰੋ: ਪਿਆਰਾ ਸਿੰਘ, ਭੋਗਲ, ਜਲੰਧਰ ਛਾਪ 1971, ਪੰਨਾ: 485.
2. Collins Cobuild English Languages Dictionary, London, Reprint 1990, P: 13.

3. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)- ਕ੍ਰਿਪਾਲ ਸਿੰਘ ਕਸੇਲ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1972, ਪੰਨਾ: 482.
4. A History of Punjabi Literature- Sant Singh Sekhon, Kartar Singh Duggal, Sahitya Akademi, New Delhi, 1992, P: 372.
5. American Biography- Its theory and practice- Merril, Dana Kiusman, P: 13. (ਬਾਹਵਾਲਾ- ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)- ਡਾ. ਗੁਰਚਰਨ ਸਿੰਘ ਗੁਲਸ਼ਨ, ਜੰਮੂ ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗੇਵਿਜ਼ਜ਼, ਜੰਮੂ, 1994, ਪੰਨਾ: 463.
6. ਸਾਡਾ ਸਾਹਿਤ (ਸ਼ਖ਼ਸੀਅਤ ਅੰਕ) ਸੰਪਾਦਕ: ਅਮਰੀਕ ਸਿੰਘ, ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼ ਜੰਮੂ, 1988-89, ਪੰਨਾ: 9.
7. ਮਿੱਠੀਆਂ ਤਾਘਾਂ- ਸੰਤ ਬਿਸ਼ਨ ਸਿੰਘ ਵ੍ਹੀਟ, ਸੀ.ਬੀ. ਪਬਲੀਕੇਸ਼ਨਜ਼ ਜੰਮੂ, 1996, (ਜਨਮ ਮਿੱਤੀ 1894 ਲਿੱਖੀ ਹੈ ਫ਼ੋਟੋ ਹੇਠਾਂ)।
8. ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਤੀਜਾ) ਉਹੀ, 2005, ਪੰਨਾ: 386.
9. ਗਿਆਨੀ ਤਾਰਾ ਸਿੰਘ ਸ਼ਾਤ ਦੇ ਸਪੁੱਤਰ ਵੱਲੋਂ ਘੱਲੀ ਜਨਮ ਮਿੱਤੀ, ਦੇਹਾਂਤ ਆਦਿ ਵੇਰਵੇ।
10. ਭਾਗਵੰਤ ਅਤਰ ਸਿੰਘ ਜੀ ਦੇ ਗ੍ਰਹਿ ਸ੍ਰੀਨਗਰ (ਕਸ਼ਮੀਰ) ਵਿੱਚ ਇਨ੍ਹਾਂ ਸਤਰਾਂ ਦੇ ਲੇਖਕ ਨਾਲ 20 ਅਪ੍ਰੈਲ 2005 ਵਿੱਚ ਕੀਤੀ ਮੁਲਾਕਾਤ ਸਮੇਂ ਤਫ਼ਸੀਲ ਦਿੱਤੀ।
11. The Jammu and kashmir Year Book and who's who 1987, Editor in chief: Mulk Raj Saraf, Jammu, 1987, Sec V, P: 125.
12. ਕਾਵਿ ਸਾਗਰ ਦਾ ਇਕ ਮੋਤੀ- ਪ੍ਰੀਤਮ ਸਿੰਘ ਗਿਆਨੀ, ਜੰਮੂ, 1996, ਪੰਨਾ: 121.
13. ਪੰਜਾਬੀ ਲੇਖਕ ਕੋਸ਼ (ਸੰਪਾਦਕ) ਪ੍ਰੋ: ਪ੍ਰੀਤਮ ਸਿੰਘ) ਚੰਡੀਗੜ੍ਹ, 2003, ਪੰਨਾ: 218.
14. ਉਹੀ, ਪੰਨਾ: 486
15. ਉਹੀ, ਪੰਨਾ: 323

***

ਇਕ ਉੱਚ ਦੁਮਾਲੱੜੇ ਵਾਲਾ ਅਣਗੌਲਿਆ ਸਾਹਿਤਕਾਰ- ਭਾਗਵੰਤ ਅਤਰ ਸਿੰਘ

ਭਾਗਵੰਤ ਅਤਰ ਸਿੰਘ ਇਕ ਵਿਸਮਾਦੀ ਪ੍ਰਤਿਭਾ ਵਾਲੀ ਸ਼ਖਸੀਅਤ ਦਾ ਨਾਂ ਹੈ, ਜਿਨ੍ਹਾਂ ਤੇ ਅਕਾਲੀ ਕੌਰ ਸਿੰਘ ਜੀ ਦੀ ਡੂੰਘੀ ਤੇ ਅਮਿੱਟ ਛਾਪ ਆਪ ਮੁਹਾਰੇ ਪ੍ਰਤੱਖ ਦਿਸਦੀ ਹੈ! ਕਸ਼ਮੀਰ ਵਿੱਚ ਅਕਾਲੀ ਕੌਰ ਸਿੰਘ ਜੀ ਗੁਰਸਿੱਖੀ ਤੇ ਗੁਰਮਤਿ ਦੇ 'ਆਦਰਸ਼ਕ ਬਿੰਬ' ਦੇ ਰੂਪ ਵਿੱਚ ਜਾਣੇ ਜਾਂਦੇ ਹਨ! ਸ੍ਰ. ਅਤਰ ਸਿੰਘ ਵਿਦਵਾਨਾਂ ਅਤੇ ਸਾਹਿਤਕਾਰਾਂ ਦੀ ਸੰਗਤ ਮਾਣਨ ਵਿੱਚ ਪ੍ਰਬਲ ਰੁਚੀ ਰੱਖਣ ਦੀ ਸਮਰੱਥਾ ਰੱਖਦੇ ਹਨ ਅਤੇ ਚਿੰਤਕਾਂ ਤੋਂ ਅਨੇਕਾਂ ਪ੍ਰਸ਼ਨ ਕਰਕੇ ਆਪਣੇ ਗਿਆਨ ਦੀ ਪਿਆਸ ਨੂੰ ਬੁਝਾਂਦੇ ਰਹਿੰਦੇ ਹਨ। ਇਨ੍ਹਾਂ ਦੀ ਧਰਮਪਤਨੀ ਭਾਗਵੰਤ ਕੌਰ ਜੀ (ਜੋ ਅਕਾਲੀ ਕੌਰ ਸਿੰਘ ਜੀ ਦੀ ਧਰਮ-ਸਪੁੱਤਰੀ ਸਨ) ਨੇ ਆਪਣੇ ਭਾਈਚਾਰੇ ਦੀ ਮਾਨਸਿਕਤਾ ਨੂੰ ਬੜੀ ਬਾਰੀਕੀ ਨਾਲ ਮਹਿਸੂਸ ਕਰਕੇ ਧਾਰਮਿਕ, ਸਮਾਜਿਕ ਅਤੇ ਆਰਥਕ ਮੁਹਾਜਾਂ ਤੋਂ ਪੂਰੀ ਸ਼ਿਦਤ ਨਾਲ ਹੱਥ ਵਟਾਉਂਦੇ ਰਹੇ!

ਸ੍ਰ: ਅਤਰ ਸਿੰਘ ਜੀ ਦਾ ਜਨਮ 10 ਸਤੰਬਰ 1911 ਈ. ਨੂੰ ਮਾਈ ਬਿਸ਼ਨ ਕੌਰ ਅਤੇ ਸ੍ਰ: ਹਰੀ ਸਿੰਘ ਦੇ ਘਰ ਪਿੰਡ ਖਾਨਪੁਰ (ਕਾਲਾ ਬਾਗ ਛਾਉਣੀ) ਜ਼ਿਲਾ ਹਜ਼ਾਰਾ ਕਸ਼ਮੀਰ ਵਿੱਚ ਹੋਇਆ! ਇਨ੍ਹਾਂ ਦਾ ਸਮੁੱਚਾ ਪ੍ਰਵਾਰ ਵੱਡਾ ਜ਼ਿਮੀਦਾਰ ਅਤੇ ਕਾਰੋਬਾਰੀ ਸੀ। ਇਨ੍ਹਾਂ ਦੇ ਦਾਦਾ ਸ੍ਰ: ਖੜਕ ਸਿੰਘ ਕਿਰਤੀ ਗੁਰਸਿੱਖ ਸਨ ਜੋ ਕਾਰੋਬਾਰ ਦੇ ਸੰਬੰਧ ਵਿੱਚ ਮੁਜ਼ਫਰਾਬਾਦ ਆਉਂਦੇ ਜਾਂਦੇ ਰਹਿੰਦੇ ਸਨ। ਸਮੇਂ ਦੇ ਹਾਲਾਤਾਂ ਕਾਰਨ ਇਹ ਪ੍ਰਵਾਰ ਬਾਰਾਮੂਲ ਆ ਗਿਆ। ਸ੍ਰ: ਅਤਰ ਸਿੰਘ ਜੀ ਨੇ ਛੇਵੀਂ ਦਾ ਇਮਤਿਹਾਨ ਸੈਂਟ ਜੋਸਫ ਮਿਸ਼ਨ ਸਕੂਲ, ਬਾਰਾਮੂਲਾ ਤੋਂ 1921 ਈ. ਵਿੱਚ ਪਾਸ ਕਰਕੇ, 1922 ਈ. ਵਿੱਚ ਪੱਕੇ ਤੌਰ ਤੇ ਸ੍ਰੀਨਗਰ ਕਿਆਮ ਕੀਤਾ! ਬਾਰਾਮੂਲਾ ਵਿੱਚ ਹੀ ਇਨ੍ਹਾਂ ਦੇ ਪ੍ਰਵਾਰ ਦਾ ਸੰਪਰਕ 1915-16 ਈ. ਵਿੱਚ ਅਕਾਲੀ ਕੌਰ ਸਿੰਘ ਜੀ ਨਾਲ ਹੋਇਆ! ਇਥੇ ਹੀ ਸ੍ਰ: ਗੁਰਮੁਖ ਸਿੰਘ, ਸ੍ਰ: ਸ਼ੇਰ ਸਿੰਘ ਡੀ.ਐਫ.ਉ., ਸ੍ਰ: ਦਮੋਦਰ ਸਿੰਘ ਆਦਿ ਗੁਰਸਿੱਖਾਂ ਨਾਲ ਸ੍ਰ: ਅਤਰ ਸਿੰਘ ਦਾ ਮੇਲ ਹੋਇਆ। 1921 ਈ. ਵਿੱਚ ਮਾਸਟਰ ਤਾਰਾ ਸਿੰਘ ਨੇ ਆਲ ਇੰਡੀਆ ਅਕਾਲੀ ਕਾਨਫਰੰਸ ਬਟਮਾਲੂ ਮੈਦਾਨ ਸ੍ਰੀਨਗਰ ਵਿੱਚ ਕੀਤੀ। ਇਸ ਤਿੰਨ ਰੋਜ਼ਾ ਕਾਨਫਰੰਸ ਵਿੱਚ ਸ੍ਰ: ਹਰੀ ਸਿੰਘ- ਗਰੀਬ ਸਿੰਘ ਭਰਾਵਾਂ ਨੇ ਇੱਕ ਰੈਸਟੋਰੈਂਟ ਖੋਲਿਆ, ਜਿਸ ਵਿੱਚੋਂ ਕਾਫ਼ੀ ਮੁਨਾਫ਼ਾ ਹੋਇਆ। ਇਸੇ ਤੋਂ ਉਤਸ਼ਾਹ ਲੈ ਕੇ ਅਮੀਰਾ- ਕਦਲ ਦੀਵਾਨ ਕਿਸ਼ਨ ਕੌਲ ਦੀ ਇਮਾਰਤ ਵਿੱਚ ਕਰਾਏ ਤੇ 'ਕਸ਼ਮੀਰ ਖਾਲਸਾ ਹੋਟਲ ਅਤੇ ਰੈਸਟੋਰੈਂਟ' 1923 ਈ. ਵਿੱਚ ਸ਼ੁਰੂ ਕੀਤਾ। 1927 ਈ. ਵਿੱਚ ਪਹਿਲਗਾਮ ਹੋਟਲ ਦੀ ਬ੍ਰਾਂਚ ਟੈਂਟਾਂ ਵਿੱਚ ਖੋਲੀ। ਸਰਕਾਰ ਦੇ ਕਹਿਣ ਤੇ ਆਪਣੀ ਮਨਪਸੰਦ ਥਾਂ ਚੁਣ ਕੇ ਹੋਟਲ ਲਈ ਬਿਲਡਿੰਗ 1929 ਈ. ਵਿੱਚ ਬਣਾਈ ਅਤੇ ਨਾਂ 'ਪਹਿਲਗਾਮ ਹੋਟਲ' ਰਖਿਆ। 1931-32 ਈ. ਵਿੱਚ ਹੋਟਲ ਦੀ ਇਮਾਰਤ ਤਿਆਰ ਹੋ ਕੇ ਅਖੰਡ ਪਾਠ ਸਾਹਿਬ ਭੋਗ ਪਾਇਆ ਗਿਆ। ਅਕਾਲੀ ਕੌਰ ਸਿੰਘ ਜੀ ਨੇ ਅਰਦਾਸਾ ਕੀਤਾ। ਇਸੇ ਦਿਨ ਹੀ ਅਕਾਲੀ

ਜੀ ਨੇ ਅਰਦਾਸਾ ਸੋਧ ਕੇ 'ਗੁਰੂ ਨਾਨਕ ਸਾਹਿਬ ਗੁਰਦੁਆਰਾ, ਪਹਿਲਗਾਮ' ਦਾ ਨੀਂਹ ਪੱਥਰ ਰਖਿਆ। 1932-33 ਈ. ਵਿੱਚ ਗੁਰਦੁਆਰਾ ਸਾਹਿਬ ਤਿਆਰ ਹੋ ਗਿਆ। ਗੁਰੂ ਸਾਹਿਬ ਦੀ ਅਪਾਰ ਬਖਸ਼ਿਸ਼ ਨਾਲ ਸ: ਹਰੀ ਸਿੰਘ- ਸ: ਗਰੀਬ ਸਿੰਘ ਦੇ ਕਾਰੋਬਾਰ ਵਿੱਚ ਭਾਰੀ ਵਾਧਾ ਹੋਇਆ। ਜਿਸ ਕਾਰਨ ਕਸ਼ਮੀਰ ਖਾਲਸਾ ਹੋਟਲ ਸ੍ਰੀਨਗਰ, ਕਸ਼ਮੀਰ ਖਾਲਸਾ ਹੋਟਲ ਪਹਿਲਗਾਮ, ਕਸ਼ਮੀਰ ਖਾਲਸਾ ਹੋਟਲ ਗੁਲਮਰਗ, ਪਹਿਲਗਾਮ ਹੋਟਲ, ਟੈਕਸੀਆਂ, ਬਸਾਂ, ਟ੍ਰਕਾਂ ਆਦਿ ਕਾਰਨ ਪ੍ਰਮੁੱਖ ਹੋਟਲੀਅਰ ਅਤੇ ਟਰਾਂਸਪੋਟਰ ਕਾਰਨ ਪ੍ਰਸਿੱਧੀ ਹੋਈ!

ਸ: ਅਤਰ ਸਿੰਘ ਦੇ ਘਰ ਚਾਰ ਲੜਕੀਆਂ ਅਤੇ ਦੋ ਲੜਕੇ ਹੋਏ, ਜਿਨ੍ਹਾਂ ਵਿੱਚ ਦੋ ਲੜਕੇ ਅਤੇ ਇਕ ਲੜਕੀ ਗੁਰੂ ਨੂੰ ਪਿਆਰੇ ਹੋ ਗਏ! ਸ: ਅਤਰ ਸਿੰਘ ਬਾਅਦ ਵਿੱਚ ਚੰਡੀਗੜ੍ਹ ਚਲੇ ਗਏ ਅਤੇ ਉਥੇ ਹੀ ਪੰਚਕੂਲਾ ਵਿੱਚ ਕਾਰੋਬਾਰ ਕਰਦੇ ਰਹੇ! ਚੰਡੀਗੜ੍ਹ ਰਹਿਣ ਦੌਰਾਨ ਆਪ ਜੀ ਨੇ 'ਗੁਰੂ ਗ੍ਰੰਥ ਸਾਹਿਬ' ਦਾ ਅਧਿਐਨ ਕੀਤਾ। ਇਥੋਂ ਹੀ ਸ: ਸਰਦਾਰਾ ਸਿੰਘ ਅਤੇ ਡਾ: ਪਰਮਜੀਤ ਸਿੰਘ ਨਾਲ ਮਿਲ ਕੇ ਮਾਸਿਕ 'ਗੁਰਬਾਣੀ ਚਾਨਣ' ਸ਼ੁਰੂ ਕੀਤਾ। ਨੇਤਰਹੀਨ ਵਿਦਿਆਲਾ ਅਨੰਦਪੁਰ ਸਾਹਿਬ ਵਿੱਚ ਦੋ ਸਾਲ ਸੇਵਾ ਕਰਦੇ ਰਹੇ!

ਸ: ਅਤਰ ਸਿੰਘ ਜਿਥੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਤੋਂ ਚੰਗੀ ਤਰ੍ਹਾਂ ਜਾਣੂ ਹਨ ਉਥੇ ਸੰਸਕ੍ਰਿਤ, ਉਰਦੂ ਅਤੇ ਫ਼ਾਰਸੀ ਵੀ ਪੜ੍ਹ ਲੈਂਦੇ ਹਨ। ਸ: ਅਤਰ ਸਿੰਘ ਜੀ ਨੇ ਅਕਾਲੀ ਕੌਰ ਸਿੰਘ ਜੀ ਦੀ ਸੰਗਤ ਵਿੱਚ ਰਹਿ ਕੇ ਗੁਰਮੁੱਖ ਰਹਿਣੀ-ਬਹਿਣੀ ਅਤੇ ਸਚਾਰੂ ਗੁਣਾਂ ਨੂੰ ਮਨੋਵਾਸ (assimilate) ਬਾਖੂਬੀ ਕੀਤਾ ਹੈ। ਜ਼ਿੰਦਗੀ ਦੇ ਰਾਹ ਤੇ ਤੁਰਦੀਆਂ ਅਨੇਕਾਂ ਝੱਖੜ-ਹਨੇਰੀਆਂ ਸੰਗ ਜੂਝਦਿਆਂ, ਕਰੜੀ ਮਿਹਨਤ ਅਤੇ ਲਿੱਖਣ ਜੋਗਤਾ ਕਾਰਨ ਉਹ ਅਕਾਲੀ ਜੀ ਦੀਆਂ ਪੈੜਾਂ ਮੱਗਰ ਤੁਰਦੇ ਪ੍ਰਤੀਤ ਹੁੰਦੇ ਹਨ। ਇਸ ਤੇਜਸਵੀਂ ਲੇਖਕ ਨੇ ਪੰਜਾਬੀ ਸਾਹਿਤ ਨੂੰ ਚੋਖੀ ਰਚਨਾ ਸਮੱਗਰੀ ਪ੍ਰਦਾਨ ਕੀਤੀ ਹੈ, ਜਿਸ ਕਾਰਨ ਉਨ੍ਹਾਂ ਦੀ ਪ੍ਰਤਿਭਾ ਅਤੇ ਸਰਬਾਂਗੀ ਸ਼ਖਸੀਅਤ ਦ੍ਰਿਸ਼ਟੀਗੋਚਰ ਹੁੰਦੀ ਹੈ।

ਸ: ਅਤਰ ਸਿੰਘ ਜੀ ਵਲੋਂ ਰੱਚੀਆਂ/ਸੰਕਲਨ ਦੀ ਗਿਣਤੀ ਗੁਣਾਤਮਿਕ ਤੇ ਗਿਣਾਤਮਿਕ ਹੈ। ਇਥੇ ਉਨ੍ਹਾਂ ਵੱਲੋਂ ਰਚੀਆਂ ਪੁਸਤਕਾਂ/ਕਿਤਾਬਚਿਆਂ ਨੂੰ ਸੰਪਾਦਨ, ਸਟੀਕ, ਜੀਵਨੀ ਸਾਹਿਤ ਅਤੇ ਵਾਰਤਕ ਹੇਠ ਵੰਡ ਕੇ ਨਿਰੀਖਣ ਕਰਨ ਦਾ ਯਤਨ ਕੀਤਾ ਗਿਆ ਹੈ।

ਪਾਠਕਾਂ ਦੇ ਗਿਆਨ ਲਈ ਇਹ ਦਸਣਾ ਵੀ ਜ਼ਰੂਰੀ ਹੈ ਕਿ ਭਾਗਵੰਤ ਅਤਰ ਸਿੰਘ ਜੀ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਚੰਡੀਗੜ੍ਹ/ਦਿੱਲੀ ਦੇ ਐਕਜ਼ਕੇਟਊ ਮੈਂਬਰ ਹਨ ਅਤੇ ਉੱਥੇ 'ਗੁਰਬਾਣੀ ਇਸੁ ਜਗਿ ਮਹਿ ਚਾਨਣ' ਪੰਜਾਬੀ ਮਾਸਕ ਮੋਹਾਲੀ ਦੇ ਐਡੀਟੋਰੀਅਮ ਬੋਰਡ ਦੇ ਮੈਂਬਰ ਵੀ ਹਨ। ਉਸ ਤੋਂ ਇਲਾਵਾ ਹੋਰ ਸੰਸਥਾਵਾਂ ਨਾਲ ਵੀ ਲਗਾਤਾਰ ਕਾਰਜਸ਼ੀਲ ਰਹਿੰਦੇ ਹਨ।

<u>ਸੰਪਾਦਨਾ</u>: ਸ: ਅਤਰ ਸਿੰਘ ਜੀ ਨੇ ਦੋ ਪੁਸਤਕਾਂ ਨੂੰ ਮੁੜ ਸੰਪਾਦਨ ਕੀਤਾ ਹੈ!

1. ਤੱਤਕਰਾ ਵਾਰਾਂ, ਕਬਿੱਤ ਤੇ ਸਵੱਯੇ ਭਾਈ ਗੁਰਦਾਸ ਜੀ:- ਇਹ ਪੁਸਤਕ ਅਸਲੋਂ ਅਕਾਲੀ ਕੌਰ ਸਿੰਘ ਨਿਹੰਗ ਜੀ ਨੇ 1929 ਈ. ਵਿੱਚ ਸੰਗ੍ਰਹਿ ਕਰਕੇ ਗੁਰਮਤ ਖੋਜੀ ਸਜਣਾਂ ਦੇ ਲਾਭ ਹਿਤ ਛਪਵਾਈ ਸੀ। ਭਾਗਵੰਤ ਅਤਰ ਸਿੰਘ ਜੀ ਨੇ ਕੁੱਝ ਸੋਧਾਂ ਕਰਕੇ ਮਾਰਚ 1993 ਵਿੱਚ ਦੁਬਾਰਾ ਸੰਪਾਦਨ ਕੀਤੀ ਹੈ। ਇਸ ਦੀ ਤਰਤੀਬ ਵਿੱਚ ਪਹਿਲਾਂ ਪਉੜੀ ਦਾ ਨੰਬਰ ਦਿੱਤਾ ਹੈ, ਫ਼ਿਰ ਤੁੱਕ ਅਤੇ ਬਾਅਦ ਵਿੱਚ ਵਾਰ ਦਾ ਨੰਬਰ ਦਿੱਤਾ ਹੈ। ਸਵਯੇ ਪੰਨਾ 1 ਤੋਂ 43 ਤੱਕ ਦਰਜ ਹਨ ਜਦਕਿ ਵਾਰਾਂ ਪੰਨਾ 43 ਤੋਂ 142 ਤੱਕ ਦਰਜ ਹਨ। ਇਸ ਦੀ ਭੂਮਿਕਾ

ਵਿੱਚ, ਅਕਾਲੀ ਜੀ ਵੱਲੋਂ ਲਿੱਖੀ ਭੂਮਿਕਾ ਨੂੰ ਵੀ ਦੁਹਰਾਇਆ ਗਿਆ ਹੈ।

2. ਗੁਰ ਸ਼ੋਭਾ:- ਇਹ ਪੁਸਤਕ ਪਹਿਲੀ ਵੇਰ 1925 ਈ. ਨੂੰ ਅਕਾਲੀ ਕੌਰ ਸਿੰਘ ਜੀ ਨੇ ਸੰਪਾਦਕ ਕਰ ਕੇ ਪ੍ਰਕਾਸ਼ਿਤ ਕਰਾਈ ਸੀ। ਇਸ ਨੂੰ ਦੁਬਾਰਾ ਛਾਪਣ ਬਾਰੇ ਅਤਰ ਸਿੰਘ ਜੀ ਲਿੱਖਦੇ ਹਨ, "ਇਹ 'ਸ੍ਰੀ ਗੁਰ ਸੋਭਾ 1925 ਈ. ਤੋਂ ਅਜ 80 ਸਾਲ ਹੋ ਚੁੱਕੇ ਹਨ। ਇਹ ਵੀ ਅਕਾਲੀ ਜੀ ਦੇ ਭੰਡਾਰੇ ਵਿੱਚੋਂ ਪ੍ਰਾਪਤ ਹੋਈ ਹੈ। ਇਸ ਦਾ ਸੰਪਾਦਨਾ ਕਰਕੇ ਅਕਾਲੀ ਜੀ ਨੇ ਅੰਮ੍ਰਿਤਸਰ 'ਭਾ. ਨਾਨਕ ਸਿੰਘ, ਕਿਰਪਾਲ ਸਿੰਘ ਹਜੂਰੀਆ ਪੁਸਤਕਾਂ ਛਾਪਣ ਤੇ ਵੇਚਣ ਵਾਲੇ ਮਾਈ ਸੇਵਾ ਅੰਮ੍ਰਿਤਸਰ ਤੋਂ ਕਰਵਾਈ ਸੀ। ਦਾਸ ਜਾਣਦਾ ਹੈ ਕਿਤਨਾ ਮੁਸ਼ਕਿਲ ਹੈ ਪੁਰਾਤਨ ਖਾਲਸਾ ਤਵਾਰੀਖ ਨੂੰ ਲੱਭ ਕੇ ਫਿਰ ਸੰਪਾਦਨਾ ਕਰਕੇ ਛਪਾ ਕੇ ਸੰਗਤਾਂ ਤਕ ਪਹੁੰਚਾਇਆ ਜਾਵੇ।

ਇਹ ਪੁਸਤਕ ਦਾਸ ਨੇ ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ ਦੀ ਚੇਅਰ ਪੰਜਾਬੀ ਯੂਨੀਵਰਸਿਟੀ ਨੂੰ ਅਕਾਲੀ ਜੀ ਦੀ ਹੋਰ ਵਸਤੂਆਂ ਨਾਲ ਸੌਂਪੀ ਸੀ। ਹੁਣ ਉਥੋਂ ਲਿਆ ਕੇ ਸੰਪਾਦਨਾ ਕਰਕੇ ਉਥੇ ਵਾਪਸ ਰਖ ਦਿਤੀ ਜਾਵੇਗੀ।" (ਪੰਨਾ 2–3)

ਸਟੀਕ:- ਸ੍ਰ: ਅਤਰ ਸਿੰਘ ਜੀ ਨੇ ਤਿੰਨ ਕਿਤਾਬਚੇ ਛਾਪੇ ਹਨ।

ਸੋਹਿਲਾ, ਸਦੁ ਤੇ ਅਲਾਹਣੀਆਂ (ਸਟੀਕ):- ਇਹ ਪਹਿਲੀ ਵਾਰ ਫ਼ਰਵਰੀ 1999 ਈ. ਵਿੱਚ ਛਪਿਆ ਸੀ ਅਤੇ ਦੂਜੀ ਐਡੀਸ਼ਨ ਸਤੰਬਰ 2005 ਵਿੱਚ ਛਪੀ ਹੈ! ਇਸ ਵਿੱਚ ਟੀਕਾਕਾਰ ਨੇ ਬੜੀ ਸਰਲ ਅਤੇ ਚੇਤਨਬੁਧੀ ਨਾਲ ਟੀਕਾ ਕੀਤਾ ਹੈ। ਅਖ਼ੀਰ ਤੇ ਮੌਤ ਬਾਰੇ ਭਾਵਪੂਰਤ ਜਾਣਕਾਰੀ, ਗੁਰਮਤਿ ਦੇ ਸੰਦਰਭ ਵਿੱਚ ਜੁਟਾਈ ਹੈ।

(ਅ) ਕਬਿਯੋ ਬਾਚ ਬੇਨਤੀ ਚੌਪਈ, ਪਾਤਸ਼ਾਹੀ- ੧੦ (ਸਟੀਕ):- ਇਹ 32 ਪੰਨਿਆਂ ਦੀ ਕਿਤਾਬਚੀ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਹੋਈ ਹੈ। ਟੀਕਾਕਾਰ ਲਿੱਖਦਾ ਹੈ, "ਇਸ ਬਾਣੀ ਦਾ ਪਿਆਰ ਸਤਿਕਾਰ ਗੁਰੂ ਜੀ ਦੇ ਉਸ ਜ਼ਿਰਾ ਬਖਤਰ ਤੋਂ ਲਗਦਾ ਹੈ ਜੋ ਦਸ਼ਮੇਸ਼ ਪਿਤਾ ਮੈਦਾਨਿ ਜੰਗ ਵਿੱਚ ਪਹਿਨ ਕੇ ਉਤਰਦੇ ਸਨ।

ਇਸ ਜ਼ਿਰਾ ਬਖਤਰ ਦੇ ਦਰਸ਼ਨ ਦਾਸ ਨੂੰ 21, 22, 23 ਅਕਤੂਬਰ 1949 ਨੂੰ ਸਿੱਖ ਐਜੁਕੇਸ਼ਨ ਕਾਨਫਰੰਸ ਵੇਲੇ ਹੋਏ ਸੀ ਜਦਕਿ ਦਸ਼ਮੇਸ਼ ਪਿਤਾ ਨਾਲ ਸੰਬੰਧਿਤ ਅਨੇਕ ਇਕੱਠੀਆਂ ਕੀਤੀਆਂ ਵਸਤੂਆਂ ਦੀ ਪਰਦਰਸ਼ਨੀ ਲਵਾਈ ਗਈ ਸੀ। ਇਹ ਹੁਣ ਵੀ ਪਟਿਆਲੇ ਦੇ ਰਾਖਵੇਂ ਭੰਡਾਰ, ਜੋ ਕਿਲ੍ਹਾ ਬਹਾਦਰਗੜ੍ਹ ਵਿੱਚ ਹੈ, ਸੁਰਖਸ਼ਿਤ ਪਈ ਹੋਈ ਹੈ। ਇਹ ਇੱਕ ਜ਼ਿਰਾ ਬਖਤਰ ਦਾ ਕੋਟ ਅਤੇ ਬਾਹਵਾਂ ਹਨ, ਜਿਸ ਉਤੇ ਬੜੀ ਖ਼ੂਬਸੂਰਤੀ ਨਾਲ ਚੌਪਈ ਉਕਰੀ ਹੋਈ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਦਸ਼ਮੇਸ਼ ਪਿਤਾ ਜੀ ਨੇ ਕਿਤਨੇ ਸਤਿਕਾਰ, ਪਿਆਰ ਨਾਲ ਅਕਾਲਪੁਰਖ ਅੱਗੇ ਕੀਤੇ ਬੇਨਤੀ ਕਰਕੇ ਤੇ ਵਿਸ਼ਵਾਸ ਰਖਕੇ ਹਰ ਮੈਦਾਨ ਫ਼ਤਹਿ ਪਾਂਦੇ ਸਨ।" (ਪੰਨਾ: 1, 2)

ਜ਼ਫਰਨਾਮਾ (ਸਟੀਕ): ਇਹ ਕਿਤਾਬਚੀ 32 ਪੰਨਿਆਂ ਦੀ ਦਸੰਬਰ 2004 ਵਿੱਚ ਤੀਜੀ ਵਾਰ ਪ੍ਰਕਾਸ਼ਿਤ ਹੋਈ ਹੈ। ਜ਼ਫਰਨਾਮਾ ਉਹ ਫ਼ਤਹਿ ਦੀ ਚਿਠੀ ਹੈ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪਿੰਡ ਦੀਨੇ ਕਾਂਗੜ੍ਹ ਤੋਂ ਬਾਦਸ਼ਾਹ ਔਰੰਗਜ਼ੇਬ ਨੂੰ ਫ਼ਾਰਸੀ ਵਿੱਚ ਲਿੱਖੀ ਸੀ। ਇਸ ਵਿੱਚ ਬਾਦਸ਼ਾਹ ਦੇ ਅਨਿਆਯ ਅਤੇ ਅਜੋਗ ਕਰਮਾਂ ਦਾ ਉਲੇਖ ਕੀਤਾ ਹੋਇਆ ਹੈ। ਟੀਕਾਕਾਰ ਨੇ ਪਹਿਲਾਂ ਫ਼ਾਰਸੀ ਦੇ ਸ਼ਿਅਰ ਗੁਰਮੁੱਖੀ ਲਿੱਪੀ ਵਿੱਚ ਲਿਖੇ ਹਨ, ਉਸ ਤੋਂ ਬਾਅਦ ਅੱਖਰੀ ਅਰਥ ਕੀਤੇ ਹਨ ਅਤੇ ਬਾਅਦ ਵਿੱਚ ਸਮੁੱਚੀ ਤੁੱਕ ਦਾ ਟੀਕਾ ਕੀਤਾ ਗਿਆ ਹੈ! ਇਸ ਚਿੱਠੀ

ਵਿੱਚ 112 ਸ਼ਿਅਰਾਂ ਦੇ ਅਰਥ ਬੜੇ ਸਰਲ ਅਤੇ ਆਮ ਪਾਠਕਾਂ ਨੂੰ ਸਮੱਝ ਆਉਣ ਵਾਲੇ ਕੀਤੇ ਹਨ।

<u>ਜੀਵਨੀ ਸਾਹਿਤ</u>: ਜੀਵਨੀ ਸਾਹਿਤ ਨਾਲ ਸੰਬੰਧਿਤ ਸ੍ਰ: ਅਤਰ ਸਿੰਘ ਜੀ ਦੀਆਂ ਤਿੰਨ ਪੁਸਤਕਾਂ ਆਈਆਂ ਹਨ।

(1) ਜੀਵਨ ਬਿਰਤਾਂਤ- ਅਕਾਲੀ ਕੌਰ ਸਿੰਘ ਨਿਹੰਗ:- ਇਹ ਪੁਸਤਕ ਪਹਿਲੀ ਵਾਰ 1969 ਈ. ਨੂੰ ਛੱਪੀ ਸੀ ਅਤੇ ਦੂਜੀ ਵਾਰ ਵੱਡਅਕਾਰੀ ਪੁਸਤਕ ਅਪ੍ਰੈਲ 2005 ਈ. ਵਿੱਚ ਛਾਪੀ ਹੈ।ਇਹ 172 ਪੰਨਿਆਂ ਦੀ ਪੁਸਤਕ ਹੈ ਜਿਸ ਵਿੱਚ ਅਕਾਲੀ ਜੀ ਦੇ ਸਮੁੱਚੇ ਜੀਵਨ ਬਾਰੇ 49 ਨਿੱਕੇ ਨਿੱਕੇ ਲੇਖ ਦਰਜ ਕੀਤੇ ਗਏ ਹਨ। ਪੁਸਤਕ ਦਾ ਮੁੱਖ ਬੰਦ ਸ੍ਰ: ਹੁਕਮ ਸਿੰਘ ਗਵਰਨਰ ਰਾਜਿਸਥਾਨ ਅਤੇ ਬ੍ਰਿਗੇਡੀਅਰ ਸ੍ਰ: ਰਾਜਿੰਦਰ ਸਿੰਘ ਵੱਲੋਂ ਲਿੱਖੇ ਗਏ ਹਨ।ਅਕਾਲੀ ਜੀ ਬਾਰੇ 14 ਦੁਰਲੱਭ ਤਸਵੀਰਾਂ ਵੀ ਦਿੱਤੀਆਂ ਹਨ। ਆਖਰੀ ਤੇ ਸਫ਼ਾ 141 ਤੇ ਅਕਾਲੀ ਜੀ ਦੇ ਸਾਹਿਤ ਬਾਰੇ ਤਫ਼ਸੀਲੀ ਜਾਣਕਾਰੀ ਮੁਹਈਆ ਕਰਾਈ ਗਈ ਹੈ।

(2) ਭਾਗ ਜੀ:- ਇਹ ਪੁਸਤਕ ਅਤਰ ਸਿੰਘ ਜੀ ਨੇ ਹਿੰਮਤ ਸਿੰਘ ਨਾਲ ਸਹਿ ਲੇਖਕ ਵਜੋਂ ਲਿੱਖੀ ਹੈ। 2000 ਈ. ਵਿੱਚ ਪਟਿਆਲੇ ਤੋਂ ਛਪੀ ਇਸ ਪੁਸਤਕ ਦੇ 172 ਪੰਨੇ ਹਨ ਅਤੇ ਦੁਰਲੱਭ 58 ਫ਼ੋਟੋਆਂ ਵੀ ਛਪੀਆਂ ਹਨ। ਤੱਤਕਰੇ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ ਜਿਵੇਂ ਪਹਿਲੇ ਭਾਗ ਵਿੱਚ ਧੀ-ਭੈਣ, ਭਾਗ ਜੀ, ਪ੍ਰਤਿਭਾ ਅਤੇ ਨੂੰਹ-ਧੀ। ਦੂਜੇ ਭਾਗ ਵਿੱਚ ਸਾਹਿਤ-ਰਚਨਾ ਸਿਰਲੇਖ ਹੇਠ ਪੰਨਾ 71 ਤੋਂ 101 ਤੱਕ ਪਾਠ ਦਿੱਤਾ ਹੈ। ਭਾਗ ਤੀਜੇ ਵਿੱਚ ਸਨਮਾਨ/ਸ਼ਰਧਾਜ਼ਲੀਆਂ ਦਿੱਤੀਆਂ ਹਨ। ਭਾਗ ਚੋਥਾ ਨੂੰ ਅੰਤਿਕਾ ਵਿੱਚ ਰਖਿਆ ਗਿਆ ਹੈ। ਇਸ ਪੁਸਤਕ ਦੀ ਵੱਡਮੁਲੀ ਸਾਮਿਗਰੀ ਭਾਗ ਜੀ ਆਪ ਹੀ ਇਕੱਠੀ ਕਰ ਗਏ ਸਨ, ਜਿਸ ਨੂੰ ਬਾਅਦ ਵਿੱਚ ਜੀਵਨਕਾਰਾਂ ਨੇ ਤਰਤੀਬ ਦਿੱਤਾ ਹੈ।

(3) ਭਾਈ ਦਿਆ ਸਿੰਘ ਜੀ ਦਾ ਖਾਨਦਾਨ:- ਇਹ 40 ਪੰਨਿਆਂ ਦੀ ਮਿੱਤੀ ਰਹਿਤ ਕਿਤਾਬਚੀ, ਸ੍ਰ: ਅਤਰ ਸਿੰਘ ਜੀ ਨੇ ਮਾਸਿਕ ਪਤ੍ਰਿਕਾ 'ਨਿਰ੍ਗੁਣੀਆਰਾ' ਦੇ 15 ਸਤੰਬਰ 1967 ਤੋਂ ਉਤਾਰਾ ਕੀਤਾ ਸੀ। ਇਸ ਵਿੱਚ ਪੰਜ ਪਿਆਰਿਆਂ ਵਿੱਚੋਂ ਭਾਈ ਦਇਆ ਸਿੰਘ ਜੀ ਦੇ ਖਾਨਦਾਨ ਬਾਰੇ ਪੂਰੇ ਵਿੱਸਥਾਰ ਨਾਲ ਜਾਣਕਾਰੀ ਅੰਕਿਤ ਕੀਤੀ ਹੋਈ ਹੈ। ਪਹਿਲਾਂ ਭੂਮਿਕਾ ਲਿੱਖੀ ਹੈ ਫ਼ਿਰ ਬਾਅਦ ਵਿੱਚ ਭਾਈ ਦਇਆ ਸਿੰਘ ਜੀ ਦੇ ਖਾਨਦਾਨ ਨਾਲ ਸੰਬੰਧਿਤ ਭਾਈ ਸ਼ੋਭਾ ਸਿੰਘ, ਭਾਈ ਹਕੀਕਤ ਸਿੰਘ, ਭਾਈ ਬੇਅੰਤ ਸਿੰਘ, ਭਾਈ ਤਾਰਾ ਸਿੰਘ, ਭਾਈ ਸ਼ਰਧਾ ਸਿੰਘ ਦਾ ਵਿਸਥਾਰ ਨਾਲ ਵਰਨਣ ਕੀਤਾ ਹੈ। ਅਖ਼ੀਰ ਤੇ ਮੀਰਪੁਰ ਦਾ ਉਜਾੜਾ, ਭਾਈ ਮੋਹਨ ਸਿੰਘ ਦੀ ਸ਼ਹੀਦੀ ਅਤੇ ਅਖ਼ੀਰ ਤੇ ਭਾਈ ਸ਼ਰਧਾ ਸਿੰਘ ਦਾ ਬੰਸਾਵਲੀਨਾਮਾ ਦਿੱਤਾ ਹੈ।

<u>ਵਾਰਤਕ</u>:- ਵਾਰਤਕ ਨਾਲ ਸੰਬੰਧਿਤ ਭਾਗਵੰਤ ਅਤਰ ਸਿੰਘ ਦੀਆਂ ਦੋ ਪੁਸਤਕਾਂ ਛਪੀਆਂ ਹਨ।

(ੳ) ਵਾਹਿਦ ਗੁਰੂ:- 1995 ਵਿੱਚ ਛਪੀ ਇਸ ਪੁਸਤਕ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ-ਗੱਦੀ ਸੌਂਪਣ ਅਤੇ ਸ਼ਬਦ ਗੁਰੂ ਦੇ ਪ੍ਰਮਾਣ ਦਰਜ ਕੀਤੇ ਗਏ ਹਨ। 96 ਪੰਨਿਆਂ ਦੀ ਇਸ ਪੁਸਤਕ ਵਿੱਚ 47 ਪੁਸਤਕਾਂ ਦੇ ਹਵਾਲੇ ਦਿੱਤੇ ਗਏ ਹਨ ਜਿਨ੍ਹਾਂ ਵਿੱਚ ਕੁੱਝ ਗ੍ਰੰਥਾਂ/ ਲਿੱਖਤਾਂ ਵਿੱਚ 9 ਅਕਤੂਬਰ 1708 ਈ. ਨੂੰ ਨਾਦੇੜ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਸਾਹਿਬ ਦੁਆਰਾ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਦੇ ਠੋਸ ਹਵਾਲੇ

ਹਨ ਅਤੇ ਜਿਸ ਦੇ ਆਧਾਰ ਤੇ ਇਹ 'ਵਾਹਿਦ ਗੁਰੂ' ਪੁਸਤਕ ਹੋਂਦ ਵਿੱਚ ਆਈ ਹੈ।

ਪੁਸਤਕ ਵਿੱਚ ਭੂਮਿਕਾ ਤੋਂ ਇਲਾਵਾ ਜੋ ਛੋਟੇ-ਛੋਟੇ ਲੇਖ ਹਨ, ਉਹ ਜੁੱਗ ਜੁੱਗ ਅਟਲ, ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਸੌਂਪਣ ਦੇ ਤ੍ਵਾਰੀਖੀ ਹਵਾਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦੇਣ ਦੇ ਹੋਰ ਦੇਸ ਤੇ ਬਦੇਸ਼ੀ ਤ੍ਵਾਰੀਖੀ ਹਵਾਲੇ, ਵਾਹਿਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਗ ਦੂਜਾ), ਕੂਕਾ ਨਾਮਧਾਰੀ ਮੱਤ, ਭਾਗ ਤੀਜਾ ਵੀ ਦਰਜ ਹੈ।

ਵਾਰਤਕ ਸਧਾਰਨ ਪੱਧਰ ਦੀ ਹੈ।

(ਅ) ਕੀ ਮਾਸ ਖਾਣ ਨਾਲ ਗੁਰਸਿੱਖ ਪਤਿੱਤ ਹੋ ਜਾਂਦਾ ਹੈ ?: ਦਸੰਬਰ 2004 ਈ. ਵਿੱਚ ਛਪੀ 127 ਪੰਨਿਆਂ ਦੀ ਪੁਸਤਕ ਵਿੱਚ 50 ਦੇ ਕਰੀਬ ਛੋਟੇ ਛੋਟੇ ਲੇਖ ਦਰਜ ਹਨ ਜੋ ਝਟਕਾ ਮਾਸ ਪ੍ਰਤੀ ਅੰਕਿਤ ਕੀਤੇ ਗਏ ਹਨ। ਝਟਕਾ ਮਾਸ ਬਾਰੇ ਬਾ-ਹਵਾਲੇ ਨਾਲ ਹਰ ਨੁੱਕਤਾ ਸਪਸ਼ਟ ਕੀਤਾ ਗਿਆ ਹੈ। ਥਾਂ ਥਾਂ ਤੇ ਗੁਰਬਾਣੀ ਦੇ ਪ੍ਰਮਾਣ ਵੀ ਦਿੱਤੇ ਹੋਏ ਹਨ। ਇਤਿਹਾਸਕ ਨੁਕਤੇ-ਨਿਗਾਹ ਤੋਂ, ਝਟਕਾ ਮਾਸ ਪ੍ਰਤੀ ਹਵਾਲੇ ਵੀ ਇਸ ਪੁਸਤਕ ਦੀ ਜ਼ੀਨਤ ਬਣੇ ਹਨ। ਵਾਰਤਕਾਰ ਨੇ ਜਿਨ੍ਹਾਂ ਸੰਸਥਾਵਾਂ ਨਾਲ ਚਿੱਠੀ-ਪੱਤਰ ਸਮੇਂ ਸਮੇਂ ਕੀਤੇ ਸਨ, ਉਹ ਵੀ ਦਰਜ ਹਨ। ਅਖ਼ੀਰ ਤੇ ਪੰਨਾ 119 ਤੋਂ 125 ਤੱਕ ਸ੍ਰ: ਦਿਆਲ ਸਿੰਘ ਦੇ ਘਰ ਸ੍ਰੀਨਗਰ, ਕਸ਼ਮੀਰ ਵਿੱਚ, ਮਾਸ ਪ੍ਰਥਾਇ ਗੋਸ਼ਟ ਭਾਈ ਰਣਧੀਰ ਸਿੰਘ ਜੀ ਅਤੇ ਅਕਾਲੀ ਕੌਰ ਸਿੰਘ ਜੀ ਦਰਮਿਆਨ ਹੋਈ ਨੂੰ ਅੰਕਿਤ ਕੀਤਾ ਗਿਆ ਹੈ। ਦੋਵਾਂ ਦੀ ਦੁਰਲੱਭ ਤਸਵੀਰ ਵੀ ਦਿੱਤੀ ਹੋਈ ਹੈ। ਇਸ ਪੁਸਤਕ ਬਾਰੇ ਅਤਰ ਸਿੰਘ ਜੀ ਲਿੱਖਦੇ ਹਨ, "ਇਹ ਪੁਸਤਕ 'ਮਾਸ ਪਰਥਾਇ ਤੱਤ ਗੁਰਮਤਿ' ਦੀ ਰੂਹ ਰਵਾਨ ਹੈ ਕਿ ਗੁਰਬਾਣੀ ਜਿਸ ਦੇ ਹੁਕਮਾਂ ਅਨੁਸਾਰ ਸਾਡੀ ਰਹਿਤ ਮਰਿਯਾਦਾ ਦਾ ਨਿਰਭਰ ਹੈ ਸਤਿਗੁਰਾਂ ਅਤੇ ਗੁਰਸਿੱਖ ਸ਼ਸਤਰਧਾਰੀਆਂ ਦੀ ਰਹੁਰੀਤਿ ਹੈ-ਉਹ ਝਟਕਾ ਮਾਸ ਛੱਕਣ ਦੀ ਆਗਿਆ ਦਿੰਦੀ ਹੈ। ਸਾਰੀ ਸਿੱਖੀ ਹੀ ਇਸ ਤੇ ਨਿਰਭਰ ਹੈ। .... ਖਾਲਸਾ ਪੰਥ ਹੀ ਦੁਸ਼ਟਾਂ ਦਾ ਦਮਨ ਕਰਨ ਲਈ ਉਪਜਿਆ ਸੀ ਜੋ ਰੋਜ਼ਾਨਾ ਇੱਕ ਇੱਕ ਬੱਕਰਾ ਖਾ ਜਾਣ ਵਾਲਿਆਂ ਦੇ ਮੁਕਾਬਲੇ ਵਾਲੇ ਸਿੰਘ ਜਸਾ ਸਿੰਘ ਰਾਮਗੜ੍ਹੀਆ ਪੈਦਾ ਹੋਏ ਇਨ੍ਹਾਂ ਦੀ ਖੁਰਾਕ ਵੀ ਇੱਕ ਬੱਕਰਾ ਰੋਜ ਸੀ ਤੇ ਜਿਨ੍ਹਾਂ ਫਿਰ 20 ਹਜ਼ਾਰ ਅਬਲਾਵਾਂ ਭਾਵ ਬੀਬੀਆਂ, ਬੱਚਿਆਂ ਨੂੰ ਇਨ੍ਹਾਂ ਜ਼ਾਲਮਾਂ ਕੋਲੋਂ ਛੜਵਾ ਕੇ ਵਾਪਸ ਘਰੀ ਪਹੁੰਚਾਇਆ ਸੀ।" (ਪੰਨਾ: ੩)

(ੲ) ਸੰਤ ਪਦ ਨਿਰਣੈ: ਅਗਸਤ 2003 ਈ. ਵਿੱਚ ਛਪੀ 176 ਸਫ਼ੇ ਦੀ ਪੁਸਤਕ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਹੋਈ ਹੈ। ਇਸ ਪੁਸਤਕ ਵਿੱਚ 'ਸੰਤ' ਸ਼ਬਦ ਦੇ ਸਰਬਪੱਖੀ ਅਧਿਐਨ ਤੇ ਰੋਸ਼ਨੀ ਪਾਈ ਗਈ ਹੈ। ਇਸ ਪੁਸਤਕ ਵਿੱਚ ਗੁਰਬਾਣੀ ਅਨੁਸਾਰ ਸੰਤ ਕੌਣ ? ਪੂਰਨ ਸੰਤ ਦੇ ਲਛਣ, ਰਹਿਣੀ ਤੇ ਕਰਣੀ, ਮਹਿਮਾ, ਸੰਤਾਂ ਤੋਂ ਪ੍ਰਾਪਤੀ, ਕਰਤੱਵ ਅਤੇ ਵਡਿਆਈ, ਸੰਤਾਂ ਦੀ ਭਾਲ, ਅਖੌਤੀ ਜਾਂ ਪਾਖੰਡੀ ਸੰਤ, ਅੰਧਾ ਆਗੂ, ਪਾਖੰਡੀ ਸੰਤ ਅਤੇ ਲੋਕ ਰਾਇ, ਅਖੌਤੀ ਸੰਤਾਂ ਦਾ ਜਾਲ, ਵਿਦਵਾਨਾਂ ਦੇ ਵਿਚਾਰ, ਗੁਰਮਤਿ ਦੇ ਮੂਲਕ ਸਿਧਾਂਤ, ਬ੍ਰਹਮਗਿਆਨੀ, ਲਛਣ, ਮਹਿਮਾਂ, ਰਹਿਤ ਮਰਯਾਦਾ ਦੀ ਉਲੰਘਣਾ ਬਾਰੇ ਛੋਟੇ ਛੋਟੇ ਲੇਖ ਦਰਜ ਹਨ। ਪੁਸਤਕ ਵਿੱਚ 22 ਪੰਨਿਆਂ ਤੇ 'ਭਵਿੱਖ ਵਾਕ: ਹਜ਼ੂਰੀ ਸਿੱਖਾਂ' ਦੇ ਦਰਜ ਹਨ ਜਿਨ੍ਹਾਂ ਵਿੱਚ ਕਵੀ ਸੈਨਾ ਪਤਿ, ਕਵੀ ਕੇਸਰ ਸਿੰਘ ਛਿੱਬਰ, ਕੋਇਰ ਸਿੰਘ ਕਲਾਲ ਦੇ ਗ੍ਰੰਥਾਂ ਵਿੱਚੋਂ ਹਵਾਲੇ ਦਿੱਤੇ ਹਨ।

ਸੰਤ ਪਦ ਦੇ ਵਿਸ਼ੇ ਉਤੇ, ਸ੍ਰ: ਅਤਰ ਸਿੰਘ ਨੇ ਬੜੇ ਵਿਸਥਾਰ ਨਾਲ ਗੁਰਬਾਣੀ

ਅਨੁਸਾਰ ਲਿਖਿਆ ਹੈ ਜੋ ਗੁਰਮਤਿ ਇਤਿਹਾਸ ਦੀ ਰੋਸ਼ਨੀ ਵਿੱਚ ਸਪੱਸ਼ਟ ਉਲੇਖ ਕੀਤਾ ਹੈ। ਅਤਰ ਸਿੰਘ ਜੀ ਨੇ ਬਿਲਕੁਲ ਸਹੀ ਲਿਖਿਆ ਹੈ ਕਿ ਗੁਰਬਾਣੀ ਅੰਦਰ ਸੰਤ ਪਦ, ਵਾਹਿਗੁਰੂ, ਸਤ ਸੰਗਤਿ ਅਤੇ ਸਤਿਗੁਰਾਂ ਲਈ ਹੀ ਵਰਤਿਆ ਗਿਆ ਹੈ, ਹਰ ਨੁਕਤੇ ਨੂੰ ਸਪਸ਼ਟ ਕਰਨ ਲਈ ਗੁਰਬਾਣੀ ਦੇ ਹਵਾਲੇ ਦਿੱਤੇ ਹਨ।

(ਸ) ਬਾਰਾਂ ਮਾਂਹ- ਚੇਤ ਤੋਂ ਫਗਣ ਤਕ:- ਇਹ 80 ਪੰਨਿਆਂ ਦੀ ਪੁਸਤਕ ਪਿੱਛੇ ਜਿਹੇ ਹੀ ਛਪੀ ਹੈ ਜਿਸ ਵਿੱਚ ਬਾਰਾਂ ਮਾਂਹ- ਮਾਝ ਮਹਲਾ ੫ ਅਤੇ ਤੁਖਾਰੀ ਮਹਲਾ ੧ ਵਿੱਚ ਅਕਾਲ ਪੁਰਖ ਦੀ ਮਹਿਮਾਂ ਦਾ ਅਨੇਕ ਕੋਣਾਂ ਤੋਂ ਗੁਣਗਾਨ ਕੀਤਾ ਗਿਆ ਹੈ। ਜੇਕਰ ਗਹੁ ਨਾਲ ਵੇਖਿਆ ਜਾਵੇ ਤੇ ਦੋਵੇਂ ਬਾਰਾਂ ਮਾਂਹ- ਤੁਖਾਰੀ ਅਤੇ ਮਾਝ ਦੀ ਰੂਹ ਰਵਾਨ ਇਕੋ ਹੈ ਅਤੇ ਅਕਾਲ ਪੁਰਖ ਪਰਮ ਸਤਿ ਨੂੰ ਮਿਲਣ ਦੀ ਤਾਂਘ ਲਗਾਤਾਰ ਨਜ਼ਰੀ ਪੈਂਦੀ ਹੈ। ਲੇਖਕ ਨੇ ਬੜੇ ਵਿੱਸਥਾਰ ਅਤੇ ਆਮ ਸਮਝ ਵਿੱਚ ਆਉਣ ਵਾਲੇ ਸ਼ਬਦਾਂ ਨੂੰ ਅਰਥਾਇਆ ਹੈ। ਹਰ ਮਹੀਨੇ ਨੂੰ ਬੜੇ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ। ਇਸ ਪੁਸਤਕ ਨੂੰ 'ਗੁਰਬਾਣੀ ਇਸ ਜਗ ਮਹਿ ਚਾਨਣਾ, ਮੋਹਾਲੀ' ਨੇ ਪ੍ਰਕਾਸ਼ਤ ਕੀਤਾ ਹੈ।

(ਹ) ਸ੍ਰਿਸ਼ਟੀ ਰਚਨਾ:- ੪੮ ਸਫ਼ਿਆਂ ਦੀ ਕਿਤਾਬ ਵੀ ਉੱਪਰ ਵਰਨਣ ਸੰਸਥਾ ਨੇ ਛਾਪੀ ਹੈ ਜਿਸ ਵਿੱਚ ਗੁਰਮਤਿ ਅਨੁਸਾਰ ਸ੍ਰਿਸ਼ਟੀ ਦੀ ਰਚਨਾ, 'ਓਅੰਕਾਰੁ' ਤੋਂ ਸ੍ਰਿਸ਼ਟੀ ਦੀ ਰਚਨਾ, ਬ੍ਰਹਮੰਡ ਦੀ ਖੋਜ, ਬ੍ਰਹਮੰਡ ਦਾ ਕੋਈ ਅੰਤ ਨਹੀਂ ਆਦਿ ਜਿਹੇ ਪੇਚੀਦਾ ਪ੍ਰਸ਼ਨਾਂ ਦਾ ਉੱਤਰ ਤਲਾਸ਼ਿਆ ਗਿਆ ਹੈ। ਪੁਸਤਕ ਮਾਰਚ 2007 ਵਿੱਚ ਪ੍ਰਕਾਸ਼ਿਤ ਹੋਈ ਹੈ।

ਲੇਖਕ ਨੇ ਗੁਰਬਾਣੀ ਦੇ ਰੋਸ਼ਨੀ ਵਿੱਚ ਸ੍ਰਿਸ਼ਟੀ ਰਚਨਾ ਸੰਬੰਧੀ ਵਿਸਥਾਰਪੂਰਨ ਚਾਨਣਾ ਪਾਇਆ ਹੈ, ਉਥੇ ਮਿਥਿਹਾਸਕ ਵਹਿਮਾਂ-ਭਰਮਾਂ ਦਾ ਖੂਬ ਖੰਡਨ ਕੀਤਾ ਹੈ। ਗੁਰਬਾਣੀ ਦਾ ਪ੍ਰਮੁੱਖ ਸਿਧਾਂਤ ਸ੍ਰਿਸ਼ਟੀ ਬਾਰੇ ਅੰਕਿਤ ਹੈ "ਕੀਤਾ ਪਸਾਉ ਏਕੋ ਕਵਾਓ"। ਲੇਖਕ ਨੇ ਗੁਰਬਾਣੀ ਵਿੱਚੋਂ ਪ੍ਰਮਾਣ ਲੈ ਕੇ, ਸ੍ਰਿਸ਼ਟੀ ਦੀ ਰਚਨਾ ਤੇ ਪ੍ਰਦੀਪਤੀ ਪ੍ਰਕਾਸ਼ ਛਡਿਆ ਹੈ, ਇਹ ਇਕ ਸਾਰਥਿਕ ਯਤਨ ਹੈ।

ਇਸ ਬਜ਼ੁਰਗ ਦੀ ਕਲਮ ਅੱਗੇ, ਹਰ ਕਲਮ ਦਾ ਸੀਸ ਝੁੱਕਣਾ ਕੁਦਰਤੀ ਕਰਮ ਹੈ! ਤਕਰੀਬਨ 98 ਵਰ੍ਹੇ ਹੋਣ ਦੇ ਬਾਵਜੂਦ ਵੀ ਇਸ ਉੱਚ ਦੁਮਾਲੜੇ ਵਾਲੇ ਸਾਹਿਤਕਾਰ ਦੀ ਕਲਮ ਅਜ ਵੀ ਲਿੱਖਣ ਵਿੱਚ ਕਾਰਜਸ਼ੀਲ ਹੈ। ਉਨ੍ਹਾਂ ਦੇ ਸਾਹਿਤਕ ਗੁਣਾਂ ਦਾ ਪੈਰਾਡਾਇਮ ਨੇਵਕਲਾ ਅਤੇ ਉੱਚ ਦੁਮਾਲੜੇ ਵਾਲਾ ਹੈ!

* * *

ਗਿਆਨੀ ਈਸ਼ਰ ਸਿੰਘ ਬਖਸ਼- ਜੀਵਨ ਤੇ ਰਚਨਾ

ਗਿਆਨੀ ਈਸ਼ਰ ਸਿੰਘ ਬਖਸ਼ ਜਿਥੇ ਪੰਜਾਬੀ ਦੇ ਚੰਗੇ ਅਧਿਆਪਕ ਤੇ ਸੂਝ-ਬੂਝ ਦੇ ਮਾਲਕ ਸਨ ਉਥੇ ਗੁਰੂਘਰ ਦੇ ਕੀਰਤਨੀਏ ਸਨ ਅਤੇ ਬੜੀ ਰਸਭਿੰਨੀ ਆਵਾਜ਼ ਵਿੱਚ ਕੀਰਤਨ ਕਰਦੇ ਸਨ। ਆਪ ਜੀ ਇੱਕ ਚੰਗੇ ਕਵੀ ਅਤੇ ਸਾਹਿਤਕਾਰ ਵੀ ਸਨ!

ਗਿਆਨੀ ਜੀ ਦਾ ਜਨਮ ਇਕ ਗੁਰਮੁਖ ਕਿਰਤੀ ਭਾਈ ਰੰਗੀਲ ਸਿੰਘ ਕਾਲਾ ਦੇ ਘਰ ਮਾਤਾ ਧਰਮ ਕੌਰ ਦੀ ਕੁਖੋਂ 25 ਅਕਤੂਬਰ 1917 ਈ. ਨੂੰ ਪਿੰਡ ਖਾਦ ਨਿਆਰ (ਬਾਰਾਮੂਲਾ) ਵਿੱਚ ਹੋਇਆ। ਭਾਈ ਰੰਗੀਲ ਸਿੰਘ ਸਕੂਲ ਵਿੱਚ ਮੁਲਾਜ਼ਮ ਸਨ ਅਤੇ ਬੜੇ ਮਿਠਬੋਲੜੇ ਅਤੇ ਪਿਆਰ ਵਾਲੇ ਗੁਰਸਿੱਖ ਸਨ। ਭਾਈ ਰੰਗੀਲ ਸਿੰਘ ਜਦੋਂ ਮੁਲਾਜ਼ਮਤ ਤੋਂ ਰਿਟਾਇਰ ਹੋਏ ਤਾਂ ਉਨ੍ਹਾਂ ਦੀ ਥਾਂ ਤੇ ਗਿਆਨੀ ਜੀ ਨਿਯੁੱਕਤ ਹੋ ਗਏ।

ਦੋ ਸਾਲਾਂ ਵਿੱਚ ਪ੍ਰਾਈਵੇਟ ਤੌਰ ਤੇ ਮਿੱਡਲ ਦਾ ਇਮਤਿਹਾਨ ਪਾਸ ਕਰਕੇ, ਗੁਰੂ ਹਰਿਗੋਬਿੰਦ ਸਾਹਿਬ ਬੋਰਡਿੰਗ, ਬਾਰਾਮੂਲਾ ਵਿੱਚ ਰਹਿ ਕੇ ਸ਼ਬਦ ਕੀਰਤਨ ਦਾ ਅਭਿਆਸ ਸ਼ੁਰੂ ਕੀਤਾ। ਸ੍ਰ: ਹਰਬੰਸ ਸਿੰਘ ਅਟਾਰੀ ਅਤੇ ਸ੍ਰ: ਦੀਵਾਨ ਸਿੰਘ (ਸ੍ਰ: ਜੈਮਲ ਸਿੰਘ ਗੋਹਨ ਦੇ ਜਵਾਈ) ਰਾਹੀਂ ਸ਼ਬਦ ਕੀਰਤਨ ਅਤੇ ਵਾਜੇ ਦੀ ਮੁਢੱਲੀ ਸਖਲਾਈ ਲਈ! ਕੁੱਝ ਸਮੇਂ ਬਾਅਦ ਗਿਆਨੀ ਜੀ ਦੀ ਤਬਦੀਲੀ ਡੰਨਾ ਕਚੀਲੀ (ਮੁਜ਼ਫਰਾਬਾਦ) ਹੋ ਗਈ, ਜਿਥੇ ਉਨ੍ਹਾਂ ਸੰਤ ਗੁਰਬਖਸ਼ ਸਿੰਘ ਡੰਨਾ ਦੇ ਸੰਪਰਕ ਵਿੱਚ ਆ ਕੇ ਗੁਰਬਾਣੀ, ਕੀਰਤਨ ਅਤੇ ਗਤਕਾ ਸ਼ਸੱਤ੍ਰ ਵਿਦਿਆ ਵਿੱਚ ਨਿਪੁੰਨਤਾ ਹਾਸਲ ਕੀਤੀ! ਸੱਤ ਕੁ ਮਹੀਨੇ ਨੌਕਰੀ ਕਰਕੇ ਆਪਣੇ ਇੱਕ ਦੋਸਤ ਸਾਧੂ ਸਿੰਘ ਮੋਂਝੀ ਨਾਲ ਅੰਮ੍ਰਿਤਸਰ ਚਲੇ ਗਏ। ਇਥੇ ਹੀ ਉਨ੍ਹਾਂ ਦਾ ਮੇਲ-ਮਿਲਾਪ ਗਿ: ਕਰਤਾਰ ਸਿੰਘ (ਸਿੰਘਪੁਰਾ) ਅਤੇ ਗਿ: ਸੰਤ ਸਿੰਘ ਉਪਲਨਾ ਨਾਲ ਹੋਇਆ। ਇਥੇ ਹੀ ਗਿਆਨੀ ਜੀ ਨੇ ਪੰਜਾਬ ਗਿਆਨੀ ਕਾਲਜ ਤੋਂ ਗਿਆਨੀ ਦਾ ਇਮਤਿਹਾਨ 1936 ਈ. ਵਿੱਚ ਪਾਸ ਕੀਤਾ। ਬਾਅਦ ਵਿੱਚ ਨੰਬਰਦਾਰ ਲਾਭ ਸਿੰਘ, ਪਿੰਡ ਕਥੂਨੰਗਲ ਦੇ ਸੰਪਰਕ ਵਿੱਚ ਆ ਕੇ, ਕਥੂਨੰਗਲ ਵਿੱਚ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨਿਯੁਕਤ ਹੋਗੇ! ਉਥੇ ਵੀ ਗਿਆਨੀ ਜੀ ਨੇ ਭਾਈ ਬੇਲਾ ਸਿੰਘ, ਸੇਵਾ ਸਿੰਘ ਰਾਮਗੜ੍ਹੀਏ ਭਰਾਵਾਂ ਕੋਲੋਂ ਰਾਗ ਵਿਦਿਆ ਦੀ ਸਿਖਲਾਈ ਹਾਸਲ ਕੀਤੀ। ਜਦੋਂ ਗਿਆਨੀ ਜੀ ਕਸ਼ਮੀਰ ਆਏ ਤਾਂ ਹੈੱਡ-ਮਾਸਟਰ ਪ੍ਰਿਥਵੀ ਨਾਥ ਚੱਕੂ ਦੀ ਘਾਲਨਾ ਸਦਕਾ, ਮਹਿੰਦੀ ਰੱਤਾ ਇੰਸਪੈਕਟਰ ਸਕੂਲ ਨੇ ਪੱਕਾ ਪੰਜਾਬੀ ਟੀਚਰ ਦਾ ਆਰਡਰ ਦੇ ਦਿੱਤਾ। ਗਿਆਨੀ ਜੀ ਸੱਭ ਤੋਂ ਪਹਿਲਾਂ ਖਾਸੀਪੁਰਾ ਟੀਚਰ ਨਿਯੁਕਤ ਹੋਏ ਅਤੇ ਉਸ ਤੋਂ ਬਾਅਦ ਪਿੰਡ ਛਤਰੂਗਾਮ, ਅਤਨਾ (ਬਡਗਾਮ), ਪਾਂਬਲਾ (ਰਫ਼ੀ ਆਬਾਦ), ਸੁਝਵਾਂ ਸਾਂਬਾ (ਜੰਮੂ) ਆਦਿ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਂਦੇ ਰਹੇ। ਉਥੇ ਸਿੱਖ ਬਚਿਆਂ ਨੂੰ ਗੁਰਬਾਣੀ ਅਤੇ ਕੀਰਤਨ ਵੱਲ ਓਵਰਟਾਇਮ ਦੇ ਕੇ ਸਿੱਖਲਾਈ ਦੇਂਦੇ ਰਹੇ।

1942 ਈ. ਵਿੱਚ ਗਿਆਨੀ ਜੀ ਦਾ ਅਨੰਦ ਵਿਵਾਹ ਸ੍ਰ: ਭਾਗ ਸਿੰਘ ਬਾਲੀ ਦੀ ਸਪੁੱਤਰੀ ਬੀਬੀ ਸ਼ਾਤ ਕੌਰ ਨਾਲ ਗੋਹਨ ਵਿਖੇ ਹੋਇਆ, ਜਿਸ ਚੋਂ ਪੰਜ ਬੇਟੇ ਅਤੇ ਦੋ ਬੇਟੀਆਂ ਹੋਈਆਂ। ਗਿ: ਕਰਤਾਰ ਸਿੰਘ ਕੋਮਲ ਨੇ ਅਨੰਦ ਕਾਰਜ ਦੀ ਰਸਮ ਅਦਾ ਕੀਤੀ। 1944 ਤੋਂ 1946 ਈ. ਦੇ ਦਰਮਿਆਨਿਆਂ ਵਰ੍ਹਿਆਂ ਵਿੱਚ ਸਤਰਨਾ ਖਾਲਸਾ ਮਿਡਲ ਸਕੂਲ ਦੀ

ਮਾਲੀ ਸਹਾਇਤਾ ਲਈ ਮਾਸਟਰ ਬਲਵੰਤ ਸਿੰਘ, ਹੈੱਡ ਮਾਸਟਰ ਕ੍ਰਿਪਾਲ ਸਿੰਘ ਭਟਪੁਰੀ, ਮਾਸਟਰ ਤੀਰਥ ਸਿੰਘ ਆਦਿ ਨਾਲ ਮਿੱਲ ਕੇ ਗਿਆਨੀ ਜੀ ਨੇ ਡਰਾਮਾ ਕਲੱਬ ਦੀ ਬੁਨਿਆਦ ਰੱਖੀ। ਸੁਝਵਾਂ-ਸਾਂਬਾ (ਜੰਮੂ) ਦੇ ਪਿੰਡਾਂ: ਪਿੰਡ ਟਾਂਡਾ ਅਤੇ ਬੁਰਜ ਦੇ ਗੁਰਦੁਆਰਿਆਂ ਦਾ ਨੀਂਹ ਪੱਥਰ, ਗਿ: ਸੰਤ ਸਿੰਘ ਭਟਪੁਰੀ ਦੀ ਪ੍ਰੇਰਨਾ ਸੱਦਕਾ ਰਖਿਆ। ਸਰਕਾਰੀ ਨੌਕਰੀ ਤੋਂ ਰਿਟਾਇਰਮੈਂਟ ਬਾਅਦ ਗੁਰਦੁਆਰਾ ਛੇਵੀਂ ਪਾਤਸ਼ਾਹੀ, ਬਾਰਾਮੂਲਾ ਵਿੱਚ ਗਿ: ਸੰਤ ਸਿੰਘ ਅਤੇ ਇਛਪਾਲ ਸਿੰਘ ਭਟਪੁਰੀ ਨਾਲ ਕਈ ਵਰ੍ਹੇ ਕੀਰਤਨ ਦੀ ਸੇਵਾ ਕਰਦੇ ਰਹੇ। 1987 ਈ. ਵਿੱਚ ਗਿਆਨੀ ਜੀ ਆਪਣੇ ਲੜਕੇ ਕੋਲ ਸ਼ਿਕਾਗੋ (ਅਮਰੀਕਾ) ਚਲੇ ਗਏ। ਉਥੇ ਵੀ ਹਰ ਐਤਵਾਰ ਸਿੱਖ ਸੰਗਤਾਂ ਨੂੰ ਕੀਰਤਨ ਨਾਲ ਸਰਸ਼ਾਰ ਕਰਦੇ ਰਹੇ। ਅਮਰੀਕਾ ਤੋਂ ਕਈ ਵੇਰ ਕਸ਼ਮੀਰ ਆਏ ਅਤੇ ਜੰਮੂ-ਕਸ਼ਮੀਰ ਪੰਜਾਬੀ ਸਾਹਿਤ ਸਭਾ, ਸ੍ਰੀਨਗਰ ਦੀ ਵਾਰਸ਼ਕ ਕਾਨਫਰੰਸ ਵਿੱਚ ਸ਼ਾਮਲ ਹੋਏ। 02 ਜੂਨ 1996 ਨੂੰ ਕੈਲੀਫੋਰਨੀਆ ਤੋਂ ਇੱਕ ਕਵੀ ਦਰਬਾਰ ਵਿੱਚ ਹਿੱਸਾ ਲੈਣ ਤੋਂ ਬਾਅਦ ਕਾਰ ਹਾਦਸੇ ਦਾ ਸ਼ਿਕਾਰ ਹੋ ਗਏ। ਉਨ੍ਹਾਂ ਦੀ ਮਿਰਤਕ ਦੇਹ ਕਸ਼ਮੀਰ ਲਿਆਂਦੀ ਗਈ ਜਿਥੇ ਸਸਕਾਰ ਕੀਤਾ ਗਿਆ। ਉਨ੍ਹਾਂ ਦੀ ਅੰਤਮ ਅਰਦਾਸ ਵਿੱਚ ਪ੍ਰਮੁੱਖ ਅਕਾਲੀ ਨੇਤਾ ਅਤੇ ਲੇਖਕ ਸ਼ਾਮਲ ਹੋਏ।

ਗਿਆਨੀ ਜੀ ਨੇ ਆਪਣੇ ਸਾਥੀ ਭਟਪੁਰੀ ਜੀ ਨਾਲ ਮਿੱਲ ਕੇ ਖ਼ੂਬ ਧਰਮ ਪ੍ਰਚਾਰ ਕੀਤਾ, ਖ਼ਾਸਕਰ ਫੌਜੀ ਪਲਟਨਾਂ ਵਿੱਚ ਜਿਵੇਂ ਫਸਟ ਪਟਿਆਲਾ, ਇਕ ਯਾਰਾਂ, ਤਿੰਨ ਸਿੱਖ, ਦੋ ਐਲ.ਆਈ., 2 ਐਫ.ਉ.ਡੀ. ਤੋਂ ਇਲਾਵਾ ਅਲਵਰ (ਰਾਜਿਸਥਾਨ), ਪਠਾਨਕੋਟ, ਯੋਲ ਕੈਂਪ, ਮੁਜ਼ੱਫ਼ਰਾਬਾਦ, ਬਾਲਾ ਕੋਟ (ਹਿਸਾਰ), ਐਬਟਾਬਾਦ, ਨਵਾਂ ਸ਼ਹਿਰ, ਤਰਾਲ, ਬਡਗਾਮ, ਸ਼ਾਹਜੀ ਮਾਰਗ, ਊੜੀ, ਕਠੂਆ, ਪੁਣਛ, ਛੰਭਜੋੜੀਆਂ, ਧਰਮਸ਼ਾਲਾ, ਕਾਂਗੜਾ, ਟਾਂਡਾ ਕੋਲਪੁਰ, ਬੁਰਜ, ਰਾਮਗੜ੍ਹ, ਕੋਟਲੀ, ਦਬਲੈਣ, ਰੈਕਾਬੁਰਜ, ਕੋਟਲੀ ਅਰਜਨ ਸਿੰਘ, ਕੀਰ ਆਦਿ।

ਗਿਆਨੀ ਜੀ ਅਨੇਕਾਂ ਕਿਤਾਬਚੇ ਅਤੇ ਪੁਸਤਕਾਂ ਪੰਜਾਬੀ ਮਾਂ-ਬੋਲੀ ਦੀ ਝੋਲੀ ਵਿੱਚ ਪਾ ਚੁੱਕੇ ਹਨ। ਉਨ੍ਹਾਂ ਦੀਆਂ ਪ੍ਰਕਾਸ਼ਿਤ ਕਿਤਾਬਚੇ/ਪੁਸਤਕਾਂ ਇਸ ਪ੍ਰਕਾਰ ਹਨ:

1. ਕਸ਼ਮੀਰ ਵਿੱਚ ਹੋਏ ਖ਼ੂਨੀ ਘਲੂਘਾਰੇ ਦੀ ਸਦ (1948)।
2. ਜਗ ਚਾਨਣ ਹੋਆ ਦਰਸ਼ਨ। (ਮਿਤੀ ਹੀਣ)
3. ਬਹੁ ਪਰਉਪਕਾਰੀ ਦਰਸ਼ਨ। (" ")
4. ਹਰਿਆਵਲੀ ਧਰਤੀ ਦੇ ਦਰਸ਼ਨ। (" ")
5. ਜੀਵਨ ਠਾਕੁਰ ਭਾਈ ਰੌਚਾ ਸਿੰਘ ਦਰਸ਼ਨ। (" ")
6. ਜ਼ਿਲਾ ਬਾਰਾਮੂਲਾ ਦੇ ਗੁਰਦੁਆਰਿਆਂ ਦਾ ਮੁਕੰਮਲ ਇਤਿਹਾਸ (1983)।
7. ਕਾਵਿ ਪਟਾਰੀ (ਮਾਰਚ 1994)
8. ਚਾਰ ਯਾਰ
9. ਖਾਦਨਿਆਰ ਤੋਂ ਵਾਸ਼ਿੰਗਟਨ।

ਗਿਆਨੀ ਜੀ ਦੇ ਦੋ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ।

(1) ਕਸ਼ਮੀਰ ਵਿੱਚ ਹੋਏ ਖ਼ੂਨੀ ਘਲੂਘਾਰੇ ਦੀ ਸਦ:- ਇਹ ਕਿਤਾਬਚਾ 1948 ਵਿੱਚ ਰਾਗੀ ਸੰਤ ਸਿੰਘ ਭਟਪੁਰੀ ਨੇ ਪ੍ਰਕਾਸ਼ਿਤ ਕੀਤਾ ਅਤੇ ਇਸ ਦੇ ਲੇਖਕ ਗਿਆਨੀ ਈਸ਼ਰ ਸਿੰਘ ਬਖ਼ਸ਼, ਬੀ.ਈ.ਸੀ., ਪਿੰਡ ਖਾਤਿਨਆਰ (ਊੜੀ), ਜ਼ਿਲਾ ਮੁਜ਼ੱਫ਼ਰਾਬਾਦ ਕਸ਼ਮੀਰ ਲਿਖਿਆ ਹੈ। ਇਹ ਕਵਿਤਾ ਛੇ ਸੱਤ ਪੰਨਿਆਂ ਦੀ ਹੈ, ਜਿਸ ਵਿੱਚ 1947 ਦੇ ਸ਼ਹੀਦਾਂ ਦੀ ਕੁਰਬਾਨੀ ਨੂੰ ਉੱਜਾਗਰ ਕੀਤਾ ਗਿਆ ਹੈ। ਗਿਆਨੀ ਜੀ ਨੇ ਆਪਣੇ ਜਥੇ ਸਮੇਤ ਇਹ ਕਵਿਤਾ ਕਸ਼ਮੀਰ

ਦੇ ਹਰ ਪਿੰਡ ਵਿੱਚ ਗੁਰਦੁਆਰਿਆਂ ਵਿੱਚ ਗਾਇਨ ਕਰ ਕੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ। ਇਸ ਕਵਿਤਾ ਰਾਹੀਂ ਗਿਆਨੀ ਜੀ ਇੱਕ ਕਵੀ ਦੇ ਤੌਰ ਤੇ ਪ੍ਰਸਿੱਧ ਹੋਏ। ਇਸ ਕਿਤਾਬਚੇ ਦੇ ਪਹਿਲੇ ਪੰਨੇ ਤੇ ਸੰਤ ਕਿਸ਼ਨ ਸਿੰਘ ਗੁਫ਼ਾਵਾਲੇ ਦੀ ਤਸਵੀਰ ਦਿੱਤੀ ਹੈ।

ਕਵਿਤਾ ਦਾ ਨਮੂਨਾ:-

ਤੂੰ ਸੁਣ ਲੈ ਸਿੰਘ ਦਸ਼ਮੇਸ਼ ਦੇ, ਤੈ ਮੈਂ ਦੇਵਾਂ ਕੂਕ ਸੁਣਾ।
ਜਦ ਬਿਪਤਾ ਪਈ ਕਸ਼ਮੀਰ ਤੇ, ਦੂਰੋਂ ਵੈਰੀ ਆਏ ਧਾ।
ਸੁਤੇ ਸ਼ੇਰਾਂ ਤੇ ਆ ਕੇ ਟੁਟ ਪਏ, ਨਾਲ ਲੀਗੀ ਲਏ ਰਲਾ।
ਘਰ ਭੇਤੂਆਂ ਜ਼ੁਲਮ ਕਮਾਇਆ, ਮਾਰੇ ਸਿੰਘ ਦੇ ਦੇ ਕੇ ਵਿਸਾਹ।
ਸੋਹਣੇ ਬਾਂਕੇ ਜ਼ੁਲਮ ਕਮਾਇਆ, ਸਿੱਖੀ ਸ਼ਾਨ ਨੂੰ ਗਏ ਨਿਭਾ।
ਇਥੇ ਡੁਬ ਡੁਬ ਮੋਈਆਂ ਸਿੰਘਣੀਆਂ, ਨਾਲ ਛਾਤੀ ਬਚੇ ਲਾ।
ਕਈਆਂ ਹਸ ਹਸ ਜਾਨਾਂ ਵਾਰੀਆਂ, ਵਿੱਚ ਸੀਨੇ ਗੋਲੀਆਂ ਖਾ।

(ਖੂਨੀ ਘਲੂਘਾਰੇ ਦੀ ਸੱਦ)

(2) ਕਾਵਿ ਪਟਾਰੀ:- 95 ਪੰਨਿਆਂ ਦੀ ਪੁਸਤਕ ਮਾਰਚ 1994 ਵਿੱਚ ਛੱਪੀ ਹੈ। ਇਸ ਕਾਵਿ ਸੰਗ੍ਰਹਿ ਵਿੱਚ 51 ਕਵਿਤਾਵਾਂ ਸ਼ਾਮਲ ਹਨ, ਜਿਨ੍ਹਾਂ ਦਾ ਵਿਸ਼ਾ ਧਾਰਮਿਕ, ਇਤਿਹਾਸਕ ਅਤੇ ਕਈ ਵਿਛੜੇ ਸਾਥੀਆਂ ਬਾਰੇ ਲਿੱਖੀਆਂ ਕਵਿਤਾਵਾਂ ਅੰਕਿਤ ਹਨ। ਗਿਆਨੀ ਜੀ ਆਪ ਲਿੱਖਦੇ ਹਨ, "ਜੋ ਲਗਨ ਮਨੁੱਖ ਨੂੰ ਮੁੱਢ ਤੋਂ ਲੱਗ ਜਾਏ ਉਹ ਸਾਰੀ ਉਮਰ ਫਿਰ ਉਸ ਦਾ ਸਾਥ ਨਹੀਂ ਛੱਡਦੀ, ਜਿਸ ਕਰਕੇ ਮਨੁੱਖ ਉਸ ਲਗਨ ਦੇ ਅਧੀਨ ਹੋ ਕੇ ਆਪਣਾ ਜੀਵਨ ਬਤੀਤ ਕਰਨ ਦਾ ਆਦੀ ਬਣ ਜਾਂਦਾ ਹੈ। ਮੈਨੂੰ ਸ਼ੁਰੂ ਤੋਂ ਹੀ ਨਵੀਆਂ ਫਿਲਮੀ ਤਰਜ਼ਾਂ ਤੇ ਧਾਰਮਿਕ ਕਵਿਤਾਵਾਂ ਲਿਖਣ ਦੀ ਲਗਨ ਸੀ ਜਿਨ੍ਹਾਂ ਨੂੰ ਮੈਂ ਕੀਰਤਨ ਸਮੇਂ ਕਿਸੇ ਪਰਸੰਗ ਨਾਲ ਸੁਣਾ ਕੇ ਸੰਗਤ ਦੀ ਪ੍ਰਸੰਨਤਾ ਹਾਸਲ ਕਰਦਾ ਸਾਂ। (ਪੰਨਾ: 11)

ਕਵਿਤਾ ਦਾ ਨਮੂਨਾ:-

"ਇਹ ਕੇਸਰੀ ਝੰਡਾ ਪੰਥ ਦਾ, ਸਿੱਖ ਕੌਮ ਨਿਸ਼ਾਨੀ।
ਨਾਲ ਸ਼ਹੀਦੀ ਖੂਨ ਦੇ, ਇਹਦੀ ਰੰਗੀ ਜੁਆਨੀ।
ਚੱਪਾ ਚੱਪਾ ਧਰਤ ਤੇ, ਇਹਦੀ ਦਰਦ ਕਹਾਣੀ।
ਸਾਰੇ ਵਿੱਚ ਸੰਸਾਰ ਨਾ ਇਹਦਾ ਕੋਈ ਸਾਨੀ।"

(ਕੇਸਰੀ ਨਿਸ਼ਾਨ, ਪੰਨਾ: 70)

"ਵਾਹਿਗੁਰੂ, ਰੱਬ, ਗਾਡ, ਈਸ਼ਵਰ
ਤੇਰੀ ਲੀਲ੍ਹਾ ਨਿਆਰੀ।
ਕਿਧਰੇ ਰਾਮ ਮੁਹੰਮਦ ਈਸਾ,
ਕਿਧਰੇ ਕ੍ਰਿਸ਼ਨ ਮੁਰਾਰੀ।
ਦੁਨੀਆਂ ਉੱਤੇ ਪਾਪ ਹੋਣ ਜਦ,
ਭੇਜੇ ਵਾਰੋ ਵਾਰੀ।
ਹੁਣ ਕਲਜੁਗ ਵਿੱਚ ਗੁਰੂ ਨਾਨਕ ਨੂੰ
ਤੂੰ ਬਖਸ਼ੀ ਸਰਦਾਰੀ।
ਤੇਰਾ ਨੂਰ ਹੈ ਸਭ ਦੇ ਅੰਦਰ

ਚੰਗਾ ਨਾ ਕੋਈ ਮੰਦੇ!
ਅਵਲ ਅਲ੍ਹਾ ਨੂਰ ਉਪਾਇਆ,
ਕੁਦਰਤ ਦੇ ਸੱਭ ਬੰਦੇ॥" (ਅਵਲ ਅਲ੍ਹਾ ਨੂਰ ਉਪਾਇਆ, ਪੰਨਾ: 59)

ਜ਼ਿਲਾ ਬਾਰਾਮੂਲਾ ਕਸ਼ਮੀਰ ਦੇ ਇਤਿਹਾਸਕ ਗੁਰਦੁਆਰਿਆਂ ਦਾ ਮੁਕੰਮਲ ਇਤਿਹਾਸ:- ਗਿਆਨੀ ਜੀ ਦੀ ਇਹ ਪੁਸਤਕ ਇਤਿਹਾਸ ਨਾਲ ਸੰਬੰਧਤ ਹੈ ਜੋ ਅਪ੍ਰੈਲ 1983 ਈ. ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰਾਮੂਲਾ ਨੇ ਪ੍ਰਕਾਸ਼ਿਤ ਕੀਤਾ ਹੈ। ਇਹ 65 ਪੰਨਿਆਂ ਦੀ ਪੁਸਤਕ ਹੈ। ਇਸ ਪੁਸਤਕ ਵਿੱਚ ਗਿਆਨੀ ਜੀ ਨੇ ਬਾਰਾਮੂਲਾ ਜ਼ਿਲੇ ਦੇ ਸਾਰੇ ਗੁਰਦੁਆਰਿਆਂ ਦਾ ਇਤਿਹਾਸ ਬੜੇ ਸਰਲ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਸਮੇਂ ਸਮੇਂ ਇਨ੍ਹਾਂ ਗੁਰਦੁਆਰਿਆਂ ਲਈ ਬਣੀਆਂ ਪ੍ਰਬੰਧਕ ਅਤੇ ਤੈਮੀਰੀ ਕਮੇਟੀਆਂ। ਦੇ ਮੈਂਬਰਾਂ ਦੀਆਂ ਸੂਚੀਆਂ ਵੀ ਦਰਜ ਕੀਤੀਆਂ ਹਨ। ਜੇਕਰ ਪੁਸਤਕ ਵਿੱਚ ਹਵਾਲੇ ਦਰਜ ਹੁੰਦੇ ਤਾਂ ਇਹ ਹੋਰ ਵੀ ਉੱਤਮ ਕ੍ਰਿਤ ਹੋ ਨਿਬੜਨੀ ਸੀ। ਫ਼ਿਰ ਵੀ ਗਿਆਨੀ ਜੀ ਦਾ ਇਹ ਕੰਮ ਪ੍ਰਸੰਸਾ ਯੋਗ ਹੈ। 1947 ਪਿੰਡਵਾਰ ਜ਼ਿਲਾ ਬਾਰਾਮੂਲਾ ਦਾ ਸ਼ਹੀਦੀ ਇਤਿਹਾਸ' ਲਿੱਖਣ ਦਾ ਉਪਰਾਲਾ ਕਰ ਰਹੇ ਸਨ ਕਿ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਹ ਲਿੱਖਤ ਅਜੇ ਤੱਕ ਲੱਭਣ ਦੇ ਬਾਵਜੂਦ ਵੀ ਹੱਥ ਨਹੀਂ ਆਈ।

ਜੀਵਨੀ ਸਾਹਿਤ:- ਗਿਆਨੀ ਜੀ ਨੇ ਜੀਵਨੀ ਸਾਹਿਤ ਬਾਰੇ ਵੀ ਕੁੱਝ ਕਿਤਾਬਚੇ ਲਿਖੇ ਹਨ।

ਜਗ ਚਾਨਣ ਹੋਆ ਦਰਸ਼ਨ, ਬਹੁਤ ਪਰਉਪਕਾਰੀ ਦਰਸ਼ਨ, ਹਰਿਆਵਲੀ ਧਰਤੀ ਦੇ ਦਰਸ਼ਨ ਅਤੇ ਜੀਵਨ ਠਾਕੁਰ ਭਾਈ ਰੋਚਾ ਸਿੰਘ ਦਰਸ਼ਨ, ਚਾਰ 8-15 ਪੰਨਿਆਂ ਦੇ ਕਿਤਾਬਚੇ ਹਨ, ਜਿਨ੍ਹਾਂ ਵਿੱਚ ਬੜੇ ਹੀ ਸੰਖੇਪ ਵਿੱਚ ਗੁਰੂ ਨਾਨਕ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰਦੁਆਰੇ ਬਾਰੇ ਅਤੇ ਭਾਈ ਰੋਚਾ ਸਿੰਘ ਦੇ ਜੀਵਨ ਬਾਰੇ ਸਰਲ ਅਤੇ ਰੋਚਕ ਢੰਗ ਨਾਲ ਬਿਆਨ ਕੀਤਾ ਗਿਆ ਹੈ।

'ਚਾਰ ਯਾਰ' ਪੁਸਤਕ ਜੀਵਨੀ ਸਾਹਿਤ ਨਾਲ ਸੰਬੰਧਤ ਰੱਖਦੀ ਹੈ ਜੋ 1995 ਵਿੱਚ ਛੱਪੀ ਹੈ। ਇਸ ਦੇ ਕੁੱਲ ਪੰਨੇ 64 ਹਨ। ਇਸ ਵਿੱਚ ਗਿਆਨੀ ਜੀ ਨੇ ਆਪਣੇ ਚਾਰ ਬਾਲ ਸਖਾਈ ਮਿਤ੍ਰਾਂ (ਚਾਰ ਯਾਰ) ਦੀਆਂ ਜੀਵਨੀਆਂ ਦੇ ਕੁੱਝ ਅੰਸ਼ ਬਿਆਨ ਕੀਤੇ ਗਏ ਹਨ ਜੋ ਬੜੇ ਸਰਲ ਤੇ ਰੌਚਿਕ ਹਨ। ਇਨ੍ਹਾਂ ਚਾਰ ਯਾਰਾਂ ਵਿੱਚ ਮਹੰਤ ਬਚਿਤ੍ਰ ਸਿੰਘ, ਗਿ: ਸੰਤ ਸਿੰਘ ਭਟਪੁਰੀ, ਭਾਈ ਸਾਧੂ ਸਿੰਘ ਨਿਹੰਗ ਅਤੇ ਭਾਈ ਕਪੂਰ ਸਿੰਘ ਹਮਾਦੂਬ ਸ਼ਾਮਲ ਹਨ। ਗਿਆਨੀ ਜੀ ਨੇ ਇਨ੍ਹਾਂ ਜੀਵਨੀਆਂ ਵਿੱਚ ਕਿੱਤੇ ਕਿੱਤੇ ਰੁਬਾਈਆਂ ਵੀ ਦਿੱਤੀਆਂ ਹਨ। ਪੰਨਾ 46 ਤੋਂ 64 ਤੱਕ ਪ੍ਰਵਾਰ ਤੇ ਸਬੰਧੀਆਂ ਬਾਰੇ ਰੁਬਾਈਆਂ ਅਤੇ ਜਾਣਕਾਰੀ ਜੁਟਾਈ ਗਈ ਹੈ। ਕਈ ਪਖੋਂ ਤੋਂ ਜੀਵਨਕਾਰਾਂ ਬਾਰੇ ਚਾਨਣਾ ਪਾਇਆ ਅਤੇ ਇਤਿਹਾਸ ਦੇ ਅੰਸ਼ ਵੀ ਔਤਪੋਤ ਹੋਏ ਹਨ। ਚਾਰ ਯਾਰਾਂ ਦੀਆਂ ਫ਼ੋਟੋਆਂ ਵੀ ਦਿਤੀਆਂ ਹਨ। ਵਾਰਤਕ ਸਧਾਰਨ ਪੱਧਰ ਦੀ ਹੈ। ਕਿਤੇ ਕਿਤੇ ਵਾਰਤਕ ਦਾ ਨਮੂਨਾ ਰੋਚਿਕ ਅਤੇ ਗਿਆਨ ਭਰਪੂਰ ਹੈ।

'ਖਾਦਨਿਆਰ ਤੋਂ ਵਾਸ਼ਿੰਗਟਨ' ਗਿਆਨੀ ਜੀ ਦੀ ਸ੍ਵਜੀਨੀ 32 ਪੰਨਿਆਂ ਦੀ ਹੈ ਜਿਸ ਨੂੰ ਗਿਆਨੀ ਜੀ ਨੇ ਸਿਰਲੇਖ ਦਿੱਤਾ ਹੈ 'ਜੀਵਨ ਲੜਾਈ ਹੈ' (Life is struggle)! ਆਪਣੀ ਪੂਰੀ ਜ਼ਿੰਦਗੀ ਦੀ ਜਦੋਜਹਿਦ ਦੀ ਦਾਸਤਾਨ ਸੰਖੇਪ ਸ਼ਬਦਾਂ ਵਿੱਚ ਪੇਸ਼ ਕੀਤੀ ਹੈ ਜੋ ਵੱਡਮੁਲੀ ਅਤੇ ਜਾਣਕਾਰੀ ਨਾਲ ਭਰਪੂਰ ਹੈ।

* * *

ਸ੍ਰ. ਹਰਬੰਸ ਸਿੰਘ ਆਜ਼ਾਦ: ਜੀਵਨ ਤੇ ਰਚਨਾ

ਸ੍ਰ. ਹਰਬੰਸ ਸਿੰਘ ਆਜ਼ਾਦ ਦਾ ਜਨਮ ਪਿੰਡ ਖਾਦਨਿਆਰ (ਬਾਰਾਮੂਲਾ) ਵਿੱਚ 11 ਜਨਵਰੀ 1921[1] ਨੂੰ ਮਾਤਾ ਮਨੋਕੌਰ ਅਤੇ ਪਿਤਾ ਸ੍ਰ: ਘਣਈਆ ਸਿੰਘ ਦੇ ਘਰ ਹੋਇਆ। ਉਨ੍ਹਾਂ ਦਾ ਵਿਆਹ ਬੀਬੀ ਹਰਬੰਸ ਕੌਰ ਨਾਲ ਹੋਇਆ ਜਿਸ ਵਿਚੋਂ ਤਿੰਨ ਬੇਟੇ ਅਤੇ ਦੋ ਬੇਟੀਆਂ ਹੋਈਆਂ।

1937 ਈ. ਵਿੱਚ ਚੰਗੇ ਨੰਬਰ ਲੈ ਕੇ ਮੈਟਰਿਕ ਅਤੇ 1941 ਈ. ਵਿੱਚ ਐਸ.ਪੀ. ਕਾਲਜ, ਸ੍ਰੀਨਗਰ ਤੋਂ ਬੀ.ਏ. ਪਾਸ ਕੀਤੀ। ਵਿਦਿਆਰਥੀ ਸਮੇਂ ਦੌਰਾਨ ਹੀ ਆਪ ਜੀ ਸਕਤਰ ਅਤੇ ਫਿਰ ਪ੍ਰਧਾਨ 'ਆਲ ਕਸ਼ਮੀਰ ਸਟੂਡੈਂਟਸ ਫੈਡਰੇਸ਼ਨ' ਚੁਣੇ ਗਏ। ਐਸ.ਪੀ. ਕਾਲਜ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ, ਕਾਲਜ ਮੈਗਜ਼ੀਨ ਦੇ ਐਡੀਟਰ, ਸਕੱਤਰ ਕਾਲਜ ਲਿਟਰੇਰੀ ਸੋਸਾਇਟੀ ਆਦਿ ਵੀ ਰਹੇ। 1943 ਈ. ਵਿੱਚ ਅਲੀਗੜ੍ਹ ਯੂਨੀਵਰਸਿਟੀ ਤੋਂ ਐਮ.ਏ., ਐਲ.ਐਲ.ਬੀ. ਦੀ ਉੱਚ ਵਿਦਿਆ ਪ੍ਰਾਪਤ ਕੀਤੀ। 1944 ਈ. ਵਿੱਚ ਮੀਰਪੁਰ ਅਤੇ ਫਿਰ ਐਸ.ਪੀ. ਕਾਲਜ ਲੈਕਚਰਾਰ ਲੱਗੇ ਰਹੇ। 1947 ਵਿੱਚ ਐਮਰਜੈਂਸੀ ਸਰਕਾਰ ਵਿੱਚ ਅਸਿਸਟੈਂਟ ਸਕੱਤਰ ਰਹੇ। 1951 ਵਿੱਚ ਮੁਲਾਜ਼ਮਤ ਛੱਡ ਕੇ ਜੰਮੂ ਕਸ਼ਮੀਰ ਦੀ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। 1952 ਵਿੱਚ ਪਾਰਲੀਮੈਂਟਰੀ ਸਕੱਤਰ ਨਿਯੁਕਤ ਹੋਏ। 1956 ਵਿੱਚ ਡਿਪਟੀ ਸਪੀਕਰ ਤੇ 1957 ਵਿੱਚ ਮੰਤਰੀ ਬਣੇ। 1960 ਤੋਂ ਲੈ ਕੇ ਅਕਤੂਬਰ 1963 ਤੱਕ ਆਪ ਸਪੀਕਰ ਰਹੇ ਅਤੇ 1964-1967 ਮਾਰਚ ਤੱਕ ਫ਼ਿਰ ਮੰਤਰੀ ਬਣੇ ਰਹੇ। ਖਾਦੀ ਤੇ ਗ੍ਰਾਮ ਉਦਯੋਗ ਬੋਰਡ ਦੇ ਚੇਅਰਮੈਨ 1967-80 ਤੱਕ ਰਹੇ। ਜੰਮੂ ਕਸ਼ਮੀਰ ਸਪੋਰਟਸ ਕਾਊਂਸਿਲ ਦੇ ਚੇਅਰਮੈਨ 1959 ਤੋਂ 1974 ਤੱਕ ਰਹੇ।[2] 1972-80 ਤੱਕ ਪ੍ਰਧਾਨ ਹੋਮ ਫ਼ੋਰ ਦੇ ਬਲਾਈਂਡ ਐਂਡ ਹੈਂਡੀ ਕੈਪਡ ਸ੍ਰੀਨਗਰ ਰਹੇ। ਜੰਮੂ ਕਸ਼ਮੀਰ ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼ ਦੇ ਮੀਤ ਪ੍ਰਧਾਨ ਅਤੇ ਕਸ਼ਮੀਰ ਹਿੰਦੀ ਸਾਹਿਤ ਸਭਾ ਦੇ ਪ੍ਰਧਾਨ ਦੇ ਮਾਣਯੋਗ ਅਹੁਦਿਆਂ ਤੇ ਵੀ ਰਹੇ।

ਆਜ਼ਾਦ ਸਾਹਿਬ ਦਾ ਖਾਨਦਾਨੀ ਪਿਛੋਕੜ ਸ੍ਰ. ਮੇਹਰ ਸਿੰਘ ਵਜ਼ੀਰ ਨਾਲ ਜਾ ਜੁੜਦਾ ਹੈ ਜੋ ਉੜੀਵਾਲੇ ਸੁਲਤਾਨਾਂ ਦੇ ਵਜ਼ੀਰ ਰਹੇ। ਸ੍ਰ. ਮੇਹਰ ਸਿੰਘ ਦੇ ਘਰ ਮਾਈ ਪੂਰੋ ਅਤੇ ਸ੍ਰ: ਮਹਾਂ ਸਿੰਘ ਦਾ ਜਨਮ ਹੋਇਆ। ਮਾਈ ਪੂਰੋ ਸਿੱਖ ਰਾਜ ਸਮੇਂ ਬੜੀ ਦੇਸ਼ ਭਗਤਣ ਤੇ ਉਪਕਾਰੀ ਬਹਾਦਰ ਮਾਈ ਹੋਈ ਹੈ। ਸ੍ਰ: ਹਰੀ ਸਿੰਘ ਨਲਵਾ ਨੇ ਜਦੋਂ ਇਸ ਮਾਈ ਦੇ ਬਹਾਦਰੀ ਦੇ ਕਾਰਨਾਮੇਂ ਲੋਕਾਂ ਤੋਂ ਸੁਣੇ ਤਾਂ ਸ਼ੇਰਿ-ਪੰਜਾਬ ਰਾਹੀਂ ਚਾਰ ਪਿੰਡ ਮੈਰਾ, ਪਾਹਲ, ਸ਼ੈਰੀ ਤੇ ਖਾਤਨਿਯਾਰ[3] ਜਾਗੀਰ ਲਿੱਖ ਦਿੱਤੇ। ਤਿੰਨ ਪਿੰਡ ਚਲ੍ਹੇ ਗਏ, ਇਕੋ ਪਿੰਡ ਖਾਤਨਿਯਾਰ ਰਹਿ ਗਿਆ। ਸ੍ਰ: ਮਹਾਂ ਸਿੰਘ ਦੇ ਘਰ ਹੀ ਸ੍ਰ: ਪ੍ਰੇਮ ਸਿੰਘ ਬਲੀ ਤੇ ਸ਼ੇਰਾਂ ਦੇ ਸ਼ਿਕਾਰੀ ਪੈਦਾ ਹੋਏ, ਜਿਨ੍ਹਾਂ ਦੇ ਘਰ 1850 ਈ. ਵਿੱਚ ਡਾ. ਬਚਨ ਸਿੰਘ ਪੈਦਾ ਹੋਏ[4] ਜੋ ਸ੍ਰ: ਹਰਬੰਸ ਸਿੰਘ ਆਜ਼ਾਦ ਦੇ ਦਾਦਾ ਜੀ ਸਨ। ਆਜ਼ਾਦ ਸਾਹਿਬ ਦਾ ਦੇਹਾਂਤ 17 ਨਵੰਬਰ 2002 ਨੂੰ ਹੋਇਆ।

ਸ੍ਰ: ਹਰਬੰਸ ਸਿੰਘ ਆਜ਼ਾਦ ਦੀ ਪਹਿਚਾਣ ਇੱਕ ਚਿੰਤਕ, ਕਵੀ, ਸੰਪਾਦਕ ਅਤੇ

ਅਨੁਵਾਦਕ ਦੇ ਤੌਰ ਤੇ ਨਿਰਧਾਰਿਤ ਕੀਤੀ ਜਾਂਦੀ ਹੈ। ਅਨੁਵਾਦਕ ਦੇ ਤੌਰ ਤੇ ਉਨ੍ਹਾਂ ਦਾ ਨਿਵੇਕਲਾ ਸਥਾਨ ਹੈ। ਉਨ੍ਹਾਂ ਨੇ ਗੁਣਾਤਮਕ ਅਤੇ ਗਿਣਾਤਮਕ ਪੱਖ ਤੋਂ ਅਸਲੋਂ ਨਵੇਂ ਕੀਰਤਮਾਨ ਸਥਾਪਤ ਕਰਕੇ ਵੱਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਵੱਲੋਂ ਕੀਤੇ ਅਨੁਵਾਦ ਉਤਕ੍ਰਿਸ਼ਟ ਅਤੇ ਉਪਯੋਗੀ ਆਖੇ ਜਾ ਸਕਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਜ਼ਾਦ ਇਕ ਪ੍ਰਤਿਭਾਸ਼ਾਲੀ ਮਨੁੱਖ ਤੇ ਲਾਸਾਨੀ ਯੋਗਤਾ ਦੇ ਮਾਲਕ ਸਨ। ਉਨ੍ਹਾਂ ਦੇ ਅਨੁਵਾਦਕ ਅੰਦਾਜ਼ ਦ੍ਰਿੜ ਸੰਕਲਪੀ ਅਤੇ ਨਿਸ਼ਚੇਵਾਦੀ ਰੁਝਾਨ ਵਾਲਾ ਰਿਹਾ ਹੈ। ਅਨੁਵਾਦਕ ਦੇ ਤੌਰ ਤੇ ਉਨ੍ਹਾਂ ਰਿਆਸਤ ਦੇ ਪੰਜਾਬੀ ਸਾਹਿਤ ਵਿੱਚ ਜਿਥੇ ਨਵੇਂ ਤੇ ਵਿਲੱਖਣ ਪਾਸਾਰ ਜੋੜਨ ਦਾ ਯਤਨ ਕੀਤਾ, ਉਥੇ ਨਵੇਂ ਨਕਸ਼ ਘੜਨ ਦੀ ਕੋਸ਼ਿਸ਼ ਤੋਂ ਵੀ ਪਿੱਛੇ ਨਹੀਂ ਹੱਟੇ। ਸਾਰੀਆਂ ਅਨੁਵਾਦ ਹੋਈਆਂ ਪੁਸਤਕਾਂ ਨਿਰਸੰਦੇਹ ਉਨ੍ਹਾਂ ਦੀ ਜੀਵਨ ਭਰ ਦੀ ਮਿਹਨਤ ਦਾ ਸਿੱਟਾ ਆਖੀਆ ਜਾ ਸਕਦੀਆਂ ਹਨ। ਆਜ਼ਾਦ ਜੀ ਨੇ ਅਠਵੀਂ ਵਿੱਚ ਪੜਦਿਆਂ ਹੀ ਕਵਿਤਾ ਲਿੱਖਣੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦੀਆਂ ਕੁੱਝ ਕਵਿਤਾਵਾਂ ਬੜੀਆਂ ਹਰਮਨ ਪਿਆਰੀਆਂ ਹਨ ਪਰ ਆਪਣੇ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਉਨ੍ਹਾਂ ਨੂੰ ਸਾਹਿਬੇ-ਕਿਤਾਬ ਨਾ ਬਣਾ ਸਕੇ।

ਆਜ਼ਾਦ ਸਾਹਿਬ ਵਲੋਂ ਲਿਖੀਆਂ ਪੁਸਤਕਾਂ ਦੀ ਗਿਣਤੀ ਇਸ ਪ੍ਰਕਾਰ ਹੈ:

1. ਗੁਰਮਤ ਰੀਡਰਜ਼- 1, 2, 3 (1948)
2. ਪੰਜਾਬੀ ਰੀਡਰਜ਼- ਛੇਵੀ, ਸਤਵੀਂ ਅਤੇ ਅਠਵੀਂ ਸ਼੍ਰੇਣੀ ਲਈ (1949)
3. ਪੰਜਾਬੀ ਵਿਆਕਰਣ- (1949)[5]

ਅਨੁਵਾਦਕ ਪੁਸਤਕਾਂ

1. ਚੋਣਵੀਂ ਕਸ਼ਮੀਰੀ ਕਵਿਤਾ (1965)
2. ਅਜੋਕੀ ਕਸ਼ਮੀਰੀ ਕਵਿਤਾ (1972-73)
3. ਕਸ਼ਮੀਰੀ ਲੋਕ ਗੀਤ (1974-75)
4. ਮਟਕ ਹੁਲਾਰੇ (ਭਾਈ ਵੀਰ ਸਿੰਘ) (1975)
5. ਸਿਮਰਨ (ਜਿੰਦ ਕੌਲ) (1976-77)
6. ਕਲਾਮ ਸ਼ੇਖ ਨੂਰਦੀਨ ਨੂਰਾਨੀ (1979)
7. ਲਲੀ ਮਾਂ (1981-82)
8. ਤਿੰਨ ਕਸ਼ਮੀਰੀ ਕਵਿਤ੍ਰੀਆਂ (1994)

ਸੰਪਾਦਨਾ:-

1. ਕਸ਼ਮੀਰ ਪੰਜਾਬੀ ਕਵੀਆਂ ਦੀ ਨਜ਼ਰ ਵਿੱਚ (1967-68)

ਪਹਿਲੀਆਂ ਤਿੰਨ ਪੁਸਤਕਾਂ ਗੁਰਮਤ ਰੀਡਰਜ਼, ਪੰਜਾਬੀ ਰੀਡਰਜ਼ ਅਤੇ ਪੰਜਾਬੀ ਵਿਆਕਰਣ ਨਜ਼ਰਾਂ ਚੋਂ ਨਹੀਂ ਗੁਜ਼ਰੀਆਂ ਕੇਵਲ ਇਨ੍ਹਾਂ ਦਾ ਜਿਕਰ ਪ੍ਰੋ: ਪ੍ਰੀਤਮ ਸਿੰਘ ਦੇ 'ਪੰਜਾਬੀ ਲੇਖਕ ਕੋਸ਼' ਪੰਨਾ (1971) 'ਤੇ ਆਇਆ ਹੈ।

(ੳ) ਚੋਣਵੀਂ- ਕਸ਼ਮੀਰੀ ਕਵਿਤਾ:- ਇਹ ਆਜ਼ਾਦ ਸਾਹਿਬ ਦੀ ਪਹਿਲੀ ਅਨੁਵਾਦਕ ਪੁਸਤਕ ਹੈ ਜੋ 1965 ਈ. ਵਿੱਚ ਛਪੀ ਹੈ। ਜਿਸ ਵਿੱਚ ਕਸ਼ਮੀਰੀ ਕਵਿਤਾ ਦੇ ਪ੍ਰਸਿੱਧ ਕਵੀਆਂ ਦੀਆਂ ਕਵਿਤਾਵਾਂ ਨੂੰ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਇਹ ਹਨ ਲੱਲੀ, ਸ਼ੇਰ ਨੂਰਦੀਨ, ਹੱਬਾ ਖਾਤੂਨ, ਮਹਿਮੂਦ ਗਾਮੀ, ਅਰਨਿਮਾਲ, ਰਸੂਲਮੀਰ, ਮਕਬੂਲ ਕਰਾਲਵਾਰੀ, ਵਹਾਬਪਰੇ, ਅਜ਼ੀਜ਼ ਹਾਜਨੀ, ਪਰਮਾਨੰਦ, ਕ੍ਰਿਸ਼ਨ ਰਾਜ਼ਦਾਨ, ਗੁਲਾਮ ਅਹਿਮਦ ਮਹਿਜੂਰ,

ਦੀਨਾ ਨਾਥ ਨਾਦਿਮ, ਰਹਿਮਾਨ ਰਾਹੀ, ਰਸਾ ਜਾਵਦਾਨੀ, ਗੁਲਾਮ ਹਸਨ ਬੇਗ, ਗੁਲਾਮ ਨਬੀ ਖ਼ਿਆਲ, ਅਮੀਨ ਕਾਮਿਲ ਅਤੇ ਗੁਲਾਮ ਅਹਿਮਦ ਫ਼ਾਜਿਲ। ਇਨ੍ਹਾਂ ਕਵੀਆਂ ਬਾਰੇ ਅਨੁਵਾਦਕ ਨੇ ਸੰਖੇਪ ਜਾਣਕਾਰੀ ਵੀ ਮੁਹਈਆ ਕਰਾਈ ਹੈ। ਹਰ ਕਵੀ ਦੀ ਕਵਿਤਾ ਦਾ ਪੰਜਾਬੀ ਅਨੁਵਾਦ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਕੀਤਾ ਹੈ। ਇਸ ਪੁਸਤਕ ਦੀ ਰਿਆਸਤ ਅਤੇ ਰਿਆਸਤ ਤੋਂ ਬਾਹਰ ਚੰਗੀ ਪ੍ਰਸ਼ੰਸਾ ਹੋਈ ਹੈ।

(ਅ) **ਅਜੋਕੀ ਕਸ਼ਮੀਰੀ ਕਵਿਤਾ:-** 215 ਪੰਨਿਆਂ ਦੀ ਇਹ ਪੁਸਤਕ ਲਲਿਤਕਲਾ, ਸੰਸਕ੍ਰਿਤ ਤੇ ਸਾਹਿਤ ਅਕਾਦਮੀ ਜੰਮੂ ਨੇ 1972-73 ਵਿੱਚ ਛਾਪੀ ਹੈ। ਇਸ ਵਿੱਚ ਅਜੋਕੀ ਕਸ਼ਮੀਰੀ ਕਵਿਤਾ ਦੇ ਮੂਲ ਪਾਠ ਦੇ ਨਾਲ ਨਾਲ ਪੰਜਾਬੀ (ਗੁਰਮੁੱਖੀ) ਵਿੱਚ ਅਨੁਵਾਦ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਆਜ਼ਾਦ ਸਾਹਿਬ ਨੇ ਜਿਨ੍ਹਾਂ ਪ੍ਰਸਿੱਧ ਕਸ਼ਮੀਰੀ ਕਵੀਆਂ ਨੂੰ ਸ਼ਾਮਲ ਕੀਤਾ ਹੈ, ਉਨ੍ਹਾਂ ਵਿੱਚ ਗੁਲਾਬ ਅਹਿਮਦ ਮਹਿਜੂਰ, ਅਬਦੁਲ੍ਹ ਅਹਿਦ ਆਜ਼ਾਦ, ਮਾਸਟਰ ਜਿੰਦ ਕੌਲ, ਦੀਨਾ ਨਾਥ ਨਾਦਿਮ, ਰਹਿਮਾਨ ਰਾਹੀ, ਗੁਲਾਮ ਨਬੀ ਖ਼ਿਆਲ, ਅਮੀਨ ਕਾਮਲ, ਗੁਲਾਮ ਰਸੂਲ ਨਾਜ਼ਕੀ, ਮੁਜ਼ਫ਼ਰ ਆਜ਼ਿਮ, ਗੁਲਾਮ ਹਸਨ ਆਰਫ਼, ਗੁਲਾਬ ਨਬੀ ਫ਼ਰਾਕ, ਮੋਤੀ ਲਾਲ ਸਾਕੀ, ਫ਼ਾਜ਼ਿਲ ਕਸ਼ਮੀਰੀ, ਰਸਾ ਜਾਵਿਦਾਨੀ, ਰਸ਼ੀਦ ਨਾਜ਼ਮੀ, ਮਿਰਜ਼ਾ ਕਮਾਲ ਦੀਨ, ਵਾਸਦੇਵ, ਨਸ਼ਾਤ ਕਾਸ਼ਟਵਾੜੀ, ਸ਼ਾਹਿਦ ਬਡਗਾਮੀ ਅਤੇ ਹਲੀਮ ਕਸ਼ਮੀਰੀ। ਇਸ ਪੁਸਤਕ ਦੇ ਸ਼ੁਰੂ ਵਿੱਚ ਆਜ਼ਾਦ ਸਾਹਿਬ ਨੇ ਕਸ਼ਮੀਰੀ ਭਾਸ਼ਾ ਅਤੇ ਅਜੋਕੀ ਕਸ਼ਮੀਰੀ ਕਵਿਤਾ ਬਾਰੇ ਵੀ ਪੱਛੀ ਝਾਤ ਪਾਈ ਹੈ।

ਕਵਿਤ ਦਾ ਨਮੂਨਾ:-

ਮੂਲ ਕਸ਼ਮੀਰੀ ਪਾਠ:-

ਸਤਿਗੁਰੂ ! ਅਏ ਕਰਦਿ ਦਰਵੇਸ਼- ਸਤਿਗੁਰੂ ... ਹਕ ਸਿਰੂ
ਛੀ ਦਿਵਾਨ ਨਜ਼ਰਾਣ ਕੁਲ ਦੇਸ ਸਤਿਗੁਰੂ... ਚਾਰਸੂ
ਛੁਖ ਜ਼ਗਾਨੁਕ, ਗਾਸ਼ ਤਾਰੁਕ, ਨੇਕ ਸੀਰਤ, ਪਾਕ ਬਾਜ਼
ਅਏ ਦਿਲਿ ਇਸਤਿਬਾਜ਼- ਸਤਿਗੁਰੂ ਸਤਿਗੁਰੂ ਪੋਰ ਸੂਬਸੂ
ਹਕ ਸ੍ਰਿਰ।
(ਫ਼ਾਜ਼ਿਲ ਕਸ਼ਮੀਰੀ) ਕਵਿਤਾ ਸਤਿਗੁਰੂ ਪੰਨਾ 166)[6]

ਪੰਜਾਬੀ ਅਨੁਵਾਦ:-

ਸਤਿਗੁਰੂ ਵੇ ਸੰਤ-ਪੁਰਸ਼ ਸਤਿਗੁਰੂ
ਤੂੰ ਸਤ ਏ ਇਸ ਦਾ ਭੇਦ ਏ
ਤੈਨੂੰ ਸ਼ਰਧਾਂਜਲੀਆਂ, ਭੇਟ ਕਰ ਰਿਹਾ ਏ
ਸਾਰਾ ਦੇਸ਼, ਕੁਲ ਆਲਮ
ਤੂੰ ਜਗ ਭਰ ਲਈ,
ਲਿਸ਼ਕਦਾ ਤਾਰਾ ਏਂ,
ਨੇਕ ਸੀਰਤ
ਪਾਕ ਪਵਿਤਰ
ਸਤਿਗੁਰੂ ! ਤੇਰਾ ਦਿਲ ਨਿਰਮਲ ਨਿਰਲੇਪ ਏ
ਤੂੰ ਸਤ ਏ, ਉਸ ਦਾ ਭੇਦ ਏਂ ॥

ਮੂਲ ਕਸ਼ਮੀਰੀ ਪਾਠ:-

ਪੋਸ਼ ਵਨ ਬਾਗਚ ਪੋਸ਼ ਗੋਨਦਰੀ ਯੇ
ਗਰੀਸ ਕੂਰੀ ਨਾਜ਼ਨੀਨ ਸੋਨਦਰੀ ਯੇ
ਸੁਅਰ ਸਚ ਹੀਮਾਲ ਕਾਫ਼ਚ ਪੀਰ ਯੇ
ਗਰੀਸ ਕੂ-ਰੀ ਨਾਜ਼ਨੀਨ ਸੋਨਦਰੀ ਯੇ
ਆਜ਼ਾਦ ਵਨਚੀ ਪੋਸ਼ ਬਰੀ-ਯੇ
ਮੁਸ਼ਕ ਸੀਜਤੀ ਟੂਰਿ ਕਅਸੀ ਬਰੀ ਯੇ
ਸਾਥ ਰੰਗ ਬਖਸ਼ੀ ਕਯਮੀ ਰੰਗਰੀ ਯੇ
(ਪੰਨਾ 10)

ਪੰਜਾਬੀ ਅਨੁਵਾਦ

ਸਦਾ ਬਹਾਰ ਦੇ ਗੁਲਦਸਤੇ,
ਨੀ ਕਿਸਾਨ ਕੁੜੀਏ, ਸੁਹਲ ਸੁਦੰਰੀਏ।
ਸੁਰਮਾਂ ਦੀਏ ਹੀਮਾਲੇ, ਕੋਹ-ਕਾਫ਼ ਦੀਏ ਪਰੀਏ,
ਕਿਸਾਨ ਕੁੜੀਏ, ਸੁਹਲ ਸੁੰਦਰੀਏ
ਖੁਲ੍ਹੇ ਮਰਗਾਂ ਦੀਏ ਫੁੱਲਾਂ ਲਦੀਏ ਝਾੜੀਏ
ਤੇਰੀਆਂ ਡੋਡੀਆਂ ਵਿੱਚ ਕਿੰਨ ਖੁਸ਼ਬੋ ਭਰੀ ਏ
ਸਤ ਰੰਗ ਤੈਨੂੰ ਕਿਸ ਲਲਾਰੀ ਬਖਸ਼ੇ ਨੇ
(ਕਿਸਾਨ ਕੁੜੀ, ਪੰਨਾ 11)

(ੲ) ਕਸ਼ਮੀਰੀ ਲੋਕ ਗੀਤ:- ਇਹ ਪੁਸਤਕ ਜੰਮੂ ਕਸ਼ਮੀਰ ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼ ਜੰਮੂ ਨੇ 1974-75 ਵਿੱਚ ਛਾਪੀ ਹੈ ਜਿਸ ਦੇ 174 ਪੰਨੇ ਹਨ। ਅਨੁਵਾਦਕ ਨੇ 'ਕਸ਼ਮੀਰੀ ਲੋਕ ਗੀਤਾਂ' ਦੇ ਪ੍ਰਕਾਸ਼ਿਤ ਛੇ ਸੰਗ੍ਰਹਿਆਂ 'ਚੋਂ ਅਤੇ ਕੁਝ ਹੋਰ ਲੋਕ ਗੀਤਾਂ ਨੂੰ ਚੁਣ ਕੇ ਪੰਜਾਬੀ ਵਿੱਚ ਅਨੁਵਾਦ ਕੀਤੇ ਹਨ। ਇਨ੍ਹਾਂ ਲੋਕ-ਗੀਤਾਂ ਵਿੱਚ ਲੋਰੀਆਂ (20) ਬਾਲਾਂ ਦੇ ਗੀਤ (48) ਹੁਕ ਚੀਚੀ (7) ਹਾਲੀਆਂ ਦੇ ਗੀਤ (8), ਰੁਤ ਦੇ ਗੀਤ (22) ਛਕਰੀ ਦੇ ਗੀਤ (5) ਬ੍ਰਿਹਾ ਤੇ ਬਹਾਰ ਦੇ ਗੀਤ (7) ਕੁੱਝ ਹੋਰ ਗੀਤ (5) ਵਿਵਾਹ ਦੇ ਗੀਤ (20) ਠੱਠੇ ਮਸ਼ਕਰੀਆਂ (4) ਲੱਡੀ ਸ਼ਾਹ ਦੇ ਗੀਤ (5) ਸ਼ਾਮਲ ਹਨ।

ਲੋਗ ਗੀਤਾਂ ਦੀ ਮਿਠਾਸ ਆਪਣਾ ਹੀ ਅਨੋਖਾ ਸੁਆਦ ਦੇਂਦੀ ਹੈ। ਡਾ. ਐਮ.ਐਸ. ਰੰਧਾਵਾ ਨੇ ਪੁਸਤਕ ਦੇ ਮੁੱਖਬੰਦ ਵਿੱਚ ਲਿਖਿਆ ਹੈ, "ਇਹ ਬੜੇ ਹੀ ਸਾਹਸ ਤੇ ਉਦਮ ਵਾਲਾ ਕੰਮ ਸੀ ਅਤੇ ਇਸ ਨੂੰ ਸਿਰੇ ਚਾੜ੍ਹਨ ਲਈ ਹਰਬੰਸ ਸਿੰਘ ਆਜ਼ਾਦ ਦੀ ਘਾਲਣਾ ਕਿਸੇ ਵੀ ਪ੍ਰਸ਼ੰਸਾ ਦੀ ਮੁਥਾਜ ਨਹੀਂ।

ਭਾਵੇਂ ਅਨੁਵਾਦ ਕਰਦਿਆਂ ਕਈ ਥਾਂਈ ਕੁੱਝ ਰੁਕਾਵਟਾਂ ਪੇਸ਼ ਆਈਆਂ ਹੋਣਗੀਆਂ ਜਿਨ੍ਹਾਂ ਕਰਕੇ ਕਿਤੇ ਕਿਤੇ ਗੀਤ ਦੀ ਮੂਲ ਆਤਮਾ ਪੂਰੀ ਤਰ੍ਹਾਂ ਨਿਤਰ ਕੇ ਪਾਠਕਾਂ ਦੇ ਸਾਹਮਣੇ ਨਹੀਂ ਆ ਸਕੀ। ਕੁੱਝ ਉਕਾਈਆਂ ਤੋਲ ਤੁਕਾਂਤ ਦੀਆਂ ਵੀ ਰਹਿ ਗਈਆਂ ਹਨ ਜਿਨ੍ਹਾਂ ਬਾਰੇ ਲੇਖਕ ਨੇ ਪੁਸਤਕ ਦੀ ਜਾਣ-ਪਛਾਣ ਕਰਾਂਦਿਆਂ ਆਪ ਵੀ ਜ਼ਿਕਰ ਕੀਤਾ ਹੈ। ਫ਼ਿਰ ਵੀ ਅਨੁਵਾਦ ਦੀ ਪੱਧਰ ਕਾਫ਼ੀ ਉੱਚੀ ਹੈ।" (ਪੰਨਾ: 2)

ਕਸ਼ਮੀਰੀ ਲੋਕ ਗੀਤਾਂ ਦੀ ਉਮਰ 600 ਸਾਲ ਦੀ ਹੈ, ਇਹ ਤਵਾਰੀਖ਼ ਦੀਆਂ ਪੈੜਾਂ ਆਪਣੇ ਵਿੱਚ ਸਮਾਈ ਬੈਠੀ ਹੈ। ਕਸ਼ਮੀਰੀ ਲੋਕ-ਗੀਤਾਂ ਦੇ ਅਨੁਵਾਦ ਮੌਲਕਤਾ ਦੀ ਕਸਵੱਟੀ ਤੇ ਪੂਰੇ ਉੱਤਰਦੇ ਹਨ।

ਅਨੁਵਾਦ ਦੀਆਂ ਉਦਹਰਣਾਂ

1. ਪੋ ਪੋ ਕਰਦਾ, ਮਿਸਰੀ ਚੱਬਦਾ
ਪੋ ਪੋ ਕਰਦਾ, ਸ਼ੀਗੀ ਚਬਦਾ
ਪੋ ਪੋ ਕਰਦਾ, ਹਸਦਾ ਤੁਰਦਾ
ਮੋਤੀ ਵੰਡਦਾ, ਧੁਸਾ ਵਜਦਾ, ਮੁਸ਼ਕਾ ਮਲਦਾ (ਲੋਰੀਆਂ[8] ਪੋ ਪੋ ਪੰਨਾ: 32)[8]

2. ਆਓ ਨਚੋ, ਰਾਮ ਰਾਮ।
ਪੈਲੀ ਸਿੰਜੀਏ ਪਹਿਲਗਾਮ।
ਉਥੋਂ ਆਵੀਏ ਬਥਰੀ ਪਾ,
ਜੀਣ ਮੇਰੀ ਪਿਉਂ ਮਾਂ।
ਪਤਕੁੜ ਖਾਈਏ ਸ਼ਾਦੀ ਧਾਮ,
ਆਓ ਨਚੋ, ਰਾਮ ਰਾਮ। (ਬਾਲਾਂ ਦੇ ਗੀਤ, ਪੰਨਾ: 46)[9]

3. ਰੰਗਾਂ ਦੀ ਬਸੰਤ ਰਾਣੀ
ਠੁਮਕ ਠੁਮਕ ਆਈ ਵੇ।
ਢੋਲਾਂ ਨਾ ਤੂੰ ਆਇਓਂ ਜੀਵੇ
ਦੇਰ ਕਿੱਥੇ ਲਾਈ ਵੇ। (ਬ੍ਰਿਹਾ ਤੇ ਬਹਾਰ ਦੇ ਗੀਤ, ਪੰਨਾ: 105)[10]

4. ਮਹਿੰਦੀ ਏ ਲਾਹੌਰ ਦੀ
ਭੇਜੀ ਕਿਸੇ ਡਾਲੀ
ਚਾਅਵਾਂ ਨਾਲ ਘੋਲਦੀ
ਭੈਣ ਕਰਮਾਂ ਵਾਲੀ। (ਵਿਆਹ ਦੇ ਗੀਤ, ਪੰਨਾ: 121-22)[11]

(ਸ) ਸਿਮਰਨ:- ਇਹ 181 ਪੰਨਿਆਂ ਦੀ ਪੁਸਤਕ ਜੰਮੂ ਕਸ਼ਮੀਰ ਅਕੈਡਮੀ ਨੇ 1976-77 ਵਿੱਚ ਪ੍ਰਕਾਸ਼ਿਤ ਕੀਤੀ ਹੈ। ਇਹ ਮਾਸਟਰ ਜਿੰਦ ਕੌਲ (1884-1966 ਈ.) ਦੀਆਂ ਕਸ਼ਮੀਰੀ ਕਵਿਤਾਵਾਂ ਦਾ ਸੰਗ੍ਰਹਿ ਹੈ ਜਿਸ ਨੂੰ ਛੰਦ ਬੱਧ ਪੰਜਾਬੀ ਵਿੱਚ ਹਰਬੰਸ ਸਿੰਘ ਆਜ਼ਾਦ ਨੇ ਅਨੁਵਾਦ ਕੀਤਾ ਹੈ।

ਪਹਿਲਾਂ ਆਜ਼ਾਦ ਸਾਹਿਬ ਨੇ ਮਾਸਟਰ ਜਿੰਦ ਕੌਲ ਬਾਰੇ ਉਸਦੀ ਜ਼ਿੰਦਗੀ ਅਤੇ ਕਵਿਤਾ ਬਾਰੇ ਪ੍ਰੀਚਿਤ ਕਰਾਇਆ ਹੈ। ਮਾਸਟਰ ਜੀ ਦਾ ਜਨਮ 17 ਜੁਲਾਈ 1884 ਈ. ਨੂੰ ਸ੍ਰੀਨਗਰ ਦੇ ਹੱਬਾ ਕਦਲ ਲਾਗੇ ਮੁਹਲੇ ਸ਼ੀਲਟੇਂਗ ਵਿੱਚ ਫ਼ਾਰਸੀ ਦੇ ਉੱਘੇ ਵਿਦਵਾਨ ਪੰਡਤ ਲਖਸ਼ਮਣ ਕੌਲ ਦੇ ਘਰ ਹੋਇਆ। ਛੋਟੀ ਉਮਰੇ ਹੀ ਮਾਸਟਰ ਜੀ ਕਵਿਤਾ ਲਿੱਖਣ ਲੱਗ ਪਏ ਸਨ। ਉਰਦੂ ਤੇ ਫ਼ਾਰਸੀ ਵਿੱਚ ਵੀ ਕਵਿਤਾ ਲਿੱਖੀ। ਪਰਮਾਨੰਦ ਦੀਆਂ ਕਵਿਤਾਵਾਂ ਦਾ ਅੰਗ੍ਰੇਜ਼ੀ ਵਿੱਚ ਅਨੁਵਾਦ ਕੀਤਾ। ਮਾਸਟਰ ਜੀ ਨੇ ਕਸ਼ਮੀਰ ਵਿੱਚ ਵੀ ਕਵਿਤਾ ਲਿੱਖੀ। ਉਨ੍ਹਾਂ ਦੇ 'ਸੁਮਰਨ' ਕਾਵਿ ਸੰਗ੍ਰਹਿ ਨੂੰ 1956 ਵਿੱਚ ਸਾਹਿਤ ਅਕਾਦਮੀ ਦਿੱਲੀ ਵੱਲੋਂ ਪਹਿਲਾ ਕਿਸੇ ਕਸ਼ਮੀਰੀ ਤੇ ਕਸ਼ਮੀਰੀ ਬੋਲੀ ਲਈ ਇਨਾਮ ਮਿਲਿਆ। ਇਹ ਗੌਰਵਮਈ ਬਾਤ ਹੈ ਕਿ ਮਾਸਟਰ ਜੀ ਦਾ ਨਾਂ 'Maker of Indian Literature' ਵਿੱਚ ਵੀ ਆਉਂਦਾ ਹੈ। ਮਾਸਟਰ

ਜੀ ਦਾ ਦੇਹਾਂਤ 6 ਫ਼ਰਵਰੀ 1966 ਨੂੰ ਜੰਮੂ ਸ਼ਹਿਰ ਵਿੱਚ ਹੋਇਆ।

ਮਾਸਟਰ ਜਿੰਦ ਕੌਲ ਬੜੇ ਚੇਤਨਬੁਧੀ ਦੇ ਮਾਲਕ ਸਨ ਅਤੇ ਲੋਕਾਂ ਦੀ ਪੀੜ ਨੂੰ ਨਜ਼ਦੀਕੋਂ ਹੋਕੇ ਵੇਖਿਆ। ਉਨ੍ਹਾਂ ਦੀ ਕਵਿਤਾ ਵਿੱਚ ਦਰਦ ਹੀ ਦਰਦ ਹੈ। ਕਵਿਤਾਵਾਂ ਤੁਕਾਂਤ ਮੇਲ ਦਾ ਚੰਗਾ ਮੁਜਸਮਾ ਪੇਸ਼ ਕਰਦੀਆਂ ਹਨ। ਮਾਸਟਰ ਜੀ ਨੂੰ 'ਹੂੰਝਆਂ' ਦਾ ਕਵੀ ਵੀ ਆਖਿਆ ਜਾਂਦਾ ਹੈ।

ਕਵਿਤਾ ਦੀ ਉਦਾਹਰਣ

ਮੂਲ ਕਸ਼ਮੀਰੀ ਪਾਠ:

ਯਾਰ ਥਾਵਿਨ ਯਾਮੇ ਧਾੱਵਿਨ ਕਨ ਬੁ ਛੁਸ ਆਲਵ ਦਿਵਾਨ
ਆਲ: ਵਲ ਸੀਤਿ ਮਨਸ ਕਸ ਕਾੱਸ ਛਮ ਸ਼ਾਤੀ ਯਿਵਾਨ
ਗਗਾਖ ਕਾਂਹ ਮਾਂ ਮੇਲਿ ਯੁਸ ਮਯਾਨਿਸ ਤਿ ਹਾਕਸ ਲਗਾਯ ਕਵੋਂਗ
ਪਾਪਰਯਨ ਨਜ਼ਿਦੀਕ ਯੀ ਆਸ਼ਾ ਥਾਵਿਥ ਖੂਲਮ ਯਿ ਵਾਨ।

(ਪੰਨਾ: 180)[9]

ਪੰਜਾਬੀ ਅਨੁਵਾਦ:-

ਸਜਣ ਸੁਣੇ, ਨਾ ਸੁਣੇ, ਮੈਂ ਉਸ ਨੂੰ ਬੁਲਾਉਂਦਾ ਰਹਿੰਦਾ ਹਾਂ
ਇਸ ਤਰ੍ਹਾਂ ਮੇਰੇ ਮਨ ਨੂੰ ਕੁੱਝ ਸ਼ਾਂਤੀ ਮਿਲਦੀ ਏ!
ਮੈਂ ਪਾਂਪੁਰ ਦੇ ਨੇੜੇ ਹੀ ਇਹ ਹੱਟੀ ਪਾ ਲਈ ਏ, ਇਸ ਆਸ ਨਾਲ
ਕਿ ਸ਼ਾਇਦ ਕੋਈ ਗਾਹਕ ਮਿਲ ਪਵੇ ਜੋ ਮੇਰੇ ਹਾਕ ਨੂੰ ਨਿਆਮਤ
ਸਮਝ ਲਵੇ।

(ਸ) ਕਲਾਮ- ਸ਼ੇਖ ਨੂਰਉਦੀਨ ਨੂਰਾਨੀ:- ਇਹ ਪੁਸਤਕ ਮਾਰਚ 1979 ਵਿੱਚ ਜੰਮੂ ਕਸ਼ਮੀਰ ਅਕੈਡਮੀ ਨੇ ਛਾਪੀ ਹੈ। ਇਹ 97 ਪੰਨਿਆਂ ਦੀ ਪੁਸਤਕ ਹੈ। ਅਨੁਵਾਦਕ ਨੇ ਸ਼ੇਖ ਨੂਰਉਦੀਨ ਨੂਰਾਨੀ ਦੇ 201 ਚੋਣਵੇਂ ਸਲੋਕਾਂ ਦਾ ਪੰਜਾਬੀ ਅਨੁਵਾਦ ਕੀਤਾ ਹੈ। ਅਨੁਵਾਦਕ ਨੇ ਪਹਿਲਾਂ ਨੁੰਦ ਰਿਸ਼ੀ ਦੇ ਜੀਵਨ ਅਤੇ ਰਚਨਾਂ ਬਾਰੇ ਭਾਵਪੂਰਤ ਗਲਾਂ ਕੀਤੀਆਂ ਹਨ, ਜੋ ਪੰਜਾਬੀ ਪਾਠਕਾਂ ਲਈ ਮੁੱਢਲੀ ਤੇ ਵੱਡਮੁਲੀ ਜਾਣਕਾਰੀ ਮੁਹਈਆ ਕਰਾਉਂਦੀ ਹੈ।

ਨੁੰਦ ਰਿਸ਼ੀ ਦੇ ਪੁਰਖੇ ਕਿਸ਼ਤਵਾੜ ਦੇ ਹਿੰਦੂ ਰਾਜੇ ਸਨ। ਹਾਲਤਾਂ ਨੇ ਉਨ੍ਹਾਂ ਨੂੰ ਕਸ਼ਮੀਰ ਲੈ ਆਉਂਦਾ ਜੋ ਤਿਲਸਰ (ਚਰਾਰ ਸ਼ਰੀਫ਼) ਦੇ ਪੱਕੇ ਵਾਸੀ ਹੋ ਗਏ। ਇਥੇ ਹੀ ਉਨ੍ਹਾਂ ਹਜ਼ਰਤ ਮੀਰ ਸਈਅਦ ਹਮਦਾਨੀ ਦੇ ਸੰਪਰਕ ਵਿੱਚ ਆ ਕੇ ਇਸਲਾਮ ਧਰਮ ਕਬੂਲ ਕਰ ਲਿਆ। ਨੁੰਦ ਰਿਸ਼ੀ ਦਾ ਜਨਮ ਸ਼ੇਖ ਸਲਾਰ ਅਤੇ ਮਾਂ ਸਦਰਾ ਦੀ ਕੁਖੋਂ ਵੀਰਵਾਰ, 6 ਜਮਾਦੀ ਉਲ-ਅਵਲ 779 ਹਿੱਜਰੀ (1377 ਈ.) ਨੂੰ ਹੋਇਆ। ਬਚਪਨ ਵਿੱਚ ਹੀ ਉਹ ਉਪਰਾਮ ਰਹਿਣ ਲਗਾ, ਨਾ ਕਿਸੇ ਕੰਮਕਾਜ ਵਿੱਚ ਅਤੇ ਨਾ ਸਕੂਲ ਵਿੱਚ ਦਿੱਲ ਲੱਗਾ। ਆਖ਼ਰ ਉਸ ਦੀ ਆਤਮਾ ਕਿਸੇ ਅਣਮਹਿਸੂਸੀ ਸ਼ੈ ਵੱਲ ਖਿੱਚੀ ਜਾ ਰਹੀ ਸੀ ਪਰ ਘਰ ਵਾਲਿਆਂ ਉਸ ਦਾ ਵਿਆਹ ਡਾਡਸਰ (ਤਰਾਲ) ਦੀ ਉੱਚੇ ਘਰਾਣੇ ਦੀ ਲੜਕੀ ਨਾਲ ਕਰ ਦਿੱਤਾ ਜਿਸ ਚੋਂ ਦੋ ਬੱਚੇ ਪੈਦਾ ਹੋਏ। ਪ੍ਰਿਵਾਰ ਵਿੱਚ ਰਹਿ ਕੇ ਉਹ ਅੰਸ਼ਾਤ ਰਹਿਣ ਲੱਗਾ। ਆਖ਼ਰ ਘਰ ਵਾਲੇ ਉਸ ਨੂੰ ਲੱਲਦੇਦ ਕੋਲ ਲੈ ਗਏ। ਲੱਲੀ ਮਾਂ ਨੇ ਉਸ ਨੂੰ ਜ਼ਿੰਦਗੀ ਦੇ ਕਈ ਭੇਦ ਦਸਕੇ ਕਪਾਟ ਖੋਲ ਦਿੱਤੇ। ਲੱਲੀ ਮਾਂ ਦੇ ਸੰਪਰਕ ਨਾਲ ਹੀ ਨੁੰਦ ਰਿਸ਼ੀ ਅਨੇਕਾਂ ਸੂਫ਼ੀਆਂ, ਵਿਦਾਂਤੀਆਂ, ਰਿਸ਼ੀਆਂ ਤੇ ਗਿਆਨੀਆਂ ਨਾਲ ਮਿੱਲ ਕੇ ਜੀਵਨ ਦੇ ਭੇਦਾਂ ਤੇ ਵਿਚਾਰ ਵਿਟਾਦਰਾਂ ਕਰਦਾ ਰਿਹਾ।

ਆਖ਼ਰ ਨੂੰਦ ਰਿਸ਼ੀ ਨੂੰ ਉੱਚ ਕੋਟੀ ਦੇ ਵਿਦਵਾਨ ਤੇ ਚਿੰਤਕ ਸਮਨਾਨੀ ਦੇ ਸਪੁਰਦ ਕੀਤਾ ਗਿਆ। ਜਿਸ ਨੇ ਸ਼ਰ੍ਹਾ ਤੇ ਸੁਨੰਤ ਦੀਆਂ ਬਾਰੀਕੀਆਂ ਰਾਹੀਂ ਉਸ ਨੂੰ ਆਪਣੇ ਰੰਗ ਵਿੱਚ ਰੰਗ ਲਿਆ। ਕਸ਼ਮੀਰ ਵਿੱਚ ਇਸਲਾਮ ਦਾ ਪ੍ਰਚਾਰਕ ਥਾਪ ਦਿੱਤਾ। ਉਸ ਨੇ ਸੰਸਾਰਕ ਮੋਹ ਆਦਿ ਛੱਡ ਕੇ 'ਕੈਮੂੰ ਦੀ ਗੁਫ਼ਾ' ਵਿੱਚ ਬਾਰਾਂ ਸਾਲ ਰੱਬ ਦੀ ਯਾਦ ਵਿੱਚ ਕਠਨ ਤੱਪ ਕੀਤਾ। ਕੇਵਲ ਹੰਦ ਤੇ ਹਾਕ ਤੇ ਹੀ ਨਿਰਭਰ ਰਿਹਾ। ਬਾਬਾ ਨਸਰ ਆਪ ਦਾ ਸੱਚਾ ਪ੍ਰੇਮੀ ਸੇਵਕ ਉਘਾ ਜਾਨਸ਼ੀਨ ਹੋਇਆ ਹੈ।

ਨੂੰਦ ਰਿਸ਼ੀ ਨੇ ਇਸਲਾਮ ਦੇ ਪ੍ਰਚਾਰ ਦੇ ਨਾਲ ਨਾਲ, ਲੋਕਾਂ ਵਿੱਚ ਜੋ ਪ੍ਰਚਾਰ ਕੀਤਾ, ਉਹ ਸੀ ਨਫ਼ਸ ਤੇ ਕਾਬੂ ਪਾਉ, ਅੰਦਰ ਦੀ ਮੈਲ ਧੋਉ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਤਿਆਗੋ, ਰੱਬ ਨੂੰ ਚੇਤੇ ਰਖੋ, ਕੁੱਝ ਅਗਲੇ ਜਹਾਨ ਲਈ ਕਮਾਈ ਕਰੋ, ਕੁਰਾਨ ਪੜ੍ਹੋ ਤੇ ਹਜ਼ਰਤ ਮੁਹੰਮਦ ਦੇ ਰਾਹ ਤੇ ਚਲੋ। ਆਖ਼ਰ ਨੂੰਦ ਰਿਸ਼ੀ 63 ਸਾਲ ਦੀ ਉਮਰ ਭੋਗ ਕੇ ਸੋਮਵਾਰ 1838 ਈ. ਨੂੰ ਦਛਹਾਰ (ਚਰਾਰ) ਵਿੱਚ ਸਪੁਰਦ ਖ਼ਾਕ ਕੀਤੇ ਗਏ। ਉਨ੍ਹਾਂ ਦੇ ਕਲਾਮ ਤੇ ਸੰਸਕ੍ਰਿਤ ਭਾਸ਼ਾ ਦਾ ਕਾਫ਼ੀ ਅਸਰ ਹੈ। ਨੂੰਦ ਰਿਸ਼ੀ ਦੇ ਸੈਂਕੜੇ ਸਲੋਕਾਂ ਵਿੱਚੋਂ ਅਨੁਵਾਦਕ ਨੇ ਕੇਵਲ 201 ਸਲੋਕਾਂ ਨੂੰ ਪੰਜਾਬੀ ਰੂਪ ਦਿਤਾ ਹੈ। ਜੇਕਰ ਅਨੁਵਾਦ ਦੇ ਮੂਲ ਕਸ਼ਮੀਰੀ ਪਾਠ ਨਾਲ-ਨਾਲ ਦਿੱਤਾ ਹੁੰਦਾ ਤਾਂ ਗਲ ਹੋਰ ਵੀ ਵਜ਼ਨਦਾਰ ਬਣਨੀ ਸੀ।

ਸਲੋਕਾਂ ਦੀਆਂ ਉਦਾਹਰਣਾ:-

(i) ਹਰ ਦਿਸ਼ਾ ਵਿੱਚ, ਹਰ ਮੁਕਾਮ ਤੇ
ਹੈ ਹਰ ਕੋਈ ਤੈਨੂੰ ਹੀ ਸਿਮਰਦਾ,
ਸ਼ਿਸ਼ ਹਾਂ ਤੇਰਾ, ਸਹਾਈ ਹੋ ਮੇਰਾ
ਤੈਨੂੰ ਪਲ ਪਲ ਯਾਦ ਹਾਂ ਕਰਦਾ। (ਸਲੋਕ 23)[10]

(ii) ਉਸ ਪੈਗੰਬਰ ਤੋਂ ਜਾਈਏ ਬਲਿਹਾਰ,
ਜਿਸ ਦੀ ਵਰਤਦੀ ਮਿਹਰ ਅਪਾਰ,
ਕਿਆਸ ਵੇਲੇ ਜਾ ਦੇਵਸਨ ਹਾਕ,
ਹੋਸੀ ਉਸੇ ਤੇ ਨਜ਼ਰ ਬੇਸ਼ੁਮਾਰ।[11] (ਸਲੋਕ: 35)

(iii) ਬੁਲਬੁਲ ਫੁਲਵਾੜੀ ਭਾਲਦੀ ਏ
ਤੇ ਉੱਲੂ ਉਜੜੀ ਝੁੱਗੀ ਥਾਂ,
ਸ਼ੀਂਹ, ਗਿੱਦੜ ਵਰਾਨੇ ਭਾਲਦੇ ਨੇ
ਤੇ ਖੋਤਾ ਲਿਦ ਗੋਹਾ ਕੂੜਾ।[12] (ਸਲੋਕ: 173)

(ਹ) ਲੱਲੀ-ਮਾਂ:- ਇਹ ਪੁਸਤਕ ਵੀ ਜੰਮੂ ਕਸ਼ਮੀਰ ਅਕੈਡਮੀ ਨੇ 1981-82 ਵਿੱਚ ਛਾਪੀ ਹੈ। ਅਨੁਵਾਦਕ ਨੇ ਲੱਲੀ ਮਾਂ ਦੇ ਜੀਵਨੀ ਬਾਰੇ ਤਫਸੀਲੀ-ਚਾਨਣਾ ਪਾਇਆ ਹੈ ਅਤੇ ਸੈਂਕੜੇ ਵਾਕਾਂ ਵਿੱਚੋਂ ਕੇਵਲ 182 ਵਾਕਾਂ ਦਾ ਅਨੁਵਾਦ ਸਰਲ, ਰੋਚਕ ਅਤੇ ਖ਼ੂਬਸੂਰਤ ਪੰਜਾਬੀ ਵਿੱਚ ਕੀਤਾ ਹੈ। ਵਾਕਾਂ ਤੋਂ ਪਹਿਲਾਂ ਅਨੁਵਾਦਕ ਨੇ ਛੋਟੇ-ਛੋਟੇ ਲੇਖ ਦਿੱਤੇ ਹਨ ਜਿਵੇਂ ਲੱਲੀ ਮਾਂ, ਲੱਲੀ ਮਾਂ ਦੇ ਵਾਕ, ਲੱਲੀ ਮਾਂ ਨੇ ਕਿਹਾ, ਲੱਲੀ ਮਾਂ ਤੇ ਸ਼ਿਵ ਸਿਧਾਂਤ, ਲੱਲੀ ਤੇ ਭਗਤੀ ਲਹਿਰ, ਕਸ਼ਮੀਰੀ ਬੋਲੀ ਨੂੰ ਦੇਣ। ਪੰਨਾ 45 ਤੋਂ 173 ਤੱਕ ਲੱਲੀ ਮਾਂ ਦੇ ਵਾਕ ਦਰਜ ਕੀਤੇ ਗਏ ਹਨ। ਲੱਲੀ ਮਾਂ ਸਾਈ ਰਤੀ, ਰੱਬ ਦੀ ਜੋਤ ਵਿੱਚ ਇੱਕ ਮਿਕ ਹੋਈ, ਸ਼ਿਵ

ਯੋਗਨੀ ਨੇ ਕਸ਼ਮੀਰੀਆਂ ਦੇ ਮਨ ਤੇ ਆਪਣੇ ਵਿਚਾਰਾਂ ਤੇ ਵਾਕਾਂ ਰਾਹੀ ਸੱਚ ਦੀ ਭਾਲ ਲਈ ਜਾਦੂਮਈ ਅਸਰ ਕੀਤਾ ਹੈ। ਉਸ ਦੇ ਜਨਮ ਬਾਰੇ ਤਵਾਰੀਖਦਾਨਾਂ ਦੇ ਵੱਖ-ਵੱਖ ਵਿਚਾਰ ਹਨ। ਬਹੁਤਿਆਂ ਨੇ ਜਨਮ ਵਰ੍ਹਾ 1322-39 ਈ. ਵਿੱਚਕਾਰ ਲਿਖਿਆ। ਜਦਕਿ ਕਈਆਂ ਵਰ੍ਹਾ 1317-20 ਈ. ਵਿੱਚਕਾਰ ਦਸਦੇ ਹਨ। ਉਸ ਦੇ ਜਨਮ ਪਿੰਡ ਵੀ ਕਈ ਪਾਂਡਰੇਥਨ ਅਤੇ ਕਈ ਸੇਮਪੁਰਾ (ਪਾਂਪੁਰ) ਲਿੱਖਦੇ ਹਨ। ਹੁਣ ਸਾਰੇ ਸੇਮਪੁਰਾ ਹੀ ਮੰਨਦੇ ਹਨ। ਲੱਲੀ ਇਕ ਬ੍ਰਾਹਮਣ ਘਰਾਣੇ ਦੀ ਜੰਮਪਲ ਸੀ। ਲੱਲੀ ਨਾਲ ਕਈ ਕਰਾਮਾਤਾਂ ਵੀ ਜੁੜੀਆਂ ਦੱਸੀਆਂ ਜਾਂਦੀਆਂ ਹਨ।

'ਲੱਲੀ ਮਾਂ ਦੇ ਵਾਕ' ਦੇ ਅਧਿਆਇ ਵਿੱਚ ਅਨੁਵਾਦਕ ਨੇ 'ਵਾਕਾਂ' ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਅਨੁਵਾਦਕ ਲਿਖਦਾ ਹੈ। "ਲੱਲੀ ਦੇ ਵਾਕਾਂ ਦੀ ਬਣਤਰ ਆਮ ਕਰਕੇ ਢਿੱਲੀ ਹੀ ਹੈ। ਤੁਕਾਂਤ ਮੇਲ ਦਾ ਵੀ ਲਗਭਗ ਇਹੋ ਹਾਲ ਹੈ, ਵਜ਼ਨ ਤੇ ਮੀਟਰ ਦਾ ਵੀ। ਦਰਅਸਲ ਲੱਲੀ ਦੇ ਮੁੱਖ ਤੋਂ ਨਿੱਕਲੇ ਸ਼ਬਦ ਹੀ ਵਾਕਾਂ ਦਾ ਰੂਪ ਧਾਰਣ ਕਰਦੇ ਰਹੇ। ...ਉਸਦੇ ਵਾਕ ਚਾਰ ਪੰਗਤੀਆਂ ਵਾਲੇ ਹਨ। ਹਰ ਪੰਗਤੀ ਬਾਹਲਾ ਕਰ ਕੇ ਆਪਣਾ ਭਾਵ ਪੂਰਨ ਤੌਰ ਤੇ ਪ੍ਰਗਟ ਕਰਦੀ ਹੈ। (ਪੰਨਾ 21)

ਅਨੁਵਾਦਕ ਪ੍ਰੋ: ਕੌਲ ਦਾ ਹਵਾਲਾ ਦੇ ਕੇ ਲਿੱਖਦਾ ਹੈ ਕਿ, "ਲੱਲ ਦਯਦ ਦੇ ਵਾਕ ਸੂਖਮ, ਡੂੰਘੇ ਤੇ ਭਾਵਪੂਰਤ ਖਿਆਲਾ ਨਾਲ ਭਰੇ ਪਏ ਹਨ। ਇਨ੍ਹਾਂ ਵਿੱਚ ਵੀ ਕੋਈ ਸੰਗੀਤਕ ਗੁਣ ਨਹੀਂ। ਇਹ ਤਾਂ ਸਾਨੂੰ ਅੰਦਰ ਵਲ ਝਾਕਣ ਲਈ ਪ੍ਰੇਰਦੇ ਹਨ ਸੋਚਣ ਤੇ ਇਨ੍ਹਾਂ ਤੇ ਵਿਚਾਰ ਕਰਨ ਲਈ ਟੁੰਬਦੇ ਹਨ। ਇਸ ਸਚਾਈ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਕੋਈ ਕੋਈ ਵਾਕ ਤਾਂ ਸਾਨੂੰ ਹੁਲਾਰੇ ਦੇਂਦਾ ਹੈ। (ਪੰਨਾ: 22)

ਅਨੁਵਾਦਕ ਸਾਫ਼ ਲਿੱਖਦਾ ਹੈ ਕਿ ਲੱਲੀ ਮਾਂ ਨੇ ਸ਼ਿਵ ਸਿਧਾਂਤ, ਭਗਤੀ ਲਹਿਰ, ਬੁਧਮਤ ਦਾ ਅਸਰ ਵੀ ਕਬੂਲ ਕੀਤਾ ਹੈ। ਆਜ਼ਾਦ ਸਾਹਿਬ ਨੇ ਪਹਿਲਾਂ ਮੂਲ ਕਸ਼ਮੀਰੀ ਪਾਠ ਨੂੰ ਪੰਜਾਬੀ ਲਿੱਪੀ ਵਿੱਚ ਦਿੱਤਾ ਹੈ ਅਤੇ ਔਖੇ ਸ਼ਬਦਾਂ ਦੇ ਅਰਥ ਵੀ ਦਿੱਤੇ ਹਨ ਅਤੇ ਫ਼ਿਰ ਪੰਜਾਬੀ ਅਨੁਵਾਦ ਕੀਤਾ ਹੈ।

ਮੂਲ ਕਸ਼ਮੀਰੀ ਪਾਠ

ਗਵੱਰਸ ਪੁਰਛਾਮ ਸਾਸਿ ਲਟੇ
ਯਸ ਨੇ ਕੇਂਹ ਵਨਾਣ ਤਸ ਕਯਾ ਨਾਵ
ਪੁਰਛਾਣ ਪੁਰਛਾਣ ਥੱਚਿਸ ਤੇ ਲੂਸਸ
ਕੇਂਹ ਨਸ ਨਿਸ਼ਿ ਦਯਾ ਤਾਮ ਦਰਾਵ[13]

ਪੰਜਾਬੀ ਅਨੁਵਾਦ

ਮੈਂ ਗੁਰੂ ਨੂੰ ਪੁਛਿਆ ਹਜ਼ਾਰ ਵਾਰ,
ਜਿਸ ਦਾ ਮੁਹਾਂਝ ਹੈ ਬਿਆਨ, ਹੀ ਉਸ ਦਾ ਨਾਂ।
ਮੈਂ ਤਾਂ ਪੁੱਛ ਪੁੱਛ, ਥਕ ਥਕ ਹਾਰੀ,
ਕੁੱਝ ਤਾਂ ਹੈ ਜੋ ਇਸ ਸਭ ਕੁੱਝ ਦਾ ਸੋਮਾਂ

(ਕ) ਤਿੰਨ ਕਸ਼ਮੀਰੀ ਕਵਿਤ੍ਰੀਆਂ:- ਇਹ 92 ਪੰਨਿਆਂ ਦੀ ਪੁਸਤਕ ਜੰਮੂ ਕਸ਼ਮੀਰ ਅਕੈਡਮੀ ਨੇ ਮਾਰਚ 1994 ਵਿੱਚ ਛਾਪੀ ਹੈ। ਇਸ ਪੁਸਤਕ ਵਿੱਚ ਤਿੰਨ ਕਸ਼ਮੀਰੀ ਕਵਿਤ੍ਰੀਆਂ ਲੱਲ ਦੇਦ, ਹੱਬਾ ਖਾਤੂਨ ਤੇ ਅਰਨੀਮਾਲ ਦੇ ਜੀਵਨ ਅਤੇ ਕਵਿਤਾ ਬਾਰੇ ਹਰਬੰਸ ਸਿੰਘ ਆਜ਼ਾਦ ਨੇ ਵਿਸਥਾਰ ਨਾਲ ਚਾਨਣਾ ਪਾਇਆ ਹੈ।

* ਲੱਲੀ ਮਾਂ:- ਕਸ਼ਮੀਰ ਵਿੱਚ ਲੱਲ ਦਯਦ ਨੂੰ ਲੋਕੀਂ ਕਈ ਨਾਵਾਂ ਨਾਲ ਯਾਦ ਕਰਦੇ ਹਨ ਜਿਵੇਂ ਲੱਲੀ ਮਾਂ, ਲੱਲ ਆਰਫ਼ਾ, ਲਲੇਸ਼ਵਰੀ, ਲੱਲ ਯੋਗੇਸ਼ਵਰੀ, ਲੱਲੀ ਆਦਿ। 'ਲੱਲੀ-ਮਾਂ' ਬਾਰੇ ਪਹਿਲਾਂ ਵਿਸਥਾਰ ਨਾਲ ਜ਼ਿਕਰ ਆ ਚੁੱਕ ਹੈ।

ਚੋਣਵੇਂ ਵਾਕ ਦਾ ਨਮੂਨਾ

ਵੇਖੀ ਗਰਕ ਹੁੰਦੀ ਤਿੰਨ ਵੇਰ ਇਕ ਝੀਲ,
ਵੇਖੀ ਤਿੰਨ ਵੇਰ ਮਿਲੀ ਇਹ ਅਕਾਸ਼ ਨਾਲ,
ਡਿੱਠਾ ਹਰਮੁਖ ਤੋਂ ਕੌਸਰ ਨਾਗ ਤਕ ਇਸ ਤੇ ਇਕ ਪੁਲ
ਡਿੱਠੀ ਸਤ ਵਾਰ ਹੁੰਦੀ ਛਾਂਈ ਮਾਂਈ ਵਿੱਚ ਪੁਲਾੜ।[14]

* ਹੱਬਾ ਖਾਤੂਨ:- ਇਸ ਕਵਿਤਰੀ ਦਾ ਜਨਮ ਪਿੰਡ ਚੰਦਹਾਰ (ਪਾਂਪੁਰ) ਵਿੱਚ 1551 ਈ. ਵਿੱਚ ਹੋਇਆ। ਇਸ ਕਵਿਤਰੀ ਨੇ ਮੁਲਾਂ ਤੋਂ ਬਚਪਨ ਵਿੱਚ ਕੁਰਾਨ ਸ਼ਰੀਫ ਪੜ੍ਹੀ ਅਤੇ ਅਰਬੀ ਤੇ ਫ਼ਾਰਸੀ ਜ਼ੁਬਾਨਾਂ ਵੀ ਸਿੱਖ ਲਈਆਂ। ਸ਼ਿਅਰ ਲਿੱਖਣ ਦੇ ਨਾਲ ਨਾਲ ਇਸ ਦੀ ਆਵਾਜ਼ ਬਹੁਤ ਮਿੱਠੀ ਸੀ ਅਤੇ ਗਾਉਂਦੀ ਰਹਿੰਦੀ ਸੀ। ਮਾਂ ਪਿਉਂ ਨੇ ਇਸਦਾ ਵਿਵਾਹ ਅਜ਼ੀਜ ਲੋਨ ਨਾਂ ਦੇ ਮੁੰਡੇ ਨਾਲ ਕਰ ਦਿੱਤਾ ਪਰ ਸਹੁਰੇ ਘਰ ਉਸ ਨੂੰ ਚੈਨ ਨਾ ਮਿਲਿਆ। ਆਖ਼ਰ ਸ਼ਾਹਜ਼ਾਦਾ ਯੂਸਫ਼ਸ਼ਾਹ ਚੱਕ ਉਸ ਦੀ ਖ਼ੂਬਸੂਰਤੀ ਅਤੇ ਆਵਾਜ਼ ਤੇ ਮੰਤਰ-ਮੁਗਦ ਹੋ ਗਿਆ ਅਤੇ ਉਸਨੂੰ ਆਪਣੀ ਬੇਗਮ ਬਣਾ ਦਿੱਤਾ। ਅਜ਼ੀਜ ਲੋਨ ਨੂੰ ਸ਼ਾਹ ਨੇ ਪੰਜ ਹਜ਼ਾਰ ਮੁਹਰਾਂ ਦੇ ਕੇ ਤਲਾਕ ਲੈ ਲਿਆ। ਤਵਾਰੀਖ਼ਦਾਨ ਲਿਖਦੇ ਹਨ ਕਿ ਹੱਬਾ ਖਾਤੂਨ ਅਤੇ ਨੂਰਜਹਾਂ (ਜਹਾਂਗੀਰ ਦੀ ਬੇਗਮ) ਵਿੱਚ ਕਈ ਗਲਾਂ ਰਲਦੀਆਂ ਮਿਲਦੀਆਂ ਸਨ। ਹੱਬਾ ਖਾਤੂਨ ਯੂਸਫ਼ ਸ਼ਾਹ ਚੱਕ (ਪਤੀ) ਦੇ ਵਿਛੋੜੇ ਕਾਰਨ, ਕਈ ਵਰ੍ਹੇ ਭਟਕਦੀ ਫਿਰਦੀ ਰਹੀ ਅਤੇ ਅਖ਼ੀਰ 1604-05 ਈ. ਵਿੱਚ ਸੰਸਾਰ ਤੋਂ ਤੁਰ ਗਈ। ਹੱਬਾ ਖਾਤੂਨ ਤਕਰੀਬਨ 20 ਵਰ੍ਹੇ ਪੱਤੀ ਦੇ ਵਿਛੋੜੇ ਕਾਰਨ ਵਿਰਲਾਪ ਕਰਦੀ ਰਹੀ। ਅਜ ਵੀ ਬਸੋਕ (ਇਸਲਾਮਾਬਾਦ) ਵਿੱਚ ਯੂਸਫ ਸ਼ਾਹ ਚੱਕ ਦੇ ਨਾਲ ਹੱਬਾ ਦੀ ਕਬਰ ਮੌਜੂਦ ਹੈ।

ਅਨੁਵਾਦਕ ਨੇ ਹੱਬਾ ਖਾਤੂਨ ਦੀ ਕਵਿਤਾ ਨੂੰ ਚਾਰ ਕਾਲਾਂ ਵਿੱਚ ਵੰਡਿਆ ਹੈ।

ਕਵਿਤਾ ਦਾ ਨਮੂਨਾ

ਬੁਲਬਲ ਡਾਲ ਤੇ ਆ ਬੈਠੀ,
ਸੋਹਣੀ ਨੇ ਮੇਰਾ ਮਨ ਮੋਹ ਲਿਆ,
ਤੇ ਮੇਰੀ ਨੀਂਦਰ ਲੁਟ ਲਈ,
ਮੇਰੀ ਸੁਧਬੁਧ ਜਾਂਦੀ ਰਹੀ।
ਦਿਂਹੁ ਰਾਤ ਉਸ ਦੀ ਉਡੀਕ ਵਿੱਚ ਹਾਂ
ਸੋਹਣੀ ਨੇ ਮੇਰਾ ਮਨ ਮੋਹ ਲਿਆ।[15]

ਅਰਿਨਮਾਲ:- ਇਸ ਪ੍ਰਸਿੱਧ ਕਵਿਤਰੀ ਦਾ ਜਨਮ ਪਿੰਡ ਪਲਹਾਲਨ (ਸੋਨਵਾਰੀ) ਵਿੱਚ ਹੋਇਆ ਜੋ ਸ੍ਰੀਨਗਰ-ਬਾਰਾਮੂਲਾ ਮਾਰਗ ਤੇ ਆਉਂਦਾ ਹੈ। ਅਰਿਨਮਾਲ ਬ੍ਰਾਹਮਣ ਪ੍ਰਵਾਰ ਦੀ ਜੰਮਪਲ ਸੀ ਜਿਸ ਦਾ ਵਿਆਹ ਛੋਟੀ ਉਮਰੇ ਪੰਡਤ ਭਵਾਨੀ ਦਾਸ ਕਾਚਰੂ, ਸ੍ਰੀਨਗਰ ਨਾਲ ਹੋਇਆ ਜੋ ਉੱਚ ਕੋਟੀ ਦਾ ਵਿਦਵਾਨ ਕਵੀ ਸੀ। ਆਪਣੀ ਨਵ-ਵਿਆਹੀ ਅਰਨਿਮਾਲ ਤੋਂ ਉਸ ਨੇ ਮੁੱਖ ਮੋੜ ਲਿਆ ਅਤੇ ਸੰਗਤ ਮਾਣਨੀ ਵੀ ਚੰਗਾ ਨਾ ਸਮਝਿਆ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਭਵਾਨੀ ਦਾਸ ਪਰਾਈਆਂ ਇਸਤਰੀਆਂ ਦੀ

ਸੰਗਤ ਮਾਣਨ ਲੱਗ ਪਿਆ ਸੀ। ਅਰਿਨਮਾਲ ਦੇ ਦਿੱਲ 'ਚ ਕਰੁਣਾ ਫੁੱਟ ਨਿੱਕਲੀ ਤੇ ਬ੍ਰਿਹਾਂ ਦੇ ਗੀਤਾਂ ਦੀ ਆਬਸ਼ਾਰ ਆਪ-ਮੁਹਾਰੇ ਤੁਰ ਪਈ। ਕਸ਼ਮੀਰੀ ਵਿੱਚ ਅਰਿਨਮਾਲ ਦਾ ਭਾਵ ਹੈ 'ਜੰਗਲੀ ਗੁਲਾਬਾਂ ਦੀ ਮਾਲਾ' ਉਸ ਦਾ ਦੇਹਾਂਤ 1800 ਈ. ਨੂੰ ਹੋਇਆ। ਉਸ ਦੇ ਗੀਤ ਸਧਾਰਣ, ਸਿੱਧੇ ਅਤੇ ਜੰਗਲੀ ਗੁਲਾਬ ਦੀਆਂ ਪਤੀਆਂ ਵਾਂਗ ਕੋਮਲ ਹਨ।

ਕਵਿਤਾ ਦਾ ਨਮੂਨਾ

ਉਹ ਸਾਰੀ ਰਾਤ ਮੇਰੇ ਕੋਲ ਕੋਲ ਰਿਹਾ,
ਜਿਵੇਂ ਫੁੱਲਾਂ ਤੇ ਤਰੇਲ ਹੁੰਦੀ ਏ,
ਦਿਹੁੰ ਚੜ੍ਹਦੇ ਹੀ ਉਹ ਛਾਂਈ-ਮਾਈ ਹੋ ਗਿਆ,
ਮੈਂ ਤੁਲਸੀ-ਕਿਆਰੀ ਹੰਝੂਆਂ ਨਾਲ ਸਿੰਝ ਲਈ।
ਉਹ ਮਨ-ਮੌਜੀ ਕਿਉਂ ਲੁਛਦੀ ਨੂੰ ਛੱਡ ਤੁਰਿਆ,
ਵਾਸਤਾ ਪਾਉ ਸੂ, ਮੇਰੀ ਚੰਪਾ ਦੇਹ ਨੂੰ ਆ ਮਾਣੇ।[16]

ਅਨੁਵਾਦਕ ਨੇ ਭਾਈ ਵੀਰ ਸਿੰਘ ਜੀ ਦੀ ਪ੍ਰਸਿੱਧ ਕਾਵਿ ਸੰਗ੍ਰਹਿ 'ਮਟਕ-ਹੁਲਾਰੇ' ਦਾ 1975 ਵਿੱਚ ਪੰਜਾਬੀ ਤੋਂ ਕਸ਼ਮੀਰੀ ਵਿੱਚ ਅਨੁਵਾਦ ਕਰ ਕੇ ਛਾਪਿਆ। ਪਹਿਲੀ ਵੇਰ ਕਸ਼ਮੀਰੀ ਲੋਕਾਂ ਨੇ ਪੰਜਾਬੀ ਕਵਿਤਾ ਦਾ ਆਨੰਦ ਮਾਣਿਆ।

ਸੰਪਾਦਨਾ:- ਹਰਬੰਸ ਸਿੰਘ ਆਜ਼ਾਦ ਜੀ ਨੇ 'ਸੰਪਾਦਨਾ' ਦੇ ਖੇਤਰ ਵਿੱਚ ਵੀ ਪ੍ਰਸ਼ੰਸਾ ਯੋਗ ਕੰਮ ਕੀਤਾ ਜਦੋਂ ਆਪ ਜੀ ਨੇ 'ਕਸ਼ਮੀਰ ਪੰਜਾਬੀ ਕਵੀਆਂ ਦੀ ਨਜ਼ਰ ਵਿੱਚ' ਪੁਸਤਕ ਦਾ ਸੰਪਾਦਨ ਕੀਤਾ। 148 ਪੰਨਿਆਂ ਦੀ ਪੁਸਤਕ 1967-68 ਵਿੱਚ ਲਲਿਤਕਲਾ, ਸੰਸਕ੍ਰਿਤੀ ਤੇ ਸਾਹਿਤ ਅਕਾਦਮੀ, ਜੰਮੂ ਨੇ ਪ੍ਰਕਾਸ਼ਿਤ ਕੀਤੀ ਹੈ। ਇਸ ਪੁਸਤਕ ਵਿੱਚ ਕਸ਼ਮੀਰ ਬਾਰੇ ਪ੍ਰਸਿੱਧ ਕਵੀਆਂ ਦੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਵੇਂ ਭਾਈ ਵੀਰ ਸਿੰਘ ਦੀਆਂ ਨੌਂ ਕਵਿਤਾਵਾਂ, ਲਾਲਾ ਧਨੀ ਰਾਮ ਚਾਤ੍ਰਿਕ (6), ਪ੍ਰੋ. ਮੋਹਨ ਸਿੰਘ (2), ਦਰਸ਼ਨ ਸਿੰਘ ਅਵਾਰਾ ਅਤੇ ਬਲਬੀਰ ਸਿੰਘ ਦਿਲ ਦੀਆਂ ਤਿੰਨ ਤਿੰਨ ਕਵਿਤਾਵਾਂ, ਜਸਵੰਤ ਸਿੰਘ ਰਾਹੀ, ਅਵਤਾਰ ਸਿੰਘ ਆਜ਼ਾਦ, ਕਰਤਾਰ ਸਿੰਘ ਬਲਗਣ ਤੇ ਸ਼ਿਵ ਕੁਮਾਰ ਬਟਾਲਵੀ ਦੀ ਇੱਕ ਕਵਿਤਾ ਪਿਆਰਾ ਸਿੰਘ ਸਹਿਰਾਈ ਦੀਆਂ ਚਾਰ, ਮੋਹਨ ਸਿੰਘ ਸੇਠੀ ਦੀ ਇੱਕ, ਉਜਾਗਰ ਸਿੰਘ ਮਹਿਕ ਦੀਆਂ ਛੇ, ਕਰਤਾਰ ਸਿੰਘ ਕੋਮਲ ਦੀਆਂ ਤਿੰਨ, ਹਰਬੰਸ ਸਿੰਘ ਆਜ਼ਾਦ ਦੀ ਇੱਕ ਅਤੇ ਗੁਲਾਮ ਮੁਹੰਮਦ ਖਾਦਮ ਦੀਆਂ ਦੋ ਕਵਿਤਾਵਾਂ ਸ਼ਾਮਲ ਹਨ। ਪੁਸਤਕ ਦੇ ਅਖੀਰ ਤੇ ਕਵੀਆਂ ਬਾਰੇ ਜਾਣਕਾਰੀ ਮੁਹੀਆਂ ਕਰਾਈ ਗਈ ਹੈ।

ਸੰਪਾਦਕ ਦਾ ਕੰਮ, ਚੋਣਵੇਂ ਸੁਆਦ ਨੂੰ ਚੰਗੇ ਤਰੀਕੇ ਨਾਲ ਪਾਠਕਾਂ ਦੇ ਸਨਮੁੱਖ ਪੇਸ਼ ਕਰਨਾ ਹੁੰਦਾ ਹੈ ਅਤੇ ਸ਼ਾਮਲ ਕੀਤੀਆਂ ਰਚਨਾਵਾਂ ਦੀ ਅਹਿਮੀਅਤ ਤੇ ਸਾਹਿਤਕ ਵਿਧੀ ਦਾ ਪਾਠਕਾਂ ਨੂੰ ਜਾਣਕਾਰੀ ਦੇਣੀ ਉਚਿੱਤ ਬਣਦੀ ਹੈ। ਸੰਪਾਦਕ ਨੇ ਬੜੀ ਖੂਬਸੂਰਤੀ ਨਾਲ ਕਸ਼ਮੀਰ ਬਾਰੇ ਕਵਿਤਾਵਾਂ ਨੂੰ ਇੱਕ ਥਾਂ ਇਕੱਠਾ ਕਰਕੇ ਵੰਨ ਸੁਵੰਨੇ ਫੁਲਾਂ ਦਾ ਗੁਲਦੱਸਤਾ ਪੇਸ਼ ਕੀਤਾ ਹੈ ਜੋ ਪ੍ਰਸ਼ੰਸਾ ਯੋਗ ਕਾਰਜ ਹੈ।

ਕਵਿਤਾਵਾਂ ਦੀ ਉਦਾਹਰਣ

- ਧਰਮਸਾਲ ਛੇ ਬਾਰਾਂ ਦਰੀਆਂ
  ਬੜਾ ਵਿਸ਼ਾਲ ਫਬਾਇਆ,
  ਜਿਸ 'ਤੇ ਬੈਠ 'ਬ੍ਰਹਮ' ਦਾ ਮੁਧਾ

ਸਤਿਗੁਰ ਕੋਲ ਖਿੜਾਇਆ।
'ਨਾਨਕ ਛੂਹ' ਦਾ ਸੰਗ ਅਜੇ ਤਕ
ਬਗਦਾਦ ਸਾਂਭ ਕੇ ਰਖਿਆ,
ਨਾਨਕ ਛੂਹ ਦਾ ਬੜਾ ਬੰਗਲਾ
ਕਸ਼ਮੀਰ ਨੇ ਭੰਨ ਗਵਾਇਆ।[17]
(ਚਸ਼ਮਾ ਮਟਨ ਸਾਹਿਬ, ਭਾਈ ਵੀਰ ਸਿੰਘ), (ਪੰਨਾ: 20)

- ਸੁਰਗੀ ਰੁੱਖ, ਬਜ਼ੁਰਗ ਚਿਨਾਰਾ। ਰੂਪ ਜਲਾਲੀ ਪਾਇਆ,
  ਕੂਲੇ ਕੂਲੇ ਪੱਤਰ ਤੇਰੇ, ਠੰਢੀ ਸੰਘਣੀ ਛਾਇਆ।
  ਕੱਦ ਉਚੇਰਾ, ਮੁੱਢ ਮੁਟੇਰਾ, ਲੰਬਾ ਚੌੜਾ ਘੇਰਾ,
  ਪਿੱਪਲ ਤੇਰਾ ਪਾਣੀ ਭਰਦਾ, ਬੋਹੜ ਨੂੰ ਸੁਰਮਾਇਆ।[18]
  (ਚਿਨਾਰ ਦਾ ਰੂਪ, ਲਾਲਾ ਧਨੀ ਰਾਮ ਚਾਤ੍ਰਿਕ, ਪੰਨਾ: 26)
- ਪਹਿਲਗਾਮ ਦੀ ਸੁੰਦਰ ਵਾਦੀ
  ਚੀਲਾਂ ਨਾਲ ਸ਼ਿੰਗਾਰੀ
  ਦੋ ਨਦੀਆਂ ਰਲ ਵਗਦੀਆਂ ਜਿੱਥੇ
  ਇੱਕ ਸੋਹਣੀ ਇੱਕ ਪਿਆਰੀ।[19]
  (ਕਸ਼ਮੀਰ, ਪ੍ਰੋ. ਮੋਹਨ ਸਿੰਘ, ਪੰਨਾ: 37)
- ਇਹ ਹੁਸਣ ਤੇ ਇਹ ਮੰਦਹਾਲੀ,
  ਹਾਏ! ਸੁਵਰਗਾਂ ਵਿੱਚ ਕੰਗਾਲੀ
  ਇਹ ਭੇਤ ਹੈ ਸਮਝੋ ਉੱਚਾ
  ਕੋਈ ਵੱਲ ਹੋਸੀ ਇਸ ਗੱਲ ਵਿੱਚ,
  ਨਿੱਤ ਹੁਸਨ ਲਵੇ ਅੰਗੜਾਈਆਂ
  ਕਸ਼ਮੀਰ ਤੇਰੇ ਡਲ ਵਿੱਚ।[20]
  (ਨਿਤ ਹੁਸਨ ਲਵੇ ਅੰਗੜਾਈਆਂ, ਦਰਸ਼ਨ ਸਿੰਘ ਆਵਾਰਾ, ਪੰਨਾ: 50)
- ਕੁਦਰਤ ਰਾਣੀ ਪਲਕਾਂ ਓਹਲੇ
  ਸੀ ਕਸ਼ਮੀਰ ਬਣਾਇਆ,
  ਨਜ਼ਰ ਬੰਦੇ ਦੀ ਲਗ ਨਾ ਜਾਵੇ,
  ਪਰਬਤ ਓਟ ਲੁਕਾਇਆ।[21]
  (ਕਸ਼ਮੀਰ ਦੀ ਧਰਤੀ, ਬਲਬੀਰ ਸਿੰਘ ਦਿਲ, ਪੰਨਾ: 59)

ਅਖ਼ੀਰ ਵਿੱਚ ਇਹ ਗਲ ਬੜੇ ਦਾਅਵੇ ਨਾਲ ਆਖੀ ਜਾ ਸਕਦੀ ਹੈ ਕਿ ਆਜ਼ਾਦ ਸਾਹਿਬ ਦੇ ਪੰਜਾਬੀ ਅਨੁਵਾਦਾਂ ਨੇ ਪੰਜਾਬੀ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਆਕਰਸ਼ਿਤ ਕੀਤਾ ਹੈ। ਇਹ ਵੀ ਇੱਕ ਸਚਾਈ ਹੈ ਕਿ ਪੰਜਾਬੀ ਜਗਤ ਵਲੋਂ ਜੋ ਮਾਣ-ਸਨਮਾਣ ਦੇ ਉਹ ਹੱਕਦਾਰ ਸਨ, ਉਸ ਤੋਂ ਰਿਆਸਤ ਦੇ ਇਸ ਅਨੁਵਾਦਕ ਨੂੰ ਵਾਂਝਿਆਂ ਰਖਿਆ ਗਿਆ ਹੈ।

ਟਿੱਪਣੀਆਂ ਅਤੇ ਹਵਾਲੇ

1. ਪ੍ਰੋ: ਪ੍ਰੀਤਮ ਸਿੰਘ- ਪੰਜਾਬੀ ਲੇਖਕ ਕੋਸ਼, ਚੰਡੀਗੜ੍ਹ, 2003, ਪੰਨਾ: 197
2. O.P. Saraf (Editor)- The Jammu Kashmir Year Book and whos who 1987, Jammu, P.Sec 9-10
3. ਬੁੱਧ ਸਿੰਘ- ਚੋਣਵੇਂ ਰਤਨ, ਕ੍ਰਿਪਾ ਸਾਗਰ ਪ੍ਰੈਸ, ਲਾਹੌਰ, 1937 ਈ., ਪੰਨਾ: 363
4. ਸਰਨਾ ਜਸਬੀਰ ਸਿੰਘ- ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ, ਕਸ਼ਮੀਰ, 1997, ਪੰਨਾ: 183
5. ਪ੍ਰੋ: ਪ੍ਰੀਤਮ ਸਿੰਘ- ਪੰਜਾਬੀ ਲੇਖਕ ਕੋਸ਼, ਉਹੀ
6. ਆਜ਼ਾਦ, ਹਰਬੰਸ ਸਿੰਘ- ਅਜੋਕੀ ਕਸ਼ਮੀਰੀ ਕਵਿਤਾ, ਜੰਮੂ, (ਅਨੁਵਾਦਕ) 1972-73, ਪੰਨਾ: 166
7. ਆਜ਼ਾਦ, ਹਰਬੰਸ ਸਿੰਘ (ਅਨੁ)- ਅਜੋਕੀ ਕਸ਼ਮੀਰੀ ਕਵਿਤਾ, ਉਹੀ, ਪੰਨਾ: 10-11
8. ਆਜ਼ਾਦ, ਹਰਬੰਸ ਸਿੰਘ (ਅਨੁ)- ਕਸ਼ਮੀਰੀ ਲੋਕ ਗੀਤ, ਜੰਮੂ, 1974-75, ਪੰਨਾ: 32, 46, 105, 121-22
9. ਆਜ਼ਾਦ, ਹਰਬੰਸ ਸਿੰਘ (ਅਨੁ)- ਸਿਮਰਨ (ਮਾਸਟਰ ਜਿੰਦ ਕੌਲ), ਜੰਮੂ, 1976-77, ਪੰਨਾ 180
10. ਆਜ਼ਾਦ, ਹਰਬੰਸ ਸਿੰਘ (ਅਨੁ)- ਕਲਾਮ ਸ਼ੇਖ ਨੂਰਉਦੀਨ ਨੂਰਾਨੀ, ਜੰਮੂ, ਮਾਰਚ 1979, ਪੰਨਾ: 38
11. ਉਹੀ, ਪੰਨਾ: 42
12. ਉਹੀ, ਪੰਨਾ: 88
13. ਆਜ਼ਾਦ, ਹਰਬੰਸ ਸਿੰਘ (ਅਨੁ)- ਲੱਲੀ ਮਾਂ, ਜੰਮੂ, 1981-82, ਪੰਨਾ: 64-65
14. ਆਜ਼ਾਦ, ਹਰਬੰਸ ਸਿੰਘ (ਅਨੁ)- ਤਿੰਨ ਕਸ਼ਮੀਰੀ ਕਵਿਤ੍ਰੀਆਂ, ਜੰਮੂ, ਮਾਰਚ 1994, ਪੰਨਾ: 37
15. ਉਹੀ, ਪੰਨਾ: 61
16. ਉਹੀ, ਪੰਨਾ: 89
17. ਆਜ਼ਾਦ, ਹਰਬੰਸ ਸਿੰਘ (ਸੰਪਾਦਕ)- ਕਸ਼ਮੀਰ ਪੰਜਾਬੀ ਕਵੀਆਂ ਦੀ ਨਜ਼ਰ ਵਿੱਚ, ਜੰਮੂ, 1967-68, ਪੰਨਾ: 20
18. ਉਹੀ, 26
19. ਉਹੀ, 37
20. ਉਹੀ, 50
21. ਉਹੀ, 59

* * *

ਗਿਆਨੀ ਗਿਆਨ ਸਿੰਘ- ਜੀਵਨ ਤੇ ਰਚਨਾ

ਗਿਆਨੀ ਗਿਆਨ ਸਿੰਘ ਜੀ ਪ੍ਰਸਿਧ ਲੇਖਕ ਅਤੇ ਇਤਿਹਾਸਕਾਰ ਹੋਏ ਹਨ। ਉਹਨਾਂ ਦਾ ਜਨਮ ੧੭ ਅਪ੍ਰੈਲ ੧੯੨੨ ਈ. ਨੂੰ ਪਿੰਡ ਲੌਂਗੋਵਾਲ, ਜ਼ਿਲਾ ਸੰਗਰੂਰ, ਪੰਜਾਬ ਵਿੱਚ ਹੋਇਆ। ਉਹਨਾਂ ਦੀ ਗੋਤ ਦੁਲੱਟ ਸੀ। ਇਸ ਗੋਤ ਦੀ ਤਵਾਰੀਖ ਦਿਲੀ ਦੇ ਤਖਤ ਦੇ ਬਾਦਸ਼ਾਹ ਪ੍ਰਿਥੀਰਾਜ ਚੌਹਾਨ ਰਾਜਪੂਤ ਨਾਲ ਜਾ ਜੁੜਦੀ ਹੈ। ਦੁਲੱਟ ਸ਼ੁਰੂ ਵਿੱਚ ਅੱਲ ਸੀ ਜੋ ਸਮਾਂ ਪਾ ਕੇ ਗੋਤ ਦਾ ਰੂਪ ਧਾਰ ਗਈ, ਜੋ ਹੁਣ ਪ੍ਰਸਿਧ ਜੱਟ ਗੋਤ ਹੈ। ਗਿਆਨੀ ਗਿਆਨ ਸਿੰਘ, ਭਾਈ ਮਨੀ ਸਿੰਘ ਸ਼ਹੀਦ ਦੇ ਭਰਾਤਾ ਭਾਈ ਨਗਾਇਆ ਸਿੰਘ ਦੀ ਵੰਸ਼ ਵਿਚੋਂ ਸਨ। ਗਿਆਨੀ ਗਿਆਨ ਸਿੰਘ ਦੇ ਪਿਤਾ ਦਾ ਨਾਂ ਸ: ਭਾਗ ਸਿੰਘ ਅਤੇ ਮਾਤਾ ਦਾ ਨਾਂ ਮਾਈ ਦੇਸਾ ਸੀ। ਗਿਆਨੀ ਜੀ ਨੇ ਗੁਰਮੁਖੀ ਭਾਈ ਭੋਲਾ ਸਿੰਘ ਅਤੇ ਸੰਸਕ੍ਰਿਤ ਪੰਡਤ ਆਤਮਾ ਰਾਮ ਤੋਂ ਸਿਖੀ। ਲਾਹੌਰ ਵਿਚ ਰਹਿਣ ਸਮੇਂ ਉਰਦੂ ਤੇ ਫਾਰਸੀ ਭਾਸ਼ਾਵਾਂ ਵਿਚ ਮੁਹਾਰਤ ਹਾਸਿਲ ਕੀਤੀ। ਇਸੇ ਸਮੇਂ ਆਪ ਜੀ ਨੂੰ ਸਿੱਖ-ਤਵਾਰੀਖ ਸਬੰਧੀ ਮੌਲਿਕ ਫਾਰਸੀ ਅਤੇ ਉਰਦੂ ਦੀਆਂ ਰਚਨਾਵਾਂ ਨੂੰ ਵਾਚਣ ਦਾ ਅਵਸਰ ਪ੍ਰਾਪਤ ਹੋਇਆ।

ਲੌਂਗੋਵਾਲ ਦੱਖਣ ਵਲ ਭਾਈ ਮਨੀ ਸਿੰਘ ਜੀ ਸ਼ਹੀਦ ਦਾ ਯਾਦਗਾਰੀ ਗੁਰਦੁਆਰਾ ਵੀ ਹੈ। ਦੁਲੱਟ ਖਾਨਦਾਨ ਵਿਚੋਂ ਭਾਈ ਤ੍ਰਿਲੋਕ ਸਿੰਘ ਦੀ ਵੰਸ਼ ਕੋਲ ਤਿੰਨ ਪਵਿਤਰ ਨਿਸ਼ਾਨੀਆਂ ਮੌਜੂਦ ਹਨ, ਜਿਨ੍ਹਾਂ ਵਿਚ ਇਕ ਪਿਤਲ ਦਾ ਪਟਾ ਤੇ ਇਕ ਖੰਡਾ, ਇਕ ਨਗਾਰਾ ਜੋ ਆਖਦੇ ਹਨ ਨਵਾਬ ਕਪੂਰ ਸਿੰਘ ਦੇ ਜੱਥੇ ਕੋਲੋਂ ਮਿਲਿਆ ਸੀ। ਹੁਣ ਇਹ ਤਿੰਨੇ ਵਸਤਾਂ ਗੁਰਦੁਆਰਾ ਭਾਈ ਮਨੀ ਸਿੰਘ ਜੀ ਸ਼ਹੀਦ ਵਿੱਚ ਸਾਂਭੀਆਂ ਹੋਈਆਂ ਹਨ।

ਗਿਆਨ ਸਿੰਘ ਦੀ ਮਾਤਾ ਪਿਤਾ ਸ਼ੁਰੂ ਤੋਂ ਹੀ ਪੂਰਨ ਗੁਰਸਿਖ, ਗੁਰਬਾਣੀ ਨਾਲ ਸਰਸ਼ਾਰ ਸਨ ਅਤੇ ਸਿੱਖ-ਇਤਿਹਾਸ ਨਾਲ ਗੂੜਾ ਸਬੰਧ ਰਖਦੇ ਸਨ। ਗਿਆਨੀ ਜੀ ਦੇ ਨਾਨਕੇ ਅਤੇ ਦਾਦਕੇ ਪ੍ਰਵਾਰ ਵੀ ਪੂਰਨ ਗੁਰਸਿਖੀ ਸੰਸਕਾਰਾਂ ਨਾਲ ਲਬਰੇਜ਼ ਸਨ। ਗਿਆਨੀ ਜੀ ਬਚਪਨ ਤੋਂ ਹੀ ਤੀਖਣ ਬੁਧੀ ਵਾਲੇ ਸਨ ਅਤੇ ੭ ਵਰ੍ਹੇ ਦੀ ਛੋਟੀ ਉਮਰੇ ਅਖੰਡ ਪਾਠੀ ਬਣਗੇ ਅਤੇ ਅੱਠਵੇਂ ਵਰ੍ਹੇ ਦਸਮ ਗ੍ਰੰਥ ਦਾ ਪਾਠ ਵੀ ਕਰ ਲਿਆ। ਇਨ੍ਹਾਂ ਵਰ੍ਹਿਆਂ ਵਿੱਚ ਹੀ ਸਿੱਖ ਗ੍ਰੰਥਾਂ ਅਤੇ ਤਵਾਰੀਖ ਦਾ ਅਧਿਐਨ ਵੀ ਗਿਆਨੀ ਜੀ ਨੇ ਕਰਨਾ ਸ਼ੁਰੂ ਕਰ ਦਿਤਾ। ਇਨ੍ਹਾਂ ਸਮਿਆਂ ਵਿਚ ਹੀ ਗਿਆਨੀ ਜੀ 'ਖੰਡੇ ਦੀ ਪਾਹੁਲ' ਲੈ ਕੇ ਸਿੰਘ ਸਜ ਗਏ ਅਤੇ ਸਾਰੀ ਉਮਰ ਸਿੱਖੀ ਵਿਸ਼ਵਾਸ ਤੇ ਦ੍ਰਿੜ੍ਹ ਰਹਿ ਕੇ ਤਿਖੀ ਧਾਰ ਤੇ ਤੁਰਨ ਦਾ ਸੰਕਲਪ ਲੈ ਲਿਆ। ੧੨ ਵਰ੍ਹੇ ਦੀ ਉਮਰ ਵਿੱਚ (ਭਾਵ: ੧੯੩੪ ਈ. ਨੂੰ) ਆਪਣੇ ਮਾਮਾ ਕਰਮ ਸਿੰਘ ਨਾਲ (ਜੋ ਲਾਹੌਰ ਦਰਬਾਰ ਵਿਚ ਸੂਬੇਦਾਰ ਸਨ) ਲਾਹੌਰ ਦਰਬਾਰ ਪੁਜੇ ਤਾਂ ਧੰਨਾ ਸਿੰਘ ਮਲਵਈ ਨੇ ਇਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਮਿਲਾਇਆ। ਗਿਆਨੀ ਜੀ ਦੀ ਸੁਰੀਲੀ ਆਵਾਜ਼ ਅਤੇ ਸ਼ੁਧ ਪਾਠ ਦਾ ਮਹਾਰਾਜੇ ਤੇ ਅਜਿਹਾ ਅਸਰ ਹੋਇਆ ਕਿ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਗਿਆਨੀ ਜੀ ਨੂੰ ਹਰ ਰੋਜ਼ ਨਿਤਨੇਮ ਦੀ ਬਾਣੀ ਸੁਣਾਉਣ ਲਈ ਆਪਣੇ ਪਾਸ ਹੀ ਰਖ ਲਿਆ। ਗਿਆਨੀ ਜੀ ਰੋਜ਼ ਮਹਾਰਾਜਾ ਨੂੰ 'ਸੁਖਮਨੀ ਸਾਹਿਬ' ਦਾ ਪਾਠ

ਸੁਣਾਉਂਦੇ ਸਨ। ਲਾਹੌਰ ਵਿਚ ਗਿਆਨੀ ਜੀ ਨੇ ਗਿਆਨ ਰਾਮ ਸਿੰਘ ਹੇਠ ਸਿਖਿਆ ਪ੍ਰਾਪਤ ਕੀਤੀ।

ਗਿਆਨੀ ਜੀ ਨੇ ਸ਼ੇਰਿ-ਪੰਜਾਬ ਦੇ ਲਾਹੌਰ ਦਰਬਾਰ ਦੇ ਜਹੋ-ਜਲਾਲ ਤੇ ਸ਼ਾਨਾਮੱਤੇ ਪਹਿਲੂਆਂ ਨੂੰ ਬੜੇ ਨੇੜੇ ਹੋ ਕੇ ਵੇਖਿਆ। ਦਰਬਾਰੇ ਖਾਲਸਾ ਦਾ ਸੂਰਜ ਚੜ੍ਹਦਾ ਤੇ ਲਹਿੰਦਾ ਉਹਨਾਂ ਅੱਖਾਂ ਨਾਲ ਵੇਖਿਆ ਸੀ। ਸ਼ੇਰਿ-ਪੰਜਾਬ ਦੀ ਆਖਰੀ ਆਰਾਮਗਾਹ ਵਲ ਚਲੇ ਜਾਣ ਸਮੇਂ ਗਿਆਨੀ ਜੀ ਨੇ ਉਹ ਤਸਵੀਰ ਇੰਞ ਬਿਆਨ ਕੀਤਾ ਸੀ:-

ਹਿੰਦਨ ਕੀ ਹਿੰਦ ਜਰੀ,
ਸਿੰਘਨ ਕੀ ਜਿੰਦ ਜਰੀ,
ਗਯਾਨ ਹਰੀ ਕਵਿਨ ਕੋ,
ਜਰਯੋ ਮਹਿਤਾਬ ਕੋ।
ਭੂਪਨ ਆਬਾਦੀ ਜਰੀ
ਲੌ ਪੁਰ ਕੀ ਗਾਦੀ ਜਰੀ,
ਜਰ ਗਯੋ ਸੁਹਾਗ ਭਾਗ,
ਸਗਰੀ ਪੰਜਾਬ ਕੋ॥ (ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੨੬੯੪)

ਸ਼ੇਰਿ-ਪੰਜਾਬ ਦੇ ਦੇਹਾਂਤ ਤੋਂ ਬਾਅਦ ਗਿਆਨੀ ਜੀ ਪਕੇ ਤੌਰ ਤੇ ਆਪਣੇ ਪਿੰਡ ਲੌਂਗੋਵਾਲ ਆ ਗਏ। ਗਿਆਨੀ ਜੀ ਨੇ ਕੁਝ ਸਮੇਂ ਬਾਅਦ ਪਟਿਆਲਾ ਫੌਜ ਵਿੱਚ ਨੌਕਰੀ ਕੀਤੀ। ੧੯੪੯-੫੦ ਵਿਚ ਰਿਆਸਤ ਜੀਂਦ ਦੀ ਬਗਾਵਤ ਸਮੇਂ ਗਿਆਨੀ ਜੀ ਜ਼ਖਮੀ ਹੋ ਗਏ ਸਨ ਅਤੇ ਉਸ ਤੋਂ ਬਾਅਦ ਉਹਨਾਂ ਨੂੰ ਤਕਲੀਫਾਂ ਨਾਲ ਭਰਪੂਰ ਸਮਾਂ ਗੁਜ਼ਾਰਨਾ ਪਿਆ। ਗਿਆਨੀ ਜੀ ਕਈ-ਕਈ ਦਿਨ ਉਪਰਾਮ ਰਹਿੰਦੇ ਅਤੇ ਕਦੀ ਕਰੀਰਾਂ ਦੇ ਪਤਿਆਂ ਤੇ ਗੁਜ਼ਾਰਾ ਕਰ ਕੇ ਵਾਹਿਗੁਰੂ ਦਾ ਸ਼ੁਕਰ ਕਰਦੇ। ਕੁਝ ਸਮੇਂ ਬਾਅਦ ਪਟਿਆਲਾ ਵਿੱਚ ਗ੍ਰੰਥੀ ਸਿੰਘ ਨਿਯੁਕਤ ਹੋ ਗਏ। ਕੁਝ ਸਮੇਂ ਪੰਡਿਤ ਤਾਰਾ ਸਿੰਘ 'ਨਰੋਤਮ' ਦੇ ਵਿਦਿਆਰਥੀ ਬਣ ਕੇ ਵਿਦਿਆ ਵਿਚ ਪ੍ਰਬੀਨਤਾ ਹਾਸਲ ਕੀਤੀ। ਪੰਥ ਦੀ ਕਲਮੀ ਸੇਵਾ ਕਰਨ ਦਾ ਆਦੇਸ਼, ਜੋ ਰੱਬੀ ਸੰਦੇਸ਼ ਵਾਂਗ ਨਾਜ਼ਲ ਹੋਇਆ, ਜਿਸ ਲਈ ਉਹ ਆਪ ਲਿਖਦੇ ਹਨ:-

ਕੁਲ ਕਾਰਜ ਮਮ ਦੋਊ ਥੇ
ਖੇਤੀ ਔ ਸੰਗ੍ਰਾਮ।
ਲਾਤ ਨਿਕਾਰੀ ਹੋਣ ਤੇ
ਛੂਟ ਗਏ ਦੋਨੋ ਕਾਮ।...
ਹਲ ਤਲਵਾਰੋਂ ਬਲੀ ਹੈ,
ਤੁਛ ਕਲਮ ਕੀ ਨੋਕ,
ਕਲਮ ਪਕੜ ਕਰ ਦਾਹਨੇ,
ਵੇਸ ਫਕੀਰੀ ਧਾਰ।
ਦੇਸ਼ਾਟਨ ਕਰਿ ਪੰਥ ਕੀ,
ਸੇਵਾ ਕਰਿ ਦਿਲ ਨਾਰ। (ਉਹੀ, ਪੰਨਾ ੪੬)

ਗਿਆਨੀ ਜੀ ਨੇ ਕਾਫੀ ਸਫਰ ਵੀ ਕੀਤੇ ਅਤੇ ਕਈ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰ ਕੇ ਪਹਿਲੀ ਜਾਣਕਾਰੀ ਵੀ ਲਈ। ਹਿੰਦੂਆਂ ਦੇ ਸਾਰੇ ਤੀਰਥਾਂ ਤੇ ਵੀ ਗਏ।

ਨੇਪਾਲ, ਭੂਟਾਨ, ਸਿਕਮ, ਜਨਮਪੁਰੀ, ਆਗਰਾ, ਦਿੱਲੀ, ਪਟਿਆਲਾ, ਬਹਾਵਲਪੁਰ, ਕਾਠੀਆਵਾਦ, ਦੁਆਰਕਾ, ਸਿੰਧ, ਜੂਨਾਗੜ, ਗਿਰਨਾਰ, ਪਰਬਤ, ਜੰਜੀਬਾਰ, ਹਜ਼ੂਰ ਸਾਹਿਬ, ਪਟਨਾ ਸਾਹਿਬ, ਕਲਕਤਾ, ਬਰਦਵਾਨ, ਟੀਕਾਨ ਸ਼ਹਿਰ ਆਦਿ ਦੇ ਸਫਰ ਕੀਤੇ। ਗਿਆਨੀ ਜੀ ਦੀ ਦ੍ਰਿੜ੍ਹਤਾ, ਚੜ੍ਹਦੀ ਕਲਾ ਤੇ ਹਿੰਮਤ ਦਾ ਅਜਿਹਾ ਮਿਸ਼ਰਨ ਸੀ ਜੋ ਉਹਨਾਂ ਨੂੰ ਬਿਖੜੇ ਅਤੇ ਦੂਰ-ਦਰਾਜ਼ ਸਫਰਾਂ ਵਲ ਲੈ ਗਿਆ। ਗਿਆਨੀ ਜੀ ਨੇ ੧੯੨੪ ਈ. ਤੋਂ ਲੈ ਕੇ ੧੯੯੫ ਈ. ਤਕ ਸਾਰੇ ਵਰ੍ਹੇ ਰਟਨ ਵਿਚ ਹੀ ਗੁਜ਼ਾਰੇ।

ਗਿਆਨੀ ਗਿਆਨ ਸਿੰਘ ਜੀ ਨੇ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ ਹੈ ਪਰ ਉਨ੍ਹਾਂ ਦੀ ਲਿਖਤ ਵਿਚੋਂ ਇਕ ਗੱਲ ਪ੍ਰਤੱਖ ਨਜ਼ਰੀਂ ਪੈਂਦੀ ਹੈ ਕਿ ਉਨ੍ਹਾਂ ਹਿੰਦੂ ਵਿਚਾਰਧਾਰਾ ਦਾ ਬੜਾ ਅਸਰ ਕਬੂਲਿਆ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਉਹ ਕਾਫੀ ਸਮਾਂ ਹਿੰਦੂ-ਤੀਰਥਾਂ ਅਤੇ ਅਖਾੜਿਆਂ ਵਿਚ ਰਹੇ ਸਨ। ਉਨ੍ਹਾਂ ਦੀ ਲਿਖਤਾਂ ਨੂੰ ਬੜੇ ਧਿਆਨ ਨਾਲ ਵਾਚਣਾ ਪੈਂਦਾ ਹੈ।

ਗਿਆਨੀ ਗਿਆਨ ਸਿੰਘ ਜੀ ਨੇ ਕਈ ਮਹੱਤਵਪੂਰਨ ਪੁਸਤਕਾਂ ਪੰਜਾਬੀ ਅਤੇ ਉਰਦੂ ਵਿਚ ਲਿਖੀਆਂ ਜਿਨ੍ਹਾਂ ਦੀ ਗਿਣਤੀ ਇਸ ਪ੍ਰਕਾਰ ਹੈ:-

ਸ੍ਰੀ ਗੁਰੂ ਪੰਥ ਪ੍ਰਕਾਸ਼:- ਇਹ ਗ੍ਰੰਥ ਬ੍ਰਿਜ ਭਾਸ਼ਾ ਵਿਚ ਹੈ ਜੋ ਪਹਿਲੀ ਵੇਰ ੧੯੮੦ ਈ. ਵਿੱਚ ਆਫਜ ਅਜ਼ੀਜ਼ਦੀਨ ਦੀ ਰੇਖ-ਦੇਖ ਹੇਠ ਮਤਬਾ ਮੁਰਤਜਵੀ ਦਿੱਲੀ ਵਿੱਚ ਪੱਥਰ ਛਾਪੇ ਵਿਚ ਛਪਿਆ ਸੀ। ਦੂਜੀ ਛਾਪ ੧੯੩੯ ਈ. ਵਿਚ ਦੀਵਾਨ ਬੂਟਾ ਸਿੰਘ ਦੇ ਪ੍ਰੈਸ ਲਾਹੌਰ ਵਿਚ ਪੱਥਰ ਛਾਪਾ ਵਿਚ ਛਪਿਆ ਸੀ। ਇਸ ਗ੍ਰੰਥ ਦੀ ਪ੍ਰੇਰਨਾ ਉਹਨਾਂ ਨੂੰ ਪੰਡਿਤ ਤਾਰਾ ਸਿੰਘ ਨਰੋਤਮ ਤੋਂ ਮਿਲੀ ਸੀ, ਜਿਸ ਬਾਰੇ ਗਿਆਨੀ ਜੀ ਆਪ ਲਿਖਦੇ ਹਨ:-

ਇਕ ਦਿਨ ਉਨਹਿਤ ਪਰਉਪਕਾਰੇ।
ਯਹ ਆਗਯ ਮੁਹਿ ਦਈ ਉਦਾਰੇ।
ਛੰਦ ਬੰਦ ਕਰ ਰਚੋ ਸੁਹਾਵਨ।
ਗ੍ਰੰਥ ਪੰਥ ਪ੍ਰਕਾਸ਼ ਜੋ ਪਾਵਨ।
ਯਹ ਅਗਯਾ ਜਬ ਓਨ ਦਈ।
ਮਾਨੀ ਹਮ ਮੁਦ ਪਾਇ।
ਗ੍ਰੰਥ ਰਚਨਹਿਤ ਪੁਨ ਕਰਯੋ।
ਉਦਮ ਗੁਰੂ ਮਨਾਇ।

ਇਸ ਗ੍ਰੰਥ ਵਿਚ ਸਿੱਖ ਸੰਪ੍ਰਦਾਵਾਂ ਜਿਵੇਂ ਉਦਾਸੀ, ਨਿਹੰਗ, ਨਿਰਮਲੇ, ਨਾਮਧਾਰੀ ਆਦਿ ਦਾ ਬਾਖੂਬੀ ਜ਼ਿਕਰ ਕੀਤਾ ਹੈ। ਇਸ ਗ੍ਰੰਥ ਦੇ ਪੰਨੇ ੭੧੫ ਸਨ।

ਤਵਾਰੀਖ ਗੁਰੂ ਖਾਲਸਾ:- ਇਹ ਪੁਸਤਕ ੧੯੯੧ ਈ. ਵਿਚ ਮਤਬਾ ਗੁਰੂ ਗੋਬਿੰਦ ਸਿੰਘ ਪ੍ਰੈਸ ਬੇਰ ਬਾਬਾ ਨਾਨਕ ਸਿਆਲਕੋਟ ਵਿਚ ਪਥਰ ਛਾਪੇ ਵਿਚ ਛਪੀ ਸੀ। ਇਸ ਗ੍ਰੰਥ ਵਿੱਚ ਦਸ ਗੁਰੂ ਸਾਹਿਬਾਨ ਦਾ ਜੀਵਨ-ਇਤਿਹਾਸ ਤੋਂ ਇਲਾਵਾ ਸੰਸਾਰ ਦੀ ਉਤਪਤੀ, ਭਾਰਤ ਦੀ ਪੁਰਾਣੀ ਸਭਿਅਤਾ, ਗੌਰਵਤਾ, ਵਿਦਵਤਾ, ਕਲਾ-ਕੌਸ਼ਲਤਾ, ਰਹੁਰੀਤਾਂ ਦਾ ਜ਼ਿਕਰ, ਇਤਿਹਾਸ, ਮੁਸਲਮਾਨ ਬਾਦਸ਼ਾਹ ਵੱਲੋਂ ਜ਼ੁਲਮ-ਅਤਿਆਚਾਰਾਂ ਨੂੰ ਵੀ ਬਾਖੂਬੀ ਵਰਨਣ ਕੀਤਾ ਹੈ।

ਸ਼ਮਸ਼ੇਰ ਖਾਲਸਾ:- ਇਹ ਪੱਥਰ ਛਾਪੇ ਵਿਚ ੧੯੯੨ ਈ. ਵਿਚ ਬੇਰ ਬਾਬਾ ਨਾਨਕ,

ਸਿਆਲਕੋਟ ਤੋਂ ਛਪੀ ਸੀ ਜਿਸ ਦੇ ੧੧੭ ਪੰਨੇ ਸਨ। ਇਸ ਪੁਸਤਕ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੁਚੇ ਜੀਵਨ ਤੇ ਝਾਤ ਪਾਉਣ ਦੀ ਤਫਸੀਲ ਦਿਤੀ ਹੈ। ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ ਆਦਿ ਮੁਖੀ ਸਿੰਘਾਂ ਦੇ ਸ਼ਹੀਦੀ ਪ੍ਰਸੰਗ ਵੀ ਦਰਜ ਹਨ। ਖਾਲਸਾ ਪੰਥ ਦੀਆਂ ਜਿਤਾਂ ਅਤੇ ਸ਼ੇਰੇ-ਪੰਜਾਬ ਦੇ ਲਾਹੌਰ ਤੇ ਫਤਹਿ ਕਰਨ ਦੇ ਹਾਲਾਤ ਦਰਜ ਹਨ।

ਰਾਜ ਖਾਲਸਾ:- ਇਹ ਪੁਸਤਕ ਵੀ ਪੱਥਰ ਛਾਪੇ ਵਿਚ ੧੯੯੪ ਈ. ਵਿਚ ਸ਼ਿਆਲਕੋਟ ਤੋਂ ਛਪੀ ਸੀ। ਇਸ ਪੁਸਤਕ ਵਿਚ ਮਿਸਲਾਂ ਦੇ ਖਾਨਦਾਨ ਦਾ ਹਾਲ ਅਤੇ ਨਾਲ ਸਜਰਾ-ਨਸਬ ਦਿਤਾ ਸੀ। ਇਹ ਤਿੰਨੇ ਭਾਗ ਬਾਅਦ ਵਿਚ ਉਰਦੂ 'ਚ ਵੀ ਪ੍ਰਕਾਸ਼ਿਤ ਹੋਏ ਸਨ।

ਸਰਦਾਰ ਖਾਲਸਾ:- ਇਸ ਪੁਸਤਕ ਵਿਚ ਜਮਨਾਂ ਤੋਂ ਅਟਕ ਦੇ ਵਿਚਕਾਰ ਵਸਦੇ ਤਿੰਨ ਸੌ ਸਿੱਖ-ਸਰਦਾਰਾਂ ਦੇ ਖਾਨਦਾਨਾਂ ਦੀ ਤਵਾਰੀਖ ਸਾਂਭੀ ਹੋਈ ਸੀ। ਇਹ ਸਾਰੇ ਸਰਦਾਰ ਸਮੇਂ-ਸਮੇਂ ਕਿਸੇ ਨਾ ਕਿਸੇ ਸਿੱਖ ਮਿਸਲਾਂ ਨਾਲ ਸਬੰਧਤ ਰਹੇ ਸਨ। ਇਹ ਪੁਸਤਕ ਲਿਖਤੀ ਤੌਰ ਤੇ ਗਿਆਨੀ ਜੀ ਪਾਸ ਮੌਜੂਦ ਸੀ।

ਪੰਥ ਖਾਲਸਾ:- ਇਸ ਪੁਸਤਕ ਵਿਚ ਗੁਰੂ ਅਮਰਦਾਸ ਸਾਹਿਬ ਦੀਆਂ ਬਾਈ ਮੰਜੀਆਂ, ਬਵੰਜਾ ਪੀੜ੍ਹੀਆਂ, ਵਡੇ-ਵਡੇ ਮਸੰਦਾਂ, ਬਾਈ ਮਵੇੜਿਆਂ, ਅਰਦਾਸੀਆਂ, ਦਸ ਗੁਰੂ ਸਾਹਿਬਾਨ ਦੇ ਗੁਰਦੁਆਰਿਆਂ, ਸ਼ਹੀਦ ਗੰਜਾਂ, ਦੇਹਰਿਆਂ, ਮੁਖੀ ਸਿੱਖਾਂ ਆਦਿ ਦੀ ਤਵਾਰੀਖ ਸਾਂਭੀ ਗਈ ਸੀ। ਨਿਹੰਗ ਸਿੰਘਾਂ, ਉਦਾਸੀ, ਨਿਰਮਲੇ, ਨਾਮਧਾਰੀ, ਆਦਿ ਦਾ ਵਰਨਣ ਵੀ ਇਸ ਲਿਖਤ ਵਿੱਚ ਮੌਜੂਦ ਸੀ। ਇਨ੍ਹਾਂ ਉਪਰ ਵਰਨਣ ਦੋ ਪੁਸਤਕਾਂ ਬਾਰੇ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਲਿਖਦੇ ਹਨ-- "ਇਹ ਦੋਵੇਂ ਪੁਸਤਕਾਂ ਦੇ ਹੱਥ-ਲਿਖਤ ਖਰੜੇ ਗਿਆਨੀ ਜੀ ਪਾਸੋਂ ੧੯੫੮ ਬਿ: (੧੯੦੧ ਈ.) ਵਿਚ ਖਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ ਨੇ ਛਾਪਣ ਲਈ ਲਏ ਸਨ, ਮੁੜ ਇਨ੍ਹਾਂ ਦੀ ਕੋਈ ਉਘ-ਸੁਘ ਨਹੀਂ ਮਿਲਦੀ, ਨਾ ਤਾਂ ਉਨ੍ਹਾਂ ਆਪ ਹੀ ਛਾਪੇ ਤੇ ਨਾ ਹੀ ਗਿਆਨੀ ਜੀ ਦੇ ਬਾਰ-ਬਾਰ ਕਹਿਣ ਤੇ ਵਾਪਸ ਹੀ ਦਿਤੇ। ਪਤਾ ਨਹੀਂ ਕਿ ਗਿਆਨੀ ਜੀ ਦੀ ਇਹ ਮਿਹਨਤ ਕਿਤੇ ਗੁਮ ਪਈ ਹੈ ਜਾਂ ਖੁਰਦ-ਬੁਰਦ ਹੋ ਗਈ।" (ਸ੍ਰੀ ਗੁਰ ਪੰਥ ਪ੍ਰਕਾਸ਼ ਦੀ ਪ੍ਰਸਤਾਵਨਾ, ਗਿ: ਕ੍ਰਿਪਾਲ ਸਿੰਘ, ੧੯੭੭ ਈ. ਅੰਮ੍ਰਿਤਸਰ, ਪੰਨਾ ੧੨੫)

ਗੁਰਪੁਰਬ ਪ੍ਰਕਾਸ਼:- ਇਹ ਪੁਸਤਕ ੧੯੯੩ ਈ. ਨੂੰ ਧਰਮ-ਵਿਦਿਆ ਪ੍ਰਚਾਰਕ ਸਿੰਘ ਸਭਾ ਅੰਮ੍ਰਿਤਸਰ ਵਲੋਂ ਮਤਬਾ ਸ੍ਰੀ ਅਕਾਲ ਯੰਤ੍ਰ ਸੁਧਾਸਰ ਵਿਖੇ ਭਾਈ ਝੰਡਾ ਸਿੰਘ ਦੀ ਨਿਗਰਾਨੀ ਹੇਠਾਂ ਪੱਥਰ ਛਾਪਾ ਵਿਚ ਛਪੀ ਸੀ। ਅਸਲ ਵਿਚ ਇਹ ਗ੍ਰੰਥ ੧੭ ਵਰ੍ਹੇ ਪਹਿਲਾਂ ਹੀ ਤਿਆਰ ਹੋ ਗਿਆ ਸੀ। ਇਸ ਦਾ ਆਕਾਰ ਵਡਾ ਸੀ ਅਤੇ ਸਫੇ ੯੦ ਸਨ। ਇਸ ਪੁਸਤਕ ਵਿਚ ਗੁਰੂ ਸਾਹਿਬਾਨ ਦੇ ਅਵਤਾਰ ਧਾਰਨ ਅਤੇ ਜੋਤੀ ਜੋਤਿ ਸਮਾਉਣ ਦੀਆਂ ਤਾਰੀਖਾਂ ਅਤੇ ਗੁਰਪੁਰਬਾਂ ਦਾ ਵਰਨਣ ਦੇ ਨਾਲ-ਨਾਲ ਸੰਖੇਪ ਗੁਰੂ-ਜੀਵਨੀਆਂ ਵੀ ਅੰਕਿਤ ਸਨ। ਇਹ ਲਿਖਤ ਵੀ ਬ੍ਰਿਜ ਭਾਸ਼ਾ ਕਾਵਿ ਵਿਚ ਸੀ।

ਨਿਰਮਲ ਪੰਥ ਪ੍ਰਦੀਪਕਾ:- ਇਹ ਪੁਸਤਕ ਗੁਰੂ ਗੋਬਿੰਦ ਸਿੰਘ ਜੀ ਪ੍ਰੈਸ ਸ਼ੇਰ ਬਾਬਾ ਨਾਨਕ, ਸਿਆਲਕੋਟ 'ਚ ੧੯੯੧ ਈ. ਵਿੱਚ ਛਪੀ ਸੀ। ਵਡੇ ਆਕਾਰ ਦੇ ੧੦੦ ਪੰਨੇ ਸਨ। ਇਹ ਪੁਸਤਕ ਨਿਰਮਲ ਸੰਪ੍ਰਦਾਏ ਤੇ ਮੁਖ ਤੌਰ ਤੇ ਚਾਨਣਾ ਪਾਉਂਦੀ ਹੈ।

ਖਾਲਸਾ ਧਰਮ ਪਤਿਤ ਪਾਵਨ:- ਇਹ ਪੁਸਤਕ ੧੯੯੫ ਈ. ਵਿੱਚ ਐਂਗਲੋ ਸੰਸਕ੍ਰਿਤ ਪ੍ਰੈਸ ਲਾਹੌਰ ਵਿਚ ਛਪੀ ਸੀ। ਵਡੇ ਆਕਾਰ ਵਿੱਚ ੧੪੯ ਪੰਨੇ ਹਨ। ਇਸ ਵਿੱਚ ਪੰਜ ਦਰਜਨ

ਪ੍ਰਸ਼ਨ-ਉਤਰ ਦਰਜ ਹਨ। ਪੁਸਤਕ ਸ. ਸੁੰਦਰ ਸਿੰਘ ਮਜੀਠੀਆ ਨੂੰ ਸਮਰਪਿਤ ਕੀਤੀ ਗਈ ਸੀ।

ਕੱਥਾ ਪੂਰਨਮਾਸ਼ੀ:- ਇਹ ਪੁਸਤਕ ੧੯੯੩ ਈ. ਵਿਚ ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ ਐਂਡ ਕੰਪਨੀ ਨੇ ਛਾਪੀ ਸੀ। ਇਸ ਵਿਚ ਗਿਆਨੀ ਜੀ ਨੇ ਹਿੰਦੂ ਵਰਤਾਂ ਦੇ ਜਾਲ ਵਿੱਚ ਫਸੀ ਜਨਤਾ ਨੂੰ ਖਾਸ ਕਰ ਕੇ ਸਿੱਖ-ਘਰਾਣਿਆਂ ਦੀਆਂ ਬੀਬੀਆਂ ਨੂੰ ਗੁਰਬਾਣੀ ਵਲ ਪ੍ਰੇਰਿਆ ਹੈ।

ਇਤਿਹਾਸ ਰਿਆਸਤ ਬਾਗੜੀਆਂ:- ਇਹ ਪੁਸਤਕ ਅਪ੍ਰੈਲ ੧੯੧੭ ਈ. ਨੂੰ ਗੁਰਮਤਿ ਪ੍ਰੈਸ, ਅੰਮ੍ਰਿਤਸਰ ਵਿਚ ਮਹਾਰਾਜ ਭੁਪਿੰਦਰ ਸਿੰਘ ਪਟਿਆਲਾ ਨੇ ਛਪਵਾਈ ਸੀ। ਵਡੇ ਸਾਇਜ਼ ਦੇ ੧੬੦ ਪੰਨੇ ਹਨ। ਇਸ ਪੁਸਤਕ ਵਿਚ ਭਾਈ ਰੂਪ ਚੰਦ ਜੀ ਤੋਂ ਭਾਈ ਅਰਜਨ ਸਿੰਘ ਬਾਗੜੀਆ ਤਕ ਦੀ ਪੂਰੀ ਤਵਾਰੀਖ ਦਰਜ ਹੈ। ਪੁਸਤਕ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੂੰ ਸਮਰਪਣ ਕੀਤੀ ਗਈ ਹੈ।

ਸ੍ਰੀ ਭੂਪੇਂਦਰਾ ਨੰਦ:- ਇਹ ਪੁਸਤਕ ੧੧੦ ਸਫੇ ਦੀ ਅਪ੍ਰੈਲ ੧੯੧੭ ਈ. ਵਿਚ ਗੁਰਮਿਤ ਪ੍ਰੈਸ, ਅੰਮ੍ਰਿਤਸਰ ਤੋਂ ਛਪੀ ਸੀ। ਇਸ ਲਿਖਤ ਵਿਚ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਦਾ ਅਨੰਦ ਕਾਰਜ ਅਤੇ ਸਿੱਖ ਸੰਸਕਾਰਾਂ ਤੇ ਚਾਨਣਾ ਪਾਇਆ ਗਿਆ ਹੈ।

ਸ੍ਰੀ ਗੁਰਪੁਰਬ ਪ੍ਰਕਾਸ਼:- ਇਹ ਪੰਜਾਬੀ ਵਾਰਤਕ ਦੀ ਪੁਸਤਕ ਹੈ ਜਿਸ ਬਾਰੇ ਗਿਆਨੀ ਕ੍ਰਿਪਾਲ ਸਿੰਘ ਜੀ ਲਿਖਦੇ ਹਨ, ਕਾਗਜ਼ ਹਲਕਾ, ਟਾਇਪ ਚੰਗਾ, ਮੁਢ 'ਚੋਂ ਤਤਕਰੇ ਦਾ ਇਕ ਪਤਰਾ ਫਟਿਆ ਹੋਇਆ ਹੈ। ਦੋਨੋਂ ਟਾਈਟਲ ਪਤਰੇ ਵੀ ਨਹੀਂ ਹਨ, ਇਸ ਲਈ ਛਪਣ ਦਾ ਸੰਮਤ ਤੇ ਛਪਣ ਵਾਲੇ ਤੇ ਪ੍ਰੈਸ ਦਾ ਨਾਮ ਦਾ ਪਤਾ ਨਹੀਂ ਲਗ ਸਕਿਆ। ਇਹ ਰਚਨਾ ੧੯੫੧ ਬਿ: ਤੋਂ ੧੯੭੬ ਬਿ: ਦੇ ਵਿਚਕਾਰਲੇ ਸਮੇਂ ਦੀ ਰਚਨਾ ਹੋ ਸਕਦੀ ਹੈ। ਇਸ ਦੇ ਕਿਤਾਬੀ ਸਾਇਜ਼ ਦੇ ੪੧੩ ਪੰਨੇ ਹਨ। ਇਸ ਪੁਸਤਕ ਵਿਚ ਗੁਰ-ਇਤਿਹਾਸ ਦਾ ਮੰਥਨ ਕੀਤਾ ਗਿਆ ਹੈ।

ਸ੍ਰੀ ਰਿਪੁਦਮਨ ਪ੍ਰਕਾਸ਼:- ਇਹ ਗ੍ਰੰਥ ੧੯੧੯ ਈ. ਵਿਚ ਭੁਪਿੰਦਰਾ ਸਟੇਟ ਪ੍ਰੈਸ ਪਟਿਆਲਾ ਵਿਚ ਛਪਿਆ। ਇਸ ਦੇ ਸਫੇ ੧੯੦ ਹਨ। ਇਹ ਪੰਜਾਬ ਯੂਨੀਵਰਸਿਟੀ ਦੇ ਬੁਧੀਵਾਨ, ਵਿਦਵਾਨ ਤੇ ਗਿਆਨੀ ਆਦਿ ਸ਼੍ਰੇਣੀਆਂ ਲਈ ਖਾਸ ਤੌਰ ਤੇ ਲਿਖੀ ਗਈ ਹੈ। ਪਹਿਲਾ ਭਾਗ ਤਾਂ ਛਪ ਗਿਆ ਸੀ, ਪਰ ਚਾਰ ਭਾਗਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਕੀ ਉਹ ਪ੍ਰਕਾਸ਼ਿਤ ਹਨ ਜਾਂ ਅਪ੍ਰਕਾਸ਼ਿਤ।

ਨਿਰਮਲ ਪੰਥ ਗੁਰ ਪ੍ਰਵਾਨਕਾ ਬ੍ਰਿਕਸ਼:- ਇਹ ਪੁਸਤਕ ਮੁਖ ਤੌਰ ਤੇ ਨਿਰਮਲ-ਸੰਪ੍ਰਦਾਇ ਦੇ ਮਹੰਤਾਂ ਦੀਆਂ ਵਖ-ਵਖ ਸ਼ਾਖਾ ਦੇ ਬ੍ਰਿਖ ਦੇ ਰੂਪ 'ਚ ਇਕ ਚਿਤ੍ਰਵਾਂਗ ਛਪਿਆ ਹੋਇਆ ਮਿਲਦੀ ਹੈ। ਕਈ ਪਿੰਡਾਂ ਦੇ ਨਾਵਾਂ ਦੀ ਸੂਚੀ ਵੀ ਦਰਜ ਹੈ।

ਤਵਾਰੀਖ ਸ੍ਰੀ ਅੰਮ੍ਰਿਤਸਰ: ਇਹ ਪੁਸਤਕ ੨੯੧ ਪੰਨੇ ਦੀ ਹੈ। ਜਾਪਦਾ ਹੈ ਕਿ ਇਹ ਗੁਰੂ-ਖਾਲਸਾ ਪ੍ਰੈਸ ਹਾਲ ਬਾਜ਼ਾਰ ਅੰਮ੍ਰਿਤਸਰ ਵਿਚ ਛਪੀ ਸੀ। ਇਸ ਪੁਸਤਕ ਦੀ ਇਕ ਪਰਤੀ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿੱਚ ੩੦੪੪/੨੪੧੧ ਨੰਬਰ ਹੇਠ, ਨੀਲਾ ਤਾਰਾ ਅਪਰੇਸ਼ਨ ਤੋਂ ਪਹਿਲਾਂ ਮੌਜੂਦ ਸੀ। ਇਹ ਪੁਸਤਕ ਦੁਬਾਰਾ ੧੯੯੧ ਈ. ਵਿਚ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਨੇ ਛਾਪੀ ਸੀ ਅਤੇ ਜਿਸ ਦੀ ਸੰਪਾਦਨਾਂ ਗਿ: ਗੁਰਦਿਤ ਸਿੰਘ ਨੇ ਕੀਤੀ ਸੀ।

ਇਸੇ ਨਾਂ ਦੀ ਪੁਸਤਕ ੧੯੧੯ ਈ. ਵਿਚ ੧੧੨ ਪੰਨੇ ਦੀ ਉਰਦੂ ਵਿਚ ਛਪੀ ਸੀ ਜਿਸ ਦੇ ਅੰਦਰ ਉਰਦੂ ਵਿਚ ਲਿਖਿਆ ਹੈ "ਮੁਸਨਫਾ ਸ੍ਰੀ ਮਾਨ ਪੰਥ ਰਤਨ ਬਾਬਾ ਗਿਆਨ ਸਿੰਘ ਜੀ ਗਿਆਨ। ਮੁਸਨਫ ਪੰਥ ਪ੍ਰਕਾਸ਼ ਤਵਾਰੀਖ ਗੁਰੂ ਖਾਲਸਾ ਪਤਿਤ ਪਾਵਨ ਵਗੈਰਾ। ਪ੍ਰਕਾਸ਼ਕ: ਭੁਪਿੰਦਰ ਸਿੰਘ ਮਹਾਰਾਜਾ ਪਟਿਆਲਾ। ਬੈਸਾਖ ੪੫੦ ਗੁਰੂ ਨਾਨਕ ਸ਼ਾਹੀ ੨੨੧ ਖਾਲਸਾ, ੧੯੧੯ ਈ., ਸੰਮਤ ੧੯੭੬ ਬਿ:" ਭਾਈ ਗੁਰਬਖਸ਼ ਸਿੰਘ ਸੁਪ੍ਰੀਟਡੈਂਡ ਭੁਪਿੰਦਰਾ ਸਟੇਟ ਪ੍ਰੈਸ, ਪਟਿਆਲਾ ਦੇ ਪ੍ਰਬੰਧ ਹੇਠ ਛਪਿਆ। ਇਸ ਪੁਸਤਕ ਵਿਚ ਅੰਮ੍ਰਿਤਸਰ ਦਾ ਸੰਪੂਰਨ ਇਤਿਹਾਸ ਦਰਜ ਹੈ, ਜਿਸ ਵਿੱਚ ੧੭ ਇਤਿਹਾਸਕ ਗੁਰਦੁਆਰੇ, ੬੯ ਬੁੰਗਿਆਂ ਦਾ ਵੇਰਵਾ, ੬੯ ਹਿੰਦੂ ਠਾਕਰ ਦੁਆਰੇ, ੧੯ ਸ਼ਿਵਾਲਿਆਂ, ੨੧੫ ਧਰਮਸ਼ਾਲਾ, ੩੫ ਸਮਾਧਾਂ, ੭ ਪਕੇ ਸਰੋਵਰ, ੧੦ ਮੁਸਲਮਾਨਾਂ ਦੇ ਤਕੀਆਂ, ੬ ਮਸਜਿਦਾਂ, ਉਦਾਸੀ ਸਾਧੂਆਂ ਦੇ ਅਖਾੜਿਆਂ ਆਦਿ ਬਾਰੇ ਪੂਰੀ ਤਫਸੀਲ ਦਰਜ ਹੈ। ਇਸ ਦੀ ਇਕ ਕਾਪੀ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ੨੬੩੭/੨੦੪ ਨੰਬਰ ਤੇ ਸੁਰਖਿਅਤ ਸੀ ਪਰ ੧੯੮੪ ਈ. ਦੇ ਘਲੂਘਾਰੇ ਸਮੇਂ ਅਲੋਪ ਕਰ ਦਿਤੀ ਗਈ।

ਗੁਰਧਾਮ ਸੰਗ੍ਰਹਿ:- ਇਸ ਕਿਤਾਬ ਵਿਚ ਦਸ ਗੁਰੂ ਸਾਹਿਬਾਨ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੰਖੇਪ ਤਵਾਰੀਖ ਦਰਜ ਕੀਤੀ ਗਈ ਹੈ। ਆਖਿਆ ਜਾਂਦਾ ਹੈ ਕਿ ਇਹ ਪੁਸਤਕ ੧੯੨੧ ਅਪ੍ਰੈਲ ਤੋਂ ੨੪ ਸਤੰਬਰ ੧੯੨੧ ਈ. ਦੇ ਦਰਮਿਆਨ ਛਪੀ ਆਖੀ ਜਾਂਦੀ ਹੈ। ਪੁਸਤਕ ਦੇ ੩੦੧ ਸਫੇ ਹਨ। ਇਹ ਭੁਪਿੰਦਰ ਸਟੇਟ ਪ੍ਰੈਸ, ਪਟਿਆਲਾ ਵਲੋਂ ਛਾਪੀ ਗਈ ਸੀ। ਇਸ ਪੁਸਤਕ ਵਿਚ ੬੪੭ ਗੁਰਧਾਮਾਂ ਦੀ ਤਵਾਰੀਖ ਬਾਖੂਬੀ ਸਾਂਭੀ ਹੋਈ ਹੈ। ਇਨ੍ਹਾਂ ਗੁਰਦੁਆਰਿਆਂ ਦੀ ਜਾਣਕਾਰੀ ਗਿਆਨੀ ਜੀ ਨੇ ੧੯੫੪ ਈ. ਤੋਂ ੧੯੬੫ ਈ. ਤੱਕ ਇਕੱਤਰ ਕੀਤੀ ਸੀ।

ਗਿਆਨੀ ਜੀ ਦੀਆਂ ਜਿਨ੍ਹਾਂ ਪੁਸਤਕਾਂ ਬਾਰੇ ਲਿਖਤੀ ਜਾਣਕਾਰੀ ਮਿਲਦੀ ਹੈ, ਜੋ ਜਾਪਦਾ ਹੈ, ਪ੍ਰਕਾਸ਼ਿਤ ਨਹੀਂ ਹੋ ਸਕੀਆਂ, ਉਹ ਹਨ ਅੰਮ੍ਰਿਤ ਪ੍ਰਕਾਸ਼, ਨੀਤੀ ਪ੍ਰਕਾਸ਼, ਪ੍ਰਸ਼ਨੋਤਰੀ, ਭੇਖ ਪ੍ਰਭਾਕਰ, ਪੰਜਾਬੀ ਸੀਹਰਫੀ ਤੇ ਵੈਦਕ ਦੀ ਪੁਸਤਕ। ਸੂਰਜ ਪ੍ਰਕਾਸ਼ ਵਾਰਤਕ (ਤਿੰਨ ਭਾਗ) ਬਾਰੇ ਪੰਜਾਬੀ ਲੇਖਕ ਕੋਸ਼ ਵਿਚ ਇਸ ਦੀ ਪ੍ਰਕਾਸ਼ਿਤ ਮਿਤੀ ੧੯੯੭ ਈ. ਲਿਖੀ ਹੈ।

ਆਪਣੀ ਸਿਹਤ ਖਰਾਬ ਹੁੰਦਿਆਂ ਵੇਖ ਕੇ ਗਿਆਨੀ ਗਿਆਨ ਸਿੰਘ ਜੀ ਨੇ ਸਾਰੇ ਅਪ੍ਰਕਾਸ਼ਿਤ (ਲਿਖਤੀ) ਨੁਖਸਿਆਂ ਦਾ ਛਪਣ ਅਧਿਕਾਰ ਅਤੇ ਪ੍ਰਕਾਸ਼ਿਤ ਪੁਸਤਕਾਂ 'ਖਾਲਸਾ ਟ੍ਰੈਕਟ ਸੋਸਾਇਟੀ' ਅੰਮ੍ਰਿਤਸਰ ਨੂੰ ਦੇ ਦਿਤੇ। ਜਦੋਂ ਉਪਰ ਵਰਨਣ ਸੋਸਾਇਟੀ ਨੇ ਪੁਸਤਕਾਂ ਨਾ ਛਾਪੀਆਂ ਅਤੇ ਨਾ ਹੀ ਗਿਆਨੀ ਜੀ ਨੂੰ ਵਾਪਸ ਕੀਤੀਆਂ ਤਾਂ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੇ ਗਿਆਨੀ ਜੀ ਦੀਆਂ ਸਾਰੀਆਂ ਲਿਖਤੀ ਪੁਸਤਕਾਂ ਦੁਬਾਰਾ ਤਿਆਰ ਕਰਾਈਆਂ ਅਤੇ ਇਕ ਵਖਰਾ ਪ੍ਰਕਾਸ਼ਨ ਵਿਭਾਗ 'ਸਿੱਖ ਹਿਸਟਰੀ ਸੋਸਾਇਟੀ, ਪਟਿਆਲਾ' ਖੋਲ੍ਹਿਆ ਅਤੇ ਗਿਆਨੀ ਜੀ ਦੀਆਂ ਪੁਸਤਕਾਂ ਨੂੰ ਛਾਪਣ ਲਈ ਸਰਕਾਰੀ ਖਜ਼ਾਨੇ 'ਚੋਂ ਇਕ ਲੱਖ ਸੈਂਤੀ ਹਜ਼ਾਰ ਰੁਪਿਆ ਪ੍ਰਵਾਨ ਕੀਤਾ। ਇਸ ਸੋਸਾਇਟੀ ਦੇ ਜੋ ਮੈਂਬਰ ਥਾਪੇ ਗਏ ਸਨ, ਉਨ੍ਹਾਂ ਵਿਚ ਭਾਈ ਕਾਨ੍ਹ ਸਿੰਘ ਨਾਭਾ, ਸ: ਗੁਰਨਾਮ ਸਿੰਘ ਸੰਗਰੂਰ (ਮਹਾਰਾਜੇ ਦਾ ਸਹੁਰਾ ਜੀ), ਸ: ਗਜਣ ਸਿੰਘ ਲੁਧਿਆਣਾ ਅਤੇ ਭਾਈ ਸਾਹਿਬ ਅਰਜਨ ਸਿੰਘ ਬਾਗੜੀਆਂ ਸਨ। ਇਸ ਸੋਸਾਇਟੀ ਦਾ ਸਕੱਤਰ ਗਿ: ਹਮੀਰ ਸਿੰਘ ਧਨੌਲਾ ਜੋ ਗਿਆਨੀ ਜੀ ਦੇ ਭਰਾ ਦੇ

ਇਸੇ ਨਾਂ ਦੀ ਪੁਸਤਕ ੧੯੧੯ ਈ. ਵਿਚ ੧੧੨ ਪੰਨੇ ਦੀ ਉਰਦੂ ਵਿਚ ਛਪੀ ਸੀ ਜਿਸ ਦੇ ਅੰਦਰ ਉਰਦੂ ਵਿਚ ਲਿਖਿਆ ਹੈ "ਮੁਸਨਫਾ ਸ੍ਰੀ ਮਾਨ ਪੰਥ ਰਤਨ ਬਾਬਾ ਗਿਆਨ ਸਿੰਘ ਜੀ ਗਿਆਨ। ਮੁਸਨਫ ਪੰਥ ਪ੍ਰਕਾਸ਼ ਤਵਾਰੀਖ ਗੁਰੂ ਖਾਲਸਾ ਪਤਿਤ ਪਾਵਨ ਵਗੈਰਾ। ਪ੍ਰਕਾਸ਼ਕ: ਭੁਪਿੰਦਰ ਸਿੰਘ ਮਹਾਰਾਜਾ ਪਟਿਆਲਾ। ਬੈਸਾਖ ੪੫੦ ਗੁਰੂ ਨਾਨਕ ਸ਼ਾਹੀ ੨੨੧ ਖਾਲਸਾ, ੧੯੧੯ ਈ., ਸੰਮਤ ੧੯੭੬ ਬਿ:" ਭਾਈ ਗੁਰਬਖਸ਼ ਸਿੰਘ ਸੁਪ੍ਰੀਟੈਂਡੈਂਡ ਭੁਪਿੰਦਰਾ ਸਟੇਟ ਪ੍ਰੈਸ, ਪਟਿਆਲਾ ਦੇ ਪ੍ਰਬੰਧ ਹੇਠ ਛਪਿਆ। ਇਸ ਪੁਸਤਕ ਵਿਚ ਅੰਮ੍ਰਿਤਸਰ ਦਾ ਸੰਪੂਰਨ ਇਤਿਹਾਸ ਦਰਜ ਹੈ, ਜਿਸ ਵਿੱਚ ੧੭ ਇਤਿਹਾਸਕ ਗੁਰਦੁਆਰੇ, ੬੯ ਬੁੰਗਿਆਂ ਦਾ ਵੇਰਵਾ, ੬੯ ਹਿੰਦੂ ਠਾਕਰ ਦੁਆਰੇ, ੧੯ ਸ਼ਿਵਾਲਿਆਂ, ੨੧੫ ਧਰਮਸ਼ਾਲਾ, ੩੫ ਸਮਾਧਾਂ, ੭ ਪਕੇ ਸਰੋਵਰ, ੧੦ ਮੁਸਲਮਾਨਾਂ ਦੇ ਤਕੀਆਂ, ੬ ਮਸਜਿਦਾਂ, ਉਦਾਸੀ ਸਾਧੂਆਂ ਦੇ ਅਖਾੜਿਆਂ ਆਦਿ ਬਾਰੇ ਪੂਰੀ ਤਫਸੀਲ ਦਰਜ ਹੈ। ਇਸ ਦੀ ਇਕ ਕਾਪੀ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ੨੬੩੭/੨੦੪ ਨੰਬਰ ਤੇ ਸੁਰਖਿਅਤ ਸੀ ਪਰ ੧੯੮੪ ਈ. ਦੇ ਘਲੂਘਾਰੇ ਸਮੇਂ ਅਲੋਪ ਕਰ ਦਿਤੀ ਗਈ।

ਗੁਰਧਾਮ ਸੰਗ੍ਰਹਿ:- ਇਸ ਕਿਤਾਬ ਵਿਚ ਦਸ ਗੁਰੂ ਸਾਹਿਬਾਨ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੰਖੇਪ ਤਵਾਰੀਖ ਦਰਜ ਕੀਤੀ ਗਈ ਹੈ। ਆਖਿਆ ਜਾਂਦਾ ਹੈ ਕਿ ਇਹ ਪੁਸਤਕ ੧੯੨੧ ਅਪ੍ਰੈਲ ਤੋਂ ੨੪ ਸਤੰਬਰ ੧੯੨੧ ਈ. ਦੇ ਦਰਮਿਆਨ ਛਪੀ ਆਖੀ ਜਾਂਦੀ ਹੈ। ਪੁਸਤਕ ਦੇ ੩੦੧ ਸਫੇ ਹਨ। ਇਹ ਭੁਪਿੰਦਰ ਸਟੇਟ ਪ੍ਰੈਸ, ਪਟਿਆਲਾ ਵਲੋਂ ਛਾਪੀ ਗਈ ਸੀ। ਇਸ ਪੁਸਤਕ ਵਿਚ ੬੪੭ ਗੁਰਧਾਮਾਂ ਦੀ ਤਵਾਰੀਖ ਬਾਖੂਬੀ ਸਾਂਭੀ ਹੋਈ ਹੈ। ਇਨ੍ਹਾਂ ਗੁਰਦੁਆਰਿਆਂ ਦੀ ਜਾਣਕਾਰੀ ਗਿਆਨੀ ਜੀ ਨੇ ੧੯੫੪ ਈ. ਤੋਂ ੧੯੬੫ ਈ. ਤੱਕ ਇਕੱਤਰ ਕੀਤੀ ਸੀ।

ਗਿਆਨੀ ਜੀ ਦੀਆਂ ਜਿਨ੍ਹਾਂ ਪੁਸਤਕਾਂ ਬਾਰੇ ਲਿਖਤੀ ਜਾਣਕਾਰੀ ਮਿਲਦੀ ਹੈ, ਜੋ ਜਾਪਦਾ ਹੈ, ਪ੍ਰਕਾਸ਼ਿਤ ਨਹੀਂ ਹੋ ਸਕੀਆਂ, ਉਹ ਹਨ ਅੰਮ੍ਰਿਤ ਪ੍ਰਕਾਸ਼, ਨੀਤੀ ਪ੍ਰਕਾਸ਼, ਪ੍ਰਸ਼ਨੋਤਰੀ, ਭੇਖ ਪ੍ਰਭਾਕਰ, ਪੰਜਾਬੀ ਸੀਹਰਫੀ ਤੇ ਵੈਦਕ ਦੀ ਪੁਸਤਕ। ਸੂਰਜ ਪ੍ਰਕਾਸ਼ ਵਾਰਤਕ (ਤਿੰਨ ਭਾਗ) ਬਾਰੇ ਪੰਜਾਬੀ ਲੇਖਕ ਕੋਸ਼ ਵਿਚ ਇਸ ਦੀ ਪ੍ਰਕਾਸ਼ਿਤ ਮਿਤੀ ੧੯੬੭ ਈ. ਲਿਖੀ ਹੈ।

ਆਪਣੀ ਸਿਹਤ ਖਰਾਬ ਹੁੰਦਿਆਂ ਵੇਖ ਕੇ ਗਿਆਨੀ ਗਿਆਨ ਸਿੰਘ ਜੀ ਨੇ ਸਾਰੇ ਅਪ੍ਰਕਾਸ਼ਿਤ (ਲਿਖਤੀ) ਨੁਖਸਿਆਂ ਦਾ ਛਪਣ ਅਧਿਕਾਰ ਅਤੇ ਪ੍ਰਕਾਸ਼ਿਤ ਪੁਸਤਕਾਂ 'ਖਾਲਸਾ ਟ੍ਰੈਕਟ ਸੋਸਾਇਟੀ' ਅੰਮ੍ਰਿਤਸਰ ਨੂੰ ਦੇ ਦਿਤੇ। ਜਦੋਂ ਉਪਰ ਵਰਨਣ ਸੋਸਾਇਟੀ ਨੇ ਪੁਸਤਕਾਂ ਨਾ ਛਾਪੀਆਂ ਅਤੇ ਨਾ ਹੀ ਗਿਆਨੀ ਜੀ ਨੂੰ ਵਾਪਸ ਕੀਤੀਆਂ ਤਾਂ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੇ ਗਿਆਨੀ ਜੀ ਦੀਆਂ ਸਾਰੀਆਂ ਲਿਖਤੀ ਪੁਸਤਕਾਂ ਦੁਬਾਰਾ ਤਿਆਰ ਕਰਾਈਆਂ ਅਤੇ ਇਕ ਵਖਰਾ ਪ੍ਰਕਾਸ਼ਨ ਵਿਭਾਗ 'ਸਿੱਖ ਹਿਸਟਰੀ ਸੋਸਾਇਟੀ, ਪਟਿਆਲਾ' ਖੋਲ੍ਹਿਆ ਅਤੇ ਗਿਆਨੀ ਜੀ ਦੀਆਂ ਪੁਸਤਕਾਂ ਨੂੰ ਛਾਪਣ ਲਈ ਸਰਕਾਰੀ ਖਜ਼ਾਨੇ 'ਚੋਂ ਇਕ ਲੱਖ ਸੈਂਤੀ ਹਜ਼ਾਰ ਰੁਪਿਆ ਪ੍ਰਵਾਨ ਕੀਤਾ। ਇਸ ਸੋਸਾਇਟੀ ਦੇ ਜੋ ਮੈਂਬਰ ਥਾਪੇ ਗਏ ਸਨ, ਉਨ੍ਹਾਂ ਵਿਚ ਭਾਈ ਕਾਨ੍ਹ ਸਿੰਘ ਨਾਭਾ, ਸ: ਗੁਰਨਾਮ ਸਿੰਘ ਸੰਗਰੂਰ (ਮਹਾਰਾਜੇ ਦਾ ਸਹੁਰਾ ਜੀ), ਸ: ਗਜਣ ਸਿੰਘ ਲੁਧਿਆਣਾ ਅਤੇ ਭਾਈ ਸਾਹਿਬ ਅਰਜਨ ਸਿੰਘ ਬਾਗੜੀਆਂ ਸਨ। ਇਸ ਸੋਸਾਇਟੀ ਦਾ ਸਕੱਤਰ ਗਿ: ਹਮੀਰ ਸਿੰਘ ਧਨੌਲਾ ਜੋ ਗਿਆਨੀ ਜੀ ਦੇ ਭਰਾ ਦੇ

ਕੁਦਰਤ ਦਾ ਕਵੀ- ਸੰਤ ਬਿਸ਼ਨ ਸਿੰਘ ਕ੍ਰੀਟ

ਸੰਸਾਰ ਪ੍ਰਸਿੱਧ ਵਿਚਾਰਵਾਨਾਂ ਦਾ ਕਥਨ ਹੈ ਕਿ 'ਕਲਾਕਾਰ' ਨੂੰ ਉਸਦੀ 'ਕਲਾ' ਤੋਂ ਕਦੀ ਵੀ ਅੱਡ ਨਹੀਂ ਕੀਤਾ ਜਾ ਸਕਦਾ। ਦੂਜੇ ਲਫ਼ਜ਼ਾਂ ਵਿੱਚ ਜੇਕਰ ਕਲਾਕਾਰ ਦਾ ਵਿਅਕਤਿਤਵ ਉਸ ਦੀ 'ਕਲਾ' ਤੋਂ ਅੱਡ ਕੀਤਾ ਜਾ ਸਕਦਾ ਹੈ ਤਾਂ ਉਹ 'ਅ-ਕਲਾਕਾਰ' ਹੀ ਅਖਵਾਇਆ ਜਾ ਸਕਦਾ ਹੈ। ਭਾਵ ਇਹ ਕਿ ਉਹ ਆਪਣੀ ਰਚਨਾ ਪ੍ਰਤੀ ਸੁਚੇਤ, ਸੱਚਾ-ਸੁੱਚਾ, ਈਮਾਨਦਾਰ ਅਤੇ ਨੇਕ-ਨੀਯਤ ਨਹੀਂ ਹੋ ਸਕਦਾ।

ਸੰਤ ਬਿਸ਼ਨ ਸਿੰਘ ਕ੍ਰੀਟ ਦੀਆਂ ਰਚਨਾਵਾਂ ਅਤੇ ਉਸਦੇ ਵਿਅਕਤਿਤਵ ਨੂੰ ਉਪਰੋਕਤ ਕਸੱਵਟੀ ਤੇ ਪਰਖਣਾ ਕੋਈ ਕਠਿਨ ਤੇ ਅਨੋਖੀ ਬਾਤ ਨਹੀਂ ਹੈ। ਬਿਸ਼ਨ ਸਿੰਘ ਕ੍ਰੀਟ ਸਾਡੀ ਰਿਆਸਤ ਦਾ ਜਿਥੇ ਪ੍ਰਸਿੱਧ ਧਾਰਮਿਕ ਪ੍ਰਚਾਰਕ ਸੀ ਉਥੇ ਉਹ ਅਜਿਹਾ ਕੁਦਰਤ ਦਾ ਕਵੀ ਹੋ ਨਿਬੜਿਆ ਹੈ ਜਿਸ ਦੀਆਂ ਛੋਟੀਆਂ-ਛੋਟੀਆਂ ਕਵਿਤਾਵਾਂ ਸ਼ਹਿਦ ਵਾਂਗ ਮਿੱਠੀਆਂ ਅਤੇ ਰੂਹ ਨੂੰ ਭਾਉਂਦੀਆਂ ਹਨ।

ਬਿਸ਼ਨ ਸਿੰਘ ਕ੍ਰੀਟ ਦਾ ਜਨਮ 1895 ਈ. ਵਿੱਚ ਬਾਨਤੀਨ, ਸੁਧਨੂਤੀ (ਹੁਣ ਪਾਕਿਸਤਾਨ ਵਿਚੱਲਾ ਕਸ਼ਮੀਰ) ਵਿੱਚ ਸ੍ਰ: ਮੰਗਲ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਉਨ੍ਹਾਂ ਡੇਰਾ ਸੰਤਪੁਰਾ ਨੰਗਾਲੀ ਸਾਹਿਬ ਜਾ ਕੇ ਮੁੱਢਲੀ ਵਿਦਿਆ ਹਾਸਿਲ ਕੀਤੀ ਅਤੇ ਫਿਰ ਅੰਮ੍ਰਿਤਸਰ ਆ ਗਏ। ਇਥੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰ ਕੇ ਸਿੱਖ ਧਰਮ ਅਤੇ ਗੁਰਮਤਿ ਸਿਧਾਂਤਾਂ ਦੀ ਮੁੱਢਲੀ ਜਾਣਕਾਰੀ ਪ੍ਰਾਪਤ ਕੀਤੀ। 1914 ਦੇ ਪਹਿਲੇ ਸੰਸਾਰ ਯੁੱਧ ਸਮੇਂ ਫੌਜ ਵਿੱਚ ਭਰਤੀ ਹੋ ਕੇ ਈਰਾਕ, ਮਿਸਰ, ਫਰਾਂਸ ਆਦਿ ਜਾ ਕੇ ਦੇਸ਼ ਸੇਵਾ ਵਿੱਚ ਜੁੱਟ ਗਏ। ਫਿਰ ਨੌਕਰੀ ਛੱਡ ਕੇ ਅਕਾਲੀ ਮੋਰਚਿਆਂ ਵਿੱਚ ਹਿੱਸਾ ਲਿਆ, ਜੇਲ੍ਹ ਯਾਤਰਾ ਕੀਤੀ। ਕਾਫ਼ੀ ਸਮਾਂ ਸ਼੍ਰੋਮਣੀ ਕਮੇਟੀ ਨਾਲ ਸੰਬੰਧਤ ਰਹਿ ਕੇ ਹਰਿਮੰਦਰ ਸਾਹਿਬ, ਤਰਨਤਾਰਨ ਦੇ ਹੈਡ ਗ੍ਰੰਥੀ ਦੀ ਸੇਵਾ ਨਿਭਾਈ। ਸ਼੍ਰੋਮਣੀ ਕਮੇਟੀ ਤੋਂ ਸੇਵਾਮੁਕਤ ਹੋ ਕੇ ਆਪ ਜੀ ਨਿਰਮਲ ਸੰਪ੍ਰਦਾਇ ਵਿੱਚ ਸ਼ਾਮਲ ਹੋ ਕੇ ਦੋ ਸਦੀਆਂ ਤੱਕ 'ਨਿਰਮਲ ਪੱਤਰ' ਦੇ ਐਡੀਟਰ ਰਹੇ। ਅਰਬੀ, ਫ਼ਾਰਸੀ, ਉਰਦੂ ਅਤੇ ਸੰਸਕ੍ਰਿਤ ਦੇ ਵਿਦਵਾਨਾਂ ਵਿੱਚ ਗਿਣੇ ਜਾਂਦੇ ਸਨ। ਆਪ ਨੇ ਆਪਣੀ ਉਮਰ ਦੇ ਅੰਤ ਤੱਕ ਗੁਰੂ ਨਾਨਕ ਦੇ ਮਿਸ਼ਨ ਦਾ ਪ੍ਰਚਾਰ ਕੀਤਾ। ਪੱਕਾ ਠਿਕਾਣਾ ਹਰਦਵਾਰ ਹੀ ਰਖਿਆ ਸੀ।

ਬਿਸ਼ਨ ਸਿੰਘ ਕ੍ਰੀਟ ਨੇ ਮਾਂ ਬੋਲੀ ਪੰਜਾਬੀ ਵਿੱਚ ਹੁਣ ਤੱਕ ਸਤ ਕਾਵਿ ਸੰਗ੍ਰਹਿ ਲਿਖੇ ਹਨ ਜਿਵੇਂ ਦੇਸ਼ ਜਗਾਵਾਂ, ਨੂਰੀ ਝਲਕਾਂ, ਜੀਵਨ ਫੁਹਾਰ, ਜ਼ਿੰਦਗੀ ਦੇ ਮੋੜ, ਡੁਲ੍ਹਦਾ ਜੋਬਨ, ਮਿੱਠਾ ਨਾਨਕ, ਬਿੱਖਰੇ ਮੋਤੀ। ਇਨ੍ਹਾਂ ਤੋਂ ਇਲਾਵਾ ਦੋ ਵਾਰਤਕ ਪੁਸਤਕਾਂ ਨੂਰੀ-ਜੀਵਨ ਅਤੇ ਅੰਮ੍ਰਿਤ ਬਚਨ ਤੇ ਸੰਤ ਦਰਸ਼ਨ ਵੀ ਪਾਠਕਾਂ ਨੂੰ ਦਿੱਤੇ ਹਨ।

ਕ੍ਰੀਟ ਜੀ ਦੀਆਂ ਕਵਿਤਾਵਾਂ ਜਿਥੇ ਸਾਦਗੀ, ਮਿਠਾਸ ਅਤੇ ਸਰਲਤਾ ਦੀ ਮੂੰਹ ਬੋਲਦੀ ਤਸਵੀਰ ਝੱਲਕਾਰਾ ਮਾਰਦੀ ਹੈ ਉਥੇ ਖ਼ਿਆਲਾਂ ਦੀ ਪ੍ਰੁੱਖਤਗੀ ਅਤੇ ਸਵੱਛਤਾ ਆਪਮੁਹਾਰੇ ਸਾਹਮਣੇ ਆ ਜਾਂਦੀ ਹੈ। ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਕੁਦਰਤ ਦੇ ਰੰਗ, ਦੇਸ਼ ਪਿਆਰ, ਸਰਲਤਾ ਅਤੇ ਸਾਦਗੀ ਦੇ ਚੁਗਿਰਦੇ ਘੁੰਮਦੀ ਨਜ਼ਰੀ ਪੈਂਦੀ ਹੈ। ਕਦੀ-ਕਦੀ ਉਨ੍ਹਾਂ ਦੀ

ਕਾਵਿ-ਕਲਾ ਸਮੁੱਚੇ ਮਾਨਵੀ ਜੀਵਨ ਹੀ ਨਹੀਂ ਸਗੋਂ ਪੂਰੀ ਕਾਇਨਾਤ ਨੂੰ ਕਲਾਵੇ ਭਰਦੀ ਦਿਸਦੀ ਹੈ।

ਕ੍ਰੀਟ ਜੀ ਨੇ ਕਾਦਰ ਦੀ ਕੁਦਰਤ ਨੂੰ ਸਿਧੇ ਰੂਪ ਵਿੱਚ ਵੀ ਪੇਸ਼ ਕੀਤਾ ਹੈ ਉਥੇ ਅਪ੍ਰੋਖ ਰੂਪ ਵਿੱਚ ਵੀ। ਕਵਿਤਾ ਦੀ ਧੁਨੀ ਆਪਣੇ ਅੰਦਰੋਂ ਤਦ ਹੀ ਉਤਪੰਨ ਹੁੰਦੀ ਹੈ ਜੇਕਰ ਉਨ੍ਹਾਂ ਵਿੱਚ ਪ੍ਰਗਟਾਏ ਹਾਵ-ਭਾਵ, ਕਾਦਰ ਦੀ ਕੁਦਰਤ-ਅਨੁਭਵ ਦੀ ਭੱਠੀ ਵਿਚੋਂ ਪੱਕ ਨਿਕਲੇ ਹੋਣ।

ਧਰਤੀ ਦੇਗ ਬਣਾਈ ਕਰਤੇ/ਅੱਗ ਪਾਣੀ ਵਿੱਚ ਠੰਡਾ ਤੱਤਾ
ਛੱਤੀ ਪਦਾਰਥ ਵਿਚੇ ਰਖੇ/ਫਲ, ਫੁਲ, ਰੁੱਖ ਤੇ ਪਤਾ।
ਖਨਜ਼ ਪਦਾਰਥ ਲੱਖਾਂ ਅੰਦਰ/ਅੰਮ੍ਰਿਤ ਜ਼ਹਿਰ ਤੇ ਤੇਲ,
ਪੱਥਰ, ਪਾਰਸ, 'ਕ੍ਰੀਟ' ਕਰੋੜਾਂ/ਸੱਭ ਵਿੱਚ ਰੱਖੀ ਸੱਤਾ।[1]

ਕਵੀ ਦੀਆਂ ਬਹੁਤੀਆਂ ਕਵਿਤਾਵਾਂ ਉਸਦੇ ਤੜਫਦੇ, ਗੌਝਦੇ, ਤੇ ਝੂਰਦੇ ਹਿਰਦੇ ਦੀ ਵਿਲਕਣੀ ਹਨ। ਨਿੱਕੀਆਂ ਮਿੱਠੀਆਂ ਕਵਿਤਾਵਾਂ ਆਪਣੇ ਸਾਰੇ ਚੌਗਿਰਦੇ ਨੂੰ ਸੁਗੰਧਿਤ ਕਰ ਦੇਂਦੀਆਂ ਹਨ। ਕਵਿਤਾਵਾਂ ਵਿੱਚ ਕਾਦਰ ਦੀ ਕੁਦਰਤ ਦੇ ਰੂਬਰੂ ਪਿਆਰ, ਰਹੱਸਵਾਦ, ਵਤਨ ਦਾ ਪਿਆਰ, ਅਧਿਆਤਮਵਾਦ ਦੇ ਵਿਸ਼ੇ ਸੂਰਜੀ ਕਰਨਾਂ ਵਾਂਗ ਨਜ਼ਰੀ ਪੈਂਦੇ ਹਨ। ਉਹ ਕਵਿਤਾ ਨੂੰ ਇੱਕ ਤਪੱਸਵੀ ਵਾਂਗ ਜੀਵਿਆ ਹੈ ਬਕੌਲ ਉਸ ਦੇ "ਮੇਰੀ ਬੀਤ ਰਹੀ ਉਮਰ ਮੇਰੀ ਕਵਿਤਾ ਦੇ ਸਮੇਂ ਵਿੱਚ ਵਾਧਾ ਹੀ ਵਾਧਾ ਕਰਦੀ ਜਾ ਰਹੀ ਹੈ ਅਤੇ ਵਧੇਰੇ ਉਤਸਾਹ ਅਤੇ ਲਗਣ ਨਾਲ ਕਵਿਤਾ ਦੀ ਰਚਨਾ ਕਰਦਾ ਜਾ ਰਿਹਾ ਹਾਂ ਅਤੇ ਇਹ ਕਾਰਜ ਸਮੇਂ ਜੀਵਨ ਦੇ ਅੰਤਲੇ ਛਿਣਾਂ ਤੱਕ ਜਾਰੀ ਰਹੇਗਾ। ਕਾਵਿ ਰਚਨਾ ਮੇਰੀ ਤੱਪਸਿਆ ਹੈ, ਮੇਰਾ ਬਹੁਮੁਲਾ ਸਰਮਾਇਆ ਹੈ।[2]

ਉਪਰੋਕਤ ਸ਼ਬਦਾਂ ਦੀ ਗੂੰਜ ਉਦੋਂ ਸੱਚ ਸੁਣਾਈ ਦੇਂਦੀ ਹੈ ਜਦੋਂ ਉਨ੍ਹਾਂ ਦੇ ਗੁਰਪੁਰੀ ਸਿਧਾਰਨ ਤੋਂ ਬਾਅਦ 'ਮਿੱਠੀਆਂ ਤਾਂਘਾਂ' ਕਾਵਿ ਸੰਗ੍ਰਹਿ ਪ੍ਰੈਸ ਵਿੱਚ ਛੱਪ ਚੁੱਕਾ ਹੈ।

ਕ੍ਰੀਟ ਜੀ ਦੀ ਕਵਿਤਾ ਧਾਰਮਿਕ-ਪ੍ਰੇਮ ਅਤੇ ਪ੍ਰਕਿਰਤੀ-ਪ੍ਰੇਮ, ਦੋਹਾਂ ਦੇ ਭਾਵਾਂ ਨੂੰ ਇਕੱਠਾ ਕਰਕੇ ਰੋਜ਼ਾਨਾ ਜੀਵਨ ਦੇ ਚਿੰਨ੍ਹਾਂ ਨੂੰ ਵਰਤ ਕੇ ਆਪਣੀ ਸੁਚਿੰਤੀ-ਨੀਝ ਅਤੇ ਪ੍ਰੋੜ ਕਲਾਤਮਿਕਤਾ ਦਾ ਸਬੂਤ ਪੇਸ਼ ਕਰਦੀ ਹੈ।

ਪ੍ਰੇਮ ਤਣਾਵਾਂ ਵਿੱਚ ਧਰਤੀ ਇਹ ਟਿੱਕੀ ਹੋਈ,
ਪ੍ਰੇਮ ਜੰਜ਼ੀਰਾਂ ਵਿੱਚ ਬੰਨਿਆ ਆਕਾਸ਼ ਹੈ।
ਪ੍ਰੇਮ ਦੀਆਂ ਲਿਸ਼ਕਾਂ ਹੀ ਉਤਪੋਤ ਦਿਸਦੀਆਂ ਨੇ,
ਪ੍ਰੇਮ ਦੀਆਂ ਚਿਣਗਾਂ ਦਾ ਦਿਸਦਾ ਪਾਸਾਰ ਹੈ।
ਪ੍ਰੇਮ ਦਾ ਪਸਾਰਾ ਸਾਰਾ ਪੈਸ ਦਾ ਰਾਗ-ਰੰਗ,
ਪ੍ਰੇਮ ਵਿੱਚ ਜੀਅ ਜੰਤ ਲੈ ਰਿਹਾ, ਹੁਲਾਸ ਹੈ।[3]

ਪ੍ਰਕਿਰਤੀ ਵਿਚੋਂ ਵੀ ਉਹ ਮਨੁੱਖ ਪਾਤਰ ਤੋਂ ਮਗਰੋਂ ਫੁੱਲਾਂ, ਪੱਤੀਆਂ, ਨਦੀਆਂ, ਪਹਾੜਾਂ ਆਦਿ ਪ੍ਰਤੀ ਖਾਸ ਸਨੇਹ ਹੀ ਨਹੀਂ ਪ੍ਰਗਟਾਉਂਦਾ ਸਗੋਂ ਇਨ੍ਹਾਂ ਦੀ ਉਪਾਸਨਾ ਕਰਦਾ ਲਗਦਾ ਹੈ। ਉਸ ਦੀਆਂ ਹੋਰ ਵੀ ਪ੍ਰਕਿਰਤੀ ਪ੍ਰਤੀ ਸਨੇਹ-ਭਿਜੀਆਂ ਭਾਵਨਾਵਾਂ ਉਸ ਨੂੰ ਮੰਤਰ-ਮੁਗਧ ਕਰੀ ਰੱਖਦੀਆਂ ਹਨ ਤਦੇ ਹੀ ਤਾਂ- ਕਸ਼ਮੀਰ, ਨਖਰੇ, ਅਨੋਖਾ ਦੇਸ਼, ਕੁੜੀਆਂ ਚਿੜੀਆਂ, ਥੋਹਰ, ਸੋਹਣੇ ਪੰਛੀ, ਪਿੜੇ ਫੁੱਲ, ਸਾਵਣ, ਸ਼ਹਿਦ ਦੀ ਮੱਖੀ, ਪੱਤਰ ਚਿਨਾਰ ਦੇ, ਬਰਸ ਰੁੱਤੇ,

ਝੜੀਆਂ ਆਦਿ ਉਸ ਦੀ ਸੁਰਤੀ ਦੇ ਗਠਨ ਮੰਡਲ ਤੇ ਛਾਏ ਰਹਿੰਦੇ ਹਨ। ਖੈਰ ਉਸਦੇ ਕਾਵਿ ਸੰਗ੍ਰਹਿਆਂ ਵਿੱਚ ਕਾਦਰ ਦੀ ਕੁਦਰਤ, ਮਜ਼ਦੂਰਾਂ, ਗਰੀਬਾਂ, ਪ੍ਰਕਿਰਤੀ ਅੰਸ਼, ਪੰਜਾਬੀਅਤ ਰੰਗੇ ਚੌਗਿਰਦੇ ਦੀ ਆਭਾ ਡੁਲਕਦੀ ਦਿਖਾਈ ਦਿੰਦੀ ਹੈ। ਦੇਸ਼-ਪ੍ਰੇਮ ਅਤੇ ਆਪਣੀ ਮਿੱਟੀ ਨੂੰ ਅਨੇਕ ਰੂਪਾਂ ਤੇ ਰੰਗਾਂ ਵਿੱਚ ਕਾਨੀਬਦ ਕੀਤਾ ਹੈ। ਇੰਝ ਉਹ ਛੋਟੀਆਂ ਪਰ ਸਾਰਥਕ ਰਚਨਾਵਾਂ ਦੀ ਸਿਰਜਣਾ ਕਰ ਕੇ ਹੋਰ ਵੀ ਸਾਰਥਕ ਹੋ ਨਿੱਬੜਦਾ ਹੈ।

ਬਹੁਤੀਆਂ ਕਵਿਤਾਵਾਂ ਵਿੱਚ ਗੁਰਬਾਣੀ ਦੇ ਵਿਸ਼ਿਆਂ ਨੂੰ ਸਰਲ ਤੇ ਚੰਗੇ ਢੰਗ ਨਾਲ ਪੇਸ਼ ਕੀਤਾ ਹੈ। ਉਸ ਸਿੱਖੀ ਦੇ ਮੁੱਢਲੇ ਅਕੀਦਿਆਂ ਅਤੇ ਉਦੇਸ਼ਾਂ ਨੂੰ ਚੁੰਮਿਆ ਤੇ ਮਸਤਕ ਸੰਗ ਛੁਹਾਇਆ ਹੈ। ਜਿਵੇਂ ਅੰਮ੍ਰਿਤ ਘੁਟ, ਰੱਬ ਦਾ ਰੂਪ, ਰੱਬ ਦੀ ਰਜ਼ਾ, ਧਰਮ ਪ੍ਰਚਾਰ, ਅੰਮ੍ਰਿਤ ਬਚਨ, ਨਾਨਕ ਦੀਦ, ਸ਼ਹਾਦਤ ਗੁਰੂ ਅਰਜਨ, ਮਾਤਾ ਭਾਗਭਰੀ, ਗੁਰੂ ਤੇਗ ਬਹਾਦਰ, ਗੁਰੂ ਮਿੱਠਾ, ਅੰਮ੍ਰਿਤਸਰ, ਰਬੀ ਨੂਰ ਗੁਰੂ ਨਾਨਕ ਆਦਿ ਕਵਿਤਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਨੂੰ ਮੰਨ ਦੇ ਕੈਨਵਸ ਤੇ ਇੰਝ ਅੰਕਿਤ ਕੀਤਾ ਹੈ।

ਇਧਰ ਸ਼ਾਤ ਰਸ ਪਿਆਰ ਤੇ ਏਕਤਾ ਹੈ
ਉਧਰ ਬੀਰ ਰਸ ਪਿਆਰ ਵਧਾਣ ਦੇ ਲਈ
ਇਧਰ ਰਹਿਮ ਤੇ ਰਸ ਦੀ ਵਗੇ ਗੰਗਾ
ਉਧਰ ਜ਼ੋਰ ਹੈ ਜ਼ੁਲਮ ਮਿਟਾਨ ਦੇ ਲਈ,
ਇਧਰ ਗੋਦੀ ਲੈ ਕ੍ਰੀਟ ਪਿਆਰ ਕਰਦੇ
ਉਧਰ ਪਾਲਣਾ ਲਈ ਖੇਤ ਲਾਲ ਹੋਇਆ।
ਇਧਰ ਦਿਸਦੇ ਨੇ 'ਨਾਨਕ' ਨਿਰੰਕਾਰੀ
ਉਧਰ ਸਿੰਘ ਗੋਬਿੰਦ ਆਕਾਲ ਹੋਇਆ।

ਜੰਮੂ ਕਸ਼ਮੀਰ ਦੀ ਪੰਜਾਬੀ ਕਵਿਤਾ ਨੂੰ ਮੌਲਿਕਤਾ ਦੀ ਪਿਉਂਦ ਲਾਕੇ, ਰਸੀਲਾਪਣ ਪਰਦਾਨ ਕਰਨੀ 'ਕ੍ਰੀਟ' ਦੇ ਕਾਵਿ ਦਾ ਇੱਕ ਹੋਰ ਲੱਛਣ ਹੈ।

ਸਮੁੱਚੇ ਰੂਪ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ (ਸੰਤ) ਬਿਸ਼ਨ ਸਿੰਘ 'ਕ੍ਰੀਟ' ਨੇ ਕਾਇਨਾਤ ਵਿੱਚ ਵਿੱਚਰ ਰਹੀ ਹਰ ਚੀਜ਼ ਦਾ ਬਾਖ਼ੂਬੀ ਚਿਤਰਣ ਅਤੇ ਅਨੁਭਵ ਨੂੰ ਹੰਢਾ ਚੁਕੇ ਜੀਵਨ ਦੀ ਦ੍ਰਿਸ਼ਟੀ ਤੋਂ ਇੱਕ ਅਹਿਮ ਭੂਮਿਕਾ ਚਿੱਤਰੀ ਹੈ।

ਟਿੱਪਣੀਆਂ ਤੇ ਹਵਾਲੇ

1. ਜ਼ਿੰਦਗੀ ਦੇ ਮੋੜ, ਪੰਨਾ 32
2. ਲੰਘਦੇ ਜਾਂਦੇ ਕਾਫਲੇ, ਪੰਨਾ 8
3. ਜ਼ਿੰਦਗੀ ਦੇ ਮੋੜ, ਪੰਨਾ 19

***

ਕਾਵਿ-ਕਲਾ ਸਮੁੱਚੇ ਮਾਨਵੀ ਜੀਵਨ ਹੀ ਨਹੀਂ ਸਗੋਂ ਪੂਰੀ ਕਾਇਨਾਤ ਨੂੰ ਕਲਾਵੇ ਭਰਦੀ ਦਿਸਦੀ ਹੈ।

ਕ੍ਰੀਟ ਜੀ ਨੇ ਕਾਦਰ ਦੀ ਕੁਦਰਤ ਨੂੰ ਸਿਧੇ ਰੂਪ ਵਿੱਚ ਵੀ ਪੇਸ਼ ਕੀਤਾ ਹੈ ਉਥੇ ਅਪ੍ਰੋਖ ਰੂਪ ਵਿੱਚ ਵੀ। ਕਵਿਤਾ ਦੀ ਧੁਨੀ ਆਪਣੇ ਅੰਦਰੋਂ ਤਦ ਹੀ ਉਤਪੰਨ ਹੁੰਦੀ ਹੈ ਜੇਕਰ ਉਨ੍ਹਾਂ ਵਿੱਚ ਪ੍ਰਗਟਾਏ ਹਾਵ-ਭਾਵ, ਕਾਦਰ ਦੀ ਕੁਦਰਤ-ਅਨੁਭਵ ਦੀ ਭੱਠੀ ਵਿਚੋਂ ਪੱਕ ਨਿਕਲੇ ਹੋਣ।

ਧਰਤੀ ਦੇਗ ਬਣਾਈ ਕਰਤੇ/ਅੱਗ ਪਾਣੀ ਵਿੱਚ ਠੰਡਾ ਤੱਤਾ
ਛੱਤੀ ਪਦਾਰਥ ਵਿਚੇ ਰਖੇ/ਫਲ, ਫੁਲ, ਰੁੱਖ ਤੇ ਪਤਾ।
ਖਨਜ਼ ਪਦਾਰਥ ਲੱਖਾਂ ਅੰਦਰ/ਅੰਮ੍ਰਿਤ ਜ਼ਹਿਰ ਤੇ ਤੇਲ,
ਪੱਥਰ, ਪਾਰਸ, 'ਕ੍ਰੀਟ' ਕਰੋੜਾਂ/ਸੱਭ ਵਿੱਚ ਰੱਖੀ ਸੱਤਾ।[1]

ਕਵੀ ਦੀਆਂ ਬਹੁਤੀਆਂ ਕਵਿਤਾਵਾਂ ਉਸਦੇ ਤੜਫ਼ਦੇ, ਰੀਝਦੇ, ਤੇ ਝੂਰਦੇ ਹਿਰਦੇ ਦੀ ਵਿਲਕਣੀ ਹਨ। ਨਿੱਕੀਆਂ ਮਿੱਠੀਆਂ ਕਵਿਤਾਵਾਂ ਆਪਣੇ ਸਾਰੇ ਚੌਗਿਰਦੇ ਨੂੰ ਸੁਗੰਧਿਤ ਕਰ ਦੇਂਦੀਆਂ ਹਨ। ਕਵਿਤਾਵਾਂ ਵਿੱਚ ਕਾਦਰ ਦੀ ਕੁਦਰਤ ਦੇ ਰੂਬਰੂ ਪਿਆਰ, ਰਹੱਸਵਾਦ, ਵਤਨ ਦਾ ਪਿਆਰ, ਅਧਿਆਤਮਵਾਦ ਦੇ ਵਿਸ਼ੇ ਸੂਰਜੀ ਕਰਨਾਂ ਵਾਂਗ ਨਜ਼ਰੀ ਪੈਂਦੇ ਹਨ। ਉਹ ਕਵਿਤਾ ਨੂੰ ਇੱਕ ਤਪੱਸਵੀ ਵਾਂਗ ਜੀਵਿਆ ਹੈ ਬਕੌਲ ਉਸ ਦੇ "ਮੇਰੀ ਬੀਤ ਰਹੀ ਉਮਰ ਮੇਰੀ ਕਵਿਤਾ ਦੇ ਸਮੇਂ ਵਿੱਚ ਵਾਧਾ ਹੀ ਵਾਧਾ ਕਰਦੀ ਜਾ ਰਹੀ ਹੈ ਅਤੇ ਵਧੇਰੇ ਉਤਸਾਹ ਅਤੇ ਲਗਣ ਨਾਲ ਕਵਿਤਾ ਦੀ ਰਚਨਾ ਕਰਦਾ ਜਾ ਰਿਹਾ ਹਾਂ ਅਤੇ ਇਹ ਕਾਰਜ ਸਮੇਂ ਜੀਵਨ ਦੇ ਅੰਤਲੇ ਛਿਣਾਂ ਤੱਕ ਜਾਰੀ ਰਹੇਗਾ। ਕਾਵਿ ਰਚਨਾ ਮੇਰੀ ਤੱਪਸਿਆ ਹੈ, ਮੇਰਾ ਬਹੁਮੁਲਾ ਸਰਮਾਇਆ ਹੈ।[2]

ਉਪਰੋਕਤ ਸ਼ਬਦਾਂ ਦੀ ਗੂੰਜ ਉਦੋਂ ਸੱਚ ਸੁਣਾਈ ਦੇਂਦੀ ਹੈ ਜਦੋਂ ਉਨ੍ਹਾਂ ਦੇ ਗੁਰਪੁਰੀ ਸਿਧਾਰਨ ਤੋਂ ਬਾਅਦ 'ਮਿੱਠੀਆਂ ਤਾਂਘਾਂ' ਕਾਵਿ ਸੰਗ੍ਰਹਿ ਪ੍ਰੈਸ ਵਿੱਚ ਛੱਪ ਚੁੱਕਾ ਹੈ।

ਕ੍ਰੀਟ ਜੀ ਦੀ ਕਵਿਤਾ ਧਾਰਮਿਕ-ਪ੍ਰੇਮ ਅਤੇ ਪ੍ਰਕਿਰਤੀ-ਪ੍ਰੇਮ, ਦੋਹਾਂ ਦੇ ਭਾਵਾਂ ਨੂੰ ਇਕੱਠਾ ਕਰਕੇ ਰੋਜ਼ਾਨਾ ਜੀਵਨ ਦੇ ਚਿੰਨ੍ਹਾਂ ਨੂੰ ਵਰਤ ਕੇ ਆਪਣੀ ਸੁਚਿੰਤੀ-ਨੀਝ ਅਤੇ ਪ੍ਰੌੜ ਕਲਾਤਮਿਕਤਾ ਦਾ ਸਬੂਤ ਪੇਸ਼ ਕਰਦੀ ਹੈ।

ਪ੍ਰੇਮ ਤਣਾਵਾਂ ਵਿੱਚ ਧਰਤੀ ਇਹ ਟਿੱਕੀ ਹੋਈ,
ਪ੍ਰੇਮ ਜੰਜ਼ੀਰਾਂ ਵਿੱਚ ਬੰਨਿਆ ਆਕਾਸ਼ ਹੈ।
ਪ੍ਰੇਮ ਦੀਆਂ ਲਿਸ਼ਕਾਂ ਹੀ ਉਤਪੋਤ ਦਿਸਦੀਆਂ ਨੇ,
ਪ੍ਰੇਮ ਦੀਆਂ ਚਿਣਗਾਂ ਦਾ ਦਿਸਦਾ ਪਾਸਾਰ ਹੈ।
ਪ੍ਰੇਮ ਦਾ ਪਸਾਰਾ ਸਾਰਾ ਪੈਸ ਦਾ ਰਾਗ-ਰੰਗ,
ਪ੍ਰੇਮ ਵਿੱਚ ਜੀਅ ਜੰਤ ਲੈ ਰਿਹਾ, ਹੁਲਾਸ ਹੈ।[3]

ਪ੍ਰਕਿਰਤੀ ਵਿਚੋਂ ਵੀ ਉਹ ਮਨੁੱਖ ਪਾਤਰ ਤੋਂ ਮਗਰੋਂ ਫੁੱਲਾਂ, ਪੱਤੀਆਂ, ਨਦੀਆਂ, ਪਹਾੜਾਂ ਆਦਿ ਪ੍ਰਤੀ ਖਾਸ ਸਨੇਹ ਹੀ ਨਹੀਂ ਪ੍ਰਗਟਾਉਂਦਾ ਸਗੋਂ ਇਨ੍ਹਾਂ ਦੀ ਉਪਾਸਨਾ ਕਰਦਾ ਲਗਦਾ ਹੈ। ਉਸ ਦੀਆਂ ਹੋਰ ਵੀ ਪ੍ਰਕਿਰਤੀ ਪ੍ਰਤੀ ਸਨੇਹ-ਭਿਜੀਆਂ ਭਾਵਨਾਵਾਂ ਉਸ ਨੂੰ ਮੰਤਰ-ਮੁਗਧ ਕਰੀ ਰੱਖਦੀਆਂ ਹਨ ਤਦੇ ਹੀ ਤਾਂ- ਕਸ਼ਮੀਰ, ਨਖਰੇ, ਅਨੋਖਾ ਦੇਸ਼, ਕੁੜੀਆਂ ਚਿੜੀਆਂ, ਥੋਹਰ, ਸੋਹਣੇ ਪੰਛੀ, ਪਿੜੇ ਫੁੱਲ, ਸਾਵਣ, ਸ਼ਹਿਦ ਦੀ ਮੱਖੀ, ਪੱਤਰ ਚਿਨਾਰ ਦੇ, ਬਰਸ ਰੁੱਤੇ,

ਝੜੀਆਂ ਆਦਿ ਉਸ ਦੀ ਸੁਰਤੀ ਦੇ ਗਠਨ ਮੰਡਲ ਤੇ ਛਾਏ ਰਹਿੰਦੇ ਹਨ। ਖੈਰ ਉਸਦੇ ਕਾਵਿ ਸੰਗ੍ਰਹਿਆਂ ਵਿੱਚ ਕਾਦਰ ਦੀ ਕੁਦਰਤ, ਮਜ਼ਦੂਰਾਂ, ਗਰੀਬਾਂ, ਪ੍ਰਕਿਰਤੀ ਅੰਸ਼, ਪੰਜਾਬੀਅਤ ਰੰਗੇ ਚੌਗਿਰਦੇ ਦੀ ਆਭਾ ਡੁਲਕਦੀ ਦਿਖਾਈ ਦਿੰਦੀ ਹੈ। ਦੇਸ਼-ਪ੍ਰੇਮ ਅਤੇ ਆਪਣੀ ਮਿੱਟੀ ਨੂੰ ਅਨੇਕ ਰੂਪਾਂ ਤੇ ਰੰਗਾਂ ਵਿੱਚ ਕਾਨੀਬਦ ਕੀਤਾ ਹੈ। ਇੰਞ ਉਹ ਛੋਟੀਆਂ ਪਰ ਸਾਰਥਕ ਰਚਨਾਵਾਂ ਦੀ ਸਿਰਜਣਾ ਕਰ ਕੇ ਹੋਰ ਵੀ ਸਾਰਥਕ ਹੋ ਨਿੱਬੜਦਾ ਹੈ।

ਬਹੁਤੀਆਂ ਕਵਿਤਾਵਾਂ ਵਿੱਚ ਗੁਰਬਾਣੀ ਦੇ ਵਿਸ਼ਿਆਂ ਨੂੰ ਸਰਲ ਤੇ ਚੰਗੇ ਢੰਗ ਨਾਲ ਪੇਸ਼ ਕੀਤਾ ਹੈ। ਉਸ ਸਿੱਖੀ ਦੇ ਮੁੱਢਲੇ ਅਕੀਦਿਆਂ ਅਤੇ ਉਦੇਸ਼ਾਂ ਨੂੰ ਚੁੰਮਿਆ ਤੇ ਮਸਤਕ ਸੰਗ ਛੁਹਾਇਆ ਹੈ। ਜਿਵੇਂ ਅੰਮ੍ਰਿਤ ਘੁਟ, ਰੱਬ ਦਾ ਰੂਪ, ਰੱਬ ਦੀ ਰਜ਼ਾ, ਧਰਮ ਪ੍ਰਚਾਰ, ਅੰਮ੍ਰਿਤ ਬਚਨ, ਨਾਨਕ ਦੀਦ, ਸ਼ਹਾਦਤ ਗੁਰੂ ਅਰਜਨ, ਮਾਤਾ ਭਾਗਭਰੀ, ਗੁਰੂ ਤੇਗ ਬਹਾਦਰ, ਗੁਰੂ ਮਿੱਠਾ, ਅੰਮ੍ਰਿਤਸਰ, ਰਬੀ ਨੂਰ ਗੁਰੂ ਨਾਨਕ ਆਦਿ ਕਵਿਤਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਨੂੰ ਮੰਨ ਦੇ ਕੈਨਵਸ ਤੇ ਇੰਞ ਅੰਕਿਤ ਕੀਤਾ ਹੈ।

ਇਧਰ ਸ਼ਾਂਤ ਰਸ ਪਿਆਰ ਤੇ ਏਕਤਾ ਹੈ
ਉਧਰ ਬੀਰ ਰਸ ਪਿਆਰ ਵਧਾਣ ਦੇ ਲਈ
ਇਧਰ ਰਹਿਮ ਤੇ ਰਸ ਦੀ ਵਗੇ ਗੰਗਾ
ਉਧਰ ਜ਼ੋਰ ਹੈ ਜ਼ੁਲਮ ਮਿਟਾਨ ਦੇ ਲਈ,
ਇਧਰ ਗੋਦੀ ਲੈ ਕ੍ਰੀਟ ਪਿਆਰ ਕਰਦੇ
ਉਧਰ ਪਾਲਣਾ ਲਈ ਖੇਤ ਲਾਲ ਹੋਇਆ।
ਇਧਰ ਦਿਸਦੇ ਨੇ 'ਨਾਨਕ' ਨਿਰੰਕਾਰੀ
ਉਧਰ ਸਿੰਘ ਗੋਬਿੰਦ ਆਕਾਲ ਹੋਇਆ।

ਜੰਮੂ ਕਸ਼ਮੀਰ ਦੀ ਪੰਜਾਬੀ ਕਵਿਤਾ ਨੂੰ ਮੌਲਿਕਤਾ ਦੀ ਪਿਊਂਦ ਲਾਕੇ, ਰਸੀਲਾਪਣ ਪਰਦਾਨ ਕਰਨੀ 'ਕ੍ਰੀਟ' ਦੇ ਕਾਵਿ ਦਾ ਇੱਕ ਹੋਰ ਲੱਛਣ ਹੈ।

ਸਮੁੱਚੇ ਰੂਪ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ (ਸੰਤ) ਬਿਸ਼ਨ ਸਿੰਘ 'ਕ੍ਰੀਟ' ਨੇ ਕਾਇਨਾਤ ਵਿੱਚ ਵਿੱਚਰ ਰਹੀ ਹਰ ਚੀਜ਼ ਦਾ ਬਾਖੂਬੀ ਚਿਤਰਣ ਅਤੇ ਅਨੁਭਵ ਨੂੰ ਹੰਢਾ ਚੁਕੇ ਜੀਵਨ ਦੀ ਦ੍ਰਿਸ਼ਟੀ ਤੋਂ ਇੱਕ ਅਹਿਮ ਭੂਮਿਕਾ ਚਿੱਤਰੀ ਹੈ।

ਟਿੱਪਣੀਆਂ ਤੇ ਹਵਾਲੇ

1. ਜ਼ਿੰਦਗੀ ਦੇ ਮੋੜ, ਪੰਨਾ 32
2. ਲੰਘਦੇ ਜਾਂਦੇ ਕਾਫਲੇ, ਪੰਨਾ 8
3. ਜ਼ਿੰਦਗੀ ਦੇ ਮੋੜ, ਪੰਨਾ 19

* * *

ਗਿਆਨੀ ਜੀ ਨੇ ਇਸ ਖੂਨੀ ਘੱਲੂਘਾਰੇ ਦਾ ਚਿਸ਼ਮਦੀਦ ਗਵਾਹ ਬਣ ਕੇ ਬੜੀ ਸੰਜੀਦਗੀ ਨਾਲ 'ਖ਼ੂੰਨੀਵਾਰ' ਨੂੰ ਕਲਮਬੰਦ ਕੀਤਾ ਹੈ। ਇਹ ਕਿਤਾਬਚਾ ਹੁਣ ਦੁਰਲੱਭ ਹੈ ਪਰ ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦੀ ਬੇਸ਼ਕੀਮਤੀ ਨਿੱਧੀ ਹੈ। ਇਸ ਇਤਿਹਾਸਕ ਸਰੋਤ ਨੂੰ ਸਮੇਂ ਦੀ ਧੂੜ 'ਚ ਗਵਾਚਣ ਤੋਂ ਸੁਰੱਖਿਅਤ ਰੱਖਣਾ ਅਤੇ ਮੂਲਰੂਪ ਵਿੱਚ ਪੇਸ਼ ਕਰਨਾ ਹੀ, ਮੇਰਾ ਨਿਮਾਣਾ ਜਿਹਾ ਯਤਨ ਹੈ।

ਪਦ ਟਿੱਪਣੀਆਂ ਅਤੇ ਹਵਾਲੇ

(1) ਸਾਹਿਤਕ ਕੋਸ਼ (ਪਾਰਿਭਾਸ਼ਿਕ ਸ਼ਬਦਾਵਲੀ)- ਡਾ: ਰਤਨ ਸਿੰਘ ਜੱਗੀ, ਪੰਜਾਬੀ ਯੂਨੀ., ਪਟਿਆਲਾ, ਭਾਗ-੧, 2001, ਸਫ਼ਾ: 777.

(2) ਪੰਜਾਬੀ ਸਾਹਿਤ ਕੋਸ਼, ਭਾਗ-੩, (ਸੰ) ਕੇਸਰ ਸਿੰਘ ਕੇਸਰ, ਪੰਜਾਬ ਯੂਨੀ., ਚੰਡੀਗੜ੍ਹ, 1992, ਸਫ਼ਾ: 323.

(3) ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ-੩)- ਡਾ: ਗੁਰਚਰਨ ਸਿੰਘ ਗੁਲਸ਼ਨ, ਜੰਮੂ ਕਸ਼ਮੀਰ ਅਕੈਡਮੀ, 2005, ਸਫ਼ਾ: 32.

(4) ਭੂਪਿੰਦਰ ਸਿੰਘ ਰੈਣਾ, ਰਿਆਸਤ ਦਾ ਪੰਜਾਬੀ ਨਾਵਲਕਾਰ ਹੈ ਜਿਸ ਨੇ ਦੋ ਨਾਵਲ ਪ੍ਰਕਾਸ਼ਿਤ ਕੀਤੇ ਹਨ, ਸੱਧਰਾਂ ਦੀ ਡੋਲੀ (1973 ਈ.) ਅਤੇ ਧੁਆਂਖੀ ਧੁੱਪ (1978 ਈ.).

ਖ਼ੂੰਨੀ ਵਾਰ
(ਸ਼ਹੀਦਾਂ, ਇਲਾਕਾ ਕਮਰਾਜ਼)

ਦੋਹਿਰਾ।।
ਆਦਿ ਗੁਰੂ ਜੀ ਨਮਸਕਾਰ ਕਰੋਂ ਦਏ ਕਰ ਠਾਨ।
ਮੰਦ ਭਾਗੀ ਬੁਧ ਹੀਨ ਹਾਂ ਮੈਂ ਮੂਰਖ ਅਗਿਆਨ।।

ਪਉੜੀ

ਮੈਂ ਮੂਰਖ ਅਗਿਆਨ ਗੁਰੂ ਜੀ ਕਿਰਪਾ ਕੀਜੈ।
ਸਤਿਗੁਰ ਨਾਨਕ ਦੇਵ ਮੁਹਿ ਹਰਿ ਜਸ ਦੀਜੈ।
ਗੁਰ ਅੰਗਦ ਜੀ ਅੰਗ ਤੇ ਹੋਏ ਪੂਰਨ ਗਿਆਨੀ।
ਅਮਰ ਦਾਸ ਰਚ ਬਾਵਲੀ ਤੀਰਥ ਇਸ਼ਨਾਨੀ।
ਰਾਮ ਦਾਸ ਤੀਰਥ ਠਟੇ ਮੁਕਤ ਕੇ ਦਾਨੀ।
ਗੁਰੂ ਅਰਜਨ ਗੁਰੂ ਗ੍ਰੰਥ ਰਚੇ ਮੀਠੀ ਗੁਰਬਾਣੀ। ।।੧।।
ਹਰਿ ਗੋਬਿੰਦ ਗੁਰ ਪਹਿਨ ਕੇ ਲਕ ਜੁਗ ਤਲਵਾਰੇ।
ਹਰਿ ਰਾਇ ਮੂਰਤ ਹਰੀ ਜੀਅ ਜੰਤ ਉਬਾਰੇ।
ਬਾਲ ਉਮਰ ਸਰੀ ਹਰਿ ਕ੍ਰਿਸ਼ਨ ਜੀ ਅਰਥ ਉਚਾਰੇ।
ਤੇਗ ਬਹਾਦਰ ਸਤਿਗੁਰੂ ਜੀ ਪਰਉਪਕਾਰੇ।
ਦਸਮ ਗੁਰੂ ਰਚ ਖਾਲਸਾ ਜੋਧੇ ਬਲਕਾਰੇ।
ਪੰਥ ਸਜਾਏ ਰੰਗੀਲੜਾ ਕਈ ਅਰਗਨ ਤਾਰੇ।।੨।।
ਇਹ ਵੀਹਵੀਂ ਸਦੀ 'ਚ ਵਰਤਿਆ ਜੋ ਘਲੂ ਘਾਰਾ।
ਹਾਲ ਦਸਾਂ ਕੁਝ ਬੀਤਿਆ ਹੋਇਆ ਜੋ ਕਾਰਾ।
ਸਿੰਘ ਜੁੜੇ ਕਮਰਾਜ ਦੇ ਹੋਇਆ ਹਠ ਭਾਰਾ।
ਮੌਤ ਵਿਆਹੀ ਸੂਰਿਆਂ ਨੇ ਮਾਰ ਹੁਲਾਰਾ।
ਜੋ ਹਾਲ ਮੈਂ ਦੇਖਿਆ ਸੋ ਗਾਵਾਂ ਸਾਰਾ।
ਕੂਚ ਬੁਲਾਇਆ ਖਾਲਸੇ ਮਨ ਗੁਰੂ ਪਿਆਰਾ।।੩।।
ਕਾਫ਼ਲਾ ਚਲਿਆ ਸਤਰਨੋ ਸਿੰਘ ਹੋਏ ਇਕਠੇ।
ਧੁਮ ਪਈ ਕਮਰਾਜ ਵਿੱਚ ਦਲ ਵੈਰੀ ਨਠੇ।
ਸਿੰਘ ਸਿੰਘ ਨੂੰ ਮਿਲ ਕੇ ਬੋਲ ਬੋਲਣ ਮਿਠੇ।
ਛੋਡ ਚਲੇ ਪਿਆਰੇ ਦੇਸ ਨੂੰ ਜਿਉਂ ਚਲਦੇ ਰੁਠੇ।
ਕਰ ਗਏ ਸੇਜਾਂ ਸਖਣੀਆਂ ਸਜ ਵਿਆਹੇ ਡਿਠੇ।

ਸੋਹਣੇ ਛੈਲ ਛਬੀਲੇ ਹੰਢਾਵਣ ਰੇਸ਼ਮ ਲਠੇ। ।੪।।
ਰਾਤੋ ਰਾਤੀ ਤੁਰ ਪਏ ਸਿੰਘ ਕਰ ਕੇ ਤਿਆਰੀ।
ਕਤਕ ਦੁਵਾਦਸ ਜਾਣ ਲੇ ਦਿਨ ਮੰਗਲ ਵਾਰੀ।
ਸੰਮਤ ਬਿਕਰਮੀ ਚਾਰ ਸੀ ਤੇ ਦੋ ਹਜ਼ਾਰੀ।
ਜੰਗਲ ਰਸਤਿਉਂ ਤੁਰ ਪਏ ਸਿੰਘ ਕਰ ਹੁਸ਼ਿਆਰੀ।
ਰੋ ਰੋ ਬੱਚੇ ਵਿਲਕਦੇ ਕਰ ਆਵਾਜ਼ਾਰੀ।
ਵਾਹ ਵਾਹ ਚੋਜੀ ਪਾਤਸ਼ਾਹ ਤੇਰੀ ਖੇਲ ਨਿਆਰੀ। ।੫।।
ਸ਼ੀਂਹ ਗਲੇ ਦੇ ਰਸਤਿਉਂ ਸਿੰਘ ਅਗੇ ਚਲੇ।
ਪੈਰੋਂ ਨੰਗੇ ਤੁਰਦੇ ਸੂਲਾਂ ਨੇ ਸਲੇ।
ਪਾਣੀ ਮੂਲ ਨਾ ਲਭਦਾ ਤਰਿਖ ਨੇ ਜਲੇ।
ਛੋਟੇ ਬੱਚੇ ਤੜਫਦੇ ਦੁਧ ਮਖਣ ਪਲੇ।
ਸਿਰ ਪਈਆਂ ਮੁਸੀਬਤਾਂ ਜਾਏ ਸੀਨਾ ਸਲੇ।
ਪਿਛੇ ਰਸਤਾ ਮੁਕਿਆ ਅਗੇ ਨੂੰ ਚਲੇ। ।੬।।
ਅਗੇ ਕਾਫਲਾ ਵਧਿਆ ਜੂਹ ਬੁਡਨ ਆਈ।
ਉਪਰੋਂ ਚੰਦ ਸੀ ਚਮਕਿਆ ਹੋਈ ਰੁਸ਼ਨਾਈ।
ਨਜ਼ਰ ਮਾਰ ਕੇ ਵੇਖ ਰਹੇ ਸਨ ਸਿੰਘ ਸਿਪਾਹੀ।
ਅਚਨ ਚੇਤ ਸੀ ਤਕਿਆ ਕਿਸੀ ਦਿਤੀ ਦਿਖਾਈ।
ਸਰਦਾਰ ਸਿੰਘ ਜੀ ਸੰਤ ਨੇ ਸ਼ਹੀਦੀ ਪਾਈ।
ਦਰਸ਼ਨ ਜਾ ਕੇ ਪਾਇਆ ਸਿੰਘਾਂ ਨੇ ਭਾਈ। ।੭।।
ਦਰਸ਼ਨ ਕਰ ਕੇ ਸੰਤ ਦਾ ਸਿੰਘ ਜਾਂਦੇ ਵਾਰੇ।
ਸ਼ਾਬਾ ਗੁਰ ਸੁਤ ਸਿੰਘ ਜੀ ਜਾਵਾਂ ਬਲਿਹਾਰੇ।
ਸਰਦਾਰ ਸਿੰਘ ਜੀ ਨਾਲ ਸਨ ਹੋ ਗੁਰੂ ਦੁਲਾਰੇ।
ਨੰਦ ਸਿੰਘ ਰੰਗੀਲ ਸਿੰਘ ਪੂਰਨ ਸਿੰਘ ਪਿਆਰੇ।
ਸੇਵਾ ਕਰਦੇ ਪੰਥ ਦੀ ਨਿਜ ਵਾਰੋ ਵਾਰੇ।
ਸ਼ਹੀਦੀ ਪਾ ਗਏ ਧਰਮ ਤੋਂ ਧੁੰਨ ਮਾਰ ਨਗਾਰੇ। ।੮।।
ਕੂਚ ਬੁਲਾਇਆ ਕਾਫ਼ਲੇ ਰਾਤ ਅਰਧ ਬਤੀਤੀ।
ਰਸਤੇ ਵਿੱਚੋਂ ਵੈਰੀਆਂ ਨੇ ਕਰੀ ਅਨੀਤੀ।
ਅਚਨਚੇਤ ਹੀ ਜ਼ਾਲਮਾਂ ਨੇ ਮਾਰੀ ਸੀਟੀ।
ਕਿਰਪਾਲ ਸਿੰਘ ਘੇਰ ਕੇ ਦੌਲਤ ਖੁਸ ਲੀਤੀ।
ਬੇਸੁਧ ਕਰ ਕੇ ਛੱਡਿਆ ਖੋਟੀ ਕਰ ਨੀਤੀ। ।੯।।
ਹਦੀ ਪੁਰੇ ਤੋਂ ਚਲ ਕੇ ਸੀ ਪੰਧ ਮੁਕਾਇਆ।
ਸੋਪਰ ਦਾ ਬਾਜ਼ਾਰ ਅਗੋਂ ਸੀ ਨੇੜੇ ਆਇਆ।
ਹੁਣ ਰਾਤ ਅੰਧੇਰੀ ਮੁਕ ਗਈ ਦਿਨ ਮੁਖ ਵਿਖਾਇਆ।
ਸੋਪਰ ਦੇ ਨਜ਼ਦੀਕ ਪਹੁੰਚ ਕੇ ਸੀ ਡੇਰਾ ਲਾਇਆ।

ਸ਼ੇਰ ਵਾਨੀ ਨੇ ਆਨ ਕੇ ਸੀ ਇਉਂ ਫੁਰਮਾਇਆ। ।੧੦।।
ਸਿੰਘੋ ਮੂਲ ਨਾ ਘਾਬਰੋ ਬਚਨ ਸੁਣ ਲੋ ਮੇਰੇ।
ਉਹ ਪਾਕਸਤਾਨੀ ਗੁੰਡੇ ਨੇ ਜਿਨਾ ਪਾਏ ਝੇੜੇ।
ਫ਼ੌਜ ਹਿੰਦ ਦੀ ਖਾਲਸਾ ਜੀ ਪਹੁੰਚੀ ਨੇੜੇ।
ਉਨ੍ਹਾਂ ਵੈਰੀ ਦਲ ਨੂੰ ਮਾਰਨਾ, ਕੰਮ ਕਰਨ ਚੰਗੇਰੇ।
ਤੁਸੀਂ ਰੋਟੀ ਚਾਹ ਬਣਾ ਲਵੋ ਆਖੇ ਲਗ ਮੇਰੇ।
ਉਤੋਂ ਹੋਣੀ ਕੂਕਾਂ ਮਾਰਦੀ ਜਿਨੇ ਜੁਗ ਪਲਟੇਰੇ। ।੧੧।।
ਸਿੰਘਾਂ ਨੇ ਫੁਰਮਾਇਆ ਤੂੰ ਬੜਾ ਸਿਆਣਾ।
ਤੂੰ ਕਾਂਗਰਸ ਦਾ ਆਦਮੀ ਤੇ ਕਦਰ ਦਾਨਾ।
ਮਨ ਲੈ ਸਾਡਾ ਆਖਿਆ ਨਾ ਕਰ ਅਟਕਾਨਾ।
ਰਸਤਾ ਸਾਨੂੰ ਦੇ ਦਿਓ ਸ੍ਰੀਨਗਰ ਜਾਣਾ।
ਓਦੋਂ ਵਿੱਚ ਸਨ ਵੇਖਦੇ ਲੀਗੀ ਬੇਈਮਾਨਾ।
ਉਨ੍ਹਾਂ ਖਬਰ ਪਹੁੰਚਾਈ ਆਣ ਕੇ ਜਾ ਵਿੱਚ ਸੰਗਰਾਮਾ। ।੧੨।।
ਸਿੰਘਾਂ ਦਾ ਕਾਫਲਾ ਚਲਿਆ ਪੁਲ ਬਹਾਵੇ ਥਾਣੀ।
ਪੁਲੋਂ ਪਾਰ ਸੀ ਟਪ ਕੇ ਤੇ ਪੀਤਾ ਪਾਣੀ।
ਸਿੰਘ ਸਿੰਘ ਨੂੰ ਮਿਲ ਕੇ ਇਉਂ ਕਰਦੇ ਕਹਾਣੀ।
ਕਿਸ ਰਸਤਿਉਂ ਚਲੀਏ ਕਿਹੜੀ ਗਲ ਹੈ ਸਿਆਣੀ।
ਉਤੋਂ ਦਿਨ ਸੀ ਬੁਧਵਾਰ ਦਾ, ਤੇਰਾਂ ਕਤਿਕ ਜਾਣੀ।
ਵਕਤ ਸੀ ਸੁਲਾਹ ਸਵੇਰ ਦਾ, ਸਿੰਘ ਪੜ੍ਹਦੇ ਬਾਣੀ। ।੧੩।।
ਸਿੰਘਾਂ ਅਗੇ ਬੈਠ ਕੇ ਇਹੁ ਮਤਾ ਪਕਾਇਆ।
ਸਿੰਘੋ ਸ਼ਹੀਦੀ ਪਾਣ ਦਾ ਅਜ ਵੇਲਾ ਆਇਆ।
ਜੋ ਦੇਸ਼ ਸੀ ਅਪਾਣਾ ਅਜ ਦਿਸੇ ਪਰਾਇਆ।
ਕਦਮ ਕਦਮ 'ਤੇ ਦਿਸਦਾ ਹੈ ਵੈਰੀ ਛਾਇਆ।
ਚਾਰੇ ਪਾਸੇ ਅਜ ਹੈ ਅੰਧੇਰਾ ਛਾਇਆ।
ਜਾਲਮਾਂ ਨੇ ਆਣ ਕੇ ਹੈ ਜ਼ੋਰ ਲਗਾਇਆ। ।੧੪।।
ਅੱਗ ਦਾ ਭਾਂਬੜ ਬਲਦਾ ਹੈ ਚਾਰ ਚੁਫੇਰੇ।
ਜਾਈਏ ਕਿਸੇ ਤਰਫ ਨੂੰ ਹੁਣ ਵਕਤ ਨਾ ਨੇੜੇ।
ਝਬਦੇ ਕਰ ਲੋ ਤਿਆਰੀਆਂ ਕੰਮ ਨਾ ਸੋਚਾਂ ਕੇਰੇ।
ਚਲ ਵੈਰੀ ਨੂੰ ਮਾਰ ਲੋ ਜਿਉਂ ਬਾਜ ਬਟੇਰੇ।
ਨਹੀਂ ਤੇ ਪਾ ਲੋ ਸ਼ਹੀਦੀਆਂ ਅਜ ਦਿਨ ਭਲੇਰੇ।
ਹਸ ਹਸ ਕੇ ਹੁਣ ਮੌਤ ਨਾਲ ਲੈ ਲੈਨੇ ਫੇਰੇ। ।੧੫।।
ਅਗੇ ਵਧਾ ਕੇ ਚਲੀਏ ਨਹੀਂ ਦੇਰ ਲਗਾਓ
ਪਟਨ ਦੇ ਨਜ਼ਦੀਕ ਪਹੁੰਚ ਕੇ ਡੇਰੇ ਲਾਓ।

ਕਾਹਨੂੰ ਸੋਚਾਂ ਕਰ ਰਹੇ ਅਗੇ ਵਧਦੇ ਜਾਓ।
ਚਲ ਕੇ ਵਿੱਚ ਮੈਦਾਨ ਦੇ ਰਣ ਮੌਤ ਵਿਆਹੋ।
ਖ੍ਰਿਹੁੰ ਵਿਛੁੰਨੀ ਮੌਤੜੀ, ਗਲ ਵਕੜੀ ਪਾਓ।
ਮਰਨੋ ਡਰੋ ਨਾ ਖਾਲਸਾ ਨਾਹੀ ਘਬਰਾਓ। ।੧੬।।
ਅਗੇ ਵਧਿਆ ਕਾਫਲਾ ਖੇਤਾਂ ਸਨ ਮਲੀਆਂ।
ਇਕੱਠ ਪੰਜ ਹਜ਼ਾਰ ਦਾ ਵਹੀਰਾਂ ਚਲੀਆਂ।
ਉਹ ਮਾਂ ਪਿਓ ਦੀਆਂ, ਜਾਈਆਂ ਚੰਬੇ ਦੀਆਂ ਕਲੀਆਂ।
ਗੋਦੀ ਲਾਡ ਲਡਾਇਆ ਦੁਧ ਮਖਣ ਪਲੀਆਂ।
ਪੈਰੀਂ ਛਾਲੇ ਡਲ੍ਹਕਦੇ, ਤੇ ਦੁਖਨ ਤਲੀਆਂ।
ਭਾਣਾ ਮਨ ਅਕਾਲ ਦਾ ਛੋਡ ਦੇਸ ਨੂੰ ਚਲੀਆਂ। ।੧੭।।
ਅਕਾਸ਼ੋਂ ਤਾਰੇ ਟੁਟਦੇ ਸੀ ਨਜ਼ਰੀ ਆਏ।
ਪ੍ਰਿਥਵੀ ਉਤੇ ਆ ਗਿਰੇ ਲੋਕੀਂ ਘਬਰਾਏ।
ਵੇਖਾਂ ਮੇਰਾ ਸਤਿਗੁਰੂ ਕੀ ਚੋਜ ਦਿਖਾਏ।
ਖੇੜਾ ਵੇਖਿਆ ਰੋਂਵਦਾ ਗ਼ਮੀ ਮੁਸਕਰਾਏ।
ਨਿਕੀਆਂ ਨਿਕੀਆਂ ਕਿਣਕੀਆਂ ਇੰਦਰ ਵਰਸਾਏ।
ਦਰਦੀ ਅਗੇ ਵੇਖ ਲੈ ਗੁਰ ਚਮਕ ਦਿਖਾਏ। ।੧੮।।
ਭਾਣਾ ਵਰਤਿਆ ਇੰਦਰ ਤੇ ਇੰਦਰ ਘਬਰਾਇਆ।
ਭਾਣਾ ਵਰਤਿਆ ਚੰਦ ਤੇ ਕਲੰਕ ਲਗਾਇਆ।
ਧਾਵੀ ਰਾਵਣ ਮਾਰਿਆ ਲੰਕ ਛੋਡ ਸਮਾਇਆ।
ਭਾਣਾ ਵਰਤਿਆ ਕੰਸ ਤੇ ਕੇਸੋਂ ਪਟਕਾਇਆ।
ਭਾਣਾ ਵਰਤਿਆ ਸਿੰਘਾਂ ਤੇ ਹੱਸ ਹੱਸ ਨਨਾਇਆ। ।੧੯।।
ਅਗੇ ਚਲ ਕੇ ਵੇਖ ਲੈ ਕੀ ਹੋਣ ਨਜ਼ਾਰੇ।
ਇੰਦਰ ਬ੍ਰਹਮਾਂ ਦੇਵ ਅਰਸ਼ ਤੋਂ ਨਜ਼ਰਾਂ ਮਾਰੇ।
ਵੇਖਾਂ ਸਤਿਗੁਰ ਸਿੰਘ ਕਿਸ ਤਰਾਂ ਹੋਣ ਨਿਛਾਰੇ।
ਗਡੀਆਂ ਨਜ਼ਰੀਂ ਆਈਆਂ ਪਏ ਵੇਖਣ ਸਾਰੇ।
ਸੜਕ ਉਤੇ ਪਹੁੰਚ ਕੇ ਸਿੰ ਬੋਲੇ ਜੈਕਾਰੇ।
ਲਗਿਆ ਆਣ ਮੁਕਾਬਲਾ ਦਲ ਵੈਰੀ ਹਾਰੇ। ।੨੦।।
ਗਡੀਓਂ ਵੈਰੀ ਉਤਰ ਕੇ ਸੀ ਨੇੜੇ ਆਏ।
ਸੀ ਠਾਹ ਠਾਹ ਗੋਲੀ ਚਲਦੀ ਦੁਹੀ ਪਾਸੀਂ ਧਾਏ।
ਸਿੰਘਾਂ ਹਲਾ ਬੋਲਤਾ ਵੈਰੀ ਘਬਰਾਏ।
ਪਹਿਲੀ ਵਾਰੀ ਖਾਲਸੇ ਅਠਿ ਮਾਰ ਮੁਕਾਏ।
ਗਡੀਆਂ ਵਿੱਚੋਂ ਕਢ ਜਿਉਂ ਬਕਰੇ ਝਟਕਾਏ।
ਉਹ ਗਡੀਆਂ ਵਾਪਸ ਲੈ ਗਏ ਸੰਗਰਾਮੇ ਜਾਏ। ।੨੧।।
ਓਨ ਜਾ ਕੇ ਹਾਲ ਸੁਣਾਇਆ ਦਲ ਸਿੰਘਾਂ ਆਇਆ।

ਉਨ੍ਹਾਂ ਪਲਟਨ ਸਾਡੀ ਘਾਤ ਕਰ ਬਹੁ ਜ਼ੋਰ ਦਿਖਾਇਆ।
ਤੁਸੀਂ ਮਦਦ ਹੋਰ ਮੰਗਵਾ ਲਵੋ ਉਨ੍ਹਾਂ ਇਉਂ ਫੁਰਮਾਇਆ।
ਇਧਰੋਂ ਸਿੰਘਾਂ ਸੋਚ ਕੇ ਇਹ ਮਤਾ ਪਕਾਇਆ।
ਕਠੇ ਸਾਰੇ ਹੋ ਜਾਓ ਸੀ ਸ਼ੁਕਰ ਮਨਾਇਆ।
ਸਿੰਘੋ ਸ਼ਹੀਦੀ ਪਾਣ ਦਾ ਹੁਣ ਵੇਲਾ ਆਇਆ। ।੨੨।।
ਅਸਾਂ ਭਾਣਾ ਗੁਰੂ ਦਾ ਮੰਨਣਾ ਸਿਰ ਮਥੇ ਧਰ ਕੇ।
ਪੰਥ ਨੂੰ ਜਿੰਦਾ ਰਖਣਾ ਜੀਵਾਂਗੇ ਮਰ ਕੇ।
ਸਾਡੀ ਫਤਹਿ ਜਗ ਵਿੱਚ ਹੋ ਜਾਊ, ਭਵ ਸਾਗਰ ਤਰ ਕੇ।
ਦੇਸ਼ ਤੋਂ ਪਾ ਲਉ ਸ਼ਹੀਦੀਆਂ ਹੋ ਅਗੇ ਲੜ ਕੇ।
ਸਿੰਘਾਂ ਮੋਰਚੇ ਡਾਹ ਦਿਤੇ ਬਾਣੀ ਨੂੰ ਪੜ੍ਹ ਕੇ।
ਸਿੰਘ ਚੋਣਵੇਂ ਅਗੇ ਲਾ ਦਿਤੇ ਅਰਦਾਸਾ ਕਰ ਕੇ। ।੨੩।।
ਸਿੰਘ ਆਸ ਗੁਰੂ ਦੀ ਧਾਰ ਕੇ ਹੋਏ ਕਠੇ ਸਾਰੇ।
ਫੜ ਟੋਪੀਦਾਰ ਬੰਦੂਕਾਂ ਨੂੰ ਹੋਰ ਖੜਗ ਕਟਾਰੇ।
ਮੀਲ ਤੋਂ ਵੈਰੀ ਬੈਠ ਕੇ ਪਿਆ ਗੋਲੀ ਮਾਰੇ।
ਗੁਰਬਾਣੀ ਪੜ੍ਹ ਸਿੰਘਾਂ ਨੇ ਮਾਰੇ ਲਲਕਾਰੇ।
ਦੁਸ਼ਮਣ ਸ਼ਸਤਰ-ਬੱਧ ਸੀ ਸਿੰਘ ਬੇਹਥਿਆਰੇ।
ਇਕ ਰਖ ਗੁਰੂ ਦਾ ਆਸਰਾ ਸਿੰਘ ਗਜੇ ਸਾਰੇ। ।੨੪।।
ਇਤਰੇ ਚਿਰ ਨੂੰ ਹੋਰ ਸੀ ਇਕ ਪਲਟਨ ਆਈ।
ਸੀ ਗੋਲੀ ਸ਼ੂੰ ਸ਼ੂੰ ਚਲਦੀ ਦੁਵੱਲੀ ਸ਼ਾਹੀ।
ਹੋ ਮੂਹਰੇ ਖੜੇ ਸਰਦਾਰ ਸਨ ਕਰ ਕੇ ਤਕੜਾਈ।
ਉਨ੍ਹਾਂ ਦੂਜਾ ਹੱਲਾ ਰੋਕਿਆ ਅਗੇ ਕਰ ਧਾਈ।
ਸਾਧੂ ਸਿੰਘ ਜੀ ਗਾਡ ਸੀ ਭਾਗ ਸਿੰਘ ਸਿਪਾਹੀ।
ਚਰਨ ਸਿੰਘ ਜੀ ਸੂਰਮਾਂ ਈਸ਼ਰ ਸਿੰਘ ਭਾਈ। ।੨੫।।
ਅਰਜਨ ਸਿੰਘ ਜਸਵੰਤ ਸਿੰਘ ਕਿਰਪਾਲ ਜੀ ਸੂਰੇ।
ਭੋਲਾ ਸਿੰਘ ਸਨਮੁਖ ਸਿੰਘ ਹੋ ਲੜਦੇ ਮੂਹਰੇ।
ਖਿਚ ਕਿਰਪਾਨਾਂ ਮਿਆਨ 'ਚੋਂ ਦੁਸ਼ਟ ਮਾਰੇ ਕੂਰੇ।
ਕਟ ਕਟ ਵੈਰੀ ਮਾਰਤੇ ਜਿਉਂ ਖੇਤਾਂ ਬੂਰੇ।
ਬੀਰ ਬਹਾਦਰ ਖਾਲਸਾ ਹੀਰੇ ਕੋਹ ਨੂਰੇ।
ਲੈਣ ਅਕਾਸ਼ ਉਡਾਰੀਆਂ ਸਾ ਜਿਉਂ ਤੂਰੇ। ।੨੬।।
ਸਿੰਘਣੀਆਂ ਦਸਤਾਰਾਂ ਸਨ ਸੀਸ ਸਜਾਈਆਂ।
ਸ੍ਰੀ ਸਾਹਿਬਾਂ ਖਿਚ ਕੇ ਸਨ ਰਣ ਵਿੱਚ ਆਈਆਂ।
'ਤੇਰਾ ਭਾਣਾਂ ਮੀਠਾ ਲਾਗੇ' ਹੇ ਸਚੇ ਸਾਈਆਂ।
ਮਖਮਲ ਰੇਸ਼ਮ ਕਪੜੇ ਡਿਠੀਆਂ ਸਜ ਵਿਆਹੀਆਂ।

ਓਹ ਹਸ ਹਸ ਮੰਗਣ ਗੋਲੀਆਂ ਹੂਰਾਂ ਸ਼ਰਮਾਈਆਂ।
ਧਰਮ ਤੋਂ ਸ਼ਹੀਦੀ ਪਾ ਗਈਆਂ ਸਚ ਖੰਡ ਸਮਾਈਆਂ। ।੨੭।।
ਮਚਿਆ ਜੁਧ ਜਮਸਾਣ ਦਾ ਲੋਥਾਂ ਤੇ ਚੜ੍ਹੀਆਂ।
ਇੰਦਰ ਰਾਜੇ ਅਰਸ਼ ਤੋਂ ਸਨ ਵਰੀਆਂ ਝੜੀਆਂ।
ਸਿੰਘਾਂ ਮਲਿਆ ਸਚ ਖੰਡ ਮੁਗਲਾਂ ਨੇ ਮੜ੍ਹੀਆਂ।
ਅਸ਼ ਅਸ਼ ਕਰਦੇ ਦੇਵਤੇ ਧੰਨ ਮਾਵਾਂ ਜਾਣੀਆਂ।
ਜਲ ਛਕਾਵਣ ਸਿੰਘਣੀਆਂ ਸੇਵਾ ਵਿੱਚ ਜੁੜੀਆਂ।
ਮੁੜ ਵੀਰਾਂ ਦੀਆਂ ਜੋੜੀਆਂ ਨਹੀਂ ਵੇੜ੍ਹੇ ਵੜੀਆਂ। ।੨੮।।
ਗੋਲੀ ਵਜਦੀ ਸਿੰਘ ਨੂੰ ਸਿੰਘ ਦੂਜੀ ਮੰਗੇ।
ਵੇਖਣ ਵਾਲੇ ਵੇਖ ਕੇ ਸਨ ਰਹਿ ਗਏ ਦੰਗੇ।
ਦੰਗਾ ਸਿੰਘਾਂ ਜਾਤ ਹੈ ਸਤਿਗੁਰ ਤੋਂ ਮੰਗੇ।
ਛਬੀਲ ਸਿੰਘ ਸਰਦਾਰ ਨੇ ਕੀਤੇ ਕੰਮ ਚੰਗੇ।
ਗੋਲੀ ਵਜੀ ਬਾਹ 'ਤੇ ਓਹ ਮੂਲ ਨਾ ਸੰਗੇ।
ਜਾ ਕੇ ਮਿਲਿਆ ਜੋਤ ਸੰਗ ਪਾਏ ਫਲ ਮੰਗੇ। ।੨੯।।
ਮਾਨ ਸਿੰਘ ਟੰਗ ਮੂਲੀਆ ਬਡ ਬੀਰ ਅਕਾਲੀ।
ਵੈਰੀ ਦਲ ਨੂੰ ਵੇਖ ਕੇ ਮੁੜ ਚੜ੍ਹ ਗਈ ਲਾਲੀ।
ਕਡ ਕਿਰਪਾਨ ਮਿਆਨ 'ਚੋਂ ਜੁੜੇ ਜਿਉਂ ਕਾਲੀ।
ਕਟ ਕਟ ਵੈਰੀ ਧਰ ਸੁਟੇ ਕਰ ਹੂਲ ਕਰਾਲੀ।
ਭਾਜੜ ਪਾਈ ਦੁਸ਼ਮਨਾਂ ਰਣ ਛਡ ਗਏ ਖਾਲੀ।
ਰਖਿਆ ਕਰੇ ਸਤਿਗੁਰੂ ਜੀ ਜੋ ਪੰਥ ਦਾ ਵਾਲੀ। ।੩੦।।
ਸੁਲੱਖਣ ਸਿੰਘ ਕਪੂਰ ਸਿੰਘ ਪਾਤੂਸੋ ਵੀਰੇ।
ਪਰਖੇ ਜੰਗ ਮੈਦਾਨ ਵਿੱਚ ਵਡ ਮੁਲੇ ਹੀਰੇ।
ਚੰਡੀ ਕਢ ਮਿਆਨ 'ਚੋਂ ਦਲ ਵੈਰੀ ਚੀਰੇ।
ਹਸ ਹਸ ਪੀਂਦੇ ਮੌਤ ਨੂੰ ਜਿਉਂ ਮਛਲੀ ਨੀਰੇ।
ਬਲ ਬਖਸ਼ੋ ਸਤਿਗੁਰੂ ਜੀ ਅਸੀਂ ਤੇਰੇ ਕੀਰੇ।
ਪ੍ਰੀਤ ਨਿਭਾਵੇ ਸਤਿਗੁਰੂ ਜਿਉਂ ਰਾਂਝਾ ਹੀਰੇ। ।੩੧।।
ਮੋਹਿਨ ਸਿੰਘ ਦਲੀਪ ਸਿੰਘ ਹੋ ਅਗੇ ਲੜਦੇ।
ਚਮਨ ਦੇ ਓਹ ਸੂਰਮੇ ਦਲ ਵੈਰੀ ਸੜਦੇ।
ਦੇਵਤੇ ਲੈ ਬਿਬਾਣ ਨੂੰ ਪਏ ਮਖਮਲ ਜੜਦੇ।
ਸਿੰਘ ਜੂਝਦੇ ਵੇਖ ਕੇ ਦੇਵ ਹਸ ਹਸ ਖਿੜਦੇ।
ਲੋਚਨ ਸਿੰਘ ਜੀ ਟੈਲ ਸਿੰਘ ਲਾਹ ਵੈਰੀ ਪੜਦੇ।
ਪਾ ਗਏ ਵੀਰ ਸ਼ਹੀਦੀਆਂ ਭਵ ਸਾਗਰ ਤਰਦੇ। ।੩੨।।
ਗੰਗਾ ਸਿੰਘ ਜੀ ਸੂਰਮਾ ਜੋਧਾ ਬਲਕਾਰੀ।
ਅੜਿਆ ਵੈਰੀ ਸਾਹਮਣੇ ਫੜ ਤੇਗ ਕਟਾਰੀ।

ਆਸਾ ਸਿੰਘ ਕਲਿਆਣ ਸਿੰਘ ਆ ਖੜੇ ਅਗਾਰੀ।
ਵੈਰੀ ਦਲ ਨੂੰ ਘੇਰਿਆ ਕਰ ਤੇਜ਼ ਅਗਾਰੀ।
ਦੁਸ਼ਮਨ ਅੜੇ ਨਾ ਸਾਹਮਣੇ ਹਥ ਤੇਗ ਸੰਭਾਰੀ।
ਪਾ ਗਏ ਵੀਰ ਸ਼ਹੀਦੀਆਂ ਨਿਜ ਵਾਰੋ ਵਾਰੀ। ।੩੩।।
ਸਿੰਘ ਲੜਦੇ ਵੇਖ ਕੇ ਸੂਰਜ ਸ਼ਰਮਾਵੇ।
ਚੰਦਰ ਦੇਵਤਾ ਅਰਸ਼ ਤੋਂ ਕਣੀਆਂ ਵਰਸਾਵੇ।
ਜੋਧ ਸਿਘ ਜੀ ਰਾਵਲ ਪੁਰੀ ਵੈਰੀ ਦਲ ਘਾਵੇ।
ਜੋਗਿੰਦਰ ਸਿੰਘ ਜੀ ਰਾਮ ਜੰਗਾ ਲੈ ਅਗੇ ਭਾਹਵੇ।
ਕਾਂ-ਗਿਧ ਪਕੜੇ ਕਰ ਵਿੱਚ ਜੋਗਣ ਪਈ ਖਾਵੇ। ।੩੪।।
ਕਢਣ ਕਿਰਪਾਨਾਂ ਮਿਆਨ 'ਚੋਂ ਸਿੰਘ ਪਿਛੇ ਦੌੜਨ।
ਕੂਦ ਕੂਦ ਛਾਲਾਂ ਮਾਰਦੇ ਸਿਰ ਵੈਰੀ ਫੋੜਨ।
ਚੰਡੀ ਦਰਸ਼ਨ ਪਾਏ ਕੇ ਵੈਰੀ ਬਲ ਛੋੜਨ।
ਤੁਛ ਮੁਛ ਤਲਵਾਰ ਕਰ ਪਾਜੀ ਮੂੰਹ ਮੋੜਨ।
ਸੱਚ ਖੰਡ ਉਤਰੇ ਸੰਤ ਜਨ ਸਿੰਘਾਂ ਨੂੰ ਲੋੜਨ।
ਵੈਰੀ ਅੜੇ ਨਾ ਸਾਹਮਣੇ ਪਿਛੇ ਨੂੰ ਦੌੜਨ। ।੩੫।।
ਪ੍ਰੀਤ ਨਿਭਾਉ ਸਤਿਗੁਰੂ ਸਿੰਘਾਂ ਦੀ ਪੂਰ।
ਜਗ ਵਿੱਚ ਪ੍ਰਗਟ ਜਸ ਹੋਇ ਜਿਉਂ ਚਮਕੇ ਨੂਰੀ।
ਸੁਖ ਨੂੰ ਲੋਕੀਂ ਤਰਸਦੇ ਸਿੰਘ ਮੰਗਦੇ ਸੂਰੀ।
ਗੁਰੂ ਸਚੇ ਦੇ ਖਾਲਸੇ ਜਾ ਮਿਲੇ ਹਜ਼ੂਰੀ।
ਪ੍ਰੀਤ ਸ਼ਹੀਦਾਂ ਸਚੀ ਹੈ ਹੋਰ ਪ੍ਰੀਤ ਕੂੜੀ।
ਅਮਰ ਸ਼ਹੀਦੀ ਖਾਲਸੇ ਵੈਰੀ ਹੋਇ ਮੂਰੀ। ।੩੬।।
ਕੁਲਵੰਤ ਸਿੰਘ ਬਲਵੰਤ ਸਿੰਘ ਚੋਰਾਲੀ ਘੁੰਡ ਭਾਈ।
ਲਸ਼ਕਨ ਹਥ ਵਿੱਚ ਚੰਡੀਆਂ ਚਮਕੇ ਰੁਸ਼ਨਾਈ।
ਹੱਸ ਹੱਸ ਕੇ ਕਾਲ ਨਾਲ ਉਨ੍ਹਾਂ ਪ੍ਰੀਤ ਲਗਾਈ।
ਘੋੜੇ ਚੜ ਕੇ ਘੁੰਮਦੇ ਕਰ ਸੂਰਮਤਾਈ।
ਹਠੀਏ ਦੋਵੇਂ ਸੂਰਮੇਂ ਕੰਮ ਕਰਨ ਦਨਾਈ।
'ਦਰਦੀ' ਬਲ ਬਲ ਜਾਂਵਦਾ ਸੂਰੇ ਗੁਰ ਭਾਈ। ।੩੭।।
ਚਕ ਦਾ ਦਰਸ਼ਨ ਸਿੰਘ ਜੀ ਬੋਲੇ ਜੈਕਾਰੇ।
ਆਵੋ ਅਣਖੀ ਸੂਰਿਓ ਮਾਰੋ ਕਿਲਕਾਰੇ।
ਟੁਟ ਕੇ ਪੈ ਗਏ ਸੂਰਮੇਂ ਫੜ ਖੜਗ ਕਟਾਰੇ।
ਭੁਖਿਆਂ ਬਾਜਾਂ ਵਾਂਗ ਜਿਉਂ ਚਿੜੀਆਂ ਦੇ ਡਾਰੇ।
ਸ਼ੇਰ ਸੁਤਾ ਜਿਉਂ ਉਠਿਆ ਆਜੜ ਦੇ ਬਾਰੇ।
ਤਿਉਂ ਵੈਰੀ ਨੂੰ ਦਸਿਆ ਕਰ ਹੱਥ ਕਰਾਰੇ। ।੩੮।।

ਕਿਰਪਾਲ ਸਿੰਘ ਜੀ ਭਟਪੁਰੀ ਦਲ ਸਿੰਘਾਂ ਬਟੋਰੇ।
ਕਢ ਕੇ ਤੇਗ ਮਿਆਨ 'ਚੋਂ ਚੜ੍ਹ ਅਸਵ ਤੇ ਦੌੜੇ।
ਝਪਟੇ ਵਾਂਗੂੰ ਬਾਜ ਦੇ ਦਲ ਵੈਰੀ ਤੋੜੇ।
ਹਿਰਸਾਂ ਤਜ ਕੇ ਸਿੰਘ ਜੀ ਚੜ੍ਹੇ ਮੌਤ ਦੇ ਘੋੜੇ।
ਕਰ ਦਿਓ ਸੇਜਾਂ ਸਖਣੀਆਂ ਲਾ ਵੈਰੀ ਤੋੜੇ।
ਰਫਲਾਂ ਖੋਹ ਕੇ ਉਨ੍ਹਾਂ ਤੋਂ ਮਾਰੇ ਕਰ ਕੋੜੇ। ।੩੯।।
ਕਰਮਾਂ ਵਾਲੇ ਸਿੰਘ ਸੀ ਲਾ ਰਹੇ ਉਡਾਰੀ।
ਧਰਮ ਜੁਧ ਦਾ ਸਮਾਂ ਵੇਖ ਛਿੜਿਆ ਜੰਗ ਭਾਰੀ।
ਨਦੀ ਖੂਨ ਸੀ ਵਗ ਰਹੀ ਜਿਉਂ ਮਟ ਨੀਲਾਰੀ।
ਸਜ ਵਿਆਹੀ ਸੁਹਾਗਨੇ ਜਿਉਂ ਚੁਨੀ ਖਲਾਰੀ।
ਜੂਝੇ ਜੰਗ ਮੈਦਾਨ ਵਿੱਚ ਜੋਧੇ ਬਲ ਕਾਰੀ।
ਵਾਹ ਵਾਹ ਕਰ ਕੈਲਾਸ਼ ਤੋਂ ਸ਼ਿਵ ਖੋਲੀ ਤਾਰੀ। ।੪੦।।
ਉਹ ਆਸ਼ਕ ਸਚੇ ਰੱਬ ਦੇ ਜਿੰਨਾਂ ਪੰਧ ਮੁਕਾਏ।
ਛੋਟੇ ਨਿਆਣੇ ਬੱਚੇ ਸਨ ਮਾਵਾਂ ਨੇ ਕੁਹਾਏ।
ਟੋਟੇ ਟੋਟੇ ਕਰ ਕੇ ਗੋਦਾਂ ਵਿੱਚ ਪਾਏ।
ਭਰ ਕੇ ਖਪਰ ਖੂੰਨ ਦਾ ਜੋਗਣ ਲੈ ਆਏ।
ਨਾਰਦ ਲੈ ਸਤਾਰ ਨੂੰ ਆ ਨਿਰਤ ਕਰਾਏ।
ਖਾਲੀ ਘੋੜੇ ਹਿੰਣਕਦੇ ਸਿੰਘ ਛੋਡ ਸਮਾਏ। ।੪੧।।
ਅਗੇ ਵਧ ਕੇ ਖਾਲਸੇ ਨੇ ਮਾਰਿਆ ਤਾਨ੍ਹਾਂ।
ਪਾਕਿਸਤਾਨੀ ਗੁੰਡਿਓ ਅਸਾਂ ਮਾਰ ਮੁਕਾਨਾਂ।
ਅਗੇ ਜਾਣ ਨਾ ਦਿਆਂਗੇ ਹੋ ਕੇ ਕੁਰਬਾਨਾਂ।
ਪਿਛੇ ਹਟ ਜਾਓ ਪਾਜੀਓ ਅਗੇ ਨਹੀਂ ਆਣਾਂ।
ਗਰੀਬਾਂ ਨੂੰ ਹੋ ਮਾਰਦੇ ਵਡੇ ਬੇ-ਈਮਾਨਾਂ।
ਕੁਰਬਾਨੀ ਕਰ ਬੁਲਗਾਮ ਵਿੱਚ ਅਸਾਂ ਦੇਸ ਬਚਾਨਾਂ। ।੪੨।।
ਸਾਧੂ ਸਿੰਘ ਜੀ ਸਤਰਨੇ ਸ਼ਹੀਦੀ ਪਾਈ।
ਮੂਹਰੇ ਵਾਲੇ ਸਿੰਘ ਮਿਲੇ ਭੀ ਉਸ ਨੂੰ ਜਾਈ।
ਅਕਾਸ਼ੀ ਤਾਰੇ ਟੁਟ ਗਏ ਧਧਰ ਵਿੱਚ ਧਸਾਈ।
ਭਰ ਭਰ ਖਪਰ ਖੂਨ ਦਾ ਜੋਗਣ ਲੈ ਆਈ।
ਨਾਰਦ ਨਚਿਆ ਖੁਸ਼ੀ ਹੋਇ ਉਸ ਮਨ ਆਈ।
ਵੇਖਣ ਰਣ ਵਿੱਚ ਆਇਆ ਸਿੰਘਾਂ ਦੀ ਧਾਈ। ।੪੩।।
ਚੌਤਰਫੋਂ ਸੀ ਵੈਰੀਆਂ ਨੇ ਟਿਬੀਆਂ ਮਲੀਆ।
ਵੀਰਾਂ ਦੀਆਂ ਜੋੜੀਆਂ ਭੈਣਾਂ ਸੰਗ ਚਲੀਆਂ।
ਨਦੀ ਜੇਹਲਮ ਨੂੰ ਆਣ ਕੇ ਸਨ ਰੂਹਾਂ ਮਿਲੀਆਂ।
ਕੁਦ ਕੁਦ ਛਾਲਾਂ ਮਾਰੀਆਂ ਹੱਥ ਜੋੜ ਕੇ ਚਲੀਆਂ।

ਸਿੰਘਣੀਆਂ ਜੇਹਲਮ ਦੀਆਂ ਭਰ ਦਿੱਤੀਆਂ ਗਲੀਆਂ।
ਕਰਮਾਂ ਵਾਲੀਆਂ ਰੂਹਾਂ ਸੀ ਸਚ ਖੰਡ ਨੂੰ ਚਲੀਆਂ। ।੪੪।।
ਹਰਨਾਮ ਸਿੰਘ ਜੀ ਵਾਂ ਪੁਰੀ ਸੂਰੇ ਬਡ ਭਾਈ।
ਨਰਸਗੀ ਦੇ ਵਿੱਚ ਵੈਰੀਆਂ ਗਦਰ ਮਚਾਈ।
ਹਰਨਾਮ ਸਿੰਘ ਜੀ ਆ ਗਏ ਸੀ ਓਸੀ ਜਾਈ।
ਜੀਵਨ ਸਿੰਘ ਸਰਦਾਰ ਭੀ ਪਹੁੰਚੇ ਉਥੇ ਆਈ।
ਵੈਰੀ ਗੋਲੀਆਂ ਮਾਰੀਆਂ, ਦੋਹਾਂ ਛਾਤੀ ਡਾਹੀ।
ਪਾ ਗਏ ਵੀਰ ਸ਼ਹੀਦੀਆਂ ਜਗ ਜੇ ਜੈ ਗਾਈ। ।੪੫।।
ਜੇਹਲਮ ਨਦੀ ਵਗ ਰਹੀ ਸੀ ਵਗਦੀ ਸੁਕੀ।
ਠਾਠਾਂ ਮਾਰ ਕੇ ਚਲਦੀ ਸੀ ਚਲਦੀ ਰੁਕੀ।
ਅਚਨਚੇਤ ਉਹ ਬੈਠੀ ਸੀ ਕਿਸੀ ਮਾਰੀ ਮੁਕੀ।
ਮੁਕੀ ਮਾਰ ਸ਼ਹੀਦਾਂ ਨੇ ਉਹ ਕੀਤੀ ਦੁਖੀ।
ਅੱਖਾਂ ਖੋਹਲ ਕੇ ਤਕਿਆ ਸੀ ਗੁਰ ਕੀ ਸਿਖੀ।
ਸਿੰਘਾਂ ਤਕ ਦੁਖ ਭੁਲਿਆ ਫਿਰ ਹੋਈ ਸੁਖੀ। ।੪੬।।
ਜਲ ਦੇਵਤਾ ਉਠਿਆ ਉਸ ਦਿੱਤਾ ਆਦਰ।
ਸ਼ਾਬਾ ਗੁਰ ਸੁਤ ਖਲਸਾ ਤੁਸੀਂ ਬੜੇ ਬਹਾਦਰ।
ਲੋਥਾਂ ਜਾਲ ਵਿਛਾਇਆ ਜਿਉਂ ਵਿਛੀ ਚਾਦਰ।
ਹਮਲਾ ਮਾਰੇ ਖਾਲਸਾ ਜਿਉਂ ਮਾਰਿਆ ਨਾਦਰ।
ਜਿਤੇ ਦੇਸ ਖਾਲਸਾ ਬਣ ਬੀਰ ਬਹਾਦਰ।
ਬਖਸ਼ਸ਼ ਕਰੇ ਸਤਿਗੁਰੂ ਕਰਣੀ ਦਾ ਕਾਦਰ। ।੪੭।।
ਛੋਟੇ ਬੱਚੇ ਬੀਬੀਆਂ ਸ਼ਹੀਦੀ ਪਾਈ।
ਉਧਰ ਛਾਲਾਂ ਮਾਰਦੇ ਸਨ ਛੋਟੇ ਭਾਈ।
ਵੇਖਣ ਵਾਲੇ ਵੇਖਦੇ ਕੁਦਰਤ ਇਲਾਹੀ।
ਪੁਛ ਲੋ ਜੇਹਲਮ ਨਦੀ ਤੋਂ ਕਰ ਕੇ ਅਗਵਾਈ।
ਦਇਆ ਸਿੰਘ ਜੀ ਮਾਂਡਨਾ ਇਉਂ ਆਖ ਸੁਣਾਈ।
ਮੁੜ ਪਿੰਜਰੇ ਨਹੀਂ ਆਵਣ ਪੰਛੀ ਉੱਡ ਜਾਈ। ।੪੮।।
ਅਗੇ ਦਾ ਕੁਝ ਹਾਲ ਦਸਾਂ ਜੋ ਬੀਤੇ ਕਾਰੇ।
ਸੋਪਰ ਤੋਂ ਵਾਪਸ ਆਏ ਕੁਝ ਸਿੰਘ ਵਿਚਾਰੇ।
ਪੀਤੇ ਸ਼ਹੀਦੀ ਜਾਮ ਜਿਸ ਤਰਾਂ ਉਨ੍ਹਾਂ ਪਿਆਰੇ।
ਪਾਪੀ ਜ਼ਾਲਮ ਨੇ ਕੀਤੇ ਜੋ ਹਤਿਆ ਕਾਰੇ।
ਸਾੜੇ ਡੰਗੀ ਵਚੇ ਵਿੱਚ ਸਿੰਘ ਬਹੁਤ ਸਾਰੇ।
ਯਾਗ ਬੁਗ ਵਿੱਚ ਹੋਇ ਕਈ ਸੀ ਜਲ ਅੰਗਿਆਰੇ। ।੪੯।।
ਯਾਗ ਬੁਗ ਦੇ ਸ਼ਹੀਦਾਂ ਦੇ ਕੁਝ ਦਸਾਂ ਹਾਲੇ।

ਗਿਆਨ ਸਿੰਘ ਜੀ ਸਾਲਤੇ ਜਿੰਦੇ ਕਰਮਾਂ ਵਾਲੇ।
ਸਿੰਘਣੀ ਲੈ ਕੇ ਨਾਲ ਸੀ ਪੀਤੇ ਸ਼ਹੀਦੀ ਪਿਆਲੇ।
ਪਿੰਡ ਚਟੂਸੇ ਦੇ ਸੀ ਗੁਰ ਸਿਖ ਰਹਿਣੇ ਵਾਲੇ।
ਮਾਈ ਰਾਧਾਂ ਵੀ ਸ਼ਹੀਦੀ ਪਾ ਗਈ ਹੋ ਕੇ ਦੁਆਲੇ।
ਕਲਿਆਨ ਸਿੰਘ ਵੀ ਸੜ ਗਏ ਵਾਂਗ ਪਤੰਗ ਨਾਲੇ। ।੫੦।।
ਨਿਰੰਜਨ ਸਿੰਘ ਜੀ ਸੂਰਮੇ ਵਾਂਗ ਸ਼ੇਰ ਦੇ ਗਜੇ।
ਗਰਜ ਸ਼ੇਰ ਦੀ ਸੁਣ ਕੇ ਪਾਜੀ ਸਭ ਭਜੇ।
ਸਿੰਘ ਪਤੰਗੇ ਸ਼ਮ੍ਹਾਂ ਦੇ ਸੀ ਮੂਲ ਨਾ ਲਜੇ।
ਸੂਰੇ ਲਾੜੇ ਮੌਕ ਦੇ ਵਾਂਗ ਦੂਲ੍ਹੇ ਸਜੇ।
ਪਾ ਗਏ ਸ਼ਹੀਦੀ ਧਰਮ ਤੋਂ ਸਭ ਪੜਦੇ ਕਜੇ।
ਦੁਸ਼ਮਣ ਮਾਰੇ ਸਿੰਘ ਨੇ ਤੇਗ ਫੜ ਹੱਥ ਸਜੇ। ।੫੧।।
ਖੁਸ਼ੀ ਪੁਰੇ ਵਿੱਚ ਭੈਣ ਸੀ ਇਕ ਬੈਠੀ ਆ ਕੇ।
ਨਾਮ ਉਸ ਦਾ ਮਤਵਾਲ ਕੌਰ ਸਭ ਆਖੇ ਜਾ ਕੇ
ਪਾਂਜਲਾ ਪਿੰਡ ਦੀ ਰਹਿਣ ਵਾਲੀ ਉਹ ਸਿੰਘਣੀ ਜਾਪੇ।
ਭੈਣਾਂ ਬੱਚੇ ਗਏ ਕਈ ਧੁਰ ਸ਼ਹੀਦੀ ਪਾ ਕੇ।
ਭੈਣ ਦੇ ਹਾਲ ਡਿਠਾ ਸਾਰਾ ਜਦ ਅੱਖਾਂ ਲਾ ਕੇ।
ਲਟ ਲਟ ਕਰ ਕੇ ਬਲ ਗਈ ਅੱਗ ਮਾਰ ਕੜਾਕੇ। ।੫੨।।
ਕਈ ਲੋਥਾਂ ਸਨ ਅੱਗ ਵਿੱਚ ਕਈ ਪਈਆਂ ਅਜਾਂਈ।
ਭੈਣ ਨੇ ਲੋਥਾਂ ਅੱਗ ਵਿੱਚ ਪਾ ਕੇ ਆਖ ਸੁਣਾਈ।
ਸਿਖੀ ਸਵਾਸਾਂ ਨਾਲ ਨਿਭੇ ਹੇ ਸਚੇ ਸਾਂਈਂ।
ਮੁੜ ਵੈਰੀ ਦੇ ਘੇਰੇ ਵਿੱਚ ਸੀ ਬੀਬੀ ਆਈ।
ਕਹਿੰਦੇ ਪੜ੍ਹ ਲੈ ਕਲਮਾਂ ਹੁਣ ਤੂੰ ਕਿਥੇ ਜਾਈ।
ਸੁਣ ਜ਼ਾਲਮ ਦੀ ਗਲ ਚੋਟ ਸੀਨੇ ਵਿੱਚ ਖਾਈ। ।੫੩।।
ਨਾਰ ਚੌਂਕੜਾ ਬੈਠ ਚਿਖਾ 'ਤੇ ਆਖ ਸੁਣਾਇਆ।
ਤੇਰਾ ਭਾਣਾ ਮਿਠਾ ਲਗਦਾ ਮੇਰੇ ਮਨ ਭਾਇਆ।
ਕਲਮਾਂ ਤੇਰਾ ਪਾਜੀਆ ਮੈਂ ਮੂਲ ਨਾ ਗਾਇਆ।
ਸਚਾ ਕਲਮਾਂ ਬਾਣੀ ਦਾ ਮੈਂ ਮੁਖੋਂ ਅਲਾਇਆ।
ਵੇਖਣ ਵਾਲੇ ਵੇਖਦੇ ਡਰ ਉਨ੍ਹਾਂ ਖਾਇਆ।
'ਦਰਦੀ' ਦੀ ਅਰਦਾਸ ਗੁਰੂ ਨੇ ਸਿਦਕ ਨਿਭਾਇਆ। ।੫੪।।
ਫਕੀਰ ਸਿੰਘ ਘੁੰਡੀ ਵਾਲੇ ਸੀ ਜੋਧੇ ਭਾਰੀ।
ਸਭ ਇਲਾਕੇ ਵਿੱਚ ਮੰਨੇ ਸੀ ਤੇਗ ਖਿਡਾਰੀ।
ਜਦੋਂ ਦੁਸ਼ਮਣ ਆ ਗਏ ਸੀ ਪੈਰ ਪਸਾਰੀ।
ਫਕੀਰ ਸਿੰਘ ਨੇ ਵੀਰ ਸਦੇ ਸਭ ਵਾਰੋ ਵਾਰੀ।
ਦੀਨ ਮੰਨਣ ਦੇ ਵਾਸਤੇ ਕਹੇ ਖ਼ਲਕਤ ਸਾਰੀ।

ਗਲ ਸੁਣੀ ਜਦ ਸਿੰਘ ਨੇ ਉਠੀ ਚੰਗਿਆੜੀ। ।੫੫।।
ਫੜ ਬੰਦੂਕਾਂ ਜੋਧਿਆਂ ਕਢ ਕੜਕਾਰੇ।
ਕਠੇ ਸੀ ਸਭ ਹੋ ਗਏ ਬੋਲੇ ਜੈਕਾਰੇ।
ਦੀਨ ਮੂਲ ਨਹੀਂ ਮੰਨਣਾਂ ਅਸੀਂ ਗੁਰੂ ਦੁਲਾਰੇ।
ਸਨਮੁਖ ਹੋ ਕੇ ਲੜ ਰਹੇ ਦਸ ਹੱਥ ਕਰਾਰੇ।
ਵੈਰੀਆਂ ਨੇ ਸਾੜ ਦਿਤੇ ਸੀ ਸਭ ਮੁਨਾਰੇ।
ਪਾ ਗਏ ਵੀਰ ਸ਼ਹੀਦੀਆਂ ਬਨ ਦੇਸ ਪਿਆਰੇ। ।੫੬।।
ਲੋਚਨ ਸਿੰਘ ਸਾਧੂ ਸਿੰਘ ਦੋ ਸੂਰੇ ਭਾਈ।
ਮਾਂਡਨ ਪਿੰਡ ਦੇ ਰਹਿਣ ਵਾਲੇ ਇਕ ਮਾਂ ਦੇ ਜਾਈ।
ਚਾਰੇ ਪਾਸੇ ਜਦੋਂ ਸੀ ਜ਼ੁਲਮ ਅੰਧੇਰ੍ਹੀ ਛਾਈ।
ਕੁਦਰਤ ਵੇਖਣ ਰੱਬ ਦੀ ਚੜ੍ਹੇ ਦਰਖਤ 'ਤੇ ਜਾਈ।
ਜ਼ਾਲਮਾਂ ਨੇ ਸਭ ਤਰਫ ਸੀ ਗਦਰ ਮਚਾਈ।
ਹੇਠਾਂ ਵੈਰੀ ਆਨ ਕੇ ਸੀ ਇਉਂ ਫੁਰਮਾਈ। ।੫੭।।
ਕਲਮਾਂ ਪੜ੍ਹ ਲੋ ਕਾਫਰੋ ਨਬੀ ਫੁਰਮਾਏ।
ਕਲਮਾ ਪੜ੍ਹਨ ਵਾਲੜਾ ਉਹ ਬਿਸ਼ਤ ਨੂੰ ਜਾਏ।
ਗੱਲ ਦੁਸ਼ਮਣ ਦੀ ਸੁਣ ਕੇ ਇਉਂ ਸੀਨਾਂ ਖਾਏ।
ਤਾਰ ਫੜੀ ਵਿੱਚ ਹਾਥ ਜਿਉਂ ਸਾਬਨ ਕਟ ਜਾਏ।
ਸਿੰਘ ਗੁਸੇ ਹੋ ਬੋਲਦੇ ਇਹੁ ਆਖ ਸੁਣਾਏ।
ਕਲਮਾਂ ਨੂੰ ਥੁਕ ਮਾਰਦੇ ਅਸੀਂ ਗੁਰੂ ਦੇ ਜਾਏ। ।੫੮।।
ਸਿੰਘ ਮੂਲ ਨਾ ਘਾਬਰੇ ਨਾ ਹੀ ਸ਼ਰਮਾਂਦੇ।
ਦਰਖਤ ਉਤੇ ਬਾਠ ਕੇ ਗੁਰਬਾਣੀ ਗਾਂਦੇ।
ਨੋਟਸੀ ਸੀ ਉਤੇ ਪਾੜਦੇ ਉਹ ਹੇਠਾਂ ਆਂਦੇ।
ਵੈਰੀ ਗੁਸਾ ਖਾਇ ਕੇ ਸੀ ਦਰਖਤ ਕਟਾਂਦੇ।
ਹੇਠਾਂ ਦੋਵੇਂ ਆ ਗਿਰੀ ਗਲਵਕੜੀ ਪਾਂਦੇ।
ਦੇਵਤੇ ਫੁਲ ਸੀ ਕੇਰਦੇ ਧੰਨ ਜਾਏ ਮਾਂ ਦੇ। ।੫੯।।
ਬਿਅੰਤ ਸਿੰਘ ਜੀ ਗਭਰੂ ਸੋਹਣਾ ਮਨ ਭਾਇਆ।
ਹਰੀ ਪੁਰੇ ਰਘਬੀਰ ਸਿੰਘ ਦਾ ਸੀ ਉਹ ਜਾਇਆ।
ਮਨ ਲੈ ਸਾਡਾ ਦੀਨ ਵੈਰੀਆਂ ਆਖ ਸੁਣਾਇਆ।
ਦੀਨ ਨਾ ਮੰਨਣਾ ਮੂਲ ਸਤਿਗੁਰ ਫੁਰਮਾਇਆ।
ਪਕੜ ਵੈਰੀਆਂ ਜ਼ਿੰਦਾ ਸੀ ਉਹ ਅੱਗ ਵਿੱਚ ਪਾਇਆ।
ਸੜ ਗਿਆ ਵਾਂਗ ਪਤੰਗੇ ਸਤਿਗੁਰ ਸਿਦਕ ਨਿਭਾਇਆ।੬੦।।
ਅਰਜਨ ਸਿੰਘ ਜੀ ਸੂਰਮੇ ਚਕ ਗੁਜਰੀ ਵਾਲੇ।
ਆ ਗਏ ਘੇਰੇ ਵਿੱਚ ਦੁਸ਼ਮਣਾਂ ਕੀਤੇ ਚਾਲੇ।

ਘੇਰਾ ਪਾ ਕੇ ਪਕੜਿਆ ਸਭ ਹੋਏ ਦੁਆਲੇ।
ਕਹਿੰਦੇ ਮੰਨ ਲੈ ਦੀਨ ਸਿਖਾ ਤੂੰ ਕਰਮਾਂ ਵਾਲੇ।
ਬੋਲੀ ਸੁਣ ਕੇ ਦੁਸ਼ਟ ਦੀ ਹੋਏ ਨੇਤਰ ਲਾਲੇ।
ਉਤਰ ਦੇਂਦਾ ਸਿੰਘ ਇਉਂ ਕਰ ਜੁਆਬ ਸੁਆਲੇ। ।।੬੧।।
ਦੀਨ ਦੀਨ ਤੂੰ ਆਖਦਾ ਮੈਨੂੰ ਸਮਝ ਨਾ ਆਏ।
ਧਰਮ ਸਚਾ ਹੈ ਸਿੰਘ ਦਾ ਸਤਿਗੁਰ ਫੁਰਮਾਏ।
ਕਹਿੰਦੇ ਤੈਨੂੰ ਮਾਰਨਾ ਦੇ ਦੁਖ ਮਨ ਭਾਏ।
ਕਹਿੰਦੇ ਮੰਨ ਲੈ ਦੀਨ ਸਿਖਾ ਮੌਤੋਂ ਬੱਚ ਜਾਏਂ।
ਕਰ ਲੈ ਪਾਪੀ ਜਿਸ ਤਰਾਂ ਤੇਰੇ ਮਨ ਭਾਏ।
ਧਰਮ ਨਾ ਛਡਾਂ ਮੂਲ ਜਿੰਨੇ ਤੂੰ ਜ਼ੋਰ ਲਗਾਏਂ। ।।੬੨।।
ਆਖਰ ਦੁਸਟਾਂ ਕੀਤੇ ਘੋਰ ਜੋ ਹਤਿਆ ਚਾਰੇ।
ਕਲਮ ਹੈ ਰੁਕ ਜਾਂਵਦੀ ਨਹੀਂ ਲਿਖਦੀ ਸਾਰੇ।
ਟੋਆ ਪੁਟ ਕੇ ਧਰਤ 'ਤੇ ਹੋਏ ਕਠੇ ਸਾਰੇ।
ਅਰਜਨ ਸਿੰਘ ਨੂੰ ਖੜਾ ਕੀਤਾ ਟੋਏ ਵਿਚਕਾਰੇ।
ਸਿਰ ਜ ਸਿੰਘ ਦਾ ਵਢਿਆ ਉਨ੍ਹ ਨਾਲ ਕੁਹਾੜੇ।
ਸਾਰੇ ਪਾਸੇ ਵਜ ਗਏ ਸੀ ਢੋਲ ਨਗਾਰੇ। ।।੬੩।।
ਤਵਾ ਸੀ ਤੱਤਾ ਕਰ ਕੇ ਧੜ ਉਤੇ ਲਾਇਆ।
ਤੜਫੇ ਸਿੰਘ ਦਾ ਧੜ ਪਾਪੀਆਂ ਸ਼ੋਰ ਮਚਾਇਆ।
ਭਾਰੀ ਜੁਲਮ ਨੂੰ ਵੇਖ ਕੇ ਸ਼ਿਵਜੀ ਘਬਰਾਇਆ।
ਆਸਣ ਅਪਣਾ ਛੱਡ ਕੇ ਦਰਸ਼ਨ ਨੂੰ ਆਇਆ।
ਪਰ ਗਿਆ ਵੀਰ ਸ਼ਹੀਦੀਆਂ ਗੁਰਪੁਰੀ ਸਿਧਾਇਆ।
'ਦਰਦੀ' ਬਲ ਬਲ ਜਾਂਵਦਾ ਗੁਰੂ ਧਰਮ ਨਿਭਾਇਆ। ।।੬੪।।
ਅਗੇ ਦਸਾਂ ਹਾਲ ਹੋਰ ਕੁਝ ਭੈਣਾਂ ਆਈਆਂ।
ਦੁਸ਼ਟ ਲੁਟੇਰੇ ਪਾਪੀਆਂ ਸਨ ਅਗੇ ਲਾਈਆਂ।
ਬਾਰਾਂਮੂਲੇ ਆ ਪੁਜੀਆਂ ਓਹ ਮਾਂ ਦੀਆਂ ਜਾਈਆਂ।
ਚਾਰੇ ਪਾਸੇ ਵੈਰੀ ਸੀ ਜਿਉਂ ਘਟਾਂ ਛਾਈਆਂ।
ਗੁਰੂ ਪੰਥ ਦੀਆਂ ਬੇਟੀਆਂ ਅਜ ਪਿੰਜਰੇ ਪਾਈਆਂ।
ਰਖ ਲੈ ਸਾਡੀ ਲਜਿਆ ਤੂੰ ਸਚੇ ਸਾਈਆਂ। ।।੬੫।।
ਅਜ ਕਿਥੇ ਸਾਡੇ ਵੀਰ ਜਿਨ੍ਹਾਂ ਨੇ ਪੂਰ ਖਪਾਏ।
ਅਜ ਕਿਥੇ ਹੈ ਗੁਰੂ ਪੰਥ ਜਿਸ ਬੰਦੀ ਛੁਡਾਏ।
ਸਾਡੇ ਭਾ ਦੀ ਬਣ ਗਈ ਤੂੰ ਬੋੜ੍ਹੀਂ ਆਏ।
ਬੋਲੇ ਸੋ ਨਿਹਾਲ ਦੇ ਜੈਕਾਰੇ ਲਾਏ।
ਸੁਣ ਜੈਕਾਰੇ ਬੋਲ ਸਭ ਵੈਰੀ ਘਬਰਾਏ।

ਕਹਿੰਦੇ ਗੁਰੂ ਦੇ ਸਿੰਘ ਦੇਖੋ ਅਜ ਕਿਥੋਂ ਆਏ। ।।੬੬।।
ਪੁਲ ਦੇ ਸਾਂਵੇਂ ਬੈਠ ਕੇ ਅਰਦਾਸਾਂ ਕਰੀਆਂ।
ਸਿਖੀ ਨਿਭ੍ਹੇ ਸੰਗ ਸਵਾਸ ਦੋ ਹੱਥ ਜੋੜ ਕੇ ਖੜੀਆਂ।
ਜਲ ਛਕਣ ਦੇ ਕਾਰਣੇ ਤਟ ਜੇਹਲਮ ਅੜੀਆਂ।
ਭੈਣਾਂ ਸ਼ਹੀਦੀ ਪਾ ਗਈਆਂ ਫੁਲ ਕੇਰਨ ਪਰੀਆਂ।
ਧਰਮ ਬਚਾ ਕੇ ਆਪਣਾ ਸਚਖੰਡ ਤੇ ਚੜੀਆਂ।
ਸਿਖੀ ਸਿਦਕ ਨਿਭ੍ਹਾਵਣੇ ਦੀਆਂ ਵੇਲਾਂ ਹਰੀਆਂ। ।।੬੭।।
ਵੀਹਵੀਂ ਸਦੀ ਦੀ ਵਾਰਤਾ ਏ ਰੰਗ ਲਿਆਣਾਂ।
ਰੰਗ ਖੂਨ ਦਾ ਲਾਇ ਕੇ ਨਸ਼ਾਨ ਝੂਲਾਣਾਂ।
ਹੁਕਮਰਾਨ ਬਣ ਦੇਸ਼ ਦਾ ਸਭ ਜਗ ਵਿੱਚ ਛਾਣਾਂ।
ਮੰਨ ਗੁਰੂ ਪੰਥ ਦੀ ਆਗਿਆ ਸੀ ਬਚਨ ਕਮਾਣਾਂ।
ਰਾਜ ਕਮਾਣਾਂ ਖਾਲਸੇ ਜਗ ਹੋਏ ਨਿਮਾਣਾਂ।
ਸ਼ਹੀਦੀ ਪਾ ਗਏ ਧਰਮ ਤੋਂ ਮੰਨ ਮਿਠਾ ਭਾਣਾਂ। ।।੬੮।।
ਧੰਨ ਧੰਨ ਸਤਿਗੁਰ ਪਿਆਰਿਆ ਧੰਨ ਸਿਖੀ ਤੇਰੀ।
ਹੱਸ ਹੱਸ ਪਾਣ ਸ਼ਹੀਦੀਆਂ ਮੰਨ ਮੌਤ ਚੰਗੇਰੀ।
ਆਰਾ ਚਲਿਆ ਸੀਸ ਤੇ ਪੜ੍ਹੇ ਬਾਣੀ ਤੇਰੀ।
ਦਾਣਿਆਂ ਵਾਂਗੂੰ ਉਬਲਦੀ ਜਿੰਦ ਦਿਆਲੇ ਕੇਰੀ।
ਬੰਦ ਬੰਦ ਕਟ ਕੇ ਮਨੀ ਸਿੰਘ ਲਾ ਦਿੱਤੀ ਢੇਰੀ।
'ਦਰਦੀ' ਆਖੇ ਧੰਨ ਤੂੰ ਧੰਨ ਸਿਖੀ ਤੇਰੀ। ।।੬੯।।
ਹੱਥ ਜੋੜ ਪੰਥ ਅਗੇ ਅਰਦਾਸ ਕਰਨੀ,
ਲਿਓ ਅਵਗੁਣ ਨਾ ਮੇਰੇ ਚਤਾਰ ਭਾਈ।
ਭੁਲ ਮੇਰੀ ਨੂੰ ਤੁਸਾਂ ਨੇ ਸੋਧ ਲੈਣਾ,
ਗਲਤੀ ਹੋਈ ਜੋ ਇਸ ਵਿਚਕਾਰ ਭਾਈ।
ਲਿਖਿਆ ਥੋਹੜਾ ਇਤਿਹਾਸੁ ਤੁਛ ਬੁਧ ਲਾ ਕੇ,
ਨਾਮ ਇਸ ਦਾ ਹੈ "ਖੂੰਨੀ ਵਾਰ" ਭਾਈ।
ਅਗੇ ਸਾਰਾ ਇਤਿਹਾਸ ਮੈਂ ਹੋਰ ਲਿਖਣਾ,
ਜੇ ਕਰ ਪੰਥ ਬਣਸੀ ਮਦਦਗਾਰ ਭਾਈ।
ਪੰਥ ਕਰੇ ਬਖਸ਼ਸ਼ ਦਾਸ ਜਾਣ ਮੈਨੂੰ,
ਸਾਰਾ ਹਾਲ ਲਿਖਣਾ ਨਿਸਚਾ ਧਾਰ ਭਾਈ।
ਕਰਤਾਰ ਸਿੰਘ 'ਦਰਦੀ' ਮੈਨੂੰ ਲੋਕ ਆਖਣ,
ਮੈਂ ਹਾਂ ਪੰਥ ਵਾਲਾ ਸੇਵਾਦਾਰ ਭਾਈ।

* * *



ਇਹ ਕਿਤਾਬ ਸਿੱਖ ਇਤਿਹਾਸ ਦੀਆਂ ਮੌਲਿਕ ਅਤੇ ਅਣਗੌਲੀਆਂ ਪੈੜਾਂ ਨੂੰ ਕਈ ਕੋਣਾਂ ਤੋਂ ਵੇਖਣ ਦਾ ਨਿਮਾਣਾ ਜਿਹਾ ਯਤਨ ਹੈ। ਜੋ ਸਿੱਖ ਇਤਿਹਾਸ ਦੀ ਇੱਕ ਸੁਨਿਸ਼ਚਿਤ ਸਮੱਗਰੀ ਮੁਹੱਈਆ ਕਰਦੀ ਹੈ। ਤਵਾਰੀਖ਼ੀ ਦ੍ਰਿਸ਼ਟੀ ਤੋਂ ਇਸ ਕਿਤਾਬ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ; ਮੂਲ ਪੈੜਾਂ, ਵਿਰਸੇ ਦੀਆਂ ਪੈੜਾਂ ਅਤੇ ਸਾਹਿਤਕ ਪੈੜਾਂ! ਮੂਲ ਪੈੜਾਂ ਵਿੱਚ ਗੁਰੂ ਗ੍ਰੰਥ ਸਾਹਿਬ, ਅਧਿਆਤਮਿਕ, ਦਰਸ਼ਨ, ਇਤਿਹਾਸ ਆਦਿ ਸਬੰਧੀ ਲੇਖ ਸ਼ਾਮਲ ਹਨ। ਵਿਰਸੇ ਦੀਆਂ ਪੈੜਾਂ ਹੇਠ ਸਿੱਖ ਤਵਾਰੀਖ ਦੇ ਵਿਸ਼ੇਸ਼ ਪੱਖਾਂ, ਸਿੱਖ ਰਾਜ ਦੇ ਵੱਖ-ਵੱਖ ਖੰਡਾਂ ਨੂੰ ਸੰਚਾਰਤ ਕਰਨ ਦਾ ਉਪਰਾਲਾ ਕੀਤਾ ਹੈ। ਸਾਹਿਤਕ ਪੈੜਾਂ ਵਿੱਚ ਕੁੱਝ ਅਣਗੌਲੀਆਂ ਅਤੇ ਅਣਫ਼ੋਲੀਆਂ ਕਲਮਾਂ ਨੂੰ ਪਾਠਕਾਂ ਦੇ ਸਨਮੁੱਖ ਪਹਿਲੀ ਵੇਰ ਪ੍ਰੀਚਿਤ ਕਰਨ ਦਾ ਯਤਨ ਕੀਤਾ ਹੈ। ਸਿੱਖ ਤਵਾਰੀਖ ਦੇ ਜਗਿਆਸੂਆਂ ਦੀ ਖ਼ਿਦਮਤ ਵਿੱਚ ਖੋਜ ਦੀ ਬਹੁ-ਮੁੱਲੀ ਸਮੱਗਰੀ ਨੂੰ ਸਮੇਂ ਦੀ ਧੂੜ 'ਚੋਂ ਸੁਰੱਖਿਅਤ ਰੱਖਣਾ ਹੀ ਇਨ੍ਹਾਂ ਸਤਰਾਂ ਦੇ ਲੇਖਕ ਦੀ ਪ੍ਰਮੁੱਖ ਭਾਵਨਾ ਹੈ।

\- ਜਸਬੀਰ ਸਿੰਘ

unistarbooks.com
UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: 0172-5077427, 5077428, 5089761
Ludhiana : Punjabi Bhawan • 98154 71219

ISBN 81-7142-672-7
9788171426720
Rs. 300/-

ਮੌਲਿਕ ਪੈੜਾਂ ਸਿਰਜਦਾ **ਸਿੱਖ ਇਤਿਹਾਸ**   ਡਾ. ਜਸਬੀਰ ਸਿੰਘ ਸਰਨਾ